ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਪਤਿ ਰਾਖੀ ਗੁਰਿ ਪਾਰਬ੍ਰਹਮ; ਤਜਿ ਪਰਪੰਚ ਮੋਹ ਬਿਕਾਰ॥

# ਪੋਥੀ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ'ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ਵਿੱਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ, ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।

DOWNLOAD LEARN SHUDH GURBANI APP
@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖੵ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



**ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਨੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ **ਬਹੁ ਬੇਅੰਤ; ਊਚ ਤੇ ਊਚਾ॥** ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, **ਗੁਰਦੇਵ ਮਾਤਾ. ਗੁਰਦੇਵ ਪਿਤਾ;** ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ ’ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ ’ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- **ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥**



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦਸ ਸਤਿਗੁਰੂ ਸਾਹਿਬ-ਾਨ ਜੀ ਅਤੇ ਦਸਾਂ ਸਤਿਗੁਰਾਂ ਦੀ ਜਾਗਦੀ ਜੋਤਿ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਜੁੱਗੋ ਜੁੱਗ ਅਟਲ ਗੁਰਤਾ ਬਿਰਾਜਮਾਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ। ਕੋਟਾਨ ਕੋਟ ਨਮਸਕਾਰ!



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਗੁਰਮੁਖਿ ਸਨਮੁਖ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ! ਹੁਣ ਆਪਣਾ ਸੀਸ ਤਲੀ ’ਤੇ ਰੱਖ ਕੇ, ਮੱਚਦੇ ਧਰਮ ਯੁੱਧ ’ਚ, ਸ੍ਰੀ ਹਰਿਮੰਦਰ ਸਾਹਿਬ ਜੀ ’ਤੇ ਚੜ੍ਹ ਕੇ ਆਏ ਜ਼ਾਲਮਾਂ ਦੇ ਹੁਣ ਡੱਕਰੇ ਡੱਕਰ ਕਰ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ ਭਾਈ ਜੈਤਾ ਜੀ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਅਪਣੇ ਸੀਸ ’ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਿਬ ਜੀ ਤਿਆਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ਪੁਰਜਾ ਕੱਟ ਕੇ, ਅਪਣਾ ਅੰਗ ਅੰਗ ਕਟਵਾ ਕੇ, “**ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥**” ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।

ਲਾਹੌਰ ਵਿਖੇ ਬੱਚਿਆਂ ਨੂੰ ਨੇਜ਼ਿਆਂ ’ਤੇ ਟੰਗਵਾ ਕੇ, ਗਲ਼ਾਂ ’ਚ ਹਾਰ ਪੁਆ, ਪੂਰਨ ਪ੍ਰੀਤ ਪ੍ਰਤੀਤ ਨਾਲ ਭੁੱਖੀਆਂ, ਸਬਰ ਸ਼ੁਕਰ ਨਾਲ ਸਵਾ ਸਵਾ ਮਣ ਪੀਸ ਕੇ ਪੂਰਨ ਸਤਿਗੁਰਾਂ ਦੇ ਸਨਮੁਖ ਸਿਦਕ ਨਿਭਾ ਪਤੀਬ੍ਰਤਾ, ਧਰਮ ਦ੍ਰਿੜ ਹੁਣ ਸ਼ਹੀਦੀਆਂ ਪਾ ਰਹੀਆਂ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬੀਬੀਆਂ ਦੀ ਕਮਾਈ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ ’ਚ ਲਪੇਟ ਕੇ ਸਾੜ ਰਹੇ ਹਨ। ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਮਤੀਦਾਸ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਅਤੇ ਸੱਚੇ ਸਤਿਗੁਰਾਂ ਲਈ, ਆਪਣਾ ਤਨ ਹੁਣ ਚਿਰਵਾ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਸੂਰਬੀਰ ਬਹਾਦਰ ਧੰਨ ਬਾਬਾ ਦਿਆਲਾ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਦੇਗ਼ ’ਚ ਉਬਾਲ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਵੀਰ ਪੂਰਨ ਬ੍ਰਹਮਗਿਆਨੀ ਧੰਨ ਬਾਬਾ ਮਨੀ ਸਿੰਘ ਸਾਹਿਬ ਜੀ! ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪਿਆਰ ਸਤਿਕਾਰ ਸਿਮਰਨ ’ਚ ਲੀਣ, ਹੁਣ ਬੈਠ ਰਹੇ ਹਨ, ਜ਼ਾਲਮ ਹੁਣ ਆਪ ਜੀ ਦਾ ਬੰਦ ਬੰਦ ਕੱਟ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਗੁਰਮੁਖਿ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਧੰਨ ਬਾਬਾ ਫ਼ਤੇਹ ਸਿੰਘ ਸਾਹਿਬ ਜੀ! ਜਿਉਂਦਿਆਂ ਜਿਉਂਦਿਆਂ ਨੂੰ ਹੀ, ਸਰਹਿੰਦ ਵਿਖੇ, ਜ਼ਾਲਮ ਜ਼ੁਲਮੀ ਕੰਧ ਦੀ ਨੀਂਹ ’ਚ, ਹੁਣ ਖੜ੍ਹੇ ਕਰਕੇ, ਉੱਪਰ ਕੰਧ ਚਿਣ ਰਹੇ ਹਨ।
ਵੇਪਰਵਾਹੀ ਨਾਲ ਜੈਕਾਰੇ ਗੱਜਾਉਂਦਿਆਂ ਦੇ, ਸੀਸ ਉਤਾਰੇ ਜਾ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮੋਤੀ ਮੈਹਰਾ ਜੀ! ਸੱਚੇ ਸਤਿਗੁਰਾਂ ਦੇ ਪਰਮਪੂਜਨੀਕ ਮਾਤਾ ਗੁਜਰੀ ਕੌਰ ਜੀ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਾਲਮਾਂ ਤੋਂ ਚੋਰੀ ਦੁੱਧ ਪਿਆ ਰਹੇ ਹਨ, ਮੋਤੀ ਮੈਹਰੇ ਜੀ ਨੂੰ ਪ੍ਰਵਾਰ ਸਮੇਤ ਜ਼ਾਲਮ ਹੁਣ ਕੋਹਲੂ 'ਚ ਪੀੜ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਟੋਡਰਮੱਲ ਸਾਹਿਬ ਜੀ! ਪਰਮਪੂਜਨੀਕ ਬ੍ਰਿਧ ਮਾਤਾ ਗੁਜਰੀ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਜੀ 'ਤੇ ਸਤਿਕਾਰ ਸਸਕਾਰ ਲਈ, ਖੜ੍ਹੀਆਂ ਮੋਹਰਾਂ ਵਿਛਾ ਕੇ, ਉਨ੍ਹਾਂ ਦਾ ਹੁਣ ਸਸਕਾਰ ਕਰ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਬਾਬਾ ਉਦੇ ਸਿੰਘ ਸਾਹਿਬ ਜੀ ਹੁਣ ਹੰਕਾਰੀ
ਕੇਸਰੀ ਚੰਦ ਦੀ ਫ਼ੌਜ਼ 'ਚ ਉਸ ਦਾ ਸਿਰ ਵੱਢ ਰਹੇ ਹਨ। ਸਿਰ ਨੂੰ ਬਰਛੇ 'ਤੇ ਟੰਗ ਕੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਚਰਨਕਮਲਾਂ ਪਾਸ ਸੁੱਟ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਮਹਾਂ ਸਿੰਘ ਸਾਹਿਬ ਜੀ, ਗੁਰੂ ਹਿਤ ਧਰਮਯੁੱਧ ਜਿਤ ਕੇ ਅਪਣੇ ਸ੍ਰੀਰ ’ਤੇ ਬੇਅੰਤ ਫੱਟ ਸਹਾਰ ਕੇ ਸੱਚੇ ਸਤਿਗੁਰੂ ਦਸ-ਵੇਂ ਪਾਤਿਸ਼ਾਹ ਜੀ ਤੋਂ ਹੁਣ ਬਿਦਾਵਾ ਪੜਵਾ ਰਹੇ ਹਨ, ਬਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ, ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥ (੬੫੯) ਬਖ਼ਸ਼ਿਸ਼ਾਂ ਪਾ ਰਹੇ ਹਨ।

ਪਰਮਪੂਜਨੀਕ ਵਾਹਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਅਤਿਅੰਤ ਪਿਆਰੇ ਹਜ਼ਰਤ ਮੁਬਾਰਕ ਧੰਨ ਬਾਬਾ ਨਬੀ ਖਾਂ ’ਤੇ ਗਨੀ ਖਾਂ ਸਾਹਿਬ ਜੀ, ਸੱਚੇ ਸਤਿਗੁਰੂ ਸਾਹਿਬ ਜੀ ਦੇ ਪਲੰਘੇ ਨੂੰ ਅਪਣੇ ਮੋਢਿਆਂ ’ਤੇ ਚੁੱਕ ਕੇ, ਸ੍ਰੀ ਮਾਛੀਵਾੜੇ ਸਾਹਿਬ ਜੀ ਤੋਂ ਪਿੰਡ ਹੇਰਾਂ (ਲੁਧਿਆਣਾ) ਨੂੰ ਲਿਆ ਰਹੇ ਹਨ। ਵਾਹ ਵਾਹ ਵਾਹ ਸੱਚੇ ਸਤਿਗੁਰਾਂ ਦੀਆਂ ਪਰਮਪਵਿੱਤ੍ਰ ਖ਼ੁਸ਼ੀਆਂ ਪਾ ਰਹੇ ਹਨ।





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਪੀਰ ਬੁੱਧੂਸ਼ਾਹ ਸਾਹਿਬ ਜੀ! ਹੁਣ ਭੰਗਾਣੀ ਦੇ ਧਰਮਯੁੱਧ ਵਿਖੇ, **ਬਾਲਾਨ ਬਾਲ॥** ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪੱਖ ਚ ਅਪਣੇ ਮੁਰੀਦਾਂ ਸਮੇਤ ਬਹਾਦਰੀ ਨਾਲ ਲੜ ਰਹੇ ਹਨ, ਅਪਣੇ ਪ੍ਰਵਾਰ ਸਮੇਤ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮ-ਪੂਜਨੀਕ ਵਾਹਿਗੁਰੂ ਬਾਬਾ ਨਗਾਹੀਆ ਸਿੰਘ ਸਾਹਿਬ ਜੀ! ਹੁਣ ਸੱਚੇ ਸਤਿਗੁਰਾਂ ਨੂੰ ਅਪਣੇ ਘੋੜੇ 'ਤੇ ਬਿਠਾ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ, ਜ਼ਾਲਮ ਮੁਗਲ, ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ।

ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ, ਪੰਜ ਪਿਆਰੇ ਜੀ ਸਤਿਗੁਰੂ ਸਾਹਿਬ ਜੀ ਨੂੰ ਹੁਣ ਅਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ ਭੇਟਾ ਕਰ ਰਹੇ ਹਨ, ਉੱਚੇ ਰੁਤਬੇ ਪਾ ਰਹੇ ਹਨ, ਸੱਚੇ ਪਾਤਿਸਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਪਾਤਿਸਾਹ ਜੀ ਨੂੰ ਅੰਮ੍ਰਿਤ ਛਕਾਅ ਰਹੇ ਹਨ, ਖ਼ੁਸ਼ੀਆਂ ਪਾ ਰਹੇ ਹਨ।





ਸ੍ਰੀ ਭੰਗਾਣੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮਯੁੱਧਾਂ 'ਚ ਸੱਚੇ ਪਾਤਿਸ਼ਾਹ ਜੀ ਦੇ ਪਿਆਰੇ ਹੁਣ ਬੇਅੰਤ ਫੱਟ ਸਹਾਰ ਕੇ ਹੁਣ ਸ਼ਹੀਦੀਆਂ ਪਾ ਰਹੇ ਹਨ।



**ਗੋਵਿੰਦ ਗੁਣ ਗਾਈਐ ਜੀਉ; ਲਾਇ ਸਤਿਗੁਰੂ ਨਾਲਿ ਧਿਆਨੁ॥** ਅਨੁਸਾਰ ਧੰਨ ਹਠੀ **ਜਪੀ ਸਾਚੋ ਸਤੀ; ਨਿਹੰਗ ਤਾਰੂ ਸਿੰਘ ਨਾਮ।** ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ! ਸੱਚੇ ਸਤਿਗੁਰੂ ਸਾਹਿਬ ਜੀ ਦੇ ਸਤਿਕਾਰ ਪਿਆਰ ਹਿਤ ਸਿਮਰਣ 'ਚ, ਰੋਮ ਰੋਮ ਕਰਕੇ ਲੀਣ ਬੈਠੇ ਹਨ, ਜ਼ਾਲਮ ਹੁਣ ਆਪ ਜੀ ਦਾ ਖੋਪਰਾ ਉਤਾਰ ਰਹੇ ਹਨ। ਖੋਪਰਾ ਉਤਰਨ ਤੋਂ ਭੀ, ਬਾਈ ਦਿਨ ਸਤਿਗੁਰੂ ਸਾਹਿਬਾਨ ਜੀ ਦੇ ਧਿਆਨ 'ਚ ਸਮਾਧੀ ਲਾ ਕੇ ਬੈਠੇ, ਗੁਰੂ ਗੁਰੂ ਸਿਮਰਦੇ ਰਹੇ, ਸ੍ਰੀ ਜਪੁ ਜੀ ਸਾਹਿਬ ਪੜ੍ਹਦੇ ਰਹੇ, **ਮੂ; ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥** ਗੁਰਸਬਦ ਗੌਂਦੇ ਰਹੇ।

**ਧਰਮ ਕੇ ਹੇਤ ਸਰੀਰ ਮੇਰਾ, ਧਰਮ ਪਾਲ ਕੇ, ਖ਼ਾਕ ਕੇ ਸਾਥ ਮਿਲੇਗਾ। ਧਰਮ ਤੇ ਚਿੱਤ ਅਡੋਲ ਖੜ੍ਹਾ, ਬ੍ਰਹਮੰਡ ਹਿਲੇ ਪਰ ਇਹ ਨ ਹਿਲੇਗਾ। ਸਾਜੋ ਸਮਾਨ ਤ੍ਰਿਲੋਕੀ ਕੋ ਰਾਜ, ਕੁਬੇਰ ਕੀ ਮਾਇਆ ਕਾ ਦੁਆਰ ਖੁੱਲੇਗਾ। ਏਤੀ ਬਿਭੂਤੀ ਕੋ ਦੇਖ, ਕਦੰਚ ਨ, ਤਾਰੂ ਮ੍ਰਿਗਿੰਦ ਕਾ ਚਿੱਤ ਡੁੱਲੇਗਾ।**



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਜੀ! ਹੁਣ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਦੁਲਾਰੇ ਦੁੱਧ ਦੰਦੀਆਂ ਵਾਲੇ ਲਾਲਾਂ ਦੇ ਕਾਤਲ ਮਹਾਂ ਪਾਪੀ ਦੁਸ਼ਟ ਹੰਕਾਰੀ ਵਜ਼ੀਦੇ ਨੂੰ ਹੁਣ ਮਾਰ ਰਹੇ ਹਨ, ਹੁਣ ਮਹਾਂ ਨੀਚ ਮਹਾਂ ਚੰਡਾਲ ਝੂਠੇ ਨੰਦ ਦੇ ਨੱਕ ਚ ਨਕੇਲ ਪਾ ਕੇ ਘੱਗਰੀ ਪਾ ਕੇ ਨਚਾ ਰਹੇ ਹਨ, ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਹੇ ਹਨ, ਹੁਣ ਬਜ਼ਾਰਾਂ ਚ ਹਲ਼ ਚਲਵਾ ਰਹੇ ਹਨ, ਪੂਰੇ ਗੁਰਾਂ ਦੇ ਸ਼ੁਭ ਅਮੋਲਕ ਬਚਨ ਕਮਾ ਰਹੇ ਹਨ, ਸਰਹਿੰਦ ਦੇ ਕਿਲੇ 'ਤੇ ਹੁਣ ਸ੍ਰੀ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਰਹੇ ਹਨ, ਸੰਢੌਰੇ ਦੇ ਜ਼ਾਲਮ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਰਹੇ ਹਨ। ਗੁਰੂ ਪੰਥ ਜੀ ਤੋਂ ਵਾਹ! ਵਾਹ! ਪਾ ਰਹੇ ਹਨ, ਦਿੱਲੀ ਜਾ ਕੇ ਆਪਣੀ ਸ਼ਹੀਦੀ ਪਾ ਰਹੇ ਹਨ।



ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪੰਜ ਪਿਆਰੇ, ਪੰਜ ਬੀਰ, ਚਾਰ ਸਾਹਿਬਜ਼ਾਦੇ, ਚਾਲ਼ੀ ਮੁਕਤੇ, ਸੰਤ ਭਗਤ ਗੁਰਮੁਖਿ ਸੇਵਕ ਪਿਆਰੇ, ਜਿਨ੍ਹਾਂ ਨਾਮ ਜਪਿਆ ਵੰਡ ਛਕਿਆ, ਦੇਗ਼ ਚਲਾਈ ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ, ਧਰਮ ਹੇਤ ਸੀਸ ਕੁਰਬਾਨ ਕੀਤੇ, ਚਰਖ਼ੜੀਆਂ 'ਤੇ ਚੜ੍ਹੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ ਉੱਬਲਦੀਆਂ ਦੇਗ਼ਾਂ 'ਚ ਬੈਠੈ, ਆਰਿਆਂ ਨਾਲ ਚੀਰੇ ਗਏ, ਭੱਠਾਂ 'ਚ ਝੋਕੇ ਗਏ, ਸਵਾ ਸਵਾ ਮਣ ਦੇ ਪੀਸਣੇ ਪੀਸੇ, ਜੰਡਾਂ ਨਾਲ ਬੰਨ੍ ਕੇ ਸਾੜੇ ਗਏ, ਅਪਣੇ ਬੱਚਿਆਂ ਦੇ ਟੋਟੇ ਟੋਟ ਕਰਵਾ ਕੇ, ਝੋਲ਼ੀਆਂ 'ਚ ਪੁਆਇਆ, ਗਲ਼ਾਂ 'ਚ ਹਾਰ ਪੁਆਏ, ਨੇਜ਼ਿਆਂ 'ਤੇ ਟੰਗਾਇਆ, ਗੋਲ਼ੀਆਂ ਡਾਗਾਂ ਖ਼ਾਧੀਆਂ, ਆਪ ਜੀ ਦੇ ਭਾਣੇ ਨੂੰ ਮਿੱਠਾ ਮੰਨ ਕੇ, ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਲਈ, ਧਰਮ 'ਚ ਦ੍ਰਿੜ ਪ੍ਰਪੱਕ ਰਹਿ ਕੇ, ਕੁਰਬਾਨੀਆਂ ਹੀ ਕੁਰਬਾਨੀਆਂ ਕੀਤੀਆਂ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ। ਤਿਨ੍ਹਾਂ ਪੁਰਾਤਨ ਵਰਤਮਾਨ ਸਮੇਂ ਦੇ ਸਮੂਹ ਸਿੰਘ ਸਿੰਘਣੀਆਂ ਦੀ ਵੈਰਾਗਮਈ ਸ਼ਹੀਦੀ ਦਾ ਧਿਆਨ ਧਰ ਕੇ, ਖ਼ਾਲਸਾ ਜੀ ਸਾਹਿਬ ਬੋਲੋ ਜੀ! ਵਾਹਿਗੁਰੂ॥

ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰ ਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਹਠੀਓ ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰ ਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

**ਰੋਮ ਰੋਮ ਕੋਟਿ ਬ੍ਰਹਿਮੰਡ ਕੋ ਨਿਵਾਸ ਜਾਸੁ ਮਾਨਸ ਅਉਤਾਰ ਧਾਰ ਦਰਸ ਦਿਖਾਏ ਹੈ।** ਪਰਮਪੂਜਨੀਕ ਨਿਰਗੁਨ ਵਾਹਿਗੁਰੂ ਜੀ ਦੇ ਸਰਗੁਨ ਸਰੂਪ ਦਸ ਸਤਿਗੁਰੂ ਸਾਹਿਬਾਨਾਂ ਜੀ ਦੇ ਅਵਤਾਰ, ਗੁਰਤਾਗੱਦੀ, ਜੋਤੀ ਜੋਤਿ ਅਸਥਾਨ ਅਤੇ ਉਨ੍ਹਾਂ ਦੇ ਹਜ਼ੂਰੀ ਗੁਰਮੁਖਿ ਪੰਜਾਂ ਪਿਆਰਿਆਂ ਦੇ ਸ਼ੁਭ ਸੱਚੇ ਉੱਚੇ ਪਰਮਪਵਿੱਤ੍ਰ ਨਾਮ:-

**ਰਵਿਦਾਸ ਧਿਆਏ ਪ੍ਰਭ ਅਨੂਪ ॥**
**ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥**




ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਨਾਨਕਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ, ਜੋਤੀ ਜੋਤਿ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਜੀ। ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਸਤਿਗੁਰੂ ਅੰਗਦ ਦੇਵ ਸਾਹਿਬ ਜੀ, ੨. ਪੂਰਨ ਸੰਤ ਭਾਈ ਬਾਲਾ ਜੀ, ੩. ਪੂਰਨ ਪ੍ਰੇਮੀ ਭਾਈ ਮਰਦਾਨਾ ਜੀ, ੪. ਗੁਰਸਿਖੀ ਦੇ ਥੰਮ ਬਾਬਾ ਬੁੱਢਾ ਸਾਹਿਬ ਜੀ, ੫. ਭਾਈ ਸਧਾਰਨ ਜੀ ਆਦਿ।

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅੰਗਦਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਤਹਿਸੀਲ ਮੁਕਤਸਰ ਵਿਖੇ ਗੁਰਦੁਆਰਾ ਸ੍ਰੀ ਸਰਾਏ ਨਾਂਗਾ ਸਾਹਿਬ ਜੀ, ਗੁਰਤਾਗੱਦੀ ਅਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਜੋਤੀ ਜੋਤਿ ਅਸਥਾਨ ਸ੍ਰੀ ਖਡੂਰ ਸਾਹਿਬ ਜੀ ਵਿਖੇ, ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ ਜੀ। ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਪਰਮਪੂਜਨੀਕ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ, ੨. ਭਾਈ ਪਾਰੋ ਜੁਲਕਾ ਜੀ ਪਰਮਹੰਸ, ੩. ਭਾਈ ਜੀਵਾ ਜੀ, ੪. ਧਰਤੀ ਵਰਗੇ ਧੀਰਜ ਵਾਲੇ ਭਾਈ ਜੱਗਾ ਜੀ, ੫. ਭਾਈ ਜੋਧ ਜੀ ਰਸੋਈਆ।

**ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥**



**ਭਲੇ ਅਮਰਦਾਸ ਗੁਣ ਤੇਰੇ**
**ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥**





ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅਮਰਦਾਸ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਬਾਸਰਕੇ ਨੱਗਰ ਵਿਖੇ ਗੁਰਦੁਆਰਾ ਸ੍ਰੀ ਸੰਨ੍ਹ ਸਾਹਿਬ ਜੀ, ਗੁਰਤਾਗੱਦੀ ਅਸਥਾਨ ਗੁਰਦੁਆਰਾ ਸ੍ਰੀ ਮੱਲ ਅਖਾੜਾ ਸਾਹਿਬ ਜੀ, ਸ੍ਰੀ ਖਡੂਰ ਸਾਹਿਬ ਜੀ, ਜੋਤੀ ਜੋਤਿ ਅਸਥਾਨ ਗੁਰਦੁਆਰਾ ਸ੍ਰੀ ਹਵੇਲੀ ਸਾਹਿਬ ਸ੍ਰੀ ਗੋਇੰਦ-ਵਾਲ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ,**
**੨੨ ਮੰਜੀਆਂ:-**

੧.ਗੁਰਮੁਖਿ ਪਿਆਰੇ ਅੱਲਾਯਾਰ ਜੀ
੨.ਗੁਰਮੁਖਿ ਸੱਚਨ ਸੱਚ ਜੀ
੩.ਗੁਰਮੁਖਿ ਭਾਈ ਸਾਧਾਰਣ ਜੀ ਲੁਹਾਰ
੪.ਗੁਰਮੁਖਿ ਬਾਬਾ ਸਾਵਣਮੱਲ ਜੀ
੫.ਗੁਰਮੁਖਿ ਭਾਈ ਸੁੱਖਣ ਜੀ
੬.ਗੁਰਮੁਖਿ ਭਾਈ ਹੰਦਾਲ ਜੀ 'ਨਿਰੰਜਨੀਏ'
੭.ਗੁਰਮੁਖਿ ਭਾਈ ਕੇਦਾਰੀ ਜੀ
੮.ਗੁਰਮੁਖਿ ਭਾਈ ਖੇਡਾ ਜੀ
੯.ਗੁਰਮੁਖਿ ਭਾਈ ਗੰਗੂਸ਼ਾਹ ਜੀ
੧੦. ਗੁਰਮੁਖਿ ਭਾਈ ਦਰਬਾਰੀ ਜੀ
੧੧.ਗੁਰਮੁਖਿ ਭਾਈ ਪਾਰੋ ਜੁਲਕਾ ਪਰਮਹੰਸ ਜੀ
੧੨.ਗੁਰਮੁਖਿ ਭਾਈ ਫੇਰਾ ਜੀ
੧੩. ਗੁਰਮੁਖਿ ਭਾਈ ਬੂਆ ਜੀ
੧੪.ਗੁਰਮੁਖਿ ਭਾਈ ਬੇਣੀ ਜੀ ਪੰਡਿਤ
੧੫.ਗੁਰਮੁਖਿ ਭਾਈ ਮਹੇਸ਼ਾ ਜੀ
੧੬. ਗੁਰਮੁਖਿ ਪਿਆਰੇ ਮਾਈਦਾਸ ਜੀ
੧੭.ਗੁਰਮੁਖਿ ਭਾਈ ਮਾਣਕਚੰਦ ਜੀ
੧੮.ਅਨੰਨ ਸੇਵਕ ਗੁਰੂ ਭਗਤ ਮਥੋ ਮੁਰਾਰੀ ਜੀ
੧੯.ਗੁਰਮੁਖਿ ਭਾਈ ਰਾਜਾਰਾਮ ਜੀ
੨੦.ਗੁਰਮੁਖਿ ਮਹਾਂਪੁਰਸ਼ ਭਾਈ ਰੰਗਸ਼ਾਹ ਜੀ
੨੧.ਗੁਰਮੁਖਿ ਭਾਈ ਰੰਗਦਾਸ ਜੀ
੨੨.ਗੁਰਮੁਖਿ ਭਾਈ ਲਾਲੋ ਜੀ ਵੈਦ।

**ਸਦਾ ਸਦਾ ਤੂੰਹੈ ਸੁਖਦਾਈ ॥**
**ਨਿਵਿ ਨਿਵਿ ਲਾਗਾ ਤੇਰੀ ਪਾਈ ॥**

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਰਾਮਦਾਸ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰਦੁਆਰਾ ਸ੍ਰੀ ਚੂਨਾ ਮੰਡੀ ਲਹੌਰ, ਗੁਰਤਾਗੱਦੀ ਅਤੇ ਜੋਤੀ ਜੋਤ ਅਸਥਾਨ ਸ੍ਰੀ ਗੋਇੰਦਵਾਲ ੭ਸਾਹਿਬ ਜੀ ਵਿਖੇ, ਗੁਰਦੁਆਰਾ ਸ੍ਰੀ ਹਵੇਲੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਪਰਮਪੂਜਨੀਕ ਧੰਨ, **ਬ੍ਰਹਮਗਿਆਨੀ ਸਗਲ ਕੀ ਰੀਨਾ॥** ਬਾਬਾ ਬੁੱਢਾ ਸਾਹਿਬ ਜੀ। ੨. ਬਾਬਾ ਆਦਮ ਜੀ। ੩. ਭਾਈ ਗੁਰਦਾਸ ਸਾਹਿਬ ਜੀ ਬ੍ਰਹਮਗਿਆਨੀ। ੪. ਸਨਮੁਖ ਭਾਈ ਤੀਰਥਾ ਜੀ ਸੱਭਰਵਾਲੀਏ। ੫. ਗੁਰਮੁਖਿ ਭਾਈ ਮਾਣਕਚ-ੰਦ ਜੀ। **ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ। ਪੂਰੋ ਮਾਣਕ ਚੰਦੁ ਹੈ ਬਿਸਨਦਾਸੁ ਪਰਵਾਰ ਸਾਧਾਰਾ।ਪੁਰਖੁ ਪਦ-ਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ। ਮਹਾਂਪੁਰਖੁ ਹੈ ਮਹਾਂਨੰਦੁ ਬਿਧੀਚੰਦ ਬੁਧਿ ਬਿਮਲ ਵੀਚਾਰਾ। ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ। ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਿ-ਚਆਰਾ। ਮਾਈਆ ਜਾਪਾ ਜਾਣੀਅਨਿ ਨਈਆ ਖੁਲਰੁ ਗੁਰੂ ਪਿ-ਆਰਾ। ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ। ਸਤਿਗੁਰ ਸਚੁ ਸਵਾਰਣਹਾਰਾ॥੧੭॥** (ਵਾਰ ੧੧)



**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ ॥੭॥੧੯॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਅਰਜਨਦੇਵ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ ਗੁਰ-ਦੁਆਰਾ ਸ੍ਰੀ ਹਵੇਲੀ ਸਾਹਿਬ ਜੀ। ਗੁਰਤਾਗੱਦੀ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ, ਗੁਰ ਦੁਆਰਾ ਗੁਰੂ ਕੇ ਮਹਿਲ, ਜੋਤੀ ਜੋਤਿ ਅਸਥਾਨ ਲਾਹੌਰ ਰਾਵੀ ਕੰਢੇ, ਗੁਰਦੁਆਰਾ ਸ੍ਰੀ ਦੇਹੁਰਾ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰ-ਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:-** ੧. ਭਾਈ ਬਿਧੀਚੰਦ ਜੀ, ੨. ਭਾਈ ਜੇਠਾ ਜੀ, ੩. ਭਾਈ ਲੰਙਾਹਾ ਜੀ, ੪. ਭਾਈ ਪਿਰਾਣਾ ਜੀ, ੫. ਭਾਈ ਪੈੜਾ ਜੀ।

**ਨਿਰਾਹਾਰ ਨਿਰਵੈਰ ਸੁਖਦਾਈ ॥**
**ਤਾ ਕੀ ਕੀਮਤਿ ਕਿਨੈ ਨ ਪਾਈ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਹਰਿਗੋਵਿੰਦ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਗੁਰੂ ਕੀ ਵਡਾਲ਼ੀ ਗੁਰਦੁਆਰਾ ਅਟਾਰੀ ਸਾਹਿਬ, ਗੁਰਤਾਗੱਦੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ, ਸ੍ਰੀ ਕੋਠੜੀ ਸਾਹਿਬ ਜੀ, ਜੋਤੀ ਜੋਤਿ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਪਤਾਲ਼ਪੁਰੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਭਾਈ ਬਿਧੀਚੰਦ ਜੀ, ੨. ਭਾਈ ਜੇਠਾ ਜੀ, ੩. ਭਾਈ ਲੰਙਾਹਾ ਜੀ, ੪. ਭਾਈ ਪਿਰਾਣਾ ਜੀ, ੫. ਭਾਈ ਪੈੜਾ ਜੀ।

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂ- ਜਨੀਕ ਵਾਹਿਗੁਰੂ **ਸਤਿਗੁਰੂ ਹਰਿਰਾਏ ਸਾਹਿਬ ਜੀਓ** ਧੰਨ ਹਨ! ਅਵਤਾਰ ਅਤੇ ਗੁਰਤਾਗੱਦੀ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸ ਮਹਿਲ ਸਾਹਿਬ ਜੀ, ਜੋਤੀ ਜੋਤਿ ਅਸਥਾਨ ਗੁਰਦੁਆਰਾ ਪਤਾਲ਼ਪੁਰੀ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਰਮਪੂਜਨੀਕ ਬਾਬਾ ਬੁੱਢੇ ਸਾਹਿਬ ਜੀ ਦੇ ਸਪੁੱਤ੍ਰ, ਮਹਾਂਪੁਰਸ਼ ਬਾਬਾ ਭਾਨਾ ਜੀ ੨. ਬਾਬਾ ਭਗਤੂ ਜੀ ੩. ਸੂਰਵੀਰ ਬਹਾਦਰ ਬਾਬੇ ਬਿਧੀਚੰਦ ਜੀ ਦੇ ਲਾਇਕ ਸਪੁੱਤ੍ਰ ਬਾਬਾ ਲਾਲ ਚੰਦ ਜੀ ੪. ਬਾਬੇ ਭਗਤੂ ਜੀ ਦੇ ਸਪੁੱਤ੍ਰ ਬਾਬਾ ਜੀਵਨ ਜੀ ੫. ਭਾਈ ਭਗਵਾਨ ਜੀ, ਭਾਈ ਨੱਥਾ ਜੀ ਸੁਧੇ ਨਿਸ਼ਕਪਟ ਭਗਤ ਜੀ।

**ਤੁਮ ਹੋ ਸਭ ਰਾਜਨ ਕੇ ਰਾਜਾ ॥**
**ਆਪੇ ਆਪੁ ਗਰੀਬ ਨਿਵਾਜਾ ॥**



**ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ**
**ਮਨਸਾ ਪੂਰਣਹਾਰਾ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ** ਧੰਨ ਹਨ! ਅਵਤਾਰ ਤੇ ਗੁਰਤਾਗੱਦੀ ਅਸਥਾਨ ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸ ਮਹਿਲ ਸਾਹਿਬ ਜੀ, ਜੋਤੀ ਜੋਤਿ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਬਾਲਾ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਬਾਬਾ ਗੁਰਦਿਤਾ ਜੀ (ਬਾਬੇ ਬੁਢੇ ਜੀ ਦੀ ਵੰਸ) ੨. ਭਾਈ ਸੰਤਰਾਮ ਜੀ ਭਾਈ ਸੰਗਤੀਆ ਜੀ ੪. ਭਾਈ ਸਤੀਰਾਮ ਜੀ ੫. ਭਾਈ ਗੁਰਬਖਸ਼ ਜੀ।

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਤੇਗਬਹਾਦਰ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਗੁਰਦੁਆਰਾ ਗੁਰੂ ਕੇ ਮਹਿਲ, ਗੁਰਤਾਗੱਦੀ ਅਸਥਾਨ ਸ੍ਰੀ ਬਾਬਾ ਬਕਾਲ਼ਾ ਵਿਖੇ ਸ੍ਰੀ ਭੋਰਾ ਸਾਹਿਬ ਜੀ। ਜੋਤੀ ਜੋਤਿ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਇੱਕ ਚਿਖਾ ਅਸਥਾਨ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਜੀ, ਦੂਜੀ ਚਿਖਾ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਗੁਰਮੁਖਿ ਸਨਮੁਖ ਦੀਵਾਨ ਭਾਈ ਮਤੀ ਦਾਸ ਜੀ ੨. ਭਾਈ ਸਤੀ ਰਾਮ ਜੀ ੩. ਸ੍ਰੀ ਬਾਬਾ ਗੁਰਦਿਤਾ ਸਾਹਿਬ ਜੀ (ਬਾਬੇ ਬੁਢੇ ਜੀ ਦੀ ਵੰਸ) ੪. ਭਾਈ ਦਿਆਲਾ ਜੀ ੫. ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ)

**ਧਰਮ ਹੇਤ ਸਾਕਾ ਜਿਨਿ ਕੀਆ ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ ॥**



**ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਗੋਵਿੰਦ ਸਿੰਘ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਪਟਨਾ ਸਾਹਿਬ ਜੀ ਵਿਖੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ, ਗੁਰਤਾਗੱਦੀ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਜੀ, ਜੋਤੀ ਜੋਤਿ ਅਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਨਾਂਦੇੜ ਮਹਾਂਰਾਸ਼ਟ੍ਰ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਿਆਰੇ ਭਾਈ ਦਇਆ ਸਿੰਘ ਜੀ ੨. ਪਿਆਰੇ ਭਾਈ ਧਰਮ ਸਿੰਘ ਜੀ ੩. ਪਿਆਰੇ ਭਾਈ ਹਿੰਮਤ ਸਿੰਘ ਜੀ ੪. ਪਿਆਰੇ ਭਾਈ ਮੋਹਕਮ ਸਿੰਘ ਜੀ ੫. ਪਿਆਰੇ ਭਾਈ ਸਾਹਿਬ ਸਿੰਘ ਜੀ।

**ਰਾਮ ਸਰੂਪ ਸਤਿਕਾਰ ਯੋਗ ਪੰਜ ਮੁਕਤੇ:–** ੧. ਭਾਈ ਦੇਵਾ ਸਿੰਘ ਸਾਹਿਬ ਜੀ ੨. ਭਾਈ ਰਾਮ ਸਿੰਘ ਸਾਹਿਬ ਜੀ ੩. ਭਾਈ ਟਹਿਲ ਸਿੰਘ ਸਾਹਿਬ ਜੀ ੪. ਭਾਈ ਈਸ਼ਰ ਸਿੰਘ ਸਾਹਿਬ ਜੀ ੫. ਭਾਈ ਫਤੇ ਸਿੰਘ ਸਾਹਿਬ ਜੀ।

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**



ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ **ਸਤਿਗੁਰੂ ਗ੍ਰੰਥ ਸਾਹਿਬ ਜੀਓ** ਧੰਨ ਹਨ! ਅਵਤਾਰ ਅਸਥਾਨ ਅੰਮ੍ਰਿਤਸਰ ਵਿਖੇ, ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਜੀ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂ-ਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ! ਆਪ ਜੀ ਨੇ ਦੁਨੀਆਂ ਨੂੰ ਤਾਰਨ ਲਈ, ਦੇਸ਼ਾਂ ਪ੍ਰਦੇਸ਼ਾਂ 'ਚ ਕੀਰਤਨ ਬਖ਼ਸ਼ਣ ਲਈ, ਜੀਆਂ ਦੀ ਹਉਮੈ ਦੀਰਘ ਰੋਗ ਮੇਟ ਕੇ, ਬ੍ਰਹਮਗਿਆਨ ਬਖ਼ਸ਼ਣ ਲਈ, ਦੰਭੀ ਪਖੰਡੀ ਗੁਰੂਆਂ ਦੇ ਜਾਲ਼ ਤੋਂ ਬਚਾਉਣ ਲਈ, ਗੁਰੂ ਨਾਨਕਦੇਵ ਸਾਹਿਬ ਜੀ ਦੇ ਤਖ਼ਤ ਨੂੰ ਜੁੱਗੋ ਜੁੱਗ ਅਟੱਲ ਰੱਖਣ ਲਈ, ਕਲਜੁੱਗ ਨੂੰ ਗੁਰਬਾਣੀ ਨਿਰੰਕਾਰ ਜੀ ਦਾ ਅਧਾਰ ਬਖ਼ਸ਼ਣ ਲਈ, ਗੁਰਸਿੱਖੀ ਪੰਥ ਨੂੰ ਪੂਰਨ ਸੱਚੇ ਗੁਰੂ ਬਖ਼ਸ਼ਣ ਲਈ, ਕੋੜ੍ਹੀਆਂ ਦੇ ਕੋੜ੍ਹ ਸਰਾਪ ਕਲੰਕ ਮੇਟ ਕੇ ਬ੍ਰਹਮ 'ਚ ਜੋੜਨ ਲਈ, ਅਪਣੇ ਸੰਤਾਂ ਨੂੰ ਗੁਰਬਾਣੀ ਨਿਰੰਕਾਰ ਜੀ ਦਾ ਖ਼ਜ਼ਾਨਾ ਬਖ਼ਸ਼ਣ ਲਈ, ੧੬੬੧ ਬਿਕ੍ਰਮੀ ਭਾਦ੍ਰੋਂ ਸ਼ੁਦੀ ਏਕਮ ਨੂੰ ਪਰਮਪੂ-ਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ, ਪਹਿਲੀ ਵਾਰੀ ਸ੍ਰੀ ਹਰਿਮੰਦਰ ਸਾਹਿਬ ਜੀ 'ਚ ਪ੍ਰਕਾਸ਼ ਕੀਤੇ। ਦੂਜੀ ਵਾਰ ਅਵਤਾਰ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ, ਗੁਰਤਾਗੱਦੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਮਹਾਂਰਾਸ਼ਟ੍ਰ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

**ਰਾਮ ਸਰੂਪ ਸਤਿਕਾਰ ਯੋਗ ਹਜ਼ੂਰੀ ਪੰਜ ਪਿਆਰੇ:–** ੧. ਪਿਆਰੇ ਧਰਮ ਸਿੰਘ ਜੀ ੨. ਭਾਈ ਹਰਿ ਸਿੰਘ ਜੀ ੩. ਭਾਈ ਗੁਰਬਖ਼ਸ਼ ਸਿੰਘ ਜੀ ਅਮਰ ਸ਼ਹੀਦ ੪. ਭਾਈ ਸੰਤੋਖ ਸਿੰਘ ਜੀ ਹਜ਼ੂਰੀ ੫. ਬਾਬਾ ਦੀਪ ਸਿੰਘ ਜੀ ਅਮਰ ਸ਼ਹੀਦ।

**ਪ੍ਰੇਮ ਬਿਨੈ:–** ਪੰਜਾਂ ਪਿਆਰਿਆਂ ਦਾ ਭਾਵ ਕੇਵਲ ਪੰਜ ਹੀ ਨਹੀਂ, ਬਲਕਿ ਜਿਹੜਾ ਪ੍ਰੇਮੀ ਯੋਗਤਾ ਰੱਖਦਾ ਹੋਵੇ, ਉਸ ਨੂੰ ਪੰਜਾਂ ਪਿਆਰਿਆਂ 'ਚ ਸ਼ਾਮਲ ਹੋ ਕੇ ਸੇਵਾ ਕਰਨ ਦਾ ਅਧਿਕਾਰ ਹੈ।

**ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਪਰਮਪੂਜਨੀਕ ਅਬਿਨਾਸੀ ਭਗਤਾਂ ਮਹਾਂਪੁਰਸ਼ਾਂ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਨਾਮ:-**

(੧) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਕਬੀਰ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੨) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਤ੍ਰਿਲੋਚਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੩) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਬੇਣੀ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੪) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਰਵਿਦਾਸ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੫) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਨਾਮਦੇਵ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੬) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਧੰਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੭) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੇਖ਼ ਫ਼ਰੀਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੮) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਜੈਦੇਵ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੯) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਮਰਦਾਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੦) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਭੀਖਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੧) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸੈਨ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੨) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਪੀਪਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੩) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸਧਨਾ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੪) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੁੰਦਰ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੫) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਰਾਗੀ ਸੱਤਾ ਤੇ ਬਲਵੰਡ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੬) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਰਾਮਾਨੰਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੭) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਪਰਮਾਨੰਦ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

(੧੮) ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੂਰਦਾਸ ਸਾਹਿਬ ਜੀ ਧੰਨ ਹਨ, ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭੱਟ ਕਲ ਜੀ, ਕਲਸਹਾਰ ਜੀ, ਟਲਯ ਜੀ, ਜਾਲਪੁ ਜੀ, ਜਲਯ ਜੀ, ਕੀਰਤ ਜੀ, ਸਲਯ ਜੀ, ਭਲਯ ਜੀ, ਨਲਯ ਜੀ, ਭਿਖਾ ਜੀ, ਜਲਨ ਜੀ, ਦਾਸ ਜੀ, ਗਯੰਦ ਜੀ, ਸੇਵਕ ਜੀ, ਮਥੁਰਾ ਜੀ, ਬਲਯ ਜੀ, ਹਰਬੰਸ ਜੀ, ਗੁਰੂ ਜਸ ਗਾਉਣ ਵਾਲੇ ਸਤਾਰਾਂ ਭੱਟ ਸਾਹਿਬ ਜੀਓ ਧੰਨ ਹਨ! ਰੋਮ ਰੋਮ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, **ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥** ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, **ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥** ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:
੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਬਮ ਸੰਸਕਾਰ।
੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।
੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।
੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।
੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।
੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।
੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮ-ਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।
੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!
੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ।ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।


ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ ਅੁਦਿੋ ਫਲਓਿਰ ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ ‘CANADIAN TAX RECEIPT’ ਦਿੱਤੀ ਜਾਵੇ-ਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD’S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

DOWNLOAD OUR NEW APP

# LEARN SHUDH GURBANI

SIMPLIFYING SANTHIYA




Available on Apple and Android

Our mission is to teach Gurmukhi for you to read & recite Gurbani correctly.

GET IT ON Google Play

Download on the App Store

GURSEVAK

gursevaksevadar

www.gursevak.com

hello@gursevak.com



Bhagat Jaswant Singh Ji Daudarwale,

Vidyaarthi Sant Giani Gurbachan Singh Ji Bhindranwale

ੴ ਸਤਿਗੁਰਪ੍ਰਸਾਦਿ॥ ਸ੍ਰੀਵਾਹਿਗੁਰੂਜੀਕੀਫਤਹ॥


ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ ਅਜਪਾ ਜਾਪ ਅਨਤਕਲਾਵਾਨ ਸਮਰਪਣ ੧੪

ਪ੍ਰਸੰਗ ੧- ਪੋਥੀ ਲਿਖਣ ਦਾ ਕਾਰਨ, ਇਖ਼ਲਾਕ ਦੀ ਅਰਦਾਸ, ਗੁਰਸਬਦ ਜਾਪ। ੧੫

੧. ਵਾਹਿਗੁਰੂ॥ ਪੋਥੀ ਲਿਖਣ ਦਾ ਕਾਰਨ। ਗੁਰੂ ਸਾਹਿਬ ਜੀ ਦਾ ਮਹਾਂ ਵਿਸਮਾਦ ਪਰਤਾਪ:- ੧੫

੨. ਵਾਹਿਗੁਰੂ॥ ਸਾਖੀ:- ਹਮ ਨੀਚ ਸੇ. ਊਤਮ ਭਏ; ਹਰਿ ਕੀ ਸਰਣਾਈ॥ ਪਾਥਰੁ ਡੁਬਦਾ. ਕਾਢਿ ਲੀਆ; ਸਾਚੀ ਵਡਿਆਈ॥੪॥ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਮਹਾਂ ਵਿਸਮਾਦ ਕ੍ਰਿਪਾ ਕਰਨੀ:- ੧੬

੩. ਵਾਹਿਗੁਰੂ॥ ਗੁਰਮੁਖਿ ਇਖ਼ਲਾਕ ਅਤੇ ਰੱਖਿਆ ਲਈ ਇਹ ਅਰਦਾਸ ਕਰਨੀ ਜੀ:- ੧੮

੪. ਵਾਹਿਗੁਰੂ॥ ਵਿਕਾਰਾਂ ਔਗੁਣਾਂ ਦੀ ਨਿਵਿਰਤੀ, ਜਤ ਸਤ ਨਿਰਮਲ ਇਖ਼ਲਾਕ ਦੀ ਪ੍ਰਾਪਤੀ ਲਈ ਲਿਖੇ ਗੁਰਬਾਣੀ ਜੀ, ੧੦੧ ਵਾਰੀ ਜ਼ਰੂਰ ਹੀ ਪੜ੍ਹੋ ਜੀ, ਨਿਤਨੇਮ ਵਾਂਗ ਹਰ ਰੋਜ਼ ਪੜ੍ਹੋ ਜੀ:- ੧੯

ਪ੍ਰਸੰਗ ੨:- ਜਤ ਸਤ ਦੀ ਮਹਾਨਤਾ ਅਤੇ ਚੌਥੀ ਕੁਰਹਿਤ। ੨੮

੫. ਵਾਹਿਗੁਰੂ॥ ਸ੍ਰੀ ਮੂਲਮੰਤ੍ਰ ਜੀ:- ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ; ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥ ੨੮

ਸ੍ਰੀ ਮੂਲਮੰਤ੍ਰ ਜੀ ਦਾ ਪ੍ਰਤਾਪ:- ੨੯

੬. ਵਾਹਿਗੁਰੂ॥ ਕਬੀਰ. ਜੈਸੀ ਉਪਜੀ ਪੇਡ ਤੇ; ਜਉ. ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ; ਪੁਜਹਿ. ਨ ਰਤਨ ਕਰੋੜਿ॥੧੫੩॥ ੨੯

੭. ਵਾਹਿਗੁਰੂ॥ ਚਾਰ ਬੱਜਰ ਕੁਰਹਿਤਾਂ ਅਤੇ ਚੌਥੀ ਬੱਜਰ ਕੁਰਹਿਤ ਹਰਾਮ ਅਤੇ ਨੇਕ ਚਾਲ ਚਲਣ ਦਾ ਸ਼ੁਭ ਸੱਚਾ ਉਪਦੇਸ਼:- ੩੧

੮. ਵਾਹਿਗੁਰੂ॥ ਜੈਸੇ ਬਿਖ ਤਨਕ ਹੀ ਖਾਤ ਮਰਿ ਜਾਤਿ; ਤਾਤ ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ। ੩੧

੯. ਵਾਹਿਗੁਰੂ॥ ਬਾਲਾਨ ਬਾਲ॥ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਉੱਚੇ ਇਖ਼ਲਾਕ ਦਾ ਸ਼ੁਭ ਸੱਚਾ ਸੁੱਚਾ ਉੱਚਾ ਉਪਦੇਸ਼ ਬਖ਼ਸ਼ ਰਹੇ ਹਨ। ਹੇ ਪਿਆਰੇ ਗੁਰਸਿੱਖੋ! ਜੇ ਕੋਈ ਵਿਕਾਰੀ ਨਾਸਤਕ ਆਪ ਜੀ ਨੂੰ ਕੁਸੰਗ ਕਰਨ ਨੂੰ ਕਹੇ, ਤਾਂ ਇਉਂ ਉਸ ਨੂੰ ਉਪਦੇਸ਼ ਦੇਣਾ ਹੈ:- ੩੨

੧੦. ਵਾਹਿਗੁਰੂ॥ ਪ੍ਰਭੂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਅਪਣੇ ਖ਼ਾਲਸੇ ਪੰਥ ਦੀ ਚੜ੍ਹਦੀ ਕਲਾ ਲਈ, ਗੁਰਮਖਿ ਜੀਵਨ ਬਨਾਉਣ ਲਈ, ਸ਼ੁਭ ਸੱਚੇ ਇਖ਼ਲਾਕ ਦਾ ਉਪਦੇਸ਼ ਬਖ਼ਸ਼ ਰਹੇ ਹਨ:- ੩੩

ਸੇਵਾ ਰਤਨ, ਪਰਉਪਕਾਰ ਦੇ ਸੂਰਜ, ਮਹਾਂਨ ਗੁਰਮੁਖਿ ਭਗਤ ਪੂਰਨ ਸਿੰਘ ਜੀ ਨੇ ਅਪਣੇ ਗੁਰਮੁਖਿ ਮਾਤਾ ਜੀ ਨਾਲ ਚੰਗੇ ਉੱਚੇ ਗੁਰਮੁਖਿ ਇਖ਼ਲਾਕ ਨੂੰ ਧਾਰਨ, ਮਨ ਵਿਕਾਰਾਂ ਵੱਲੋਂ ਪਵਿੱਤ੍ਰ ਰੱਖਣ ਦਾ ਪ੍ਰਣ ਕੀਤਾ। ਜਿਸ ਦਾ ਸਦਕਾ ਭਗਤ ਜੀ ਲਿਖਦੇ ਹਨ:- ੩੪

ਸਾਖੀ ਇੰਦ੍ਰ ਤੇ ਅਹਿਲਿਆ ਦੀ, ਚਰਿੱਤ੍ਰ ਇੱਕ ਸੌ ਪੰਦਰਾਂ:- ੩੫

ਸਾਖੀ:- ੩੮

੧੧. ਜਤੁ: ਪੋਲਾ ਬੋਲੋ- ਜਤੁ ਪਾਹਾਰਾ; ਧੀਰਜੁ ਸੁਨਿਆਰੁ॥ ੩੯

ਸਾਖੀ ਭਾਈ ਸੱਚਨ ਸੱਚ ਜੀ ਦੀ:- ੪੧

੧੨. ਵਾਹਿਗੁਰੂ॥ ਗੁਰਪ੍ਰਸਾਦਿ; ਬਿਖਿਆ ਪਰਹਰੈ॥ ਮਨ ਕੀ ਬਾਸਨਾ; ਮਨ ਤੇ ਟਰੈ॥ ੪੩

੧੩. ਸਾਖੀ ਨੇਕ ਸਾਊ ਗੁਰਮੁਖਿ ਬੀਬੀ ਨੇ ਗੁਰਬਾਣੀ ਦਾ ਪ੍ਰਤਾਪ ਜਨਾਉਣਾ:- ੪੪

੧੪. ੧ਓ ਸਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸਾਹੀ ੧੦॥ ਰੇ ਮਨ; ਐਸੋ ਕਰਿ ਸੰਨਿਆਸਾ॥ ੪੪

੧੫. ਦੋਹਰਾ॥ ਪਰ ਨਾਰੀ ਕੀ ਸੇਜ ਪਰ; ਭੂਲਿ. ਨ ਦੀਜਹੁ ਪਾਂਇ॥ ਕਾਮ ਭੋਗ ਨਹਿ ਕੀਜਿਯਹੁ; ਤਾ ਸੌਂ ਰੁਚਿ ਉਪਜਾਇ॥੧੨॥ ੪੭

੧੬. ਵਾਹਿਗੁਰੂ॥ ਕਈ ਕੋਟਿ; ਸਿਧ ਜਤੀ ਜੋਗੀ॥ ੪੭

੧੭. ਜਤੁ ਸਤੁ ਸੰਜਮੁ ਸੀਲੁ. ਨ ਰਾਖਿਆ; ਪ੍ਰੇਤ ਪਿੰਜਰ ਮਹਿ ਕਾਸਟੁ ਭਇਆ॥ ੪੮

18. ਯਕੀਨਾ ਯ ਤਾਲੂ ਤੋਂ ਬੋਲੋ- ਕਾਇਆ ਕਿਰਦਾਰ; ਅਉਰਤ ਯਕੀਨਾ॥ ੪੮

੧੯. ਵਾਹਿਗੁਰੂ॥ ਜੀਵਤ ਭਾਵ ਤੋਂ ਮਰਨ ਬਾਰੇ ਵੀਚਾਰ, ਉਥਾਨਕਾ:- ੪੯

੨੦. ਵਾਹਿਗੁਰੂ॥ ਸਬਦਿ ਮਰਹੁ. ਫਿਰਿ ਜੀਵਹੁ ਸਦ ਹੀ; ਤਾ ਫਿਰਿ, ਮਰਣੁ ਨ ਹੋਈ॥ ੫੦

੨੧. ਵਾਹਿਗੁਰੂ॥ ਕਾਜੀ ਸੋ; ਜੁ ਕਾਇਆ ਬੀਚਾਰੈ॥ ੫੦

੨੨. ਵਾਹਿਗੁਰੂ॥ ਮਃ ੧॥ ਸੋ ਪਾਖੰਡੀ; ਜਿ ਕਾਇਆ ਪਖਾਲੇ॥ ੫੧

ਪ੍ਰਸੰਗ ੩:- ਵਿਕਾਰ ਦ੍ਰਿਸਟੀ ਦੇ ਤਿਆਗ ਦਾ ਮਹਾਂ ਮਹਾਂ ਮਹਾਂ ਵਿਸਮਾਦ ਉਪਦੇਸ਼:- ੫੧

੨੩. ਵਾਹਿਗੁਰੂ॥ ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥ ੫੧

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਦ੍ਰਿਸ਼ਟਾਂਤ: ੫੨

੨੪. ਵਾਹਿਗੁਰੂ॥ ਵਿਕਾਰ ਦ੍ਰਿਸ਼ਟੀ ਨਾਲ ਪਰਾਇਆ ਰੂਪ ਦੇਖਣਾ ਭੀ ਸਖ਼ਤ ਮਨ੍ਹਾ ਹੈ:- ੫੩

੨੫. ਵਾਹਿਗੁਰੂ॥ ਮਃ ੫॥ ਕਿਆ ਗਾਲਾਇਓ ਭੂਛ; ਪਰ ਵੇਲਿ. ਨ ਜੋਹੇ, ਕੰਤ ਤੂ॥ ੫੬

੨੬. ਵਾਹਿਗੁਰੂ॥ ਕਤੰਚ ਚਪਲ ਮੋਹਨੀ ਰੂਪੰ; ਪੇਖੰਤੇ ਤਿਆਗੰ ਕਰੋਤਿ॥ ਹੇ ਗੁਰਸਿੱਖੋ! ਇਹ ਸ਼ੁਭ ਸਿੱਖਿਆ ਆਪਣੇ ਰਿਦਿਆਂ ਵਿੱਚ ਵਸੌਣਾ ਕਰੋ ਜੀ:- ੫੬

ਸਾਖੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ:- ੫੭

੨੭. ਦੇਖਿ ਪਰਾਈਆ ਚੰਗੀਆ; ਮਾਵਾਂ ਭੈਣਾਂ ਧੀਆਂ ਜਾਣੈ। ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ੫੮

ਸਾਖੀ ਪਾਪੀ ਔਰੰਗੇ ਨੇ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਕਿਹਾ:- ੫੮

ਸਾਖੀ ਦੂਜੀ:- ਹਉ. ਗੋਸਾਈ ਦਾ; ਪਹਿਲਵਾਨੜਾ॥ ਸਤਿਗੁਰੂ ਸਾਹਿਬ ਜੀ ਦੇ ਸੂਰਬੀਰ ਬਲਵਾਨ ਤਿਆਰ ਬਰ ਤਿਆਰ, ਅੰਦਰਲੇ ਅਤੇ ਬਾਹਰਲੇ ਸਭ ਵੈਰੀਆਂ 'ਤੇ ਫ਼ਤੇਹ ਪਾਉਣ ਵਾਲੇ ਸਰਦਾਰ ਹਰੀ ਸਿੰਘ ਨਲੂਆ ਜੀ ਨੇ ਬੀਬੀ ਬਾਨਾ ਜੀ ਨੂੰ ਅਪਣੀ ਮਾਂ ਬਣਾਉਣਾ:- ੫੮

ਜਦੋਂ ਬੱਚਾ ਜਾਂ ਬੱਚੀ ਅੱਖਾਂ ਦੇ ਸਾਹਮਣੇ ਆਵੇ ਤਾਂ ਇਹ ਜਾਪ ਕਰਨਾ:- ੫੯

੨੮. ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ੬੦

ਪਰਾਈ ਇਸਤ੍ਰੀ ਵਿਕਾਰ ਦ੍ਰਿਸਟੀ ਨਾਲ ਦੇਖਣ ਦੇ ਦੋਸ਼:- ੬੦

ਸਾਖੀ ਪਰਮਪੂਜਨੀਕ ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਬ੍ਰਹਮਗਿਆਨੀ ਰੱਬ ਰੂਪ ਭਗਤ ਸੂਰਦਾਸ ਸਾਹਿਬ ਜੀ:- ੬੦

੨੯. ਮਿਥਿਆ ਨੇਤ੍ਰ; ਪੇਖਤ ਪਰ ਤ੍ਰਿਅ ਰੂਪਾਦ॥ ਦੇ ਅਰਥ:- ੬੨

੩੦. ਅਪਨਾ ਘਰੁ ਮੂਸਤ. ਰਾਖਿ ਨ ਸਾਕਹਿ; ਕੀ ਪਰ ਘਰੁ. ਜੋਹਨ ਲਾਗਾ॥ ੬੩

੩੧. ਮਨ ਰੇ; ਕਉਨੁ ਕੁਮਤਿ ਤੈ ਲੀਨੀ॥ ੬੩

੩੨. ਪਤੀ-ਆਨਾ- ਅਨਿਕ ਰੂਪ ਦੇਖਿ; ਨਹ ਪਤੀਆਨਾ॥ ੬੪

੩੩. ਸਾਜਨ ਹੋਵਨਿ ਆਪਣੇ; ਕਿਉ ਪਰ ਘਰ ਜਾਹੀ॥ ੬੪

| | |
|---|---|
| ੩੪. ਪਰ ਘਰਿ; ਚੀਤੁ ਮਨਮੁਖਿ ਡੋਲਾਇ॥ | ੬੪ |
| ੩੫. ਮਨਮੁਖਿ ਭੂਲੈ; ਜਮ ਕੀ ਕਾਣਿ॥ | ੬੪ |
| ੩੬. ਹਰਿ ਜੀਉ ਅੰਤਰਜਾਮੀ ਜਾਨ॥ | ੬੪ |
| ੩੭. ਭੈਰਉ ਮਹਲਾ ੫॥ ਨਿਕਟਿ ਬੁਝੈ; ਸੋ ਬੁਰਾ. ਕਿਉ ਕਰੈ॥ | ੬੬ |
| ੩੮. ਪੇਖੈ ਬੋਲੈ ਸੁਣੈ; ਸਭੁ ਆਪਿ॥ ਸਤਿਗੁਰੂ ਅਰਜਨਦੇਵ ਸਾਹਿਬ ਜੀ ਨਿਰਗੁਨ ਸਰਗੁਨ ਦੀ ਏਕਤਾ ਅਭੇਦਤਾ ਸਾਖਿਆਤਤਾ ਕਰਕੇ ਫ਼ੁਰਮਾਉਂਦੇ ਹਨ:- | ੬੮ |
| ੩੯. ਘਰੁ ਦਰੁ ਛੋਡੇ ਆਪਣਾ; ਪਰ ਘਰਿ ਝੂਠਾ ਜਾਈ॥ | ੬੮ |
| ੪੦. ਦਿਸਟਿ ਬਿਕਾਰੀ ਬੰਧਨਿ ਬਾਂਧੈ; ਹਉ ਤਿਸ ਕੈ ਬਲਿ ਜਾਈ॥ | ੬੮ |
| ੪੧. ਬਹੁਤੁ ਦਰਬੁ ਕਰਿ; ਮਨੁ ਨ ਅਘਾਨਾ॥ | ੬੯ |
| ੪੨. ਬਿਸਨੁਪਦ ਰਾਗ ਮਲਾਰ ਸਜਾਮੁ॥ ਕੰਡੇ ਦੇਨਿ ਚਸਮੋ ਦੇ ਅੰਦਰ, ਜਿਨਿ ਨੇਤ੍ਰੀਂ ਪਰਤ੍ਰਿਯ ਪਿਖੇ॥ | ੬੯ |
| ੪੩. ਬਿਸਨੁਪਦ ਮਲਾਰ ਸਜਾਮੁ॥ ਕੰਡੇ ਮਾਰਨਿ ਪੈਰਾਂ ਤਲੀਆਂ; ਮਾਰਗ ਪੰਥ ਕੁਪੰਥ ਚਲੇ॥ | ੭੦ |
| ਪ੍ਰਸੰਗ ੪- ਵਿਕਾਰ ਦੇ ਤਿਆਗ ਦੇ ਸੱਚੇ ਅੰਮ੍ਰਿਤ ਗੁਰਸਬਦ:- | ੭੦ |
| ੪੪. ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ; ਬਿਨਸਿ ਜਾਇ ਅਹੰਮੇਵ॥ ਨਾਨਕ ਪ੍ਰਭ ਸਰਣਾਗਤੀ; ਕਰਿ ਪ੍ਰਸਾਦੁ ਗੁਰਦੇਵ॥੧॥ | ੭੦ |
| ੪੫. ਗੁਰਤਾ ਬਿਰਾਜਮਾਨ ਕਲਿਜੁੱਗ ਜਹਾਜ਼ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ ’ਚ ਪ੍ਰੇਮ ਬੇਨਤੀ ਕਰੀਏ:- | ੭੧ |
| ੪੬. ਪਉੜੀ ੫॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ | ੭੧ |
| ੪੭. ਵਾਹਿਗੁਰੂ॥ ਆਸਾ ਮਹਲਾ ੫॥ ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ | ੭੨ |
| ਬਟਵਾਰੇ ਵੇਲੇ ਸਿੱਖ ਬੀਬੀ ਦੀ ਬਹਾਦਰੀ:- | ੭੫ |
| ੪੮. ਮਾਰੂ ਮਹਲਾ ੫॥ ਗੁਪਤੁ ਕਰਤਾ, ਸੰਗਿ ਸੋ ਪ੍ਰਭੁ; ਡਹਕਾਵਏ ਮਨੁਖਾਇ॥ | ੭੬ |
| ੪੯. ਗਉੜੀ॥ ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ; ਚਲਤੁ ਰਚਿਓ ਜਗਦੀਸ॥ | ੮੦ |
| ੫੦. ਹੇ ਕਾਮੰ. ਨਰਕ ਬਿਸ੍ਰਾਮੰ; ਬਹੁ ਜੋਨੀ ਭ੍ਰਮਾਵਣਹ॥ | ੮੨ |

| | |
|---|---|
| ੫੧. ਮ:੫॥ ਫਿਰਦੀ ਫਿਰਦੀ ਦਹ ਦਿਸਾ; ਜਲ ਪਰਬਤ ਬਨਰਾਇ॥ ਜਿਥੈ ਡਿਠਾ ਮਿਰਤਕੋ; ਇਲ ਬਹਿਠੀ ਆਇ॥੨॥ | ੮੩ |
| ੫੨. (ਆਗਲ-ੜਾ ਪੋਲਾ। ਗ-ਇਆ) ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ; ਜਰਾ ਮਰਣੁ ਭਉ. ਵਿਸਰਿ ਗਇਆ॥ | ੮੩ |
| ੫੩. (ਨਿ-ਲੱਜ। ਤੁੋਹਿ, ਹੋੜੇ ਔਂਕੜ ਵਿਚਾਲੇ ਬੋਲੋ) ਰੇ ਜੀਅ ਨਿਲਜ; ਲਾਜ ਤੁੋਹਿ ਨਾਹੀ॥ | ੮੪ |
| ੫੪. ਧਨਾਸਰੀ ਮਹਲਾ ੫॥ ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ | ੮੬ |
| ੫੫. ਭੈਰਉ ਮਹਲਾ ੫॥ ਚਿਤਵਤ ਪਾਪ; ਨ ਆਲਕੁ ਆਵੈ॥ | ੮੮ |
| ੫੬. ਘਰ ਕੀ ਨਾਰਿ; ਤਿਆਗੈ ਅੰਧਾ॥ | ੯੦ |
| ੫੭. ਠੱਗ- ਮਃ ੧॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ; ਪੰਜੇ ਠਗ॥ | ੯੨ |
| ੫੮. ਪਰ ਧਨ ਪਰ ਦਾਰਾ; ਪਰਹਰੀ॥ | ੯੩ |
| ੫੯. ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਪਾਕ ਪਵਿੱਤਰ ਇਖ਼ਲਾਕ ਬਾਰੇ ਉਪਦੇਸ਼ ਬਖ਼ਸ਼ਦੇ ਹਨ:- ਹਉ ਤਿਸੁ. ਘੋਲਿ ਘੁਮਾਇਆ; ਗੁਰਮਤਿ. ਰਿਦੈ ਗਰੀਬੀ ਆਵੈ। | ੯੪ |
| ੬੦. ਸਤਿਗੁਰੁ; ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥ | ੯੫ |
| ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥ ਪਰਮਪੂਜਨੀਕ ਪਰਮ ਸ਼ਹੀਦ ਭਾਈ ਸੰਤ ਰਾਮ ਸਾਹਿਬ ਜੀ ਦੀ ਸਾਖੀ:- | ੯੫ |
| ੬੧. ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥ | ੯੭ |
| ੬੨. ਰੂਪਵੰਤੁ ਹੋਇ; ਨਾਹੀ ਮੋਹੈ॥ ਪ੍ਰਭ ਕੀ ਜੋਤਿ; ਸਗਲ ਘਟ ਸੋਹੈ॥ | ੯੭ |
| ੬੩. ਮਿਥਿਆ ਚਰਨ; ਪਰ ਬਿਕਾਰ ਕਉ ਧਾਵਹਿ॥ | ੯੯ |
| ੬੪. ਦੇਇ ਕਿਵਾੜ ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ | ੧੦੦ |
| ੬੫. ਸੂਰਤਿ ਦੇਖਿ; ਨ ਭੂਲੁ ਗਵਾਰਾ॥ | ੧੦੦ |
| ਭਰਥਰੀ ਜੀ ਦੀ ਵਿਰਾਗ ਦੀ ਸਾਖੀ:- | ੧੦੦ |
| ੬੬. ਚੋਰ ਜਾਰ ਜੂਆਰ; ਪੀੜੇ ਘਾਣੀਐ॥ | ੧੦੨ |
| ੬੭. ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥ | ੧੦੨ |
| ਮਨ ਨੂੰ ਕਾਬੂ ਕਰਨ ਲਈ ਇਹ ਜਾਪ ਜਪਣਾ ਹੈ:- | ੧੦੩ |

੬੮. ਜਿਸ ਨੋ ਤੂ ਰਖਵਾਲਾ; ਜਿਤਾ ਤਿਨੈ ਭੈਣੁ॥ ੧੦੪

ਵਿਸਮਾਦ ਸਿੱਖਿਆ:- ੧੦੪

੬੯. ਵਾਹਿਗੁਰੂ॥ ਜੇ ਕਰਿ ਉਧਰੀ ਪੂਤਨਾ; ਵਿਹੁ ਪੀਆਲਣੁ ਕੰਮੁ ਨ ਚੰਗਾ। ੧੦੪

੭੦. ਜੇ ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ੧੦੭

71. ਹਰਿ ਰਸੁ ਚਾਖੈ; ਤਾਂ ਸੁਧਿ ਹੋਇ॥ ਨਾਨਕ ਨਾਮਿ ਰਤੇ; ਸਚੁ ਸੋਇ॥੪॥੮॥ ੧੦੭

ਪ੍ਰਸੰਗ ੫- ਸੱਚੀ ਗੁਰਮਖਿ (ਪਤਿ) ਇੱਜ਼ਤ ਦਾ ਗੁਰ ਉਪਦੇਸ਼ ੧੦੮

੭੨. ਜੇ ਜੁਗ ਚਾਰੇ ਆਰਜਾ; ਹੋਰ ਦਸੂਣੀ ਹੋਇ॥ ੧੦੮

੭੩. ਸਤਿਗੁਰੁ. ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ॥ ੧੦੮

ਸਾਖੀ:- ੧੦੯

੭੪. ਸਭੁ ਕੋ ਪੂਰਾ ਆਪੇ ਹੋਵੈ; ਘਟਿ ਨ ਕੋਈ ਆਖੈ॥ ੧੧੧

੭੫. ਮਨਿ ਮੁਖਿ ਗਲਾ ਗੋਈਆ; ਕੀਤਾ ਚਾਉ ਰਲੀ॥ ਨਾਨਕ. ਸਚੇ ਨਾਮ ਬਿਨੁ; ਸਿਰ ਖੁਰ ਪਤਿ ਪਾਟੀ॥੨॥ ੧੧੧

੭੬. ਸਚੁ ਸਭਨਾ ਹੋਇ ਦਾਰੂ; ਪਾਪ ਕਢੈ ਧੋਇ॥ ੧੧੧

੭੭. ਪੂਜ ਲਗੈ. ਪੀਰੁ ਆਖੀਐ; ਸਭੁ ਮਿਲੈ ਸੰਸਾਰੁ॥ ੧੧੧

੭੮. ੧ਓਸਤਿਗੁਰ ਪ੍ਰਸਾਦਿ॥ ਆਸਾ ਘਰੁ ੩ ਮਹਲਾ ੧॥ ਲਖ ਲਸਕਰ ਲਖ ਵਾਜੇ ਨੇਜੇ; ਲਖ ਉਠਿ ਕਰਹਿ ਸਲਾਮੁ॥ ੧੧੨

੭੯. ਮਾਝ ਮਹਲਾ ੫॥ ਜਿਥੈ ਨਾਮੁ ਜਪੀਐ; ਪ੍ਰਭ ਪਿਆਰੇ॥ ੧੧੩

ਸਾਖੀ ਬ੍ਰਹਮਗਿਆਨੀ; ਸਗਲ ਕੀ ਰੀਨਾ॥ ਪੂਰਨ ਬ੍ਰਹਮਗਿਆਨੀ ਸੱਚੇ ਪੱਕੇ ਸੰਤ ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਨੇ ਅਪਣੇ ਅੰਦਰ ਬਾਹਰ ਅਜਪਾ ਜਾਪ ਗੁਰਬਾਣੀ ਗੁਰੂ ਜੀ ਦੀ ਸਾਖਿਆਤਤਾ ਕਰਨੀ:- ੧੧੫

੮੦. ਕੋਟਿ ਬ੍ਰਹਮੰਡਾਂ ਦੇ ਪਾਲਕ ਹੁੰਦਿਆਂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਪਤਿ ਇੱਜ਼ਤ ਦੀ ਪ੍ਰਾਪਤੀ ਲਈ ਪ੍ਰੇਮ ਬੇਨਤੀ ਸਹਿਤ ਅਰਦਾਸ ਕਰਦੇ ਹਨ:- ਹਰਿ ਜੂ; ਰਾਖਿ ਲੇਹੁ ਪਤਿ ਮੇਰੀ॥) ੧੧੬

੮੧. ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਙਿਆਨੀ ਧਨਵੰਤ॥) ਧਰਮ ਧੁਜਾ ਅਰਜੁਨੁ ਹਰਿ ਭਗਤਾ॥ ੧੧੭

੮੨. ਅਗੈ ਜਾਤਿ ਨ ਜੋਰੁ ਹੈ; ਅਗੈ ਜੀਉ ਨਵੇ॥ ੧੧੭

੮੩. ਦ੍ਰੋਪਤੀ ਲਜਾ ਨਿਵਾਰਿ; ਉਧਾਰਣ॥ ੧੧੭

੮੪. ਧੰਨ ਵਾਹਿਗੁਰੂ ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਸਾਹਿਬਾਨ ਜੀ, ਆਪ ਅਕਾਲਪੁਰਖੁ ਜੀ ਦੀ ਪਤੀਬ੍ਰਤਾ ਚੰਗੀ ਸੁਪਤਨੀ ਬਣ ਕੇ, ਸਾਨੂੰ ਸੱਚੇ ਕੰਤ ਭਗਵੰਤ ਪਤੀ ਪਰਮੇਸਰ ਜੀ ਦੀ ਸੁਪਤਨੀ ਬਨਣ ਦੀ ਜਾਚ ਸਿਖਾਉਂਦੇ ਹਨ। ਜਿਵੇਂ ਗੁਰਬਾਣੀ 'ਚ ਉਪਦੇਸ਼ ਬਖ਼ਸ਼ਦੇ ਹਨ ੧੧੭

ਗੁਰਮੁਖਿ ਪਤੀਬ੍ਰਤਾ ਜੀ ਦੇ ਗੁਣ:- ੧੧੮

ਸ਼ੰਕੇ ਦੀ ਨਿਵਿਰਤੀ:- ੧੧੮

੮੫. ਸਲੋਕ ਮਃ ੧॥ ਜੀਉ ਪਾਇ. ਤਨੁ ਸਾਜਿਆ; ਰਖਿਆ ਬਣਤ ਬਣਾਇ॥ ੧੧੮

੮੬. ਸਲੋਕੁ ਮਃ ੧॥ ਹੁਕਮਿ ਰਜਾਈ ਸਾਖਤੀ; ਦਰਗਹ ਸਚੁ ਕਬੂਲੁ॥ ੧੧੯

੮੭. ਘਰੁ ਦਰੁ ਛੋਡੇ ਆਪਣਾ; ਪਰ ਘਰਿ ਝੂਠਾ ਜਾਈ॥ ੧੨੦

੮੮. ਤੀਰਥਿ ਭਰਮੈ ਰੋਗੁ. ਨ ਛੂਟਸਿ; ਪੜਿਆ ਬਾਦੁ ਬਿਬਾਦੁ ਭਇਆ॥ ੧੨੧

੮੯. ਸਬਦੁ ਬੀਚਾਰਿ; ਭਏ ਨਿਰੰਕਾਰੀ॥ ੧੨੧

੯੦. ਗਉੜੀ ਮਹਲਾ ੧॥ ਸੇਵਾ ਏਕ; ਨ ਜਾਨਸਿ ਅਵਰੇ॥ ੧੨੨

੯੧. ਨਾਮ ਬਿਨਾ; ਕਿਉ ਜੀਵਾ ਮਾਇ॥ ੧੨੫

੯੨. ਨੈਨੀ; ਹਰਿ ਹਰਿ ਲਾਗੀ ਤਾਰੀ॥ ੧੨੫

ਪ੍ਰਸੰਗ ੬- ਅਬਿਨਾਸੀ ਸਤਿਗੁਰੂ ਸਾਹਿਬਾਨ ਜੀ ਅਤੇ ਗੁਰਮੁਖਿ ਗੁਰਸਿੱਖਾਂ ਦੇ ਸੱਚੇ ਸੁੱਚੇ ਅਤਿਅੰਤ ਉੱਚੇ ਇਖ਼ਲਾਕ ਦੀਆਂ ਅਮੋਲਕ ਸੱਚੀਆਂ ਸਾਖੀਆਂ:- ੧੨੬

੯੩. ਸਾਖੀ ਨਿਰਵਿਕਾਰ ਵਾਹਿਗੁਰੂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਮਹੱਲੇ ਪਹਿਲੇ ਜੀ ਦੀ:- ੧੨੬

੯੪. ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ ਨੇ ਫੁਨਹੇ ਬਾਣੀ ਉਚਾਰ ਕੇ, ਗੁਰਮੁਖਿ ਮਾਤਾ ਗੰਗਾ ਜੀ ਦੇ ਪਿਆਰੇ ਭੈਣ ਜੀ ਹਰਿਹਾਂ ਦੇ ਵਿਕਾਰ ਮੇਟਣੇ:- ੧੩੧

੯੫. ਗੁਰ ਦ੍ਰੋਹੀ, ਜੱਗਤ ਕਸਾਈ, ਦੁਸਟ ਹੰਕਾਰੀ ਜਹਾਂਗੀਰ ਨੇ ਪਰਮ ਪੂਜਨੀਕ ਸੱਚੇ ਸਤਿਗੁਰੂ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰਖ ਲਈ ਬੇਗਮਾਂ ਭੇਜੀਆਂ, ਪੂਰਨ ਗੁਰੂ ਜੀ ਸੁਮੇਰ ਪਰਬਤ ਵਾਂਗ ਅਚੱਲ ਰਹੇ:- ੧੩੩

੯੬. ਗੁਰੂ ਖ਼ਾਲਸੇ ਜੀ ਦੇ ਪਰਮਪੂਜਨੀਕ ਗੁਰਮੁਖਿ ਮਾਤਾ ਸਾਹਿਬਦੇਵ ਕੌਰ ਜੀ ਦੀ ਉੱਚੀ ਸੁੱਚੀ ਨ੍ਰਿਵਿਕਾਰ ਗੁਰਮੁਖਿ ਜੀਵਨੀ:- ੧੩੪

ਸ਼ੁਭ ਸਿੱਖਿਆ:- ੧੩੪

੯੭. ਸਤਿਗੁਰੂ ਸਾਹਿਬ ਜੀ ਦੇ ਅਨਿੰਨ ਸੇਵਕ ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ ਅਤੇ ਸੂਰਬੀਰ ਸਿੰਘਾਂ ਨੇ ਹਿੰਦ ਦੀਆਂ ਨੌਜੁਆਨ ਬੱਚੀਆਂ ਦੀ ਪਤਿ ਦੀ ਰੱਖਿਆ ਕਰਨੀ:- ੧੩੫

੯੮. ਸਿਰਲੱਥ ਯੋਧੇ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਨੇ ਚੰਬੇ ਵਾਲੇ ਰਾਜੇ ਦੀ ਨੌਜਵਾਨ ਬੱਚੀ ਨੂੰ ਦੇਖ ਕੇ ਅਡੋਲ ਰਹਿਣਾ:- ੧੩੫

੯੯. ਗੁਰਮੁਖਿ ਮਾਸਟਰ ਤਾਰਾ ਸਿੰਘ ਜੀ ਦਾ ਉੱਚਾ ਗੁਰਮੁਖਿ ਇਖ਼ਲਾਕ:- ੧੩੬

੧੦੦. ਗੁਰੂ ਹਿਤ ਕੁਰਬਾਨ ਹੋਣ ਵਾਲੇ ਸੱਚਿਆਰੇ ਪਿਆਰੇ ਗੁਰਸੇਵਕਾਂ ਪ੍ਰੇਮੀਆਂ ’ਚੋਂ, ਬੀਬੀ ਸ਼ਰਨ ਕੌਰ ਜੀ ਦੀ ਮਹਾਨ ਕੁਰਬਾਨੀ ਨੂੰ ਪੂਰਨ ਬ੍ਰਹਮਗਿਆਨੀ ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਬ ਜੀ ਇਉਂ ਲਿਖਦੇ ਹਨ:– ੧੩੬

੧੦੧. ਅਮਰ ਸ਼ਹੀਦ ਗੁਰਮੁਖਿ ਪਿਆਰੀ ਸੂਰਬੀਰ ਬਲਵਾਨ ਸਤੀ ਨਿਰਮਲ ਬੀਬੀ ਸ਼ਰਨ ਕੌਰ ਜੀ:- ੧੩੭

੧੦੨. ਸਾਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ:- ੧੩੯

੧੦੩. ਸਾਖੀ ਵੈਰਾਗ ਦੀ ਮੂਰਤ ਪੂਰਨ ਬ੍ਰਹਮਗਿਆਨੀ, ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ:- ੧੪੦

੧੦੪. ਪਰਮਪੂਜਨੀਕ ਨਾਮ ਰਸੀਏ ਭਾਈ ਬਾਊ ਮੱਲ ਸਿੰਘ ਜੀ:- ੧੪੧

੧੦੫. ਗੁਰਮੁਖਿ ਭਾਈ ਕੇਦਾਰਾ ਜੀ ਦੀ ਵੈਰਾਗ ਧਾਰਨ ਦੀ ਸਾਖੀ:- ੧੪੧

੧੦੬. ਸਾਖੀ ਪੂਰਨ ਬ੍ਰਹਮਗਿਆਨੀ ਤੱਤ ਬੇਤੇ ਬਾਬਾ ਅਤਰ ਸਿੰਘ ਸਾਹਿਬ ਜੀ:- ੧੪੨

੧੦੭. ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਨੇ ਖ਼ਾਲਸੇ ਦਾ ਸੱਚਾ ਸੁੱਚਾ ਉੱਚਾ ਕਿਰਦਾਰ ਪ੍ਰਗਟ ਕਰਨਾ:– ੧੪੩

੧੦੮. ਸਾਖੀ ਗੁਰਮੁਖਿ ਪੀਂਘਾ ਜੀ ਦਾ ਉਧਾਰ:- ੧੪੫

੧੦੯. ਸ਼ਹੀਦ ਗੁਰਮੁਖਿ ਸਿੰਘ ਸਾਹਿਬ ਜੀ ੧੪੬

ਪ੍ਰਸੰਗ ੭- ਪਤੀਬ੍ਰਤਾ ਧਰਮ ਦੇ ਸ਼ੁਭ ਗੁਣ ੧੪੯

੧੧੦. ਸਲੋਕੁ ਮਃ ੩॥ ਸੂਹੈ ਵੇਸਿ ਦੋਹਾਗਣੀ; ਪਰ ਪਿਰੁ ਰਾਵਣ ਜਾਇ॥ ੧੪੯

੧੧੧. ਪਤੀਬ੍ਰਤਾ ਬੀਬੀਆਂ ਦੇ ਗੁਣ:- ੧੫੦

੧੧੨. ਮਹਾਤਮਾ ਰੂਪੀ ਸਖੀ ਜੀ ਨੂੰ ਸ਼ੁਭ ਸਿੱਖਿਆ ਬਖ਼ਸ਼ਦੇ ਹਨ:- ੧੫੧

੧੧੩. ਪਰਮਪੂਜਨੀਕ ਮਾਈ ਸੇਵਾਂ ਜੀ:- ੧੫੨

੧੧੪. ਧੰਨ ਮਾਤਾ ਖੀਵੀ ਜੀ ਜਿਨ੍ਹਾਂ ਦੀ ਮਹਿਮਾ ਇਉਂ ਹੈ:- ੧੫੩

੧੧੫. ਪਤੀਬ੍ਰਤਾ ਬੀਬੀ ਰਾਜ ਕੌਰ (ਰਜਨੀ) ਜੀ:- ੧੫੩

੧੧੬. ਇੱਕ ਦਲੇਰ ਬੀਬੀ ਦੀ ਬਹਾਦਰੀ:- ੧੫੪

੧੧੭. ਪਰਮਪੂਜਨੀਕ ਭਗਤ ਫਰੀਦ ਸਾਹਿਬ ਜੀ, ਪਤੀ ਪ੍ਰਮੇਸਰ ਅਤੇ ਸੰਸਾਰੀ ਪਤੀ ਨੂੰ ਵੱਸ ਕਰਨ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ਦੇ ਹਨ:- ੧੫੫

੧੧੮. ਸਹ ਕੀ ਸਾਰ; ਸੁਹਾਗਨਿ ਜਾਨੈ॥ ੧੫੫

੧੧੯. ਸਾਖੀ ਸਤੀ ਸੀਤਾ ਜੀ:- ੧੫੬

੧੨੦. ਸਾਊ ਬੀਬੀ ਨੇ ਆਪਣੇ ਮੰਗੇਤ੍ਰ ਨੂੰ ਲਾਲਚੀ ਭਰਾਵਾਂ ਤੋਂ ਬਚਾਉਣਾ:- ੧੫੭

੧੨੧. ਮਾਤਾ ਸੀਤਾ ਜੀ ਦਾ ਸ੍ਰੀ ਰਾਮਚੰਦ੍ਰ ਜੀ ਨਾਲ ਸੱਚਾ ਪਿਆਰ, ਸਤੀ ਸੀਤਾ ਜੀ:- ੧੫੭

੧੨੨. ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ॥ ੧੫੭

੧੨੩. ਪਤੀਬ੍ਰਤਾ ਬੀਬੀ ਨਰਮਦਾ ਜੀ:- ੧੫੮

੧੨੪. ਬੀਬੀ ਫਾਤਮਾ ਜੀ:- ੧੫੮

੧੨੫. ਪਤੀਬ੍ਰਤਾ ਬੀਬੀਆਂ:- ੧੫੯

੧੨੬. ਪਤੀਬ੍ਰਤਾ ਧਰਮ ਨਾ ਧਾਰਨ ਵਾਲੀ ਇਸਤ੍ਰੀ ਦੀ ਸਾਖੀ:- ੧੫੯

੧੨੭. ਪਤੀਬ੍ਰਤਾ ਦਾ ਮੋਲ਼ਾ ਖੜ੍ਹਨਾ, ਔਗੁਣਿਆਰੀ ਦਾ ਡਿੱਗਣਾ:- ੧੫੯

ਪ੍ਰਸੰਗ ੮- ਜਤੀ ਸਤੀ ਬਹਾਦਰਾਂ ਅਤੇ ਨੌਂ ਧੁਨਾਂ ਦੀਆਂ ਸਾਖੀਆਂ:- ੧੬੦

੧੨੮. ਵਾਹਿਗੁਰੂ॥ ਲਿਖਾਰੀ ਰਾਏਬਹਾਦਰ ਘਨਈਆ ਲਾਲ ਜੀ 'ਤਾਰੀਖੇ ਪੰਜਾਬ' ਅਤੇ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਦਰਬਾਰੀ ਕਵੀ ਕੰਕਣ ਜੀ ਨੇ 'ਦਸ ਗੁਰੁ ਕਥਾ' ਤੇ ਹੋਰ ਕਈ ਧਾਰਮਿਕ ਗ੍ਰੰਥਾਂ 'ਚ, ਬਾਬਾ ਜੈਤਾ ਜੀ ਤੇ ਉਨ੍ਹਾਂ ਦੇ ਪਿਤਾ ਜੀ ਦਾ ਇਹ ਕੁਰਬਾਨੀ ਭਰਿਆ ਪ੍ਰਸੰਗ ਇਉਂ ਲਿਖਿਆ ਹੈ:- ੧੬੦

੧੨੯. ਨਿਹੰਗ ਨਿਬਾਹੂ ਸਿੰਘ ਜੀ ਦੀ ਬਹਾਦਰੀ:- ੧੬੧

੧੩੦. ਸ਼ਹੀਦ ਸਿੰਘਣੀਆਂ ਨੇ ਸਬਰ ਸੰਤੋਖ ਦੇ ਪਿਆਲੇ ਪੀ ਕੇ, ਜਤ ਸਤ ਅਤੇ ਸਿੱਖੀ ਸਿਦਕ 'ਚ ਅਡੋਲ ਰਹਿਣਾ:- ੧੬੨

੧੩੧. ਬਹਾਦਰ ਬੀਬੀ ਜੱਸੀ ਕੌਰ ਜੀ:- ੧੬੪

੧੩੨. ਫੌਜੀ ਰਣਬੀਰ ਸਿੰਘ ਜੀ ਦਾ ਦੀਰਘ ਆਸ਼ਾ:- ੧੬੫

੧੩੩. ਕਲਮ ਦੇ ਧਨੀ, ਬ੍ਰਹਮ ਰਤਨਾਗਰ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਗੁਰਸਿੱਖਾਂ ਦੇ ਉੱਚੇ ਸੁੱਚੇ ਇਖ਼ਲਾਕ ਦਾ ਦ੍ਰਿਸਟਾਂਤ "ਬਿਜੈ ਸਿੰਘ ਜੀ" 'ਚ ਲਿਖਦੇ ਹਨ, ਕਿ ਜੇ ਕੋਈ ਰਾਣੀ ਭੀ ਰਾਜ ਭਾਗ ਮਾਇਆ, ਦੌਲਤ ਆਦਿ ਦਾ ਲਾਲਚ ਦੇਵੇ ਤਾਂ ਧਰਮ 'ਚ ਦ੍ਰਿੜ ਪ੍ਰਪੱਕ ਰਹਿਣਾ, ਕਦੇ ਭੁੱਲ ਕੇ ਭੀ ਗੁਰਸਿੱਖੀ ਨਹੀਂ ਤਿਆਗਣੀ:- ੧੬੭

੧੩੪. ਅਮਰ ਸ਼ਹੀਦ ਗੁਰਮੁਖਿ ਭਾਈ ਪ੍ਰਹਲਾਦ ਸਿੰਘ ਜੀ ਦੀ ਬਹਾਦਰੀ:- ੧੬੮

੧੩੫. ਇੱਕ ਪੂਰਨ ਸਿਦਕ ਵਾਲੀ ਗੁਰਮੁਖਿ ਮਾਤਾ ਜੀ:- ੧੬੯

੧੩੬. ਸਰਦਾਰ ਬਘੇਲ ਸਿੰਘ ਜੀ ਤੇ ਸਿੰਘਾਂ ਦੀ ਉੱਚੇ ਇਖ਼ਲਾਕ ਦੀ ਸਾਖੀ:- ੧੬੯

੧੩੭. ਕਿੱਕਰ ਸਿੰਘ ਦੀ ਸਾਖੀ:- ੧੭੦

੧੩੮. ਵਾਰ ਮਾਝ ਕੀ ਤਥਾ ਸਲੋਕ ਮਹਲਾ ੧; ਮਲਕ ਮੁਰੀਦ. ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ. ਗਾਵਣੀ॥ ੧੭੧

੧੩੯. ਸਾਖੀ ਰਾਇ ਕਮਾਲਦੀ, ਮੋਜਦੀ ਦੀ:- ੧੭੨

੧੪੦. ਸਾਖੀ ਟੁੰਡੇ ਅਸਰਾਜੇ ਦੀ:- ਆਸਾ ਮਹਲਾ ੧॥ ਵਾਰ ਸਲੋਕਾ ਨਾਲਿ, ਸਲੋਕ ਭੀ ਮਹਲੇ ਪਹਿਲੇ ਕੇ ਲਿਖੇ; ਟੁੰਡੇ ਅਸਰਾਜੈ ਕੀ ਧੁਨੀ॥ ੧੭੩

ਪਹਿਲੀ ਸਾਖੀ:- ੧੭੩

ਦੂਜੀ ਸਾਖੀ:- ੧੭੩

੧੪੧. ਸਾਖੀ ਸਿਕੰਦਰ ਬਿਰਾਹਿਮ ਦੀ:- ੧੭੭

ਧੰਨ ਅਕਾਲਪੁਰਖੁ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਨੇ ਤਨਖ਼ਾਹ ਨਾਮੇ ਵਿੱਚ ਧੀ ਭੈਣ ਵੱਲ ਬੁਰੀ ਨਿਗ੍ਹਾ ਨਾਲ ਦੇਖਣ ਦਾ ਫ਼ਲ ਦੱਸਦੇ ਹਨ: ੧੭੮

੧੪੨. ਸਾਖੀ ਲਲਾਂ ਬਹਲੀਮਾ ਦੀ:- ੧੭੮

੧੪੩. ਰਾਜੇ ਪੂਰਬਾਣੀ ਦੇ ਸਪੁੱਤ੍ਰ ਜੋਧੈ ਤੇ ਵੀਰੈ ਦੀ ਸਾਖੀ- ੧ੴਸਿਤਗੁਰ ਪ੍ਰਸਾਦਿ॥ ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥ ੧੭੯

੧੪੪. ਸਾਖੀ ਰਾਇ ਮਹਮੇ ਹਸਨੇ ਦੀ:- ਸਾਰੰਗ ਕੀ ਵਾਰ ਮਹਲਾ ੪. ਰਾਇ ਮਹਮੇ ਹਸਨੇ ਕੀ ਧੁਨਿ; ੧ੴ ਸਿਤਗੁਰ ਪ੍ਰਸਾਦਿ॥ ੧੮੦

੧੪੫. ਸਾਖੀ ਰਾਣੇ ਕੈਲਾਸ ਤੇ ਮਾਲਦੇ ਦੀ:- ਵਾਰ ਮਲਾਰ ਕੀ ਮਹਲਾ ੧; ਰਾਣੇ ਕੈਲਾਸ. ਤਥਾ ਮਾਲਦੇ ਕੀ, ਧੁਨਿ॥ ੧ੴਸਿਤਿਗੁਰ ਪ੍ਰਸਾਦਿ॥ ੧੮੦

੧੪੬. ਸਾਖੀ ਮੂਸੇ ਦੀ:- ਕਾਨੜੇ ਕੀ ਵਾਰ ਮਹਲਾ ੪, ਮੂਸੇ ਕੀ ਵਾਰ ਕੀ, ਧੁਨੀ ੧ੴਸਿਤਿਗੁਰ ਪ੍ਰਸਾਦਿ॥ ੧੮੧

ਪ੍ਰਸੰਗ ੯- ਚਰਿੱਤ੍ਰੋਪਖਿਆਨ ੧੮੧

੧੪੭. ਉਥਾਨਕਾ ਚਰਿਤ੍ਰੋਪਖਯਾਨ:- ਸਾਕਤ, ਗਿਰੇ ਇਖ਼ਲਾਕ ਨਰ ਨਾਰੀਆਂ ਤੋਂ ਸੁਚੇਤ ਕਰਨ ਲਈ, ਸ੍ਰਬੰਸ ਦਾਨੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਦੂਜੇ ਚੱਲਿਤਰ ਵਿੱਚ ਫ਼ੁਰਮਾਉਂਦੇ ਹਨ:- ੧੮੧

੧੪੮. ਚਲਿੱਤਰ ੧੧:- ੧੮੨

੧੪੯. ਚਲਿੱਤਰ ੧੮ ਅਨੁਰਾਗਮਤੀ:- ੧੮੩

ਵਾਹਿਗੁਰੂ॥ ਵੇਸਵਾ ਦੇ ਤਿਆਗ ਦੇ ਮਹਾਂਪੁਰਖਾਂ ਦੇ ਹੇਠਾਂ ਲਿਖੇ ਅਮੋਲਕ ਬਚਨ, ਆਪਣੇ ਬੱਚਿਆਂ ਨੂੰ ਚੇਤੇ ਕਰਾਉ:- ੧੮੩

੧੫੦. ਚਰਿਤ੍ਰ ੩੨ ਰਸ ਮੰਜਰੀ:- ੧੮੪

੧੫੧. ਚਲਿੱਤਰ ੪੦, ਅੜਬ ਜਨਾਨੀ ਬਾਰੇ ਲਿਖਦੇ ਹਨ:- ੧੮੪

੧੫੨. ਚਲਿੱਤਰ ੪੨ ਰੁਸਤਮ ਕਲਾ:- ੧੮੫

੧੫੩. ਚਲਿੱਤਰ ੧੮੪ ਕ੍ਰੀਚਕ ਤੇ ਭੀਮ:- ੧੮੬

ਪ੍ਰਸੰਗ ੧੦- ਫ਼ੈਸ਼ਨ ਅੱਗ ਹੈ! ੧੮੬

੧੫੪. ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ੧੮੬

੧੫੫. ਬਾਬਾ; ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥ ੧੮੬

੧੫੬. ਬਿਨੁ ਪਿਰ. ਧਨ ਸੀਗਾਰੀਐ; ਜੋਬਨੁ ਬਾਦਿ ਖੁਆਰੁ॥ ੧੮੭

੧੫੭. (ਪਹਿਰ-ਹਿ) ਮਃ ੫॥ ਵਾਊ ਸੰਦੇ ਕਪੜੇ; ਪਹਿਰਹਿ ਗਰਬਿ ਗਵਾਰ॥ ੧੮੭

੧੫੮. ਪਿਰ ਬਿਨੁ; ਕਿਆ ਤਿਸੁ ਧਨ ਸੀਗਾਰਾ॥ ੧੮੭

੧੫੯. ਅਨਿਕ ਬਸਤ੍ਰ; ਸੁੰਦਰ ਪਹਿਰਾਇਆ॥ ੧੮੮

| | |
|---|---|
| ੧੬੦. ਲੱਖ- ਲਖ ਟਕਿਆ ਕੇ ਮੁੰਦੜੇ; ਲਖ ਟਕਿਆ ਕੇ ਹਾਰ॥ ਪਾਈ-ਅਹਿ- ਜਿਤੁ ਤਨਿ ਪਾਈਅਹਿ ਨਾਨਕਾ; ਸੇ ਤਨ ਹੋਵਹਿ ਛਾਰ॥ | ੧੮੮ |
| ੧੬੧. ਪੈਨ੍ਣਾ- ਪੈਨਣਾ ਰਖੁ ਪਤਿ ਪਰਮੇਸੁਰ; ਫਿਰਿ ਨਾਗੇ. ਨਹੀ ਥੀਵਨਾ॥੩॥ | ੧੮੮ |
| ੧੬੨. ਕੁਆਰ ਕੰਨਿਆ; ਜੈਸੇ ਕਰਤ ਸੀਗਾਰਾ॥ | ੧੮੯ |
| ੧੬੩. ਸਾਹੜੀ ਪਾਉਣੀ ਗੁਰਮੁਤਿ ਦੇ ਉਲਟ ਹੈ:- | ੧੮੯ |
| ੧੬੪. ਗੁਰਮੁਖੀ ਬਾਣੇ ਦੀ ਮਹਾਨ ਮਹਾਨਤਾ:- | ੧੯੦ |
| ੧੬੫. ਨੰਗੇ ਸਿਰ ਕਦੇ ਭੀ ਨਹੀਂ ਰਹਿਣਾ, ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਮੋਲਕ ਹੁਕਮ ਮੰਨ ਕੇ ਖ਼ੁਸ਼ੀਆਂ ਪ੍ਰਾਪਤ ਕਰੋ ਜੀ:- | ੧੯੦ |
| ਪ੍ਰਸੰਗ ੧੧- ਗੁਰਮੁਖਿ ਸਿੱਖਿਆ | ੧੯੧ |
| ੧੬੬. ਇਖ਼ਲਾਕ ਦੀ ਸ਼ੁਭ ਸਿੱਖਿਆ, ਪ੍ਰੇਮ ਬੇਨਤੀਆਂ:- | ੧੯੧ |
| ੧੬੭. ਛਹਲਿਦ ਘਰੋਮਨਿਗ:- | ੧੯੨ |
| ੧੬੮. ਪਤੀਵ੍ਰਤਾ ਮਾਤਾ ਸੁਮਿੱਤ੍ਰਾ ਜੀ ਨੇ ਅਪਣੇ ਸਪੁੱਤ੍ਰ ਸ੍ਰੀ ਲਛਮਨ ਜੀ ਨੂੰ ਸ਼ੁਭ ਸੱਚੀ ਸਿੱਖਿਆ ਦੇਣੀ:- | ੧੯੪ |
| ੧੬੯. ਮਾਨਸਿਕ ਰੋਗਾਂ ਦੀ ਨਿਵਿਰਤੀ:- | ੧੯੪ |
| ੧੭੦. ਜੇ ਮਨ ਪਛਤਾਵੇ ਤਾਂ ਇਨ੍ਹਾਂ ਪਵਿੱਤ੍ਰ ਗੁਰਸਬਦਾਂ ਦਾ ਵੱਧ ਤੋਂ ਵੱਧ ਜਾਪ ਅਰਥ ਦੇ ਅਧਾਰ ਕਰਨਾ ਜੀ:- | ੧੯੫ |
| ❖ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ | ੧੯੫ |
| ❖ਸਦਾ ਸਦਾ; ਇਹੁ ਭੂਲਨਹਾਰੁ॥ ਨਾਨਕ; ਰਾਖਨਹਾਰੁ ਅਪਾਰੁ॥੩॥ | ੧੯੬ |
| ❖ਅਸੰਖ ਖਤੇ; ਖਿਨ ਬਖਸਨਹਾਰਾ॥ ਨਾਨਕ ਸਾਹਿਬ; ਸਦਾ ਦਇਆਰਾ॥ | ੧੯੬ |
| ❖ਬਿਨੁ ਬਾਦ ਬਿਰੋਧਹਿ; ਕੋਈ ਨਾਹੀ॥ | ੧੯੬ |
| ੧੭੧. ਟੈਲੀਵੀਜ਼ਨ ਸਿਨਮੇ ਦੀ ਗ਼ਲਤ ਵਰਤੋਂ ਦੇ ਨੁਕਸਾਨ:- | ੧੯੭ |
| ੧੭੨. ਗੁਰਪ੍ਰਸਾਦਿ॥ ਸਤਿਗੁਰੂ ਸਾਹਿਬ ਜੀ ਦੇ ਪਵਿੱਤ੍ਰ ਸਰੂਪ ਵੱਲ ਕਿਸ ਦ੍ਰਿਸਟੀ ਨਾਲ ਤੱਕਣਾ? | ੧੯੮ |
| ੧੭੩. ਈਸਾ ਮਸੀਹ ਜੀ:- | ੨੦੧ |

ਫਰੀਦਾ. ਜੇ ਤੂ ਅਕਲਿ ਲਤੀਫੁ; ਕਾਲੇ. ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥ ੨੦੧

੧੭੪. ਕਈ ਸੋਚਦੇ ਕਿ ਤਰਕ ਦਾ ਜ਼ਖਮ ਨਹੀਂ ਮਿਟਦਾ:- ੨੦੨

੧੭੫. ਅਮੋਲਕ ਜਨਜੀਵਨ ਸਿੱਖਿਆ:- ੨੦੨

ਗੁਰਪ੍ਰਸਾਦਿ॥ ਖ਼ਫੀਖਾਨ ਮੁਸਲਮਾਨ ਨੇ ਸਿੱਖਾਂ ਨਾਲ ਭਾਰੀ ਈਰਖਾ ਕਰਕੇ, ਅਪਣੀ ਪੁਸਤਕ 'ਚ ਸਿੰਘਾਂ ਦੀ ਨਿੰਦਾ ਇਉਂ ਕੀਤੀ ਹੈ:- ੨੦੫

੧੭੬. ਜਾ ਕੀ ਰਹਿਤ ਨਾ ਜਾਣੀਐ; ਗੁਰਮੰਤ੍ਰ ਨਹੀ ਚੀਤ। ਤਾ ਕਾ ਭੋਜਨ ਖਾਈਐ; ਟੂਟੇ ਹਰਿ ਸਿਉ ਪ੍ਰੀਤ। ੨੦੮

ਪ੍ਰਸੰਗ ੧੨- ਸੋਨੇ, ਨਸ਼ੇ ਦੇ ਤਿਆਗ ਦਾ ਉਪਦੇਸ਼ ੨੦੯

੧੭੭. ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਵੱਲੋਂ ਸੋਨਾ ਪਹਿਨਣ ਦੀ ਸਖ਼ਤ ਮਨਾਹੀ:- ੨੦੯

੧੭੮. ਪਰਮਪੂਜਨੀਕ ਸਤਿਗੁਰੂ ਦਸਵੇਂ ਪਾਤਿਸਾਹ ਜੀ ਵੱਲੋਂ ਸੋਨੇ ਦੇ ਤਿਆਗ ਦਾ ਅਸਚਰਜ ਵਿਸਮਾਦ ਕੌਤਕ:- ੨੧੦

੧੭੯. ਪਰਮਪੂਜਨੀਕ ਵਾਹਿਗੁਰੂ ਜੀ ਦਾ ਸੋਨੇ ਦੇ ਤਿਆਗ ਦਾ ਹੋਰ ਕੌਤਕ:- ੨੧੦

੧੮੦. ਖੋਟ ਪਾਉਣ ਦਾ ਹੋਰ ਦ੍ਰਿਸ਼ਟਾਂਤ:- ੨੧੧

੧੮੧. ਸੋਨੇ ਕਰਕੇ ਦੱਛ ਪ੍ਰਜਾਪਤਿ ਦੀ ਮੌਤ:- ੨੧੧

੧੮੨. ਜਿੱਥੇ ਸੋਨਾ ਉੱਥੇ ਕਲਜੁੱਗ ਹੈ:- ੨੧੧

੧੮੩. ਸ਼ਰਾਬ ਦੇ ਤਿਆਗ ਦਾ ਸ਼ੁਭ ਸੱਚਾ ਰੰਗਾਂ ਰੰਗਾਂ ਰੰਗਾਂ ਦਾ ਉਪਦੇਸ਼, ਰਹਿਤਨਾਮੇ:- ੨੧੨

੧੮੪. ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਝੂਠੀ ਸ਼ਰਾਬ ਤਿਆਗਣ ਲਈ ਇਹ ਹੁਕਮ ਕਰਦੇ ਹਨ:- ੨੧੩

੧੮੫. ਵਾਹਿਗੁਰੂ॥ ਸਾਖੀ ਸ਼ਰਾਬੀ ਮਲੂਕੇ ਦੀ ਮੌਤ:- ੨੧੪

੧੮੬. ਗ੍ਰੀਬ ਦਾਸਨਦਾਸੀ ਨਿਮਾਣੀ ਵੱਲੋਂ ਮੁਆਫ਼ੀ:- ੨੧੫



## ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ ਅਜਪਾ ਜਾਪ ਅਨਤਕਲਾਵਾਨ ਸਮਰਪਣ

ਤੇਰੋ ਕੀਆ. ਤੁਝਹਿ ਕਿਆ ਅਰਪਉ; ਅਨੁਸਾਰ ਆਪ ਜੀ ਦਾ ਪੈਦਾ ਕੀਤਾ ਕ੍ਰਿਮ ਦਾਸਨਦਾਸ, ਆਪ ਜੀ ਦੇ, ਅਤਿ ਊਚਾ; ਤਾ ਕਾ ਦਰਬਾਰਾ॥ ਅੰਤੁ ਨਾਹੀ ਕਿਛੁ; ਪਾਰਾਵਾਰਾ॥ ਅਨੁਸਾਰ ਸੱਚੇ ਸੁੱਚੇ ਉੱਚੇ ਦਰ ਦਾ ਸਦਾ ਮੰਗਤਾ ਹੈ, ਇਸ ਲਈ ਇਸ ਨੇ ਸਮਰਪਣ ਕੀ ਕਰਨਾ ਹੈ? ਪਰ ਇਹ ਸਮਰਪਣ ਇਉਂ ਹੈ, ਜਿਵੇਂ ਬਾਗ਼ ਦੇ ਮਾਲਕ ਰਾਜੇ ਦੀ ਪ੍ਰਸੰਨਤਾ ਲੈਣ ਲਈ, ਮਾਲੀ ਨਿਮਾਣਾ ਬਣ ਕੇ, ਫ਼ੁੱਲ ਅਰਪੇ ਡੰਡਉਤ ਕਰੇ, ਆਪ ਕੁੱਝ ਭੀ ਨ ਬਣੇ। ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਨਿਰੰਕਾਰ ਵਾਹਿਗੁਰੂ ਜੀ ਦੇ ਅਵਤਾਰ ਦਸ ਸਤਿਗੁਰੂ ਸਾਹਿਬਾਨ ਜੀ ਹੁਣ ਚਵਰ ਤਖ਼ਤ ਛਤ੍ਰ ਦੇ ਮਾਲਕ ਜੁੱਗੋ ਜੁੱਗ ਅਟੱਲ ਧੁਰ ਕੇ ਬਾਣੀ, ਕਲਜੁੱਗ ਜਹਾਜ਼ ਗੁਰਤਾ ਗੱਦੀ ਬਿਰਾਜਮਾਨ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ) ਅਨਤ ਕਲਾ ਹੋਇ ਠਾਕੁਰੁ ਚੜਿਆ॥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ੁਭ ਸੱਚੀ ਨਿਮ੍ਰਤਾ ਸਹਿਤ ਸਮਰਪਣ ਹੈ ਜੀ। ਤਿਸੁ ਗੁਰ ਕਉ; ਸਿਮਰਉ ਸਾਸਿ ਸਾਸਿ॥ ਗੁਰੁ ਮੇਰੇ ਪ੍ਰਾਣ; ਸਤਿਗੁਰੁ ਮੇਰੀ ਰਾਸਿ॥

ਉਪ੍ਰੋਕਤ ਅਵਸਥਾ ਵਾਲੇ ਨਿਮ੍ਰਤਾ ਹਲੀਮੀ ਗ੍ਰੀਬੀ ਪ੍ਰੇਮ ਇਕਾਗ੍ਰਤਾ ਸ਼ਾਂਤੀ ਧੀਰਜ ਸਿਮਰਨ ਖਿਮਾ ਸਹਿਨਸ਼ੀਲਤਾ ਆਦਿ ਸ਼ੁਭ ਗੁਣਾਂ ਸਹਿਤ, ਸਭ ਦੀ ਚਰਨ ਧੂੜਿ ਬਨਣ ਬਨਾਉਣ ਵਾਲੇ, ਪਰਮਪਵਿੱਤ੍ਰ ਅੰਮ੍ਰਿਤ ਆਦਿ ਗੁਰਬਾਣੀ ਜੀ ਦੇ ਅੱਖਰ ਅੱਖਰ 'ਤੇ ਗੁਰੂ ਭਾਵਨਾ ਧਾਰਨ ਧਰਾਉਣ ਵਾਲੇ, ਸੰਥਾ ਕਥਾ ਕੀਰਤਨ ਸਿੱਖਣ ਸਿਖਾਉਣ ਵਾਲੇ ਸਰਬੱਤ ਪ੍ਰੇਮੀ, ਗੁਰੂ ਪਿਆਰੀ ਗੁਰੂ ਰੂਪ ਸਾਧਸੰਗਤ ਜੀ, ਸਰਬੱਤ ਪਰਮਪੂਜਨੀਕ ਗੁਰੂ ਪੰਥ ਗੁਰਮੁਖਿ ਸੰਤ ਸਰਬੱਤ ਟਕਸਾਲੀ, ਸਮੂਹ ਬ੍ਰਹਮਗਿਆਨੀ ਮਹਾਂਪੁਰਸ਼ਾਂ ਗ੍ਰੰਥੀਆਂ ਗੁਰਸਿੱਖਾਂ ਰਾਗੀਆਂ ਢਾਡੀਆਂ ਨਿਹੰਗ ਸਿੰਘ ਜੱਥੇਬੰਦੀਆਂ ਸਿਰਲੱਥ ਸੂਰਬੀਰ ਬਹਾਦਰ ਯੋਧਿਆਂ ਕਵੀਸ਼ਰਾਂ, ਇਸ ਪੋਥੀ ਦੀ ਸ਼ੁਭ ਸੱਚੀ ਸੇਵਾ ਕਰਨ ਕਰਾਉਣ ਵਾਲੇ, ਲਿਖਣ ਲਿਖਾਉਣ ਛਾਪਣ ਛਪਾਉਣ ਪੜ੍ਹਨ ਪੜ੍ਹਾਉਣ ਵਾਲੇ, ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਪੂਰਨ ਸਤਿਕਾਰ ਪੂਜਨ ਕਰਨ ਕਰਾਉਣ ਵਾਲੇ ਸਮੂਹ ਵੱਡਭਾਗਿਆਂ ਨੂੰ, ਰੋਮ ਰੋਮ ਕਰਕੇ ਪੂਰਨ ਗ੍ਰੀਬੀ ਪ੍ਰੇਮ ਨਿਮ੍ਰਤਾ ਸ਼ਰਧਾ ਸਹਿਤ, ਹਰ ਸਮੇਂ ਬਾਰ ਬਾਰ ਨਮਸਕਾਰਾਂ

ਡੰਡਉਤ ਬੰਦਨਾਂ ਕਰਦਿਆਂ, ਅਨਿਕਬਾਰ ਬਲਿਹਾਰ ਜਾਂਦਿਆਂ, ਚਰਨ ਚੱਟਦਿਆਂ ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤਕਲਾਵਾਨ ਸਮਰਪਣ ਹੈ ਜੀ।

## ਸਮਰਪਣ ਗੁਰਪ੍ਰਸਾਦਿ ਸੰਪੂਰਨੰ॥

ੴਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹ॥
ਗੁਰਪ੍ਰਸਾਦਿ ਅਥ ਸ੍ਰੀ ਗੁਰ ਬਖ਼ਸ਼ਿਸ਼ ਨਿਰਮਲ ਇਖ਼ਲਾਕ ਗ੍ਰੰਥ ਲਿਖਿਅਤੇ।
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥
ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

## ਪ੍ਰਸੰਗ ੧- ਪੋਥੀ ਲਿਖਣ ਦਾ ਕਾਰਨ, ਇਖ਼ਲਾਕ ਦੀ ਅਰਦਾਸ, ਗੁਰਸਬਦ ਜਾਪ।

੧. ਵਾਹਿਗੁਰੂ॥ ਪੋਥੀ ਲਿਖਣ ਦਾ ਕਾਰਨ। ਗੁਰੂ ਸਾਹਿਬ ਜੀ ਦਾ ਮਹਾਂ ਵਿਸਮਾਦ ਪਰਤਾਪ:- ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਰਵਿਦਾਸ ਸਾਹਿਬ ਜੀ ਗ੍ਰੀਬੀ ਨਾਲ ਫ਼ੁਰਮਾ ਰਹੇ ਹਨ:- ਤੁਮ ਕਹੀਅਤਹੌ; ਜਗਤ ਗੁਰ ਸੁਆਮੀ॥ ਹੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਸ੍ਰਬ ਵਿਆਪੀ ਵਾਹਿਗੁਰੂ ਪਾਰਬ੍ਰਹਮ ਕੇ ਗੁਰ ਅਵਤਾਰ, ਗਹਿਰ ਗੰਭੀਰ ਨਿਰਮਲ ਸ੍ਰੀਰੰਗੋ, ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀ! (ਤੁਮ) ਆਪ ਜੀ ਕੋਟਿ ਬ੍ਰਹਮੰਡਾਂ ਦੇ ਜੀਅ ਜੰਤਾਂ, ਜਗਤ, ਬਿਅੰਤ ਖੰਡਾਂ ਬ੍ਰਹਮੰਡਾਂ ਦੇ (ਗੁਰ) ਬ੍ਰਹਮ, ਪ੍ਰਕਾਸ਼ ਹੀ ਪ੍ਰਕਾਸ਼ ਸਰੂਪ, ਪ੍ਰਤਿਪਾਲਕ, ਔਗੁਣਾਂ ਵਿਕਾਰਾਂ ਦੇ ਨਾਸ਼ਕ (ਸੁਆਮੀ) ਮਾਲਕ, ਜਗਤ ਗੁਰੂ ਸਾਹਿਬਾਨ ਜੀ (ਕਹੀਅਤਹੌ) ਕਹੀਦੇ ਹੋਂ ਜੀ। ਯਥਾ:- ਜਾਹਰ ਪੀਰ ਜਗਤੁ ਗੁਰੁ ਬਾਬਾ॥੩॥) ਹਮ ਕਹੀਅਤ; ਕਲਿਜੁਗ ਕੇ ਕਾਮੀ॥੧॥ (ਹਮ) ਦਾਸਨਦਾਸ ਰਵਿਦਾਸ ਚਮਾਰ ਨੂੰ ਕਲਿਜੁਗ (ਕੇ) ਦੇ ਕਾਮੀ (ਕਹੀਅਤ) ਕਹੀਦੇ ਹਾਂ ਜੀ। ਯਥਾ:- ਜਾਤੀ ਓਛਾ ਪਾਤੀ ਓਛਾ; ਓਛਾ ਜਨਮੁ ਹਮਾਰਾ॥ ਰਾਜਾਰਾਮ ਕੀ. ਸੇਵ ਨ ਕੀਨੀ; ਕਹਿ ਰਵਿਦਾਸ ਚਮਾਰਾ॥੩॥੩॥

ਝੜ ਝਖੜ ਓਹਾੜ; ਲਹਰੀ ਵਹਨਿ ਲਖੇ ਸਰੀ॥ ਦੁਨੀਆ 'ਚ ਵਿਕਾਰਾਂ ਦੀਆਂ (ਝੜ) ਝੜੀਆਂ ਲੱਗੀਆਂ ਹਨ, ਵਿਕਾਰਾਂ ਔਗੁਣਾਂ ਦੇ ਝਖੜ ਝੁਲਦੇ ਹਨ, ਵਿਕਾਰਾਂ ਔਗੁਣਾਂ ਦੇ (ਓਹਾੜ) ਹੜ੍ਹ (Flood) ਆਏ ਹਨ, ਸੰਸਾਰ ਰੂਪੀ (ਸਰੀ) ਨਦੀ 'ਚ (ਲਖੇ) ਲੱਖਾਂ ਹੀ ਵਾਸ਼ਨਾ ਰੂਪ (ਲਹਰੀ) ਲਹਿਰਾਂ (ਵਹਨਿ) ਵਗਦੀਆਂ ਹਨ। ਕਲਜੁੱਗੀ ਜੀਆਂ 'ਤੇ ਤਰਸ ਕਰਕੇ ਨਿਰਗੁਨ ਵਾਹਿਗੁਰੂ ਜੀ ਨੇ, ਅਨਤ ਕਲਾ ਹੋਇ; ਠਾਕੁਰੁ ਚੜਿਆ॥ ਪਰਮਪੂਜਨੀਕ ਪੂਰਨ ਸੱਚੇ ਦਸ ਅਵਤਾਰ ਧਾਰ ਕੇ, ਕਲਜੁੱਗੀ ਜੀਆਂ ਦੇ ਵਿਕਾਰਾਂ 'ਚ ਤਪਦੇ ਰਿਦਿਆਂ ਨੂੰ ਸ਼ਾਂਤ ਕਰਨ ਲਈ, ਗਨਿਕਾ ਜੈਸੀਆਂ ਵੇਸ਼ਵਾਵਾਂ ਨੂੰ ਪੂਰਨ ਸੰਤ ਬਨਾਉਣ ਲਈ, ਨਿਰਗੁਨ ਸਰਗੁਨ ਜੀ ਦੀ ਏਕਤਾ ਕਰਾਉਣ ਲਈ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਬਖ਼ਸ਼ਣ ਲਈ, ਪਰਮਪੂਜਨੀਕ ਨਿਰਮਲ ਸੱਚੀ ਸੁੱਚੀ ਉੱਚੀ ਅੰਮ੍ਰਿਤਮਈ, ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਧੁਰ ਕੇ ਗੁਰਬਾਣੀ ਜੀ ਉਚਾਰੇ ਜੀ। ਜੋ ਹੁਣ ਗੁਰਤਾ ਬਿਰਾਜਮਾਨ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 'ਚ, ਗੁਰਮੁਖਿ ਕੋਟਿ ਉਧਾਰਦਾ ਭਾਈ; ਦੇ ਨਾਵੈ ਏਕ ਕਣੀ॥ ਅਨੁਸਾਰ ਹਰ ਸਮੇਂ ਇੱਕ ਗੁਰਮੁਖਿ ਅੰਮ੍ਰਿਤ ਨਾਮ ਦੀ (ਕਣੀ) ਵਰਖਾ ਕਰਕੇ, ਨਾਮ ਜਪਾ ਕੇ, ਅਨੰਤ ਬ੍ਰਹਮੰਡਾਂ 'ਚ, ਅਨੰਤ ਜੀਆਂ ਨੂੰ ਹਰ ਸਮੇਂ ਉਧਾਰ

ਤ੍ਰਿਪਤ ਕਰ ਰਹੇ ਹਨ ਜੀ। ਯਥਾ:- ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਜੀਵਾਂ ਦੇ ਅੰਦਰ ਅਗਿਆਨ ਦਾ ਅੰਧੇਰਾ ਚੁੱਕ ਕੇ ਬ੍ਰਹਮਗਿਆਨ, ਗੁਰਬਾਣੀ, ਨਿਰਗੁਨ ਨਿਰੰਕਾਰ ਦਾ (ਪ੍ਰਚੰਡ) ਤੇਜ਼ ਇੱਕ ਰਸ ਬੱਝਵਾਂ ਪ੍ਰਕਾਸ਼ ਕਰ ਦਿੰਦੇ ਹਨ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ ਅੰਦਰ ਗੁਰਬਾਣੀ ਜੀ ਬਖ਼ਸ਼ਦੇ ਹਨ ਜੀ। ਯਥਾ:- ਅਗਿਆਨੁ ਅੰਧੇਰਾ ਕਟਿਆ; ਗੁਰ ਗਿਆਨੁ ਪ੍ਰਚੰਡੁ ਬਲਾਇਆ॥

ਗੁਰ ਨਾਲਿ ਤੁਲਿ. ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਂ ਵਿਸਮਾਦ ਕ੍ਰਿਪਾ ਦੁਆਰਾ ਦਾਸਨਦਾਸ ਨੀਚ ਕੀਟ, ਰੂਪ ਹੀਨ, ਬੁਧਿ ਬਲ ਹੀਨੀ; ਨੂੰ ਚੰਗੇ ਗੁਰਮੁਖਿ ਇਖ਼ਲਾਕ, ਜਤ ਸਤ ਦੀ ਸ਼ੁਭ ਸਿੱਖਿਆ ਬਾਰੇ ਲਿਖਣ ਦਾ ਸ਼ੁਭ ਸੱਚਾ ਫੁਰਨਾ ਗੁਰੂ ਸਾਹਿਬ ਜੀ ਨੇ ਬਖ਼ਸ਼ਿਆ। ਕਿ ਧੁਰਾਂ ਦੇ ਬਖ਼ਸ਼ੇ ਅੰਮ੍ਰਿਤਮਈ ਗੁਰਬਾਣੀ ਜੀ ਦਾ ਨਿਰਮਲ ਉਪਦੇਸ਼ ਸਾਰਿਆਂ ਨੂੰ ਮਿਲੇ। ਗੁਰਦੁਆਰੇ, ਹਿੰਦੂ ਮੰਦਰਾਂ, ਮਸੀਤਾਂ, ਚਰਚਾਂ ਆਦਿ ਧਾਰਮਿਕ ਅਸਥਾਨਾਂ ਅਤੇ ਸਕੂਲਾਂ, ਯੂਨੀਵਰਸਿਟੀਆਂ ਤੇ ਹੋਰ ਸਾਂਝੀਆਂ ਜਗ੍ਹਾਂ (common places) 'ਚ ਇਹ ਸਿੱਖਿਆ ਹੋਵੇ। ਮਾਪੇ ਆਪ ਪੜ੍ਹਨ ਤੇ ਅਪਣੇ ਪਿਆਰੇ ਬੱਚਿਆਂ ਨੂੰ ਪੜ੍ਹਾਉਣ। ਜਿਸ ਕਰਕੇ ਅੱਖਾਂ 'ਤੇ ਬੰਨ੍ਹੀ ਪੱਟੀ ਲਹਿ ਜਾਵੇ ਜੀ। ਜਿਵੇਂ ਦਾਸਨਦਾਸ ਨੂੰ ਤੇਈਵੇਂ ਸਾਲ 'ਚ ਪਹਿਲੀ ਵਾਰ, ਅਖੀ ਸੂਤਕੁ ਵੇਖਣਾ; ਪਰ ਤ੍ਰਿਅ. ਪਰ ਧਨ ਰੂਪੁ॥ ਪੜ੍ਹਨ ਤੋਂ ਸਤਿਗੁਰੂ ਸਾਹਿਬ ਜੀ ਤੋਂ ਪਰਾਇਆ ਰੂਪ ਨਾ ਦੇਖਣ ਦੀ ਸਿੱਖਿਆ ਮਿਲੀ ਜੀ। ਇਹ ਸਤਿਗੁਰੂ ਸਾਹਿਬ ਜੀ ਦਾ ਸੱਚਾ ਪਰਉਪਕਾਰ ਹੈ ਜੀ। ਯਥਾ:- ਸਤਿਗੁਰ ਕੀਨੋ ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥

੨. ਵਾਹਿਗੁਰੂ॥ ਸਾਖੀ:- ਹਮ ਨੀਚ ਸੇ. ਊਤਮ ਭਏ; ਹਰਿ ਕੀ ਸਰਣਾਈ॥ ਪਾਥਰੁ ਡੁਬਦਾ. ਕਾਢਿ ਲੀਆ; ਸਾਚੀ ਵਡਿਆਈ॥੪॥ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਮਹਾਂ ਵਿਸਮਾਦ ਕ੍ਰਿਪਾ ਕਰਨੀ:- ਹਮ ਅਵਗੁਣਿ ਭਰੇ. ਏਕੁ ਗੁਣੁ ਨਾਹੀ; ਅੰਮ੍ਰਿਤੁ ਛਾਡਿ. ਬਿਖੈ ਬਿਖੁ ਖਾਈ॥ ਮਾਯਾ ਮੋਹ ਭਰਮ ਪੈ ਭੂਲੇ; ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਦਾਸਨਦਾਸ ਨੀਚ ਕੀਟ ਗ੍ਰੀਬ ਅਵਗੁਣਾਂ ਦਾ ਭਰਿਆ, ਕਲਕੱਤੇ ਵਿਖੇ ਤਕਰੀਬਨ ਤੇਈ ਸਾਲ ਦੀ ਉਮਰ 'ਚ ਟੈਕਸੀ ਚਲਾਉਣ ਦੀ ਧਰਮ ਕਿਰਤ ਕਰਦਾ ਸੀ। ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੇਸਟ ਧਰਮ ਤੋਂ ਅਨਜਾਣ, ਪਰਾਇਆ ਰੂਪ, ਸਿਨਮੇ ਆਦਿ ਦੇਖਦਾ ਸੀ। ਦਾਸਨਦਾਸ ਗੁਰਦੁਆਰੇ ਮੱਥਾ ਟੇਕਣ ਜਾਂਦਾ ਤੇ ਮਿਠਿਆਈ ਦਾ ਪ੍ਰਸ਼ਾਦ ਮਿਲਦਾ। ਇੱਕ ਦਿਨ ਦਾਸਨਦਾਸ ਮੱਥਾ ਟੇਕਣ ਗਿਆ, ਤਾਂ ਅਕਾਲਪੁਰਖੁ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਮਹਾਂ ਵਿਸਮਾਦ ਕ੍ਰਿਪਾ ਕਰਕੇ ਸ਼ੁਭ ਫੁਰਨਾ ਬਖ਼ਸ਼ਿਆ। ਤਾਂ ਸ਼ੁੱਧ ਮਨ ਨੇ ਸੰਕਲਪ ਕੀਤਾ "ਤੈਨੂੰ ਪਤਾ ਸਤਿਗੁਰੂ ਗ੍ਰੰਥ ਸਾਹਿਬ ਜੀ 'ਚ ਕੀ ਉਪਦੇਸ਼ ਲਿਖਿਆ ਹੈ? ਤੇਰੇ ਪੂਰਨ ਗੁਰੂ ਜੀ ਹਨ!" ਤਾਂ ਦੁਕਾਨ ਤੋਂ ਇੱਕ ਅਰਥਾਂ ਸਮੇਤ ਸ੍ਰੀ ਗੁਟਕਾ ਸਾਹਿਬ ਜੀ ਖ੍ਰੀਦੇ। ਪਹਿਲੇ ਦਿਨ ਪਹਿਲੀ ਵਾਰ ਜਦ ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਕੀਤਾ ਤਾਂ ਗ੍ਰੀਬ ਨਿਵਾਜ ਮੇਹਰਵਾਨ ਦੇ ਵਿਸਮਾਦ ਨਿਰਮਲ ਅਣੀਆਲੇ ਤੀਰ ਦਾਸਨਦਾਸ ਦੇ ਰਿਦੇ 'ਚ ਲੱਗੇ। ਯਥਾ:- ਹਰਿ ਪ੍ਰੇਮ ਬਾਣੀ ਮਨੁ ਮਾਰਿਆ; ਅਣੀਆਲੇ ਅਣੀਆ ਰਾਮ ਰਾਜੇ॥ ਜਿਸੁ ਲਾਗੀ. ਪੀਰ ਪਿਰੰਮ ਕੀ; ਸੋ ਜਾਣੈ ਜਰੀਆ॥

ਜਦ ਦਾਸਨਦਾਸ ਨੇ ਨਿਰੰਕਾਰ ਕਰਤਾਰ ਦੇ ਪੂਰਨ ਅਵਤਾਰ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਇਲਾਹੀ ਮਹਾਂ ਮਹਾਂ ਮਹਾਂ ਵਿਸਮਾਦ ਸਲੋਕ ਅਰਥਾਂ ਸਹਿਤ ਪੜ੍ਹਿਆ:- ਅਖੀ ਸੂਤਕੁ ਵੇਖਣਾ; ਪਰ ਤ੍ਰਿਅ. ਪਰ ਧਨ ਰੂਪੁ॥ ਤਾਂ ਮਨ ਵਿੱਚ ਬਹੁਤ ਪਛਤਾਵਾ ਹੋਇਆ। ਇਤਨੇ ਵੱਡੇ ਗੁਰੂ ਸਾਹਿਬ ਜੀ, ਖੰਡ ਬ੍ਰਹਮੰਡ ਦੇ ਮਾਲਕ, ਖੰਡ ਬ੍ਰਹਮੰਡ ਦੇ ਪਾਲਣਹਾਰ, ਨਿਰਗੁਨ ਦੇ ਅਵਤਾਰ, ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਕੀ ਫ਼ੁਰਮਾ ਰਹੇ ਹਨ ਪਰ ਦਾਸਨਦਾਸ ਦਾ ਆਚਾਰ (Moral Character) ਠੀਕ ਨਹੀਂ ਹੈ। ਦਾਸਨਦਾਸ ਬੱਚਾ ਹਮ ਨਿਰਗੁਨੀਆਰ; ਨੀਚ ਅਜਾਨ॥ ਹੈ। ਉਸ ਦਿਨ ਹਰੀ

ਵਾਹਿਗੁਰੂ ਜੀ ਦੀ ਕ੍ਰਿਪਾ ਦੁਆਰਾ ਦਾਸਨਦਾਸ ਨੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਮਿੱਠੇ ਚਰਨਕਮਲਾਂ 'ਚ ਅਰਦਾਸ ਕੀਤੀ "ਤੁਮ ਕਹੀਅਤਹੌਂ; ਜਗਤ ਗੁਰ ਸੁਆਮੀ॥ ਹਮ ਕਹੀਅਤ; ਕਲਿਜੁਗ ਕੇ ਕਾਮੀ॥੧॥ ਹੇ ਜਗਤ ਗੁਰ ਸੁਆਮੀ ਸਤਿਗੁਰੂ ਗ੍ਰੰਥ ਸਾਹਿਬ ਜੀ! ਦਾਸਨਦਾਸ ਕਲਜੁੱਗੀ ਜੀਵ 'ਤੇ ਕ੍ਰਿਪਾ ਕਰਕੇ ਪਰਾਇਆ ਰੂਪ ਦੇਖਣ ਤੋਂ ਬਚਾਉ। ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਆਦਿ ਮੁਖਵਾਕਾਂ 'ਤੇ ਤੁਰਨ ਦਾ ਬਲ ਬਖ਼ਸ਼ੋ ਜੀ। ਅਪਣੇ ਚਰਨਕਮਲਾਂ ਨਾਲ ਲਾਉ ਜੀ।" ਇਉਂ ਦਾਸਨਦਾਸ ਨੇ ਰੋਜ਼ਾਨਾ ਅਰਦਾਸ ਕਰਨੀ।

ਟੈਕਸੀ ਚਲਾਉਂਦਿਆਂ, ਦਾਸਨਦਾਸ ਦੀ ਦ੍ਰਿਸਟੀ ਵਿੱਚ ਜਦ ਕੋਈ ਇਸਤ੍ਰੀ ਆਉਂਦੀ ਤਦ ਸ਼ੁੱਧ ਮਨ ਨੇ ਕਹਿਣਾ "ਰੂਪ ਨਹੀਂ ਦੇਖਣਾ" ਤਾਂ ਨੀਵੀਂ ਪਾ ਲੈਣੀ। ਪਰ ਫਿਰ ਅਸ਼ੁੱਧ ਮਨ ਨੇ ਅਪਣੇ ਪਿੱਛੇ ਲਾ ਕੇ ਦਾਸਨਦਾਸ ਨੂੰ ਰੂਪ ਦੇਖਣ ਲਾ ਲੈਣਾ। 'ਕਰਕੇ ਚੋਰੀ ਦੇਖਣੀ ਪਰ ਗੋਰੀ, ਜਦੋਂ ਹਟਿਆ ਨਾ ਜਾਇ ਤਾਂ ਵਿਛਾਲੀ ਬੋਰੀ। ਮੂਹਦਾ ਪੈ ਕੇ, ਨੱਕ ਨਾਲ ਅਨਿਕ ਵਾਰ ਲਕੀਰਾਂ ਕੱਢੀਆਂ, ਅਰਦਾਸਾਂ ਬੇਨਤੀਆਂ ਕਰੀਆਂ। ਗੁਰੂ ਨਾਨਕਦੇਵ ਸਾਹਿਬ ਜੀ ਦੀ ਬਿਅੰਤ ਵਡਿਆਈ, ਖੰਡ ਬ੍ਰਹਮੰਡ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੂੰ ਜਾਂਦੇ ਹਨ ਗਾਈ, ਸਤਿਗੁਰੂ ਸਾਹਿਬ ਜੀ ਕ੍ਰੋੜਾਂ ਸੂਰਜਾਂ ਚੰਦ੍ਰਮਿਆਂ ਤਾਰਿਆਂ ਨੂੰ ਜਾਂਦੇ ਹਨ ਭਜਾਈ।' "ਹੇ ਮਨ! ਜਦੋਂ ਸਾਰੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀ ਆਗਿਆ ਨੂੰ ਮੰਨਦੇ ਹਨ, ਤੂੰ ਭੀ ਮੰਨ ਕੇ ਨਿਹਾਲ ਹੋ, ਸਤਿਗੁਰੂ ਜੀ ਨੂੰ ਖ਼ੁਸ਼ ਕਰ ਲੈ।" ਤਾਂ ਹਾਰ ਕੇ ਦਾਸਨਦਾਸ ਨੇ ਗਿਰਾਜ 'ਚ ਬੋਰੀ ਵਿਛਾ ਕੇ ਲੰਮੇ ਪੈ ਕੇ ਨੱਕ ਨਾਲ ਲਕੀਰਾਂ ਕੱਢਣੀਆਂ ਅਤੇ ਗੁਰੂ ਗੁਰ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ 'ਚ ਅਰਦਾਸ ਕਰਨੀ "ਹੇ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥ ਪਤਿਤ ਪਾਵਨ ਸਤਿਗੁਰੂ ਸਾਹਿਬ ਜੀਉ! ਦਾਸਨਦਾਸ ਸਦਾ ਭੁੱਲਣਹਾਰ ਅਕ੍ਰਿਤਘਣ ਕੂਕਰ ਨੂੰ ਬਖ਼ਸ਼ ਲਵੋ ਜੀ। ਦਾਸਨਦਾਸ ਨੂੰ ਬਲ ਬਖ਼ਸ਼ੋ, ਪਰਾਇਆ ਰੂਪ ਦੇਖਣ ਤੋਂ ਬਚਾਉ ਜੀ!" ਇਉਂ ਸ਼ੁੱਧ ਤੇ ਅਸ਼ੁੱਧ ਮਨ ਦਾ ਜੰਗ ਦਿਨ ਰਾਤ ਜਾਰੀ ਰਹਿੰਦਾ। ਯਥਾ:-
ਖਾਲਸਾ ਸੋਈ; ਜੋ ਕਰੈ ਨਿਤ ਜੰਗ॥੨੯॥

ਦਾਸਨਦਾਸ ਅਰਦਾਸ ਕਰਦਾ ਰਹਿੰਦਾ ਅਤੇ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਬਲ ਤੇ ਉੱਦਮ ਬਖ਼ਸ਼ਦੇ ਰਹਿੰਦੇ। ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੀ ਮਹਾਂ ਵਿਸਮਾਦ ਨਿਰਮਲ ਕ੍ਰਿਪਾ ਵਰਤੀ ਤੇ ਦਾਸਨਦਾਸ ਦਾ ਜੀਵਨ ਸਤਿਗੁਰੂ ਸਾਹਿਬ ਜੀ ਨੇ ਬਦਲ ਦਿਤਾ। ਦਾਸਨਦਾਸ ਤੋਂ ਸਤਿਗੁਰੂ ਸਾਹਿਬ ਜੀ ਰੋਜ਼ਾਨਾ ਦੋ ਨਿਰੰਕਾਰ ਸਰੂਪ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਾਉਣ ਲੱਗ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦਾ ਅੰਮ੍ਰਿਤਮਈ ਪਾਠ ਕਰਦਿਆਂ ਜਦੋਂ ਇਹ ਤੁਕਾਂ ਆਉਂਦੀਆਂ ਸਨ, ਕਬਹੂ; ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ; ਬਹੁਰਿ ਨ ਆਵੈ॥ ਅਤੇ, ਲਾਦਿ ਖੇਪ; ਸੰਤਹ ਸੰਗਿ ਚਾਲੁ॥ ਅਵਰ ਤਿਆਗਿ; ਬਿਖਿਆ ਜੰਜਾਲ॥ ਤਾਂ ਪੜ੍ਹਦਿਆਂ ਮਨ 'ਚ ਸੋਚਦਾ "ਹੇ ਮਨਾ! ਤੂੰ ਰੋਜ਼ ਇਹ ਪੰਗਤੀਆਂ ਦੋ ਵਾਰੀ ਪੜ੍ਹਦਾ ਹੈਂ, ਸਾਧਸੰਗਤ 'ਚ ਕਿਉਂ ਨਹੀਂ ਜਾਂਦਾ?" ਸਤਿਗੁਰੂ ਸਾਹਿਬ ਜੀ ਦੀ ਅਪਾਰ ਪ੍ਰੇਰਨਾ ਨਾਲ ਦਾਸਨਦਾਸ ਪਿੰਡ ਮਦੋਕੇ ਗੁਰਦੁਆਰਾ ਸ੍ਰੀ ਗੁਰਸਰ, ਪਾਤਿਸਾਹੀ ਛੇਵੀਂ ਵਿਖੇ ਆਇਆ। ਉਥੇ ਗੁਰਮੁਖਿ ਮਹਾਂਪੁਰਸ਼ ਸੰਤ ਕਰਤਾਰ ਸਿੰਘ ਜੀ ਖ਼ਾਲਸਾ, ਸੰਤ ਪ੍ਰੀਤਮ ਸਿੰਘ ਜੀ ਲਿਖਾਰੀ ਖ਼ਾਲਸਾ, ਸੰਤ ਵੈਦ ਨਿਰੰਜਨ ਸਿੰਘ ਜੀ ਖ਼ਾਲਸਾ, ਸੰਤ ਤ੍ਰਿਲੋਕ ਸਿੰਘ ਜੀ ਜਰਨੈਲ ਖ਼ਾਲਸਾ, ਪ੍ਰੇਮੀ ਕਰਤਾਰ ਸਿੰਘ ਜੀ ਲੰਙੇਆਣਾ ਖ਼ਾਲਸਾ (ਜਿਨ੍ਹਾਂ ਨੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਠਾਰਾਂ ਵਾਰੀ ਵੱਡੇ ਮਹਾਂਪੁਰਸ਼ਾਂ ਨੂੰ ਸੁਣਾ ਕੇ ਸੰਥਾ ਕੀਤੀ, ਤੇ ਜਥੇ 'ਚ ਗੁਰਬਾਣੀ ਸੰਥਾ ਕਰਾਉਣ ਲੱਗੇ) ਆਦਿ ਪੰਜ ਪਿਆਰਿਆਂ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਨਾਮ ਜਸਵੰਤ ਸਿੰਘ ਰੱਖ ਦਿਤਾ। ਤਦ ਦਾਸਨਦਾਸ ਇੱਕ ਦਿਨ ਅੰਮ੍ਰਿਤ ਵੇਲੇ ਘਰੋਂ ਚੋਰੀ ਠੁੱਲੀਵਾਲ ਗੁਰਦੁਆਰਾ ਜੰਡਸਰ ਸਾਹਿਬ ਪਾ: ਦਸਵੀਂ ਵਿਖੇ ਪਰਮਪੂਜਨੀਕ ਖੰਡਾਂ ਬ੍ਰਹਮੰਡਾਂ ਦੀ

ਉਤਪਤੀ, ਪਾਲਣਾ ਲੈਅਤਾ ਕਰਨ ਵਾਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਸ਼ਰਨ 'ਚ ਗਿਆ।

ਉਥੇ ਪਹੁੰਚਦਿਆਂ ਸਾਰ ਦਾਸਨਦਾਸ ਨੇ ਬ੍ਰਹਮ ਰਤਨਾਗਰ ਪੂਰਨ ਬ੍ਰਹਮਗਿਆਨੀ, ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ, ਬਾਹਰ ਮੰਜੇ 'ਤੇ ਸੁਭਾਇਮਾਨ, ਸਿਮਰਨ 'ਚ ਲੀਣ ਦਰਸ਼ਨ ਕੀਤੇ। ਸੰਤ ਮਹਾਂਪੁਰਸ਼ ਇੱਕ ਸੌ ਇੱਕ ਅਖੰਡ ਪਾਠ ਜੱਥੇ ਸਮੇਤ ਕਰ ਰਹੇ ਸਨ। ਜਾਂਦਿਆਂ ਸਾਰ ਪੂਰਨ ਬ੍ਰਹਮਗਿਆਨੀ ਸੰਤ ਮਹਾਂਪੁਰਸ਼ਾਂ ਜੀ ਨੇ, ਮੇਹਰ ਦੀ ਦ੍ਰਿਸਟੀ ਪਾ ਕੇ ਸ਼ੁਭ ਵਰ ਬਖ਼ਸ਼ਿਆ "ਆ ਗਿਆ ਲਾਲ!" ਯਥਾ:- ਭਗਤ ਤੇਰੇ ਦਇਆਲ; ਓਨ੍ਾ ਮਿਹਰ ਪਾਇ॥ ਇਉਂ ਸੰਤ ਜੀ ਨੇ ਕ੍ਰਿਪਾ ਕਰਕੇ ਜੱਥੇ 'ਚ ਸ਼ਾਮਲ ਕਰ ਲਿਆ। ਪੂਰੇ ਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਸ਼ਰਨ 'ਚ ਰਹਿੰਦਿਆਂ, ਸਤਿਗੁਰੂ ਸਾਹਿਬ ਜੀ ਨੇ ਪੰਤਾਲੀ ਦਿਨਾਂ 'ਚ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਬਖ਼ਸ਼ ਦਿਤਾ ਜੀ। ਅਨਿਕ ਅਸੰਖ ਵਾਰੀ ਧੰਨ ਗੁਰੂ ਗ੍ਰੰਥ ਸਾਹਿਬ ਜੀ, ਧੰਨ ਸਤਸੰਗਤ ਜੀ ਨੂੰ ਨਮਸਕਾਰਾਂ ਦਾਸਨਦਾਸੀ ਕਰਦੀ ਹੈ ਜੀ, ਸਦਾ ਮੁਆਫ਼ੀਆਂ ਮੰਗਦੀ ਹੈ ਜੀ।

ਪ੍ਰੇਮ ਬਿਨੈ:- ਘਾਲ ਸਿਆਣਪ ਉਕਤਿ ਨ ਮੇਰੀ; ਪੂਰੈ ਗੁਰੂ ਕਮਾਈ॥੧੨॥) ਉਕਤਿ ਸਿਆਨਪ ਕਛੂ ਨਹੀ; ਨਾਹੀ ਕਛੁ ਘਾਲ॥) ਜਪ ਹੀਨ. ਤਪ ਹੀਨ. ਕੁਲ ਹੀਨ. ਕ੍ਰਮ ਹੀਨ; ਦਾਸਨਦਾਸ 'ਤੇ ਸਤਿਗੁਰੂ ਸਾਹਿਬ ਜੀ ਨੇ ਮਹਾਂ ਵਿਸਮਾਦ ਸ੍ਰਬ ਵਿਆਪੀ ਕ੍ਰਿਪਾ ਹੀ ਕ੍ਰਿਪਾ ਕਰਕੇ ਅਗਨ ਸਾਗਰ ਤੋਂ ਬਾਂਹੋਂ ਫੜ੍ਹ ਕੇ ਬਚਾਅ ਲਿਆ। ਯਥਾ:- ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥ ਤਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥ ਹੇ ਮਿਹਰਵਾਨ ਭਗਵਾਨ ਸਤਿਗੁਰੂ ਗ੍ਰੰਥ ਸਾਹਿਬ ਜੀ! ਆਪ ਜੀ ਕ੍ਰਿਪਾ ਕਰਕੇ ਦਾਸਨਦਾਸ ਅਤੇ ਸਮੂਹ ਸਤਿਸੰਗਤ ਜੀ ਨੂੰ ਅਪਣੇ ਚਰਨਕਮਲਾਂ ਨਾਲ ਜੋੜ ਕੇ, ਵਿਕਾਰਾਂ ਦੀ ਅੱਗ ਤੋਂ ਸਦਾ ਲਈ ਬਚਾਅ ਕੇ ਰੱਖੋ ਜੀ ਰਾਮ ਜੀ। ਯਥਾ:- ਹਮ ਅਵਗੁਣਿ ਭਰੇ. ਏਕੁ ਗੁਣੁ ਨਾਹੀ; ਅੰਮ੍ਰਿਤੁ ਛਾਡਿ. ਬਿਖੈ ਬਿਖੁ ਖਾਈ॥ ਮਾਯਾ ਮੋਹ ਭਰਮ ਪੈ ਭੂਲੇ; ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ; ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ ਅਰਦਾਸਿ, ਭਾਟ ਕੀਰਤਿ ਕੀ; ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥

**੩. ਵਾਹਿਗੁਰੂ॥ ਗੁਰਮੁਖਿ ਇਖ਼ਲਾਕ ਅਤੇ ਰੱਖਿਆ ਲਈ ਇਹ ਅਰਦਾਸ ਕਰਨੀ ਜੀ:-** ਪਰਮਪੂਜਨੀਕ ਗੁਰੂ ਗੁਰ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜਾਂ ਜੇ ਪਾਵਨ ਪਵਿੱਤ੍ਰ ਸਰੂਪ ਨਾ ਪ੍ਰਾਪਤ ਹੋਵੇ ਉਥੇ ਸ੍ਰੀ ਗੁਟਕੇ ਸਾਹਿਬ ਜੀ ਸਿਰ 'ਤੇ ਸਿਜਾਅ ਕੇ ਅਰਦਾਸ ਕਰਨੀ ਜੀ। ਇਹ ਨਿਤ ਭੀ ਦੋ ਵੇਲੇ ਦੀ ਅਰਦਾਸ ਨਾਲ ਕਰਨੀ ਜੀ ਪਿਆਰੇ।

ਹੇ ਨਿਮਾਣਿਆਂ ਦੇ ਮਾਣ! ਨਿਤਾਣਿਆਂ ਦੇ ਤਾਣ! ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਸਰੂਪ, ਸਤਿਗੁਰੂ ਪ੍ਰਭੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲਪੁਰਖੁ ਵਾਹਿਗੁਰੂ ਗ੍ਰੀਬ ਨਿਵਾਜ ਸੱਚੇ ਪਾਤਿਸਾਹ ਜੀਓ! ਤੁਮ ਕਹੀਅਤਹੌਂ; ਜਗਤ ਗੁਰ ਸੁਆਮੀ॥ ਹਮ ਕਹੀਅਤ; ਕਲਿਜੁਗ ਕੇ ਕਾਮੀ॥੧॥ ਦਾਸਨਦਾਸ ਨੂੰ ਸ਼ੁਭ ਸੱਚਾ ਉੱਚਾ ਗੁਰਮੁਖਿ ਇਖ਼ਲਾਕ ਬਖ਼ਸ਼ੋ ਜੀ! ਜਿਵੇਂ ਧੰਨ ਧੰਨ ਧੰਨ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਆਪਣੇ ਪਿਆਰੇ ਸਾਹਿਬਜ਼ਾਦੇ ਦਸਵੇਂ ਪਾਤਿਸਾਹ ਜੀ ਤੋਂ ਚੰਗਾ ਇਖ਼ਲਾਕ, ਪਰ ਇਸਤ੍ਰੀ ਦੇ ਤਿਆਗ ਦਾ ਪ੍ਰਣ ਕਰਾਇਆ:- ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ ਨ ਜੈਯਹੁ॥੫੧॥ ਦਾਸਨਦਾਸ ਪ੍ਰਣ ਕਰਦਾ ਹੈ ਕਿ ਵਿਕਾਰੀ ਮੂਵੀਆਂ ਫੋਟੋਆਂ ਆਦਿ, ਪਰ ਤ੍ਰਿਅ ਰੂਪ ਨਹੀਂ ਦੇਖੇਗਾ ਅਤੇ ਪਰ ਘਰ ਨਹੀਂ ਜਾਵੇਗਾ। ਦਾਸਨਦਾਸ ਨੂੰ ਜਤ ਸਤ ਗੁਰਮੁਖਿ ਇਖ਼ਲਾਕ, ਨਾਮ

ਜਪਣ ਜਪਾਉਣ, ਸ਼ੁੱਧ ਸੰਥਾ ਕਰਨ ਕਰਾਉਣ, ਗੁਰਬਾਣੀ ਗਾਉਣ, ਆਪ ਜੀ ਤੇ ਗੁਰਸਿੱਖਾਂ ਦੀ ਸ਼ੁਭ ਸੱਚੀ ਸੇਵਾ ਕਰਨ, ਪ੍ਰੇਮਾ ਭਗਤੀ ਜੁੱਗ ਜੁੱਗ ਕਰਨ ਤੇ ਮਾਨ ਗੁਮਾਨ ਅਉਗੁਣਾਂ ਵਿਕਾਰਾਂ ਦੇ ਤਿਆਗ ਦਾ ਦਾਨ ਬਖ਼ਸ਼ੋ ਜੀ। ਯਥਾ:- ਜਾਚਿਕੁ; ਨਾਮੁ ਜਾਚੈ ਜਾਚੈ॥) ਕਰਤਾ; ਤੂ ਮੇਰਾ ਜਜਮਾਨੁ॥ ਇਕ ਦਖਿਣਾ ਹਉ. ਤੈ ਪਹਿ ਮਾਗਉ; ਦੇਹਿ ਆਪਣਾ ਨਾਮੁ॥੧॥ਰਹਾਉ॥ ਆਪ ਜੀ ਅਪਣੇ ਸ਼ੁਭ ਸੱਚੇ ਦਰਸ਼ਨ ਬਖ਼ਸ਼ੋ, ਸ਼ਹੀਦੀ ਫ਼ੌਜਾਂ ਦਾ ਪਹਿਰਾ ਬਖ਼ਸ਼ੋ। ਦਾਸਨਦਾਸ ਨੂੰ ਕੁਸੰਗਤ ਸਾਕਤਾਂ ਤੋਂ ਬਚਾਅ ਕੇ ਅਪਣੇ ਸੱਚੇ ਮਿੱਠੇ ਚਰਣਕਮਲਾਂ ਨਾਲ ਜੋੜੋ ਜੀ! ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਲਗਾਂ ਅੱਖਰਾਂ ਅਰਥਾਂ ਸਹਿਤ ਨਿਰੰਕਾਰ ਸਰੂਪ ਸੱਚੇ ਅੰਮ੍ਰਿਤ ਗੁਰਬਾਣੀ ਜੀ ਬਖ਼ਸ਼ੋ ਜੀ! ਦਾਸਨਦਾਸ ਗੁਰਬਾਣੀ ਪੜ੍ਹਦਿਆਂ ਇੱਕ ਭੀ ਲਗ ਨਾ ਛੱਡੇ, ਆਪ ਜੀ ਨੂੰ ਨਿਮਖ ਨਿਮਖ ਰੋਮ ਰੋਮ ਕਰਕੇ ਨਮਸਕਾਰਾਂ ਹੀ ਨਮਸਕਾਰਾਂ ਕਰਦਾ ਰਹੇ ਜੀ।

੪. ਵਾਹਿਗੁਰੂ॥ ਵਿਕਾਰਾਂ ਔਗੁਣਾਂ ਦੀ ਨਿਵਿਰਤੀ, ਜਤ ਸਤ ਨਿਰਮਲ ਇਖ਼ਲਾਕ ਦੀ ਪ੍ਰਾਪਤੀ ਲਈ ਲਿਖੇ ਗੁਰਬਾਣੀ ਜੀ, ੧੦੧ ਵਾਰੀ ਜ਼ਰੂਰ ਹੀ ਪੜ੍ਹੋ ਜੀ, ਨਿਤਨੇਮ ਵਾਂਗ ਹਰ ਰੋਜ਼ ਪੜ੍ਹੋ ਜੀ:-

੧.ਵਾਹਿਗੁਰੂ॥ ੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ; ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥

੨.ਵਾਹਿਗੁਰੂ॥ ਜਤੁ ਪਾਹਾਰਾ; ਧੀਰਜੁ ਸੁਨਿਆਰੁ॥ ਅਹਰਣਿ ਮਤਿ; ਵੇਦੁ ਹਥੀਆਰੁ॥ ਭਉ ਖਲਾ; ਅਗਨਿ ਤਪ ਤਾਉ॥ ਭਾਂਡਾ ਭਾਉ; ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ; ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ; ਤਿਨ ਕਾਰ॥ ਨਾਨਕ ਨਦਰੀ; ਨਦਰਿ ਨਿਹਾਲ॥੩੮॥

੩.ਵਾਹਿਗੁਰੂ॥ ਕਬੀਰ. ਜੈਸੀ ਉਪਜੀ ਪੇਡ ਤੇ; ਜਉ ਤੈਸੀ ਨਿਬਹੈ ਓੜਿ॥ ਪੁੱਜਹਿ- ਹੀਰਾ ਕਿਸ ਕਾ ਬਾਪੁਰਾ; ਪੁਜਹਿ ਨ. ਰਤਨ ਕਰੋੜਿ॥੧੫੩॥

੪.ਵਾਹਿਗੁਰੂ॥ ਜੈਤਸਰੀ ਬਾਣੀ ਭਗਤਾ ਕੀ ੧ਓ ਸਤਿਗੁਰ ਪ੍ਰਸਾਦਿ॥ ਨਾਥ; ਕਛੂਅ. ਨ ਜਾਨਉ॥ ਮਨੁ; ਮਾਇਆ ਕੈ ਹਾਥਿ ਬਿਕਾਨਉ॥੧॥ਰਹਾਉ॥ ਤੁਮ ਕਹੀਅਤਹੌ; ਜਗਤ ਗੁਰ ਸੁਆਮੀ॥ ਹਮ ਕਹੀਅਤ; ਕਲਿਜੁਗ ਕੇ ਕਾਮੀ॥੧॥ ਇਨ ਪੰਚਨ; ਮੇਰੋ ਮਨੁ ਜੁ ਬਿਗਾਰਿਓ॥ ਪਲੁ ਪਲੁ ਹਰਿ ਜੀ ਤੇ; ਅੰਤਰੁ ਪਾਰਿਓ॥੨॥ ਜਤ ਦੇਖਉ; ਤਤ ਦੁਖ ਕੀ ਰਾਸੀ॥ ਅਜੌਂ. ਨ ਪਤ੍ਯਾਇ; ਨਿਗਮ ਭਏ ਸਾਖੀ॥੩॥ ਗੋਤਮ ਨਾਰਿ; ਉਮਾਪਤਿ ਸ੍ਵਾਮੀ॥ ਸੀਸੁਧਰਨਿ; ਸਹਸ ਭਗ ਗਾਂਮੀ॥੪॥ ਇਨ ਦੂਤਨ; ਖਲੁ. ਬਧੁ ਕਰਿ ਮਾਰਿਓ॥ ਬਡੋ ਨਿਲਾਜੁ; ਅਜਹੂ. ਨਹੀ ਹਾਰਿਓ॥੫॥ ਕਹਿ ਰਵਿਦਾਸ; ਕਹਾ ਕੈਸੇ ਕੀਜੈ॥ ਬਿਨੁ ਰਘੁਨਾਥ; ਸਰਨਿ. ਕਾ ਕੀ ਲੀਜੈ॥੬॥੧॥

੫.ਵਾਹਿਗੁਰੂ॥ ਮਿਥਿਆ; ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ; ਨਿਰੰਜਨ ਦਰਸ॥ ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤਸੰਗਿ ਹੇਤ॥ ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥ ਗੁਰਪ੍ਰਸਾਦਿ; ਬਿਖਿਆ ਪਰਹਰੈ॥ ਮਨ ਕੀ ਬਾਸਨਾ; ਮਨ ਤੇ ਟਰੈ॥ ਇੰਦ੍ਰੀ ਜਿਤ; ਪੰਚ ਦੋਖ ਤੇ ਰਹਤ॥ ਨਾਨਕ. ਕੋਟਿ ਮਧੇ; ਕੋ ਐਸਾ ਅਪਰਸ॥੧॥

੬.ਵਾਹਿਗੁਰੂ॥ ਕਈ ਕੋਟਿ; ਸਿਧ ਜਤੀ ਜੋਗੀ॥

੭.ਵਾਹਿਗੁਰੂ॥ ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥

੮.ਵਾਹਿਗੁਰੂ॥ ਕਤੰਚ. ਚਪਲ ਮੋਹਨੀ ਰੂਪੰ; ਪੇਖੰਤੇ ਤਿਆਗੰ ਕਰੋਤਿ॥ ਰਹੰਤ ਸੰਗ ਭਗਵਾਨ ਸਿਮਰਣ; ਨਾਨਕ. ਲਬਧੵੰ ਅਚੁਤ ਤਨਹ॥੧॥

੯.ਵਾਹਿਗੁਰੂ॥ ਮਃ ੧॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ; ਪੰਜੇ ਠਗ॥ ਲੱਜ- ਏਨੀ ਠਗੀਂ ਜਗੁ ਠਗਿਆ; ਕਿਨੈ. ਨ ਰਖੀ ਲਜ॥ ਏਨਾ ਠਗਨ੍ਹਿ ਠਗ ਸੇ; ਜਿ ਗੁਰ ਕੀ ਪੈਰੀ ਪਾਹਿ॥ ਨਾਨਕ ਕਰਮਾ ਬਾਹਰੇ; ਹੋਰਿ ਕੇਤੇ ਮੁਠੇ ਜਾਹਿ॥੨॥

੧੦.ਵਾਹਿਗੁਰੂ॥ ਸਲੋਕੁ ਮਃ ੨॥ ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥ ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥ ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥ ਨਾਨਕ. ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ॥੧॥

੧੧.ਵਾਹਿਗੁਰੂ॥ ਮਃ ੫॥ ਕਿਆ ਗਾਲਾਇਓ ਭੂਛ; ਪਰ ਵੇਲਿ. ਨ ਜੋਹੇ, ਕੰਤ ਤੂ॥ ਨਾਨਕ ਫੁਲਾ ਸੰਦੀ ਵਾੜਿ; ਖਿੜਿਆ ਹਭੁ ਸੰਸਾਰੁ ਜਿਉ॥੩॥

੧੨.ਵਾਹਿਗੁਰੂ॥ ਮਿਥਿਆ ਨੇਤ੍ਰ; ਪੇਖਤ ਪਰ ਤ੍ਰਿਅ ਰੂਪਾਦ॥

੧੩.ਵਾਹਿਗੁਰੂ॥ ਪਉੜੀ ੫॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥

੧੪.ਵਾਹਿਗੁਰੂ॥ ਪ੍ਰਭਾਤੀ ਮਹਲਾ ੧ ਦਖਣੀ॥ ਗੋਤਮੁ ਤਪਾ. ਅਹਿਲਿਆ ਇਸਤ੍ਰੀ; ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ; ਤਾ ਮਨਿ ਪਛੋਤਾਇਆ॥੧॥

੧੫.ਵਾਹਿਗੁਰੂ॥ ਆਸਾ ਮਹਲਾ ੫॥ ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ; ਫਿਰਿ. ਬਹੁਰਿ ਬਹੁਰਿ ਪਛੁਤਾਵਹਿ॥੧॥ ਅੰਧੇ ਚੇਤਿ; ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ; ਨੇੜੈ ਆਇਆ॥੧॥ਰਹਾਉ॥ ਪਲਕ ਦ੍ਰਿਸਟਿ ਦੇਖਿ ਭੂਲੋ; ਆਕ ਨੀਮ ਕੋ. ਤੂੰਮਰੁ॥ ਜੈਸਾ ਸੰਗੁ. ਬਿਸੀਅਰ ਸਿਉ ਹੈ ਰੇ; ਤੈਸੋ ਹੀ ਇਹੁ ਪਰ ਗ੍ਰਿਹੁ॥੨॥ ਬੈਰੀ ਕਾਰਣਿ ਪਾਪ ਕਰਤਾ; ਬਸਤੁ ਰਹੀ ਅਮਾਨਾ॥ ਛੋਡਿ ਜਾਹਿ. ਤਿਨ ਹੀ ਸਿਉ ਸੰਗੀ; ਸਾਜਨ ਸਿਉ ਬੈਰਾਨਾ॥੩॥ ਸਗਲ ਸੰਸਾਰੁ. ਇਹੈ ਬਿਧਿ ਬਿਆਪਿਓ; ਸੋ ਉਬਰਿਓ ਜਿਸੁ ਗੁਰੁ ਪੂਰਾ॥ ਕਹੁ ਨਾਨਕ. ਭਵ ਸਾਗਰੁ ਤਰਿਓ; ਭਏ ਪੁਨੀਤ ਸਰੀਰਾ॥੪॥੫॥੧੨੭॥

੧੬.ਵਾਹਿਗੁਰੂ॥ ਮਾਰੂ ਮਹਲਾ ੫॥ ਗੁਪਤੁ ਕਰਤਾ. ਸੰਗਿ ਸੋ ਪ੍ਰਭੁ; ਡਹਕਾਵਏ ਮਨੁਖਾਇ॥ ਬਿਸਾਰਿ ਹਰਿ ਜੀਉ. ਬਿਖੈ ਭੋਗਹਿ; ਤਪਤ ਥੰਮ ਗਲਿ ਲਾਇ॥੧॥ ਰੇ ਨਰ; ਕਾਇ ਪਰ ਗ੍ਰਿਹਿ ਜਾਇ॥ ਕੁਚਲ ਕਠੋਰ ਕਾਮਿ ਗਰਧਭ; ਤੁਮ. ਨਹੀ ਸੁਨਿਓ ਧਰਮਰਾਇ॥੧॥ਰਹਾਉ॥ ਬਿਕਾਰ ਪਾਥਰ. ਗਲਹਿ ਬਾਧੇ; ਨਿੰਦ ਪੋਟ ਸਿਰਾਇ॥ ਮਹਾ ਸਾਗਰੁ ਸਮੁਦੁ ਲੰਘਨਾ; ਪਾਰਿ. ਨ ਪਰਨਾ ਜਾਇ॥੨॥ ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ; ਨੇਤ੍ਰ ਰਖੇ ਫਿਰਾਇ॥ ਸੀਸੁ ਉਠਾਵਨ. ਨ ਕਬਹੂ ਮਿਲਈ; ਮਹਾ ਦੁਤਰ ਮਾਇ॥੩॥ ਸੂਰੁ ਮੁਕਤਾ. ਸਸੀ ਮੁਕਤਾ; ਬ੍ਰਹਮਗਿਆਨੀ ਅਲਿਪਾਇ॥ ਸੁਭਾਵਤ ਜੈਸੇ ਬੈਸੰਤਰ; ਅਲਿਪਤ ਸਦਾ ਨਿਰਮਲਾਇ॥੪॥ ਜਿਸੁ ਕਰਮੁ ਖੁਲਿਆ. ਤਿਸੁ ਲਹਿਆ ਪੜਦਾ; ਜਿਨਿ. ਗੁਰ ਪਹਿ ਮੰਨਿਆ ਸੁਭਾਇ॥ ਗੁਰਿ ਮੰਤ੍ਰੁ ਅਵਖਧੁ. ਨਾਮੁ ਦੀਨਾ; ਜਨ ਨਾਨਕ. ਸੰਕਟ ਜੋਨਿ, ਨ ਪਾਇ॥੫॥੨॥

੧੭.ਵਾਹਿਗੁਰੂ॥ ਗਉੜੀ॥ ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ; ਚਲਤੁ ਰਚਿਓ ਜਗਦੀਸ॥ ਕਾਮ ਸੁਆਇ. ਗਜ ਬਸਿ ਪਰੇ, ਮਨ ਬਉਰਾ ਰੇ; ਅੰਕਸੁ ਸਹਿਓ ਸੀਸ॥੧॥ ਬਿਖੈ ਬਾਚੁ. ਹਰਿ ਰਾਚੁ; ਸਮਝੁ ਮਨ ਬਉਰਾ ਰੇ॥ ਨਿਰਭੈ ਹੋਇ. ਨ ਹਰਿ ਭਜੇ; ਮਨ ਬਉਰਾ ਰੇ, ਗਹਿਓ ਨ. ਰਾਮ ਜਹਾਜੁ॥੧॥ਰਹਾਉ॥ ਮਰਕਟ ਮੁਸਟੀ ਅਨਾਜ ਕੀ. ਮਨ ਬਉਰਾ ਰੇ;

ਲੀਨੀ ਹਾਥੁ ਪਸਾਰਿ॥ ਛੂਟਨ ਕੋ ਸਹਸਾ ਪਰਿਆ. ਮਨ ਬਉਰਾ ਰੇ; ਨਾਚਿਓ ਘਰ ਘਰ ਬਾਰਿ॥੨॥ ਜਿਉ ਨਲਨੀ. ਸੂਅਟਾ ਗਹਿਓ, ਮਨ ਬਉਰਾ ਰੇ; ਮਾਯਾ ਇਹੁ ਬਿਉਹਾਰੁ॥ ਜੈਸਾ ਰੰਗੁ ਕਸੁੰਭ ਕਾ, ਮਨ ਬਉਰਾ ਰੇ; ਤਿਉ ਪਸਰਿਓ ਪਾਸਾਰੁ॥੩॥ ਨਾਵਨ ਕਉ ਤੀਰਥ ਘਨੇ, ਮਨ ਬਉਰਾ ਰੇ; ਪੂਜਨ ਕਉ ਬਹੁ ਦੇਵ॥ ਕਹੁ ਕਬੀਰ. ਛੂਟਨੁ ਨਹੀ, ਮਨ ਬਉਰਾ ਰੇ; ਛੂਟਨੁ. ਹਰਿ ਕੀ ਸੇਵ॥੪॥੧॥੬॥੫੭॥

੧੮.ਵਾਹਿਗੁਰੂ॥ ਹੇ ਕਾਮੰ. ਨਰਕ ਬਿਸ੍ਰਾਮੰ; ਬਹੁ ਜੋਨੀ ਭ੍ਰਮਾਵਣਹ॥ ਚਿਤ ਹਰਣੰ. ਤ੍ਰੈ ਲੋਕ ਗੰਮ੍ਹੰ; ਜਪ ਤਪ ਸੀਲ. ਬਿਦਾਰਣਹ॥ ਅਲਪ ਸੁਖ. ਅਵਿਤ ਚੰਚਲ; ਊਚ ਨੀਚ ਸਮਾਵਣਹ॥ ਤਵ ਭੈ ਬਿਮੁੰਚਿਤ, ਸਾਧਸੰਗਮ; ਓਟ ਨਾਨਕ. ਨਾਰਾਇਣਹ॥੪੬॥

੧੯.ਵਾਹਿਗੁਰੂ॥ ਮਃ ੫॥ ਫਿਰਦੀ ਫਿਰਦੀ ਦਹ ਦਿਸਾ; ਜਲ ਪਰਬਤ ਬਨਰਾਇ॥ ਜਿਥੈ ਡਿਠਾ ਮਿਰਤਕੋ; ਇਲ ਬਹਿਠੀ ਆਇ॥੨॥

੨੦.ਵਾਹਿਗੁਰੂ॥ ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ; ਜਰਾ ਮਰਣੁ ਭਉ. ਵਿਸਰਿ ਗਇਆ॥ ਕੁਟੰਬੁ ਦੇਖਿ ਬਿਗਸਹਿ. ਕਮਲਾ ਜਿਉ; ਪਰ ਘਰਿ ਜੋਹਹਿ. ਕਪਟ ਨਰਾ॥੧॥

੨੧.ਵਾਹਿਗੁਰੂ॥ ਗਉੜੀ ਭੀ ਸੋਰਠਿ ਭੀ॥ ਰੇ ਜੀਅ ਨਿਲਜ; ਲਾਜ ਤੁੋਹਿ ਨਾਹੀ॥ ਹਰਿ ਤਜਿ; ਕਤ ਕਾਹੂ ਕੇ ਜਾਂਹੀ॥੧॥ਰਹਾਉ॥ ਜਾ ਕੋ ਠਾਕੁਰੁ; ਊਚਾ ਹੋਈ॥ ਸੋ ਜਨੁ; ਪਰ ਘਰ ਜਾਤ. ਨ ਸੋਹੀ॥੧॥ ਸੋ ਸਾਹਿਬੁ; ਰਹਿਆ ਭਰਪੂਰਿ॥ ਸਦਾ ਸੰਗਿ; ਨਾਹੀ ਹਰਿ ਦੂਰਿ॥੨॥ ਕਵਲਾ; ਚਰਨ ਸਰਨ ਹੈ ਜਾ ਕੇ॥ ਕਹੁ ਜਨ; ਕਾ ਨਾਹੀ ਘਰ ਤਾ ਕੇ॥੩॥ ਸਭੁ ਕੋਊ ਕਹੈ; ਜਾਸੁ ਕੀ ਬਾਤਾ॥ ਸੋ ਸੰਮ੍ਰਥੁ; ਨਿਜ ਪਤਿ ਹੈ ਦਾਤਾ॥੪॥ ਕਹੈ ਕਬੀਰੁ; ਪੂਰਨ ਜਗ ਸੋਈ॥ ਜਾ ਕੇ ਹਿਰਦੈ; ਅਵਰੁ. ਨ ਹੋਈ॥੫॥੩੮॥

੨੨.ਵਾਹਿਗੁਰੂ॥ ਮਾਝ ਮਹਲਾ ੫॥ ਜਿਥੈ ਨਾਮੁ ਜਪੀਐ; ਪ੍ਰਭ ਪਿਆਰੇ॥ ਸੇ ਅਸਥਲ; ਸੋਇਨ ਚਉਬਾਰੇ॥ ਜਿਥੈ. ਨਾਮੁ ਨ ਜਪੀਐ, ਮੇਰੇ ਗੋਇਦਾ; ਸੇਈ ਨਗਰ ਉਜਾੜੀ ਜੀਉ॥ ਹਰਿ; ਰੁਖੀ ਰੋਟੀ ਖਾਇ ਸਮਾਲੇ॥ ਹਰਿ ਅੰਤਰਿ ਬਾਹਰਿ; ਨਦਰਿ ਨਿਹਾਲੇ॥ ਖਾਇ ਖਾਇ. ਕਰੇ ਬਦਫੈਲੀ; ਜਾਣੁ ਵਿਸੂ ਕੀ ਵਾੜੀ ਜੀਉ॥੨॥ ਸੰਤਾ ਸੇਤੀ; ਰੰਗੁ ਨ ਲਾਏ॥ ਸਾਕਤ ਸੰਗਿ; ਵਿਕਰਮ ਕਮਾਏ॥ ਦੁਲਭ ਦੇਹ ਖੋਈ ਅਗਿਆਨੀ; ਜੜ ਅਪੁਣੀ ਆਪਿ ਉਪਾੜੀ ਜੀਉ॥੩॥ ਤੇਰੀ ਸਰਣਿ; ਮੇਰੇ ਦੀਨ ਦਇਆਲਾ॥ ਸੁਖਸਾਗਰ; ਮੇਰੇ ਗੁਰ ਗੋਪਾਲਾ॥ ਕਰਿ ਕਿਰਪਾ. ਨਾਨਕੁ ਗੁਣ ਗਾਵੈ; ਰਾਖਹੁ ਸਰਮ ਅਸਾੜੀ ਜੀਉ॥੪॥੩੦॥੩੭॥

੨੩.ਵਾਹਿਗੁਰੂ॥ ਧਨਾਸਰੀ ਮਹਲਾ ੫॥ ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥੧॥ ਬਿਖਿਆ ਮਹਿ; ਕਿਨ ਹੀ. ਤ੍ਰਿਪਤਿ ਨ ਪਾਈ॥ ਜਿਉ ਪਾਵਕੁ. ਈਧਨਿ ਨਹੀ ਧ੍ਰਾਪੈ; ਬਿਨੁ ਹਰਿ. ਕਹਾ ਅਘਾਈ॥ਰਹਾਉ॥ ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ; ਤਾ ਕੀ. ਮਿਟੈ ਨ ਭੂਖਾ॥ ਉਦਮੁ ਕਰੈ ਸੁਆਨ ਕੀ ਨਿਆਈ; ਚਾਰੇ ਕੁੰਟਾ ਘੋਖਾ॥੨॥ ਕਾਮਵੰਤ ਕਾਮੀ ਬਹੁ ਨਾਰੀ; ਪਰ ਗ੍ਰਿਹ ਜੋਹ. ਨ ਚੂਕੈ॥ ਦਿਨ ਪ੍ਰਤਿ ਕਰੈ. ਕਰੈ ਪਛੁਤਾਪੈ; ਸੋਗ ਲੋਭ ਮਹਿ ਸੂਕੈ॥੩॥ ਹਰਿ ਹਰਿ ਨਾਮੁ ਅਪਾਰ ਅਮੋਲਾ; ਅੰਮ੍ਰਿਤੁ ਏਕੁ ਨਿਧਾਨਾ॥ ਸੂਖੁ ਸਹਜੁ ਆਨੰਦੁ ਸੰਤਨ ਕੈ; ਨਾਨਕ ਗੁਰ ਤੇ ਜਾਨਾ॥੪॥੬॥

੨੪.ਵਾਹਿਗੁਰੂ॥ ਭੈਰਉ ਮਹਲਾ ੫॥ ਚਿਤਵਤ ਪਾਪ; ਨ ਆਲਕੁ ਆਵੈ॥ ਬੇਸੁਆ ਭਜਤ; ਕਿਛੁ. ਨਹ ਸਰਮਾਵੈ॥ ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ; ਬਜਰ ਸਿਰਿ ਪਰੈ॥੧॥ ਮਾਇਆ ਲਗਿ; ਭੂਲੋ ਸੰਸਾਰੁ॥ ਆਪਿ

ਭੁਲਾਇਆ ਭੁਲਾਵਣਹਾਰੈ; ਰਾਚਿ ਰਹਿਆ ਬਿਰਥਾ ਬਿਉਹਾਰ॥੧॥ਰਹਾਉ॥ ਪੇਖਤ; ਮਾਇਆ ਰੰਗਿ, ਬਿਹਾਇ॥ ਗੜਬੜ ਕਰੈ; ਕਉਡੀ ਰੰਗੁ ਲਾਇ॥ ਅੰਧ ਬਿਉਹਾਰ; ਬੰਧ ਮਨੁ ਧਾਵੈ॥ ਕਰਣੈਹਾਰੁ; ਨ ਜੀਅ ਮਹਿ ਆਵੈ॥੨॥ ਕਰਤ ਕਰਤ ਇਵ ਹੀ ਦੁਖੁ ਪਾਇਆ॥ ਪੂਰਨ ਹੋਤ ਨ; ਕਾਰਜ ਮਾਇਆ॥ ਕਾਮਿ ਕ੍ਰੋਧਿ ਲੋਭਿ ਮਨੁ ਲੀਨਾ॥ ਤੜਫਿ ਮੂਆ; ਜਿਉ ਜਲ ਬਿਨੁ ਮੀਨਾ॥੩॥ ਜਿਸ ਕੇ ਰਾਖੇ; ਹੋਇ ਹਰਿ ਆਪਿ॥ ਹਰਿ ਹਰਿ ਨਾਮੁ; ਸਦਾ ਜਪੁ ਜਾਪਿ॥ ਸਾਧਸੰਗਿ; ਹਰਿ ਕੇ ਗੁਣ ਗਾਇਆ॥ ਨਾਨਕ ਸਤਿਗੁਰੁ ਪੂਰਾ ਪਾਇਆ॥੪॥੧੫॥੨੮॥

੨੫.ਵਾਹਿਗੁਰੂ॥ ਘਰ ਕੀ ਨਾਰਿ; ਤਿਆਗੈ ਅੰਧਾ॥ ਪਰ ਨਾਰੀ ਸਿਉ; ਘਾਲੈ ਧੰਧਾ॥ ਜੈਸੇ ਸਿੰਬਲੁ ਦੇਖਿ; ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ. ਲਪਟਾਨਾ॥੧॥ ਪਾਪੀ ਕਾ ਘਰੁ; ਅਗਨੇ ਮਾਹਿ॥ ਜਲਤ ਰਹੈ; ਮਿਟਵੈ ਕਬ ਨਾਹਿ॥੧॥ਰਹਾਉ॥ ਹਰਿ ਕੀ ਭਗਤਿ; ਨ ਦੇਖੈ ਜਾਇ॥ ਮਾਰਗੁ ਛੋਡਿ; ਅਮਾਰਗਿ ਪਾਇ॥ ਮੂਲਹੁ ਭੂਲਾ; ਆਵੈ ਜਾਇ॥ ਅੰਮ੍ਰਿਤੁ ਡਾਰਿ; ਲਾਦਿ ਬਿਖੁ ਖਾਇ॥੨॥ ਜਿਉ ਬੇਸ੍ਵਾ ਕੇ ਪਰੈ ਅਖਾਰਾ॥ ਕਾਪਰੁ ਪਹਿਰਿ; ਕਰਹਿ ਸੀਗਾਰਾ॥ ਪੂਰੇ ਤਾਲ; ਨਿਹਾਲੇ ਸਾਸ॥ ਵਾ ਕੇ ਗਲੇ; ਜਮ ਕਾ ਹੈ ਫਾਸ॥੩॥ ਜਾ ਕੇ ਮਸਤਕਿ. ਲਿਖਿਓ ਕਰਮਾ॥ ਸੋ ਭਜਿ; ਪਰਿ ਹੈ ਗੁਰ ਕੀ ਸਰਨਾ॥ ਕਹਤ ਨਾਮਦੇਉ; ਇਹੁ ਬੀਚਾਰੁ॥ ਇਨ ਬਿਧਿ; ਸੰਤਹੁ ਉਤਰਹੁ ਪਾਰਿ॥੪॥੨॥੮॥

੨੬.ਵਾਹਿਗੁਰੂ॥ ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥ ਜੋ. ਨ ਭਜੰਤੇ; ਨਾਰਾਇਣਾ॥ ਤਿਨ ਕਾ ਮੈ; ਨ ਕਰਉ ਦਰਸਨਾ॥੧॥ਰਹਾਉ॥ ਜਿਨ ਕੈ ਭੀਤਰਿ; ਹੈ ਅੰਤਰਾ॥ ਜੈਸੇ ਪਸੁ; ਤੈਸੇ ਓਇ ਨਰਾ॥੨॥ ਪ੍ਰਣਵਤਿ ਨਾਮਦੇਉ; ਨਾਕਹਿ ਬਿਨਾ॥ ਨਾ ਸੋਹੈ; ਬਤੀਸ ਲਖਨਾ॥੩॥੨॥

੨੭.ਵਾਹਿਗੁਰੂ॥ ਸਤਿਗੁਰੁ ਸਿਖ ਕੇ; ਬੰਧਨ ਕਾਟੈ॥ ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥

੨੮.ਵਾਹਿਗੁਰੂ॥ ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥

੨੯.ਵਾਹਿਗੁਰੂ॥ ਰੂਪਵੰਤੁ ਹੋਇ; ਨਾਹੀ ਮੋਹੈ॥ ਪ੍ਰਭ ਕੀ ਜੋਤਿ; ਸਗਲ ਘਟ ਸੋਹੈ॥

੩੦.ਵਾਹਿਗੁਰੂ॥ ਮਿਥਿਆ ਚਰਨ; ਪਰ ਬਿਕਾਰ ਕਉ ਧਾਵਹਿ॥

੩੧.ਵਾਹਿਗੁਰੂ॥ ਹਰਿ ਜੂ; ਰਾਖਿ ਲੇਹੁ ਪਤਿ ਮੇਰੀ॥

੩੨.ਵਾਹਿਗੁਰੂ॥ ਦੇਇ ਕਿਵਾੜ ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਣੁ. ਪੜਦਾ ਤੇਰਾ ਢਾਕੈ॥੩॥

੩੩.ਵਾਹਿਗੁਰੂ॥ ਮਾਰੂ ਮਹਲਾ ੫॥ ਸੂਰਤਿ ਦੇਖਿ; ਨ ਭੂਲੁ ਗਵਾਰਾ॥ ਮਿਥਨ ਮੋਹਾਰਾ; ਝੂਠੁ ਪਸਾਰਾ॥ ਜਗ ਮਹਿ ਕੋਈ ਰਹਣੁ. ਨ ਪਾਏ; ਨਿਹਚਲੁ ਏਕੁ ਨਾਰਾਇਣਾ॥੧॥

੩੪.ਵਾਹਿਗੁਰੂ॥ ਸਲੋਕੁ॥ ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ, ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥੧॥

੩੫.ਵਾਹਿਗੁਰੂ॥ ਅਗੈ ਜਾਤਿ ਨ ਜੋਰੁ ਹੈ; ਅਗੈ ਜੀਉ ਨਵੇ॥ ਜਿਨ ਕੀ ਲੇਖੈ ਪਤਿ ਪਵੈ; ਚੰਗੇ ਸੇਈ ਕੇਇ॥੩॥

੩੬.ਵਾਹਿਗੁਰੂ॥ ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥ ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥੧੩੦॥

੩੭.ਵਾਹਿਗੁਰੂ॥ ਜਿਸ ਨੋ ਤੂ ਰਖਵਾਲਾ; ਜਿਤਾ ਤਿਨੈ ਭੈਣੁ॥

੩੮.ਵਾਹਿਗੁਰੂ॥ ਜੇ ਜੁਗ ਚਾਰੇ ਆਰਜਾ; ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ; ਨਾਲਿ ਚਲੈ, ਸਭੁ ਕੋਇ॥ ਚੰਗਾ ਨਾਉ ਰਖਾਇ ਕੈ; ਜਸੁ ਕੀਰਤਿ, ਜਗਿ ਲੇਇ॥ ਜੇ ਤਿਸੁ. ਨਦਰਿ ਨ ਆਵਈ; ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ. ਕੀਟੁ ਕਰਿ; ਦੋਸੀ. ਦੋਸੁ ਧਰੇ॥ ਨਾਨਕ. ਨਿਰਗੁਣਿ ਗੁਣੁ ਕਰੇ; ਗੁਣਵੰਤਿਆ, ਗੁਣੁ ਦੇ॥ ਤੇਹਾ. ਕੋਇ ਨ ਸੁਝਈ; ਜਿ. ਤਿਸੁ ਗੁਣੁ ਕੋਇ ਕਰੇ॥੭॥

੩੯.ਵਾਹਿਗੁਰੂ॥ ਪਰ ਧਨ ਪਰ ਤਨ ਪਰ ਤੀ ਨਿੰਦਾ; ਅਖਾਧਿ ਖਾਹਿ. ਹਰਕਾਇਆ॥ ਸਾਚ ਧਰਮ ਸਿਉ. ਰੁਚਿ ਨਹੀ ਆਵੈ; ਸਤਿ ਸੁਨਤ ਛੋਹਾਇਆ॥੩॥

੪੦.ਵਾਹਿਗੁਰੂ॥ ਸਭੁ ਕੋ ਪੂਰਾ ਆਪੇ ਹੋਵੈ; ਘਟਿ ਨ ਕੋਈ ਆਖੈ॥ ਪਤਿ ਪਰਵਾਣਾ. ਪਿਛੈ ਪਾਈਐ; ਤਾ ਨਾਨਕ. ਤੋਲਿਆ ਜਾਪੈ॥੨॥

੪੧.ਵਾਹਿਗੁਰੂ॥ ਸਚੁ. ਸਭਨਾ ਹੋਇ ਦਾਰੂ; ਪਾਪ ਕਢੈ ਧੋਇ॥ ਨਾਨਕੁ. ਵਖਾਣੈ ਬੇਨਤੀ; ਜਿਨ ਸਚੁ ਪਲੈ ਹੋਇ॥੨॥

੪੨.ਵਾਹਿਗੁਰੂ॥ ਪੂਜ ਲਗੈ. ਪੀਰੁ ਆਖੀਐ; ਸਭੁ ਮਿਲੈ ਸੰਸਾਰੁ॥ ਨਾਉ ਸਦਾਏ ਆਪਣਾ; ਹੋਵੈ ਸਿਧੁ ਸੁਮਾਰੁ॥ ਜਾ ਪਤਿ. ਲੇਖੈ ਨਾ ਪਵੈ; ਸਭਾ ਪੂਜ ਖੁਆਰੁ॥੨॥

੪੩.ਵਾਹਿਗੁਰੂ॥ ੧ਓ ਸਤਿਗੁਰ ਪ੍ਰਸਾਦਿ॥ ਆਸਾ ਘਰੁ ੩ ਮਹਲਾ ੧॥ ਲਖ ਲਸਕਰ. ਲਖ ਵਾਜੇ ਨੇਜੇ; ਲਖ ਉਠਿ ਕਰਹਿ ਸਲਾਮੁ॥ ਲਖਾ ਉਪਰਿ. ਫੁਰਮਾਇਸਿ ਤੇਰੀ; ਲਖ ਉਠਿ. ਰਾਖਹਿ ਮਾਨੁ॥ ਜਾਂ ਪਤਿ. ਲੇਖੈ ਨਾ ਪਵੈ; ਤਾਂ ਸਭਿ ਨਿਰਾਫਲ ਕਾਮ॥੧॥ ਹਰਿ ਕੇ ਨਾਮ ਬਿਨਾ; ਜਗੁ ਧੰਧਾ॥ ਜੇ ਬਹੁਤਾ ਸਮਝਾਈਐ ਭੋਲਾ; ਭੀ ਸੋ ਅੰਧੋ ਅੰਧਾ॥੧॥ਰਹਾਉ॥ ਲਖ ਖਟੀਅਹਿ. ਲਖ ਸੰਜੀਅਹਿ ਖਾਜਹਿ; ਲਖ ਆਵਹਿ. ਲਖ ਜਾਹਿ॥ ਜਾਂ ਪਤਿ. ਲੇਖੈ ਨਾ ਪਵੈ; ਤਾਂ ਜੀਅ ਕਿਥੈ ਫਿਰਿ ਪਾਹਿ॥੨॥ ਲਖ ਸਾਸਤ ਸਮਝਾਵਣੀ; ਲਖ ਪੰਡਿਤ ਪੜਹਿ ਪੁਰਾਣ॥ ਜਾਂ ਪਤਿ ਲੇਖੈ ਨਾ ਪਵੈ; ਤਾਂ ਸਭੇ ਕੁਪਰਵਾਣੁ॥੩॥ ਸਚ ਨਾਮਿ. ਪਤਿ ਊਪਜੈ; ਕਰਮਿ ਨਾਮੁ ਕਰਤਾਰੁ॥ ਅਹਿ ਨਿਸਿ ਹਿਰਦੈ ਜੇ ਵਸੈ; ਨਾਨਕ. ਨਦਰੀ ਪਾਰੁ॥੪॥੧॥੩੧॥

੪੪.ਵਾਹਿਗੁਰੂ॥ ਇਕਿ ਫਿਰਹਿ ਉਦਾਸੀ; ਤਿਨ੍ ਕਾਮਿ ਵਿਆਪੈ॥ ਇਕਿ ਸੰਚਹਿ ਗਿਰਹੀ; ਤਿਨ੍ ਹੋਇ ਨ ਆਪੈ॥ ਇਕਿ ਸਤੀ ਕਹਾਵਹਿ; ਤਿਨ ਬਹੁਤੁ ਕਲਪਾਵੈ॥ ਹਮ. ਹਰਿ ਰਾਖੇ; ਲਗਿ ਸਤਿਗੁਰ ਪਾਵੈ॥੨॥

੪੫.ਵਾਹਿਗੁਰੂ॥ ਅਨੇਕ ਜਤਨ ਕਰੇ; ਇੰਦ੍ਰੀ ਵਸਿ. ਨ ਹੋਈ॥ ਕਾਮਿ ਕਰੋਧਿ; ਜਲੈ ਸਭੁ ਕੋਈ॥ ਸਤਿਗੁਰ ਸੇਵੇ. ਮਨੁ ਵਸਿ ਆਵੈ; ਮਨ ਮਾਰੇ ਮਨਹਿ ਸਮਾਇਦਾ॥੧੫॥

੪੬.ਵਾਹਿਗੁਰੂ॥ ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ. ਰਾਖਿ ਲੇਹੁ; ਆਪਨ ਕਰਿ ਕਰਮ॥੭॥

੪੭.ਵਾਹਿਗੁਰੂ॥ ਸਾਧੂ ਧੂਰਿ ਲਾਈ ਮੁਖਿ ਮਸਤਕਿ; ਕਾਮ ਕ੍ਰੋਧ ਬਿਖੁ ਜਾਰਉ॥ ਸਭ ਤੇ ਨੀਚੁ ਆਤਮ ਕਰਿ ਮਾਨਉ; ਮਨ ਮਹਿ ਇਹੁ ਸੁਖੁ ਧਾਰਉ॥੧॥

੪੮.ਵਾਹਿਗੁਰੂ॥ ਕਾਮ ਕ੍ਰੋਧ ਲੋਭ ਮੋਹ ਅਭਿਮਾਨਾ; ਤਾ ਮਹਿ ਸੁਖੁ. ਨਹੀ ਪਾਈਐ॥ ਹੋਹੁ ਰੇਨ ਤੂ ਸਗਲ ਕੀ. ਮੇਰੇ ਮਨ; ਤਉ ਅਨਦ ਮੰਗਲ ਸੁਖੁ ਪਾਈਐ॥੨॥

੪੯.ਵਾਹਿਗੁਰੂ॥ ਸਚਿ ਸਚੁ ਜਾਣੀਐ; ਇਕ ਚਿਤਹਿ ਲਿਵ ਲਾਵੈ॥ ਕਾਮ ਕ੍ਰੋਧ ਵਸਿ ਕਰੈ; ਪਵਣੁ ਉਡੰਤ. ਨ ਧਾਵੈ॥

੫੦.ਵਾਹਿਗੁਰੂ॥ ਆਪਸ ਕਉ ਦੀਰਘ ਕਰਿ ਜਾਨੈ; ਅਉਰਨ ਕਉ ਲਗ ਮਾਤ॥ ਮਨਸਾ ਬਾਚਾ ਕਰਮਨਾ; ਮੈ ਦੇਖੇ.

ਦੋਜਕ ਜਾਤ॥੨॥ ਕਾਮੀ ਕ੍ਰੋਧੀ ਚਾਤੁਰੀ; ਬਾਜੀਗਰ ਬੇਕਾਮ॥ ਨਿੰਦਾ ਕਰਤੇ ਜਨਮੁ ਸਿਰਾਨੋ; ਕਬਹੂ. ਨ ਸਿਮਰਿਓ ਰਾਮੁ॥੩॥

੫੧.ਵਾਹਿਗੁਰੂ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ; ਸਬਦਿ ਸੰਘਾਰੇ॥ ਗਿਆਨ ਖੜਗੁ ਲੈ. ਮਨ ਸਿਉ ਲੂਝੈ; ਮਨਸਾ ਮਨਹਿ ਸਮਾਈ ਹੇ॥੩॥

੫੨.ਵਾਹਿਗੁਰੂ॥ ਦੂਜੀ ਦੁਰਮਤਿ; ਅੰਨੀ ਬੋਲੀ॥ ਕਾਮ ਕ੍ਰੋਧ ਕੀ; ਕਚੀ ਚੋਲੀ॥ ਘਰਿ ਵਰੁ ਸਹਜੁ. ਨ ਜਾਣੈ ਛੋਹਰਿ; ਬਿਨੁ ਪਿਰ ਨੀਦ. ਨ ਪਾਈ ਹੇ॥੧॥

੫੩.ਵਾਹਿਗੁਰੂ॥ ਕੰਚਨ ਨਾਰੀ ਮਹਿ. ਜੀਉ ਲੁਭਤੁ ਹੈ; ਮੋਹੁ ਮੀਠਾ ਮਾਇਆ॥ ਘਰ ਮੰਦਰ ਘੋੜੇ ਖੁਸੀ; ਮਨੁ ਅਨ ਰਸਿ ਲਾਇਆ॥ ਹਰਿ ਪ੍ਰਭੁ. ਚਿਤਿ ਨ ਆਵਈ; ਕਿਉ ਛੂਟਾ ਮੇਰੇ ਹਰਿ ਰਾਇਆ॥੧॥

੫੪.ਵਾਹਿਗੁਰੂ॥ ਕਲਿ ਕਲਵਾਲੀ ਕਾਮੁ ਮਦੁ; ਮਨੂਆ ਪੀਵਣਹਾਰੁ॥ ਕ੍ਰੋਧ ਕਟੋਰੀ ਮੋਹਿ ਭਰੀ; ਪੀਲਾਵਾ ਅਹੰਕਾਰੁ॥

੫੫.ਵਾਹਿਗੁਰੂ॥ ਪਉੜੀ॥ ਮਾਇਆ ਮੋਹੁ ਪਰੇਤੁ ਹੈ; ਕਾਮੁ ਕ੍ਰੋਧੁ ਅਹੰਕਾਰਾ॥ ਏਹ ਜਮ ਕੀ ਸਿਰ ਕਾਰ ਹੈ; ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥ ਮਨਮੁਖ ਜਮ ਮਗਿ ਪਾਈਅਨਿ੍; ਜਿਨ੍ ਦੂਜਾ ਭਾਉ ਪਿਆਰਾ॥ ਜਮਪੁਰਿ ਬਧੇ ਮਾਰੀਅਨਿ; ਕੋ ਸੁਣੈ ਨ. ਪੂਕਾਰਾ॥ ਜਿਸ ਨੋ ਕ੍ਰਿਪਾ ਕਰੇ. ਤਿਸੁ ਗੁਰੁ ਮਿਲੈ; ਗੁਰਮੁਖਿ ਨਿਸਤਾਰਾ॥੧੨॥

੫੬.ਵਾਹਿਗੁਰੂ॥ ਗੁਰ ਕੇ ਚਰਨਕਮਲ ਨਮਸਕਾਰਿ॥ ਕਾਮੁ ਕ੍ਰੋਧੁ; ਇਸੁ ਤਨ ਤੇ ਮਾਰਿ॥

੫੭.ਵਾਹਿਗੁਰੂ॥ ਅਮਿਅ ਦ੍ਰਿਸਟਿ, ਸੁਭ ਕਰੈ; ਹਰੈ ਅਘ ਪਾਪ, ਸਕਲ ਮਲ॥ ਕਾਮ ਕ੍ਰੋਧ ਅਰੁ ਲੋਭ ਮੋਹ; ਵਸਿ ਕਰੈ ਸਭੈ ਬਲ॥ ਸਦਾ ਸੁਖੁ ਮਨਿ ਵਸੈ; ਦੁਖੁ ਸੰਸਾਰਹ ਖੋਵੈ॥ ਗੁਰੁ. ਨਵ ਨਿਧਿ ਦਰੀਆਉ; ਜਨਮ ਹਮ. ਕਾਲਖ ਧੋਵੈ॥ ਸੁ ਕਹੁ ਟਲ. ਗੁਰੁ ਸੇਵੀਐ; ਅਹਿਨਿਸਿ ਸਹਜਿ ਸੁਭਾਇ॥ ਦਰਸਨਿ ਪਰਸਿਐ ਗੁਰੂ ਕੈ; ਜਨਮ ਮਰਣ ਦੁਖੁ ਜਾਇ॥੧੦॥

੫੮.ਵਾਹਿਗੁਰੂ॥ ਕਾਮ ਕ੍ਰੋਧ ਲੋਭ; ਮਦ ਖੋਏ॥ ਸਾਧ ਕੈ ਸੰਗਿ; ਕਿਲਬਿਖ ਸਭ ਧੋਏ॥੩॥

੫੯.ਵਾਹਿਗੁਰੂ॥ ਕਾਮਿ ਕ੍ਰੋਧਿ ਭਰੇ; ਹਮ ਅਪਰਾਧੀ॥ ਕਿਆ ਮੁਹੁ ਲੈ ਬੋਲਹ; ਨਾ ਹਮ ਗੁਣ. ਨ ਸੇਵਾ ਸਾਧੀ॥ ਡੁਬਦੇ ਪਾਥਰ. ਮੇਲਿ ਲੈਹੁ, ਤੁਮ ਆਪੇ; ਸਾਚੁ ਨਾਮੁ ਅਬਿਨਾਸੀ ਹੇ॥੯॥

੬੦.ਵਾਹਿਗੁਰੂ॥ ਕਾਮਿ ਕ੍ਰੋਧਿ ਲੋਭਿ ਮੋਹਿ. ਮਨੁ ਲੀਨੋ; ਨਿਰਗੁਣ ਕੇ ਦਾਤਾਰੇ॥ ਕਰਿ ਕਿਰਪਾ ਅਪੁਨੋ ਨਾਮੁ ਦੀਜੈ; ਨਾਨਕ ਸਦ ਬਲਿਹਾਰੇ॥੪॥੧॥੧੩੮॥

੬੧.ਵਾਹਿਗੁਰੂ॥ ਕਾਮਿ ਕਰੋਧਿ ਨਗਰੁ ਬਹੁ ਭਰਿਆ; ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ, ਗੁਰੁ ਪਾਇਆ; ਮਨਿ ਹਰਿ ਲਿਵ, ਮੰਡਲ ਮੰਡਾ ਹੇ॥੧॥

੬੨.ਵਾਹਿਗੁਰੂ॥ ਸਬਦਿ ਰਤੇ. ਸੇ ਨਿਰਮਲੇ; ਤਜਿ ਕਾਮ ਕ੍ਰੋਧੁ ਅਹੰਕਾਰੁ॥ ਨਾਮੁ ਸਲਾਹਨਿ ਸਦ ਸਦਾ; ਹਰਿ ਰਾਖਹਿ ਉਰ ਧਾਰਿ॥ ਸੋ ਕਿਉ. ਮਨਹੁ ਵਿਸਾਰੀਐ; ਸਭ ਜੀਆ ਕਾ ਆਧਾਰੁ॥੬॥

੬੩.ਵਾਹਿਗੁਰੂ॥ ਸਾਧੋ; ਮਨ ਕਾ ਮਾਨੁ ਤਿਆਗਉ॥ ਕਾਮ ਕ੍ਰੋਧੁ. ਸੰਗਤਿ ਦੁਰਜਨ ਕੀ; ਤਾ ਤੇ ਅਹਿ ਨਿਸਿ ਭਾਗਉ॥੧॥ਰਹਾਉ॥

੬੪.ਵਾਹਿਗੁਰੂ॥ ਨਾਮੁ ਸੰਜੋਗੀ; ਗੋਇਲਿ ਥਾਟੁ॥ ਕਾਮ ਕ੍ਰੋਧ; ਫੂਟੈ ਬਿਖੁ ਮਾਟੁ॥ ਬਿਨੁ ਵਖਰ; ਸੂਨੋ ਘਰੁ ਹਾਟੁ॥ ਗੁਰ ਮਿਲਿ; ਖੋਲੇ ਬਜਰ ਕਪਾਟ॥੪॥

੬੫.ਵਾਹਿਗੁਰੂ॥ ਕਾਮਿ ਕ੍ਰੋਧਿ ਅਹੰਕਾਰਿ ਮਾਤੇ; ਵਿਆਪਿਆ ਸੰਸਾਰੁ॥ ਪਉ ਸੰਤ ਸਰਣੀ. ਲਾਗੁ ਚਰਣੀ; ਮਿਟੈ ਦੂਖੁ ਅੰਧਾਰੁ॥੨॥

੬੬.ਵਾਹਿਗੁਰੂ॥ ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ; ਬਿਨਸਿ ਜਾਇ ਅਹੰਮੇਵ॥ ਨਾਨਕ. ਪ੍ਰਭ ਸਰਣਾਗਤੀ; ਕਰਿ ਪ੍ਰਸਾਦੁ ਗੁਰਦੇਵ॥੧॥

੬੭.ਵਾਹਿਗੁਰੂ॥ ਹਰਿ ਗੁਣ ਗਾਵੈ; ਸੰਤ ਪ੍ਰਸਾਦਿ॥ ਕਾਮ ਕ੍ਰੋਧ; ਮਿਟਹਿ ਉਨਮਾਦ॥ ਸਦਾ ਹਜੂਰਿ ਜਾਣੁ ਭਗਵੰਤ॥ ਪੂਰੇ ਗੁਰ ਕਾ; ਪੂਰਨ ਮੰਤ॥੩॥

੬੮.ਵਾਹਿਗੁਰੂ॥ ਕਾਮ ਕ੍ਰੋਧ ਲੋਭ ਝੂਠ ਨਿੰਦਾ; ਇਨ ਤੇ ਆਪਿ ਛਡਾਵਹੁ॥ ਇਹ ਭੀਤਰ ਤੇ ਇਨ ਕਉ ਡਾਰਹੁ; ਆਪਨ ਨਿਕਟਿ ਬੁਲਾਵਹੁ॥੧॥

੬੯.ਵਾਹਿਗੁਰੂ॥ ਕਾਮੁ ਕ੍ਰੋਧੁ ਦੁਇ. ਕਰਹੁ ਬਸੋਲੇ; ਗੋਡਹੁ ਧਰਤੀ ਭਾਈ॥ ਜਿਉ ਗੋਡਹੁ. ਤਿਉ ਤੁਮ੍ ਸੁਖ ਪਾਵਹੁ; ਕਿਰਤੁ. ਨ ਮੇਟਿਆ ਜਾਈ॥੩॥

੭੦.ਵਾਹਿਗੁਰੂ॥ ਨੈਣ. ਨ ਦੇਖਹਿ ਸਾਧ; ਸਿ ਨੈਣ ਬਿਹਾਲਿਆ॥ ਕਰਨ. ਨ ਸੁਨਹੀ ਨਾਦੁ; ਕਰਨ ਮੁੰਦਿ ਘਾਲਿਆ॥ ਰਸਨਾ ਜਪੈ. ਨ ਨਾਮੁ; ਤਿਲੁ ਤਿਲੁ ਕਰਿ ਕਟੀਐ॥ ਹਰਿਹਾਂ. ਜਬ ਬਿਸਰੈ ਗੋਬਿਦ ਰਾਇ; ਦਿਨੋ ਦਿਨੁ ਘਟੀਐ॥੧੪॥

੭੧.ਵਾਹਿਗੁਰੂ॥ ਕਾਮੁ ਕ੍ਰੋਧੁ ਕਿਲਬਿਖ. ਗੁਰਿ ਕਾਟੇ; ਪੂਰਨ ਹੋਈ ਆਸਾ ਜੀਉ॥੩॥

੭੨.ਵਾਹਿਗੁਰੂ॥ ਮਃ ੪॥ ਅਖੀ. ਪ੍ਰੇਮਿ ਕਸਾਈਆ; ਹਰਿ ਹਰਿ ਨਾਮੁ ਪਿਖੰਨ੍ਹਿ॥ ਜੇ ਕਰਿ ਦੂਜਾ ਦੇਖਦੇ; ਜਨ ਨਾਨਕ. ਕਢਿ ਦਿਚੰਨ੍ਹਿ॥੨॥

੭੩.ਵਾਹਿਗੁਰੂ॥ ਮਃ੧॥ ਮਨ ਕਾ ਸੂਤਕੁ ਲੋਭੁ ਹੈ; ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ. ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ ਕੰਨੀ ਸੂਤਕੁ ਕੰਨਿ ਪੈ; ਲਾਇਤਬਾਰੀ ਖਾਹਿ॥ ਨਾਨਕ. ਹੰਸਾ ਆਦਮੀ; ਬਧੇ ਜਮਪੁਰਿ ਜਾਹਿ॥੨॥

੭੪.ਵਾਹਿਗੁਰੂ॥ ਪਰ ਧਨ ਪਰ ਤਨ ਪਰ ਤੀ ਨਿੰਦਾ; ਅਖਾਧਿ ਖਾਹਿ ਹਰਕਾਇਆ॥ ਸਾਚ ਧਰਮ ਸਿਉ. ਰੁਚਿ ਨਹੀ ਆਵੈ; ਸਤਿ ਸੁਨਤ ਛੋਹਾਇਆ॥੩॥

੭੫.ਵਾਹਿਗੁਰੂ॥ ਪਰ ਧਨ. ਪਰ ਦਾਰਾ. ਪਰ ਨਿੰਦਾ; ਇਨ ਸਿਉ ਪ੍ਰੀਤਿ. ਨਿਵਾਰਿ॥ ਚਰਨਕਮਲ ਸੇਵੀ ਰਿਦ ਅੰਤਰਿ; ਗੁਰ ਪੂਰੇ ਕੈ ਆਧਾਰਿ॥੩॥

੭੬.ਵਾਹਿਗੁਰੂ॥ ਅਧਿਕ ਤਿਆਸ; ਭੇਖ ਬਹੁ ਕਰੈ॥ ਦੁਖੁ ਬਿਖਿਆ; ਸੁਖੁ ਤਨਿ ਪਰਹਰੈ॥ ਕਾਮੁ ਕ੍ਰੋਧੁ; ਅੰਤਰਿ ਧਨੁ ਹਿਰੈ॥ ਦੁਬਿਧਾ ਛੋਡਿ; ਨਾਮਿ ਨਿਸਤਰੈ॥੨॥

੭੭.ਵਾਹਿਗੁਰੂ॥ ਤੇਰਾ ਜਨੁ; ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ; ਹਰਿ ਪਦੁ ਚੀਨੈ੍, ਸੋਈ॥੧॥ਰਹਾਉ॥

੭੮.ਵਾਹਿਗੁਰੂ॥ ਸਲੋਕ ਮਃ ੩॥ ਸੇਖਾ ਅੰਦਰਹੁ ਜੋਰੁ ਛਡਿ ਤੂ; ਭਉ ਕਰਿ. ਝਲੁ ਗਵਾਇ॥ ਗੁਰ ਕੈ ਭੈ. ਕੇਤੇ ਨਿਸਤਰੇ; ਭੈ ਵਿਚਿ ਨਿਰਭਉ ਪਾਇ॥ ਮਨੁ ਕਠੋਰੁ. ਸਬਦਿ ਭੇਦਿ ਤੂੰ; ਸਾਂਤਿ ਵਸੈ ਮਨਿ ਆਇ॥ ਸਾਂਤੀ ਵਿਚਿ ਕਾਰ ਕਮਾਵਣੀ; ਸਾ ਖਸਮੁ ਪਾਏ ਥਾਇ॥ ਨਾਨਕ. ਕਾਮਿ ਕ੍ਰੋਧਿ ਕਿਨੈ, ਨ ਪਾਇਓ; ਪੁਛਹੁ ਗਿਆਨੀ ਜਾਇ॥੧॥

੭੯.ਵਾਹਿਗੁਰੂ॥ ਦੁਇ ਪੁਰ ਜੋਰਿ. ਰਸਾਈ ਭਾਠੀ; ਪੀਉ ਮਹਾ ਰਸੁ ਭਾਰੀ॥ ਕਾਮੁ ਕ੍ਰੋਧੁ ਦੁਇ. ਕੀਏ ਜਲੇਤਾ; ਛੂਟਿ ਗਈ ਸੰਸਾਰੀ ॥੨॥ ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ; ਸਤਿਗੁਰ ਤੇ ਸੁਧਿ ਪਾਈ ॥ ਦਾਸੁ ਕਬੀਰੁ, ਤਾਸੁ ਮਦ ਮਾਤਾ;

ਉਚਕਿ ਨ ਕਬਹੂ ਜਾਈ॥੩॥੨॥

੮੦.ਵਾਹਿਗੁਰੂ॥ ਆਸਾ ਮਹਲਾ ੫॥ ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ; ਛੁਟਕੈ ਦੁਰਮਤਿ. ਅਪੁਨੀ ਧਾਰੀ॥ ਹੋਇ ਨਿਮਾਣੀ ਸੇਵ ਕਮਾਵਹਿ; ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥

੮੧.ਵਾਹਿਗੁਰੂ॥ ੧ੴਸਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸਾਹੀ ੧੦॥ ਰੇ ਮਨ; ਐਸੋ ਕਰਿ ਸੰਨਿਆਸਾ॥ ਬਨ ਸੇ ਸਦਨ. ਸਭੈ ਕਰਿ ਸਮਝਹੁ; ਮਨ ਹੀ ਮਾਹਿ ਉਦਾਸਾ॥ਰਹਾਉ॥ ਜਤ ਕੀ ਜਟਾ, ਜੋਗ ਕੋ ਮੱਜਨੁ; ਨੇਮ ਕੇ ਨਖਨ ਬਢਾਓ॥ ਗਿਆਨ ਗੁਰੂ. ਆਤਮ ਉਪਦੇਸਹੁ; ਨਾਮ ਬਿਭੂਤ ਲਗਾਓ॥੧॥ ਅਲਪ ਅਹਾਰ. ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ॥ ਸੀਲ ਸੰਤੋਖ ਸਦਾ ਨਿਰਬਾਹਿਬੋ; ਹ੍ਵੈਬੋ ਤ੍ਰਿਗੁਣ ਅਤੀਤਿ॥੨॥ ਕਾਮ ਕ੍ਰੋਧ ਹੰਕਾਰ ਲੋਭ ਹਠ; ਮੋਹ. ਨ ਮਨ ਸੋ ਲ੍ਯਾਵੈ॥ ਤਬ ਹੀ.ਆਤਮ ਤਤ ਕੋ ਦਰਸੇ; ਪਰਮ ਪੁਰਖ ਕਹ ਪਾਵੈ॥੩॥੧॥

੮੨.ਵਾਹਿਗੁਰੂ॥ ਧਰਮ ਕਰੇ. ਸੁਭ ਜਨਮ; ਧਰਮ ਤੇ ਰੁਪਹਿ ਪੈਯੈ॥ ਧਰਮ ਕੇ ਧਨ ਧਾਮ; ਧਰਮ ਤੇ ਰਾਜ ਸੁਹੈਯੈ॥ ਕਹਯੋ ਤੁਹਾਰੋ ਮਾਨਿ; ਧਰਮ ਕੈਸੇ ਕੋ ਛੋਰੋਂ॥ ਮਹਾਂ ਨਰਕ ਕੇ ਬੀਚ; ਦੇਹ ਅਪਨੀ ਕਯੋਂ ਬੋਰੋਂ॥੧੬॥ ਕਹਜੋ ਤੁਮਾਰੋ ਮਾਨਿ; ਭੋਗ ਤੋਸੋ ਨਹਿ ਕਰਿਹੋ॥ ਕੁਲਿ ਕਲੰਕ ਕੇ ਹੇਤ; ਅਧਿਕ ਮਨ ਭੀਤਰ ਡਰਿਹੋ॥ ਛੋਰਿ ਬਜਾਹਿਤਾ ਨਾਰਿ; ਕੇਲ ਤੋਂਸੌਂ ਨ ਕਮਾਊਂ॥ ਧਰਮ ਰਾਜ ਕੀ ਸਭਾ; ਠੌਰ ਕੈਸੇ ਕਰਿ ਪਾਊਂ॥੧੭॥

ਵਾਹਿਗੁਰੂ॥ ਛੰਦ॥ ਸੁਧਿ ਜਬ ਤੇ ਹਮ ਧਰੀ; ਬਚਨ ਗੁਰ ਦਏ ਹਮਾਰੇ॥ ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ; ਭੁਲਿ ਸੁਪਨੇ ਹੂੰ ਨ ਜੈਯਹੁ॥ ੫੧॥ ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ ਹੋ, ਪਰ ਨਾਰੀ ਕੇਹੇਤ; ਕਟਕ ਕਵਰਨ ਕੌ ਘਾਯੋ॥੫੨॥ ਪਰ ਨਾਰੀ ਸੌਂ ਨੇਹੁ; ਛੁਰੀ ਪੈਨੀ ਕਰਿ ਜਾਨਹੁ॥ ਪਰ ਨਾਰੀ ਕੇ ਭਜੇ; ਕਾਲ ਬਜਾਪਯੋ ਤਨ ਮਾਨਹੁ॥ ਅਧਿਕ ਹਰੀਫੀ ਜਾਨਿ; ਭੋਗ ਪਰ ਤ੍ਰਿਯ ਜੋ ਕਰਹੀ॥ ਹੋ, ਅੰਤ ਸ੍ਵਾਨ ਕੀ ਮ੍ਰਿਤੁ; ਹਾਥ ਲੇਂਡੀ ਕੇ ਮਰਹੀ॥੫੩॥ ਬਾਲ ਹਮਾਰੇ ਪਾਸ; ਦੇਸ ਦੇਸਨ ਤ੍ਰਿਯ ਆਵਹਿ॥ ਮਨ ਬਾਂਛਤ ਬਰ ਮਾਂਗਿ; ਜਾਨਿ ਗੁਰ.ਸੀਸ ਝੁਕਾਵਹਿ॥ ਸਿੱਖਯ ਪੁੱਤ੍ਰ ਤ੍ਰਿਯ. ਸੁਤਾ ਜਾਨਿ; ਅਪਨੇ ਚਿਤ ਧਰਿਯੈ॥ ਹੋ, ਕਹੁ ਸੁੰਦਰਿ ਤਿਹ ਸਾਥ; ਗਵਨ ਕੈਸੇ ਕਰ ਕਰਿਯੈ॥ ੫੪॥

੮੩.ਵਾਹਿਗੁਰੂ॥ ਮਲਾਰ ਸਜਾਮੁ॥ ਸੰਗਲ ਘਤ ਚਲੇ ਲੈ ਜਮਗਨ, ਤਪਤ ਰੇਤ ਮਹਿ ਖੜੇ ਕੀਏ॥ ਤੀਰ ਕਮਾਨਾ ਛਾਜਿਤ ਕਰ ਜਿਨ,ਮਹਾ ਭਯਾਵਨ ਤ੍ਰਾਸ ਦੀਏ॥ ਕਾਗ ਚੀਲ ਸਹੀਏ ਸਿਰ ਮਾਰਨ, ਅਖੀਂ ਖੋਭਨ ਤੋਬ ਕਰੇ॥ ਏਤੀ ਮਾਰ ਪਵੇ ਜੀਯ ਤਾਈ, ਵਰਖੇ ਅਗ ਅੰਗਜਾਰ ਝਰੇ॥ ਮਨ ਅੰਧੇ ਸਿਰ ਹੋਵੇ ਮਾਰ, ਲਖ ਚੌਰਾਸੀਹ ਜੋਨਿ ਮਹਿ ਡਾਰ॥ ਨਰਕ ਘੋਰ ਮਹਿ ਕਰੇ ਪੁਕਾਰ॥ ਨਾਮ ਬਿਨ ਨਹੀ ਮੋਖ ਦ੍ਵਾਰ॥੧॥ ਰਹਾਉ॥

੮੪.ਵਾਹਿਗੁਰੂ॥ ਬਿਸਨੁਪਦ ਰਾਗ ਮਲਾਰ ਸਜਾਮੁ॥ ਕੰਡੇ ਦੇਨਿ ਚਸਮੋ ਦੇ ਅੰਦਰ, ਜਿਨਿ ਨੇਤ੍ਰੀਂ ਪਰਤ੍ਰਿਯ ਪਿਖੇ॥ ਕੰਨ ਮਰੋੜਨ ਸਿੱਕੇ ਘਤਨ, ਤਾਇ ਤਾਇ ਜਮਦੂਤ ਤਿਖੇ॥ ਸ੍ਰਵਨ; ਪਰ ਨਿੰਦਾ ਸੁਨਹਿ॥ ਰਸਨਾ ਕਟੱਯਨ ਤਿਲ ਤਿਲ ਕਰ ਕਰ, ਨਾਮ ਬਿਤ੍ਰੇਕ ਸ੍ਵਾਦ ਚਖੇ॥ ਨਾਸਿਕਾ ਮੇਲਨਿ ਤਪਤ ਸਲਾਈਆ, ਬਾਸ ਬਿਕਾਰ ਜੁਗ ਘ੍ਰਾਨ ਮਖੇ॥

੮੫.ਵਾਹਿਗੁਰੂ॥ ਬਿਸਨੁਪਦ ਮਲਾਰ ਸਜਾਮੁ॥ ਕੰਡੇ ਮਾਰਨਿ ਪੈਰਾਂ ਤਲੀਆਂ, ਮਾਰਗ ਪੰਥ ਕੁਪੰਥ ਚਲੇ॥ ਸੱਪ ਅਠੂਹੇਂ ਹਥੀਂ ਲੜਸਨਿ,ਦਾਨ ਪੁੰਨਜ ਨਹਿ ਕੀਏ ਭਲੇ॥ ਤਪਤ ਖੰਭ ਗਲ ਮੇਲਨ ਜਿਯ ਕੋ, ਪਰਤ੍ਰਿਯ ਜੇਤੈ ਲਾਇ ਗਲੇ॥ ਪਾਪ ਪ੍ਰਭਾਵ ਅਸੰਤਨ ਸੰਗਤ, ਸਹੁ ਜੀਅਰੇ ਫਲ ਪਾਇ ਭਲੇ॥

੮੬.ਵਾਹਿਗੁਰੂ॥ ਧ੍ਰਿਗੁ ਸਿਰੁ.ਜੋ ਗੁਰ ਨਾ ਨਿਵੈ; ਗੁਰ ਲਗੈ ਨ ਚਰਣੀ॥ ਧ੍ਰਿਗੁ ਲੋਇਣ ਗੁਰ ਦਰਸ ਵਿਣੁ; ਵੇਖੈ ਪਰ ਤਰਣੀ॥ ਧ੍ਰਿਗੁ ਸਰਵਣਿ.ਉਪਦੇਸ ਵਿਣੁ; ਸੁਣਿ ਸੁਰਤਿ ਨ ਧਰਣੀ॥ ਧ੍ਰਿਗੁ ਜਿਹਬਾ.ਗੁਰਸਬਦ ਵਿਣੁ; ਹੋਰ ਮੰਤ੍ਰ ਸਿਮਰਣੀ॥ ਵਿਣੁ ਸੇਵਾ ਧ੍ਰਿਗ ਹਥ ਪੈਰ; ਹੋਰ ਨਿਹਫਲ ਕਰਣੀ॥ ਪੀਰ ਮੁਰੀਦਾਂ ਪਿਰਹੜੀ; ਸੁਖ ਸਤਿਗੁਰ ਸਰਣੀ॥ ੧੦॥(ਵਾਰ ੨੭)

੮੭.ਵਾਹਿਗੁਰੂ॥ ਓੜਕੁ ਕੀਤੋਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ॥ ਚਾਰੇ ਵੇਦ ਵਖਾਣਦਾ ਚਤੁਰ ਮੁਖੀ ਹੋਇ ਖਰਾ ਸਿਆਣਾ॥ ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੁਭਾਣਾ॥ ਚਾਰੇ ਵੇਦ ਗਵਾਇਕੈ ਗਰਬੁ ਗਰੂਰੀ ਕਰਿ ਪਛੁਤਾਣਾ॥ ਅਕਥ ਕਥਾ ਨੇਤ ਨੇਤ ਵਖਾਣਾ॥੭॥ (ਵਾਰ ੧੨-੭)

੮੮.ਵਾਹਿਗੁਰੂ॥ ਹਉ ਤਿਸੁ. ਘੋਲਿ ਘੁਮਾਇਆ; ਗੁਰਮਤਿ. ਰਿਦੈ ਗਰੀਬੀ ਆਵੈ। ਹਉ ਤਿਸੁ. ਘੋਲਿ ਘੁਮਾਇਆ; ਪਰ ਨਾਰੀ ਦੇ. ਨੇੜਿ ਨ ਜਾਵੈ। ਹਉ ਤਿਸੁ. ਘੋਲਿ ਘੁਮਾਇਆ; ਪਰ ਦਰਬੈ ਨੋ. ਹਥੁ ਨ ਲਾਵੈ। ਹਉ ਤਿਸੁ. ਘੋਲਿ ਘੁਮਾਇਆ; ਪਰ ਨਿੰਦਾ ਸੁਣਿ. ਆਪੁ ਹਟਾਵੈ। ਹਉ ਤਿਸੁ. ਘੋਲਿ ਘੁਮਾਇਆ; ਸਤਿਗੁਰ ਦਾ ਉਪਦੇਸੁ ਕਮਾਵੈ। ਹਉ ਤਿਸੁ. ਘੋਲਿ ਘੁਮਾਇਆ; ਥੋੜਾ ਸਵੈ. ਥੋੜਾ ਹੀ ਖਾਵੈ। ਗੁਰਮੁਖਿ ਸੋਈ; ਸਹਜਿ ਸਮਾਵੈ॥੪॥

੮੯.ਵਾਹਿਗੁਰੂ॥ ਜੇ ਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ॥ ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ॥ (ਵਾਰ ੩੧)

੯੦.ਵਾਹਿਗੁਰੂ॥ ਚੋਰੁ ਕਰੈ ਨਿਤ ਚੋਰੀਆ; ਓੜਕਿ ਦੁਖ ਭਾਰੀ॥ ਨਕੁ ਕੰਨੁ ਫੜਿ ਵਢੀਐ; ਰਾਵੈ ਪਰ ਨਾਰੀ॥

੯੧.ਵਾਹਿਗੁਰੂ॥ ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।

੯੨.ਵਾਹਿਗੁਰੂ॥ ਪਰ ਤ੍ਰਿਅ ਦੀਰਘ ਸਮਾਨ, ਲਘੁ ਜਾਵਦੇਕ ਜਨਨਿ ਭਗਨਿ ਸੁਤਾ ਰੂਪ ਕੈ ਨਿਹਾਰੀਐ॥ ਪਰ ਦਰਬਾ ਸਾ ਗਊ ਮਾਸ ਤੁਲ ਜਾਨੀ ਰਿਦੈ, ਕੀਜੈ ਨ ਸਪਰਸ ਅਪਰਸ ਸਿਧਾਰੀਐ। ਘਟਿ ਘਟਿ ਪੂਰਨ ਬ੍ਰਹਮ ਜੋਤ ਓਤ ਪੋਤਿ, ਅਵਗਨ ਗੁਨ ਕਾਹੂ ਰਿਦੈ ਨ ਬਿਚਾਰੀਐ। ਗੁਰ ਉਪਦੇਸ਼ ਮਨ ਧਾਵਤ ਬਰਜ ਰਾਖੈ, ਪਰ ਤਨ ਧਨ ਪਰ ਦੂਖਨਾ ਨਿਵਾਰੀਐ॥ ੫੪੭॥ (ਜਾਵਦੇਕ)ਜਿਤਨੀ- ਆਂ ਪਰਾਈਆਂ ਇਸਤ੍ਰੀਆਂ ਹਨ।

੯੩.ਵਾਹਿਗੁਰੂ॥ ਖ਼ਾਲਸਾ ਸੋਇ ਮਾਨ ਜੋ ਤਿਆਗੈ। ਖ਼ਾਲਸਾ ਸੋਇ ਪਰ ਤ੍ਰਿਅ ਤੇ ਭਾਗੈ। ਖ਼ਾਲਸਾ ਸੋਇ ਪਰ ਦ੍ਰਿਸਟ ਤਿਆਗੈ। ਖ਼ਾਲਸਾ ਸੋਇ ਨਾਮ ਰਤ ਲਾਗੈ। ਚੌਪਈ॥ ਅਪਨੇ ਬਰਣ ਹੁਇ ਹੈ ਜੋਈ। ਬਰੁਣ ਸਸੁਰ ਕਾ ਹੋਇ ਹੈ ਸੋਈ। ਤਿਨ ਕੁਲ ਕੀ ਕੰਨਿਆ ਪਰਣਾਵੈ। ਧਰੇ ਪਯਾਰ ਤਾਂ ਨੇਹੁ ਬਢਾਵੈ। ੨੮। ਮੁਸਲੀ ਡੂਮਣਿ ਦੂਤੀ ਚੇਲੀ। ਵਿਭਚਾਰਨਿ ਜੋ ਫਿਰਹਿ ਇਕੇਲੀ। ਅਵਰ ਜੋ ਆਨਵਰਣ ਕੀ ਨਾਰ। ਇਨ ਸੋ ਸਿੰਘ ਨ ਕਰੇ ਪਿਆਰ। ੨੯। ਪਯਾਰ ਕਰੈ ਹੋਵਹਿ ਕੁਲ ਹਾਨੀ। ਤਾਂ ਤੇ ਇਨ ਕੋ ਤਜੈ ਗਿਆਨੀ। (ਰਹਿਤਨਾਮਾ)

੯੪.ਵਾਹਿਗੁਰੂ॥ ਵਾਹਿਗੁਰੂ ਬਿਨ ਕਹੇ ਜੋ ਖਾਵਹਿ। ਵੇਸਵਾ ਦੁਆਰੇ ਸਿੱਖ ਜੋ ਜਾਵਹਿ। ਪਰ ਇਸਤ੍ਰੀ ਸਿਉ ਨੇਹੁ ਲਗਾਵਹਿ। ਗੋਵਿੰਦ ਸਿੰਘ ਵਹੁ ਸਿੱਖ ਨ ਭਾਵਹਿ।੨੨। ਮਾਇ ਭੈਣ ਜੋ ਆਵਹਿ ਸੰਗਤ। ਦ੍ਰਿਸਟ ਬੁਰੀ ਦੇਖੇ ਤਿਸ ਪੰਗਤ। ਸਤਸੰਗ ਜਾਇ ਕਰ ਚਿਤ ਡੁਲਾਵਹਿ। ਈਹਾਂ ਊਹਾਂ ਠੌਰ ਨ ਪਾਵਹਿ। ੩। (ਭਾਈ ਨੰਦ ਲਾਲ ਸਿੰਘ)

੯੫.ਵਾਹਿਗੁਰੂ॥ ਨਿਜ ਨਾਰੀ ਸੋਂ ਪ੍ਰੀਤ ਲਗਾਵੈ। ਨਾਮ ਦਾਨ ਇਸਨਾਨ; ਧਰਮ ਦੀ ਕ੍ਰਿਤ ਕਮਾਵੈ। (ਕੇਸਰ ਸਿੰਘ ਛਿੱਬਰ)

੯੬.ਵਾਹਿਗੁਰੂ॥ ਅਰ ਸਭ ਤੋਂ ਵੱਡੀ ਰਹਿਤ ਇਹ ਹੈ ਜੋ ਮਿਥਿਆ ਨ ਬੋਲੇ। ਮਰਦ ਹੋਇ ਕੈ ਪਰ ਨਾਰੀ ਕਾ ਸੰਗ ਨ

ਕਰੇ। ਇਸਤ੍ਰੀ ਹੋਇ ਕੈ ਪਰਾਏ ਮਰਦ ਨੋ ਨ ਦੇਖੇ। (ਪ੍ਰੇਮ ਸੁਮਾਰਗ)

੯੭.ਵਾਹਿਗੁਰੂ॥ ਏਕਾ ਨਾਰੀ ਜਤੀ ਹੋਇ; ਪਰ ਨਾਰੀ ਧੀ ਭੈਣ ਵਖਾਣੈ।

੯੮.ਵਾਹਿਗੁਰੂ॥ ਪਰ ਤ੍ਰਿਅ ਰਮਹਿ; ਬਕਹਿ ਸਾਧ ਨਿੰਦ॥ ਕਰਨ. ਨ ਸੁਨਹੀ; ਹਰਿ ਜਸੁ ਬਿੰਦ॥ ਹਿਰਹਿ ਪਰ ਦਰਬ; ਉਦਰ ਕੈ ਤਾਈ॥ ਅਗਨਿ. ਨ ਨਿਵਰੈ; ਤ੍ਰਿਸਨਾ. ਨ ਬੁਝਾਈ॥ (੨੯੮)

੯੯.ਵਾਹਿਗੁਰੂ॥ ਪੁਨ ਸਿੰਘਨ; ਬੂਝੇ ਗੁਨਖਾਨੀ। ਬ੍ਰਿੰਦ ਤੁਰਕ; ਭੋਗੈ ਹਿੰਦਵਾਨੀ। ਸਿੰਘ ਬਦਲਾ ਲੇ; ਭਲਾ ਜਨਾਏ। ਕਿਉਂ ਗੁਰ ਪੂਰਨ; ਬਰਜਿ ਹਟਾਏ। ਸੁਨਿ ਸਤਿਗੁਰ ਬੋਲੇ; ਤਿਸ ਬੇਰੇ। ਹਮ ਲੇ ਜਾਨੋ; ਪੰਥ ਉਚੇਰੇ। ਨਹੀ ਅਧੋਗਤਿ ਬਿਖੈ; ਪੁਚਾਵਹਿ। ਯਾਂ ਤੇ; ਕਲਮਲ ਕਰਨ ਹਟਾਵਹਿ। (ਗੁ:ਪ੍ਰ:ਸੂ:)

੧੦੦.ਵਾਹਿਗੁਰੂ॥ ਧਰਮ-ਕ੍ਰਿਤ ਕਰਿ ਸੰਤਨ ਸੇਵੈ। ਪਰ ਤ੍ਰਿਅ ਪਰ ਧਨ, ਕਬਹੁੰ ਨ ਲੇਵੈ॥੪੭॥

੧੦੧.ਵਾਹਿਗੁਰੂ॥ ਬਿਨਾ ਅਨੰਦ ਬਿਵਾਹ ਤੇ ਭੁਗਤੇ ਪਰ ਕੀ ਜੋਇ॥ ਸੁਣ ਸਿਖਾ ਗੁਰ ਕਹਿ ਥੱਕੇ ਮੇਰਾ ਸਿਖ ਨ ਸੋਇ॥੨੫॥

## ਪ੍ਰਸੰਗ ੨:- ਜਤ ਸਤ ਦੀ ਮਹਾਨਤਾ ਅਤੇ ਚੌਥੀ ਕੁਰਹਿਤ।

੫. ਵਾਹਿਗੁਰੂ॥ ਸ੍ਰੀ ਮੂਲਮੰਤ੍ਰ ਜੀ:- ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ; ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥

(ਧੰਨ ਵਾਹਿਗੁਰੂ ਨਿਰੰਕਾਰ ਸਤਿ ਕਰਤਾਰ ਦੇ ਅਵਤਾਰ ਸਤਿਗੁਰੂ ਨਾਨਕਦੇਵ ਸਾਹਿਬ ਜੀ) (ਇੱਕ-ਓਅੰਕਾਰ ਬਾਰ ਬਾਰ ਅਭਿਆਸ ਕਰਕੇ ਸ਼ੁੱਧ ਪਕਾਓ) (੧ੴ) ੧ ਦਾ ਉਚਾਰਨ ਇੱਕ ਹੈ। (੧) ਇੱਕ ਦ੍ਵੈਤ ਰਹਿਤ ਸਰੂਪ ਪ੍ਰਮੇਸ਼ਰ, ਇਕੋ ਇੱਕ ਵਾਹਿਗੁਰੂ ਜੀ (ਓਅੰਕਾਰ) ਬਿਅੰਤ ਬ੍ਰਹਮੰਡਾਂ ਦੇ ਪ੍ਰਕਾਸ਼ਕ ਅਤੇ ਆਤਮਿਕ ਸਰੂਪ ਹਨ। ਯਥਾ:- ਓਅੰਕਾਰਿ; ਉਤਪਾਤੀ॥ ਕੀਆ ਦਿਨਸੁ; ਸਭ ਰਾਤੀ॥ (ਸਤਿ+ਨਾਮੁ) ਮਹਾਰਾਜ ਜੀ (ਸਤਿ) ਨਾਸ ਰਹਿਤ, (ਸਤਿ) ਸੱਚੇ ਹਨ (ਨਾਮੁ) (ਨ+ਆਮੁ) ਆਮ ਨਹੀਂ ਹਨ ਭਾਵ ਪ੍ਰਸਿੱਧ ਹਨ। ਮਹਾਰਾਜ ਜੀ ਦੇ (ਨਾਮੁ) ਗੁਰਬਾਣੀ ਜੀ ਭੀ (ਸਤਿ) ਅਬਿਨਾਸੀ ਸੱਚ ਸਰੂਪ ਹਨ। ਹੋਰ ਸਭ ਦੁਨੀਆ ਦੇ ਨਾਮ ਝੂਠੇ ਨਾਸਵੰਤ ਹਨ। ਯਥਾ:- ਸਤਿਨਾਮੁ; ਤੇਰਾ ਪਰਾ ਪੂਰਬਲਾ॥ ਧੰਨ ਗੁਰੂ ਗ੍ਰੰਥ ਸਾਹਿਬ ਜੀ ਬਿਅੰਤ ਬ੍ਰਹਮੰਡਾਂ ਨੂੰ (ਕਰਤਾ+ ਪੁਰਖੁ) (ਕਰਤਾ) ਰਚਣ ਵਾਲੇ ਹਨ, ਬਿਅੰਤ ਬ੍ਰਹਮੰਡਾਂ ਦੀ ਉਤਪਤੀ ਕਰਕੇ ਇਸ 'ਚ (ਪੁਰਖੁ) ਪੂਰਨ ਭਾਵ ਸਾਰਿਆਂ ਥਾਂਵਾਂ 'ਚ ਵਿਆਪਕ ਹਨ। ਹੋਰ ਕਰਤੇ ਸਭ ਅਲਪੱਗ ਹਨ, ਘੜੇ ਨੂੰ ਘੁਮ੍ਰਿਆਰ ਬਣਾਉਂਦਾ ਹੈ, ਪਰ ਉਸ ਤੋਂ ਵਖਰਾ ਹੈ। ਪਰ ਮਹਾਰਾਜ ਸਾਹਿਬ ਜੀ, ਅਪੁਨੇ ਕਾਰਜ ਮਹਿ; ਆਪਿ ਸਮਾਇਆ॥

(ਨਿਰ+ਭਉ) ਵਾਹਿਗੁਰੂ ਜੀ (ਭਉ) ਭੈ (ਨਿਰ) ਰਹਿਤ ਹਨ, ਹੋਰ ਸਾਰੀ ਸ੍ਰਿਸ਼ਟੀ ਭੈ 'ਚ ਹੈ। ਯਥਾ:- ਭੈ ਵਿਚਿ. ਸਭੁ ਆਕਾਰੁ ਹੈ; ਨਿਰਭਉ. ਹਰਿ ਜੀਉ ਸੋਇ॥ (ਨਿਰ+ਵੈਰੁ) ਵਾਹਿਗੁਰੂ ਜੀ ਵੈਰੁ (ਨਿਰ) ਰਹਿਤ ਹਨ। ਆਪ ਜੀ ਦੇ ਨਿਰਮਲ (ਅਕਾਲ+ਮੂਰਤਿ) (ਮੂਰਤਿ) ਸਰੂਪ (ਅ+ਕਾਲ) ਕਾਲ (ਅ) ਰਹਿਤ ਹਨ। (ਅ+ਜੂਨੀ) (ਜੂਨੀ) ਜੂਨਾਂ (ਅ) ਰਹਿਤ ਹਨ। (ਸੈਭੰ) ਸੁਤੇ ਪ੍ਰਕਾਸ਼ ਸਰੂਪ, ਅਪਣੇ ਆਪ ਤੋਂ ਆਪ ਹੀ ਪ੍ਰਕਾਸ਼ਵਾਨ ਭਾਵ ਆਪ ਜੀ ਦਾ ਕੋਈ ਭੀ ਪ੍ਰਕਾਸ਼ਕ ਨਹੀਂ ਹੈ। ਸੂਰਜ ਚੰਦ੍ਰਮਾ ਤਾਰੇ ਆਦਿ ਸੁਤੇ ਪ੍ਰਕਾਸ਼ ਸਰੂਪ ਨਹੀਂ ਹਨ। ਧੰਨ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ, ਆਪਣੇ ਸੱਚੇ ਨਿਰਗੁਨ ਸਰੂਪ ਦੁਆਰਾ ਇਨ੍ਹਾਂ ਦੇ ਸਦਾ ਪ੍ਰਕਾਸ਼ਕ ਹਨ।

(ਗੁਰ+ਪ੍ਰਸਾਦਿ) ਸ੍ਰਬ ਵਿਆਪੀ ਅਨਤ ਕਲਾਵਾਨ ਮੇਹਰਵਾਨ ਮਹਾਂ ਵਿਸਮਾਦ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ, ਅਨੰਦ ਹੀ ਅਨੰਦ ਦੇ (ਗੁਰ) ਪ੍ਰਕਾਸ਼ ਹੀ ਪ੍ਰਕਾਸ਼ ਹਨ। ਅਥਵਾ (ਗੁਰ+ਪ੍ਰਸਾਦਿ) ੧ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ, ਪਰਮਪੂਜਨੀਕ ਵਾਹਿਗੁਰੂ ਜੀ ਨੇ (ਗੁਰ) ਧੰਨ ਗੁਰੂ ਨਾਨਕਦੇਵ ਸਾਹਿਬ ਜੀ ਦਾ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚਾ ਅਵਤਾਰ ਧਾਰ ਕੇ, ਗੁਰਬਾਣੀ ਬਖ਼ਸ਼ਣ ਰੂਪ ਅਤੇ ਅਪਣੇ ਕੌਤਕਾਂ ਦੁਆਰਾ ਜੀਆਂ ਨੂੰ ਤਾਰਨ ਰੂਪ, ਭਾਰੀ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਕੀਤੀ ਹੈ, ਕਰਦੇ ਹਨ ਅਤੇ ਸਦਾ ਲਈ ਕਰਨਗੇ। ਅਥਵਾ (ਗੁਰ+ਪ੍ਰਸਾਦਿ) ਸ੍ਰਬ ਵਿਆਪੀ ਅਨਤ ਕਲਾਵਾਨ ਮਹਾਂ ਵਿਸਮਾਦ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਦੇ (ਗੁਰ) ਪ੍ਰਕਾਸ਼ ਹੀ ਪ੍ਰਕਾਸ਼ ਸਹਿਤ ਜਪੁ ਸਰੂਪ ਹਨ, ਭਾਵ ਹਰ ਸਮੇਂ ਅਪਣਾ ਜਾਪ ਆਪ ਹੀ ਕਰ ਰਹੇ ਹਨ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ. ਬੋਲੈ ਰੇ॥ ) ਜੋ ਬੋਲਤ ਹੈ. ਮ੍ਰਿਗ ਮੀਨ ਪੰਖੇਰੁ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥ ) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥ ) ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥ (ਗੁਰਪ੍ਰਸਾਦਿ) ਗੁਰਾਂ ਦੀ ਕ੍ਰਿਪਾ ਦੁਆਰਾ (ਜਪੁ) ਜਾਣੀਦੇ ਹਨ, ਅਥਵਾ ਗੁਰਾਂ ਦੀ ਕ੍ਰਿਪਾ ਦੁਆਰਾ (ਜਪੁ) ਜਪੀਦੇ ਹਨ।

(ਆਦਿ) ਸਾਰੀ ਰਚਨਾ ਦੇ (ਆਦਿ) ਮੁੱਢ ’ਚ ਭਾਵ ਜਦੋਂ ਰਚਨਾ ਰਚੀ ਨਹੀਂ ਸੀ, ਅਜਪਾ ਜਪੁ ਸਚੁ ਸਰੂਪ ਸਨ। (ਜੁਗਾਦਿ) ਸਤਿਜੁੱਗ ਤ੍ਰੇਤਾ ਦੁਆਪਰ ਆਦਿ ਬੇਅੰਤ ਜੁੱਗ ਰਚ ਕੇ, ਇਨ੍ਹਾਂ (ਜੁਗਾਦਿ) ਜੁੱਗ ਆਦਿਕਾਂ ’ਚ ਭੀ ਅਜਪਾ ਜਪੁ ਸਚੁ ਸਰੂਪ ਸਨ। (ਹੈ) ਹੁਣ ਵਰਤਮਾਨ ਸਮੇਂ ’ਚ ਭੀ ਅਜਪਾ ਜਪੁ ਸਚੁ ਸਰੂਪ ਹਨ। ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਆਉਣ ਵਾਲੇ ਸਮੇਂ ’ਚ ਭੀ ਅਜਪਾ ਜਪੁ ਸਚੁ ਸਰੂਪ (ਹੋਸੀ) ਹੋਣਗੇ। ਧੰਨ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੂੰ, ੧ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ; ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥ ਅਜਪਾ ਜਾਪ ਸੱਚੁ ਸਰੂਪ ਵਾਹਿਗੁਰੂ ਜੀ ਜਿਵੇਂ ਸਾਖਿਆਤ ਹੋ ਰਹੇ ਹਨ, ਤਿਵੇਂ ਹੀ ਫ਼ੁਰਮਾ ਰਹੇ ਹਨ॥੧॥

**ਸ੍ਰੀ ਮੂਲਮੰਤ੍ਰ ਜੀ ਦਾ ਪ੍ਰਤਾਪ:-** ਜੇ ਕੋ ਬਚਨੁ ਕਮਾਵੈ ਸੰਤਨ ਕਾ; ਸੋ ਗੁਰਪਰਸਾਦੀ ਤਰੀਐ॥ ਇੱਕ ਮੁਸਲਮਾਨ ਭਾਈ ਨੇ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਬਚਨ ਮੰਨ ਕੇ, ਲਗਾਤਾਰ ਅੱਠ ਘੰਟੇ ਨਿੱਤ, ਧੰਨ ਵਾਹਿਗੁਰੂ ਗੁਰੂ ਨਾਨਕਦੇਵ ਸਾਹਿਬ ਜੀ ਦਾ ਮੂਲਮੰਤ੍ਰ, ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਦਾ ਜਾਪ ਮਸੀਤ ’ਚ ਚਾਲ਼ੀ ਦਿਨ ਕੀਤਾ। ਅਉਖਧ ਮੰਤ੍ਰ ਤੰਤ੍ਰ. ਪਰ ਦੁਖ ਹਰ; ਸਰਬਰੋਗ ਖੰਡਣ, ਗੁਣਕਾਰੀ॥ ) ਪ੍ਰਭ ਕੈ ਸਿਮਰਨਿ; ਦੁਸਮਨੁ ਟਰੈ॥ ਅਨੁਸਾਰ ਉਸ ਦੇ ਮਨ ਤੋਂ ਦੁਸ਼ਮਣ ਰੂਪ ਵਿਕਾਰ ਟਲ ਗਏ, ਮਨ ਸਾਫ ਪਵਿੱਤ੍ਰ ਪੁਨੀਤ ਹੋ ਗਿਆ। ਇਸ ਪ੍ਰਕਾਰ ਮੂਲ ਮੰਤ੍ਰ ਦਾ ਜਾਪ ਕਰਨ ਨਾਲ ਬੇਸੁਮਾਰ ਅਥਾਹ ਅਸਰ ਉਸ ਵਿਕਾਰੀ ਦੇ ਮਨ ਤੇ ਪਿਆ। (ਸੰਪੂਰਨ ਸਾਖੀ ਸ੍ਰੀ ਸੁਖਮਨੀ ਸਾਹਿਬ ਪੋਥੀ’ਚੋਂ ਪੜ੍ਹੋ ਜੀ- ਅੰਗ ੧੧੫)

**੬. ਵਾਹਿਗੁਰੂ॥** ਕਬੀਰ. ਜੈਸੀ ਉਪਜੀ ਪੇਡ ਤੇ; ਜਉ. ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ; ਪੁਜਹਿ. ਨ ਰਤਨ ਕਰੋੜਿ॥੧੫੩॥ ਵਾਹਿਗੁਰੂ ਬ੍ਰਹਮ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਵਰ ਜੋਨਿ; ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ; ਤੇਰੀ ਸਿਕਦਾਰੀ॥ ) ਸਗਲ ਜੋਨਿ ਮਹਿ; ਤੂ ਸਿਰਿ ਧਰਿਆ॥ ) ਭਈ ਪਰਾਪਤਿ; ਮਾਨੁਖ ਦੇਹੁਰੀਆ॥ ਅਨੁਸਾਰ ਜੈਸੀ ਨਰ ਨਰਾਇਣੀ ਅਮੋਲਕ, ਅਰੋਗ ਕੰਚਨ ਦੇਹੀ, ਮਾਤਾ ਜੀ ਦੇ ਉਦਰ

(ਪੇਡ) ਮੁੱਢ, (ਤੇ) ਤੋਂ (ਉਪਜੀ) ਪੈਦਾ ਹੋਈ, (ਜਉ) ਜੇਕਰ (ਤੈਸੀ) ਉਸੇ ਤਰ੍ਹਾਂ, ਪਾਪਾਂ ਵਿਕਾਰਾਂ ਔਗੁਣਾਂ ਰਹਿਤ, (ਓੜਿ) ਆਖਰੀ ਸੁਆਸ ਤੱਕ (ਨਿਬਹੈ) ਨਿਭ ਜਾਵੇ।

ਦੂਜਾ ਅਰਥ:- ਜੈਸੀ (ਪੇਡ) ਮੁੱਢ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਤਾਬਿਆ, ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ, ਸਤਿਗੁਰ ਕੈ ਜਨਮੇ; ਗਵਨੁ ਮਿਟਾਇਆ॥ ਪੰਜ ਪਿਆਰੇ ਕਹਿੰਦੇ ਹਨ, "ਹੇ ਪਿਆਰੇ ਖ਼ਾਲਸਾ ਜੀ! ਹੁਣ ਤੋਂ ਆਪ ਜੀ ਦੀ ਗੁਰੂ ਘਰ 'ਚ ਨਵੀਂ ਜ਼ਿੰਦਗੀ (ਉਪਜੀ) ਪੈਦਾ ਹੋਈ ਹੈ। ਜਾਤ ਪਾਤ ਗੋਤ ਪਾਪ ਸਭ ਨਾਸ਼ ਹੋ ਚੁੱਕੇ ਹਨ। ਜਿਵੇਂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਪੰਜ ਕਕਾਰ ਬਖ਼ਸ਼ੇ ਹਨ। ਜ਼ਿਆਦਾ ਤੋਂ ਜ਼ਿਆਦਾ ਨਿੱਤਨੇਮ ਕਰਨਾ, ਚੋਰੀ ਯਾਰੀ ਨਿੰਦਿਆ ਚੁਗਲੀ ਮੰਦ ਕਰਮ ਨਹੀਂ ਕਰਨੇ। ਜੂਠਾ ਨਹੀਂ ਖਾਣਾ, ਸੁੱਚ ਰੱਖਣੀ, ਤੰਬਾਕੂ ਨਹੀਂ ਵਰਤਣਾ, ਬੱਜਰ ਕੁਰਹਿਤਾਂ ਤੋਂ ਬਚਣਾ ਇਹ ਸ਼ੁਭ ਸਿੱਖਿਆ ਦ੍ਰਿੜ ਕਰਵਾਉਂਦੇ ਹਨ। ਉਸ ਵੇਲੇ ਵਰ ਮਿਲ ਜਾਂਦਾ ਹੈ। ਅੰਮ੍ਰਿਤ ਛਕ ਕੇ, ਜੈਸੀ (ਪੇਡ) ਮੁੱਢ ਤੋਂ ਗੁਰੂ ਘਰ 'ਚ ਨਵੀਂ ਜ਼ਿੰਦਗੀ (ਉਪਜੀ) ਪੈਦਾ ਹੋਈ ਹੈ। (ਤੇ) ਉਹ (ਜਉ) ਜਿਵੇਂ ਅੰਮ੍ਰਿਤ ਛਕ ਕੇ ਪਾਕ (pure) ਹੁੰਦਾ ਹੈ, ਉਸ ਤੋਂ ਬਾਦ ਸੰਸਾਰ ਨਾਲ ਵਰਤਦਿਆਂ, ਗੁਰੂ ਗ੍ਰੰਥ ਸਾਹਿਬ ਜੀ, ਪੰਜਾਂ ਪਿਆਰਿਆਂ ਦੀ ਆਗਿਆ 'ਚ ਚੱਲੇ। (ਓੜਿ) ਆਖਰੀ ਸੁਆਸ ਤੱਕ (ਤੈਸੀ) ਉਸੇ ਤਰ੍ਹਾਂ ਮਹਾਰਾਜ ਜੀ ਨਾਲ ਸੱਚੀ ਪ੍ਰੀਤੀ (ਨਿਬਹੈ) ਨਿਭ ਜਾਵੇ। ਯਥਾ:- ਸੇਵਕ ਕੀ; ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ; ਚਲਤੇ ਰਾਖਿਓ ਚੀਤਿ॥੧॥ਰਹਾਉ॥ ਜਿਵੇਂ ਪੰਜ ਪਿਆਰੇ ਉਪਦੇਸ਼ ਦਿੰਦੇ ਹਨ, ਅੱਖਾਂ ਨਾਲ ਰੂਪ ਨਾ ਦੇਖੇ, ਸੁਆਸ ਸੁਆਸ ਨਾਮ ਜਪੇ, ਸਭ ਦੀ ਚਰਨ ਧੂੜ ਬਣੇ। ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥) ਮਿਥਿਆ; ਨਾਹੀ ਰਸਨਾ ਪਰਸ॥ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਅੱਖਰ ਨੂੰ ਵਾਹਿਗੁਰੂ ਗੁਰੂ ਮੰਨ ਕੇ, ਅੱਖਰ ਅੱਖਰ ਦਾ ਧਿਆਨ ਧਾਰ ਕੇ, ਮੰਨੇ ਪੂਜੇ, ਸੁਆਸ ਸੁਆਸ ਵਾਹਿਗੁਰੂ ਵਾਹਿਗੁਰੂ ਜਪੇ, ਜਪਾਵੇ ਧਿਆਵੇ, ਬਲਿ ਬਲਿ ਜਾਵੇ, ਘੋਲ ਘੁਮਾਵੇ, ਸ੍ਰਬੱਤ ਦੇ ਭਲੇ ਹਿਤ ਅਪਣਾ ਸਭ ਕੁੱਝ ਕੁਰਬਾਨ ਕਰ ਦੇਵੇ। ਫਿਰ ਐਸੀ ਉੱਚੀ ਅਵਸਥਾ ਪ੍ਰਾਪਤ ਹੁੰਦੀ ਹੈ।



ਹੀਰਾ ਕਿਸ ਕਾ ਬਾਪੁਰਾ; ਪੁਜਹਿ. ਨ ਰਤਨ ਕਰੋੜਿ॥੧੫੩॥ ਹੀਰਾ ਕਿਸ (ਕਾ) ਦਾ (ਬਾਪੁਰਾ) ਵਿਚਾਰਾ ਹੈ? (ਕਰੋੜਿ) ਕ੍ਰੋੜਾਂ ਹੀ ਰਤਨ ਮੁੱਲ ਪਾ ਕੇ, ਉਸ ਦੇ ਬਰਾਬਰ (ਨ) ਨਹੀਂ (ਪੁਜਹਿ) ਪਹੁੰਚ ਸਕਦੇ॥੧੫੩॥ ਯਥਾ:- ਪਾਤਾਲ ਪੁਰੀਆ ਏਕ ਭਾਰ; ਹੋਵਹਿ ਲਾਖ ਕਰੋੜਿ॥ ਤੇਰੇ ਲਾਲ ਕੀਮਤਿ ਤਾ ਪਵੈ; ਜਾਂ ਸਿਰੈ ਹੋਵਹਿ ਹੋਰਿ॥ ਐਸੇ ਉੱਚੇ ਜੀਵਨ ਵਾਲੇ ਮਹਾਂਪੁਰਸ਼ ਨੂੰ ਪੱਲੜੇ ਦੇ ਇੱਕ ਪਾਸੇ, ਸਜਾਇਆ ਜਾਵੇ, ਦੂਜੇ ਪਾਸੇ ਲੱਖਾਂ ਕ੍ਰੋੜਾਂ ਹੀਰੇ ਜਵਾਹਰਾਤ ਪਾਏ ਜਾਣ, ਉਹ ਭੀ ਬਰਾਬਰ ਪੁੱਜ ਨਹੀਂ ਸਕਦੇ। ਹੀਰਾ ਮਨੁਖਾ ਜਨਮ ਕਿਸ (ਕਾ) ਦਾ (ਬਾਪੁਰਾ) ਵਿਚਾਰਾ ਹੈ? ਇੱਕ ਬੰਦਾ ਉਸ ਦੇ ਤੁੱਲ ਕੀ ਹੋ ਸਕੇ, ਕ੍ਰੋੜਾਂ ਰਤਨ ਵਾਂਗ ਦੇਵਤਿਆਂ ਦੀਆਂ ਦੇਹੀਆਂ ਭੀ ਉਨ੍ਹਾਂ ਦੇ ਬਰਾਬਰ ਨਹੀਂ ਪਹੁੰਚ ਸਕਦੀਆਂ॥੧੫੩॥ {ਪ੍ਰੇਮੀ ਅਮਰ ਸ਼ਹੀਦ ਭਾਈ ਮੋਹਨ ਤੇ ਗੁਪਾਲਾ ਜੀ ਦੀ ਸਾਖੀ ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਪੋਥੀ 'ਚੋਂ ਪੜ੍ਹੋ ਜੀ- ਅੰਗ ੧੯੩।}

੭. ਵਾਹਿਗੁਰੂ॥ ਚਾਰ ਬੱਜਰ ਕੁਰਹਿਤਾਂ ਅਤੇ ਚੌਥੀ ਬੱਜਰ ਕੁਰਹਿਤ ਹਰਾਮ ਅਤੇ ਨੇਕ ਚਾਲ ਚਲਣ ਦਾ ਸ਼ੁਭ ਸੱਚਾ ਉਪਦੇਸ਼:- [1]ਹੁੱਕਾ [2]ਹਜਾਮਤ [3]ਹਲਾਲੋ [4]ਹਰਾਮ॥ ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫਾਮ॥੪॥ (ਅਸਫੋਟਕ ਸ੍ਵਯੇ) ([1]ਹੁੱਕਾ ਭਾਵ ਤਮਾਕੂ ਦਾ ਸੇਵਨ, [2]ਕੇਸ ਮੁਨਾਉਣੇ, [3]ਮਾਸ, [4]ਪਰ ਇਸਤ੍ਰੀ ਪੁਰਖ ਗਮਨ) ਪਹਿਲਾਂ ਤਿੰਨ ਕੁਰਹਿਤਾਂ ਬਾਰੇ ਪੋਥੀ ਪੰਜ ਸੰਸਕਾਰ 'ਚੋਂ ਪੜ੍ਹੋ ਜੀ। ਪਰ ਇਸਤ੍ਰੀ, ਪਰ ਪੁਰਖ ਨਾਲ ਗਮਨ ਕਰਨਾ, ਬੱਜਰ ਕੁਰਹਿਤ ਹੈ। ਜਿਨ੍ਹਾਂ ਨੇ ਬੱਜਰ ਕੁਰਹਿਤ ਕੀਤੀ ਉਨ੍ਹਾਂ ਦੀ ਦੁਰਦਸ਼ਾ ਹੋਈ। ਗੁਰਮਤਿ ਅਨੁਸਾਰ ਪਰ ਇਸਤ੍ਰੀ ਗਮਨ ਤਾਂ ਕੀ ਕਰਨਾ ਹੈ? ਵਿਕਾਰ ਦ੍ਰਿਸ਼ਟੀ ਨਾਲ ਪਰਾਇਆ ਰੂਪ ਦੇਖਣਾ ਭੀ ਸਖ਼ਤ ਮਨ੍ਹਾ ਹੈ। ਜੋ ਪਰਾਈ ਇਸਤ੍ਰੀ ਜਾਂ ਪਰਾਏ ਮਰਦ ਨਾਲ ਕੁਸੰਗ ਕਰਦੇ ਹਨ, ਤੱਤੇ ਥੰਮਾਂ ਨਾਲ ਲਾਏ ਜਾਂਦੇ ਹਨ। ਯਥਾ:- ਬਿਸਾਰਿ ਹਰਿ ਜੀਉ. ਬਿਖੈ ਭੋਗਹਿ; ਤਪਤ ਥੰਮ. ਗਲਿ ਲਾਇ॥੧॥) ਪਰ ਤ੍ਰਿਅ. ਰਾਵਣਿ ਜਾਹਿ; ਸੇਈ ਤਾਲਾਜੀਅਹਿ॥) ਕਿਆ ਗਾਲਾਇਓ ਭੂਛ; ਪਰ ਵੇਲਿ. ਨ ਜੋਹੇ, ਕੰਤ ਤੂ॥ (੧੦੯੫) ਬਿਗਾਨੇ ਘਰ ਵਿਭਚਾਰ ਲਈ ਜਾਣਾ, ਸੱਪ ਨਾਲ ਮੇਲ ਕਰਨ ਦੀ ਨਿਆਈਂ ਹੈ। ਯਥਾ:- ਜੈਸਾ ਸੰਗੁ. ਬਿਸੀਅਰ ਸਿਉ ਹੈ ਰੇ; ਤੈਸੋ ਹੀ ਇਹੁ ਪਰ ਗ੍ਰਿਹੁ॥੨॥ (੪੦੩)

ਸ਼ੁਭ ਸਿੱਖਿਆ:- ਗੁਪਤ ਅੰਗ ਕਾਮ ਕੁੰਡੇ ਨੂੰ ਹੱਥ ਨਾਲ ਹਿਲਾ ਕੇ (masturbation) ਅਪਣੀ ਸਿਹਤ ਬਰਬਾਦ ਨ ਕਰੋ। ਬੱਚੇ ਬੱਚੀ ਨੇ ਸੁੱਤਿਆਂ ਕਛਹਿਰੇ 'ਚ ਹੱਥ ਪੌਣਾ ਵੱਡੀ ਗ਼ਲਤੀ ਕੁਰਹਿਤ ਹੈ, ਪੂਰਨ ਗੁਰੂ ਜੀ ਮਨ੍ਹਾ ਕਰਦੇ ਹਨ। ਸਿਆਣੇ ਸ਼ੁਭ ਸਿੱਖਿਆ ਦੇਣ ਇਹ ਚੌਥੀ ਕੁਰਹਿਤ ਹੈ, ਸ਼ੁਭ ਸਿੱਖਿਆ ਨਾ ਮਿਲਣੇ ਕਾਰਨ ਐਸੀ ਗ਼ਲਤੀ ਹੁੰਦੀ ਹੈ।

੮. ਵਾਹਿਗੁਰੂ॥ ਜੈਸੇ ਬਿਖ ਤਨਕ ਹੀ ਖਾਤ ਮਰਿ ਜਾਤਿ; ਤਾਤ ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ। ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲਿਖਾਰੀ ਮਹਾਨ ਪਰਉਪਕਾਰੀ ਧੀਰਜਧਾਰੀ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਇਖ਼ਲਾਕ ਦਾ ਸ਼ੁਭ ਉਪਦੇਸ਼ ਬਖ਼ਸ਼ ਰਹੇ ਹਨ:- ਜੈਸੇ (ਤਨਕ) ਥੋੜੀ (ਹੀ) ਜਿਹੀ (ਬਿਖ) ਜ਼ਹਿਰ (ਖਾਤ) ਖਾਣ ਨਾਲ (ਬਰਖਨ) ਵਰ੍ਹਿਆਂ (ਕੀ) ਦੀ (ਪ੍ਰਤਿਪਾਲੀ) ਪਾਲੀ ਹੋਈ (ਗਾਤਿ) ਦੇਹ (ਤਾਤ) ਛੇਤੀ (ਮੁਰਝਾਤ) ਮੁਰਝਾ ਕੇ ਮਰਿ (ਜਾਤਿ) ਜਾਂਦੀ ਹੈ।

ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ; ਹੋਤ ਭਸਮਾਤ ਛਿਨ ਮੈ ਅਕਰਖਨ ਕੀ। ਜੈਸੇ (ਕੋਟਿ) ਕ੍ਰੋੜ (ਭਾਰਿ) ਪੰਡ (ਅਕਰਖਨ) ਇਕੱਠਾ ਕੀਤਾ (ਤੂਲਿ) ਰੂੰ 'ਚ (ਰੰਚਕ) ਥੋੜੀ ਜਿਹੀ ਅੱਗ (ਕੀ) ਦੀ (ਚਿਨਗ) ਚੰਗਿਆੜੀ (ਪਰੇ) ਪੈ ਜਾਏ ਤਾਂ ਇੱਕ ਛਿਨ (ਮੈ) 'ਚ ਸੜ ਕੇ (ਭਸਮਾਤ) ਸੁਆਹ (ਹੋਤ) ਹੋ ਜਾਂਦਾ ਹੈ।

ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰ; ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ। ਜਿਵੇਂ (ਮਹਿਖੀ) ਮੱਝ (ਦੁਹਾਇ) ਚੋ ਕੇ (ਦੂਧ) ਦੁੱਧ ਦਾ (ਭਾਂਜਨ) ਭਾਂਡਾ ਭਰ ਕੇ (ਰਾਖੀਐ) ਰੱਖ ਦੇਈਏ, ਉਸ 'ਚ ਕਾਂਜੀ (ਕੀ) ਦੀ ਇੱਕ ਬੂੰਦ (ਪਰਤਿ) ਪੈਣ ਨਾਲ, (ਬਾਦਿ) ਬਿਅਰਥ ਹੋ ਜਾਂਦਾ ਹੈ। ਫਿਰ ਉਸ ਨੂੰ ਰਖਨ (ਕੀ) ਦੀ ਗੱਲ (ਨ) ਨਹੀਂ ਰਹਿੰਦੀ ਜੀ।

ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ; ਹਰੈ ਨਿਧਿ ਸੁਕ੍ਰਤ ਸਹਜ ਹਰਖਨ ਕੀ॥੫੦੬॥ (ਤੈਸੇ) ਤਿਵੇਂ ਪਰ ਤਨ ਤੇ ਪਰ (ਧਨ) ਇਸਤ੍ਰੀ ਨੂੰ ਗ੍ਰਹਿਣ ਕਰਨ, (ਦੂਖਨਾ) ਨਿੰਦਾ, ਚੁਗਲੀ ਕਰਨ, ਬਿਕਾਰ ਭੋਗਣ ਨਾਲ (ਸੁਕ੍ਰਤ) ਸ਼ੁਭ ਕਰਮ, (ਸਹਜ) ਸ਼ਾਂਤੀ ਅਤੇ (ਹਰਖਨ) ਪ੍ਰਸੰਨਤਾ (ਕੀ) ਦੀ (ਨਿਧਿ) ਰਾਸ ਪੂੰਜੀ (ਹਰੈ) ਨਾਸ ਹੋ ਜਾਂਦੀ ਹੈ॥੫੦੬॥



੯. ਵਾਹਿਗੁਰੂ॥ ਬਾਲਾਨ ਬਾਲ॥ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਉੱਚੇ ਇਖ਼ਲਾਕ ਦਾ ਸ਼ੁਭ ਸੱਚਾ ਸੁੱਚਾ ਉੱਚਾ ਉਪਦੇਸ਼ ਬਖ਼ਸ਼ ਰਹੇ ਹਨ। ਹੇ ਪਿਆਰੇ ਗੁਰਸਿੱਖੋ! ਜੇ ਕੋਈ ਵਿਕਾਰੀ ਨਾਸਤਕ ਆਪ ਜੀ ਨੂੰ ਕੁਸੰਗ ਕਰਨ ਨੂੰ ਕਹੇ, ਤਾਂ ਇਉਂ ਉਸ ਨੂੰ ਉਪਦੇਸ਼ ਦੇਣਾ ਹੈ:-

ਧਰਮ ਕਰੇ. ਸੁਭ ਜਨਮ; ਧਰਮ ਤੇ ਰੁਪਹਿ ਪੈਯੈ॥ (ਧਰਮ) ਨਾਮ ਸੇਵਾ ਸਿਮਰਨ ਪਰਉਪਕਾਰ (ਕਰੇ) ਕਰਨ ਲਈ ਇਹ (ਸੁਭ) ਸ੍ਰੇਸਟ ਮਾਨਸ ਜਨਮ ਮਿਲਿਆ ਹੈ। ਧਰਮ ਕਮਾਉਣ (ਤੇ) ਲਈ ਅਕਾਲਪੁਰਖੁ ਜੀ ਨੇ ਨਰ ਨਾਰਾਇਣੀ ਅਮੋਲਕ, ਗੋਬਿੰਦ ਜੀ ਨੂੰ ਮਿਲਣ ਵਾਲੀ (ਰੁਪਹਿ) ਦੇਹ (ਪੈਯੈ) ਬਖ਼ਸ਼ੀ ਹੈ। ਯਥਾ:- ਭਈ ਪਰਾਪਤਿ; ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ; ਇਹ ਤੇਰੀ ਬਰੀਆ॥ ਅਵਰਿ ਕਾਜ; ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ; ਭਜੁ ਕੇਵਲ ਨਾਮ॥੧॥

ਧਰਮ ਕੇ ਧਨ ਧਾਮ; ਧਰਮ ਤੇ ਰਾਜ ਸੁਹੈਯੈ॥ ਧਰਮ ਕਮਾਉਂਣ (ਕੇ) ਦੇ ਨਾਲ ਹੀ ਧਨ (ਧਾਮ) ਘਰ ਅਤੇ ਧਰਮ (ਤੇ) ਤੋਂ ਰਾਜ (ਸੁਹੈਯੈ) ਸੋਭਦਾ ਹੈ। ਜਿਵੇਂ ਧਰਮੀ ਰਾਜੇ ਸ਼ਿਵਨਾਭ ਜੀ ਨੇ ਧਰਮੀ ਰਾਜ ਕਰਦਿਆਂ, ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਸ਼ੁਭ ਸੱਚਾ ਸ੍ਰੇਸਟ ਸਿੱਖੀ ਧਰਮ ਕਮਾਇਆ ਜੀ।

ਕਹਯੋ ਤੁਹਾਰੋ ਮਾਨਿ; ਧਰਮ ਕੈਸੇ ਕੋ ਛੋਰੋਂ॥ (ਤੁਹਾਰੋ) ਤੇਰਾ (ਕਹਯੋ) ਕਹਿਆ (ਮਾਨਿ) ਮੰਨ ਕੇ, ਦਾਸਨਦਾਸ ਆਪਣੇ ਧਰਮ (ਕੋ) ਨੂੰ (ਕੈਸੇ) ਕਿਵੇਂ (ਛੋਰੋਂ) ਛੱਡੇ?

ਮਹਾਂ ਨਰਕ ਕੇ ਬੀਚ; ਦੇਹ ਅਪਨੀ ਕਯੋਂ ਬੋਰੋਂ॥੧੬॥ ਮਹਾਂ ਨਰਕ (ਕੇ) ਦੇ (ਬੀਚ) ਵਿੱਚ ਅਪਨੀ ਦੇਹ (ਕਯੋਂ) ਕਿਉਂ (ਬੋਰੋਂ) ਡੋਬਣਾ ਕਰਾਂ?॥੧੬॥

ਕਹਜੋ ਤੁਮਾਰੋ ਮਾਨਿ; ਭੋਗ ਤੋਸੋ ਨਹਿ ਕਰਿਹੋ॥ (ਤੁਮਾਰੋ) ਤੇਰਾ (ਕਹਜੋ) ਕਹਿਆ (ਮਾਨਿ) ਮੰਨ ਕੇ (ਤੋਸੋ) ਤੇਰੇ ਨਾਲ (ਭੋਗ) ਕੁਸੰਗ (ਨਹਿ) ਨਹੀਂ (ਕਰਿਹੋ) ਕਰੂੰਗਾ।

ਕੁਲਿ ਕਲੰਕ ਕੇ ਹੇਤ; ਅਧਿਕ ਮਨ ਭੀਤਰ ਡਰਿਹੋ॥ ਦਾਸਨਦਾਸ ਅਪਣੇ ਮਨ (ਭੀਤਰ) ਵਿੱਚ ਕੁਲਿ ਨੂੰ ਕਲੰਕ ਲਾਉਣ (ਕੇ) ਦੇ (ਹੇਤ) ਲਈ (ਅਧਿਕ) ਅਤਿਅੰਤ (ਡਰਿਹੋ) ਡਰਦਾ ਹਾਂ, ਕਿ ਪਰ ਇਸਤ੍ਰੀ ਨਾਲ ਬੁਰਾ ਕਰਮ ਕਰਨ ਨਾਲ, ਕੁਲ ਨੂੰ ਕਲੰਕ ਨਾ ਲੱਗ ਜਾਵੇ।

ਬਜਾਹਿਤਾ: ਬਿਆਹਿਤਾ- ਛੋਰਿ ਬਜਾਹਿਤਾ ਨਾਰਿ; ਕੇਲ ਤੋਸੋਂ ਨ ਕਮਾਊਂ॥ ਆਪਣੀ (ਬਜਾਹਿਤਾ) ਵਿਆਹੀ ਨਾਰਿ (ਛੋਰਿ) ਛੱਡ ਕੇ (ਤੋਸੋਂ) ਤੇਰੇ ਨਾਲ (ਕੇਲ) ਕੁਸੰਗ (ਨ) ਨਹੀਂ (ਕਮਾਊਂ) ਕਰਾਂਗਾ।

ਧਰਮਰਾਜ ਕੀ ਸਭਾ ਠੋਰ; ਕੈਸੇ ਕਰਿ ਪਾਊਂ॥੧੭॥ ਧਰਮਰਾਜ (ਕੀ) ਦੀ ਸਭਾ 'ਚ (ਕੈਸੇ) ਕਿਸ (ਕਰਿ) ਕਰਕੇ (ਠੋਰ) ਥਾਂ (ਪਾਊਂ) ਪਾਵਾਂਗਾ? ਭਾਵ ਜੋ ਜਤੀ ਸਤੀ ਨਿਰਮਲ ਗੁਰਮੁਖਿ ਹਨ, ਉਨ੍ਹਾਂ ਦੀ ਸੇਵਾ ਧਰਮਰਾਜਾ ਆਪ ਕਰਦਾ,

ਪੂਜਦਾ ਹੈ। ਜਿਵੇਂ ਧਰਮਰਾਜੇ ਨੇ ਗੁਰਮੁਖਿ ਰਾਜਾ ਜਨਕ ਜੀ ਦੀ ਸੇਵਾ ਕੀਤੀ। ਉਨ੍ਹਾਂ ਨੂੰ ਹੀ ਦਰਗਾਹ 'ਚ ਥਾਂ ਪ੍ਰਾਪਤ ਹੁੰਦਾ ਹੈ ਜੀ। ਵਿਕਾਰੀ ਪਾਪੀਆਂ ਨੂੰ ਭਿਆਨਕ ਸਖ਼ਤ ਸਜਾਵਾਂ ਦਿੰਦਾ ਹੈ॥੧੭॥ ਯਥਾ:- ਸੁਨਿ ਸੁਨਿ ਹੀ ਡਰਾਇਆ॥ ਕਰਰੋ ਧ੍ਰਮਰਾਇਆ॥੨॥

**੧੦. ਵਾਹਿਗੁਰੂ॥ ਪ੍ਰਭੂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਅਪਣੇ ਖ਼ਾਲਸੇ ਪੰਥ ਦੀ ਚੜ੍ਹਦੀ ਕਲਾ ਲਈ, ਗੁਰਮਖਿ ਜੀਵਨ ਬਨਾਉਣ ਲਈ, ਸ਼ੁਭ ਸੱਚੇ ਇਖ਼ਲਾਕ ਦਾ ਉਪਦੇਸ਼ ਬਖ਼ਸ਼ ਰਹੇ ਹਨ:-** ਛੰਦ॥ ਸੁਧਿ ਜਬ ਤੇ ਹਮ ਧਰੀ; ਬਚਨ ਗੁਰ ਦਏ ਹਮਾਰੇ॥ (ਜਬ) ਜਦੋਂ (ਤੇ) ਤੋਂ (ਹਮ) ਦਾਸਨਦਾਸ ਨੇ (ਸੁਧਿ) ਹੋਸ਼ (ਧਰੀ) ਸੰਭਾਲੀ, (ਹਮਾਰੇ) ਦਾਸਨਦਾਸ ਦੇ (ਗੁਰ) ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਪਰਮਪੂਜਨੀਕ ਪਿਤਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਇਹ ਸ਼ੁਭ ਸੱਚੇ ਸੁੱਚੇ ਉੱਚੇ ਗੁਰਮਤਿ ਇਖ਼ਲਾਕ ਦੇ ਬਚਨ (ਦਏ) ਬਖ਼ਸ਼ੇ।

ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਫ਼ੁਰਮਾਇਆ:- ਹੇ (ਪੂਤ) ਸਪੁੱਤ੍ਰ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ! (ਤੋਹਿ) ਆਪ ਜੀ ਨੇ ਦਾਸਨਦਾਸ ਨਾਲ (ਇਹੈ) ਇਹ ਪ੍ਰਨ ਕਰਨਾ, ਤੇ (ਜਬ) ਜਦੋਂ (ਲਗ) ਤੱਕ (ਥਾਰੇ) ਆਪ ਜੀ ਦੇ (ਘਟ) ਸ੍ਰੀਰ 'ਚ ਪ੍ਰਾਨ ਹਨ, ਤਦੋਂ ਤੱਕ ਉਸ ਨੂੰ ਨਿਭਾਉਣਾ ਹੈ। ਅੱਗੇ ਗੁਰਮੁਖਿ ਇਖ਼ਲਾਕ ਦਾ ਸ਼ੁੱਭ ਸੱਚਾ ਪ੍ਰਨ ਫ਼ੁਰਮਾਉਂਦੇ ਹਨ ਜੀ:-

ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥) ਨਿਜ ਭਗਤੀ ਸੀਲਵੰਤੀ ਨਾਰਿ॥ ਅਨੁਸਾਰ ਆਪ ਜੀ ਨੇ (ਨਿਜ) ਅਪਣੇ ਤੱਤ ਸਰੂਪ ਨਿਰੰਕਾਰ ਅਕਾਲਪੁਰਖੁ ਵਾਹਿਗੁਰੂ ਜੀ ਦੀ ਗੁਰਮੁਖਿ ਆਗਿਆਕਾਰੀ ਅਨੁਸਾਰੀ ਨਾਰੀ ਹੋ ਕੇ, ਪਤੀ ਵਾਹਿਗੁਰੂ ਜੀ ਦੇ (ਸਾਥ) ਨਾਲ ਇੱਕ ਜੋਤਿ ਹੋਣ ਲਈ ਭਾਉ ਭਗਤੀ 'ਚ ਲੀਣ ਰਹਿਣਾ। (ਤੁਮ) ਆਪ ਜੀ ਨੇ ਪਤੀ ਵਾਹਿਗੁਰੂ ਸਾਹਿਬ ਜੀ ਨਾਲ (ਨੇਹੁ) ਪ੍ਰੇਮ (ਨਿੱਤ) ਨਿਤਾਪ੍ਰਤੀ ਗੁਰਬਾਣੀ ਜਪ ਜਪਾ ਕੇ, ਗੁਰੂ ਸੇਵਾ, ਨਾਮ ਸਿਮਰਨ ਕਰਕੇ (ਬਢੈਯਹੁ) ਵਧਾਉਣਾ ਹੈ ਜੀ।

ਪ੍ਰੇਮ ਬਿਨੈ:- (ਬੀ-ਬੀ ਅਰਥ ਬਹੂ, ਪੋਲਾ ਬੋਲੋ) ਕੂੜੁ ਮੀਆ ਕੂੜੁ ਬੀਬੀ; ਖਪਿ ਹੋਏ [1]ਖਾਰੁ॥ ਕੂੜਿ ਕੂੜੈ ਨੇਹੁ ਲਗਾ; ਵਿਸਰਿਆ ਕਰਤਾਰੁ॥ ([1]ਸੁਆਹ) ਅਨੁਸਾਰ ਪਤੀ ਸਤੀ ਵਿਕਾਰਾਂ 'ਚ ਖਪ ਕੇ ਸੁਆਹ ਹੋ ਜਾਂਦੇ ਹਨ। ਇਉਂ ਗ੍ਰਿਸਤ ਪ੍ਰਧਾਨ ਨਹੀਂ ਹੈ। ਸਿਰਫ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਸਿੱਖੀ ਕਮਾਉਣ ਅਤੇ ਗੁਰ ਭਗਤ, ਧਰਮੀ ਸੂਰਮੇ ਪੈਦਾ ਕਰਨੇ ਕਰਕੇ ਹੀ ਗ੍ਰਿਸਤ ਧਰਮ ਪ੍ਰਧਾਨ ਹੈ ਜੀ। ਯਥਾ:- ਜੋਗੁ ਨ. ਭਗਵੀ ਕਪੜੀ; ਜੋਗੁ ਨ. ਮੈਲੇ ਵੇਸਿ॥ ਨਾਨਕ. ਘਰਿ ਬੈਠਿਆ ਜੋਗੁ ਪਾਈਐ; ਸਤਿਗੁਰ ਕੈ ਉਪਦੇਸਿ॥੬੪॥ ਇਸ ਲਈ ਪਤੀ ਸਤੀ ਵਿਕਾਰ ਤਿਆਗ ਕੇ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੇਕ ਲੈ ਕੇ, ਗੁਰਸਿੱਖੀ ਕਮਾਉਂਦਿਆਂ ਇੱਕ ਜੋਤਿ ਹੋਣ ਜੀ। ਯਥਾ:- ਮਃ ੩॥ ਧਨ ਪਿਰੁ ਏਹਿ. ਨ ਆਖੀਅਨ੍ਹਿ; ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ; ਧਨ ਪਿਰੁ ਕਹੀਐ ਸੋਇ॥੩॥) ਮਃ ੫॥ ਨਾਨਕ. ਸਤਿਗੁਰਿ ਭੇਟਿਐ; ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ; ਵਿਚੇ ਹੋਵੈ ਮੁਕਤਿ॥੨॥ ਤਥਾ:- ਗੁਰ ਕੈ ਸਬਦਿ; ਭਰਮ ਭਉ ਭਾਗੈ॥ ਵਿਚੇ ਗ੍ਰਿਹ. ਸਦਾ ਰਹੈ ਉਦਾਸੀ; ਜਿਉ ਕਮਲੁ ਰਹੈ ਵਿਚਿ ਪਾਣੀ ਹੇ॥੧੦॥

ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ ਨ ਜੈਯਹੁ॥੧॥ (ਪਰ) ਪਰਾਈ (ਨਾਰੀ) ਇਸਤ੍ਰੀ (ਕੀ) ਦੀ ਸੇਜ 'ਤੇ (ਭੂਲਿ)

ਭੁੱਲ ਕੇ ਸੁਪਨੇ 'ਚ (ਹੂੰ) ਨਿਸਚੇ ਕਰਕੇ ਭੀ (ਨ) ਨਹੀਂ (ਜੈਯਹੁ) ਜਾਣਾ ਕਰਿਓ॥੧॥ ਯਥਾ:- ਹਉ ਤਿਸੁ. ਘੋਲਿ ਘੁਮਾਇਆ; ਪਰ ਨਾਰੀ ਦੇ. ਨੇੜਿ ਨ ਜਾਵੈ।

{ਵਾਹੁ ਵਾਹੁ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਸਾਹਿਬ ਜੀ ਕੈਸੀ ਉੱਚੀ ਸੁੱਚੀ ਨਿਰਮਲ ਗੁਰਮੁਖਿ ਅਵਸਥਾ ਕਥਨ ਕਰਦੇ ਹਨ ਕਿ ਗੁਰਮੁਖਿ ਗੁਰਸੇਵਕ ਸੁਪਨੇ 'ਚ ਭੀ ਪਰਾਇਆ ਰੂਪ ਨਹੀਂ ਦੇਖਦੇ, ਵਿਕਾਰਾਂ ਤੋਂ ਜਾਗਦਿਆਂ ਸੁੱਤਿਆਂ ਅਪਰਸ ਹਨ। ਯਥਾ:- ਇੰਦ੍ਰੀ ਜਿਤ; ਪੰਚ ਦੋਖ ਤੇ ਰਹਤ॥ ਨਾਨਕ. ਕੋਟਿ ਮਧੇ; ਕੋ ਐਸਾ ਅਪਰਸ॥੧॥} ਇਉਂ ਹਰੇਕ ਗੁਰਦੁਆਰੇ ਆਦਿ ਧਾਰਮਿਕ ਅਸਥਾਨ 'ਚ ਇਹ ਸਿੱਖਿਆ ਹੋਵੇ। ਸਾਧੂ ਸੰਤ, ਸੰਥਿਆ ਦੇਣ ਵਾਲੇ ਆਦਿ ਅਪਣੇ ਗੁਰਮੁਖਿ ਵਿੱਦਿਆਰਥੀਆਂ ਨੂੰ ਇਹ ਸਿੱਖਿਆ ਦੇ ਕੇ ਸੌਂਹ ਪਵਾਉਣ। ਮਾਪੇ ਅਪਣੇ ਬੱਚਿਆਂ ਨੂੰ ਸ਼ੁਭ ਸੱਚੀ ਗੁਰਮਤਿ ਸਿੱਖਿਆ ਛੋਟੀ ਉਮਰ 'ਚ ਦੇਣ। ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ 'ਚ ਅਪਣੇ ਬਚਿਆਂ ਨੂੰ ਲਿਜਾ ਕੇ ਹੀ ਉਪ੍ਰੋਕਤ ਪ੍ਰਣ ਕਰਾਉਣ, ਜਿਸ ਕਰਕੇ ਉਨ੍ਹਾਂ ਦਾ ਜੀਵਨ ਗੁਰਮਤਿ ਨਾਮ ਬਾਣੀ ਸੇਵਾ ਸਿਮਰਨ ਵਾਲਾ ਹੋਵੇ। ਪੰਜ ਗੁਰਮੁਖਿ ਪਿਆਰਿਆਂ ਤੋਂ ਚੜ੍ਹਦੀ ਕਲਾ, ਉੱਚਾ ਸੁੱਚਾ ਗੁਰਮੁਖਿ ਇਖ਼ਲਾਕ, ਗੁਰੂ ਸੇਵਾ ਨਾਮ ਸਿਮਰਨ ਵਾਲਾ ਗੁਰਮੁਖਿ ਜੀਵਨ ਲਈ ਦੀ ਅਰਦਾਸ ਕਰਾਉ ਜੀ।



ਸੇਵਾ ਰਤਨ, ਪਰਉਪਕਾਰ ਦੇ ਸੂਰਜ, ਮਹਾਂਨ ਗੁਰਮੁਖਿ ਭਗਤ ਪੂਰਨ ਸਿੰਘ ਜੀ ਨੇ ਅਪਣੇ ਗੁਰਮੁਖਿ ਮਾਤਾ ਜੀ ਨਾਲ ਚੰਗੇ ਉੱਚੇ ਗੁਰਮੁਖਿ ਇਖ਼ਲਾਕ ਨੂੰ ਧਾਰਨ, ਮਨ ਵਿਕਾਰਾਂ ਵੱਲੋਂ ਪਵਿੱਤ੍ਰ ਰੱਖਣ ਦਾ ਪ੍ਰਣ ਕੀਤਾ। ਜਿਸ ਦਾ ਸਦਕਾ ਭਗਤ ਜੀ ਲਿਖਦੇ ਹਨ:- "ਮੈਂ ਆਪਣੀ ਮਾਂ ਨੂੰ ਕਿਹਾ ਕਿ ਮਾਂ ਮੈਨੂੰ ਹਸਪਤਾਲਾਂ ਨੂੰ ਲਿਜਾਣ ਲਈ ਇਸਤਰੀਆਂ ਨੂੰ ਟਾਂਗਿਆਂ 'ਤੇ ਚਾੜ੍ਹਨਾ ਵੀ ਪੈਂਦਾ ਹੈ ਤੇ ਉਤਾਰਨਾ ਵੀ ਪੈਂਦਾ ਹੈ। ਮਾਂ ਇਸਤ੍ਰੀਆਂ ਦੇ ਸਰੀਰਾਂ ਨੂੰ ਮੈਨੂੰ ਹੱਥ ਤਾਂ ਲਾਉਣਾ ਪਵੇਗਾ, ਪਰ ਮੈਂ ਤੇਰੇ ਨਾਲ ਇਹ ਪ੍ਰਣ ਕਰਦਾ ਹਾਂ ਕਿ ਮੈਂ ਹਿਰਦੇ ਦੀ ਮੰਦ-ਭਾਵਨਾ ਨਾਲ ਕਿਸੇ ਇਸਤਰੀ ਦੇ ਗੁੱਟ ਨੂੰ ਵੀ ਹੱਥ ਨਹੀਂ ਲਾਵਾਂਗਾ- ਸਾਰੀ ਉਮਰ ਕੁਆਰਾ ਰਹਾਂਗਾ-ਵਿਆਹ ਨਹੀਂ ਕਰਾਵਾਂਗਾ ਤੇ ਆਪਣੇ ਕੁਆਰੇਪਨ ਦਾ ਸਾਰਾ ਜੀਵਨ ਇਸਤਰੀਆਂ ਵੱਲੋਂ ਹਿਰਦੇ ਦੀ ਪੂਰੀ ਪਵਿੱਤਰਤਾ ਨਾਲ ਬਤੀਤ ਕਰਾਂਗਾ" "ਵਾਹਿਗੁਰੂ ਦੀ ਮਿਹਰ ਹੈ ਕਿ ਆਪਣੀ ਮਾਂ ਨਾਲ ਮਨ ਦੀ ਪਵਿੱਤਰਤਾ ਵਾਲਾ ਕੀਤਾ ਹੋਇਆ ਪ੍ਰਣ ਮੈਂ ਵਰਤਮਾਨ ਕਾਲ ਦਾ ਆਪਣੀ ੮੫ ਸਾਲ ਦੀ ਉਮਰ ਤੱਕ ਦੇ ਸਾਰੀ ਉਮਰ ਦੇ ਕੁਆਰਪੁਣੇ ਵਿੱਚ ਸਫ਼ਲਤਾ ਨਾਲ ਨਿਭਾਉਂਦਾ ਆਇਆ ਹਾਂ। ਜੇ ਕਿਤੇ ਮੇਰਾ ਉਹ ਪ੍ਰਣ ਟੁੱਟ ਜਾਂਦਾ ਤਾਂ ਮੇਰਾ ਜੀਵਨ ਕਲੰਕਿਤ ਹੋ ਜਾਂਦਾ। ਉਸ ਦੀ ਫਿਟਕਾਰ ਸਦਾ ਮੇਰੇ ਮਨ 'ਤੇ ਛਾਈ ਰਹਿਣੀ ਸੀ। ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ ਕਿ ਆਪਣੀ ਮਾਂ ਨਾਲ ਕੀਤਾ ਹੋਇਆ ਆਪਣਾ ਪ੍ਰਣ ਮੈਨੂੰ ਹਰ ਵੇਲੇ ਯਾਦ ਰਹਿੰਦਾ ਹੈ ਤੇ ਮੈਨੂੰ ਪੂਰੀ ਤਰ੍ਹਾਂ ਚੁਕੰਨ ਰੱਖਦਾ ਹੈ, ਮੇਰੇ ਪਾਸੋਂ ਹਰ ਵੇਲੇ ਵਾਹਿਗੁਰੂ ਦਾ ਸਿਮਰਨ ਕਰਾਉਂਦਾ ਰਹਿੰਦਾ ਹੈ" (ਪੁਸਤਕ: ਕਹਾਣੀਆਂ, ਭਗਤ ਪੂਰਨ ਸਿੰਘ ਜੀ)

ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ (ਪਰ) ਪਰਾਈ (ਨਾਰੀ) ਇਸਤ੍ਰੀ ਅਹਿਲਿਆ ਨਾਲ (ਬਾਸਵ) ਦੇਵਤਿਆਂ ਦੇ ਰਾਜੇ ਇੰਦ੍ਰ (ਕੇ) ਦੇ (ਭਜੇ) ਭੋਗ ਕਰਨੇ ਕਰਕੇ, ਅਹਿਲਿਆ ਦੇ ਪਤੀ ਗੋਤਮ ਰਿਖੀ ਦੇ ਸਰਾਪ ਨਾਲ,

ਇੰਦ੍ਰ ਨੇ ਸ੍ਰੀਰ ’ਤੇ (ਸਹਸ) ਹਜ਼ਾਰ (ਭਗ) ਇਸਤ੍ਰੀ ਦੇ ਗੁਪਤ ਅੰਗ (ਪਾਏ) ਪਾ ਲਏ ਭਾਵ ਕੋਹੜ ਹੋ ਗਿਆ। ਯਥਾ:- ਗੋਤਮੁ ਤਪਾ. ਅਹਿਲਿਆ ਇਸਤ੍ਰੀ; ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ; ਤਾ ਮਨਿ ਪਛੋਤਾਇਆ॥੧॥

**ਸਾਖੀ ਇੰਦ੍ਰ ਤੇ ਅਹਿਲਿਆ ਦੀ, ਚਰਿੱਤ੍ਰ ਇੱਕ ਸੌ ਪੰਦਰਾਂ:-** ਕੁੱਝ ਦੇਵਤੇ ਇੰਦ੍ਰ ਸਮੇਤ ਗੋਤਮ ਰਿਖੀ ਦੇ ਘਰ ਕੰਮ ਕਰਨ ਆਏ ਸਨ, ਤਦ ਰੂਪ ਅਹਿੱਲਯਾ ਕੋ ਨਿਰਖਿ ਰੀਝਿ ਰਹਿਯੋ ਸੁਰਰਾਜ॥ ਅਨੁਸਾਰ ਇੰਦ੍ਰ ਅਹਿਲਿਆ ਦਾ ਰੂਪ ਦੇਖ ਕੇ ਕਾਮ ’ਚ ਲੁਭਾਏਮਾਨ ਹੋ ਗਿਆ। ਯਥਾ:- ਗੋਤਮੁ ਤਪਾ. ਅਹਿਲਿਆ ਇਸਤ੍ਰੀ; ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਅਤੇ ਅਹਿਲਿਆ ਭੀ ਇੰਦ੍ਰ ਦੇ ਰੂਪ ਨੂੰ ਦੇਖ ਕੇ ਕਾਮ ਦੀ ਵਸੀਕਾਰ ਹੋ ਗਈ। ਯਥਾ:- ਦੋਹਰਾ॥ ਤਬ ਅਬਲਾ ਸੁਰਰਾਜ ਕੋ ਮੋਹੀ ਰੂਪ ਨਿਹਾਰਿ॥ ਹਰ ਅਰਿ ਸਰ ਤਾਕੌ ਹਨਯੋ ਘਾਯਲਿ ਭਈ ਸੁਮਾਰ॥੬॥ ਅਹਿਲਿਆ ਦੇ ਕਹੇ ਅਨੁਸਾਰ, ਉਸ ਦੀ ਸਹੇਲੀ ਜੋਗਨੇਸ਼ੇ ਨੇ ਇੰਦ੍ਰ ਕੋਲ ਜਾ ਕੇ ਕਿਹਾ “ਹੇ ਇੰਦ੍ਰ! ਅਹਿਲਿਆ ਤੇਰੇ ਪ੍ਰੇਮ ਦੇ ਵਸੀਕਾਰ ਹੋ ਕੇ, ਬੇਬਲ ਹੋ ਰਹੀ ਹੈ। ਛੇਤੀ ਜਾ ਕੇ ਉਸ ਨੂੰ ਮਿਲੋ।” ਇਹ ਗੱਲ ਸੁਣ ਕੇ ਇੰਦ੍ਰ ਪ੍ਰਸੰਨ ਹੋ ਕੇ ਉਸ ਕੋਲ ਗਿਆ। ਉਸ ਸਮੇਂ, ਗੋਤਮ ਰਿਖੀ ਤਪ ਕਰਨ ਲਈ ਜੰਗਲ ’ਚ ਗਿਆ ਸੀ।

ਕੁੱਝ ਸਮਾਂ ਬਾਅਦ, ਘਰ ’ਚ ਖੜਕਾ ਸੁਨ ਨੇ ਗੋਤਮ ਰਿਖੀ ਦਾ ਧਿਆਨ ਘਰ ਵਲ ਹੋਇਆ, ਤੇ ਘਰ ਨੂੰ ਤੁਰ ਪਿਆ, ਸੋਚਣ ਲੱਗਾ ਕਿ ਕੌਣ ਆਇਆ ਹੈ? ਰਿਖੀ ਜੀ ਨੂੰ ਆਉਂਦਾ ਦੇਖ ਕੇ, ਇੰਦ੍ਰ ਮੰਜੇ ਹੇਠਾਂ ਲੁਕ ਗਿਆ। ਯਥਾ:- ਸਵੈਯਾ॥ ਸ੍ਰੌਨਨ ਮੋ ਖਰਕੋ ਸੁਨਿ ਕੈ ਤਬ ਹੀ ਮੁਨਿ ਨਾਯਕ ਚੌਕਿ ਪਰਯੋ ਹੈ॥ ਧਿਯਾਨ ਦਿਯੋ ਤਜਿ ਕੇ ਸਭਹੀਂ ਤਬ ਹੀ ਰਿਸ ਕੇ ਤਨ ਸਾਥ ਜਰਯੋ ਹੈ॥ ਧਾਮ ਕੀ ਓਰ ਚਲਯੋ ਉਠਿਕੈ ਸੁਰਰਾਜ ਲਖਿਜ ਤਰ ਖਾਟ ਦੁਰਯੋ ਹੈ॥ ਚੌਕਿ ਰਹਯੋ ਕਿਤ ਮਾਂਝ ਕਹਯੋ ਯਹ ਕਾਹੂੰ ਨਿਲਾਜ ਕੁਕਾਜ ਕਰਯੋ ਹੈ॥੧੫॥ ਘਰੇ ਆ ਕੇ ਰਿਖੀ ਜੀ ਕ੍ਰੋਧ ’ਚ ਬੋਲਿਆ “ਕਿਹੜਾ ਪੁਰਸ਼ ਆਇਆ ਹੈ?” ਅਹਿਲਿਆ ਹੱਸ ਕੇ ਬੋਲੀ “ਹੇ ਪਤੀ ਦੇਵ! ਕੋਈ ਨਹੀਂ ਆਇਆ, ਇੱਕ ਬਿਲਾ ਆਇਆ ਸੀ ਉਹ ਡਰ ਕੇ ਮੰਜੇ ਹੇਠਾਂ ਲੁਕ ਗਿਆ।” ਇਉਂ ਰਿਖੀ ਜੀ ਨੂੰ ਟਾਲ ਕੇ ਹੋਮ ਆਦਿ ਜਪ ਤਪ ਕਰਨ ਭੇਜ ਦਿਤਾ।

ਕੁੱਝਕ ਦਿਨ ਮਗਰੋਂ, ਰਿਖੀ ਜੀ ਨੂੰ ਅਸਲ ਭੇਦ ਪਤਾ ਲੱਗਾ, ਤਾਂ ਕ੍ਰੋਧ ਦੇ ਵਸੀਕਾਰ ਹੋ ਕੇ ਕਿਹਾ “ਹੇ ਇੰਦ੍ਰ! ਤੂੰ ਮੇਰੇ ਗ੍ਰੀਬ ਦੀ ਝੌਂਪੜੀ ਵੱਲ ਬੁਰੀ ਨਿਗ੍ਹਾ ਨਾਲ ਤੱਕਿਆ। ਸਚੀ ਜੈਸੀਆਂ ਤੇਰੀਆਂ ਬਿਅੰਤ ਸੋਹਣੀਆਂ ਤੋਂ ਸੋਹਣੀਆਂ ਰਾਣੀਆਂ ਹਨ, ਪਰ ਫਿਰ ਭੀ ਤੇਰੀ ਵਿਕਾਰ ਭੋਗਣ ਦੀ ਇੱਛਾ ਤ੍ਰਿਪਤ ਨਹੀਂ ਹੋਈ। ਤੇਰੇ ਸ੍ਰੀਰ ’ਤੇ ਹਜ਼ਾਰ ਭਗ ਦੇ ਚਿੰਨ੍ਹ ਹੋ ਜਾਣ।” ਚਲਿੱਤ੍ਰ ਖੇਡਣ ਕਾਰਣ ਅਪਣੀ ਇਸਤ੍ਰੀ ਨੂੰ ਭੀ ਸਰਾਪ ਦਿਤਾ ਕਿ ਚਾਰ ਜੁੱਗ ਪੱਥਰ ਬਣ। ਯਥਾ:- ਸਹੰਸਰ ਦਾਨ ਦੇ; ਇੰਦ੍ਰੁ ਰੋਆਇਆ॥ ) ਤਬ ਹੀ  ਰਿਸਿਕੈ, ਰਿਖਿ ਸ੍ਰਾਪ ਦਿਯੋ॥ ਸੁਰ ਨਾਯਕ ਕੌਂ, ਭਗਵਾਨ ਕਿਯੋ॥ ਭਗ ਤਾਹਿ ਸਹੰਸ੍ਰ ਭਏ, ਤਨ ਮੈ॥ ਤ੍ਰਿਦਸੇਸ, ਲੱਜਾਇ ਰਹਯੋ ਮਨ ਮੈ॥੨੧॥ ਦੋਹਰਾ॥ ਸ੍ਰਾਪ ਦਿਯੋ, ਤ੍ਰਿਯ ਕੌਂ ਬਹੁਰਿ, ਜੋ ਤੈਂ ਕਿਯੋ ਚਰਿਤ੍ਰ॥ ਤੈਂ ਪਾਹਨ ਕੀ ਚਾਰਿ ਜੁਗ, ਹੋਹਿ ਸਿਲਾ ਅਪਵਿੱਤ੍ਰ॥੨੨॥੧॥

ਸ਼ਰਮ ਦਾ ਮਾਰਿਆ, ਇੰਦ੍ਰ ਰੋਂਦਾ ਰੋਂਦਾ, ਦਰਿਆ ਕਿਨਾਰੇ ਨੜਿਆਂ ’ਚ ਜਾ ਲੁਕਿਆ। ਦੇਵਤਿਆਂ ਦੇ ਗੁਰੂ ਬ੍ਰਹਸਪਤਿ ਜੀ ਨੇ ਇੰਦ੍ਰ ਨੂੰ ਰਾਮ ਰਾਮ ਜਪਾਇਆ। ਤਾਂ ਹਜ਼ਾਰ ਭਗ ਬਦਲ ਕੇ ਹਜ਼ਾਰ ਨੇਤ੍ਰ ਹੋ ਗਏ। ਪਰ ਫਿਰ ਭੀ ਵਿਕਾਰੀ ਇੰਦ੍ਰ, ਹਜ਼ਾਰ ਨੇਤ੍ਰਾਂ ਨਾਲ ਨਾਚ ਦੇਖਣ ਤੋਂ ਹਟਿਆ ਨਹੀਂ।

**ਸ਼ੁਭ ਸਿੱਖਿਆ:-** ਵਿਕਾਰ ਭੋਗਣ ਨਾਲ ਵਿਕਾਰ ਦੀ ਇੱਛਾ ਹੋਰ ਪ੍ਰਬਲ ਹੋ ਜਾਂਦੀ, ਤੇ ਜੀਵ ਦੀ ਇੰਦ੍ਰ ਵਾਂਗ ਦੁਰ ਦਸ਼ਾ

ਹੁੰਦੀ ਹੈ ਜੀ। ਵਿਕਾਰਾਂ ਦੀ ਅੱਗ ਕੇਵਲ ਸੱਚੇ ਗੁਰਬਾਣੀ ਜੀ ਸੁਣ ਮੰਨ ਕਮਾ ਕੇ ਹੀ ਬੁਝਦੀ ਹੈ ਜੀ ਰਾਮ ਜੀ। ਪੂਰਨ ਗੁਰੂ ਜੀ ਅੱਗੇ ਅਰਦਾਸ ਕਰੋ। "ਹੇ ਮਹਾਰਾਜ ਜੀ! ਵਿਕਾਰਾਂ ਦੀ ਅੱਗ ਬੁਝਾਉ ਜੀ, ਸੱਚਾ ਨਾਮ ਜਪਾਉ ਜੀ, ਅੰਮ੍ਰਿਤ ਨੈਕਟ੍ਰ ਪਿਆਉ ਜੀ, ਅਪਣੀ ਆਗਿਆਕਾਰੀ ਗੁਰਮੁਖਿ ਵਾਈਫ਼ ਬਣਾਉ ਜੀ! ਗੁਰਮੁਖਿ ਗੁਰਸੇਵਕਾਂ ਦੀ ਸੰਗਤ ਸੇਵਾ ਬਖ਼ਸ਼ੋ ਜੀ!" ਸਤਿਗੁਰੂ ਸਾਹਿਬ ਜੀ ਆਪ ਅੱਗ ਬੁਝਾਉਂਦੇ ਹਨ ਜੀ। ਪਤੀ ਸਤੀ ਇੱਕ ਜੋਤਿ ਹੋਣ ਲਈ, ਘਰ 'ਚ ਸੁਖ ਸ਼ਾਂਤੀ, ਏਕਤਾ, ਗੁਰਮੁਖਿ ਕ੍ਰੈਕਟ੍ਰ, ਰਿਦੇ 'ਚੋਂ ਮੂੰਹ 'ਚ ਨੈਕਟ੍ਰ ਦੀ ਪ੍ਰਾਪਤੀ ਲਈ, ਘਰ ਸੱਚਖੰਡ ਬਨਾਉਣ ਲਈ, ਸਾਰਾ ਪਰਿਵਾਰ ਇਕੱਠਾ ਹੋ ਕੇ, ਸਕ੍ਰੀਨ 'ਤੇ ਗੁਰਬਾਣੀ ਜੀ ਦੇ ਦਰਸ਼ਨ ਕਰਕੇ, ਗੁਰਬਾਣੀ ਗਾਉਣ, ਸ਼ੁੱਧ ਗੁਰਬਾਣੀ ਸਾਊਂਡ ਸੁਨਣ, ਗੁਰਬਾਣੀ ਅਰਥ ਦੀ ਵੀਚਾਰ ਕਰਨ ਜੀ। ਇਕੱਠੇ ਹੋ ਕੇ ਸ਼ੁੱਧ ਸਹਿਜ ਪਾਠ ਸੁਣਦਿਆਂ, ਇਕੱਲਾ ਇਕੱਲਾ ਅੱਖਰ, ਪੂਰੀਆਂ ਲਗਾਂ ਲਾ ਕੇ ਮਗਰ ਬੋਲਣ।

ਹਰ ਪਰਿਵਾਰ ਦਾ ਜੀਵ ਮੈਂਬਰ ਗੁਰਮੁਖਿ ਗੁਰਮੁਖੀ ਬਾਲ ਉਪਦੇਸ਼ ਦੇ ਪੰਜ ਪਾਠ ਸੁਨਣ, ਮਗਰ ਬੋਲਣ। ਘਰੇ ਟੈਲੀਵੀਜ਼ਨ ਨਾ ਲਾਉਣ, ਬੈਡ ਮੂਵੀਆਂ ਨਾ ਦੇਖਣ। ਚੌਵੀ ਘੰਟੇ, ਐਪ ਤੋਂ ਸ਼ੁੱਧ ਗੁਰਬਾਣੀ ਲਾ ਕੇ ਰਾਤ ਦਿਨ ਸੁਣਦੇ ਰਹਿਣ। ਇਕੱਠੇ ਹੋ ਕੇ ਗੁਰੂ ਘਰ ਜਾ ਕੇ ਸੇਵਾ ਸਿਮਰਨ ਕਰਨ। ਕਲਿਜੁੱਗ ਦੀ ਭੈੜੀ ਵਿਕਾਰੀ ਅੱਗ ਤੋਂ ਬਚਣ ਲਈ ਸਤਿਗੁਰੂ ਸਾਹਿਬ ਜੀ, ਸਾਧਸੰਗਤ ਜੀ ਦੀ ਓਟ ਲਵੋ ਜੀ ਰਾਮ ਪਿਆਰੇ। ਯਥਾ:- ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।) ਸੁਖਿ ਬੈਸਹੁ; ਸੰਤ ਸਜਨ ਪਰਵਾਰੁ॥ ਹਰਿ ਧਨੁ ਖਟਿਓ; ਜਾ ਕਾ. ਨਾਹਿ ਸੁਮਾਰੁ॥ ਜਿਵੇਂ ਸਾਡੇ ਅੰਦਰ ਤ੍ਰਿਸਨਾ, ਈਰਖਾ, ਵਿਕਾਰਾਂ ਔਗੁਣਾਂ ਦੀ ਅੱਗ ਬਲਦੀ ਹੈ, ਇਹ ਗੁਰਬਾਣੀ ਲਿਖਣ, ਸੁਨਣ, ਗਾਉਣ, ਵੀਚਾਰਨ, ਰਿਦੇ 'ਚ ਵਸਾਉਣ ਨਾਲ ਹੀ ਬੁਝਦੀ ਹੈ। ਰੱਜ ਕੇ ਆਪਾਂ ਪਦਾਰਥ ਖਾਂਦੇ ਹਾਂ, ਪਰ ਫਿਰ ਭੀ ਗੁਰਬਾਣੀ ਜੀ ਬਿਨਾ ਨੀਅਤ ਨਹੀਂ ਰੱਜਦੀ, ਸਾਰੀ ਜ਼ਿੰਦਗੀ, ਜਨਮਾਂ ਜਨਮਾਂ ਤੱਕ ਭੁੱਖਾ ਰਹਿੰਦਾ ਹੈ।

ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ (ਕੇ) ਦੇ ਨਾਲ (ਭਜੇ) ਭੋਗ ਕਰਨ ਨਾਲ (ਚੰਦ੍ਰ) ਚੰਦ੍ਰਮਾ ਨੇ ਅਪਣੇ ਆਪ ਨੂੰ ਕਾਲੰਕ ਲਗਾਏ ਲਿਆ ਸੀ। ਭਾਵ ਚੰਦ੍ਰਮਾ ਨੇ ਦੇਵਤਿਆਂ ਦੇ ਗੁਰੂ ਬ੍ਰਹਸਪਤ ਦੀ ਇਸਤ੍ਰੀ ਨਾਲ ਕੁਸੰਗ ਕਰਨ ਤੋਂ ਬ੍ਰਹਸਪਤ ਨੇ ਕ੍ਰੋਧ 'ਚ ਕਾਲੇ ਹਿਰਨ ਦੀ ਖਲ ਉਸਦੇ ਮਾਰੀ ਜਿਸ ਕਰਕੇ ਕਲੰਕ ਲੱਗ ਗਿਆ। ਯਥਾ:- ਚੌਪਈ॥ ਇਮ ਹਰਿ, ਧਰਾ ਚੰਦ੍ਰ ਅਵਤਾਰਾ॥ ਬਢਿਯੋ ਗਰਬ, ਲਹਿ ਰੂਪ ਅਪਾਰਾ॥ ਆਨ ਕਿਸੂ ਕੱਹੁ, ਚਿਤਿ ਨ ਲਿਆਯੋ॥ ਤਾਂਤੇ ਤਾਂਹਿ, ਕਲੰਕ ਲਗਾਯੋ॥੧੨॥੪੧੪॥ ਭਜਤ ਭਯੋ, ਅੰਬਰ ਕੀ ਦਾਰਾ॥ ਤਾ ਤੇ ਕੀਯ ਮੁਨਿ, ਰੋਸ ਅਪਾਰਾ॥ ਕ੍ਰਿਸ਼ਨਾਰਜੁਨ ਮ੍ਰਿਗ ਚਰਮ ਚਲਾਯੋ॥ ਤਿੱਹ ਕਰਿ, ਤਾਹਿ ਕਲੰਕ ਲਗਾਯੋ॥੧੩॥੪੧੫॥ ਸ੍ਰਾਪ ਲਗਯੋ ਤਾਂਕੋ, ਮੁਨਿ ਸੰਦਾ॥ ਘਟਤ ਬਢਤ ਤਾਂ ਦਿਨ ਤੇ, ਚੰਦਾ॥ ਲਜਿਤ ਅਧਿਕ, ਹਿਰਦੇ ਮੋ ਭਯੋ॥ ਗਰਬ ਅਖਰਬ, ਦੂਰ ਹੁਐ ਗਯੋ॥੧੪॥੪੧੬॥ ਤਪਸਾ ਕਰੀ, ਬਹੁਰੁ ਤਿੱਹ ਕਾਲਾ॥ ਕਾਲਪੁਰਖ, ਪੁਨਿ ਭਯੋ ਦਿਆਲਾ॥ ਛਈ ਰੋਗ, ਤਿਹ ਸਕਲ ਬਿਨਾਸਾ॥ ਭਯੋ ਸੂਰ ਤੇ, ਊਚ ਨਿਵਾਸਾ॥੧੫॥੪੧੭॥ ਇਤਿ ਸ੍ਰੀ ਚੰਦ੍ਰ ਅਵਤਾਰ ਉਨੀਸਵੋਂ॥੧੯॥ ਸੁਭ ਮਸਤੁ॥

ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ (ਪਰ) ਪਰਾਈ (ਨਾਰੀ) ਇਸਤ੍ਰੀ (ਕੇ) ਦੇ (ਹੇਤ) ਪਿਆਰ ਦੇ ਵਸੀਕਾਰ ਹੋ ਕੇ, (ਦਸ) ਦਸਾਂ (ਸੀਸ) ਸਿਰਾਂ ਵਾਲੇ ਹੰਕਾਰੀ ਰਾਵਣ ਨੇ ਅਪਣੇ ਸਾਰੇ (ਸੀਸ) ਸਿਰ (ਗਵਾਯੋ) ਗਵਾਏ ਭਾਵ ਜਦੋਂ ਰਾਵਣ ਸੀਤਾ ਜੀ ਨੂੰ ਚੁਰਾ ਕੇ ਲੰਕਾ ਲੈ ਗਿਆ ਸੀ। ਸ੍ਰੀ ਰਾਮਚੰਦ੍ਰ ਜੀ ਨੇ ਅਪਣੀ ਪਤੀ ਬ੍ਰਤਾ ਇਸਤ੍ਰੀ ਨੂੰ ਬਚਾਉਣ ਲਈ ਰਾਵਣ ਨਾਲ ਯੁੱਧ ਕੀਤਾ। ਭਗਤ ਬਭੀਖਣ ਜੀ ਨੇ ਭੇਦ ਦਿਤਾ "ਹੇ ਸ੍ਰੀ ਰਾਮਚੰਦ੍ਰ ਜੀ! ਇਸ ਦੇ ਰਿਦੇ ਅੰਮ੍ਰਿਤ ਹੈ, ਮਾਰਿਆ ਮਰਨਾ ਨਹੀਂ, ਕਲੇਜੇ 'ਚ ਤੀਰ ਵੱਜਣ ਤੋਂ ਮਰੂਗਾ" ਤਾਂ ਗੁਰਮੁਖਿ ਸ੍ਰੀ ਰਾਮਚੰਦ੍ਰ ਜੀ ਨੇ ਵੀਹ ਤੀਰ

ਇਕੱਠੇ ਕਲੇਜੇ 'ਚ ਮਾਰ ਕੇ ਮਾਰ ਦਿਤਾ ਸੀ। ਯਥਾ:- ਰਾਮਚੰਦਿ; ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥) ਰੋਵੈ ਦਹਸਿਰੁ; ਲੰਕ ਗਵਾਇ॥ ਜਿਨਿ ਸੀਤਾ ਆਦੀ; ਡਉਰੂ ਵਾਇ॥) ਭੂਲੋ ਰਾਵਣੁ; ਮੁਗਧੁ ਅਚੇਤਿ॥ ਲੂਟੀ ਲੰਕਾ; ਸੀਸ ਸਮੇਤਿ॥) ਲੰਕਾ ਗੜੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥) ਸੁੰਦਰ ਨਾਰੀ ਅਨਿਕ ਪਰਕਾਰੀ; ਪਰ ਗ੍ਰਿਹ ਬਿਕਾਰੀ॥ ਬੁਰਾ ਭਲਾ; ਨਹੀ ਸੁਝੀ ਹੇ॥੨॥

ਹੋ, ਪਰ ਨਾਰੀ ਕੇ ਹੇਤ; ਕਟਕ ਕਵਰਨ ਕੌ ਘਾਯੋ॥੫੨॥ (ਹੋ) ਹੇ ਭਾਈ! (ਪਰ) ਪਰਾਈ ਨਾਰੀ (ਕੇ) ਦੇ (ਹੇਤ) ਲਈ (ਕਵਰਨ) ਕੌਰਵਾਂ (ਕੌ) ਦੀ ਸਾਰੀ (ਕਟਕ) ਫ਼ੌਜ (ਘਾਯੋ) ਮਾਰੀ ਗਈ। ਬੂਡਾ ਦੁਰਜੋਧਨੁ; ਪਤਿ ਖੋਈ॥ ਅਨੁਸਾਰ ਇਖ਼ਲਾਕ ਹੀਣ ਦੁਰਜੋਧਨ ਨੇ ਜਦੋਂ ਰਾਜ ਸਭਾ 'ਚ ਦ੍ਰੋਪਤੀ ਨੂੰ ਬਸਤਰ ਹੀਣ ਕਰਨ ਦੀ ਕੋਸ਼ਿਸ਼ ਕੀਤੀ, ਭਗਵਾਨ ਜੀ ਨੇ ਰੱਖਿਆ ਕੀਤੀ। ਇਸ ਭੈੜੇ ਕੁਕਰਮ ਕਰਕੇ ਪੰਜਾਂ ਪਾਡਵਾਂ ਨੇ ਦੁਰਜੋਧਨ ਅਤੇ ਉਸ ਦੀ ਸਾਰੀ ਫ਼ੌਜ ਨਾਸ ਕਰ ਦਿੱਤੀ॥੫੨॥

ਪਰ ਨਾਰੀ ਸੌਂ ਨੇਹੁ; ਛੁਰੀ ਪੈਨੀ ਕਰਿ ਜਾਨਹੁ॥ (ਪਰ) ਪਰਾਈ (ਨਾਰੀ) ਇਸਤ੍ਰੀ (ਸੌਂ) ਨਾਲ (ਨੇਹੁ) ਪ੍ਰੇਮ ਕਰਨਾ, ਇਉਂ (ਜਾਨਹੁ) ਜਾਨਣਾ (ਕਰਿ) ਕਰੋ, ਜਿਵੇਂ ਨੰਗੀ ਛੁਰੀ ਗਲ਼ 'ਚ ਪੈਨੀ ਹੋਵੇ, ਕਿਉਂਕਿ ਪਤਾ ਨਹੀਂ ਕਦੋਂ ਢਿੱਡ 'ਚ ਖੁੱਭ ਜਾਵੇਗੀ ਭਾਵ ਪਰਾਈ ਇਸਤ੍ਰੀ ਨਾਲ ਕੁਸੰਗ ਕਰਨ ਵਾਲਾ ਅਪਣੇ ਢਿੱਡ ਆਪ ਛੁਰੀ ਮਾਰਦਾ ਹੈ। ਯਥਾ:- ਨਾਨਕ. ਆਪਨ ਕਟਾਰੀ. ਆਪਸ ਕਉ ਲਾਈ; ਮਨੁ ਅਪਨਾ ਕੀਨੋ ਫਾਟ॥੨॥੯੨॥੧੦੫॥

ਬਜਾਪਜੋ: ਬਿਆਪਿਓ- ਪਰ ਨਾਰੀ ਕੇ ਭਜੇ; ਕਾਲ ਬਜਾਪਜੋ ਤਨ ਮਾਨਹੁ॥ (ਪਰ) ਪਰਾਈ (ਨਾਰੀ) ਇਸਤ੍ਰੀ (ਕੇ) ਦੇ ਨਾਲ (ਭਜੇ) ਕੁਸੰਗ ਕਰਨ ਨਾਲ ਤਨ ਨੂੰ ਕਾਲ (ਬਜਾਪਜੋ) ਲੱਗਿਆ (ਮਾਨਹੁ) ਮੰਨਣਾ ਕਰੋ ਜੀ।

ਅਧਿਕ ਹਰੀਫੀ ਜਾਨਿ; ਭੋਗ ਪਰ ਤ੍ਰਿਯ ਜੋ ਕਰਹੀ॥ ਜੋ ਮਨਮੁਖ (ਪਰ) ਪਰਾਈ (ਤ੍ਰਿਯ) ਇਸਤ੍ਰੀ ਨੂੰ (ਅਧਿਕ) ਬਹੁਤ (ਹਰੀਫੀ) ਪਿਆਰੀ (ਜਾਨਿ) ਸਮਝ ਕੇ ਭੋਗ (ਕਰਹੀ) ਕਰਦਾ ਹੈ:-

ਹੋ, ਅੰਤ ਸ੍ਵਾਨ ਕੀ ਮ੍ਰਿਤੁ; ਹਾਥ ਲੇਂਡੀ ਕੇ ਮਰਹੀ॥੫੩॥ (ਹੋ) ਹੇ ਭਾਈ! ਉਹ ਮਨਮੁਖ ਅੰਤ ਨੂੰ (ਲੇਂਡੀ) ਕਾਇਰ (coward) (ਕੇ) ਦੇ (ਹਾਥ) ਹੱਥੋਂ (ਸ੍ਵਾਨ) ਕੁੱਤੇ (ਕੀ) ਦੀ (ਮ੍ਰਿਤੁ) ਮੌਤ (ਮਰਹੀ) ਮਰਦਾ ਹੈ॥੫੩॥

ਬਾਲ ਹਮਾਰੇ ਪਾਸ; ਦੇਸ ਦੇਸਨ ਤ੍ਰਿਯ ਆਵਹਿ॥ (ਹਮਾਰੇ) ਦਾਸਨਦਾਸ ਦੇ ਪਾਸ, ਦੇਸ (ਦੇਸਨ) ਦੇਸਾਂ ਤੋਂ ਗੁਰਮੁਖਿ (ਬਾਲ) ਬੱਚੀਆਂ (ਤ੍ਰਿਯ) ਇਸਤ੍ਰੀਆਂ (ਆਵਹਿ) ਆਉਂਦੀਆਂ ਹਨ।

ਮਨ ਬਾਂਛਤ ਬਰ ਮਾਂਗਿ; ਜਾਨਿ ਗੁਰ. ਸੀਸ ਝੁਕਾਵਹਿ॥ ਮਨ (ਬਾਂਛਤ) ਇੱਛਤ (ਬਰ) ਵਰ (ਮਾਂਗਿ) ਮੰਗਦੀਆਂ ਅਤੇ ਦਾਸਨਦਾਸ ਨੂੰ ਪਰਮਪੂਜਨੀਕ ਗੁਰ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਸਰੂਪ ਜਾਨਿ ਕੇ ਸੀਸ (ਝੁਕਾਵਹਿ) ਝੁਕਾਉਂਦੀਆਂ ਮੱਥਾ ਟੇਕਦੀਆਂ ਹਨ।

ਸਿੱਖਜ ਪੁੱਤ੍ਰ. ਤ੍ਰਿਯ ਸੁਤਾ ਜਾਨਿ; ਅਪਨੇ ਚਿਤ ਧਰਿਯੈ॥ ਦਾਸਨਦਾਸ ਨੇ ਅਪਨੇ ਚਿਤ 'ਚ ਇਹ ਸ਼ੁਭ ਵੀਚਾਰ (ਧਰਿਯੈ) ਧਰਿਆ ਹੈ ਕਿ (ਸਿੱਖਜ) ਸਿੱਖਾਂ ਦੇ ਬੱਚਿਆ ਨੂੰ ਆਪਨੇ ਪੁੱਤ੍ਰ ਤੇ (ਤ੍ਰਿਯ) ਇਸਤ੍ਰੀਆਂ ਨੂੰ (ਸੁਤਾ) ਪੁਤ੍ਰੀਆਂ ਕਰਕੇ (ਜਾਨਿ) ਜਾਣਦਾ ਹੈ। ਯਥਾ:- ਪਰ ਬੇਟੀ ਕੋ, ਬੇਟੀ ਜਾਨੈ। ਪਰ ਇਸਤ੍ਰੀ ਕੋ, ਮਾਤ ਬਖਾਨੈ। ਆਪਨੀ ਇਸਤ੍ਰੀ ਸੋਂ; ਰਤ ਹੋਈ। ਰਹਿਤਵਾਨ, ਗੁਰ ਕਾ ਸਿੰਘ ਸੋਈ॥ ਰਹਿਤ ਬਹਿਤ, ਕਬਹੂੰ ਨ ਤਜਾਗੈ। ਸਨਮੁਖ ਲਰੇ, ਨ ਰਣ ਤੇ ਭਾਗੈ। ਗੁਰੂ ਸਰੂਪ, ਖਾਲਸਾ ਹਈਏ।

ਹੋ, ਕਹੁ ਸੁੰਦਰਿ ਤਿਹ ਸਾਥ; ਗਵਨ ਕੈਸੇ ਕਰ ਕਰਿਯੈ॥੫੪॥ (ਹੋ) ਹੇ ਸੁੰਦਰਿ ਸਾਹਿਬਜ਼ਾਦੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ (ਕਹੁ) ਦਸੋ? (ਤਿਹ) ਤਿਨ੍ਹਾਂ (ਸਾਥ) ਨਾਲ (ਕੈਸੇ) ਕਿਸ ਤਰ੍ਹਾਂ (ਕਰ) ਕਰਕੇ (ਗਵਨ) ਕੁਸੰਗ (ਕਰਿਯੈ) ਕਰੀਏ?॥੫੪॥

**ਸਾਖੀ:-** ਇੱਕ ਦਿਨ ਚੰਭੇ ਦਾ ਰਾਜਾ ਪ੍ਰਵਾਰ ਸਮੇਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸੱਚੇ ਅਮੋਲਕ ਦਰਸ਼ਨ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਆਇਆ। ਤਾਂ ਉਸ ਦੀ ਗੁਰਮੁਖਿ ਸਪੁੱਤ੍ਰੀ ਨੇ ਅਥਾਹ ਸ਼ਰਧਾ ਸਹਿਤ ਪ੍ਰੇਮ ਭੇਟਾ ਰੱਖ ਕੇ ਸਾਹਿਬ ਸਤਿਗੁਰੂ ਜੀ ਨੂੰ ਨਮਸਕਾਰ ਡੰਡਉਤ ਕਰਦਿਆਂ ਪ੍ਰੇਮ ਬੇਨਤੀ ਕੀਤੀ "ਹੇ ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਜੀ! ਦਾਸਨਦਾਸੀ ਦੇ ਸਿਰ 'ਤੇ ਹੱਥ ਰੱਖ ਦੇਵੋ ਜੀ" ਤਾਂ ਦਿਬ ਦ੍ਰਿਸ਼ਟੀ ਦੇ ਦਾਤੇ, ਅੰਤਰਜਾਮੀ ਅਕਾਲਪੁਰਖੁ ਸਤਿਗੁਰੂ ਸਾਹਿਬ ਜੀ ਨੇ ਸਨਮਾਨ ਵਜੋਂ, ਬੀਬੀ ਦੇ ਮੱਥੇ 'ਤੇ ਤੀਰ ਰੱਖਿਆ ਤੇ ਫ਼ੁਰਮਾਇਆ "ਹੇ ਗੁਰੂ ਪਿਆਰੀ ਸਪੁੱਤ੍ਰੀ ਜੀ! ਇਹ ਮਰਯਾਦਾ ਨਹੀਂ, ਇਸ ਲਈ ਆਪ ਜੀ ਦੇ ਮੱਥੇ 'ਤੇ ਤੀਰ ਰੱਖਿਆ ਹੈ।" ਸਤਿਗੁਰੂ ਜੀ ਨੇ ਆਉਣ ਵਾਲਾ ਸਮਾਂ ਵਿਚਾਰਿਆ, ਕਿ ਦੰਭੀ ਪਖੰਡੀ ਲੁੱਚੇ ਸਾਧ ਬੀਬੀਆਂ ਦੇ ਸਿਰ 'ਤੇ ਹੱਥ ਰੱਖਣਗੇ ਤਾਂ ਇਨ੍ਹਾਂ ਤੋਂ ਬਚਾਉਣ ਲਈ ਇਹ ਕੌਤਕ ਕੀਤਾ, ਸਿੱਖਾਂ ਨੂੰ ਅਪਰਸ ਰਹਿਣ ਦੀ ਸਿੱਖਿਆ ਬਖ਼ਸ਼ੀ। ਗੁਰਪ੍ਰਸਾਦਿ।

**ਸ਼ੁਭ ਸਿੱਖਿਆ:-** ਗੁਰਪ੍ਰਸਾਦਿ॥ ਵਿਕਾਰਾਂ ਸਾਕਤਾਂ ਤੋਂ ਬਚਣ ਲਈ ਗੁਰੂ ਸਾਹਿਬ ਜੀ ਨੂੰ ਅਪਣੀ ਬਾਂਹ ਫੜਾ ਦੇਵੋ ਜੀ, ਸਤਿਗੁਰੂ ਸਾਹਿਬ ਜੀ ਅੱਗ ਤੋਂ ਕੱਢ ਲੈਣਗੇ। ਯਥਾ:- ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥ ) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥ ਉਪ੍ਰੋਕਤ ਸਿੱਖਿਆ ਬੱਚਿਆਂ ਨੂੰ ਛੋਟੀ ਉਮਰ 'ਚ ਦਿੱਤੀ ਜਾਵੇ। ਸਮਝਾਇਆ ਜਾਵੇ, ਜੇ ਆਪ ਜੀ ਨੂੰ ਕੋਈ ਵੇਸਵਾ ਕਹੇ, ਮੇਰੇ ਨਾਲ ਕੁਸੰਗ ਕਰ, ਮੈ ਤੈਥੋਂ ਥੋੜੀ ਮਾਇਆ ਲਵਾਂਗੀ। ਜਾਂ ਕੋਈ ਮਨਮੁਖਿ ਇਸਤ੍ਰੀ ਜਾਂ ਪੁਰਖ ਕਹੇ, ਮੈਂ ਤੇਰੇ 'ਤੇ ਮੋਹਿਤ ਹੋ ਗਿਆ ਹਾਂ, ਮੇਰੇ ਨਾਲ ਕੁਸੰਗ ਕਰ ਨਹੀਂ ਤਾਂ ਮੈਂ ਆਤਮ ਹੱਤਿਆ ਕਰ ਲਵਾਂਗਾ। ਤਾਂ ਉਸ ਸਮੇਂ, ਗੁਰਬਾਣੀ ਵਾਹਿਗੁਰੂ ਗੁਰਮੰਤ੍ਰ ਦਾ ਜਾਪ ਕਰਦਿਆਂ ਮਹੱਲਾ ੫ ਜੀ ਅਤੇ ਮਹੱਲਾ ੯ ਜੀ ਦੀ ਸ਼ਹੀਦੀ ਚੇਤੇ ਕਰਕੇ ਉਥੋਂ ਹਰਨ (run away) ਹੋ ਜਾਣਾ ਹੈ ਜੀ। ਉਪ੍ਰੋਕਤ ਸਿੱਖਿਆ ਅਨੁਸਾਰ ਸਤਿਗੁਰੂ ਸਾਹਿਬ ਜੀ ਦੇ ਬਚਨ ਯਾਦ ਕਰਨੇ, ਵਿਕਾਰ ਤੇ ਵਿਕਾਰੀ ਲਈ ਆਪਣਾ ਧਰਮ ਨਹੀਂ ਗਵਾਉਣਾ। ਸ਼ਹੀਦ ਸਿੰਘਾਂ ਸਿੰਘਣੀਆਂ ਦੀ ਕੁਰਬਾਨੀ ਨੂੰ ਯਾਦ ਕਰਨਾ, ਕਿ ਕਿਸ ਤਰ੍ਹਾਂ ਤਸੀਹੇ ਸਹਾਰੇ ਪਰ ਸਿੱਖੀ ਨਹੀਂ ਤਿਆਗੀ।

ਇੱਕ ਵਾਰ ਦੀ ਘਟਨਾ ਅਨੁਸਾਰ ਇੱਕ ਪੁਲਿਸ ਬੀਬੀ ਨੇ ਲੁਕਮੇ ਭੇਸ (undercover) 'ਚ ਦੋ ਬੰਦਿਆਂ ਨੂੰ ਕਿਹਾ 'ਮੈਨੂੰ ਵੀਹ ਵੀਹ ਡਾਲਰ ਦੇਓ' ਉਹ ਵਿਕਾਰ 'ਚ ਗ੍ਰਸੇ, ਦੋਵਾਂ ਨੇ ਮਾਇਆ ਦੇ ਦਿੱਤੀ। ਤਾਂ ਬੀਬੀ ਨੇ ਦੋਹਾਂ ਦੇ ਹੱਥਕੜੀਆਂ (handcuffs) ਲਾ ਕੇ ਤਿੰਨ ਮਹੀਨਿਆਂ ਲਈ ਕੈਦ ਕਰ ਲਏ।

ਬੱਚਾ ਬੱਚੀ ਧਾਰਮਿਕ ਅਸਥਾਨਾਂ ਆਦਿ ਤੇ ਹਰ ਵੇਲੇ ਇਖ਼ਲਾਕ 'ਚ ਪੂਰੇ ਰਹਿਣ। ਇੱਕ ਦੂਜੇ ਵੱਲ ਵਿਕਾਰ ਦ੍ਰਿਸ਼ਟੀ ਨਾਲ ਨਾ ਦੇਖਣ, ਸਪਰਸ, ਕੁਸੰਗ ਨਾ ਕਰਨ। ਇਕ ਦੂਜੇ ਨੂੰ ਜਗਤ ਗੁਰੂ, ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਬੱਚਾ ਬੱਚੀ ਸਮਝਣ। ਅਪਰਸ ਰਹਿ ਕੇ ਗੁਰੂ ਸੇਵਾ ਸਿਮਰਨ ਕਰਨ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਵਾਂਗ ਆਪਣੀਆ ਅੱਖਾਂ ਨੂੰ ਨੀਵੀਂਆਂ ਰੱਖਣ।

ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ। ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੋ ਜੀਵ (ਗੰਗੈ) ਧਾਰਮਿਕ ਅਸਥਾਨਾਂ ਭਾਵ ਗੁਰੂਘਰਾਂ 'ਚ ਜਾ ਕੇ ਬਜਰ ਪਾਪ ਚੋਰੀ ਯਾਰੀ ਆਦਿਕ ਕਰਮ ਕਰਦੇ ਹਨ। ਉਨ੍ਹਾਂ ਦੇ ਮਹਾਂ ਪਾਪ ਨਹੀਂ ਉਤਰਦੇ। ਜੇ ਕਿਸੇ ਕੋਲ ਇਹ ਭੁੱਲ ਕੁਰਹਿਤ ਹੋ ਜਾਵੇ ਤਾਂ ਉਸ ਨੂੰ ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ 'ਚ ਪੰਜਾਂ ਪਿਆਰਿਆਂ ਦੇ ਸਨਮੁਖ ਕਰਕੇ ਯੋਗ ਤਨਖਾਹ ਲਾਈ ਜਾਵੇ। ਗਲਤੀ ਕਰਨ ਵਾਲੇ 'ਤੇ ਅਤਿਆਚਾਰ ਨਾ ਕਰੋ ਜੀ। ਯਥਾ:- ਕਬੀਰਾ. ਜਹਾ ਗਿਆਨੁ. ਤਹ ਧਰਮੁ ਹੈ; ਜਹਾ ਝੂਠੁ. ਤਹ ਪਾਪੁ॥ ਜਹਾ ਲੋਭੁ. ਤਹ ਕਾਲੁ ਹੈ; ਜਹਾ ਖਿਮਾ. ਤਹ ਆਪਿ॥੧੫੫॥

ਗੁਰਮਤਿ; ਵਿਚਹੁ ਦੁਰਮਤਿ ਖੋਵੈ॥ ਸ੍ਰੇਸ਼ਟ ਗੁਰਮਤਿ ਧਾਰ ਕੇ ਰਿਦੇ ਵਿਚਹੁ ਦੁਰਮਤਿ (ਖੋਵੈ) ਨਾਸ ਕਰੇ। ਇਉਂ ਸ਼ਾਹਿ ਸ਼ਹਨਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਖ਼ਸ਼ੀ ਹੋਈ ਰਹਿਤ 'ਚ ਰਹਿਣ ਨਾਲ ਵਿਕਾਰ ਨੇੜੇ ਨਹੀਂ ਲੱਗਦੇ। ਯਥਾ:- ਰਹਤ ਰਹਤ; ਰਹਿ ਜਾਹਿ ਬਿਕਾਰਾ॥ ਗੁਰ ਪੂਰੇ ਕੈ; ਸਬਦਿ ਅਪਾਰਾ॥) ਰਹਿਣੀ ਰਹੈ ਸੋਈ ਸਿਖ ਮੇਰਾ। ਓਹੁ ਠਾਕੁਰੁ; ਮੈ ਉਸ ਕਾ ਚੇਰਾ।

**੧੧. ਜਤੁ: ਪੋਲਾ ਬੋਲੋ-** ਜਤੁ ਪਾਹਾਰਾ; ਧੀਰਜੁ ਸੁਨਿਆਰੁ॥ ਗੁਰਮੁਖਿ ਜੀਵਨ ਰੂਪੀ ਗਹਿਣਾ ਬਨਾਉਣ ਲਈ, ਵਿਸ਼ੇ ਅਉਗੁਣਾਂ ਤੋਂ [1]ਜਤੁ ਰੱਖਣਾ (ਪਾਹਾਰਾ) ਭੱਠੀ ਹੈ ਅਤੇ [2]ਧੀਰਜੁ ਰੂਪੀ ਸੁਨਿਆਰਾ ਹੈ।

[1]ਜਤ:- ਇੰਦ੍ਰਿਆਂ ਨੂੰ ਕਾਬੂ 'ਚ ਰੱਖਣਾ ਭਾਵ ਸਾਰੀਆਂ ਮਾੜੀਆਂ ਆਦਤਾਂ ਦਾ ਤਿਆਗ ਕਰਨਾ। ਨੌਂ ਪ੍ਰਕਾਰ ਦੇ ਵਿਸ਼ੇ ਤੋਂ ਨਿਰਲੇਪ ਰਹਿਣਾ। ਵਿਸ਼ਾ ਨੌਂ ਪ੍ਰਕਾਰ:- [1]ਪਰ ਤ੍ਰਿਅ ਰੂਪ ਨ ਦੇਖਦੇ; ਗੁਰਮੁਖਿ ਸੰਤ ਮਹੰਤ। [2]ਸ੍ਰਵਣ [3]ਸਿਮਰਨ [4]ਕੀਰਤੀ, [5]ਚਿਤਵਨ [6]ਬਾਤ ਇਕੰਤ। [7]ਦ੍ਰਿੜ ਸੰਕਲਪ [8]ਪਰਯਤਨ ਤਨ; [9]ਪ੍ਰਾਪਤ ਨੌਂ ਕਹੰਤ। [1]ਪਰਾਇਆ ਰੂਪ ਤੱਕਣਾ। [2]ਵਿਕਾਰ ਦੀਆਂ ਗੱਲਾਂ ਸੁਨਣੀਆਂ, [3]ਪਰਾਏ ਸਰੂਪ ਨੂੰ ਯਾਦ ਕਰਨਾ, [4]ਸਰੂਪ ਦੀ ਮਹਿਮਾ ਕਰਨੀ, [5]ਸਰੂਪ ਨੂੰ ਚਿਤਵਣਾ, [6]ਇਕਾਂਤ ਹੋ ਕੇ ਵਿਕਾਰੀ ਗੱਲਾਂ ਕਰਨੀਆਂ, [7]ਪ੍ਰਾਪਤੀ ਲਈ ਪੱਕਾ ਸੰਕਲਪ ਕਰ ਲੈਣਾ, [8]ਪ੍ਰਾਪਤੀ ਲਈ (ਪਰ+ਯਤਨ) (ਪਰ) ਵਿਸ਼ੇਸ਼ ਕਰਕੇ ਯਤਨ ਕਰਨਾ, [9]ਪ੍ਰਾਪਤੀ ਕਰ ਲੈਣੀ।

ਸੋ ਛਿਅ ਜਤੀ ਮਾਇਆ ਕੇ ਬੰਦਾ॥ ਕਿਹਾ ਹੈ, ਇਸ ਲਈ ਗੁਰਮਤਿ ਅਨੁਸਾਰ ਨੌਂ ਪ੍ਰਕਾਰ ਦੇ ਵਿਸ਼ੇ, ਸਮੂਹ ਮੰਦ ਸੰਕਲਪਾਂ ਨੂੰ ਜਿੱਤਣ ਵਾਲਾ ਹੀ ਜਤੀ ਹੈ। ਅਪਣੀ ਇਸਤ੍ਰੀ ਤੋਂ ਬਿਨਾ, ਵੱਡੀ ਨੂੰ ਮਾਤਾ ਸਮਾਨ, ਛੋਟੀ ਨੂੰ ਧੀ, ਬਰਾਬਰ ਨੂੰ ਭੈਣ ਸਮਝਣਾ। ਜਿਹੜੀ ਬੀਬੀ ਦੂਸਰੇ ਬੰਦੇ ਵੱਲ ਨ ਦੇਖੇ, ਉਹ ਭੀ ਗੁਰਮੁਖਿ ਜਤੀ ਹੁੰਦੀ ਹੈ। ਯਥਾ:- ਸਹ ਕੀ ਸਾਰ; ਸੁਹਾਗਨਿ ਜਾਨੈ॥ ਤਜਿ ਅਭਿਮਾਨੁ; ਸੁਖ ਰਲੀਆ ਮਾਨੈ॥ ਤਨੁ ਮਨੁ ਦੇਇ; ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥੧॥ ਉਹ ਗ੍ਰਿਹਸਤੀ ਭੀ ਜਤੀ ਮੰਨਿਆ ਜਾਂਦਾ ਹੈ, ਜੋ:- ਏਕਾ ਨਾਰੀ ਜਤੀ ਹੋਇ; ਪਰ ਨਾਰੀ. ਧੀ ਭੈਣ ਵਖਾਣੈ। ਵਾਲੇ ਸ਼ੁਭ ਸੱਚੇ ਅੰਮ੍ਰਿਤ ਬਚਨ ਕਮਾਵੇ। ਜੇ ਪਤੀ ਬਹੁਤ ਘਰਾਂ 'ਚ ਜਾ ਕੇ ਕੁਸੰਗ ਕਰੇ ਤਾਂ ਭੀ ਪਤੀਬ੍ਰਤਾ ਇਸਤ੍ਰੀ ਸਤ ਰੱਖੇ, ਉਸ ਦੀ ਰੀਸ ਨਾਲ ਪਰ ਪੁਰਖ ਨਾਲ ਕੁਸੰਗ ਨਾ ਕਰੇ। ਯਥਾ:- ਜੇ ਪਿਰ. ਬਹੁ ਘਰੁ ਹੰਢਣਾ; ਸਤੁ ਰਖੈ ਨਾਰੇ। ਜੇ ਪਤਨੀ ਕੁਸੰਗੀ ਹੋ ਜਾਵੇ ਤਾਂ ਪਤੀ ਭੀ ਜਤ 'ਚ ਪ੍ਰਪੱਕ ਰਹੇ।

[2]ਧੀਰਜੁ:- ਬਾਣੀ ਗੁਰੂ. ਗੁਰੂ ਹੈ ਬਾਣੀ; ਵਿਚਿ ਬਾਣੀ. ਅੰਮ੍ਰਿਤੁ ਸਾਰੇ॥ ਗੁਰੁਬਾਣੀ ਕਹੈ. ਸੇਵਕੁ ਜਨੁ ਮਾਨੈ; ਪਰਤਖਿ ਗੁਰੂ ਨਿਸਤਾਰੇ॥੫॥) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥) ਹਰਖ ਸੋਗ ਜਾ ਕੈ ਨਹੀ; ਬੈਰੀ ਮੀਤ ਸਮਾਨ॥ ਕਹੁ ਨਾਨਕ. ਸੁਨਿ ਰੇ ਮਨਾ; ਮੁਕਤਿ ਤਾਹਿ ਤੈ ਜਾਨ॥੧੫॥ ਅਨੁਸਾਰ ਜੁੱਗੋ ਜੁੱਗ ਅਟੱਲ ਗੁਰਤਾਗੱਦੀ

ਬਿਰਾਜਮਾਨ, ਪਾਰਬ੍ਰਹਮ ਭਗਵਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਅੱਖਰ ਨੂੰ ਪਾਰਬ੍ਰਹਮ ਸਰੂਪ ਮੰਨਣਾ, ਪੂਰਨ ਗੁਰੂ ਸਾਹਿਬ ਜੀ 'ਚ ਲੀਨ ਹੋਣਾ। ਪਰ ਨਿੰਦਾ ਤਿਆਗਣੀ, ਵਡਿਆਈ ਦੀ ਇੱਛਾ ਤਿਆਗਣੀ, ਪੂਰੇ ਗੁਰੂ ਸਾਹਿਬ ਜੀ ਦੀ ਵਡਿਆਈ ਰੋਮ ਰੋਮ ਕਰਕੇ ਕਰਨੀ। ਅਨੇਕ ਗੁਣ ਆਪ ਕਮਾ ਕੇ, ਅੱਗੇ ਬਖ਼ਸ਼ਣੇ। ਗੁਰਪ੍ਰਸਾਦਿ, ਸਿਰ ਧਨ ਜਾਇਦਾਦ ਪਰਿਵਾਰ ਸਰਵੰਸ ਗੁਰੂ ਸਾਹਿਬ ਜੀ ਤੋਂ ਕੁਰਬਾਨ ਕਰਕੇ, ਹੰਗਤਾ ਤਿਆਗਣੀ ਜੀ। ਪਰ ਘਰ ਨਾ ਜਾਣਾ, ਤੇ ਪਰ ਇਸਤ੍ਰੀ ਨਾ ਦੇਖਣੀ। ਯਥਾ:- ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥ ) ਮੈ ਨੀਰੇ. ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ. ਦ੍ਰਿਸਟਿ ਨ ਕਰੈ ਰੁਚਾਂਗੈ॥ ) ਗੁਰਮੁਖਿ; ਰਾਗ ਸੁਆਦ ਅਨ ਤਿਆਗੇ॥

ਅਪਣੀ ਤਲੀ 'ਤੇ ਸੀਸ ਰੱਖ ਕੇ, ਜ਼ਾਲਮਾਂ ਨਾਲ ਲੜਨ ਵਾਲੇ, ਪੂਰਨ ਸੱਚੇ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾਉਣ ਵਾਲੇ, ਪਰਮਪੂਜਨੀਕ ਧੰਨ ਧੰਨ ਬਾਬਾ ਦੀਪ ਸਿੰਘ ਜੀ ਧੀਰਜਧਾਰੀ, ਨਿਰੰਕਾਰੀ, ਨਿਰਬਿਕਾਰੀ ਮਹਾਨ ਯੋਧਿਆਂ ਦੇ ਯੋਧੇ ਹਨ ਜੀ। ਬਾਬਾ ਜੀ ਨੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਅੰਮ੍ਰਿਤ ਦੀ ਦਾਤਿ, ਨਾਮ ਗੁਰਬਾਣੀ, ਸ਼ਸ਼ਤ੍ਰ ਵਿੱਦਿਆ, ਅਨੇਕ ਸ਼ੁਭ ਗੁਣਾਂ ਦੀ ਦਾਤਿ ਪ੍ਰਾਪਤ ਕੀਤੀ ਜੀ।

ਵਾਹਿਗੁਰੂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅਰਜਨਦੇਵ ਸਾਹਿਬ ਜੀ ਨੂੰ ਜ਼ਾਲਮਾਂ ਨੇ ਉੱਬਲਦੀ ਦੇਗ 'ਚ ਬਿਠਾਏ, ਤੱਤੀ ਤਵੀ 'ਤੇ ਖੜ੍ਹੇ ਕੀਤੇ ਜੀ। ਸਤਿਗੁਰੂ ਸਾਹਿਬ ਜੀ ਡੋਲੇ ਨਹੀਂ, ਧੀਰਜ ਰੱਖਿਆ। ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦਾ ਹੁਕਮ ਮਿੱਠਾ ਕਰਕੇ ਮੰਨਿਆ। ਯਥਾ:- ਡੋਲਨ ਤੇ ਚੂਕਾ; ਠਹਰਾਇਆ॥ ਸਤਿ ਮਾਹਿ ਲੇ ਸਤਿ ਸਮਾਇਆ॥੧॥ ਤਥਾ:- ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥੨॥੪੨॥੯੩॥ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਦੀ ਆਗਿਆਕਾਰੀ ਪਤੀ ਵਰਤਾ, ਧੀਰਜਧਾਰੀ ਵਾਈਫ਼ ਬਣੋ ਜੀ।

ਹੋਰ ਬਿਅੰਤ ਸ਼ਹੀਦ ਸਿੰਘ ਸਿੰਘਣੀਆਂ ਨੇ ਭੀ ਧੀਰਜ ਧਾਰ ਕੇ, ਸਿੱਖੀ ਕਮਾਈ। ਜਿਵੇਂ ਗੁਰਮੁਖਿ ਭਾਈ ਮਤੀਦਾਸ ਜੀ ਨੇ ਜਗੀਰਾਂ, ਬੇਗਮਾਂ ਦੇ ਲਾਲਚ ਤਿਆਗ ਕੇ, ਸਤਿਗੁਰੂ ਸਾਹਿਬ ਜੀ ਦੇ ਸਨਮੁਖ ਸ਼ਹੀਦੀ ਦਿਤੀ। ਚਾਲੀ ਗੁਰਮੁਖਾਂ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਸਾਢੇ ਸੱਤ ਮਹੀਨੇ ਭੁੱਖ ਉਨੀਂਦ੍ਰਾ ਸਹਾਰ ਕੇ, ਸ੍ਰੀ ਚਮਕੌਰ ਸਾਹਿਬ ਜੀ ਵਿਖੇ ਸ਼ਹੀਦੀ ਦਿਤੀ ਆਦਿ। ਯਥਾ:- ਸ੍ਵੈਯਾ॥ ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ, ਅਰਿ ਸੋਂ, ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ॥ ਅਰੁ ਸਿਖ ਹੌਂ ਆਪਨੇ ਹੀ ਮਨ ਕੌਂ, ਇਹ ਲਾਲਚ, ਹਉਂ ਗੁਨ ਤਉ ਉਚਰੋਂ॥ ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧॥

ਜਿਥੇ ਭੀ ਵਿਸ਼ੇ ਮਾਇਆ ਪ੍ਰਾਪਤ ਹੋਵੇ ਉੱਥੇ ਜਤ, ਧੀਰਜ ਰੱਖਣਾ ਭਾਵ ਵਿਸ਼ੇ ਮਾਇਆ ਨਾਗਣੀ ਤੋਂ ਨਿਰਲੇਪ ਰਹਿ ਕੇ, ਮਨ ਨੂੰ ਸੱਚੇ ਵਾਹਿਗੁਰੂ ਜੀ ਦੇ ਧਿਆਨ 'ਚ ਇਸਥਿੱਤ ਰੱਖਣਾ। ਯਥਾ:- ਧੀਰਜ ਧਾਮ ਬਨਾਇ ਇਹੈ ਤਨ; ਬੁਧਿ ਸੁ ਦੀਪਕ ਜਿਉ ਉਜੀਆਰੈ॥ ਜੇ ਕੋਈ ਬੀਬੀ ਕਹੇ "how are you mister?" ਤਾਂ ਅੱਗੋਂ ਕਹਿਣਾ "You are my sister" ਜੇ ਕੋਈ ਜੁਆਨ ਬੰਦਾ ਬੀਬੀ ਨੂੰ ਕਹੇ "You are my friend " ਤਾਂ ਅੱਗੋਂ ਕਹੇ "NO! you are ਭਰਿੰਡ (wasp). You are snake. ਦਸ ਸਤਿਗੁਰੂ ਸਾਹਿਬ ਜੀ ਦੀ ਰੱਖ ਟੇਕ। ਬਣ ਜਾ ਸਾਊ ਨੇਕ" ਜੇ ਕੋਈ ਬੈਡ ਬੰਦਾ ਕਹੇ "ਮੇਰੇ ਨਾਲ ਬੈਡ ਬਣ, ਨਹੀਂ ਤਾਂ ਮੈਂ ਗੋਲ਼ੀ ਮਾਰਾਂਗਾ।" ਤਾਂ ਬੀਬੀ ਘਬਰਾਏ ਨਾ। ਉਸ ਨੂੰ ਕਹੇ "ਸਾਰਿਆਂ ਨੇ ਇੱਕ ਦਿਨ ਮਰਨਾ ਹੈ। ਜਿਹੜਾ ਬੈਡ ਕ੍ਰੈਕਟ੍ਰ ਹੋ ਕੇ ਮਰਨਾ, ਉਹ ਗ਼ਲਤ ਹੈ। ਜੇ ਤੂੰ ਮੇਰੇ ਗੋਲ਼ੀ ਮਾਰੇਂਗਾ, ਇਹ ਘੋਰ ਭਿਆਨਕ ਜ਼ੁਲਮ ਹੈ। ਪੂਰੇ ਗੁਰੂ ਸਾਹਿਬ ਜੀ ਦਾ ਹੁਕਮ ਨਹੀਂ।" ਯਥਾ:- ਆਪਿ ਮਰੈ; ਅਵਰਾ ਨਹ ਮਾਰੀ॥੩॥ ) ਗੁਰ ਨਾਨਕਦੇਵ;

ਗੋਵਿੰਦ ਰੂਪ॥੮॥੧॥ ਦਾ ਜਾਪ ਕਰੇ, ਮਿੱਠਾ ਬੋਲੇ। ਜੇ ਕੋਈ ਬੰਦਾ ਜਾਂ ਬੀਬੀ ਕਹੇ "ਤੂੰ ਮੇਰੇ ਨਾਲ ਬੈਡ ਕਰਮ ਕਰ, ਨਹੀਂ ਤਾਂ ਮੈਂ ਆਤਮਘਾਤ ਕਰਾਂਗਾ/ਕਰਾਂਗੀ" ਤਾਂ ਉਨ੍ਹਾਂ ਨੂੰ ਗੁਰੂ ਸਾਹਿਬ ਜੀ ਦਾ ਸ਼ੁਭ ਸੱਚਾ ਉਪਦੇਸ਼ ਹੈ। ਯਥਾ:- ਆਤਮਘਾਤੀ; ਹੈ ਜਗਤੁ ਕਸਾਈ॥

**ਸਾਖੀ ਭਾਈ ਸੱਚਨ ਸੱਚ ਜੀ ਦੀ:-** ਹਰੀਪੁਰ ਦਾ ਰਾਜਾ ਪਰਿਵਾਰ ਸਮੇਤ ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ ਪਰਮਪੂਜਨੀਕ ਸੱਚੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਸੁੰਦਰ ਗੁਰਮੁਖਿ ਦਰਸਨ ਕਰਨ ਲਈ ਪ੍ਰੇਮ ਸਹਿਤ ਆਇਆ। ਜਦੋਂ ਰਾਜਾ ਪਰਿਵਾਰ ਸਮੇਤ ਮੱਥਾ ਟੇਕਣ ਲੱਗਾ ਤਾਂ ਉਸ ਦੀ ਛੋਟੀ ਰਾਣੀ ਨੇ ਨਿਆਣੇ ਪੁਣੇ 'ਚ ਘੁੰਢ ਕੱਢ ਲਿਆ। ਦਇਆਲ ਸੱਚੇ ਸਤਿਗੁਰੂ ਜੀ ਨੇ ਸ਼ੁਭ ਬਚਨ ਕੀਤੇ "ਹੇ ਬੀਬੀ ਜੀ! ਗੁਰੂ ਪਿਤਾ ਜੀ ਕੋਲ ਘੁੰਢ ਨਹੀਂ ਕੱਢੀਦਾ"। ਯਥਾ:- ਰਹੁ ਰਹੁ ਰੀ ਬਹੁਰੀਆ; ਘੂੰਘਟੁ. ਜਿਨਿ ਕਾਢੈ॥ ਅੰਤ ਕੀ ਬਾਰ; ਲਹੈਗੀ ਨ ਆਢੈ॥੧॥ਰਹਾਉ॥

ਸੱਚੇ ਸਤਿਗੁਰੂ ਸਾਹਿਬ ਜੀ ਦੇ ਇੱਕ ਖਾਸ ਪ੍ਰੇਮੀ ਸਿੱਖ ਰੋਜ਼ਾਨਾ ਜੰਗਲ਼ 'ਚੋਂ ਗੁਰੂ ਜੀ ਕੇ ਲੰਗਰ ਲਈ ਲੱਕੜਾਂ ਲੈ ਕੇ ਆਉਂਦੇ ਸਨ। ਸਦਾ ਹੀ ਸਾਦੇ ਲਿਬਾਸ 'ਚ ਰਹਿੰਦੇ ਅਤੇ ਬਹੁਤ ਹੀ ਘੱਟ ਬੋਲਦੇ, ਹਰ ਵੇਲੇ ਸੱਚਨ ਸੱਚ ਸੱਚਨ ਸੱਚ ਜਪਦੇ ਰਹਿੰਦੇ। ਤਾਂ ਸੰਗਤਾਂ ਨੇ ਉਨ੍ਹਾਂ ਦਾ ਨਾਮ ਸੱਚਨ ਸੱਚ ਹੀ ਰੱਖ ਦਿਤਾ। ਜੇ ਕੋਈ ਪੁੱਛਦਾ ਕਿ ਸੱਚਨ ਸੱਚ ਕਿਉਂ ਜਪਦੇ ਹੋਂ? ਤਾਂ ਨਿੰਮ੍ਰਤਾ ਸਹਿਤ ਕਹਿੰਦੇ "ਦਾਸਨਦਾਸ ਦੇ ਸੱਚੇ ਸਤਿਗੁਰੂ ਅਮਰਦਾਸ ਸਾਹਿਬ ਜੀ ਸੱਚਿਆਂ ਤੋਂ ਸੱਚੇ ਹਨ। ਕੋਟਿ ਬ੍ਰਹਮੰਡਾਂ 'ਚ ਉਨ੍ਹਾਂ ਵਰਗੇ ਕੋਈ ਨਹੀਂ, ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਸਰੂਪ ਹਨ।" ਯਥਾ:- ਪੀਘੂ ਦਾਦੇ ਜੇਵਿਹਾ; ਪੋਤਾ ਪਰਵਾਣੁ॥ ਸਾਰੇ ਗੁਰਸਿੱਖ ਉਨ੍ਹਾਂ ਦੇ ਦਰਸਨ ਕਰਕੇ ਬਹੁਤ ਜ਼ਿਆਦਾ ਖ਼ੁਸ਼ ਹੋ ਜਾਂਦੇ।

ਹਰੀਪੁਰ ਦੀ ਛੋਟੀ ਰਾਣੀ ਸੱਚਨ ਸੱਚ ਜੀ ਦੇ ਸੁੰਦਰ ਨਵਾ ਨਿਰੋਆ ਸਰੂਪ ਦੇਖ ਕੇ ਵਿਕਾਰ 'ਚ ਪਾਗਲ ਹੋ ਗਈ ਤਾਂ ਜੰਗਲ 'ਚ ਚਲੀ ਗਈ। ਇੱਕ ਦਿਨ ਭਾਈ ਸੱਚਨ ਸੱਚ ਜੀ ਜੰਗਲ 'ਚੋਂ ਲੱਕੜਾਂ ਲੈਣ ਗਏ ਤਾਂ ਉਹ ਵਿਕਾਰ 'ਚ ਅੰਨੀ ਰਾਣੀ ਪਿਛੋਂ ਆ ਕੇ ਚੰਬੜ ਕੇ ਕਰੂੜ (scratching) ਮਾਰਨ ਲੱਗ ਗਈ। ਭਾਈ ਸਾਹਿਬ ਜੀ ਨੇ ਬੜੇ ਜ਼ੋਰ ਨਾਲ ਉਸ ਨੂੰ ਪਰੇ ਚਲਾ ਕੇ ਸੁੱਟ ਦਿੱਤਾ। ਭਾਈ ਸਾਹਿਬ ਜੀ ਜਲਦੀ ਜਲਦੀ ਲੱਕੜਾਂ ਲੈ ਕੇ ਵਾਪਿਸ ਆ ਗਏ। ਤਾਂ ਸਤਿਗੁਰੂ ਸਾਹਿਬ ਜੀ ਦੇ ਦਰਸਨ ਕਰਕੇ ਪ੍ਰੇਮ ਬੇਨਤੀ ਕੀਤੀ "ਹੇ ਸਤਿਗੁਰੂ ਸਾਹਿਬ ਜੀ! ਦਾਸਨਦਾਸ ਜੰਗਲ਼ 'ਚ ਲੱਕੜਾਂ ਇਕੱਠੀਆਂ ਕਰ ਰਿਹਾ ਸੀ, ਤਾਂ ਇੱਕ ਬਲਾਅ ਆ ਕੇ ਚੁੰਬੜ ਗਈ। ਦਾਸਨਦਾਸ ਉਸ ਕੋਲੋ ਮੁਸ਼ਕਲ ਨਾਲ ਛੁੱਟ ਕੇ ਆਇਆ। ਹੁਣ ਦੁਬਾਰਾ ਦਾਸਨਦਾਸ ਉਸ ਪਾਸੇ ਲੱਕੜਾਂ ਲੈਣ ਨਹੀਂ ਜਾਵੇਗਾ"। ਸੱਚੇ ਸਤਿਗੁਰਾਂ ਨੇ ਕਿਹਾ "ਕਿ ਉਹ ਹਰੀਪੁਰ ਦੇ ਰਾਜੇ ਦੀ ਕਮਲ਼ੀ ਰਾਣੀ ਹੈ। ਕੱਲ ਨੂੰ ਜਦੋਂ ਆਪ ਜੀ ਉਧਰ ਲੱਕੜਾਂ ਲੈਣ ਜਾਵੋਗੇ ਤਾਂ ਇਹ ਖੜਾਂਵ ਲੈ ਜਾਣੀ, ਜਦੋਂ ਉਹ ਆਪ ਜੀ ਵੱਲ ਆਵੇਗੀ ਤਾਂ ਉਸ ਦੇ ਮੱਥੇ 'ਚ ਖੜਾਂਵ ਮਾਰਨੀ। ਉਸ ਨੂੰ ਸੁੱਧ ਬੁੱਧ ਆ ਜਾਵੇਗੀ"।

ਇਵੇਂ ਹੀ ਹੋਇਆ, ਜਦੋਂ ਰੱਬ ਭਾਈ ਸੱਚਨ ਸੱਚ ਜੀ ਜੰਗਲ 'ਚੋਂ ਲੱਕੜਾਂ ਲੈਣ ਗਏ ਤਾਂ ਉਹ ਕਮਲ਼ੀ ਰਾਣੀ, ਉਨ੍ਹਾਂ ਵੱਲ ਦੌੜ ਕੇ ਆਈ, ਤਾਂ ਭਾਈ ਸਾਹਿਬ ਜੀ ਨੇ ਉਸ ਦੇ ਮੱਥੇ 'ਚ ਖੜਾਂਵ ਮਾਰੀ। ਮੱਥੇ 'ਚੋਂ ਖ਼ੂਨ ਨਿਕਲਿਆ ਤੇ ਸਰੀਰ ਦੀ ਸੁੱਧ ਹੋ ਗਈ। ਆਪਣੇ ਸਰੀਰ ਨੂੰ ਸੰਕੋਚ ਕੇ ਬੈਠ ਗਈ ਅਤੇ ਕਿਹਾ "ਹੇ ਸਿੱਖਾ! ਦਾਸੀ ਨੂੰ ਬਸਤ੍ਰ ਦਿਉ" ਭਾਈ ਸਾਹਿਬ ਜੀ ਨੇ ਉਸ ਨੂੰ ਸ੍ਰੀਰ ਢਕਨ ਲਈ ਖੇਸ ਦਿੱਤਾ। ਤਾਂ ਭਾਈ ਸਾਹਿਬ ਜੀ ਦੇ ਨਾਲ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ 'ਚ ਆ ਗਈ।

ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਨੇ, ਨਾਨਕ ਨਦਰੀ ਨਦਰਿ ਨਿਹਾਲ॥ ਵਾਲੀ ਨਿਗ੍ਹਾ ਨਾਲ ਨਿਹਾਲ ਨਿਹਾਲ ਨਿਹਾਲ ਕਰਕੇ ਉਨ੍ਹਾਂ ਦੋਹਾਂ ਦਾ ਵਿਆਹ ਕਰ ਦਿਤਾ, ਨਾਲ ਹੀ ਗੁਰਸਿੱਖੀ ਦੇ ਪ੍ਰਚਾਰ ਲਈ ਮੰਜੀ ਬਖ਼ਸ਼ੀ। ਉਨ੍ਹਾਂ ਨੇ ਪ੍ਰਚਾਰ

ਕਰਕੇ ਅਨੇਕ ਜੀਆਂ ਨੂੰ ਤਾਰਿਆ ਜੀ।

ਅਹਰਣਿ ਮਤਿ; ਵੇਦੁ ਹਥੀਆਰੁ॥ (ਅਹਰਣਿ) ਭਾਰਾ ਲੋਹਾ, ਜਿਸ ਉਪਰ ਲੋਹਾ ਰੱਖ ਕੇ ਲੋਹਾਰ ਹਥੌੜੇ ਨਾਲ ਜ਼ੋਰ ਨਾਲ ਕੁੱਟਦਾ ਹੈ, ਪਰ ਉਹ ਹਿੱਲਦਾ, ਡੋਲਦਾ ਨਹੀਂ। ਇਉਂ (ਮਤਿ) ਬੁੱਧੀ ਨੂੰ ਅਹਰਣਿ ਵਾਂਗ ਅਚੱਲ ਰੱਖਣਾ, ਸੁਆਸ ਸੁਆਸ ਨਾਮ ਜਪ ਜਪਾ ਕੇ ਵਿਸ਼ੇ ਅਉਗੁਣਾਂ 'ਚ ਬੁੱਧੀ ਨੂੰ ਡੋਲਣ ਨ ਦੇਵੇ। ਯਥਾ:- ਹਸਤੀ ਸਿਰਿ ਜਿਉ ਅੰਕਸੁ ਹੈ; ਅਹਰਣਿ ਜਿਉ ਸਿਰੁ ਦੇਇ॥ ਜਿਵੇਂ ਲੋਹਾਰ ਅਹਰਣਿ ਉਪਰ ਲੋਹਾ ਕੁੱਟਦਾ ਹੈ, ਇਉਂ (ਵੇਦੁ) ਬ੍ਰਹਮਗਿਆਨ ਦੇ (ਹਥੀਆਰੁ) ਹਥੌੜੇ ਨਾਲ ਕੁੱਟ ਕੇ ਬੁੱਧੀ ਨੂੰ ਗੁਰਮਤਿ, ਨਿਰਗੁਨ ਸਰਗੁਨ ਦੀ ਏਕਤਾ ਦੇ ਗਿਆਨ ਨਾਲ ਸ਼ੁੱਧ ਕਰੇ। ਯਥਾ:- ਕੂਟਨੁ ਸੋਇ; ਜੁ ਮਨ ਕਉ ਕੂਟੈ॥ ਮਨ ਕੂਟੈ; ਤਉ ਜਮ ਤੇ ਛੂਟੈ॥ ਕੁਟਿ ਕੁਟਿ ਮਨੁ; ਕਸਵਟੀ ਲਾਵੈ॥ ਸੋ ਕੂਟਨੁ; ਮੁਕਤਿ ਬਹੁ ਪਾਵੈ॥੧॥ ) ਗੁਰਮਤਿ ਮਤਿ ਅਚਲੁ ਹੈ; ਚਲਾਇ ਨ ਸਕੈ ਕੋਇ॥

ਖਲਾਂ ਪੋਲਾ ਨਹੀਂ ਕਰਨਾ, ਖਲਾਂ ਦਾ ਅਰਥ ਮੂਰਖਾਂ ਹੈ। ਖੱਲਾ- ਭਉ ਖਲਾ; ਅਗਨਿ ਤਪ ਤਾਉ॥ ਜਿਵੇਂ ਅੱਗ ਭਖਾਉਣ ਵਾਸਤੇ ਸੁਨਿਆਰ ਕੋਲ਼ ਚਮੜੇ ਦੀ ਧੌਂਕਣੀ ਹੁੰਦੀ ਹੈ, ਤਿਵੇਂ ਸੱਚੇ ਵਾਹਿਗੁਰੂ ਜੀ ਦੀ (ਭਉ) ਭੈ ਧਾਰਨ ਰੂਪ (ਖਲਾ) ਧੌਂਕਣੀ ਬਨਾਉਣਾ ਕਰੇ। ਸੁਆਸ ਸੁਆਸ ਸਿਮਰਨ ਗੁਰ ਸੇਵਾ ਤਪਾਂ ਸਿਰਿ; ਤਪੁ ਸਾਰੁ॥ ਰੂਪੀ ਤਪ ਕਰਨਾ ਇਹ ਅਗਨਿ ਦਾ (ਤਾਉ) ਤਾਉਣਾ, ਸੇਕ ਦੇਣਾ ਹੈ। ਯਥਾ:- ਭੈ ਤਨਿ ਅਗਨਿ ਭਖੈ; ਭੈ ਨਾਲਿ॥ ) ਬਿਨੁ ਭੈ ਭਗਤੀ; ਤਰਨੁ ਕੈਸੇ॥ ) ਜਿਨਾ ਭਉ. ਤਿਨ੍ ਨਾਹਿ ਭਉ; ਮੁਚੁ ਭਉ. ਨਿਭਵਿਆਹ॥ ਨਾਨਕ. ਏਹੁ ਪਟੰਤਰਾ; ਤਿਤੁ ਦੀਬਾਣਿ ਗਇਆਹ॥

ਤਿਤੁ ਦਰਮਿਆਨਾ- ਭਾਂਡਾ ਭਾਉ; ਅੰਮ੍ਰਿਤੁ ਤਿਤੁ ਢਾਲਿ॥ ਜਿਵੇਂ ਸੋਨਾ ਢਾਲਣ ਲਈ (ਭਾਂਡਾ) ਕੁਠਾਰੀ ਹੁੰਦੀ ਹੈ, ਤਿਵੇਂ ਵਾਹਿਗੁਰੂ ਜੀ ਦਾ (ਭਾਉ) ਪ੍ਰੇਮ ਰੂਪ (ਭਾਂਡਾ) ਕੁਠਾਰੀ ਹੈ। (ਤਿਤੁ) ਤਿਸ ਪ੍ਰੇਮ ਰੂਪ ਕੁਠਾਰੀ 'ਚ ਅੰਮ੍ਰਿਤੁ (ਢਾਲਿ) ਢਾਲਣਾ ਕਰੇ ਜੀ। ਅੰਮ੍ਰਿਤੁ ਪ੍ਰਾਪਤ ਕਰਕੇ, (ਅੰ+ਮ੍ਰਿਤੁ) (ਮ੍ਰਿਤੁ) ਮੌਤ (ਅੰ) ਰਹਿਤ ਅਮਰ ਹੋਣਾ ਕਰੇ, ਮਿੱਠਾ ਅੰਮ੍ਰਿਤ ਰਸ ਪੀ ਪੀ ਕੇ ਰੱਜਣਾ ਕਰੇ ਜੀ। ਯਥਾ:- ਅੰਮ੍ਰਿਤੁ ਪੀਵੈ; ਅਮਰੁ ਸੋ ਹੋਇ॥ ਤਥਾ:- ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥੨॥

ਘੜੀਐ ਸਬਦੁ; ਸਚੀ ਟਕਸਾਲ॥ ਟਕਸਾਲ ਉਹ ਜਗ੍ਹਾ ਹੁੰਦੀ ਹੈ, ਜਿੱਥੇ ਸਰਕਾਰ ਵੱਲੋਂ ਸਿੱਕੇ (currency/coins) ਘੜੇ ਜਾਂਦੇ ਹਨ। ਇਉਂ ਸੱਚੇ ਕੰਤ ਭਗਵੰਤ ਪਾਰਬ੍ਰਹਮ ਬਿਅੰਤ ਜੀ ਦੀ ਅਤੀ ਪਿਆਰੀ ਸਾਧਸੰਗਤ ਜੀ ਰੂਪ ਸਚੀ ਟਕਸਾਲ 'ਚ ਗੁਰ ਸਬਦੁ ਦੀ ਕਮਾਈ ਕਰਕੇ ਅਸ਼ੁੱਧ ਮਨ ਨੂੰ (ਘੜੀਐ) ਘੜੀਏ, ਬਾਰਾਂ ਵੰਨੀ ਦੇ ਸੁੱਧ ਸੋਨੇ ਵਾਂਗ ਮਨ ਨੂੰ ਸੁੱਧ ਕਰੀਏ, ਗੁਰਮੁਖਿ ਬਣਾਈਏ। ਯਥਾ:- ਚਰਣ ਚਰਣ ਚਰਣ ਗੁਰ ਸੇਵੇ; ਅਘੜੁ ਘੜਿਓ. ਰਸੁ ਪਾਇਆ ਥਾ॥ ) ਗੁਰਮੁਖਿ; ਬਾਣੀ ਅਘੜੁ. ਘੜਾਵੈ॥

ਜਿਨ ਕਉ ਨਦਰਿ ਕਰਮੁ; ਤਿਨ ਕਾਰ॥ (ਜਿਨ) ਜਿਨ੍ਹਾਂ (ਕਉ) ਨੂੰ ਵਾਹਿਗੁਰੂ ਜੀ ਅਪਣੀ ਕਰਮੁ ਬਖ਼ਸ਼ਿਸ਼ ਦੀ ਅੰਮ੍ਰਿਤ (ਨਦਰਿ) ਦ੍ਰਿਸਟੀ ਕਰਦੇ ਹਨ, (ਤਿਨ) ਤਿਨ੍ਹਾਂ ਨੂੰ ਪ੍ਰੇਮਾ ਭਗਤੀ ਦੀ ਪਰਮਪਵਿੱਤ੍ਰ ਸ਼ੁਭ ਸੱਚੀ ਕਾਰ ਬਖ਼ਸ਼ਦੇ ਹਨ।

ਨਾਨਕ ਨਦਰੀ ਨਦਰਿ ਨਿਹਾਲ॥੩੮॥ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਨ੍ਹਾਂ 'ਤੇ (ਨਦਰੀ) ਵਾਹਿਗੁਰੂ ਜੀ ਅਪਣੀ ਕ੍ਰਿਪਾ ਦੀ (ਨਦਰਿ) ਦ੍ਰਿਸਟੀ ਕਰਦੇ ਹਨ, ਤਿਨ੍ਹਾਂ ਨੂੰ (ਨਿ+ਹਾਲ) (ਹਾਲ) ਦੁੱਖ (ਨਿ) ਰਹਿਤ ਕਰਕੇ (ਨਿਹਾਲ) ਪ੍ਰਸੰਨ ਕਰਦੇ ਹਨ ਜੀ॥੩੮॥

੧੨. ਵਾਹਿਗੁਰੂ॥ ਗੁਰਪ੍ਰਸਾਦਿ; ਬਿਖਿਆ ਪਰਹਰੈ॥ ਮਨ ਕੀ ਬਾਸਨਾ; ਮਨ ਤੇ ਟਰੈ॥ (ਗੁਰ+ਪ੍ਰਸਾਦਿ) (ਗੁਰ) ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ, ਵਿਸਮਾਦ ਨਿਰੋਲ ਸ਼ੁੱਧ ਸਰਬ ਵਿਆਪੀ ਅਗਮ ਅਪਾਰ ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਸ਼ੁਭ ਸੱਚੀ ਅਨਤ ਕਲਾਵਾਨ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਨਾਲ, (ਬਿਖਿਆ) ਜ਼ਹਿਰ ਮਾਇਆ ਵਿਸ਼ੇ ਆਪਣੇ ਮਨ ਤਨ ਤੋਂ (ਪਰਹਰੈ) ਦੂਰ ਕੀਤੇ ਹੋਣ, ਹੋਰਨਾਂ ਦੇ (ਬਿਖਿਆ) ਜ਼ਹਿਰ ਮਾਇਆ ਵਿਸ਼ੇ (ਪਰਹਰੈ) ਦੂਰ ਕਰਦੇ ਹੋਣ, ਮਨ (ਕੀ) ਦੀ ਵਿਸ਼ੇ ਵਿਕਾਰ, ਕਤਲ, ਚੋਰੀ, ਯਾਰੀ, ਮੰਦ ਕਰਮ, ਅਨੇਕ ਪ੍ਰਕਾਰ ਦੀ ਮੰਦੀ ਬਾਸਨਾ, ਮਨ (ਤੇ) ਤੋਂ ਗੁਰਪ੍ਰਸਾਦਿ (ਟਰੈ) ਟਲੀ ਹੋਵੇ।

ਇੰਦ੍ਰੀ ਜਿਤ; ਪੰਚ ਦੋਖ ਤੇ ਰਹਤ॥ ਨਾਨਕ. ਕੋਟਿ ਮਧੇ; ਕੋ ਐਸਾ ਅਪਰਸ॥੧॥) ਤਖਤਿ ਬੈਠਾ ਅਰਜਨ ਗੁਰੂ; ਸਤਿਗੁਰ ਕਾ ਖਿਵੈ ਚੰਦੋਆ॥ ਉਗਵਣਹੁ ਤੈ ਆਥਵਣਹੁ; ਚਹੁ ਚਕੀ ਕੀਅਨੁ ਲੋਆ॥ ਸਤਿਗੁਰੂ ਨਾਨਕ ਦੇਵ ਮਹੱਲਾ ਪੰਜਵਾਂ ਜੀ ਫ਼ੁਰਮਾ ਰਹੇ ਹਨ:- ਦਸ ਇੰਦ੍ਰੀ, ਕਰਿ ਰਾਖੈ ਵਾਸਿ॥ ਤਾ ਕੈ ਆਤਮੈ; ਹੋਇ ਪਰਗਾਸੁ॥ ਅਨੁਸਾਰ [1]ਪੰਜ ਗਿਆਨ ਇੰਦ੍ਰੇ, ਕਰਮ ਇੰਦ੍ਰਿਆਂ ਦੇ ਵਿਸ਼ਿਆਂ ਨੂੰ ਜਿੱਤਣ ਵਾਲਾ ਇੰਦ੍ਰੀ ਜਿਤ ਅਤੇ [2]ਪੰਚ ਦੋਖ, ਔਗੁਣਾਂ ਵਿਕਾਰਾਂ ਮਹਾਂ ਪਾਪਾਂ ਦੇ (ਦੋਖ) ਦੋਸ਼ਾਂ ਦੇ (ਪੰਚ) ਵਿਸਥਾਰ (ਤੇ) ਤੋਂ ਰਹਤ, (ਕੋਟਿ) ਕ੍ਰੋੜਾਂ (ਮਧੇ) ਵਿੱਚੋਂ (ਕੋ) ਕੋਈ ਐਸਾ ਵਿਰਲਾ ਵਿਰਲਾ ਹੀ, (ਅਪਰਸ) ਅਛੋਹ ਨਿਰਲੇਪ, ਸਰਬ ਦੀ ਚਰਨ ਧੂੜ ਬਣਿਆਂ ਪਰਉਪਕਾਰੀ ਅਪਰਸ ਹੈ ਜੀ॥੧॥ ਯਥਾ:- ਉਰਿ ਧਾਰੈ; ਜੋ ਅੰਤਰਿ ਨਾਮੁ॥ ਸਰਬ ਮੈ; ਪੇਖੈ ਭਗਵਾਨੁ॥ ਨਿਮਖ ਨਿਮਖ; ਠਾਕੁਰ ਨਮਸਕਾਰੈ॥ ਨਾਨਕ. ਓਹੁ ਅਪਰਸੁ; ਸਗਲ ਨਿਸਤਾਰੈ॥੧॥) ਨਿਸਿ ਦਿਨਿ ਮਾਇਆ ਕਾਰਨੇ;ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ; ਨਾਰਾਇਨ ਜਿਹ ਚੀਤਿ॥) ਕੋਟਿ ਮਧੇ; ਕੋਈ ਸੰਤੁ ਦਿਖਾਇਆ॥ ਨਾਨਕੁ; ਤਿਨ ਕੈ ਸੰਗਿ ਤਰਾਇਆ॥

[1]ਇੰਦ੍ਰੇ:- ਪੰਜ ਗਿਆਨ ਇੰਦ੍ਰੇ:- ਸਤਿਗੁਰੂ ਸਾਹਿਬ ਜੀ ਦੀ ਜੋਤਿ ਨਾਲ ਰਸਨਾ ਵਾਹਿਗੁਰੂ ਨਾਮ ਦਾ ਅੰਮ੍ਰਿਤ ਰਸ ਲੈਂਦੀ ਹੈ। ਸਤਿਗੁਰੂ ਸਾਹਿਬ ਜੀ ਦੀ ਜੋਤਿ ਦੁਆਰਾ ਕੰਨਾਂ ਨਾਲ ਸੱਚਾ ਨਾਮ ਸੁਣ ਕੇ, ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਸਾਹਿਬ ਜੀ ਦੀ ਜੋਤਿ ਦੁਆਰਾ ਨੇਤ੍ਰਾਂ ਨਾਲ ਸਤਿਗੁਰੂ ਸਾਹਿਬ ਜੀ ਦੇ ਦਰਸਨ ਦੇਖ ਕੇ, ਅੱਗ ਨਿਵਿਰਤ ਹੁੰਦੀ ਹੈ ਜੀ। ਯਥਾ:- ਸਤਿਗੁਰ ਦਰਸਨਿ; ਅਗਨਿ ਨਿਵਾਰੀ॥ ਸਤਿਗੁਰ ਭੇਟਤ; ਹਉਮੈ ਮਾਰੀ॥ ਸਤਿਗੁਰੂ ਸਾਹਿਬ ਜੀ ਦੀ ਜੋਤਿ ਦੁਆਰਾ ਚਮੜੀ ਠੰਢੇ ਤੱਤੇ ਨੂੰ ਪਰਖਣ ਦਾ ਗਿਆਨ ਦਿੰਦੀ ਹੈ। ਸਤਿਗੁਰੂ ਜੀ ਦੀ ਜੋਤਿ ਨਾਲ ਨਾਸਾਂ ਸੁਗੰਧੀ ਦੁਰਗੰਧੀ ਦਾ ਗਿਆਨ ਦਿੰਦੀਆਂ ਹਨ।

ਕਰਮ ਇੰਦ੍ਰੇ:- ਸਤਿਗੁਰੂ ਸਾਹਿਬ ਜੀ ਦੀ ਜੋਤਿ ਨਾਲ ਜ਼ਬਾਨ ਗੁਰਬਾਣੀ ਗਾਉਂਦੀ ਹੈ ਜੀ। ਸਤਿਗੁਰੂ ਸਾਹਿਬ ਜੀ ਦੀ ਜੋਤਿ ਨਾਲ ਹੱਥ ਧਰਮ ਕ੍ਰਿਤ, ਗੁਰੂ ਪ੍ਰਮੇਸਰ ਜੀ ਦੀ ਸੇਵਾ, ਸਤਿਗੁਰੂ ਸਾਹਿਬ ਜੀ ਉੱਪਰ ਚੌਰ, ਗੁਰਬਾਣੀ ਲਿਖਦੇ ਹਨ ਜੀ। ਯਥਾ:- ਹਰਿ ਜਸੁ ਲਿਖਹਿ. ਲਾਇ ਭਾਵਨੀ; ਸੇ ਹਸਤ ਪਵਿਤਾ॥ ਧਰਮ ਯੁੱਧ 'ਚ ਕਿਰਪਾਨ ਚਲਾਉਂਦੇ ਹਨ ਜੀ। ਯਥਾ:- ਕ੍ਰਿਪਾਣ ਪਾਣ ਧਾਰੀਯੰ॥ ਕਰੋਰ ਪਾਪ ਟਾਰੀਯੰ॥ ਸਤਿਗੁਰੂ ਸਾਹਿਬ ਜੀ ਦੀ ਜੋਤਿ ਨਾਲ ਪੈਰ ਸਤਿਸੰਗਤ ਜੀ ਵੱਲ ਤੁਰ ਕੇ ਜਾਂਦੇ ਹਨ ਜੀ।

[2]ਪੰਚ ਦੋਖ:- ਵਿਸ਼ੇ ਵਿਕਾਰ ਦੇ [1]ਸਬਦ ਸੁਣਨੇ, ਜਿਵੇਂ ਹਰਨ ਘੰਡੇਹੇੜੇ ਦਾ ਸਬਦ ਸੁਣ ਕੇ ਮਰ ਜਾਂਦਾ ਹੈ ਜੀ। ਯਥਾ:- ਸਨਮੁਖ. ਸਹਿ ਬਾਨ, ਸਨਮੁਖ. ਸਹਿ ਬਾਨ ਹੇ; ਮ੍ਰਿਗ ਅਰਪੇ, ਮਨ ਤਨ ਪ੍ਰਾਨ ਹੇ; ਓਹੁ ਬੇਧਿਓ ਸਹਜ ਸਰੋਤ॥ ਵਿਸ਼ੇ ਰਸ ਦੇ [2]ਸਪਰਸ ਲਈ ਹਾਥੀ ਕੁੰਡੇ ਸਹਾਰਦਾ ਹੈ। ਯਥਾ:- ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ; ਚਲਤੁ ਰਚਿਓ ਜਗਦੀਸ॥ ਕਾਮ ਸੁਆਇ. ਗਜ ਬਸਿ ਪਰੇ, ਮਨ ਬਉਰਾ ਰੇ; ਅੰਕਸੁ ਸਹਿਓ ਸੀਸ॥੧॥ ਲਾਈਟ ਦਾ [3]ਰੂਪ ਦੇਖਣੇ ਕਰਕੇ ਪਤੰਗਾ

ਸੜ ਜਾਂਦਾ ਹੈ। ਯਥਾ:- ਦ੍ਰਿਸਟਿ ਰੋਗਿ; ਪਚਿ ਮੁਏ ਪਤੰਗਾ॥ ਰਸਨਾ ਦੇ [੪]ਰਸ 'ਚ ਮੱਛੀ ਕੁੰਡੀ ਨਿਗਲ਼ ਕੇ ਤੜਫ਼ ਤੜਫ਼ ਕੇ ਮਰ ਜਾਂਦੀ ਹੈ ਜੀ। ਯਥਾ:- ਜਿਹਬਾ ਸੁਆਦੀ; ਲੀਲਿਤ ਲੋਹ॥ ਭੌਰਾ ਕਮਲ ਦੀ ([੫]ਗੰਧ) ਵਾਸ਼ਨਾ 'ਤੇ ਮੋਹਿਤ ਹੋ ਕੇ ਮਰ ਜਾਂਦਾ ਹੈ ਜੀ। ਯਥਾ:- ਅਲੀ ਅਲ ਗੁੰਜਾਤ, ਅਲੀ ਅਲ ਗੁੰਜਾਤ ਹੇ; ਮਕਰੰਦ ਰਸ ਬਾਸਨ ਮਾਤ ਹੇ; ਪ੍ਰੀਤਿ ਕਮਲ, ਬੰਧਾਵਤ ਆਪ॥

੧੩. ਸਾਖੀ ਨੇਕ ਸਾਊ ਗੁਰਮੁਖਿ ਬੀਬੀ ਨੇ ਗੁਰਬਾਣੀ ਦਾ ਪ੍ਰਤਾਪ ਜਨਾਉਣਾ:- ਇੱਕ ਸਾਊ ਨੇ ਦੱਸਿਆ, "ਦਾਸਨਦਾਸ ਧਨੀ ਸੀ, ਪਿੰਡ ਦੀ ਅੰਮ੍ਰਿਤਧਾਰੀ ਨੂੰਹ 'ਤੇ ਮਨ ਡੋਲ ਗਿਆ, ਕਿਸੇ ਤਰ੍ਹਾਂ ਭੀ ਧੀਰਜ ਨ ਕਰੇ। ਇਨ ਪੰਚਨ; ਮੇਰੋ ਮਨੁ ਜੁ ਬਿਗਾਰਿਓ॥ ਪਲੁ ਪਲੁ ਹਰਿ ਜੀ ਤੇ; ਅੰਤਰੁ ਪਾਰਿਓ॥ ਅਨੁਸਾਰ ਦਾਸ ਨੇ ਉਸ ਨੂੰ ਮੰਦੀ ਨਿਗ੍ਹਾ ਨਾਲ ਦੇਖਿਆ, ਉਸ ਨੇ ਦਾਸ ਦੀ ਮੰਦੀ ਹਾਲਤ ਦੇਖ ਕੇ, ਹੱਥ ਜੋੜ ਕੇ ਸਿਰ ਝੁਕਾ ਕੇ ਕਿਹਾ, "ਵੀਰ ਜੀ ਧਾਰੋ ਧੀਰ ਜੀ ਨਾਸਵੰਤ ਹੈ ਸ੍ਰੀਰ ਜੀ!" ਅੰਤੁ ਨ ਵੇਖਹਿ; ਸੁਣਹਿ ਨ ਅੰਤੁ॥ ) ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥ ) ਜਹ ਸਰਬ ਕਲਾ; ਆਪਹਿ ਪਰਬੀਨ॥ ਅਨੁਸਾਰ ਮੇਰਾ; ਅੰਤਰਜਾਮੀ ਹਰਿ ਰਾਇਆ॥ ਸਤਿਗੁਰੂ ਸਾਹਿਬ ਜੀ ਸਭ ਦੇ ਦਿਲ ਦੀ ਜਾਣਦੇ ਹਨ ਤੇ ਸਾਨੂੰ ਹਰ ਸਮੇਂ ਦੇਖਦੇ ਹਨ। ਗੋਤਮੁ ਤਪਾ. ਅਹਿਲਿਆ ਇਸਤ੍ਰੀ; ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ; ਤਾ ਮਨਿ ਪਛੋਤਾਇਆ॥ ਅਨੁਸਾਰ ਪਰਾਏ ਘਰ ਜਾਣ ਤੋਂ ਇੰਦ੍ਰ ਨੂੰ ਕੋਹੜ ਹੋਣੇ ਕਰਕੇ ਰੋਣਾ ਪਿਆ। ਵਿਕਾਰ ਦੀ ਨਿਵਿਰਤੀ ਲਈ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬਖ਼ਸ਼ੇ, ਰੇ ਮਨ; ਐਸੋ ਕਰਿ ਸੰਨਿਆਸਾ॥ ਗੁਰਸਬਦ ਦਾ ਸਵਾ ਲੱਖ ਵਾਰੀਂ ਅਭਿਆਸ ਕਰੋ, ਮਹਾਰਾਜ ਸਾਹਿਬ ਜੀ ਆਪ ਜੀ ਦਾ ਮਨ ਸਾਫ਼ ਕਰ ਦੇਣਗੇ ਜੀ।" "ਦਾਸ ਨੂੰ ਬੜੀ ਹੀ ਲੱਜਿਆ ਆਈ, ਭਾਵੇਂ ਦਾਸ ਨੇ ਇੱਕ ਨੇਕ ਸਾਊ ਗੁਰਮੁਖਿ ਬੱਚੀ 'ਤੇ ਅਪਣਾ ਮਨ ਮੈਲ਼ਾ ਕੀਤਾ ਹੈ, ਤਾਂ ਭੀ ਉਸ ਨੇ ਹੱਥ ਜੋੜ ਕੇ ਅਦਬ ਸਤਿਕਾਰ ਨਾਲ ਗੁਰਸਬਦ ਅਭਿਆਸ ਕਰਨ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ਿਆ ਹੈ ਜੀ। ਗੁਰਸਬਦ ਸਿਮਰਨ ਅਭਿਆਸ ਕਰਨ ਤੋਂ ਸੱਚੇ ਪਾਤਿਸ਼ਾਹ ਜੀ ਦੀ ਕ੍ਰਿਪਾ ਹੋ ਗਈ, ਗੁਰੂ ਜੀ ਨੇ ਵਿਕਾਰ ਦੁਸ਼ਮਣ ਟਾਲ ਦਿਤਾ, ਸੋ ਜੁੱਗਾਂ ਜੁੱਗਾਂ 'ਚ ਗੁਰਸਬਦ ਦੀ ਮਹਾਨ ਮਹਾਨਤਾ ਹੈ ਜੀ।"

੧੪. ੴਸਿਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸਾਹੀ ੧੦॥ ਰੇ ਮਨ; ਐਸੋ ਕਰਿ ਸੰਨਿਆਸਾ॥ ਜਿਵੇਂ ਸ਼ਬਦ ਹਜ਼ਾਰੇ ਆਦਿ ਬਾਣੀ ਦੇ ਸੱਤ ਸ਼ਬਦ ਹਨ, ਤਿਵੇਂ ਇਹ ਦਸ ਸ਼ਬਦ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਉਚਾਰੇ ਹਨ ਜੀ। (ੴ) ਦ੍ਵੈਤ ਰਹਿਤ ਇੱਕ ਵਾਹਿਗੁਰੂ ਜੀ, ਸਭ ਜੀਅ ਜੰਤ ਅਸੰਖ ਬ੍ਰਹਮੰਡਾਂ ਦੇ ਪ੍ਰਕਾਸ਼ਕ ਹਨ। ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ. ਕਲ ਰਾਖੀ ਮੇਰੀ॥ ਅਨੁਸਾਰ (ਸਤਿਗੁਰ) (ਸਤਿ+ਗੁਰ) (ਗੁਰ) ਵੱਡੇ ਪਰਮਪੂਜਨੀਕ (ਸਤਿ) ਸੱਚੇ (ਗੁਰ) ਨਿਰੇ ਪ੍ਰਕਾਸ਼ ਹੀ ਪ੍ਰਕਾਸ਼ (ਪ੍ਰਸਾਦਿ) ਅਨੰਦ ਸਰੂਪ (ਪ੍ਰਸਾਦਿ) ਕ੍ਰਿਪਾ ਸਰੂਪ ਭਾਵ ਗੁਰੂ ਪ੍ਰਮੇਸਰ ਜੀ ਅਗਮ ਅਪਾਰ ਨਿਰੇ ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। (ਪ੍ਰਸਾਦਿ) (ਪ੍ਰ+ਸਾਦਿ) (ਪ੍ਰ) ਪਰੇ ਹਨ (ਸਾਦਿ) ਸੁਆਦਾਂ ਤੋਂ, ਭਾਵ ਇੰਦ੍ਰਿਆਂ ਦੇ ਸੁਆਦਾਂ ਰਹਿਤ ਹਨ।

ਰਾਮਕਲੀ ਪਾਤਸਾਹੀ ੧੦॥ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਪਾਤਸਾਹੀ (੧੦) ਦਸਵੀਂ ਜੀ ਰਾਮਕਲੀ ਰਾਗ 'ਚ ਗੁਰਮਤਿ ਸੰਨਿਆਸ ਧਾਰਨ ਦਾ ਸ਼ੁਭ ਸੱਚਾ ਉਪਦੇਸ਼, ਅਪਣੇ ਮਨ ਨੂੰ ਫ਼ੁਰਮਾਉਂਦੇ ਹਨ ਜੀ:-

ਰੇ ਮਨ; ਐਸੋ ਕਰਿ ਸੰਨਿਆਸਾ॥ {੨੫ ਸਾਲ ਤੱਕ ਬ੍ਰਹਮਚਰਜ ਰੱਖਣਾ, ਬ੍ਰਹਮਚਾਰੀ ਆਸ਼੍ਰਮ ਹੈ। ੨੫ ਤੋਂ ੫੦ ਤੱਕ ਗ੍ਰਿਸਤ ਆਸ਼੍ਰਮ ਹੈ। ੫੦ ਤੋਂ ੭੫ ਤੱਕ ਬਾਨਪ੍ਰਸਤ ਆਸ਼੍ਰਮ ਹੈ, ਭਾਵ ਗ੍ਰਿਸਤ ਤਿਆਗ ਕੇ ਜੰਗਲ ਨੂੰ ਚਲੇ ਜਾਣਾ ਭਗਤੀ

ਕਰਨੀ। ੭੫ ਤੋਂ ੧੦੦ ਤੱਕ ਸੂਬ ਕਾ ਤਿਆਗ ਕਰ ਦੇਣਾ, ਇਹ ਸੰਨਿਆਸ ਆਸ਼੍ਰਮ ਹੈ। ਸਾਹ ਦਾ ਕੀ ਵਿਸਾਹ? ਇਸ ਲਈ ਵਾਹਿਗੁਰੂ ਗੁਰੂ ਪ੍ਰਮੇਸਰ ਜੀ ਨੇ ਜਨਮ ਤੋਂ ਹੰਗਤਾ ਮਮਤਾ ਮੇਰ ਔਗੁਣ ਤਿਆਗ ਕੇ, ਪਰਉਪਕਾਰ ਸਰਬੱਤ ਦੇ ਭਲੇ ਲਈ, ਸਭ ਕੁੱਝ ਪੂਰਨ ਗੁਰੂ ਜੀ ਤੋਂ ਕੁਰਬਾਨ ਕਰਨ ਨੂੰ ਸੁਭ ਸੱਚਾ ਉਪਦੇਸ਼ ਬਖ਼ਸ਼ਿਆ ਹੈ। ਯਥਾ:- ਗੁਰ ਕਉ; ਕੁਰਬਾਨੁ ਜਾਉ ਹਾਂ॥} (ਰੇ) ਹੇ ਮਨ! ਗੁਰਪ੍ਰਸਾਦਿ (ਐਸੋ) ਐਸੇ ਹੰਗਤਾ ਦੇ ਤਿਆਗ ਦਾ ਤਿਆਗ ਕਰਕੇ, ਤਨ ਮਨ ਧਨ ਸਪੁੱਤ੍ਰ ਪਰਿਵਾਰ ਸਭ ਕੁੱਝ ਪੂਰਨ ਸੱਚੇ ਗੁਰੂ ਜੀ ਨੂੰ ਅਰਪ ਕੇ, ਸਾਰਾ ਜੀਵਨ ਸਿਮਰਨ ਅਭਿਆਸ ਸਰਬੱਤ ਦੇ ਭਲੇ ਦੇ ਸ਼ੁਭ ਧਰਮ ਨਿਰਮਲ ਕਰਮ ਕਰਨ ਕਰਾਉਣ, ਸਾਰੀਆਂ ਆਸਾਂ ਸੁੰਨ ਕਰਕੇ, ਸੁੰਨ ਅਫੁਰ ਬ੍ਰਹਮ ਜੀ 'ਚ ਲੀਣਤਾ ਸਹਿਤ, ਜੋ ਮਾਇਆ ਪਦਾਰਥ ਪ੍ਰਾਪਤ ਹੋਈ ਜਾਵੇ, ਗੁਰੂ ਜੀ ਦੇ ਨਾਮ ਤੇ ਸਰਬੱਤ ਦੇ ਭਲੇ ਹਿਤ ਲੁਟਾ ਦੇਣ ਰੂਪ ਸਹੀ (ਸੰਨਿਆਸਾ) ਸੰਨਿਆਸ ਧਾਰਨ ਕਰਿ। ਯਥਾ:- ਅੰਤਰਿ ਸੁੰਨੰ.ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥ ਚਉਥੇ ਸੁੰਨੈ. ਜੋ ਨਰੁ ਜਾਣੈ; ਤਾ ਕਉ. ਪਾਪੁ ਨ ਪੁੰਨੰ॥ ਮਾਇਆ ਨੂੰ ਹੱਥ ਨ ਲਾਉਣਾ ਤਿਆਗ ਸੰਨਿਆਸ ਨਹੀਂ ਹੈ। ਰੋਮ ਰੋਮ ਕਰਕੇ ਨਾਮ ਜਪਣਾ ਹੀ ਸੰਨਿਆਸ ਹੈ ਜੀ।

ਬਨ ਸੇ ਸਦਨ. ਸਭੈ ਕਰਿ ਸਮਝਹੁ; ਮਨ ਹੀ ਮਾਹਿ ਉਦਾਸਾ॥੧॥ ਰਹਾਉ॥ ਮਨ (ਮਾਹਿ) ਵਿੱਚ ਹੀ ਮੋਹ ਔਗੁਣਾਂ ਵਿਕਾਰਾਂ ਤੋਂ (ਉਦਾਸਾ) ਉਪਰਾਮ ਨਿਰਲੇਪ ਰਹਿੰਦਿਆਂ, (ਸਭੈ) ਸਾਰੇ (ਸਦਨ) ਘਰਾਂ ਨੂੰ (ਬਨ) ਜੰਗਲ਼ (ਸੇ) ਜੈਸੇ (ਕਰਿ) ਕਰਕੇ (ਸਮਝਹੁ) ਸਮਝਣਾ ਕਰੋ ਜੀ, ਭਾਵ ਇੰਦ੍ਰਿਆਂ ਦੇ ਸੁਆਦ, ਜ਼ਮੀਨ ਸਬੰਧੀ ਘਰ ਸਭ ਦੀ ਮੇਰ ਮਨ 'ਚੋਂ ਤਿਆਗਣੀ॥੧॥ ਯਥਾ:- ਤਜਿ ਸਾਦ; ਸਹਜ ਸੁਖੁ ਹੋਈ॥ ਘਰ ਛਡਣੇ; ਰਹੈ ਨ ਕੋਈ॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

ਜਤ, ਜਟਾਂ: ਪੋਲੇ ਬੋਲੋ- ਜਤ ਕੀ ਜਟਾ, ਜੋਗ ਕੋ ਮੱਜਨੁ; ਨੇਮ ਕੇ ਨਖਨ ਬਢਾਓ॥) ਇਕਿ ਗਿਰਹੀ. ਸੇਵਕ ਸਾਧਿਕਾ; ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ; ਹਰਿ ਭਗਤਿ ਸੁ ਜਾਗੇ॥੭॥) ਪਉੜੀ॥ ਇਸਤ੍ਰੀ ਪੁਰਖੈ ਅਤਿ ਨੇਹੁ; ਬਹਿ ਮੰਦੁ ਪਕਾਇਆ॥ ਦਿਸਦਾ ਸਭੁ ਕਿਛੁ ਚਲਸੀ; ਮੇਰੇ ਪ੍ਰਭ ਭਾਇਆ॥ ਕਿਉ ਰਹੀਐ ਥਿਰੁ ਜਗਿ; ਕੋ ਕਢਹੁ ਉਪਾਇਆ॥ ਗੁਰ ਪੂਰੇ ਕੀ ਚਾਕਰੀ; ਥਿਰੁ ਕੰਧੁ ਸਬਾਇਆ॥ ਨਾਨਕ ਬਖਸਿ ਮਿਲਾਇਅਨੁ; ਹਰਿ ਨਾਮਿ ਸਮਾਇਆ॥੩੩॥ ਅਨੁਸਾਰ ਬੇਅੰਤ ਗੁਰੂ ਪ੍ਰੇਮੀ ਪਤੀ ਸਤੀ ਮਿਲ ਕੇ, ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੂੰ ਹਰ ਸਮੇਂ ਇਉਂ ਜਪਦੇ ਹਨ:- ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਪੰਜ ਦਿਨ ਭੁੱਖ ਉਨੀਂਦ੍ਰਾ ਤ੍ਰੇਹ ਸਹਾਰਦਿਆਂ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ ਜੀ।

ਗੁਰੂ ਜੀ ਦੀ ਸੱਚੀ ਕੁਰਬਾਨੀ ਆਪ ਜਪ ਜਪ ਕੇ, ਪ੍ਰੇਮੀਆਂ ਨੂੰ ਜਪਾ ਕੇ, ਵਿਸ਼ੇ ਵਾਸ਼ਨਾ ਹੰਕਾਰ ਔਗੁਣ ਤਿਆਗ ਕੇ, ਇਕੱਠੇ ਗੁਰੂ ਸੇਵਾ ਸਿਮਰਨ ਪਰਉਪਕਾਰ ਪ੍ਰੇਮਾ ਭਗਤੀ ਨਿਰਮਲ ਨਿਸ਼ਕਾਮ ਕਰਮ ਧਰਮ ਕਥਾ ਕੀਰਤਨ ਕਰਕੇ,

ਜੀਵਨ ਮੁਕਤ ਪੁਰਖ ਹੋਏ ਹਨ। ਇਹ ਗੁਰੂ ਜੀ ਦਾ ਬਖ਼ਸ਼ਿਆ ਸ਼੍ਰੋਮਣੀ ਜਤ ਸਤ ਹੈ। ਜਿਵੇਂ ਪੂਰਨ ਬ੍ਰਹਮ ਜੀ ਦੇ ਅਵਤਾਰ, ਪੂਰਨ ਬ੍ਰਹਮ ਭਗਤ ਕਬੀਰ ਸਾਹਿਬ ਜੀ ਅਪਣੇ ਮਹਲ ਗੁਰਮੁਖਿ ਲੋਈ ਜੀ, ਤੇ ਬੱਚਿਆਂ ਸਮੇਤ, ਸਾਧੂਆਂ ਦੀ ਸੇਵਾ ਚਾਅ ਨਾਲ ਭੱਜ ਭੱਜ ਕੇ ਕਰਦੇ ਸਨ। ਹੰਕਾਰ ਵਿਕਾਰ ਤਿਆਗ ਕੇ, ਇਕੱਠੇ ਗੁਰੂ ਸੇਵਾ ਸਿਮਰਨ ਪਰਉਪਕਾਰ ਪ੍ਰੇਮਾ ਭਗਤੀ ਨਿਰਮਲ ਨਿਸ਼ਕਾਮ ਕਰਮ ਧਰਮ ਕਥਾ ਕੀਰਤਨ ਕਰਕੇ, ਜੀਵਨ ਮੁਕਤ ਪੁਰਖ ਹੋਏ ਹਨ। ਜੋਗੀ ਬਨਾਉਟੀ ਜਟਾਂ ਬਣਾਉਂਦੇ ਹਨ।

ਜਤ ਕੀ ਜਟਾ. ਜੋਗ ਕੋ ਮੱਜਨੁ; ਨੇਮ ਕੇ ਨਖਨ ਬਢਾਓ॥ ਗੁਰਮਤਿ ਅਨੁਸਾਰ ਅੱਖਾਂ ਨਾਲ ਪਰਾਇਆ ਰੂਪ ਨਹੀਂ ਦੇਖਣਾ, ਕੰਨਾਂ ਨਾਲ ਨਿੰਦਾ ਝੂਠ ਵਿਕਾਰ ਦੀ ਗੱਲ ਨਹੀਂ ਸੁਨਣੀ, ਜ਼ਬਾਨ ਨਾਲ ਵਿਕਾਰ ਝੂਠ ਨਿੰਦਾ ਇੱਕ ਭੀ ਫਿੱਕੀ ਗੱਲ ਨਹੀਂ ਕਰਨੀ, ਇੰਦ੍ਰਿਆਂ ਦੇ ਵਿਸ਼ੇ ਤਿਆਗ ਕੇ, ਇਨ੍ਹਾਂ ਦੁਆਰਾ ਨਾਮੁ ਪੜ੍ਹਨਾ ਨਾਮੁ ਸੁਨਣਾ ਬ੍ਰਹਮ 'ਚ ਲੀਣਤਾ ਰੂਪ ਜਤ ਬ੍ਰਹਮਚਰਜ ਹੈ ਜੀ। ਜਟਾਂ 'ਚ ਜੋਗ ਨਹੀਂ ਹੈ। ਯਥਾ:- ਜੋਗੀ; ਜੋਗੁ ਜਟਨ ਮੋ ਨਾਹੀ॥ ਹੇ ਮਨ! ਸੁਪਨੈ; ਬਿੰਦੁ ਨ ਦੇਈ ਝਰਨਾ॥ ਅਨੁਸਾਰ (ਜਤ) ਬ੍ਰਹਮਚਰਜ ਰੱਖ ਕੇ, ਪੂਰਨ ਬ੍ਰਹਮ ਜੀ 'ਚ ਲੀਣਤਾ ਰੂਪ, ਜਤ (ਕੀ) ਦੀਆਂ ਜਟਾ ਬਨਾਉਣਾ ਕਰ। ਬ੍ਰਹਮ (ਕੋ) ਵਿੱਚ (ਜੋਗ) ਜੁੜਨ ਰੂਪ (ਮੱਜਨੁ) ਇਸ਼ਨਾਨ ਕਰੋ ਜੀ। ਵੱਡੇ ਤੜਕੇ ਨਿੱਤ ਇਸ਼ਨਾਨ ਕਰਨ, ਰੋਮ ਰੋਮ ਕਰਕੇ ਸੁਆਸ ਸੁਆਸ ਨਿੱਤਨੇਮ ਸਿਮਰਨ ਕਰਨ, ਬ੍ਰਹਮਵਿੱਦਿਆ, ਸ਼ਸਤ੍ਰ ਅਭਿਆਸ, ਅਨੇਕ ਪ੍ਰਕਾਰ ਦੇ ਪਰਉਪਕਾਰ ਕਰਨ ਰੂਪੀ ਨੇਮ (ਕੇ) ਦੇ (ਨਖਨ) ਨਹੁੰ (ਬਢਾਓ) ਵਧਾਉਣਾ ਕਰੋ ਜੀ।

ਗੁਰੂ ਪ੍ਰਮੇਸਰ ਜੀ ਧਰਮਕ੍ਰਿਤ ਕਰਦਿਆਂ ਨਾਮ ਜਪਣ ਦਾ ਉਪਦੇਸ਼ ਬਖ਼ਸ਼ਦੇ ਹਨ। ਨਹੁੰ ਵਧਾਉਣ ਨਾਲ ਧਰਮਕ੍ਰਿਤ 'ਚ ਵਿਘਨ ਪੈਂਦਾ ਹੈ। ਨਹੁੰ ਵਧਾਉਣਾ ਫ਼ੈਸ਼ਨ ਬਣ ਗਿਆ ਹੈ, ਇਹ ਖੋਟੀ ਮਤਿ ਹੈ। ਨਹੁੰ ਦਾ ਸਿਰਾ ਮੁਰਦਾ ਅੰਗ, ਕੱਟਣ ਦਾ ਹੁਕਮ ਹੈ, ਨਹੁੰਆਂ 'ਚ ਮੈਲ਼ ਪੈਣ ਤੋਂ ਅੰਦਰ ਜਾਂਦੀ ਹੈ, ਬੀਮਾਰੀਆਂ ਲੱਗਦੀਆਂ ਹਨ। ਦੇਖਣ ਵਾਲੇ ਨੂੰ ਗਲਿਆਨੀ ਆਉਂਦੀ ਹੈ, ਬਹੁਤ ਹੀ ਬੁਰੇ ਲੱਗਦੇ ਹਨ। ਡਾਕਟ੍ਰੀ ਖ਼ਿਆਲ ਅਨੁਸਾਰ ਭੀ ਨਹੁੰ ਲਾਹੁਣੇ ਬਹੁਤ ਹੀ ਜ਼ਰੂਰੀ ਹਨ, ਕਈ ਨਹੁੰ ਵਧਾਉਂਦੇ ਹਨ, ਇਹ ਗੁਰਮਤਿ ਨਹੀਂ, ਸੁਹੱਪਣ ਭੀ ਖ਼ਰਾਬ ਹੁੰਦਾ ਹੈ, ਵਧੇ ਨਹੁੰਆਂ ਵਾਲਾ ਦੂਜੇ ਨੂੰ ਚੀਜ਼ ਖੁਆਵੇ ਤਾਂ ਰੋਗ ਲੱਗੇਗਾ, ਉਸ ਦੇ ਨਹੁੰਆਂ 'ਚ ਬਹੁਤ ਹੀ ਗੰਦੇ ਜਰਾਸੀਮ ਹੁੰਦੇ ਹਨ, ਖ਼ੁਰਦਬੀਨ ਨਾਲ ਦੇਖ ਲਵੇ। ਵਧਾਇਆ ਨਹੁੰ, ਕਿਸੇ ਚੀਜ਼ 'ਚ ਲੱਗਣ ਤੋਂ, ਜੜਾਂ ਤੋਂ ਉੱਖੜ ਕੇ ਕਸ਼ਟ ਦਾ ਕਾਰਨ ਬਣਦਾ ਹੈ। ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ, ਸਮੇਂ ਅਨੁਸਾਰ ਨਹੁੰ ਕੱਟਦੇ ਰਹੋ ਜੀ।

ਗਿਆਨ ਗੁਰੂ. ਆਤਮ ਉਪਦੇਸਹੁ; ਨਾਮ ਬਿਭੂਤ ਲਗਾਓ॥੧॥ ਗੋਰਖ ਜੀ ਨੂੰ ਗੁਰੂ ਮੰਨਣ ਦੀ ਬਜਾਏ (ਗਿਆਨ) ਬ੍ਰਹਮਗਿਆਨ ਦੇ ਦਾਤੇ ਸ਼ਬਦ ਗੁਰੂ ਜੀ ਦੁਆਰਾ ਆਪਣੇ (ਆਤਮ) ਮਨ ਨੂੰ (ਉਪਦੇਸਹੁ) ਉਪਦੇਸ਼ਣਾ ਕਰੋ ਜੀ। ਨਾਮ ਰੂਪੀ (ਬਿਭੂਤ) ਸੁਆਹ (ਲਗਾਓ) ਲਗਾਉਣਾ ਕਰੋ ਜੀ॥੧॥

ਅਲਪ ਅਹਾਰ.ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ॥ ਆਲਸ ਵਿਕਾਰ ਰੋਗਾਂ ਤੋਂ ਬਚਣ, ਸਿਮਰਨ ਦੀ ਪ੍ਰਾਪਤੀ ਲਈ, ਓਨ੍ਹੀ. ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥ ਅਨੁਸਾਰ (ਅਲਪ) ਥੋੜਾ (ਅਹਾਰ) ਭੋਜਨ ਛਕ (ਸੁਲਪ) ਥੋੜੀ (ਸੀ) ਜਿਹੀ (ਨਿੰਦ੍ਰਾ) ਨੀਂਦ ਲੈਣਾ ਕਰੋ। ਯਥਾ:- ਖੰਡਿਤ ਨਿਦ੍ਰਾ. ਅਲਪ ਅਹਾਰੰ; ਨਾਨਕ. ਤਤੁ ਬੀਚਾਰੋ॥੮॥ ਜੇ ਕੋਈ ਗਲਤੀ ਕਰੇ ਤਾਂ ਉਸ ਨੂੰ ਦਯਾ (ਛਿਮਾ) ਖਿਮਾ ਕਰਨ ਦੀ (ਤਨ) ਰੋਮ ਰਮੋ ਕਰਕੇ ਪ੍ਰੀਤਿ ਕਰੋ ਜੀ। ਯਥਾ:- ਬਕੈ ਨ ਬੋਲੈ. ਖਿਮਾ ਧਨੁ ਸੰਗ੍ਰਹੈ; ਤਾਮਸੁ. ਨਾਮਿ ਜਲਾਏ॥ ਧਨੁ ਗਿਰਹੀ ਸੰਨਿਆਸੀ ਜੋਗੀ; ਜਿ ਹਰਿ ਚਰਣੀ ਚਿਤੁ ਲਾਏ॥੭॥

ਹੈਬੋ: ਹੁਐਬੋ- ਸੀਲ ਸੰਤੋਖ. ਸਦਾ ਨਿਰਬਾਹਿਬੋ; ਹ੍ਵੈਬੋ ਤ੍ਰਿਗੁਣ ਅਤੀਤਿ॥੨॥ ) ਜੋ ਤੂ ਦੇਹਿ. ਤਹੀ ਇਹੁ ਤ੍ਰਿਪਤੈ; ਆਨ. ਨ ਕਤਹੂ ਧਾਵਉ॥ ਅਨੁਸਾਰ ਜੋ ਵਾਹਿਗੁਰੂ ਜੀ ਦਾਤਿ ਬਖ਼ਸ਼ਣ, ਸੰਤੋਖਿ ਸਦਾ ਤ੍ਰਿਪਤੀਵਨਾ॥੨॥ ਅਨੁਸਾਰ ਸੰਤੋਖ 'ਚ ਤ੍ਰਿਪਤ, (ਸੀਲ) ਸਹਿਨਸ਼ੀਲ ਨਰਮ ਸਾਊ ਗੁਣਾਂ ਨੂੰ ਸਦਾ (ਨਿਰਬਾਹਿਬੋ) ਨਿਬਾਹੁਣਾ ਕਰੋ ਜੀ, (ਤ੍ਰਿਗੁਣ) ਤਿੰਨ ਗੁਣਾਂ ਤੋਂ (ਅਤੀਤਿ) ਨਿਰਲੇਪ (ਹ੍ਵੈਬੋ) ਹੋਣਾ ਕਰੋ ਜੀ॥੨॥

ਕਾਮ ਕ੍ਰੋਧ ਹੰਕਾਰ ਲੋਭ ਹਠ; ਮੋਹ. ਨ ਮਨ ਸੋ ਲਯਾਵੈ॥ ਮਨ (ਸੋ) ਨੂੰ (ਕਾਮ) ਵਿਕਾਰ (ਕ੍ਰੋਧ) ਗੁੱਸਾ ਹੰਕਾਰ ਲੋਭ ਹਠ ਮੋਹ 'ਚ ਨ (ਲਯਾਵੈ) ਲਿਆਉਣਾ ਕਰੋ ਜੀ।

ਤਬ ਹੀ.ਆਤਮ ਤਤ ਕੋ ਦਰਸੇ; ਪਰਮ ਪੁਰਖ ਕਹ ਪਾਵੈ॥੩॥੧॥ (ਤਬ) ਤਦੋਂ ਹੀ (ਆਤਮ) ਬ੍ਰਹਮ (ਤਤ) ਨਿਰਗੁਨ ਪ੍ਰਕਾਸ਼ ਸਰੂਪ (ਕੋ) ਨੂੰ ਪੂਰਨ ਗੁਰਾਂ ਜੀ ਦੁਆਰਾ (ਦਰਸੇ) ਦੇਖ ਲਵੇ ਜੀ, (ਪਰਮ) ਵੱਡੇ (ਪੁਰਖ) ਪੂਰਨ ਵਿਆਪਕ ਪ੍ਰਕਾਸ਼ ਸਰੂਪ ਬ੍ਰਹਮ ਜੀ (ਕਹ) ਨੂੰ ਪੂਰਨ ਗੁਰਾਂ ਜੀ ਦੁਆਰਾ (ਪਾਵੈ) ਪਾ ਲਵੇ ਜੀ॥੩॥੧॥

੧੫. ਦੋਹਰਾ॥ ਪਰ ਨਾਰੀ ਕੀ ਸੇਜ ਪਰ; ਭੂਲਿ. ਨ ਦੀਜਹੁ ਪਾਂਇ॥ ਕਾਮ ਭੋਗ ਨਹਿ ਕੀਜਿਯਹੁ; ਤਾ ਸੋਂ ਰੁਚਿ ਉਪਜਾਇ॥੧੨॥ ਗੁਰੂ ਗ੍ਰੀਬ ਨਿਵਾਜ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਉੱਚੇ ਇਖ਼ਲਾਕ ਦਾ ਦੋਹਰਾ ਉਚਾਰਨ ਕਰਦੇ ਹਨ:- (ਪਰ) ਪਰਾਈ (ਨਾਰੀ) ਇਸਤ੍ਰੀ (ਕੀ) ਦੀ ਸੇਜ (ਪਰ) 'ਤੇ (ਭੂਲਿ) ਭੁੱਲ ਕੇ ਭੀ (ਪਾਂਇ) ਪੈਰ ਅਥਵਾ ਮਨ ਦੇ ਸੰਕਲਪ ਵਿਕਲਪ ਰੂਪੀ ਪੈਰ ਨ (ਦੀਜਹੁ) ਦੇਣਾ ਕਰੋ ਜੀ। ਭਾਵ ਅਪਣੇ ਮਨ ਦੇ ਸੰਕਲਪ ਵਿਕਲਪ 'ਚ ਪਰ ਇਸਤ੍ਰੀ ਨਾ ਲਿਆਵੋ॥੧੨॥ ਯਥਾ:- ਪਰ ਨਾਰੀ ਕੀ ਸੇਜ; ਪਾਵ ਸੁਪਨੇ ਹੂੰ ਨ ਧਰਿਯਹੁ॥ ਗੁਰ ਜਬ ਤੇ ਮੁਹਿ ਕਹਜੋ ਇਹੈ ਪ੍ਰਨ; ਲਯੋ ਸੁ ਧਾਰੈ॥ ਹੋ. ਪਰ ਧਨ ਪਾਹਨ ਤੁੱਲਿ; ਤ੍ਰਿਯਾ ਪਰ ਮਾਤ ਹਮਾਰੈ॥੫੮॥ ਜੇ ਮਨ 'ਚ ਪਰ ਨਾਰੀ ਜਾਂ ਪਰ ਪੁਰਖ ਦਾ ਸੰਕਲਪ ਆਵੇ ਤਾਂ ਉੱਚੀ ਉੱਚੀ ਨਾਮ ਸਿਮਰਨ ਗੁਰਬਾਣੀ ਦਾ ਪਾਠ, ਦਸ ਸਤਿਗੁਰੂ ਸਾਹਿਬਾਨ ਜੀ, ਭਗਤਾਂ ਮਹਾਂਪੁਰਖਾਂ ਦੇ ਨਾਮ ਰੋਮ ਰੋਮ ਦੇ ਸੱਚੇ ਪ੍ਰੇਮ, ਸੱਚੀ ਭਾਵਨਾ ਨਾਲ ਜਪੋ ਜੀ। ਸਤਿਗੁਰੂ ਮਹੱਲੇ ਪੰਜਵੇਂ, ਮਹੱਲੇ ਨੌਂਵੇਂ ਜੀ, ਚਾਰ ਸਾਹਿਬਜ਼ਾਦੇ ਆਦਿ ਸ਼ਹੀਦਾਂ ਦੀ ਵੈਰਾਗਮਈ ਸ਼ਹੀਦੀ ਦਾ ਧਿਆਨ ਧਰ ਕੇ ਸ਼ਹੀਦੀ ਜਪੋ ਜੀ ਪਿਆਰੇ। ਅਪਣਾ ਮਨ ਪੂਰੇ ਸਤਿਗੁਰੂ ਸਾਹਿਬ ਜੀ ਨੂੰ ਵੇਚ ਦੇਵੋ ਜੀ। ਯਥਾ:- ਮਨੁ ਬੇਚੈ; ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ; ਕਾਰਜ ਰਾਸਿ॥ ) ਗੁਰ ਕੀ ਮੂਰਤਿ; ਮਨ ਮਹਿ ਧਿਆਨੁ॥ ਗੁਰ ਕੈ ਸਬਦਿ; ਮੰਤ੍ਰੁ ਮਨੁ ਮਾਨ॥ ਗੁਰ ਕੇ ਚਰਨ; ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ; ਸਦਾ ਨਮਸਕਾਰਉ॥੧॥

੧੬. ਵਾਹਿਗੁਰੂ॥ ਕਈ ਕੋਟਿ; ਸਿਧ ਜਤੀ ਜੋਗੀ॥ ੧. ਪਰਮਪੂਜਨੀਕ ਕਰਤਾਪੁਰਖੁ ਵਾਹਿਗੁਰੂ ਜੀ ਨੇ, (ਕਈ ਕੋਟਿ) ਅਣਗਿਣਤ ਹੀ, [1]ਸਿਧ [2]ਜਤੀ [3]ਜੋਗੀ ਰਚੇ ਹਨ। [1]ਸਿਧ:- ਸਿੱਧੀਆਂ ਰਿੱਧੀਆਂ ਨੂੰ ਪ੍ਰਾਪਤ, ਜੋਗ ਮਾਰਗ ਦੇ ਅਚਾਰੀਆ। [2]ਜਤੀ:- ਇੰਦ੍ਰਿਆਂ ਨੂੰ ਕਾਬੂ ਰੱਖ ਕੇ, ਬ੍ਰਹਮਚਰਜ ਰੱਖਣ ਵਾਲੇ ਬ੍ਰਹਮਚਾਰੀ। [3]ਜੋਗੀ:- ਯਮ ਨੇਮ ਆਸਣ ਪ੍ਰਾਣਾਯਾਮ ਪ੍ਰਤਿਹਾਰ ਧਾਰਨਾ ਧਿਆਨ ਸਮਾਧ, ਜੋਗ ਦੇ ਅੱਠ ਅੰਗ ਸਿੱਖ ਕੇ, ਲੈ ਜੋਗ ਮੰਤ੍ਰ ਜੋਗ ਹਠ ਜੋਗ ਗਿਆਨ ਜੋਗ, ਰਾਜ ਜੋਗ ਭਗਤ ਜੋਗ ਅਗਰਭਤ ਜੋਗ ਸਗਰਭਤ ਜੋਗ ਆਦਿ ਜੋਗ ਮਤਿ ਅਨੁਸਾਰ ਅਨੇਕ ਪ੍ਰਕਾਰ ਦਾ ਜੋਗ ਕਮਾਉਣ ਵਾਲਾ ਜੋਗੀ ਹੈ।

੨. ਪਰਮਪੂਜਨੀਕ ਕਰਤਾਪੁਰਖੁ ਵਾਹਿਗੁਰੂ ਜੀ ਨੇ, (ਕਈ ਕੋਟਿ) ਅਣਗਿਣਤ ਹੀ, ਵਾਹਿਗੁਰੂ ਜੀ ਨੂੰ (ਸਿਧ) ਪ੍ਰਾਪਤ ਜੀਵਨ ਮੁਕਤਿ, (ਜਤੀ) ਸਭ ਤਰ੍ਹਾਂ ਦੇ ਵਿਸ਼ਿਆਂ ਨੂੰ ਜਿੱਤਣ ਵਾਲੇ, ਵਾਹਿਗੁਰੂ ਜੀ 'ਚ ਜੁੜੇ ਹੋਏ ਗੁਰਮੁਖਿ ਜੋਗੀ ਪੈਦਾ

ਕੀਤੇ ਹਨ। ਯਥਾ:- ਐਸਾ ਜੋਗੁ ਕਮਾਵਹੁ ਜੋਗੀ॥ ਜਪ ਤਪ ਸੰਜਮੁ ਗੁਰਮੁਖਿ ਭੋਗੀ॥ ) ਗੁਰਸਿਖ ਜੋਗੀ ਜਾਗਦੇ; ਮਾਇਆ ਅੰਦਰਿ ਕਰਨਿ ਉਦਾਸੀ॥ (ਵਾਰ ੨੯)

੧੭. ਜਤੁ ਸਤੁ ਸੰਜਮੁ ਸੀਲੁ. ਨ ਰਾਖਿਆ; ਪ੍ਰੇਤ ਪਿੰਜਰ ਮਹਿ ਕਾਸਟੁ ਭਇਆ॥ ਸਭ ਤਰ੍ਹਾਂ ਦੇ ਵਿਸ਼ਿਆਂ ਨੂੰ ਜਿੱਤਣ ਵਾਲਾ ਜਤੁ, ਸੱਚੇ ਨਾਮ ਜਪਣ ਜਪਾਉਣ ਰੂਪੀ ਸਤੁ, ਇੰਦ੍ਰੀਆਂ ਦੇ ਭੋਗਾਂ ਵੱਲੋਂ (ਸੰਜਮੁ) ਸੰਤੋਖ ਅਤੇ ਕੁਕਰਮਾਂ ਦਾ ਤਿਆਗ ਰੂਪ (ਸੀਲੁ) ਸਾਊਪੁਣਾ (ਨ) ਨਹੀਂ (ਰਾਖਿਆ) ਰੱਖਿਆ, ਜਿਸ ਕਰਕੇ ਪ੍ਰੇਤ ਹੈ। ਯਥਾ:- ਹਰਿ ਭਗਤਿ ਭਾਵ ਹੀਣੰ; ਨਾਨਕ. ਪ੍ਰਭ ਬਿਸਰਤ, ਤੇ ਪ੍ਰੇਤਤਹ॥੧॥ ) ਕਲਿ ਮਹਿ ਪ੍ਰੇਤ. ਜਿਨ੍ੀ ਰਾਮੁ. ਨ ਪਛਾਤਾ; ਸਤਜੁਗਿ ਪਰਮਹੰਸ ਬੀਚਾਰੀ॥ ਪ੍ਰੇਤ ਦੇ ਸ੍ਰੀਰ ਰੂਪ ਪਿੰਜਰ (ਮਹਿ) 'ਚ ਮਹਾਂ ਦੁੱਖ (ਕਾਸਟੁ) ਕਸ਼ਟ ਹੀ ਕਸ਼ਟ (ਭਇਆ) ਹੋਇਆ। ਯਥਾ:- ਪ੍ਰੇਤ ਪਿੰਜਰ ਮਹਿ; ਦੂਖ ਘਨੇਰੇ॥ ਨਰਕਿ ਪਚਹਿ; ਅਗਿਆਨ ਅੰਧੇਰੇ॥

ਪੁੰਨੁ ਦਾਨੁ ਇਸਨਾਨੁ ਨ ਸੰਜਮੁ; ਸਾਧਸੰਗਤਿ ਬਿਨੁ. ਬਾਦਿ ਜਇਆ॥੨॥ ਪੁੰਨੁ, ਬ੍ਰਹਮਵਿੱਦਿਆ ਦਾ ਦਾਨੁ, ਸੱਚੇ ਨਾਮ ਜਪਣ ਜਪਾਉਣ, ਗੁਰਸਬਦ ਵਿਚਾਰਨ ਰੂਪੀ ਇਸਨਾਨੁ, ਅਥਵਾ ਸਾਧ ਕੀ ਧੂਰਿ; ਕਰਹੁ ਇਸਨਾਨੁ॥ ਅਨੁਸਾਰ ਪੂਰਨ ਸਤਿਗੁਰੂ ਸਾਹਿਬਾਨ ਜੀ ਦੀ ਚਰਨ ਧੂੜ 'ਚ ਇਸਨਾਨੁ, ਇੰਦ੍ਰੀਆਂ ਨੂੰ ਵਿਸ਼ਿਆਂ ਤੋਂ (ਸੰਜਮੁ) ਰੋਕਣਾ (ਨ) ਨਹੀਂ ਕੀਤਾ। (ਸਾਧਸੰਗਤਿ) ਸੱਚੇ ਸੁੰਦਰ ਸਤਿਗੁਰੂ ਸਾਹਿਬ ਜੀ ਦੀ ਸੱਚੀ ਸੰਗਤ ਤੋਂ (ਬਿਨੁ) ਬਿਨਾ, ਐਸੇ ਮਨਮੁਖ ਦਾ (ਜਇਆ) ਜਨਮਿਆ (ਬਾਦਿ) ਬਿਅਰਥ ਹੈ ਜੀ॥੨॥

੧੮. ਯਕੀਨਾ ਯ ਤਾਲੂ ਤੋਂ ਬੋਲੋ- ਕਾਇਆ ਕਿਰਦਾਰ; ਅਉਰਤ ਯਕੀਨਾ॥ ਹੇ ਮਨ! (ਕਾਇਆ) ਦੇਹੀ ਨੂੰ (ਕਿਰਦਾਰ) ਅਮਲ ਭਾਵ ਸ਼ੁਭ ਕਰਤਬ ਕਰਨ ਵਾਲੀ ਬਨਾਉਣਾ ਕਰ। (ਯਕੀਨਾ) ਨਿਸਚਾ ਕਰ ਕਿ ਤੂੰ ਸੱਚੇ ਪਤੀ ਵਾਹਿਗੁਰੂ ਜੀ ਦੀ (ਅਉਰਤ) ਇਸਤ੍ਰੀ ਹੈਂ। ਹਰ ਵੇਲੇ ਸ੍ਰੀਰ ਨਾਲ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਦੀ ਸੇਵਾ ਕਰ, ਸੱਚੇ ਪਤੀ ਵਾਹਿਗੁਰੂ ਜੀ ਤੋਂ ਬਿਨਾ, ਹੋਰ ਪਰਾਏ ਰੂਪ ਵੱਲ ਵਿਕਾਰ ਵੈਰ ਈਰਖਾ ਮੰਦ ਦ੍ਰਿਸਟੀ ਨਾਲ ਨਾ ਦੇਖ। ਯਥਾ:- ਤਨੁ ਮਨੁ ਦੇਇ; ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥੧॥ ) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤਸੰਗਿ ਹੇਤ॥ ਜਿਵੇਂ ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ, ਪਰਮਪੂਜਨੀਕ ਬ੍ਰਹਮਗਿਆਨੀ ਪੂਰਨ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਅੱਖਾਂ ਬਹੁਤੀਆਂ ਹੀ ਨੀਵੀਆਂ ਤੋਂ ਨੀਵੀਆਂ ਰੱਖਦੇ ਜੀ, ਪਰਾਏ ਰੂਪ ਵੱਲ ਉੱਕਾ ਹੀ ਨਹੀਂ ਦੇਖਦੇ ਜੀ। ਹੇ ਪਿਆਰਿਓ! ਪਰਾਇਆ ਰੂਪ ਦੇਖਣਾ ਵਿਕਾਰ ਸੱਪ ਦਾ ਡੰਗ ਹੈ, ਨਾ ਦੇਖਣ ਵਾਲੇ ਗੁਰਮੁਖਿ ਨੂੰ ਰਿਦੇ 'ਚੋਂ ਮੁਖ 'ਚ ਅੰਮ੍ਰਿਤ ਦਿਲ ਦਿਮਾਗ਼ 'ਚ ਗੁਰਬਾਣੀ ਪ੍ਰਾਪਤ ਹੁੰਦੀ ਹੈ, ਮਨ ਬਾਣੀ ਸ੍ਰੀਰ ਗੁਰਮੁਖਿ ਬਣ ਜਾਂਦਾ ਹੈ।

ਰੰਗ ਤਮਾਸੇ; ਮਾਣਿ ਹਕੀਨਾ॥ ) ਦਸ ਨਾਰੀ; ਮੈ ਕਰੀ ਦੁਹਾਗਨਿ॥ ਗੁਰਿ ਕਹਿਆ; ਏਹ ਰਸਹਿ ਬਿਖਾਗਨਿ॥ ਅਨੁਸਾਰ ਅਪਣੇ ਮਨ ਇੰਦ੍ਰੀਆਂ ਨੂੰ (ਹਕੀਨਾ) ਵੱਸ ਕਰਕੇ, ਸੱਚੇ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਤਿਥੈ ਨਾਦ ਬਿਨੋਦ; ਕੋਡ ਅਨੰਦੁ॥ ਦੇ ਸੱਚੇ ਮਹਾਂ ਵਿਸਮਾਦ (ਰੰਗ) ਅਨੰਦ ਤਮਾਸੇ (ਮਾਣਿ) ਮਾਨਣਾ ਕਰ।

ਨਾਪਾਕ. ਪਾਕੁ ਕਰਿ, ਹਦੂਰਿ ਹਦੀਸਾ; ਸਾਬਤ ਸੂਰਤਿ ਦਸਤਾਰ ਸਿਰਾ॥੧੨॥ ਹੇ ਮਨ! ਵਿਸ਼ਿਆਂ ਔਗੁਣਾਂ ਕਰਕੇ (ਨਾਪਾਕ) ਅਪਵਿੱਤ੍ਰ ਮਨ ਨੂੰ ਸੱਚੇ ਗੁਰੂ ਸਾਹਿਬ ਜੀ ਦੀ ਗੁਰਮਤਿ ਧਾਰਨ ਕਰਕੇ (ਪਾਕੁ) ਪਵਿੱਤ੍ਰ (ਕਰਿ) ਕਰਕੇ, ਜੋ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਨੂੰ (ਹਦੂਰਿ) ਨੇੜੇ ਤੋਂ ਨੇੜੇ ਨਿਸਚੇ ਕਰਨਾ ਹੈ, ਇਸ ਨੂੰ ਅਪਣੀ (ਹਦੀਸਾ) ਨੇਕ ਆਚਰਣ ਉਪਦੇਸ਼ ਧਰਮ ਵਿਵਸਥਾ ਵਾਲੀ ਧਾਰਮਿਕ ਪੁਸਤਕ ਬਨਾਉਣਾ ਕਰ। ਅਪਣੀ (ਸੂਰਤਿ) ਸ਼ਕਲ, ਮੂਰਤ

ਭਾਵ ਸ੍ਰੀਰ ਨੂੰ (ਸਾਬਤ) ਪੂਰਨ ਰੱਖਣਾ ਕਰ। ਸ੍ਰੀਰ ਦੇ ਕਿਸੇ ਭੀ ਅੰਗ ਤੋਂ ਕੋਈ ਕੇਸ ਨਾ ਮੁਨਾ, ਸੁੰਨਤ ਨਾ ਕਰਾ, ਅਤੇ (ਸਿਰਾ) ਸਿਰ ਤੇ ਕੰਨ ਢਕ ਕੇ ਦਸਤਾਰ ਸਜਾਉਣਾ ਕਰ ਪਿਆਰੇ ਜੀ॥੧੨॥

**੧੯. ਵਾਹਿਗੁਰੂ॥ ਜੀਵਤ ਭਾਵ ਤੋਂ ਮਰਨ ਬਾਰੇ ਵੀਚਾਰ, ਉਥਾਨਕਾ:-** ਗੁਰੁ ਜਗਤ. ਫਿਰਣ ਸੀਹ ਅੰਗਰਉ; ਰਾਜੁ ਜੋਗੁ. ਲਹਣਾ ਕਰੈ॥ ਖੰਡਾਂ ਬ੍ਰਹਮੰਡਾਂ ਦੇ ਮਾਲਕ ਸਤਿਗੁਰੂ ਅੰਗਦਦੇਵ ਸਾਹਿਬ ਜੀ ਸ੍ਰੀ ਖਡੂਰ ਸਾਹਿਬ ਜੀ ਵਿਖੇ ਸ੍ਰੀ ਮਾਨ ਪੂਰਨ ਗੁਰਸਿੱਖ ਭਾਈ ਬਾਲਾ ਸਾਹਿਬ ਜੀ ਤੋਂ ਪ੍ਰੀਤਮ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀ ਅਵਤਾਰ ਕਥਾ ਸੁਣ ਰਹੇ ਸਨ। ਸੁੰਦਰ ਸੱਚੇ ਨਿਰੰਕਾਰ ਜੀ ਦੇ ਸਰਗੁਨ ਅਵਤਾਰ, ਸਤਿਗੁਰੂ ਸਾਹਿਬ ਜੀ ਦੇ ਦਰਸਨ ਕਰਨ, ਸੰਗਤਾਂ ਦਸੋ ਦਿਸਾਂ ਤੋਂ ਬਹੁਤ ਗਿਣਤੀ 'ਚ ਆਈਆਂ, ਦਰਸਨ ਕਰਕੇ ਨਿਹਾਲ ਹੋਈਆਂ। ਤਾਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਸਾਹਿਬ ਜੀ ਦੇ ਮਹਾਨ ਪਰਉਪਕਾਰੀ, ਧੀਰਜਧਾਰੀ, ਨਿਰੰਕਾਰੀ, ਸੁੰਦਰ ਸੱਚੇ ਚਰਨਕਮਲਾਂ ਵਿੱਚ ਸੰਗਤਾਂ ਨੇ ਦੋਵੇਂ ਹੱਥ ਜੋੜ ਕੇ, ਮਿਸਟ ਬਚਨ ਬੇਨਤੀ ਕਰਉ; ਦੀਨ ਕੀ ਨਿਆਈ॥ ਅਨੁਸਾਰ ਰੋਮ ਰੋਮ ਦੇ ਪ੍ਰੇਮ ਸਹਿਤ ਪ੍ਰੇਮ ਬੇਨਤੀ ਕੀਤੀ "ਹੇ ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥ ਸੱਚੇ ਸਤਿਗੁਰੂ ਸਾਹਿਬ ਜੀ! ਸਾਨੂੰ ਕਲਜੁੱਗੀ ਜੀਆਂ ਨੂੰ, ਵਾਹਿਗੁਰੂ ਜੀ ਦੇ, ਆਪ ਜੀ ਦੇ ਸੁੰਦਰ ਦਰਸਨ ਘਟਾਂ ਘਟਾਂ 'ਚ ਕਿਵੇਂ ਹੋ ਸਕਦੇ ਹਨ ਜੀ? ਤਾਂ ਸਤਿਗੁਰੂ ਜੀ ਨੇ ਇਹ ਸਲੋਕ ਉਚਾਰਿਆ:-

ਸਲੋਕੁ ਮਃ੨॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੨) ਦੂਜੇ (ਮਃ) ਸਰੂਪ ਸਤਿਗੁਰੂ ਅੰਗਦਦੇਵ ਸਾਹਿਬ ਜੀ ਜੀਵਤ ਭਾਵ ਤੋਂ ਮਰ ਕੇ, ਪਤੀ ਅਕਾਲਪੁਰਖੁ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਸਲੋਕੁ ਫ਼ੁਰਮਾਉਂਦੇ ਹਨ ਜੀ:-

ਅਖੀ ਬਾਝਹੁ. ਵੇਖਣਾ; ਵਿਣੁ ਕੰਨਾ. ਸੁਨਣਾ॥ ਹੇ ਦਾਸਨਦਾਸ ਦੇ ਜ਼ਿੰਦ ਜਾਨ, ਗੁਰੂ ਪ੍ਰੇਮੀ ਪਿਆਰੇ ਗੁਰਸਿੱਖੋ! (ਅਖੀ) ਅੱਖਾਂ ਨਾਲ ਦ੍ਵੈਤ, ਵਿਕਾਰ, ਲੋਭ ਕੋਪ ਦ੍ਰਿਸਟੀ (ਬਾਝਹੁ) ਬਿਨਾ, ਵੈਰਾਗ ਬਿਬੇਕ ਰੂਪੀ ਅੱਖਾਂ ਨਾਲ, ਸਭ ਜਾਤਾਂ, ਦੁਸ਼ਮਣ ਮਿੱਤ੍ਰ, ਜੀਆਂ ਦੇ ਅੰਦਰ ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਦੇ ਸੁੰਦਰ ਸੱਚੇ ਨੂਰੀ ਦਰਸਨ ਵੇਖਣਾ ਕਰੋ ਜੀ। ਯਥਾ:- ਦੁਇ ਦੁਇ ਲੋਚਨ ਪੇਖਾ॥ ਹਉ. ਹਰਿ ਬਿਨੁ; ਅਉਰੁ. ਨ ਦੇਖਾ॥ ਨੈਨ ਰਹੇ ਰੰਗੁ ਲਾਈ॥ ਅਬ ਬੇ ਗਲ; ਕਹਨੁ. ਨ ਜਾਈ॥੧॥) ਸੇ ਨੇਤ੍ਰ ਪਰਵਾਣੁ; ਜਿਨੀ ਦਰਸਨੁ ਪੇਖਾ॥ ਅਪਣੇ ਕੰਨਾ ਨਾਲ ਪਰਾਈ ਨਿੰਦਾ ਚੁਗਲੀ, ਵਿਕਾਰਾਂ ਦੀਆਂ ਗੱਲਾਂ ਸੁਨਣ ਤੋਂ (ਵਿਣੁ) ਬਿਨਾ, ਅੰਦਰ ਬਾਹਰ ਸਾਰੀਆਂ ਘਟਾਂ 'ਚੋਂ, ਵਾਹਿਗੁਰੂ ਜਸ ਪੂਰਨ ਪ੍ਰੇਮ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਨਣਾ ਕਰੋ ਜੀ ਰਾਮ ਪਿਆਰੇ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਰਸਨਾ ਰਮਤ. ਸੁਨਤ ਸੁਖੁ ਸ੍ਰਵਨਾ; ਚਿਤ ਚੇਤੇ ਸੁਖੁ ਹੋਈ॥ ਕਹੁ ਭੀਖਨ. ਦੁਇ ਨੈਨ ਸੰਤੋਖੇ; ਜਹ ਦੇਖਾਂ ਤਹ ਸੋਈ॥੨॥੨॥) ਕੋਟਿ ਕਰਨ ਦੀਜਹਿ. ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥

ਪੈਰਾ ਬਾਝਹੁ. ਚਲਣਾ; ਵਿਣੁ ਹਥਾ. ਕਰਣਾ॥ ਪੈਰਾ ਨੂੰ ਗੁਰੂ ਜੀ ਦੇ ਹੁਕਮ ਦੇ ਉਲਟ, ਕੁਸੰਗਤ ਵੱਲ ਚੱਲਣੋ (ਬਾਝਹੁ) ਬਿਨਾ ਭਾਵ ਹਟਾ ਕੇ, ਗੁਰੂ ਸਾਹਿਬ ਜੀ ਦੇ ਦਰਸਾਏ ਗੁਰਮੁਖਿ ਮਾਰਗ, ਸਤਸੰਗਤ ਦੇ ਮਾਰਗ 'ਤੇ ਚਲਣਾ ਕਰੋ। ਯਥਾ:- ਚਰਨ ਚਲਉ; ਮਾਰਗਿ ਗੋਬਿੰਦ॥) ਸੇ ਚਰਣ ਸੁਹਾਵੇ. ਜੋ ਹਰਿ ਮਾਰਗਿ ਚਲੇ; ਹਉ ਬਲਿ. ਤਿਨ ਸੰਗਿ ਪਛਾਣਾ ਜੀਉ॥੨॥ ਹਥਾ ਨੂੰ ਚੋਰੀ ਯਾਰੀ ਮੰਦ ਕਰਮਾਂ ਤੋਂ (ਵਿਣੁ) ਬਿਨਾ ਭਾਵ ਹਟਾ ਕੇ, ਹੱਥਾਂ ਨਾਲ ਸਦਾ ਸਤਿਗੁਰੂ ਸਾਹਿਬ ਜੀ, ਗੁਰਸਿੱਖ ਸੰਗਤਾਂ ਦੀ ਟਹਿਲ ਅਥਵਾ ਸੁੰਦਰ ਸੱਚੇ ਅੰਮ੍ਰਿਤ ਗੁਰਬਾਣੀ ਜੀ ਲਿਖਣਾ (ਕਰਣਾ) ਕਰੋ ਜੀ। ਯਥਾ:- ਹਰਿ ਜਸੁ ਲਿਖਹਿ. ਲਾਇ ਭਾਵਨੀ; ਸੇ ਹਸਤ ਪਵਿਤਾ॥) ਸੇ ਕਰ ਭਲੇ; ਜਿਨੀ ਹਰਿ ਜਸੁ ਲੇਖਾ॥

ਜੀਭੈ ਬਾਝਹੁ. ਬੋਲਣਾ; ਇਉ ਜੀਵਤ ਮਰਣਾ॥ (ਜੀਭੈ) ਜੁਬਾਨ ਝੂਠ ਫਿੱਕਾ ਕਉੜਾ, ਨਿੰਦਾ (ਬੋਲਣਾ) ਬੋਲਣੋ (ਬਾਝਹੁ) ਬਿਨਾ, ਰਸਨਾ ਨਾਲ ਲਗਾਤਾਰ ਇੱਕ ਰਸ ਗੁਰਬਾਣੀ, ਵਾਹਿਗੁਰੂ ਮੰਤ੍ਰ (ਬੋਲਣਾ) ਬੋਲੋ ਜਪੋ ਜੀ। ਯਥਾ:- ਲਾਖ ਜਿਹਵਾ ਦੇਹੁ ਮੇਰੇ ਪਿਆਰੇ; ਮੁਖੁ ਹਰਿ ਆਰਾਧੇ ਮੇਰਾ ਰਾਮ॥ ) ਹਸਤ ਪੁਨੀਤ ਹੋਹਿ; ਤਤਕਾਲ॥ ਬਿਨਸਿ ਜਾਹਿ; ਮਾਇਆ ਜੰਜਾਲ॥ ਰਸਨਾ ਰਮਹੁ ਰਾਮ ਗੁਣ ਨੀਤ॥ ਸੁਖੁ ਪਾਵਹੁ; ਮੇਰੇ ਭਾਈ ਮੀਤ॥੧॥ ਲਿਖੁ ਲੇਖਣਿ; ਕਾਗਦਿ ਮਸਵਾਣੀ॥ ਰਾਮ ਨਾਮ; ਹਰਿ ਅੰਮ੍ਰਿਤ ਬਾਣੀ॥੧॥ ਰਹਾਉ॥ ਇਉ (ਜੀਵਤ) ਜਿਉਂਦਿਆਂ ਹੀ ਮੰਦੇ ਸੁਭਾਅ ਵੱਲੋਂ ਮਰਣਾ ਹੈ। ਜਿਵੇਂ ਮੁਰਦਾ, ਕੋਈ ਭੀ ਸੰਕਲਪ ਵਿਕਲਪ ਨਹੀਂ ਉਠਾਉਂਦਾ, ਇਉਂ ਮਨ 'ਚ ਕੋਈ ਭੀ ਔਗੁਣ ਕੁਸੰਗ ਸਬੰਧੀਆਂ ਦੇ ਮੋਹ, ਵਡਿਆਈ ਦੀ ਇੱਛਾ ਕਲੇਸ਼, ਇੰਦ੍ਰਿਆਂ ਦੇ ਸੁਆਦਾਂ, ਮੰਦੇ ਸੰਕਲਪ ਨਹੀਂ ਉਠਾਉਣੇ, ਭਗਤ ਜੈਦੇਵ ਜੀ ਭਗਤ ਨਾਮਦੇਵ ਜੀ ਭਗਤ ਸ੍ਰੀ ਸੈਣ ਜੀ ਭਗਤ ਪੀਪਾ ਜੀ ਵਾਂਗ ਪੂਰਨ ਪ੍ਰੇਮ ਸ਼ਰਧਾ ਸਹਿਤ ਸੁਆਸ ਸੁਆਸ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਰੋਮ ਰੋਮ ਕਰਕੇ ਜਪ ਜਪਾ ਕੇ, ਪੂਰਨ ਬ੍ਰਹਮ ਜੀ 'ਚ ਲੀਣ ਹੋ ਜਾਣਾ, ਜਿਉਂਦੇ ਮਰਣਾ ਹੈ ਜੀ ਰਾਮ ਜੀ! ਯਥਾ:- ਜੀਵਤ ਮਰੈ; ਬੁਝੈ ਪ੍ਰਭੁ ਸੋਇ॥ ) ਜੀਵਤ ਮਰਣਾ; ਤਾਰੇ ਤਰਣਾ॥

ਨਾਨਕ. ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ॥੧॥ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ (ਨਾਨਕ) ਅੰਗਦਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਕਾਲਪੁਰਖੁ ਵਾਹਿਗੁਰੂ ਜੀ ਦਾ ਪਵਿੱਤ੍ਰ ਹੁਕਮੁ ਨੂੰ ਪਛਾਣਿ ਕੈ, (ਤਉ) ਤਾਂ (ਖਸਮ) ਪਰਮੇਸਰ ਵਾਹਿਗੁਰੂ ਜੀ ਨਾਲ ਮਿਲਣਾ ਹੁੰਦਾ ਹੈ॥੧॥ ;ਹਰਿ ਮਿਲਿਓ ਲਾਇ ਝਪੀੜਾ॥ ਅਨੁਸਾਰ ਪਰਮ ਪ੍ਰਸੰਨ ਹੋ ਕੇ ਵਾਹਿਗੁਰੂ ਜੀ ਗੁਰਸਿੱਖਾਂ ਨੂੰ ਛਾਤੀ ਨਾਲ ਲਾ ਕੇ ਆਪਣੇ ਸਰੂਪ 'ਚ ਅਭੇਦ ਕਰ ਲੈਂਦੇ ਹਨ, ਸਦਾ ਲਈ ਏਕਤਾ ਅਭੇਦਤਾ ਬਖ਼ਸ਼ ਦਿੰਦੇ ਹਨ। ਯਥਾ:- ਜਿਉ ਜਲ ਮਹਿ; ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ ਗੁਰੂ ਸਾਹਿਬ ਜੀ ਨੂੰ ਨਮਸਕਾਰਾਂ ਕਰਦਿਆਂ, ਗੁਰੂ ਜੀ ਨੂੰ ਸ੍ਰਬੰਸ ਅਰਪਣਾ ਹੈ। ਸਭ ਕੁੱਝ ਗੁਰੂ ਸਾਹਿਬ ਜੀ ਤੋਂ ਕੁਰਬਾਣ ਕਰਕੇ, ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਜੀਵਤ ਭਾਵ ਤੋਂ ਮਰ ਕੇ ਜਿਉਣਾ ਹੈ ਜੀ।

੨੦. ਵਾਹਿਗੁਰੂ॥ ਸਬਦਿ ਮਰਹੁ. ਫਿਰਿ ਜੀਵਹੁ ਸਦ ਹੀ; ਤਾ ਫਿਰਿ, ਮਰਣੁ ਨ ਹੋਈ॥ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰੇ ਗੁਰਸਿੱਖੋ! ਪਹਿਲਾਂ (ਸਬਦਿ) ਗੁਰਬਾਣੀ ਜੀ ਦਾ ਦਿਨ ਰਾਤ ਸਿਮਰਨ ਕਰਦਿਆਂ, (ਮਰਹੁ) ਜੀਵਤ ਭਾਵ ਤੋਂ ਮਰੋ। ਫਿਰਿ (ਸਦ) ਸਦਾ ਹੀ (ਜੀਵਹੁ) ਜਿਉਣਾ ਹੋਵੇਗਾ ਜੀ। ਤਾ ਫਿਰਿ ਜੰਮਣ ਮਰਣੁ (ਨ) ਨਹੀਂ (ਹੋਈ) ਹੋਵੇਗਾ। ਯਥਾ:- ਜੀਵਤ ਮਰੈ; ਬੁਝੈ ਪ੍ਰਭੁ ਸੋਇ॥ ਤਿਸੁ ਜਨ; ਕਰਮਿ ਪਰਾਪਤਿ ਹੋਇ॥੧॥ ) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ ਮਿਲਿਓ ਹੈ; ਜੀਆਵਨਹਾਰਾ॥੧॥ਰਹਾਉ॥ ) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ; ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ; ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ; ਪੁਗ ਖਲੋਵਣਾ॥੧੮॥

੨੧. ਵਾਹਿਗੁਰੂ॥ ਕਾਜੀ ਸੋ; ਜੁ ਕਾਇਆ ਬੀਚਾਰੈ॥ (ਸੋ) ਉਹ ਕਾਜੀ ਹੈ, (ਜੁ) ਜਿਹੜਾ ਅਪਨੀ (ਕਾਇਆ) ਦੇਹ ਅਥਵਾ (ਕਾਇਆ) ਬੁੱਧੀ 'ਚ ਬ੍ਰਹਮ (ਬੀਚਾਰੈ) ਬੀਚਾਰ ਕਰੇ। ਭਾਵ ਬ੍ਰਹਮ ਬੀਚਾਰ ਕਰੇ ਕਿ ਦੇਹ ਨਾਲ ਪਰਉਪਕਾਰ ਕਰਨਾ, ਸਾਧਸੰਗਤ ਜੀ 'ਚ ਜਾਣਾ ਅਤੇ ਕੁਸੰਗਤ ਔਗੁਣਾਂ ਵੱਲ ਨਹੀਂ ਜਾਣਾ। ਖ਼ੁਦਾ ਜੀ ਦਾ ਨਾਮ ਜਪੇ

ਜਪਾਵੇ, ਖ਼ੁਦਾ ਜੀ ਦੀ ਸੱਚੀ ਪ੍ਰੇਮਾ ਭਗਤੀ ਕਰੇ ਕਰਾਵੇ, ਕਾਜੀ ਨਿਆ ਕਰੇ, ਗੁੱਡ ਕ੍ਰੈਕਟ੍ਰ ਹੋਵੇ। ਯਥਾ:- ਕਾਜੀ ਸੋ; ਜੋ ਉਲਟੀ ਕਰੈ॥ ਗੁਰਪਰਸਾਦੀ; ਜੀਵਤੁ ਮਰੈ॥

ਕਾਇਆ ਕੀ ਅਗਨਿ; ਬ੍ਰਹਮੁ ਪਰਜਾਰੈ॥ (ਕਾਇਆ) ਦੇਹ (ਕੀ) ਦੀ ਹਉਮੈ (ਅਗਨਿ) ਅਗਨੀ ਨੂੰ, ਲਗਾਤਾਰ ਬ੍ਰਹਮੁ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਅਭਿਆਸ ਰੂਪੀ ਅਗਨੀ ਨਾਲ (ਪਰ+ਜਾਰੈ) (ਪਰ) ਵਿਸ਼ੇਸ਼ ਕਰਕੇ (ਜਾਰੈ) ਸਾੜੇ।

ਸੁਪਨੈ ਬਿੰਦੁ; ਨ ਦੇਈ ਝਰਨਾ॥ (ਸੁਪਨੈ) ਸੁਪਨੇ 'ਚ (ਬਿੰਦੁ) ਵੀਰਜ (ਝਰਨਾ) ਡਿੱਗਣ (ਨ) ਨਹੀਂ (ਦੇਈ) ਦੇਵੇ।

ਤਿਸੁ ਕਾਜੀ ਕਉ; ਜਰਾ ਨ ਮਰਨਾ॥੨॥ ਤਿਸੁ ਕਾਜੀ (ਕਉ) ਨੂੰ (ਜਰਾ) ਬੁੱਢੇਪਾ ਅਤੇ ਮਰਨਾ (ਨ) ਨਹੀਂ ਹੁੰਦਾ ਭਾਵ ਅਬਿਨਾਸੀ ਸੱਚੇ ਵਾਹਿਗੁਰੂ ਜੀ ਲੀਨ, ਇੱਕ ਜੋਤਿ ਹੋ ਕੇ ਅਮਰ ਹੋ ਜਾਂਦਾ ਹੈ॥੨॥

੨੨. ਵਾਹਿਗੁਰੂ॥ ਮਃ ੧॥ ਸੋ ਪਾਖੰਡੀ; ਜਿ ਕਾਇਆ ਪਖਾਲੇ॥ (ਸੋ) ਉਹ ਅਸਲੀ ਪਾਖੰਡੀ ਭੇਖ ਦਾ ਧਾਰਨੀ ਹੈ, (ਜਿ) ਜਿਹੜਾ ਅਪਣੀ (ਕਾਇਆ) ਦੇਹੀ ਅਥਵਾ ਬੁੱਧੀ ਨੂੰ ਨਿਰਮਲ ਉਦਕੁ; ਗੋਵਿੰਦ ਕਾ ਨਾਮ॥ ਅਨੁਸਾਰ ਨਾਮ ਰੂਪੀ ਜਲ ਨਾਲ (ਪਖਾਲੇ) ਧੋਵੇ।

ਪਰ-ਜਾਲੇ- ਕਾਇਆ ਕੀ ਅਗਨਿ; ਬ੍ਰਹਮੁ ਪਰਜਾਲੇ॥ (ਕਾਇਆ) ਦੇਹ (ਕੀ) ਦੀ ਹਉਮੈ (ਅਗਨਿ) ਅਗਨੀ ਨੂੰ, ਲਗਾਤਾਰ ਬ੍ਰਹਮੁ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਅਭਿਆਸ ਰੂਪੀ ਅਗਨੀ ਨਾਲ (ਪਰ+ਜਾਲੇ) (ਪਰ) ਵਿਸ਼ੇਸ਼ ਕਰਕੇ (ਜਾਲੇ) ਸਾੜੇ।

ਸੁਪਨੈ ਬਿੰਦੁ; ਨ ਦੇਈ ਝਰਣਾ॥ (ਸੁਪਨੈ) ਸੁਪਨੇ 'ਚ (ਬਿੰਦੁ) ਵੀਰਜ (ਝਰਨਾ) ਡਿੱਗਣ (ਨ) ਨਾ (ਦੇਈ) ਦੇਵੇ।

ਤਿਸੁ ਪਾਖੰਡੀ; ਜਰਾ ਨ ਮਰਣਾ॥ ਤਿਸੁ ਪਾਖੰਡੀ ਭੇਸ ਵਾਲੇ ਨੂੰ (ਜਰਾ) ਬੁੱਢੇਪਾ ਅਤੇ ਮਰਣਾ (ਨ) ਨਹੀਂ ਹੁੰਦਾ।

ਬੋਲੈ ਚਰਪਟੁ; ਸਤਿ ਸਰੂਪੁ॥ ਸੱਚੇ ਕੰਤ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਨਾਨਕਦੇਵ ਸਾਹਿਬ ਜੀ ਜੋਗੀ ਚਰਪਟੁ ਨਾਥ ਜੀ ਨੂੰ ਸ਼ੁਭ ਸੱਚਾ ਗੁਰਮੁਖਿ ਉਪਦੇਸ਼ (ਬੋਲੈ) ਫ਼ੁਰਮਾਉਂਦੇ ਹਨ:- ਸੱਚੇ ਕੰਤ ਭਗਵੰਤ ਅਕਾਲਪੁਰਖੁ ਵਾਹਿਗੁਰੂ ਜੀ ਸਤਿ ਸਰੂਪੁ ਹਨ।

ਪਰਮਤੰਤ ਮਹਿ; ਰੇਖ ਨ ਰੂਪੁ॥੫॥ (ਪਰਮ+ਤੰਤ) (ਪਰਮ) ਵੱਡੇ (ਤੰਤ) ਤੱਤ ਸਰੂਪ ਵਾਹਿਗੁਰੂ ਜੀ (ਮਹਿ) 'ਚ ਕੋਈ (ਰੇਖ) ਲਕੀਰ, (ਰੂਪੁ) ਅਕਾਰ (ਨ) ਨਹੀਂ ਹੈ ਜੀ॥੫॥ ਯਥਾ:- ਸਲੋਕੁ॥ ਰੂਪੁ ਨ ਰੇਖ. ਨ ਰੰਗੁ ਕਿਛੁ; ਤ੍ਰਿਹੁ ਗੁਣ ਤੇ. ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ; ਜਿਸੁ ਹੋਵੈ ਸੁਪ੍ਰਸੰਨ॥੧॥

## ਪ੍ਰਸੰਗ ੩:- ਵਿਕਾਰ ਦ੍ਰਿਸਟੀ ਦੇ ਤਿਆਗ ਦਾ ਮਹਾਂ ਮਹਾਂ ਮਹਾਂ ਵਿਸਮਾਦ ਉਪਦੇਸ਼:-

੨੩. ਵਾਹਿਗੁਰੂ॥ ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਵਾਹੁ ਵਾਹੁ ਕੈਸੀ ਮਹਾਂ ਮਹਾਂ ਵਿਸਮਾਦ ਅਵਸਥਾ ਹੈ! ਜਿਵੇਂ ਸਹੀ ਸੱਚੀਆਂ ਪਤੀਬ੍ਰਤਾ ਬੀਬੀਆਂ, ਪਰਾਏ ਪਤੀ ਜੀ ਦਾ ਰੂਪ ਨਹੀਂ ਦੇਖਦੀਆਂ, ਅਪਣੇ ਸਾਜਨ ਪਤੀ ਜੀ ਨੂੰ ਰਿਦੇ 'ਚ ਰੱਖਦੀਆਂ ਹਨ। ਸਭ ਰਸ ਅਪਣੇ ਪਤੀ ਦੇ ਨਾਲ ਖ਼ੇਲਦੀਆਂ ਹਨ, ਪਰ ਫੇਰ ਭੀ ਆਪਣਾ ਆਪ ਕਿਸੇ ਨੂੰ ਨਹੀਂ ਜਣਾਉਂਦੀਆਂ, ਕਿ ਅਸੀਂ ਪਤੀਬ੍ਰਤਾ ਹਾਂ। ਕਿਉਂ ਨਹੀਂ ਜਣਾਉਂਦੀਆਂ? ਕਿਉਂਕਿ ਉਹ ਆਪਦੇ ਗੁਣਾਂ ਦੀ ਬਜਾਏ, ਪਤੀ ਜੀ ਦੇ ਗੁਣ ਹੀ ਗਾਉਂਦੀਆਂ ਹਨ। ਉਨ੍ਹਾਂ ਅੰਦਰ ਆਪਾ ਭਾਵ ਨਹੀਂ ਹੁੰਦਾ, ਕੇਵਲ

ਪਤੀ ਜੀ ਦਾ ਧਿਆਨ ਪੂਰਨ ਪ੍ਰਪੱਕ ਦ੍ਰਿੜ ਹੁੰਦਾ ਹੈ। ਪਤੀ ਦੀ ਸਿਫ਼ਤ ਹੀ ਸਿਫ਼ਤ ਕਰਦੀਆਂ ਹਨ। ਇਉਂ ਬਹੁਤ ਹੀ ਉੱਚੀ ਸੱਚੀ ਅਵਸਥਾ ਵਾਲੇ ਮਹਾਂਪੁਰਸ਼ ਸੰਤ ਬਾਬਾ ਹਰਨਾਮ ਸਿੰਘ ਸਾਹਿਬ ਜੀ ਰਾਮਪੁਰਖੇੜੇ ਵਾਲੇ ਸਨ, ਜੋ ਚਾਲ਼ੀ ਵਰ੍ਹੇ ਭਾਵੇਂ ਭਾਬੀਆਂ ਭਰਜਾਈਆਂ 'ਚ ਰਹੇ, ਪਰ ਸਦਾ ਪੈਰਾਂ ਵੱਲ ਹੀ ਤੱਕਦੇ ਸਨ। ਜਿਵੇਂ ਸ੍ਰੀ ਲਛਮਣ ਜੀ ਜਤੀ ਹੋਏ ਹਨ, ਸੀਤਾ ਜੀ ਨੂੰ ਮਾਤਾ ਸਮਾਨ ਸਮਝਦੇ, ਕਦੇ ਚਿਹਰੇ ਵੱਲ ਨਹੀਂ ਝਾਕੇ ਜੀ।

ਇਸ ਤਰ੍ਹਾਂ ਇੱਕ ਵਾਰੀ ਬਾਬਾ ਬਿਸ਼ਨ ਸਿੰਘ ਸਾਹਿਬ ਜੀ ਮੁਰਾਲ਼ੇ ਵਾਲਿਆਂ ਨੂੰ, ਵਿਦਿਆਰਥੀਆਂ ਕਿਹਾ, "ਜੀ ਬਾਬਾ ਜੀ! ਅੱਜ ਦਿਵਾਲ਼ੀ ਹੈ, ਉਤਾਂਹ ਤਾਂ ਵੇਖੋ ਜੀ! ਬਾਹਰ ਬਹੁਤ ਹੀ ਸੋਹਣੇ ਦੀਵੇ ਜਗਮਗਾ ਰਹੇ ਹਨ"। ਆਪ ਜੀ ਕਿਹਾ,"ਗੁਰਮੁਖੋ! ਪੂਰਨ ਗੁਰੂ ਜੀ ਦੀ ਕ੍ਰਿਪਾ ਹੋ ਰਹੀ ਹੈ, ਅੰਦਰ ਬਾਹਰ ਆਪ ਹੀ ਵਸ ਰਹੇ ਹਨ, ਬਾਹਰ ਦੇਖਣ ਦੀ ਇੱਛਾ ਹੀ ਨਹੀਂ ਰਹੀ"। ਯਥਾ:- ਬਾਹਰਿ ਢੂਢਨ ਤੇ, ਛੂਟਿ ਪਰੇ; ਗੁਰਿ. ਘਰ ਹੀ ਮਾਹਿ ਦਿਖਾਇਆ ਥਾ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ; ਮੇਰਾ ਮਨੁ. ਛੋਡਿ ਨ ਕਤਹੂ ਜਾਇਆ ਥਾ॥ ਗੁਰਮੁਖਿ ਮਹਾਂਪੁਰਸ਼ਾਂ ਦਾ ਪੱਕਾ ਨਿਯਮ ਸੀ, ਅੰਦਰ ਬਾਹਰ ਗੁਰਸ਼ਬਦ ਜੀ ਦੀ ਸਾਖਿਆਤਤਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਗੁਰਬਾਣੀ ਪ੍ਰਾਪਤ ਕਰਕੇ, ਮਹਾਂ ਮਹਾਂ ਵਿਸਮਾਦ ਮੌਜ 'ਚ ਸਦਾ ਹੀ ਲੀਣ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਪੀਂਦੇ ਰਹਿੰਦੇ। ਮਨਮੁਖਾਂ ਦੇ ਨੇਤ੍ਰ ਨੀਚੇ ਨਹੀਂ ਹੁੰਦੇ, ਭੁੱਖੇ ਬਾਜ ਵਾਂਗ ਪਰ ਤ੍ਰਿਅ ਰੂਪ ਦੇਖਣ ਵੱਲ ਭੱਜਦੇ ਹਨ।

ਇੱਕ ਵਾਰੀ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬੱਧਣੀ ਕਲਾਂ ਵਿਖੇ, ਅੰਮ੍ਰਿਤ ਕਥਾ ਕਰ ਰਹੇ ਸਨ, ਇੱਕ ਮਾਈ ਨੇ ਕਿਹਾ, "ਬਾਬਾ ਜੀ ਨੇਤ੍ਰਹੀਣ ਹਨ, ਦੂਜੀ ਸੱਚਿਆਰੀ ਮਾਤਾ ਜੀ ਕਹਿੰਦੇ, "ਨਹੀਂ ਨਹੀਂ ਭੋਲ਼ੀਏ! ਮਹਾਂਪੁਰਸ਼ਾਂ ਦਾ ਨਿਯਮ ਹੈ, ਉਤਾਂਹ ਨਹੀਂ ਝਾਕਦੇ।



### ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਦ੍ਰਿਸ਼ਟਾਂਤ:-

ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਆ ਕੇ, ਆਪਣੇ ਪਰਮਪੂਜਨੀਕ ਪਿਤਾ ਮਹੱਲੇ ਛੇਵੇਂ ਜੀ ਦੇ ਸੁੰਦਰ ਪਰਮ ਪਾਕ ਦਰਸ਼ਨ ਕਰਕੇ, ਅੰਦਰ ਫ਼ੋਟੋ ਖਿੱਚ ਲੈਂਦੇ, ਧਿਆਨ 'ਚ ਟਿਕਾਅ ਕੇ, ਅਫ਼ੁਰ ਸਮਾਧੀ 'ਚ ਬੈਠ ਕੇ, ਵਾਹਿਗੁਰੂ ਮੰਤ੍ਰ ਦਾ ਅਜਪਾ ਜਾਪ ਕਰਦੇ, ਗੁਰੂ ਪ੍ਰੀਤਮ ਜੀ ਨੂੰ ਅਫ਼ੁਰ ਸਮਾਧੀ ਅੰਦਰ ਤੱਕਦੇ। ;ਲੇ ਸਾਜਨ ਘਟ ਮਾਹਿ॥ ਮਹਾਂ ਮਹਾਂ ਵਿਸਮਾਦ ਗੁਰਮੁਖਿ ਪੂਰਨ ਬ੍ਰਹਮ ਸੱਚੀ ਸੱਚੀ ਸੱਚੀ ਉੱਚੀ ਅਵਸਥਾ ਹੈ।}

ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ (ਸਾਜਨ) ਸਤਿਗੁਰੂ ਸਾਹਿਬ ਜੀ ਨੂੰ (ਘਟ) ਰਿਦੇ (ਮਾਹਿ) 'ਚ (ਲੇ) ਲੈ ਕੇ, ਦਾਸਨਦਾਸੀ ਅਪਣੇ (ਲੋਇਨ) ਨੇਤ੍ਰ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ ਦੀਆਂ ਤਲੀਆਂ ਦੇ ਨੀਚੇ (ਕਰਿ) ਕਰਕੇ ਭਾਵ ਨੀਚੇ ਰੱਖ ਕੇ (ਰਹਉ) ਰਹਿੰਦੀ ਹੈ। ਯਥਾ:- ਮੂ ਥੀਆਊ ਸੇਜ; ਨੈਣਾ ਪਿਰੀ ਵਿਛਾਵਣਾ॥ ) ਅਖੀ ਕਾਢਿ. ਧਰੀ ਚਰਣਾ ਤਲਿ; ਸਭ ਧਰਤੀ ਫਿਰਿ ਮਤ ਪਾਈ॥ ਚਰਨਕਮਲਾਂ ਦੀਆਂ ਤਲੀਆਂ ਦੇ ਥੱਲੇ ਰੱਖਣ ਕਰਕੇ, ਪਰਾਇਆ ਸਰੂਪ, ਵਿਕਾਰ ਵੈਰ ਹੰਕਾਰ ਦ੍ਵੈਤ ਦ੍ਰਿਸ਼ਟੀ ਨਾਲ ਨਹੀਂ ਦੇਖਦੇ, ਗੁਰ ਬ੍ਰਹਮ ਹੀ ਗੁਰ ਬ੍ਰਹਮ ਦੇਖਦੇ ਹਨ। ਯਥਾ:- ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥

ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥ ਦਾਸਨਦਾਸੀ ਅਪਣੇ ਸਾਜਨ ਸਤਿਗੁਰੂ ਸਾਹਿਬ ਜੀ ਨੂੰ ਰਿਦੇ 'ਚ ਲੈ ਕੇ, (ਪੀਅ) ਪਤੀ ਸਤਿਗੁਰੂ ਸਾਹਿਬ ਜੀ (ਸਉ) ਨਾਲ, ਨਾਮ ਜਪ ਜਪ ਕੇ ਅੰਮ੍ਰਿਤ ਰਸ, ਅੰਮ੍ਰਿਤ ਕਥਾ ਕੀਰਤਨ, ਦਰਸ਼ਨ ਦੇ (ਸਭ) ਸਾਰੇ (ਰਸ) ਅਨੰਦ ਰੰਗ (ਖੇਲਉ) ਖ਼ੇਲਦੀ ਮਾਣਦੀ ਹੈ। (ਕਿਸੀ) ਕਿਸੇ ਨੂੰ ਆਪਾ (ਨਾਹਿ) ਨਹੀਂ (ਲਖਾਵਉ) ਜਣਾਉਂਦੀ॥੨੩੪॥ ਜਿਵੇਂ ਪਤੀਬ੍ਰਤਾ ਆਪਣੇ ਗੁਣ ਜਣਾਉਣ ਦੀ ਬਜਾਏ, ਅਪਣੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਪਤੀ ਜੀ ਦੇ ਗੁਣ ਗਾਉਂਦੀ ਹੈ, ਫ਼ੈਸ਼ਨ ਨਹੀਂ ਲਾਉਂਦੀ ਜੀ। ਯਥਾ:- ਠਾਕੁਰੁ ਏਕੁ; ਸਬਾਈ ਨਾਰਿ॥

ਅਵਸਥਾ ਦੱਸਣ ਦਾ ਢੰਗ ਇਹ ਹੈ, ਦਦਾ. ਦਾਤਾ ਏਕੁ ਹੈ; ਸਭ ਕਉ ਦੇਵਨਹਾਰ॥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਦਾਸਨਦਾਸੀ ਨੂੰ ਇਹ ਪੂਰਨ ਅਗਮ ਮਹਾਂ ਵਿਸਮਾਦ ਅਵਸਥਾ ਬਖ਼ਸ਼ ਰਹੇ ਹਨ, ਜੋ ਹੁਣ ਦਿਮਾਗ਼ 'ਚ ਗੁਰਬਾਣੀ ਅਰਥ ਦਿਖਾ ਰਹੇ ਹਨ। ਇਹ ਮਨੋਹਰ ਬਚਨ ਸੁਣ ਕੇ ਪ੍ਰੇਮ ਦੀ ਲਾਗ ਲੱਗਦੀ ਹੈ। ਯਥਾ:- ਲਗੀ ਲਾਗਿ; ਸੰਤ ਸੰਗਾਰਾ॥ ਜਿਵੇਂ ਪਤੀਬ੍ਰਤਾ, ਦੂਜੀਆਂ ਬੱਚੀਆਂ ਨੂੰ ਭੀ ਪਤੀਬ੍ਰਤਾ ਬਣਨ ਦਾ ਬੜੇ ਰੰਗ ਢੰਗ ਦਾ ਉਪਦੇਸ਼ ਬਖ਼ਸ਼ਦੀ ਹੈ। ਉਸ ਦੇ ਦਰਸ਼ਨ ਕਰਕੇ ਦੂਜੀਆਂ ਬੀਬੀਆਂ ਨੂੰ ਖ਼ਿਆਲ ਆਉਂਦਾ ਬਈ ਇਸ ਦੇ ਨੇਤ੍ਰ ਕੈਸੇ ਸੁੰਦਰ ਹਨ, ਇਸ ਦੇ ਸਰੂਪ ਦੀ ਕੈਸੀ ਸੁੰਦਰ ਨੁਹਾਰ ਹੈ, ਸਾਡੀ ਭੀ ਐਸੀ ਸੁੰਦਰ ਨੁਹਾਰ ਬਣੇ। ਇਸ ਤਰ੍ਹਾਂ ਪੂਰਨ ਮਹਾਤਮਾ ਜੀ ਦੇ ਦਰਸ਼ਨ ਕਰਕੇ ਜਿਹੜੇ ਦਾਸਨਦਾਸ ਹਨ, ਉਨ੍ਹਾਂ ਨੂੰ ਭੀ ਇਹ ਪ੍ਰੇਮ ਲਗਨ ਲੱਗਦੀ ਹੈ, ਕਿ ਜੈਸੇ ਮਹਾਂਪੁਰਸ਼ ਮਹਾਰਾਜ ਸਾਹਿਬ ਜੀ 'ਚ ਲੀਣ ਵਿਸਮਾਦ ਹਨ, ਵਿਸਮਾਦ ਚੇਹਰਾ ਵਿਸਮਾਦ ਇਕਾਗ੍ਰਤਾ ਹੈ। ਸਾਡਾ ਭੀ ਜੀਵਨ ਇਸ ਤਰ੍ਹਾਂ ਦਾ ਹੋਵੇ।

ਜਦੋਂ ਇਸ ਅਵਸਥਾ 'ਚ ਟਿਕਾਅ ਹੋ ਗਿਆ, ਨੀਚੇ ਲੋਇਣ ਕਰ ਲਏ, ਸਾਜਨ ਨੂੰ ਹਿਰਦੇ 'ਚ ਵਸਾ ਲਿਆ, ਸਾਰੇ ਰਸ ਮਾਲਕ ਦੀ ਕ੍ਰਿਪਾ ਨਾਲ ਮਾਣਦੇ ਹਨ, ਆਪਾ ਕਿਸੇ ਨੂੰ ਨਹੀਂ ਜਣਾਉਂਦੇ ਫਿਰ ਅਗਲੀ ਅਵਸਥਾ ਇਸ ਅਵਸਥਾ ਤੋਂ ਬਾਅਦ ਪ੍ਰਾਪਤ ਹੁੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲੱਗ ਕੇ ਅੰਮ੍ਰਿਤ ਬ੍ਰਹਮਾਨੰਦ ਰਸ ਨੂੰ ਪੀਂਦਿਆਂ ਪੀਂਦਿਆਂ, ਜਿਵੇਂ ਪਹਿਲਵਾਨ ਖ਼ੁਰਾਕ ਖਾ ਕੇ ਵਰਜ਼ਿਸ ਕਰਕੇ ਬਲਵਾਨ ਹੋ ਜਾਂਦਾ, ਇਸ ਤਰ੍ਹਾਂ ਅਵਸਥਾ ਬਲਵਾਨ ਹੋ ਜਾਂਦੀ ਹੈ। ਬਈ ਪਹਿਲਾਂ ਸਰਗੁਨ ਦੀ ਉਪਾਸ਼ਨਾ ਕਰਕੇ, ਸਰਗੁਨ ਸਰੂਪ ਦਿਲ 'ਚ ਟਿਕਾਏ, ਫਿਰ ਅੱਗੇ ਨਿਰਗੁਨ ਸਰਗੁਨ ਦੀ ਏਕਤਾ ਲਖਤਾ ਹੋ ਜਾਂਦੀ ਹੈ। ਯਥਾ:- ਆਠ ਜਾਮ ਚਉਸਠਿ ਘਰੀ; ਤੁਅ ਨਿਰਖਤ ਰਹੈ ਜੀਉ॥ ਨੀਚੇ ਲੋਇਨ ਕਿਉ ਕਰਉ; ਸਭ ਘਟ ਦੇਖਉ ਪੀਉ॥੨੩੫॥) ਤੁਧੁ ਬਿਨੁ; ਦੂਜਾ ਨਾਹੀ ਕੋਇ॥ ਜਬ. ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥) ਜਹ ਜਹ ਦੇਖਾ ਤਹ ਨਰਹਰੀ॥੧॥

**੨੪. ਵਾਹਿਗੁਰੂ॥ ਵਿਕਾਰ ਦ੍ਰਿਸ਼ਟੀ ਨਾਲ ਪਰਾਇਆ ਰੂਪ ਦੇਖਣਾ ਭੀ ਸਖ਼ਤ ਮਨ੍ਹਾ ਹੈ:-** ਅਖੀ ਸੂਤਕੁ ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ ਵਾਹਿਗੁਰੂ ਜੀ ਦੇ ਸਰਗੁਨ ਅਵਤਾਰ, ਪਾਰਬ੍ਰਹਮ ਗਰੀਬ ਨਿਵਾਜ॥ ਸ੍ਰੀ ਸਤਿਗੁਰੂ ਨਾਨਕਦੇਵ ਸਾਹਿਬ ਜੀ ਅਮੋਲਕ ਉਪਦੇਸ਼ ਫ਼ੁਰਮਾਉਂਦੇ ਹਨ:- ਵਿਕਾਰ ਦ੍ਰਿਸਟੀ ਨਾਲ (ਪਰ) ਪਰਾਈ (ਤ੍ਰਿਅ) ਇਸਤ੍ਰੀ ਦਾ ਰੂਪੁ ਦੇਖਣਾ ਅਤੇ ਲੋਭ ਨਾਲ (ਪਰ) ਪਰਾਇਆ ਧਨ ਲੈਣ ਲਈ ਵੇਖਣਾ ਹੀ (ਅਖੀ) ਅੱਖਾਂ ਦੀ (ਸੂਤਕੁ) ਅਪਵਿੱਤ੍ਰਤਾਈ ਹੈ। ਇਹ ਪਵਿੱਤ੍ਰ ਸਲੋਕ ਹਰੇਕ ਸਿੱਖ ਜਪੇ ਜਪਾਵੇ, ਅਰਥਾਂ ਨੂੰ ਚੇਤੇ ਕਰੇ ਕਰਾਵੇ ਜੀ ਰਾਮ ਜੀ। ਯਥਾ:- ਗੁਰਮੁਖਿ ਜਨਮੁ ਸਕਾਰਥਾ; ਗੁਰਬਾਣੀ ਪੜਿ. ਸਮਝਿ ਸੁਣੇਹੀ। (ਵਾਰ ੧)

ਵਾਹਿਗੁਰੂ ਜੀ ਨੂੰ ਘਟਾਂ ਘਟਾਂ ਵਿੱਚ ਦੇਖਣ ਲਈ, ਅੰਦਰ ਬਾਹਰ ਸਾਖਿਆਤ ਕਰਨ ਲਈ, ਅੰਦਰਲੀਆਂ ਤੇ

ਬਾਹਰਲੀਆਂ ਅੱਖਾਂ ਗੁਰਮੁਖਿ ਸਨਮੁਖ ਪਵਿੱਤ੍ਰ ਚਾਹੀਦੀਆਂ ਹਨ। ਯਥਾ:- ਨਾਨਕ ਸੇ ਅਖੜੀਆ ਬਿਅੰਨਿ; ਜਿਨੀ ਡਿਸੰਦੋ ਮਾ ਪਿਰੀ॥ (ਨਾਨਕ) ਸਤਿਗੁਰੂ ਅਰਜਨਦੇਵ ਸਾਹਿਬ ਜੀ ਅਮੋਲਕ ਬਚਨ ਫੁਰਮੌਂਦੇ ਹਨ:- (ਸੇ) ਉਹ (ਅਖੜੀਆ) ਅੱਖਾਂ (ਬਿਅੰਨਿ) ਹੋਰ ਹਨ ਭਾਵ ਪੂਰਨ ਗੁਰੂ ਸਾਹਿਬ ਜੀ ਦੀਆਂ ਬਖ਼ਸ਼ੀਆਂ ਗੁਰਮੁਖਿ ਅੱਖਾਂ ਹਨ, (ਜਿਨੀ) ਜਿਨ੍ਹਾਂ ਨਾਲ (ਮਾ) ਮੇਰੇ (ਪਿਰੀ) ਪਿਆਰੇ ਵਾਹਿਗੁਰੂ ਜੀ (ਡਿਸੰਦੋ) ਦਿਸਦੇ ਹਨ। ਯਥਾ:- ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ; ਪੂਰਨ ਅਗਮ ਬਿਸਮਾਦ॥ ਜੇ ਅੱਖਾਂ ਵਿੱਚ ਅਗਿਆਨ ਦੀ ਨੀਂਦ, ਵਿਕਾਰ ਅਤੇ ਦ੍ਵੈਸ਼ ਦੀ ਮੈਲ਼ ਲੱਗੀ ਹੈ। ਤਾਂ ਪਰਮ ਪਾਕ ਪਰਮਪਵਿੱਤ੍ਰ ਪਰਮਾਤਮਾ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਨਹੀਂ ਹੁੰਦੇ। ਯਥਾ:- ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ॥) ਮਾਈ; ਮੈ. ਕਿਹਿ ਬਿਧਿ ਲਖਉ ਗੁਸਾਈ॥ ਮਹਾ ਮੋਹ ਅਗਿਆਨਿ ਤਿਮਰਿ; ਮੋ ਮਨੁ ਰਹਿਓ ਉਰਝਾਈ॥੧॥ਰਹਾਉ॥ ਗੁਰੂ ਸਾਹਿਬ ਜੀ ਦੀ ਸਿੱਖਿਆ ਮੰਨੇ ਪੂਜੇ ਕਮਾਏ ਬਿਨਾ, ਮਨਮੁਖ ਵਿਕਾਰਾਂ ਦੇ ਭੋਗਾਂ ਲਈ ਵਿਕਾਰ ਦ੍ਰਿਸ਼ਟੀ ਨਾਲ ਪਰਾਇਆ ਰੂਪ ਦੇਖ ਕੇ ਖਪ ਖਪ ਕੇ ਪਤੰਗੇ ਵਾਂਗ ਸੜ ਮਰ ਜਾਂਦਾ ਹੈ। ਯਥਾ:- ਕੇਤੇ; ਖਪਿ ਤੁਟਹਿ ਵੇਕਾਰ॥) ਦਿਸਟਿ ਵਿਕਾਰੀ; ਨਾਹੀ ਭਉ ਭਾਉ॥) ਦ੍ਰਿਸਟਿ ਰੋਗਿ; ਪਚਿ ਮੁਏ ਪਤੰਗਾ॥

ਵਿਕਾਰਾਂ ਦਾ ਬਾਰ ਬਾਰ ਅਭਿਆਸ ਹੋਣ ਤੋਂ ਵਿਕਾਰ ਵੱਧਦੇ ਹਨ। ਜੀਵ ਜਿਤਨਾ ਜ਼ਿਆਦਾ ਦ੍ਰਿਸ਼ਟਮਾਨ ਅਕਾਰ 'ਚ ਖੱਚਤ ਹੁੰਦਾ ਹੈ, ਉਤਨੀ ਹੀ ਬ੍ਰਿਤੀ ਖਿੱਲਰਦੀ ਹੈ, ਜਿਸ ਨੂੰ ਕਿਰਿਆਮਾਨ ਬ੍ਰਿਤੀ ਕਹਿੰਦੇ ਹਨ। ਇਸ ਬ੍ਰਿਤੀ ਕਰਕੇ ਜੀਵ ਵਿਕਾਰੀ ਮੂਵੀਆਂ, ਫੋਟੋਆਂ, ਪਰਾਇਆ ਰੂਪ ਦੇਖਣ ਵਲ ਭੱਜਦਾ ਰਹਿੰਦਾ ਹੈ। ਮਨ ਦੀ ਬ੍ਰਿਤੀ ਕਰਤਾਪੁਰਖੁ, ਸ੍ਵਬ ਪ੍ਰਕਾਸ਼ਕ ਵਾਹਿਗੁਰੂ ਜੀ ਨੂੰ ਵਿਸਾਰ ਕੇ, ਵਿਕਾਰਾਂ 'ਚ ਖੱਚਤ ਰਹਿੰਦੀ ਹੈ। ਜਿਵੇਂ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਖੀ ਵੇਖਿ ਨ ਰਜੀਆ; ਬਹੁ ਰੰਗ ਤਮਾਸੇ। (ਅਖੀ) ਅੱਖਾਂ ਚਲਾਇਮਾਨ ਨਾਸ਼ਵੰਤ ਦੁਨੀਆ ਦੇ (ਬਹੁ) ਬਹੁਤੇ ਰੰਗ ਤਮਾਸੇ ਨੂੰ ਵੇਖਿ ਕੇ (ਨ) ਨਹੀਂ (ਰਜੀਆ) ਰੱਜਦੀਆਂ। ਜੀਵ ਇਨ੍ਹਾਂ ਵਿਸ਼ਿਆਂ ਦਾ ਗ਼ੁਲਾਮ ਬਣ ਜਾਂਦਾ ਹੈ। ਯਥਾ:- ਜਿਤਨੀ ਭੂਖ. ਅਨ ਰਸ ਸਾਦ ਹੈ; ਤਿਤਨੀ ਭੂਖ. ਫਿਰਿ ਲਾਗੈ॥) ਤ੍ਰਿਪਤਿ ਨਾਹੀ; ਮਾਇਆ ਮੋਹ ਪਸਾਰੀ॥੫॥ ਭਾਵੇਂ ਅੱਖਾਂ ਸਾਹਮਣੇ ਵੇਸਵਾ ਆ ਜਾਵੇ ਉਸ ਨੂੰ ਭੀ ਸੋਹਣੀ ਸਮਝਦਾ ਹੈ। ਇਨ੍ਹਾਂ ਵਿਕਾਰਾਂ ਦੇ ਅਧੀਨ, ਅਪਣਾ ਬਲ, ਇਹ ਅਮੋਲਕ ਮਨੁੱਖਾ ਜਨਮ ਵਿਅਰਥ ਹੀ ਗੁਆ ਲੈਂਦਾ ਹੈ ਜੀ। ਯਥਾ:- ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥੧॥

ਜਿਵੇਂ ਸਤਿਗੁਰੂ ਗ੍ਰੰਥ ਸਾਹਿਬ ਜੀ, ਸ੍ਰੋਮਣੀ ਭਗਤ ਸ੍ਰੀ ਫਰੀਦ ਸਾਹਿਬ ਜੀ ਨੇ ਫ਼ੁਰਮਾਇਆ ਹੈ, ਕਿ ਭਾਵੇਂ ਮਨਮੁਖ ਬ੍ਰਿਧ ਅਵਸਥਾ 'ਚ ਸ੍ਰੀਰ ਕਮਜ਼ੋਰ ਰੋਗੀ ਹੋ ਜਾਵੇ ਤਾਂ ਭੀ ਰੂਪ ਦੇਖਣੋ ਨਹੀਂ ਹਟਦਾ:- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ; ਹੋਰ ਕਰੇਂਦੀ ਵੰਨ॥੧੧॥ ਹੇ ਦਾਸਨਦਾਸ ਫਰੀਦਾ! ਤੇਰੀਆਂ (ਅਖੀ) ਅੱਖਾਂ, ਵਿਕਾਰ, ਵੈਰ, ਦੋਖ ਦ੍ਰਿਸ਼ਟੀ ਨਾਲ ਦੇਖਿ ਦੇਖਿ ਕੇ, (ਪਤੀਣੀਆਂ) ਕਮਜ਼ੋਰ ਅਤੇ ਮੈਲ਼ੀਆਂ ਹੋ ਗਈਆਂ। ਜਿਸ ਕਰਕੇ ਧੁੰਦਲ਼ਾ ਦਿਸਣ ਲੱਗ ਗਿਆ। ਘਰੇ ਟੀਵੀ, ਮੋਬਾਇਲ ਫੂਨ 'ਤੇ ਭੈੜੇ ਦ੍ਰਿਸ਼, ਗੰਦੀਆਂ ਮੂਵੀਆਂ, ਪਰਾਇਆ ਰੂਪ ਦੇਖੀ ਜਾਂਦਾ ਹੈ। ਮੰਦੀਆਂ ਭੈੜੀਆਂ ਵਿਕਾਰੀ ਗੱਲਾਂ ਸੁਣਿ ਸੁਣਿ ਕੇ, ਕੰਨ (ਰੀਣੇ) ਕਮਜ਼ੋਰ ਬੋਲ਼ੇ ਹੋ ਗਏ। ਜਿਵੇਂ (ਸਾਖ) ਖੇਤੀ (ਪਕੰਦੀ) ਪੱਕਣ 'ਤੇ (ਆਈਆ) ਆਈ, ਹਰੇ ਰੰਗ ਤੋਂ, ਹੋਰ ਫਿੱਕਾ ਉਦਾਸ (ਵੰਨ) ਰੰਗ (ਕਰੇਂਦੀ) ਕਰਦੀ ਹੈ, ਇਉਂ ਖੇਤੀ ਰੂਪੀ ਦੇਹ ਪੱਕਣ 'ਤੇ ਆਈ, ਕਮਜ਼ੋਰ ਬ੍ਰਿਧ ਅਵਸਥਾ ਮਰਨ ਕਿਨਾਰੇ ਆਈ ਨੇ, ਜਿਰੜੀਆਂ, ਬਲਗਮ, ਖੰਘ, ਰੋਗਾਂ, ਪਲੱਤਣ, ਉਦਾਸੀਆਂ, ਪੀੜਾਂ ਦਾ ਹੋਰ ਰੰਗ ਕਰ ਲਿਆ॥੧੧॥ ਯਥਾ:- ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ.

ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥) ਭਾਵੇਂ ਇਸ ਤਰ੍ਹਾਂ ਦੀ ਹਾਲਤ ਬਣ ਜਾਵੇ, ਪਰ ਫਿਰ ਭੀ ਵਿਕਾਰੀ ਜੀਵ ਅਕਾਲਪੁਰਖੁ ਵਾਹਿਗੁਰੂ ਜੀ ਦੀ, ਕੋਮਲ ਬਾਣੀ ਸਭ ਕਉ ਸੰਤੋਖੈ॥ ਦੇ ਲੜ ਨਹੀਂ ਲਗਦਾ ਜੀ। ਯਥਾ:- ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ; ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ ਅੰਮ੍ਰਿਤੁ ਲੂਟਹਿ. ਮਨਮੁਖ ਨਹੀ ਬੂਝਹਿ; ਕੋਇ ਨ ਸੁਣੈ. ਪੂਕਾਰਾ॥) ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ; ਮਨਮੁਖਾ ਸਾਦੁ. ਨ ਪਾਇਆ॥ ਗੁਰੂ ਸਾਹਿਬ ਜੀ ਦੇ ਬਖ਼ਸ਼ੇ ਹੋਏ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਨੂੰ ਨਿਤ ਲੁੱਟਣ ਵਾਲੇ ਪੰਜ ਵਿਕਾਰ ਚੋਰ ਹਨ।

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਖੁਧਿਆ ਤ੍ਰਿਸਨਾ ਨਿੰਦਾ ਬੁਰੀ; ਕਾਮੁ ਕ੍ਰੋਧੁ ਵਿਕਰਾਲੁ॥ ਮਨਮੁਖ ਦੀ ਬਿਰਤੀ ਪਦਾਰਥਾਂ, ਵਿਕਾਰਾਂ ਨੂੰ ਭੋਗਣ ਦੀ (ਖੁਧਿਆ) ਭੁੱਖ, ਵਿਸ਼ੇ, ਰਸਾਂ ਕਸਾਂ ਦੀ ਤ੍ਰਿਸਨਾ ਅਤੇ ਨਿੰਦਾ ਕਰਨ ਨਾਲ (ਬੁਰੀ) ਭੈੜੀ, ਭ੍ਰਿਸਟ ਹੋ ਰਹੀ ਹੈ। (ਵਿਕਰਾਲੁ) ਭਿਆਨਕ ਕਾਮੁ ਕ੍ਰੋਧੁ ਆਦਿ ਵਿਕਾਰਾਂ 'ਚ ਖੱਚਤ ਹੋ ਕੇ ਮਨਮੁਖ (ਵਿਕਰਾਲੁ) ਭਿਆਨਕ ਹੋ ਰਿਹਾ ਹੈ ਜੀ।

ਏਨੀ ਅਖੀ ਨਦਰਿ. ਨ ਆਵਈ; ਜਿਚਰੁ ਸਬਦਿ. ਨ ਕਰੇ ਬੀਚਾਰੁ॥ (ਏਨੀ) ਇਨ੍ਹਾਂ ਅਗਿਆਨ ਦੀ ਨੀਂਦ, ਵਿਕਾਰ ਅਤੇ ਦ੍ਵੈਸ਼ ਦੀ ਸੂਤਕਤਾ ਨਾਲ ਭਰੀਆਂ (ਅਖੀ) ਅੱਖਾਂ ਨਾਲ, ਘਟ ਘਟ ਵਾਸੀ ਸਰਬ ਨਿਵਾਸੀ; ਨੇਰੈ ਹੀ ਤੇ ਨੇਰਾ॥) ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ; ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨਦਰਿ 'ਚ (ਨ) ਨਹੀਂ (ਆਵਈ) ਆਉਂਦੇ, (ਜਿਚਰੁ) ਜਿਤਨਾ ਚਿਰ ਧੁਰਾਂ ਦੇ ਅੰਮ੍ਰਿਤ (ਸਬਦਿ) ਗੁਰਬਾਣੀ ਜੀ ਦੀ ਸੱਚੀ ਬੀਚਾਰੁ (ਨ) ਨਹੀਂ (ਕਰੇ) ਕਰਦਾ।

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਤੁਧੁ ਭਾਵੈ ਸੰਤੋਖੀਆਂ; ਚੂਕੈ ਆਲ ਜੰਜਾਲੁ॥ ਹੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ! (ਤੁਧੁ) ਆਪ ਜੀ ਨੂੰ (ਭਾਵੈ) ਭਾਵੇ ਤਾਂ ਬਾਂਹ ਫੜ ਕੇ ਤਾਰ ਲੈਂਦੇ, ਜਿਸ ਕਰਕੇ ਪਰਾਇਆ ਰੂਪ ਦੇਖਣ, ਵਿਕਾਰ ਭੋਗਣ ਆਦਿ ਭੈੜੇ ਕੁਕਰਮਾਂ ਵੱਲੋਂ ਮਨਮੁਖ ਦੀਆਂ ਇੰਦ੍ਰੀਆਂ ਸੰਤੋਖੀਆਂ ਜਾਂਦੀਆਂ ਹਨ। (ਆਲ) ਘਰ ਅਥਵਾ ਸ੍ਰੀਰ ਰੂਪੀ ਘਰ ਦੇ ਪਰਾਇਆ ਰੂਪ ਦੇਖਣ, ਹਉਮੈ, ਵਿਕਾਰ, ਪਾਪਾਂ ਔਗੁਣਾਂ ਦੇ (ਜੰਜਾਲੁ) ਬੰਧਨ (ਚੂਕੈ) ਚੁੱਕੇ ਜਾਂਦੇ ਹਨ। ਭਾਵ ਗੁਰਸਬਦ ਦੀ ਵੀਚਾਰ ਕਰਨ ਤੋਂ ਪੂਰਾ ਸੁਖੁ; ਪੂਰਾ ਸੰਤੋਖੁ॥ ਪ੍ਰਾਪਤ ਹੋ ਜਾਂਦਾ ਹੈ ਜੀ।

ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਖੀ ਸੰਤੋਖੀਆ. ਏਕ ਲਿਵ ਲਾਇ॥ (ਏਕ) ੧ੴ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੇ ਗੁਰਸਬਦ ਰੂਪੀ ਚਰਨਕਮਲਾਂ ਨਾਲ (ਲਿਵ) ਬਿਰਤੀ, ਸੁਰਤ (ਲਾਇ) ਲਾ ਕੇ (ਅਖੀ) ਅੱਖਾਂ (ਸੰਤੋਖੀਆ) ਸੰਤੋਖ ਸਹਿਤ ਹੋ ਗਈਆਂ ਜੀ। ਗੁਰਸਬਦ ਦੀ ਵੀਚਾਰ ਕਰਨ ਤੋਂ, ਸੱਚੇ ਵਾਹਿਗੁਰੂ ਗੁਰਸਬਦ ਜੀ 'ਚ ਲਿਵ ਲਾਉਣ ਨਾਲ ਵਿਕਾਰ ਦ੍ਰਿਸਟੀ, ਭੈੜੀ ਦੁਰਮਤਿ ਭੱਜ ਗਈ ਜੀ। ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨੇ ਮਹਾਂ ਵਿਸਮਾਦ ਸੰਤੋਖ ਤੇ ਬ੍ਰਹਮਗਿਆਨ ਦੀ ਦਾਤਿ ਬਖ਼ਸ਼ੀ ਹੈ ਜੀ। ਯਥਾ:- ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ; ਕੀਨੀ ਦਾਤਿ॥੪॥੭॥੧੦੧॥

੨੫. ਵਾਹਿਗੁਰੂ॥ ਮਃ ੫॥ ਕਿਆ ਗਾਲਾਇਓ ਭੂਛ; ਪਰ ਵੇਲਿ. ਨ ਜੋਹੇ, ਕੰਤ ਤੂ॥ ਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਃ) ਸਰੂਪ ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨਦੇਵ ਸਾਹਿਬ ਜੀ ਅਪਣੇ ਨਿਰਗੁਨ ਪ੍ਰਕਾਸ਼ ਦੁਆਰਾ ਹੁਣ ਬਿਅੰਤ ਬ੍ਰਹਮੰਡ ਦੇ ਜੀਵਨ ਰੂਪ ਹਨ। ਜਿਨ੍ਹਾਂ ਦੀ ਪਰਮਪਵਿੱਤ੍ਰ ਸੱਚੀ ਨਿਰਗੁਨ ਸੱਚੀ ਜੋਤਿ ਨਾਲ ਅਸੀਂ ਹੁਣ ਵੇਖਦੇ ਬੋਲਦੇ ਸੁਣਦੇ ਖਾਂਦੇ ਪੀਂਦੇ ਪੈਨ੍ਹਦੇ ਜਿਉਂਦੇ ਜਾਗਦੇ ਹਾਂ। ਜਿਨ੍ਹਾਂ ਦੀ ਸੱਚੀ ਨਿਰਗੁਨ ਜੋਤਿ ਹੁਣ ਕੋਟਾਨ ਕੋਟ ਸੂਰਜਾਂ, ਚੰਦ੍ਰਮਿਆਂ, ਤਾਰਿਆਂ, ਬਿਜਲੀਆਂ, ਅਗਨੀਆਂ, ਟਿਟਿਆਣਿਆਂ ਨੂੰ ਪ੍ਰਕਾਸ਼ ਰਹੀ ਹੈ। ਬਿਅੰਤ ਬ੍ਰਹਮੰਡ ਦੇ ਸੁਧਾਰ ਲਈ ਆਪ ਜੀ ਫ਼ੁਰਮਾ ਰਹੇ ਹਨ ਜੀ:-

ਕਿਆ ਗਾਲਾਇਓ ਭੂਛ; ਪਰ ਵੇਲਿ. ਨ ਜੋਹੇ, ਕੰਤ ਤੂ॥ ਹੇ (ਭੂਛ) ਮੂਰਖ ਜੀਵ! ਆਪ ਜੀ (ਕਿਆ) ਕਿਉਂ ਵਿਕਾਰਾਂ ਅਉਗੁਣਾਂ ਦੀਆਂ ਭੈੜੀਆਂ (ਗਾਲਾਇਓ) ਗੱਲਾਂ ਕਰਦੇ ਹੌਂ? ਕਤੰਚ ਚਪਲ ਮੋਹਨੀ ਰੂਪੰ; ਪੇਖੰਤੇ ਤਿਆਗੰ ਕਰੋਤਿ॥ ਅਨੁਸਾਰ (ਪਰ) ਪਰਾਈ (ਵੇਲਿ) ਇਸਤ੍ਰੀ ਵੱਲ ਵਿਕਾਰ ਦ੍ਰਿਸ਼ਟੀ ਨਾਲ ਨ (ਜੋਹੇ) ਦੇਖ, ਫਿਰ (ਤੂ) ਆਪ ਜੀ (ਕੰਤ) ਪਰਮਾਤਮਾ ਸਰੂਪ ਹੌਂ ਜੀ। ਯਥਾ:- ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥) ਨੇਤ੍ਰ ਸੰਤੋਖੇ; ਏਕ ਲਿਵਤਾਰਾ॥) ਅਖੀ ਸੰਤੋਖੀਆ. ਏਕ ਲਿਵ ਲਾਇ॥ ਸਾਰਿਆਂ 'ਚ ਦਸ ਸਤਿਗੁਰੂ ਸਾਹਿਬਾਨ ਜੀ ਦੀ ਸੱਚੀ ਨਿਰੰਕਾਰੀ ਜੋਤਿ ਦੇਖਣਾ ਕਰੋ ਜੀ।

ਨਾਨਕ ਫੁਲਾ ਸੰਦੀ ਵਾੜਿ; ਖਿੜਿਆ ਹਭੁ ਸੰਸਾਰੁ ਜਿਉ॥੩॥ (ਨਾਨਕ) ਸਤਿਗੁਰੂ ਮਹੱਲਾ ਪੰਜਵਾਂ ਜੀ ਫ਼ੁਰਮਾਉਂਦੇ ਹਨ:- (ਜਿਉ) ਜਿਵੇਂ ਫੁਲਾ (ਸੰਦੀ) ਦੀ (ਵਾੜਿ) ਵਾੜੀ ਚਾਰ ਦਿਨ ਖਿੜੀ ਦਿਸਦੀ ਹੈ। ਤਿਵੇਂ (ਹਭੁ) ਸਾਰਾ (ਸੰਸਾਰੁ) ਜੱਗਤ, ਦੇਖਣ ਮਾਤ੍ਰ ਚਾਰ-ਕੁ ਦਿਨਾਂ ਲਈ ਖਿੜਿਆ ਹੈ, ਪਰ ਨਾਸਵੰਤ ਝੂਠਾ ਹੈ ਜੀ॥੩॥ ਯਥਾ:- ਕੂੜੁ ਰਾਜਾ. ਕੂੜੁ ਪਰਜਾ; ਕੂੜੁ ਸਭੁ ਸੰਸਾਰੁ॥) ਰਾਮ ਗਇਓ ਰਾਵਨੁ ਗਇਓ; ਜਾ ਕਉ ਬਹੁ ਪਰਵਾਰ॥ ਕਹੁ ਨਾਨਕ. ਥਿਰੁ ਕਛੁ ਨਹੀ; ਸੁਪਨੇ ਜਿਉ ਸੰਸਾਰਿ॥੫੦॥) ਦ੍ਰਿਸਟਿਮਾਨ ਹੈ; ਸਗਲ ਮਿਥੇਨਾ॥ ਇਕੁ ਮਾਗਉ ਦਾਨੁ; ਗੋਬਿਦ ਸੰਤ ਰੇਨਾ॥

੨੬. ਵਾਹਿਗੁਰੂ॥ ਕਤੰਚ ਚਪਲ ਮੋਹਨੀ ਰੂਪੰ; ਪੇਖੰਤੇ ਤਿਆਗੰ ਕਰੋਤਿ॥ ਹੇ ਗੁਰਸਿੱਖੋ! ਇਹ ਸ਼ੁਭ ਸਿੱਖਿਆ ਆਪਣੇ ਰਿਦਿਆਂ ਵਿੱਚ ਵਸੌਣਾ ਕਰੋ ਜੀ:- ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥ ਅਨੁਸਾਰ (ਕਤੰਚ) ਕਿਤਨੇ ਹੀ ਸ੍ਰੇਸ਼ਟ ਬੈਰਾਗੀ ਅਪਰਸ ਮਹਾਂਪੁਰਸ਼ (ਚਪਲ) ਚੰਚਲ ਮੋਹਨੀ ਮਾਇਆ ਦਾ (ਰੂਪੰ) ਰੂਪ (ਪੇਖੰਤੇ) ਦੇਖਣਾ (ਤਿਆਗੰ) ਤਿਆਗਣਾ (ਕਰੋਤਿ) ਕਰਦੇ ਹਨ ਜੀ। ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਹੋ, ਪਰ ਧਨ ਪਾਹਨ ਤੁਲਿ; ਤ੍ਰਿਯਾ ਪਰ, ਮਾਤ ਹਮਾਰੈ॥ (ਹੋ) ਹੇ ਭਾਈ! ਦਾਸਨਦਾਸ ਨੂੰ ਪਰਾਇਆ ਧਨ ਪੱਥਰ ਵਾਂਗ ਹੈ ਅਤੇ ਪਰਾਈ ਇਸਤ੍ਰੀ ਮਾਤਾ ਜੀ ਦੇ ਸਮਾਨ ਹੈ ਜੀ।




ਸਾਖੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ:- ਬ੍ਰਹਮਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ; ਕਮਲ ਅਲੇਪ॥ ਅਪਰਸ ਜਤੀ ਸਤੀ ਨਿਰਮਲ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਵਾਲੇ ਨੂੰ ਬ੍ਰਹਮ ਵਿੱਦਿਆ ਬਖ਼ਸ਼ਣ ਵਾਲੇ, ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ, ਚੁਪਾਲਾ ਪਿੰਡ ਵਿਖੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਸਨ ਜੀ। ਸੰਗਤ ਰੋਜ਼ਾਨਾ ਕਥਾ ਸੁਣਨ ਆਉਂਦੀ, ਗੁਰਮਤਿ ਸਿੱਖਿਆ ਨੂੰ ਧਾਰਦੇ ਅੰਮ੍ਰਿਤ ਛਕਦੇ। ਪਿੰਡ ਦਾ ਇੱਕ ਸੱਪ ਸ਼ਾਹੂਕਾਰ ਸੰਤਾਂ ਮਹਾਪੁਰਸ਼ਾਂ ਨੂੰ ਪਰਖਣ ਲਈ ਅਪਣੀ ਨੂੰਹ ਨੂੰ ਨਾਲ ਲੈ ਕੇ ਅੱਧੀ ਰਾਤ ਸੰਤਾਂ ਕੋਲ ਆਇਆ। ਆਪ ਬਾਹਰ ਖੜ੍ਹਾ ਹੋ ਗਿਆ ਤੇ ਨੂੰਹ ਨੂੰ ਦੁੱਧ ਦਾ ਗਿਲਾਸ ਦੇ ਕੇ ਅੰਦਰ ਭੇਜ ਦਿੱਤੀ। ਉਸ ਨੂੰ ਜਿਵੇਂ ਸਿਖਾਇਆ ਸੀ, ਤਿਵੇਂ ਉਸ ਨੇ ਕਿਹਾ "ਸੰਤ ਜੀ! ਦਰਵਾਜ਼ਾ ਖੋਲ੍ਹੋ, ਮੇਰੇ ਨਾਲ ਪਿਆਰ ਕਰੋ।" ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਜਦੋਂ ਇਸਤ੍ਰੀ ਦੀ ਇਹ ਗੱਲ ਸੁਣੀ ਤਾਂ ਇੱਕ ਦਮ ਬੀਰ ਰਸ ਧਾਰ ਕੇ ਬੋਲੇ "ਤੂੰ ਕੌਣ ਹੈਂ? ਅੱਧੀ ਰਾਤ ਮੇਰੇ ਕੋਲ ਆਈ ਹੈਂ।" ਸੰਤਾਂ ਨੇ ਉਸ ਨੂੰ ਬਹੁਤ ਤਾੜਿਆ।

ਜਦੋਂ ਇਸਤ੍ਰੀ ਫਿਰ ਭੀ ਨਾ ਗਈ ਤਾਂ ਆਪਣੀ ਖੜਾਂਵ ਚੁੱਕ ਕੇ ਉਸ ਨੂੰ ਡਰਾਇਆ। ਉਹ ਡਰਦੀ ਡਰਦੀ ਉਥੋਂ ਨਿਕਲ ਗਈ। ਅਪਣੇ ਸਹੁਰੇ ਨੂੰ ਆ ਕੇ ਦੱਸਿਆ "ਮੈਂ ਬਹੁਤ ਹਾਵ ਭਾਵ ਕਰਕੇ ਦਿਖਾਏ, ਪਰ ਸੰਤ ਜੀ ਮੇਰੇ ਵੱਲ ਝਾਕੇ ਨਹੀਂ। ਉਲਟਾ ਮੈਨੂੰ ਮਾਰਨ ਲਈ ਤਿਆਰ ਹੋ ਗਏ, ਤਾਂ ਮੈਂ ਜਾਨ ਬਚਾ ਭੱਜ ਆਈ ਹਾਂ।" ਵਿਰਾਗੀ ਤਿਆਗੀ ਸੰਤ ਜੀ ਅਤਿਅੰਤ ਵੈਰਾਗ ਕਰਦਿਆਂ, ਪਿੰਡੋਂ ਬਾਹਰ ਆ ਕੇ ਝਨਾਅ ਦਰਿਆ ਦੇ ਨੇੜੇ ਸਿਮਰਨ ਵਿੱਚ ਲੀਣ ਹੋ ਗਏ। ਜਦ ਸੰਗਤ ਨੂੰ ਪਤਾ ਲੱਗਾ ਕਿ ਸੰਤ ਜੀ ਪਿੰਡ ਛੱਡ ਕੇ ਚਲੇ ਗਏ ਹਨ, ਤਾਂ ਸੰਗਤ ਨੇ ਸੰਤ ਜੀ ਨੂੰ ਭਾਲਦਿਆਂ ਭਾਲਦਿਆਂ, ਦਰਿਆ ਨੇੜੇ ਬੈਠੇ ਦੇਖ ਕੇ ਬੇਨਤੀ ਕੀਤੀ "ਆਪ ਜੀ ਪਿੰਡ ਕਿਉਂ ਛੱਡ ਆਏ ਹੋਂ ਜੀ?" ਗੁਰਮੁਖਿ ਪੂਰਨ ਸੰਤ ਜੀ ਨੇ ਸ਼ਾਹੂਕਾਰ ਦੀ ਭੈੜੀ ਕਰਨੀ ਦੱਸੀ, ਤੇ ਕਿਹਾ "ਇਸ ਕਾਰਨ ਦਾਸਨਦਾਸ ਵਾਪਿਸ ਪਿੰਡ ਨਹੀਂ ਜਾਵੇਗਾ" ਸੰਗਤਾਂ ਨੇ ਪ੍ਰੇਮ ਬੇਨਤੀ ਕਰਕੇ ਸੰਤ ਜੀ ਨੂੰ ਵਾਪਿਸ ਪਿੰਡ ਲਿਆਏ। ਉਪਰੰਤ, ਸ਼ਾਹੂਕਾਰ ਨੂੰ ਸੰਗਤ ਵਿੱਚ ਪੇਸ਼ ਕੀਤਾ ਗਿਆ। ਉਸ ਨੇ ਆਪਣੀ ਗਲ਼ਤੀ ਮੰਨ ਕੇ ਮੁਆਫ਼ੀ ਮੰਗੀ। ਸੰਗਤਾਂ ਨੇ ਉਸ ਨੂੰ ਤਨਖਾਹ ਲਾ ਕੇ, ਗੁਰੂਘਰ ਲਈ ਖ਼ੂਹ ਤੇ ਟੂਟੀਆਂ ਲਗਵਾਈਆਂ। ਸ਼ਾਹੂਕਾਰ ਨੇ ਪਰਵਾਰ ਸਮੇਤ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ।

ਲੱਬਧਿਅੰ।ਅ-ਚੁੱਤ। ਤਨਹ ਤਿਨੇ ਅਖਰ ਮੁਕਤੇ ਬੋਲੋ- ਰਹੰਤ ਸੰਗ ਭਗਵਾਨ ਸਿਮਰਣ; ਨਾਨਕ. ਲਬਧੵੰ ਅਚੁਤ ਤਨਹ॥੧॥ ਸ਼ਹੀਦਾਂ ਦੇ ਸਿਰਤਾਜ ਗ੍ਰੀਬ ਨਿਵਾਜ ਵਾਹਿਗੁਰੂ (ਨਾਨਕ) ਸਤਿਗੁਰੂ ਅਰਜਨਦੇਵ ਸਾਹਿਬ ਜੀ ਮਹਾਰਾਜ ਫ਼ੁਰਮਾਉਂਦੇ ਹਨ:- ਅੱਠੇ ਪਹਿਰ ਲਿਵ ਲਾਗੀ ਬੈਰਾਗੀ ਗੁਰਸਿੱਖ ਜੀ (ਭਗਵਾਨ) ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਗ ਸੰਗ ਜਾਣ ਕੇ ਸਿਮਰਣ 'ਚ ਲੀਣ (ਰਹੰਤ) ਰਹਿੰਦੇ ਹਨ। ਇਉਂ ਜਤੀ ਸਤੀ ਨਿਰਮਲ ਗੁਰਸਿੱਖ (ਅਚੁਤ) ਅਚੱਲ (ਤਨਹ) ਪਿਆਰੇ ਬ੍ਰਹਮ ਵਾਹਿਗੁਰੂ ਜੀ ਨੂੰ (ਲਬਧੵੰ) ਲੱਭ ਲੈਂਦੇ ਹਨ ਜੀ। ਮੈ ਅਪਨਾ ਸੁਤ; ਤੋਹਿ ਨਿਵਾਜਾ॥ ਅਨੁਸਾਰ ਸੱਚੇ ਵਾਹਿਗੁਰੂ ਜੀ ਉਨ੍ਹਾਂ ਨੂੰ ਅਪਣੇ (ਤਨਹ) ਪਿਆਰੇ (ਤਨਹ) ਸਪੁੱਤ੍ਰ ਬਣਾ ਲੈਂਦੇ ਹਨ ਜੀ॥੧॥ ਯਥਾ:- ਸਫਲੁ ਜਨਮੁ, ਹਰਿ ਜਨ ਕਾ ਉਪਜਿਆ; ਜਿਨਿ ਕੀਨੋ ਸਉਤੁ ਬਿਧਾਤਾ॥

੨੭. ਦੇਖਿ ਪਰਾਈਆ ਚੰਗੀਆ; ਮਾਵਾਂ ਭੈਣਾਂ ਧੀਆਂ ਜਾਣੈ। ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਹਰ ਬੰਦਾ ਪਰਾਈਆ ਧੀਆਂ ਭੈਣਾਂ ਨੂੰ ਦੇਖਿ ਕੇ ਅਪਣੀਆਂ ਮਾਵਾਂ, ਭੈਣਾਂ ਧੀਆਂ ਨਾਲੋਂ ਚੰਗੀਆਂ (ਜਾਣੈ) ਜਾਣੇ ਜੀ। ਭਾਵ ਅਤਿਅੰਤ ਸਤਿਕਾਰ ਕਰੇ, ਹਮੇਸ਼ਾ ਰੱਖਿਆ ਕਰੇ, ਸਾਰਿਆਂ 'ਚ ੧ੴ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਸੱਚੀ ਨਿਰਮਲ ਜੋਤਿ ਦੇਖੇ, ਸਤਿਗੁਰੂ ਸਾਹਿਬਾਨ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇ ਜੀ ਰਾਮ ਜੀ! ਯਥਾ:- ਲਖ ਖੁਸੀਆ ਪਾਤਿਸਾਹੀਆ ਜੇ; ਸਤਿਗੁਰੁ ਨਦਰਿ ਕਰੇਇ॥ {ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਭਾਈ ਸਾਹਿਬ ਜੀ ਬੱਚੇ ਬੱਚੀਆਂ ਨੂੰ ਸਵਾਰਨ ਲਈ, ਸਾਂਝਾ ਉਪਦੇਸ਼ ਬਖ਼ਸ਼ ਰਹੇ ਹਨ, ਭਾਵ ਬੱਚੀਆਂ ਭੀ ਪਰਾਏ ਮਰਦ ਨੂੰ ਅਪਣੇ ਪਿਤਾ, ਭਰਾ ਅਤੇ ਪੁੱਤ੍ਰਾਂ ਨਾਲੋਂ ਚੰਗੇ ਜਾਨਣ।}



ਸਾਖੀ ਪਾਪੀ ਔਰੰਗੇ ਨੇ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਕਿਹਾ:- "ਤੁਸੀਂ ਕਾਫਰਾਂ ਨੂੰ ਸਹਾਰਾ ਦਿੰਦੇ ਹੋਂ, ਹਿੰਦੂ ਮੁਸਲਮਾਨਾਂ ਨੂੰ ਧੜਾ ਧੜ ਸਿੱਖ ਬਣਾ ਰਹੇ ਹੋਂ, ਮੇਰੇ ਖਿਲਾਫ ਜ਼ਬਰਦਸਤ ਪ੍ਰਚਾਰ ਕਰ ਰਹੇ ਹੋਂ, ਕਾਫਰ ਹਿੰਦੂ ਪੱਥਰ ਪੂਜਾ ਕਰਦੇ ਹਨ, ਤੁਸੀਂ ਭੀ ਪੱਥਰ ਪੂਜਾ ਦੇ ਵਿਰੋਧੀ ਹੋਂ, ਜੇ ਤੁਸੀਂ ਭਲਾ ਚਾਹੁੰਦੇ ਹੋਂ, ਤਾਂ ਦੀਨ ਕਬੂਲ ਕਰ ਲਵੋ, ਸਾਡੇ ਪੀਰ ਬਣ ਜਾਉ, ਸਾਰਾ ਸੰਸਾਰ ਤੁਹਾਡੀ ਪੂਜਾ ਕਰੇਗਾ। ਸਾਰੀ ਪਰਜਾ ਨੂੰ ਮੁਸਲਮਾਨ ਬਨਾਉਣ ਦਾ ਮੇਰਾ ਦ੍ਰਿੜ ਆਸ਼ਾ ਹੈ, ਤੁਸੀਂ ਇਸ 'ਚ ਰੋਕ ਨਾ ਬਣੋ, ਜੇ ਤੁਸੀਂ ਦੀਨ ਕਬੂਲ ਕਰੋਂ, ਤਾਂ ਮੈਂ ਆਪਣੀ ਲੜਕੀ ਭੀ ਦੇ ਦੇਵਾਂਗਾ।" ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਹਾ, "ਇਹ ਗੱਲ ਫੇਰ ਨਾ ਕਹੀਂ, ਬੱਚੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ, ਐਸੇ ਨਿਰਲੱਜ ਬੇਸ਼ਰਮੀ ਦੇ ਬਚਨ, ਦਾਸਨਦਾਸ ਦੇ ਕੰਨ ਸੁਨਣਾ ਨਹੀਂ ਚਾਹੁੰਦੇ। ਅੱਲਹਪਾਕ ਸਰੂਪ ਖ਼ੁਦਾ ਦੇ ਅਵਤਾਰ, ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਨੇ ਬਿਅੰਤ ਬ੍ਰਹਮੰਡ ਦੇ ਗੁਰੂ ਹੋਣੇ ਕਰਕੇ ਸਾਰਿਆਂ ਮਜ਼ਹਬਾਂ ਨੂੰ ਸਾਂਝਾ ਉਪਦੇਸ਼ ਦਿਤਾ ਹੈ। ਤੁਸੀਂ ਦਾਸਨਦਾਸ ਨੂੰ ਮੁਸਲਮਾਨ ਬਨਣ ਨੂੰ ਕਹਿੰਦੇ ਹੋਂ, ਇਹ ਝਗੜਾ ਤਾਂ ਸੱਚੇ ਸਤਿਗੁਰੂ ਸਾਹਿਬ ਜੀ ਨੇ ਗੁਰਬਾਣੀ ਰਚ ਕੇ ਪਹਿਲਾਂ ਹੀ ਨਿਬੇੜਿਆ ਹੈ। ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਦੁਆਰਾ ਦਾਸਨਦਾਸ ਨੇ ਗੁਰਬਾਣੀ 'ਚ ਆਏ ਸ਼ੁਭ ਗੁਣ ਧਾਰਨ ਕੀਤੇ ਹਨ। ਪ੍ਰੀਤਮ; ਪ੍ਰੇਮ ਭਗਤਿ ਕੇ ਦਾਤੇ॥ ਸੱਚੇ ਸਤਿਗੁਰੂ ਸਾਹਿਬ ਜੀ ਦੀ ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ ਨੇ ਬੇਅੰਤ ਮੁਸਲਮਾਨ, ਸਿੱਖ ਬਣਾ ਦਿਤੇ ਹਨ ਜੀ।

ਸਾਖੀ ਦੂਜੀ:- ਹਉ. ਗੋਸਾਈ ਦਾ; ਪਹਿਲਵਾਨੜਾ॥ ਸਤਿਗੁਰੂ ਸਾਹਿਬ ਜੀ ਦੇ ਸੂਰਬੀਰ ਬਲਵਾਨ ਤਿਆਰ ਬਰ ਤਿਆਰ, ਅੰਦਰਲੇ ਅਤੇ ਬਾਹਰਲੇ ਸਭ ਵੈਰੀਆਂ 'ਤੇ ਫ਼ਤੇਹ ਪਾਉਣ ਵਾਲੇ ਸਰਦਾਰ ਹਰੀ ਸਿੰਘ ਨਲੂਆ ਜੀ ਨੇ ਬੀਬੀ ਬਾਨਾ ਜੀ ਨੂੰ ਅਪਣੀ ਮਾਂ ਬਣਾਉਣਾ:- ਜਦ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਰਨੈਲ ਸਰਦਾਰ ਹਰੀ ਸਿੰਘ ਜੀ ਨਲੂਏ ਨੇ ਅਪਣੀਆਂ ਫ਼ੌਜਾਂ ਨਾਲ ਜਮਰੋਦ ਕਿਲਾ ਚਾਲੀ ਦਿਨਾਂ ਵਿੱਚ ਜਿੱਤਿਆ, ਤਦ ਬਾਨਾ ਸੁੰਦਰ ਜੁਆਨ ਪਠਾਨ ਬੀਬੀ ਨੇ ਸਰਦਾਰ ਹਰੀ ਸਿੰਘ ਨਲੂਆ ਜੀ ਦਾ ਦਗਦਾ ਲਾਲ ਗੁਰਮੁਖਿ ਚਿਹਰਾ ਤੱਕਿਆ।

ਬਲਵਾਨ ਗੁਰਮੁਖਿ ਸ੍ਰੀਰ ਦੇਖ ਕੇ ਮੋਹਿਤ ਹੋ ਗਈ। ਉਸ ਨੇ ਮਤਾ ਪਕਾਇਆ ਤੇ ਗੁਲ ਖਾਂ ਨਾਲ ਗੱਲ ਕਰਦਿਆਂ ਕਹਿੰਦੀ 'ਹੇ ਗੁਲ ਖਾਂ! ਸਿੱਖ ਬਹੁਤ ਤਕੜੇ ਹਨ। ਮੈਂ ਸਰਦਾਰ ਹਰੀ ਸਿੰਘ ਨਲੂਆ ਜੀ ਨੂੰ ਮਿਲਣ ਜਾਵਾਂਗੀ' ਤਦ ਗੁਲ ਖਾਂ ਨੇ ਕਹਿਆ 'ਖਬਰਦਾਰ ਬਾਨਾ! ਤੂੰ ਅਗਾਂਹ ਨਹੀਂ ਜਾਂ ਸਕਦੀ, ਅਫ਼ਗਾਨੀਆਂ ਦੀ ਇਸਤ੍ਰੀ ਹੁੰਦਿਆਂ ਤੂੰ ਸਾਡੇ ਦੁਸ਼ਮਣਾਂ ਨੂੰ ਮਿਲੇਗੀ, ਓਹ ਭੀ ਅੱਧੀ ਰਾਤ? ਇਕੱਲੀ? ਨਹੀਂ ਬਾਨਾ ਤੂੰ ਨਹੀਂ ਜਾਣਾ'। ਬਾਨਾ ਨੇ ਜ਼ੋਰ ਧੱਕੇ ਨਾਲ ਗੁਲ ਖਾਂ ਅਤੇ ਹੋਰ ਅਫ਼ਗਾਨੀਆਂ ਨਾਲ ਲੜ ਕੇ ਅੱਧੀ ਰਾਤ ਸਰਦਾਰ ਹਰੀ ਸਿੰਘ ਨਲੂਆ ਜੀ ਨੂੰ ਮਿਲਣ ਚੱਲੀ ਗਈ।

ਬਾਨਾ ਸਰਦਾਰ ਹਰੀ ਸਿੰਘ ਨਲੂਆ ਜੀ ਦੇ ਤੰਬੂ 'ਤੇ ਪਹੁੰਚੀ, ਪਹਿਰੇਦਾਰ ਸਿੰਘ ਖੜ੍ਹੇ ਦੇਖੇ। ਬਾਨਾ ਬੋਲੀ 'ਹੇ ਸਿੱਖੋ! ਮੈ ਤੁਹਾਡੇ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੂੰ ਮਿਲਣ ਆਈ ਹਾਂ, ਮੇਰਾ ਨਾਂ ਬਾਨਾ ਹੈ, ਮੈਨੂੰ ਅੰਦਰ ਜਾਣ ਦਿਉ' ਇਕ ਬਹਾਦਰ ਸਿੰਘ ਬੋਲਿਆ, ਮੈਂ ਪਹਿਲਾਂ ਸਰਦਾਰ ਹਰੀ ਸਿੰਘ ਨਲੂਏ ਨੂੰ ਪੁੱਛ ਕੇ ਆਉਂਦਾ ਹਾਂ। ਬਹਾਦਰ ਸਿੰਘ ਪੁੱਛ ਕੇ ਆਇਆ ਅਤੇ ਕਹਿੰਦਾ, ਸਰਦਾਰ ਹਰੀ ਸਿੰਘ ਨਲੂਏ ਜੀ ਨੇ ਕਿਹਾ ਆ ਜਾਉ। ਸਰਦਾਰ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ ਬੀਬੀ ਬਾਨਾ ਨੇ ਪ੍ਰਸ਼ਨ ਕੀਤਾ 'ਕੀ ਇਹ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਦਰ ਘਰ ਹੈ?' 'ਹਾਂ ਬਾਨਾ ਇਹ ਪਰਮਪੂਜਨੀਕ ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਦਰ ਘਰ ਹੈ, ਮੈ ਉਨ੍ਹਾਂ ਦਾ ਲਾਲਾ ਗੋਲਾ ਗ੍ਰੀਬ ਸੇਵਕ ਹਾਂ' ਬਾਨਾ ਕਹਿੰਦੀ 'ਮੈ ਸੁਣਿਆ ਕਿ ਕੋਈ ਕਦੇ ਇੱਥੋਂ ਖਾਲੀ ਨਹੀਂ ਜਾਂਦਾ' 'ਹਾਂ ਬਾਨਾ ਕੋਈ ਖਾਲੀ ਨਹੀ ਜਾਂਦਾ' ਤਾਂ ਇਸ ਪ੍ਰਕਾਰ ਚਲਿੱਤ੍ਰ ਖੇਡਦਿਆਂ ਕਹਿੰਦੀ "ਹੇ ਹਰੀ ਸਿੰਘ ਜੀ ਮੈਨੂੰ ਆਪ ਜੈਸਾ ਇੱਕ ਸਪੁੱਤ੍ਰ ਬਖ਼ਸ਼ ਦੇ।" ਸਰਦਾਰ ਹਰੀ ਸਿੰਘ ਜੀ ਇੱਕ ਦਮ ਹੈਰਾਨ ਹੋ ਕੇ, ਸਤਿਗੁਰੂ ਅਰਜਨਦੇਵ ਸਾਹਿਬ ਜੀ, ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਯਾਦ ਕੀਤੀਆਂ ਤੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮੁਖਵਾਕਾਂ ਨੂੰ ਸਿਮਰਿਆ, ਪਰ ਬੇਟੀ ਕੋ, ਬੇਟੀ ਜਾਨੈ। ਪਰ ਇਸਤ੍ਰੀ ਕੋ, ਮਾਤ ਬਖਾਨੈ। ਆਪਨੀ ਇਸਤ੍ਰੀ ਸੋਂ; ਰੱਤ ਹੋਈ। ਰਹਿਤਵਾਨ, ਗੁਰ ਕਾ ਸਿੰਘ ਸੋਈ॥ ਰਹਿਤ ਬਹਿਤ, ਕਬਹੂੰ ਨ ਤਜਾਗੈ। ਸਨਮੁਖ ਲਰੇ, ਨ ਰਣ ਤੇ ਭਾਗੈ। ਬੀਬੀ ਬਾਨਾ ਦੇ ਚਰਨਾਂ 'ਤੇ ਅਪਣੀ ਪੱਗ ਰੱਖ ਕੇ ਕਹਿੰਦੇ "ਬਾਨਾ! ਮੇਰੇ ਵਰਗਾ ਤਾਂ ਮੈਂ ਹੀ ਹਾਂ। ਅੱਜ ਤੋਂ ਤੂੰ ਮੇਰੀ ਮਾਂ, ਮੈ ਤੇਰਾਂ ਪੁੱਤ੍ਰ। ਅੱਜ ਤੋਂ ਬਾਅਦ ਤੈਨੂੰ ਕਿਸੇ ਚੀਜ ਦੀ ਲੋੜ ਹੋਵੇ ਤਾਂ ਦਾਸ ਆਪ ਜੀ ਨੂੰ ਦੇਵੇਗਾ।" ਇਸ ਤੋਂ ਬਾਦ ਸਰਦਾਰ ਹਰੀ ਸਿੰਘ ਨਲੂਆ ਜੀ ਹਮੇਸ਼ਾ ਬੀਬੀ ਬਾਨਾ ਨੂੰ ਮਾਂ ਕਹਿ ਕੇ ਬੁਲਾਉਂਦੇ ਜੀ।

ਪ੍ਰੇਮ ਬਿਨੈ:- ਇੱਕ ਮੁੰਡਾ ਰੋਜ ਹੀ ਇੱਕ ਨੇਕ ਸਾਊ ਬੱਚੀ ਨੂੰ ਛੇੜਦਾ ਟਿੱਚਰਾਂ ਕਰਦਾ ਸੀ। ਉਸ ਬੱਚੀ ਨੇ ਆਪਣੇ ਭਰਾਵਾਂ ਨੂੰ ਦੱਸਿਆ। ਉਨ੍ਹਾਂ ਨੇ ਆਪਣੀ ਭੈਣ ਨੂੰ ਕਿਹਾ ਕਿ ਅਗਲੇ ਦਿਨ ਅਸੀਂ ਕੰਧ ਪਿੱਛੇ ਲੁਕਾਂਗੇ, ਜੇ ਉਹ ਤੈਨੂੰ ਛੇੜੇਗਾ ਤਾਂ ਅਸੀਂ ਉਸ ਨੂੰ ਫੜ ਲਵਾਂਗੇ। ਅਗਲੇ ਦਿਨ ਉਸੇ ਤਰ੍ਹਾਂ ਹੀ ਹੋਇਆ। ਜਦੋਂ ਉਹ ਮੁੰਡਾ ਉਸ ਬੱਚੀ ਨੂੰ ਮਿਲਿਆ ਤਾਂ ਉਸੇ ਤਰ੍ਹਾਂ ਬੱਚੀ ਨੂੰ ਛੇੜਿਆ ਅਤੇ ਟਿੱਚਰਾਂ ਕਰਨ ਲੱਗਾ। ਉਸ ਸ਼ੇਰ ਬੱਚੀ ਨੇ ਆਪਣੀ ਜੁੱਤੀ ਉਸ ਦੇ ਮੂੰਹ 'ਤੇ ਮਾਰੀ, ਮਾਰਦਿਆਂ ਸਾਰ ਉਸ ਦੇ ਭਰਾਵਾਂ ਨੇ ਫੜ ਕੇ ਕੁੱਟਿਆ। ਗੁਰੂ ਪਿਆਰੀ ਦੁਲਾਰੀ ਸਾਧਸੰਗਤ ਜੀ ਇਸ ਲਈ ਕਿਸੇ ਨੂੰ ਛੇੜਨਾ ਜਾਂ ਟਿੱਚਰਾਂ ਨਹੀਂ ਕਰਨੀਆਂ ਚਾਹੀਦੀਆਂ। ਪਰਾਈਆਂ ਬੱਚੀਆਂ ਨੂੰ, ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀਆਂ ਧੀਆਂ ਸਮਝਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਸਪੁੱਤ੍ਰ ਸਮਝਣਾ ਹੈ ਜੀ ਰਾਮ ਜੀ।

**ਜਦੋਂ ਬੱਚਾ ਜਾਂ ਬੱਚੀ ਅੱਖਾਂ ਦੇ ਸਾਹਮਣੇ ਆਵੇ ਤਾਂ ਇਹ ਜਾਪ ਕਰਨਾ:-** ਇਹ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦਾ ਪਿਆਰਾ ਬੱਚਾ ਜਾਂ ਬੱਚੀ ਹੈ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਦਾ ਪਿਆਰਾ ਬੱਚਾ ਜਾਂ ਬੱਚੀ ਹੈ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਿਆਰਾ

ਬੱਚਾ ਜਾਂ ਬੱਚੀ ਹੈ। ਇਸ ਪ੍ਰਕਾਰ ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮ ਲੈਣੇ ਹਨ, ਫਿਰ ਬੁਰੀ ਨਿਗ੍ਹਾ ਨਾਲ ਨਾ ਦੇਖੋ ਤੇ ਬੁਰਾ ਫੁਰਨਾ ਮਨ ਵਿੱਚ ਨਾ ਲਿਆਵੋ ਜੀ ਪਿਆਰੇ ਜੀ। ਸ਼ੁਭ ਸੱਚੀ ਗੁਰਮੁਖਿ ਇਖ਼ਲਾਕ ਦੀ ਸਿੱਖਿਆ ਛੋਟੀ ਉਮਰ ਤੋਂ ਦੇਣੀ ਚਾਹੀਦੀ ਹੈ।

੨੮. ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਗੁਰਮੁਖਿ ਅਪਰਸ ਜੀ (ਪਰ) ਪਰਾਈ (ਤ੍ਰਿਅ) ਇਸਤ੍ਰੀ ਦਾ ਰੂਪੁ, ਮੂਵੀ, ਕਾਗਜ਼ 'ਤੇ ਫੋਟੋ (ਨੇਤ੍ਰ) ਅੱਖ ਨਾਲ ਨ (ਪੇਖੈ) ਦੇਖਦੇ ਹੋਣ। ਪਰਾਇਆ ਰੂਪ ਦੇਖਣ ਦੇ ਅਸੰਖ ਦੋਸ਼ ਮਹਾਂ ਪਾਪ ਹਨ। ਯਥਾ:- ਬੇਦ ਪੜੇ ਪੜਿ ਪੰਡਿਤ ਮੂਏ; ਰੂਪੁ ਦੇਖਿ ਦੇਖਿ ਨਾਰੀ॥) ਅਖੀ ਸੂਤਕੁ ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ {ਪਰਥਾਇ ਸਾਖੀ.ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਸਤਿਗੁਰੂ ਸਾਹਿਬਾਨ ਜੀ ਆਪਣੇ ਬੱਚੇ ਬੱਚੀਆਂ ਨੂੰ ਸਵਾਰਨ ਲਈ, ਸਾਂਝਾ ਉਪਦੇਸ਼ ਬਖ਼ਸ਼ ਰਹੇ ਹਨ, ਭਾਵ ਬੱਚੀਆਂ ਭੀ ਪਰਾਇਆ ਰੂਪ ਨ ਦੇਖਣ।}

ਪਰਾਈ ਇਸਤ੍ਰੀ ਵਿਕਾਰ ਦ੍ਰਿਸਟੀ ਨਾਲ ਦੇਖਣ ਦੇ ਦੋਸ਼:- ਪਰ ਤ੍ਰਿਅ. ਰੂਪ ਨਿਹਾਰੇ। ਲਾਗੈ ਸੂਤਕੁ. ਰੋਮ ਰੋਮ ਕਉ ਪਿਆਰੇ। ਪਰ ਤ੍ਰਿਅ. ਰੂਪ ਨਿਹਾਰੇ। ਸਤਿ ਪ੍ਰਮੇਸਰ. ਤਿਸ ਕਉ ਮਾਰੇ। ਪਰ ਤ੍ਰਿਅ. ਰੂਪ ਨਿਹਾਰੇ। ਭੋਗੇ ਕਸਟ. ਅਸੰਖ ਅਪਾਰੇ। ਪਰ ਤ੍ਰਿਅ. ਰੂਪ ਨਿਹਾਰੇ। ਨੇਤ੍ਰ ਅਤਿ ਮੈਲ਼ੇ. ਹੋਹਿੰ ਪਿਆਰੇ। ਪਰ ਤ੍ਰਿਅ ਰੂਪ. ਨਿਹਾਰੇ। ਸੁਖ ਨ ਦੇਖੈ; ਸੁਪਨ ਮਝਾਰੇ। ਪਰ ਤ੍ਰਿਅ. ਰੂਪ ਨਿਹਾਰੇ। ਜਮ ਵੱਸ ਪਏ. ਵੱਡ ਜੋਧ ਅਪਾਰੇ। ਪਰ ਤ੍ਰਿਅ. ਰੂਪ ਨਿਹਾਰੇ। ਜਨਮ ਧਰਮ. ਜੂਏ ਹਾਰੇ। ਪਰ ਤ੍ਰਿਅ. ਰੂਪ ਨਿਹਾਰੇ। ਰੋਗ ਸੋਗ ਵਿਜੋਗ. ਤਿਸ ਮਾਰੇ। ਪਰ ਤ੍ਰਿਅ. ਰੂਪ ਨਿਹਾਰੇ। ਕੂਕਰ ਸੂਕਰ. ਮਹਾਂ ਕੂੜਿਆਰੇ। ਪਰ ਤ੍ਰਿਅ. ਰੂਪ ਨਿਹਾਰੇ। ਅਧਮ ਚੰਡਾਲ. ਭੋਗੇ ਨਰਕ ਹਜ਼ਾਰੇ। ਪਰ ਤ੍ਰਿਅ. ਰੂਪ ਨਿਹਾਰੇ। ਹੋਹਿ ਅਪਵਿੱਤ੍ਰ. ਸੁਪਨ ਮਝਾਰੇ। ਪਰ ਤ੍ਰਿਅ ਰੂਪ ਨਿਹਾਰੇ। ਕਾਮ ਓਮਾਹਿ ਕੈ. ਤਿਸ ਕਉ ਮਾਰੇ। ਪਰ ਤ੍ਰਿਅ. ਰੂਪ ਨਿਹਾਰੇ। ਪਾਪੀ ਆਤਮਘਾਤੀ. ਹੈ ਸੰਸਾਰੇ। ਪਰ ਤ੍ਰਿਅ. ਰੂਪ ਨਿਹਾਰੇ। ਜਲਤਾ ਜਲਤਾ. ਜੀਵਨ ਬਾਜ਼ੀ ਹਾਰੇ। ਪਰ ਤ੍ਰਿਅ. ਰੂਪ ਨਿਹਾਰੇ। ਕਾਮੀ ਕ੍ਰੋਧੀ. ਪਾਪਨ ਕੋਟਿ ਉਸਾਰੇ। ਪਰ ਤ੍ਰਿਅ. ਰੂਪ ਨਿਹਾਰੇ। ਪੜਤਾ ਲਹੂ ਪਾਕ. ਨਦੀ ਮਝਾਰੇ। ਪਰ ਤ੍ਰਿਅ. ਰੂਪ ਨਿਹਾਰੇ। ਜਨਮ ਮਰੈ. ਮਰ ਨਰਕ ਸਿਧਾਰੇ। ਪਰ ਤ੍ਰਿਅ. ਰੂਪ ਨਿਹਾਰੇ। ਏਡਜ਼ ਆਦਿ. ਤਿਸ ਮਾਰੇ। ਪਰ ਤ੍ਰਿਅ. ਰੂਪ ਨਿਹਾਰੇ। ਪਾਵੈ ਨਾ ਸੋਭਾ ਹਰਿ ਦੁਆਰੇ।

ਪਰ ਮਰਦ ਰੂਪ ਨਾ ਨਿਹਾਰੇ। ਉਸ ਦੀ ਪੂਜਾ ਹੋਵੇ ਜੁੱਗ ਚਾਰੇ। ਪਰ ਮਰਦ ਰੂਪ ਨਾ ਨਿਹਾਰੇ। ਉਸ ਦੀ ਮਹਿਮਾ ਕਰੇ ਸੂਰਜ ਚੰਦ ਤਾਰੇ। ਪਰ ਮਰਦ ਰੂਪ ਨਾ ਨਿਹਾਰੇ। ਉਸ ਨੂੰ ਖੰਡ ਬ੍ਰਹਮੰਡ ਕਰਦੇ ਨਮਸਕਾਰੇ। ਪਰ ਮਰਦ ਰੂਪ ਨਾ ਨਿਹਾਰੇ। ਉਹ ਗੁਰਮੁਖਿ ਜੀਵੇ ਜੁੱਗ ਚਾਰੇ। ਪਰ ਮਰਦ ਰੂਪ ਨਾ ਨਿਹਾਰੇ। ਦਾਸਨਦਾਸ ਤਿਸ ਤੋਂ ਜਾਵੇ ਬਲਿਹਾਰੇ। ਪਰ ਮਰਦ ਰੂਪ ਨਾ ਨਿਹਾਰੇ। ਜੀਵਨ ਬਾਜ਼ੀ ਕਦੇ ਨਾ ਹਾਰੇ। ਪਰ ਮਰਦ ਰੂਪ ਨਾ ਨਿਹਾਰੇ। ਅੰਮ੍ਰਿਤ ਪੀਵੇ ਲਵੇ ਅਜ਼ਬ ਨਿਜ਼ਾਰੇ। ਪਰ ਮਰਦ ਰੂਪ ਨਾ ਨਿਹਾਰੇ। ਗੁਰ ਪੂਰਾ ਖਿਨ ਖਿਨ ਨਮਸਕਾਰੇ। ਪਰ ਮਰਦ ਰੂਪ ਨਾ ਨਿਹਾਰੇ। ਦੋ ਵੇਲੇ ਜਾਵੇ ਗੁਰਦੁਆਰੇ। ਪਰ ਮਰਦ ਰੂਪ ਨਾ ਨਿਹਾਰੇ ਜੀ। ਪਰ ਮਰਦ ਰੂਪ ਨਾ ਨਿਹਾਰੇ ਜੀ। ਧੰਨ ਗੁਰੂ ਨਾਨਕਦੇਵ ਸਾਹਿਬ ਜੀ, ਧੰਨ ਗੁਰੂ ਨਾਨਕਦੇਵ ਸਾਹਿਬ ਜੀ ਜਪੋ ਜੀ ਗੁਰੂ ਕੇ ਪਿਆਰੇ। (ਦਾਸਨਿ ਦਾਸ)

ਸਾਖੀ ਪਰਮਪੂਜਨੀਕ ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਬ੍ਰਹਮਗਿਆਨੀ ਰੱਬ ਰੂਪ ਭਗਤ ਸੂਰਦਾਸ ਸਾਹਿਬ ਜੀ:- ਭਗਤ ਸੂਰਦਾਸ ਸਾਹਿਬ ਜੀ ਸੰਸਕ੍ਰਿਤ ਫ਼ਾਰਸੀ ਹਿੰਦੀ ਦੇ ਪੂਰਨ ਵਿੱਦਵਾਨ ਸਨ। ਅਕਬਰ ਦੇ ਅਹਿਲਕਾਰ ਵਜੋਂ, ਇਲਾਕੇ ਸੰਦੀਲਾ ਦੇ ਹਾਕਮ ਬਣੇ।

ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥ ਅਨੁਸਾਰ ਆਪ ਜੀ ਨੂੰ ਪੂਰਨ ਦ੍ਰਿੜ ਬੈਰਾਗ ਹੋ ਗਿਆ। ਸਿਧ ਸਾਧਿਕ ਗਿਰਹੀ ਜੋਗੀ; ਤਜਿ ਗਏ ਘਰ ਬਾਰ॥੧॥ ਅਨੁਸਾਰ ਸਭ ਕੁੱਝ ਤਿਆਗ ਕੇ ਬੰਦਗੀ ਕਰਨ ਲੱਗ ਗਏ। ਇੱਕ ਨੇਕ ਸਾਊ ਸ਼ਾਹੂਕਾਰ ਪ੍ਰਵਾਰ ਸਮੇਤ ਦਰਸ਼ਨ ਕਰਨ ਆਉਣ ਲੱਗਾ। ਤਪੇ ਤਪੀਸਰ; ਡੋਲੈ ਚੀਤ॥ ਅਨੁਸਾਰ ਸਾਊ ਸ਼ਾਹੂਕਾਰਨੀ ਦਾ ਰੂਪ ਦੇਖ ਕੇ, ਚਿੱਤ ਡੋਲਣ ਤੋਂ, ਪਚਿ ਪਚਿ ਮੁਏ; ਬਿਖੁ ਦੇਖਿ ਪਤੰਗਾ॥ ਅਨੁਸਾਰ ਪਤੰਗੇ ਵਾਂਗ ਸੜਨ ਲੱਗ ਗਏ। ਅਖੀ ਸੂਤਕੁ. ਵੇਖਣਾ; ਪਰ ਤ੍ਰਿਅ. ਪਰ ਧਨ ਰੂਪੁ॥ ਅਨੁਸਾਰ ਸਾਰੇ ਸ੍ਰੀਰ ਨੂੰ ਅਪਵਿੱਤ੍ਰਤਾਈ ਬੇਚੈਨੀ ਹੋ ਗਈ। ਬੇਦ ਪੜੇ ਪੜਿ. ਪੰਡਿਤ ਮੂਏ; ਰੂਪੁ ਦੇਖਿ ਦੇਖਿ ਨਾਰੀ॥) ਕਾਮੀ ਪੁਰਖ; ਕਾਮਨੀ ਪਿਆਰੀ॥ ਅਨੁਸਾਰ ਸਾਊ ਸ਼ਾਹੂਕਾਰਨੀ ਦਾ ਸਰੂਪ ਦੇਖਣ ਲਈ, ਅਤੀਤ ਬਾਣਾ ਤਿਆਗ ਕੇ, ਲੱਕੜਹਾਰੇ ਦੇ ਭੇਸ 'ਚ ਜੰਗਲ਼ 'ਚੋਂ, ਲੱਕੜਾਂ ਦਾ ਇੱਕ ਭਾਰ ਸ਼ਾਹੂਕਾਰ ਦੇ ਘਰੇ ਨਿੱਤ ਹੀ ਲਿਜਾਂਦੇ। ਲੱਕੜਾਂ ਸੁੱਟ ਕੇ ਬਿਆਕੁਲ ਹਾਲਤ 'ਚ ਖੜ੍ਹੇ, ਸਾਊ ਸ਼ਾਹੂਕਾਰਨੀ ਦੇ ਸਰੂਪ ਵੱਲ ਦੇਖਦੇ ਰਹਿੰਦੇ।

ਸ਼ਾਹੂਕਾਰ ਸ਼ਾਹੂਕਾਰਨੀ ਬੰਦਗੀ ਸਾਧੂ ਸੇਵਾ ਪੁੰਨ ਦਾਨ ਦੇ ਹਿਤਕਾਰੀ ਸਨ। ਪਤੀਬ੍ਰਤਾ ਨੇਕ ਸ਼ਾਹੂਕਾਰਨੀ ਨੇ ਦਿਲ 'ਚ ਬੜਾ ਹੀ ਅਫ਼ਸੋਸ ਕੀਤਾ, ਕਿ ਇਨ੍ਹਾਂ ਦਾ ਮਨ ਡੋਲ ਗਿਆ ਹੈ, ਜੇ ਆਪਣੇ ਪਤੀ ਨੂੰ ਦੱਸਿਆ ਤਾਂ ਇਨ੍ਹਾਂ ਨੂੰ ਮਾਰਨ ਮਰਾਉਣਗੇ। ਇਸ ਲਈ ਚੁੱਪ ਰਹੀ। ਇੱਕ ਸਾਲ ਮਗਰੋਂ ਘਰ 'ਚ ਲੱਕੜਾਂ ਦੇਖ ਕੇ ਸ਼ਾਹੂਕਾਰ ਨੇ ਪੁੱਛਿਆ, "ਇਹ ਲੱਕੜਾਂ ਤੁਸੀਂ ਕਿੱਥੋਂ ਮੰਗਾਉਂਦੇ ਹੋਂ?" ਪਤੀਬ੍ਰਤਾ ਨੇ ਦੋਵੇਂ ਹੱਥ ਜੋੜ ਸਿਰ ਝੁਕਾ ਕੇ, ਪੂਰਨ ਗ੍ਰੀਬੀ ਨਾਲ ਪ੍ਰੇਮ ਬੇਨਤੀ ਕੀਤੀ, "ਜੇਕਰ ਆਪ ਪੂਰਨ ਖਿਮਾ ਕਰੋਂ ਤਾਂ ਦੱਸ ਸਕਦੀ ਹਾਂ। ਇਸ 'ਚ ਪ੍ਰਮਾਤਮਾ ਜੀ ਦੀ ਜਾਮਨੀ ਦੇਵੋ।" ਸ਼ਾਹੂਕਾਰ ਨੂੰ ਪਤੀਬ੍ਰਤਾ 'ਤੇ ਪੂਰਨ ਭਰੋਸਾ ਸੀ। ਕਿਹਾ, "ਠੀਕ ਹੈ, ਦਾਸ ਖਿਮਾ ਹੀ ਕਰੇਗਾ। ਜਿੱਥੇ ਖਿਮਾ ਹੈ, ਉੱਥੇ ਮਹਾਰਾਜ ਜੀ ਵਸਦੇ ਹਨ।" ਯਥਾ:- ਕਬੀਰਾ. ਜਹਾ ਗਿਆਨੁ, ਤਹ ਧਰਮੁ ਹੈ; ਜਹਾ ਝੂਠੁ. ਤਹ ਪਾਪੁ॥ ਜਹਾ ਲੋਭੁ. ਤਹ ਕਾਲੁ ਹੈ; ਜਹਾ ਖਿਮਾ. ਤਹ ਆਪਿ॥੧੫੫॥) ਖਿਮਾ ਸੀਗਾਰੁ. ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥ ਪਤੀਬ੍ਰਤਾ ਨੇ ਸੱਚ ਸੱਚ ਦੱਸ ਦਿਤਾ। ਸੱਚ ਸੁਣ ਕੇ ਸ਼ਾਹੂਕਾਰ ਨੂੰ ਬਹੁਤ ਹੀ ਵੈਰਾਗ ਹੋ ਗਿਆ। "ਇਤਨਾ ਵੱਡਾ ਤਿਆਗੀ ਵੈਰਾਗੀ, ਸੰਸਾਰੀ ਗੰਦ ਲਈ ਇੱਕ ਸਾਲ ਲੱਕੜਾਂ ਢੋਂਦਾ ਰਿਹਾ।" ਇਸ ਤਰ੍ਹਾਂ ਇਹ ਜੀਵ ਅਨੇਕਾਂ ਜੂਨਾਂ 'ਚ ਭ੍ਰਮਦਾ ਕਸ਼ਟ ਭੋਗ ਰਿਹਾ ਹੈ। ਯਥਾ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ. ਰਾਖਿ ਲੇਹੁ; ਆਪਨ ਕਰਿ ਕਰਮ॥

ਦੋਹਾਂ ਨੇ ਸਿਮਰਨ ਕਰਕੇ ਅਰਦਾਸ ਕੀਤੀ। "ਹੇ ਸਰਬ ਵਿਆਪੀ ਅਕਾਲਪੁਰਖੁ ਜੀ! ਸਦਾ ਸਦਾ; ਇਹੁ ਭੂਲਨਹਾਰੁ॥ ਜੀਵ 'ਤੇ ਕ੍ਰਿਪਾ ਕਰੋ, ਜਿਸ ਕਰਕੇ ਉਸ ਦੀ ਮਤਿ ਆਪ ਜੀ ਦੇ ਸਰਬ ਵਿਆਪੀ ਚਰਨਕਮਲਾਂ 'ਚ ਜੁੜੇ।" ਸ਼ਾਹੂਕਾਰ ਸ਼ਾਹੂਕਾਰਨੀ ਦੋਵੇਂ ਖਿਮਾ ਧੀਰਜ ਪਰਉਪਕਾਰ ਵਾਲੇ ਨੇਕ ਸਨ, ਗੁੱਸਾ ਕਰਨ ਦੀ ਬਜਾਏ, ਲੱਜਿਆ ਦੇ ਕੇ ਸਵਾਰਨ ਲਈ, ਭਗਤ ਜੀ ਨੂੰ ਅਪਣੇ ਘਰ ਲੰਗਰ ਛਕਾਉਣ ਲਈ ਬੁਲਾਇਆ। ਸਤਿਕਾਰ ਸਹਿਤ ਭਗਤ ਜੀ ਦੇ ਚਰਨ ਧੋ ਕੇ, ਲੰਗਰ ਛਕਾਇਆ ਤੇ ਕਿਹਾ, "ਹੇ ਭਗਤ ਜੀ! ਘਰ ਵਾਲੀ ਸਮੇਤ ਸਭ ਕੁੱਝ ਸੰਭਾਲੋ, ਆਪ ਜੀ ਅਸਾਡੇ ਪਾਪੀਆਂ ਦੇ ਤਾਰਕ ਹੋਂ, ਮਰਨ ਤੇ ਜਮਾਂ ਦੇ ਕਸ਼ਟ ਤੋਂ ਬਚਾਵੋਂਗੇ। ਦਾਸਨਦਾਸ ਬੰਦਗੀ ਕਰੇਗਾ।"

ਇਹ ਸੁਣ ਕੇ ਭਗਤ ਜੀ ਨੂੰ ਬਹੁਤ ਹੀ ਲੱਜਿਆ ਆਈ। ਧਰਤੀ 'ਚ ਗ਼ਰਕ ਹੋਣ ਲੱਗੇ। ਅਫ਼ਸੋਸ ਲਾਹਣਤ ਹੈ, ਉੱਚਾ ਔਹੁਦਾ ਤਿਆਗ ਕੇ ਦਾਸ ਨੇ ਪਰਾਏ ਇਸਤ੍ਰੀ ਤੱਕੀ ਹੈ, ਜਿਸ ਦੀਆਂ ਇਹ ਸਖ਼ਤ ਸਜ਼ਾਵਾਂ ਲਿਖੀਆਂ ਹਨ:- ਪਰ ਤ੍ਰਿਅ. ਰਾਵਣਿ ਜਾਹਿ; ਸੇਈ ਤਾਲਾਜੀਅਹਿ॥ ਨਿਤਪ੍ਰਤਿ. ਹਿਰਹਿ ਪਰ ਦਰਬੁ; ਛਿਦ੍ਰ ਕਤ ਢਾਕੀਅਹਿ॥ ਸ਼ਾਹੂਕਾਰ ਨੂੰ ਕਿਹਾ, "ਦਾਸ ਨੂੰ ਦੋ ਤੋੜ ਗਰਮ ਕਰਕੇ ਦੇਵੋ।" ਨਾਂਹ ਕਰਨ ਤੋਂ ਕਿਹਾ, "ਦਾਸ ਤੁਹਾਨੂੰ ਸਰਾਪ ਦੇ ਦੇਵੇਗਾ।" ਸਰਾਪ ਤੋਂ ਡਰਦਿਆਂ

ਨੇ ਤੋੜ ਲਿਆ ਕੇ ਦੇ ਦਿਤੇ। ਵੈਰਾਗੀ ਭਗਤ ਜੀ ਨੇ ਆਪਣੀਆਂ ਦੋਹਾਂ ਅੱਖਾਂ'ਚ ਤੋੜ ਮਾਰ ਕੇ ਅੰਨ੍ਹੀਆਂ ਕਰ ਲਈਆਂ, ਕਿ ਇਨ੍ਹਾਂ ਨੇ ਮੇਰੇ ਕੋਲੋਂ ਇੱਕ ਸਾਲ ਲੱਕੜਾਂ ਢੁਆਈਆਂ ਹਨ। ਜੀਵਨ ਨੂੰ ਨਰਕ ਬਣਾਇਆ ਹੈ।

ਨੇਤ੍ਰਹੀਣ ਹੋ ਕੇ ਜੰਗਲ਼ 'ਚ ਜਾ ਕੇ ਵਿਰਾਗ ਸਹਿਤ ਭਗਤੀ ਕਰਨ ਲੱਗੇ। ਆਪ ਜੀ ਨੂੰ ਅਤੀਸਾਰ ਮ੍ਰੋੜੇ (loose motion) ਲੱਗਣ ਤੋਂ ਕੱਪੜੇ ਗੰਦੇ ਹੋ ਗਏ। ਆਪ ਜੀ ਦਾ ਪਿਆਰ ਦੇਖ ਕੇ ਭਗਵਾਨ ਜੀ ਪ੍ਰਗਟ ਹੋਏ, ਭਗਵਾਨ ਜੀ ਨੇ ਆਪ ਜੀ ਦੇ ਸਾਰੇ ਕੱਪੜੇ ਧੋਤੇ ਤੇ ਕਿਹਾ, "ਭਗਤ ਜੀ, ਹੁਣ ਦਾਸਨਦਾਸ ਨੇ ਜਾਣਾ ਹੈ।" ਭਗਤ ਜੀ ਨੇ ਭਗਵਾਨ ਜੀ ਨੂੰ ਅਵਾਜ਼ ਤੋਂ ਪਛਾਣ ਕੇ ਪੂਰਨ ਪ੍ਰੇਮ ਅਦਬ ਸਤਿਕਾਰ ਨਾਲ ਗੁੱਟੋਂ ਫੜ ਲਏ, ਤਾਂ ਭਗਵਾਨ ਜੀ ਨੇ ਗੁੱਟ ਛੁਡਾ ਲਿਆ, ਭਗਤ ਜੀ ਨੇ ਕਿਹਾ, "ਆਪ ਜੀ ਨੇ ਗੁੱਟ ਤਾਂ ਛੁਡਾ ਲਿਆ ਹੈ, ਦਾਸਨਦਾਸ ਦੇ ਮਨ 'ਚੋਂ ਨਿਕਲ ਕੇ ਦਿਖਾਉ।" ਪ੍ਰੇਮ ਦੇ ਵਸੀਕਾਰ ਹੋ ਕੇ ਭਗਵਾਨ ਜੀ ਨੇ ਆਪਣੀਆਂ ਅੱਖਾਂ ਭਗਤ ਜੀ ਨੂੰ ਬਖ਼ਸ਼ ਦਿਤੀਆਂ, ਆਪ ਨੇਤ੍ਰਹੀਣ ਹੋ ਕੇ ਪਾਸ ਬੈਠ ਗਏ ਤੇ ਕਿਹਾ, "ਆਪ ਜੀ ਨੇ ਜੋ ਆਪਣੇ ਨੇਤ੍ਰਾਂ 'ਚ ਤੋੜ ਮਾਰੇ ਹਨ, ਇਹ ਬਹੁਤ ਭਾਰੀ ਗਲਤੀ ਕੀਤੀ ਹੈ, ਇਸ ਲਈ ਜੇ ਆਪ ਜੀ ਅੱਖਾਂ ਰੱਖਣੀਆਂ ਚਾਹੁੰਦੇ ਹੋਂ, ਤਾਂ ਇੱਕ ਜਨਮ ਹੋਰ ਧਾਰਨਾ ਪਵੇਗਾ।" ਅਬ ਕੀ ਬਾਰ. ਬਖਸਿ ਬੰਦੇ ਕਉ; ਬਹੁਰਿ ਨ ਭਉਜਲਿ ਫੇਰਾ॥ ਅਨੁਸਾਰ ਭਗਤ ਜੀ ਨੇ ਕਿਹਾ, "ਦਾਸਨਦਾਸ ਨੂੰ ਇਸੇ ਜਨਮ'ਚ ਹੀ ਬਖ਼ਸ਼ ਲਵੋ ਜੀ। ਨੇਤ੍ਰਹੀਣ ਬੰਦਗੀ ਕਰਾਂਗਾ।"

ਆਪ ਜੀ ਨੇ ਅਜਪਾ ਜਾਪ 'ਚ ਲੀਣ ਹੋ ਕੇ ਖ਼ੂਬ ਬੰਦਗੀ ਕੀਤੀ। ਬੇਅੰਤ ਹੀ ਜੀਆਂ ਨੂੰ ਬੰਦਗੀ 'ਚ ਲਾ ਕੇ ਤਾਰਿਆ। ਸਤਿਗੁਰੂ ਪੰਜਵੇਂ ਪਾਤਿਸ਼ਾਹਜੀ ਦੇ ਪਰਮਪਵਿੱਤ੍ਰ ਚਰਨਕਮਲਾਂ 'ਚ ਲੀਣ ਹੋ ਕੇ, ਛਾਡਿ ਮਨ; ਹਰਿ. ਬਿਮੁਖਨ ਕੋ ਸੰਗੁ॥ ਬਾਣੀ ਉਚਾਰੀ, ਜੋ ਅੰਗ ੧੨੫੩ 'ਤੇ ਹੈ। ਇਹ ਤੁਕ ਉਚਾਰਦਿਆਂ ਹੀ ਅਫ਼ੁਰ ਸਮਾਧੀ 'ਚ ਲੀਣ ਹੋ ਗਏ। ਗੁਰੂ ਪ੍ਰਮੇਸਰ ਜੀ ਦੇ ਦਰਸ਼ਨਾਂ ਦਾ ਐਸਾ ਵਿਸਮਾਦ ਰੰਗ ਬੱਝਾ, ਜਿਸ ਬਾਰੇ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਭਾਰੀ ਪ੍ਰਸੰਨ ਹੋ ਕੇ, ਆਪ ਜੀ ਦੀ ਬਹੁਤ ਭਾਰੀ ਮਹਿਮਾ ਜਸ ਰਸ ਪ੍ਰੇਮ ਭਰਿਆ ਇਹ ਵਿਸਮਾਦ ਰੰਗੀਲਾ ਗੁਰਸ਼ਬਦ ਉਚਾਰਿਆ, ਜਿਸ 'ਚ ਭਗਤ ਜੀ ਦੀ ਨ੍ਰਿਵਿਕਾਰਤਾ, ਅਬਿਨਾਸੀ ਸੁਖ; ਆਪਨ ਆਸਨ॥ ਵਾਹਿਗੁਰੂ ਜੀ 'ਚ ਪੂਰਨ ਵਿਸਮਾਦੀ, ਅਨਦ ਸਹਜ ਧੁਨਿ ਝੋਕ॥ ਸਰਬ ਵਿਆਪੀ ਵਿਸਮਾਦ ਮਗਨਤਾ ਲੀਨਤਾ ਦਾ ਜ਼ਿਕਰ ਹੈ। ਸਾਰੰਗ ਮਹਲਾ ੫. ਸੂਰਦਾਸ. ੧ੴ ਸਤਿਗੁਰ ਪ੍ਰਸਾਦਿ॥ ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ. ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥੧॥ ਰਹਾਉ॥ ਦਰਸਨੁ ਪੇਖਿ. ਭਏ ਨਿਰਬਿਖਈ; ਪਾਏ ਹੈ ਸਗਲੇ ਥੋਕ॥ ਆਨ ਬਸਤੁ ਸਿਉ, ਕਾਜੁ ਨ ਕਛੂਐ; ਸੁੰਦਰ ਬਦਨ ਅਲੋਕ॥੧॥ ਸਿਆਮ ਸੁੰਦਰ ਤਜਿ. ਆਨ ਜੁ ਚਾਹਤ; ਜਿਉ ਕੁਸਟੀ ਤਨਿ ਜੋਕ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ; ਦੀਨੋ ਇਹੁ ਪਰਲੋਕ॥੨॥

**੨੯. ਮਿਥਿਆ ਨੇਤ੍ਰ; ਪੇਖਤ ਪਰ ਤ੍ਰਿਅ ਰੂਪਾਦ॥ ਦੇ ਅਰਥ:-** ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥ ਅਨੁਸਾਰ ਸੁੰਦਰ ਕੁਮਾਰ ਅਵਸਥਾ 'ਚ, ਜਦੋਂ ਇਹ ਸਮਝਦਾ ਹੈ, ਕਿ ਮੈਂ ਹੁਸਨ ਵਾਲਾ ਹਾਂ, ਤਦੋਂ, ਸਦਾ ਸਦਾ ਇਹੁ ਭੂਲਨਹਾਰੁ॥ ਹੋਣ ਕਾਰਨ, ਪਰਾਏ ਰੂਪ ਵਿਕਾਰ ਦ੍ਰਿਸ਼ਟੀ ਨਾਲ ਦੇਖਣ ਲੱਗ ਜਾਂਦਾ ਹੈ। ਪਤੰਗੇ ਦੇ ਲਾਈਟ 'ਤੇ ਸੜਨ ਵਾਂਗ, ਪਰਾਏ ਰੂਪ 'ਤੇ ਸੜਦਾ ਰਹਿੰਦਾ ਹੈ। ਦੇਖਣ ਦੀ ਆਦਤ ਵੱਧਦੀ ਵੱਧਦੀ ਵੱਧਦੀ ਹੀ ਜਾਂਦੀ ਹੈ। ਛਿਵੈ, ਕਾਮੁ ਨ ਪੁਛੈ ਜਾਤਿ॥ ਅਨੁਸਾਰ ਕਾਮ ਦੇ ਵੱਸ ਹੋ ਕੇ, ਸੋ ਹੋਵਤ; ਬਿਸਟਾ ਕਾ ਜੰਤੁ॥ ਅਨੁਸਾਰ ਬਿਸਟਾ ਦਾ ਕੀੜਾ ਬਣ ਜਾਂਦਾ ਹੈ। ਅੱਖਾਂ ਨਾਲ ਪਰਾਇਆ ਰੂਪ ਦੇਖਣਾ ਅਪਵਿੱਤ੍ਰਤਾਈ ਹੈ। ਏਡਜ਼ ਅਨੇਕ ਬਿਮਾਰੀਆਂ ਕਰਕੇ, ਦੁਖੱਲੀ ਰੋਗੀ ਸੋਗੀ

ਜ਼ਿੰਦਗੀ ਭੋਗ ਕੇ, ਜਮ ਵਸਿ ਕੀਆ; ਅੰਧੁ ਦੁਹੇਲਾ॥ ਅਨੁਸਾਰ ਜਮਾਂ ਦੇ ਵੱਸ ਪੈਂਦਾ ਹੈ। ਅਨੰਤ ਬ੍ਰਹਮੰਡ ਦੇ ਪਸਾਰੇ 'ਚ, ਰੰਗਾਂ ਰੰਗਾਂ ਦੀਆਂ ਜੂਨਾਂ 'ਚ ਜੀਵ, ਹਰ ਵੇਲੇ ਰੂਪ ਦੇਖ ਰਹੇ ਹਨ। ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਗੁਰੂ ਜੀ, ਆਪਣੇ ਸਿੱਖ ਨੂੰ ਰੂਪ ਦੇਖਣ ਤੋਂ ਬਚਾਉਣ ਲਈ ਫ਼ੁਰਮਾ ਰਹੇ ਹਨ:- ਦੇਨਹਾਰੁ ਪ੍ਰਭ ਛੋਡਿ ਕੈ; ਲਾਗਹਿ ਆਨ ਸੁਆਇ॥ ਅਨੁਸਾਰ ਹੰਕਾਰੀ ਵਿਕਾਰੀ ਦੇ ਨੇਤ੍ਰ, ਪਰ (ਤ੍ਰਿਅ) ਇਸਤ੍ਰੀ, ਪੁਰਖ ਦਾ (ਰੂਪਾਦ) ਸਰੂਪ ਆਦਿ ਨੰਗੇਜ਼ (ਪੇਖਤ) ਦੇਖਦੇ, (ਮਿਥਿਆ) ਝੂੱਠੇ ਨਾਸਵੰਤ ਕੱਢਣੇ ਜੋਗ ਹਨ। ਯਥਾ:- ਨੈਣ. ਨ ਦੇਖਹਿ ਸਾਧ; ਸਿ ਨੈਣ ਬਿਹਾਲਿਆ॥ ਕਰਨ. ਨ ਸੁਨਹੀ ਨਾਦੁ; ਕਰਨ ਮੁੰਦਿ ਘਾਲਿਆ॥ ਰਸਨਾ. ਜਪੈ ਨ ਨਾਮੁ; ਤਿਲੁ ਤਿਲੁ ਕਰਿ ਕਟੀਐ॥ ਹਰਿਹਾਂ. ਜਬ ਬਿਸਰੈ ਗੋਬਿਦ ਰਾਇ; ਦਿਨੋ ਦਿਨੁ ਘਟੀਐ॥) ਅਖੀ ਪ੍ਰੇਮਿ ਕਸਾਈਆ; ਹਰਿ ਹਰਿ ਨਾਮੁ ਪਿਖੰਨਿ੍॥ ਜੇ ਕਰਿ ਦੂਜਾ ਦੇਖਦੇ; ਜਨ ਨਾਨਕ. ਕਢਿ ਦਿਚੰਨਿ੍॥) ਧ੍ਰਿਗੁ ਸਿਰੁ. ਜੋ ਗੁਰ ਨਾ ਨਿਵੈ; ਗੁਰ ਲਗੈ ਨ ਚਰਣੀ॥ ਧ੍ਰਿਗੁ ਲੋਇਣ. ਗੁਰ ਦਰਸ ਵਿਣੁ; ਵੇਖੈ ਪਰ ਤਰਣੀ॥ ਧ੍ਰਿਗੁ ਸਰਵਣਿ. ਉਪਦੇਸ ਵਿਣੁ; ਸੁਣਿ ਸੁਰਤਿ ਨ ਧਰਣੀ॥ ਧ੍ਰਿਗੁ ਜਿਹਬਾ. ਗੁਰਸਬਦ ਵਿਣੁ; ਹੋਰ ਮੰਤ੍ਰ ਸਿਮਰਣੀ॥ ਵਿਣੁ ਸੇਵਾ. ਧ੍ਰਿਗ ਹਥ ਪੈਰ; ਹੋਰ ਨਿਹਫਲ ਕਰਣੀ॥ ਪੀਰ ਮੁਰੀਦਾਂ ਪਿਰਹੜੀ; ਸੁਖ ਸਤਿਗੁਰ ਸਰਣੀ॥੧੦॥ (ਵਾਰ ੨੭) ਮਃ੧॥ ਮਨ ਕਾ ਸੂਤਕੁ. ਲੋਭੁ ਹੈ; ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ. ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ ਕੰਨੀ ਸੂਤਕੁ. ਕੰਨਿ ਪੈ; ਲਾਇਤਬਾਰੀ ਖਾਹਿ॥ ਨਾਨਕ. ਹੰਸਾ ਆਦਮੀ; ਬਧੇ ਜਮ ਪੁਰਿ ਜਾਹਿ॥੨॥

੩੦. ਅਪਨਾ ਘਰੁ ਮੂਸਤ. ਰਾਖਿ ਨ ਸਾਕਹਿ; ਕੀ ਪਰ ਘਰੁ. ਜੋਹਨ ਲਾਗਾ॥ ਮਨਮੁਖ ਦਾ ਅਪਨਾ ਰਿਦੇ ਰੂਪੀ ਘਰੁ (ਮੂਸਤ) ਲੁੱਟਿਆ ਜਾ ਰਿਹਾ ਹੈ, (ਰਾਖਿ) ਰੱਖ (ਨ) ਨਹੀਂ (ਸਾਕਹਿ) ਸਕਦਾ। ਭਾਵ ਵਿਕਾਰ ਰਿਦੇ 'ਚੋਂ ਅੰਮ੍ਰਿਤ ਲੁੱਟ ਰਹੇ ਹਨ ਤੇ ਮਨਮੁਖ ਇਨ੍ਹਾਂ ਨੂੰ ਰੋਕ ਨਹੀਂ ਸਕਦਾ। ਯਥਾ:- ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ; ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ ਅੰਮ੍ਰਿਤੁ ਲੂਟਹਿ. ਮਨਮੁਖ ਨਹੀ ਬੂਝਹਿ; ਕੋਇ ਨ ਸੁਣੈ. ਪੂਕਾਰਾ॥ (ਕੀ) ਕਿਸ ਲਈ (ਪਰ) ਪਰਾਏ ਘਰੁ (ਜੋਹਨ) ਤੱਕਣ (ਲਾਗਾ) ਲੱਗਾ? ਭਾਵ ਕਿਸ ਲਈ ਪਰਾਏ ਘਰ ਜਾ ਕੇ ਚੋਰੀ ਯਾਰੀ ਕਰਦਾ ਹੈ? ਫਿਰ ਅਮੋਲਕ ਜੀਵਨ ਨੂੰ ਵਿਕਾਰਾਂ 'ਚ ਬਰਬਾਦ ਕਰਕੇ ਨਾਮ ਸਿਮਰਨ ਹੀਨ ਮਨਮੁਖ ਜੀਵਨ ਬਾਜ਼ੀ ਹਾਰ ਜਾਂਦਾ ਹੈ। ਯਥਾ:- ਮਨਮੁਖ ਕਰਮ ਕਰੇ ਅਹੰਕਾਰੀ॥ ਜੂਐ ਜਨਮੁ; ਸਭ ਬਾਜੀ ਹਾਰੀ॥) ਨਾਨਕ. ਨਾਮੁ, ਨ ਚੇਤਈ; ਜੂਐ ਬਾਜੀ ਹਾਰੀ॥੧੪॥

ਘਰੁ ਦਰੁ ਰਾਖਹਿ. ਜੇ ਰਸੁ ਚਾਖਹਿ; ਜੋ ਗੁਰਮੁਖਿ ਸੇਵਕੁ ਲਾਗਾ॥੧॥ ਅਪਣੇ ਰਿਦੇ ਰੂਪੀ ਘਰੁ ਦਰੁ 'ਚ ਅੰਮ੍ਰਿਤ ਰਸ ਨੂੰ ਸਭ ਵਿਕਾਰਾਂ ਅਉਗੁਣਾਂ ਤੋਂ (ਰਾਖਹਿ) ਰੱਖ ਲੈਂਦਾ, (ਜੇ) ਜੇਕਰ ਮਿੱਠਾ ਅੰਮ੍ਰਿਤ ਰਸੁ ਨੂੰ (ਚਾਖਹਿ) ਛਕਦਾ ਹੈ। ਇਹ ਰਸ ਉਸ ਗੁਰਮੁਖਿ (ਸੇਵਕੁ) ਗੁਰਸੇਵਕ ਜੀ ਨੂੰ ਪ੍ਰਾਪਤ ਹੁੰਦਾ ਹੈ, ਜੋ ਵਾਹਿਗੁਰੂ ਜੀ ਦੀ ਸੇਵਾ ਸਿਮਰਨ 'ਚ ਚਾਅ ਨਾਲ (ਲਾਗਾ) ਲੱਗਿਆ ਹੈ ਜੀ॥੧॥

੩੧. ਮਨ ਰੇ; ਕਉਨੁ ਕੁਮਤਿ ਤੈ ਲੀਨੀ॥ (ਰੇ) ਹੇ ਮਨ! (ਤੈ) ਤੂੰ (ਕਉਨੁ) ਕਿਹੜੀ (ਕੁਮਤਿ) ਖੋਟੀ ਦੁਰਮਤਿ (ਲੀਨੀ) ਲਈ ਹੈ?

ਪਰ ਦਾਰਾ ਨਿੰਦਿਆ ਰਸ ਰਚਿਓ; ਰਾਮ ਭਗਤਿ. ਨਹਿ ਕੀਨੀ॥੧॥ਰਹਾਉ॥ (ਪਰ) ਪਰਾਈ (ਦਾਰਾ) ਇਸਤ੍ਰੀ, ਨਿੰਦਿਆ ਦੇ ਝੂਠੇ ਤੁੱਛ ਰਸ 'ਚ (ਰਚਿਓ) ਰਚਿਆ ਹੈਂ। (ਰਾਮ) ਰਮੇ ਹੋਏ ਵਿਆਪਕ ਸੁੰਦਰ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਵਾਹਿਗੁਰੂ ਜੀ ਦੀ ਪ੍ਰੇਮਾ (ਭਗਤਿ) ਭਗਤੀ (ਨਹਿ) ਨਹੀਂ (ਕੀਨੀ) ਕੀਤੀ। (ਰਹਾਉ) ਬਿਸ੍ਰਾਮ ਦੇ ਕੇ ਨਿਹਾਲ ਕਰਦੇ ਹਨ।

੩੨. ਪਤੀ-ਆਨਾ- ਅਨਿਕ ਰੂਪ ਦੇਖਿ; ਨਹ ਪਤੀਆਨਾ॥ (ਅਨਿਕ) ਅਨੇਕ ਪਰਾਇਆ ਰੂਪ ਦੇਖਿ ਕੇ ਭੀ ਮਨਮੁਖ ਦਾ ਮਨ (ਪਤੀਆਨਾ) ਰੱਜਦਾ (ਨਹ) ਨਹੀਂ। ਯਥਾ:- ਕਾਮਵੰਤ ਕਾਮੀ ਬਹੁ ਨਾਰੀ; ਪਰ ਗ੍ਰਿਹ ਜੋਹ. ਨ ਚੂਕੈ॥ ਦਿਨ ਪ੍ਰਤਿ ਕਰੈ. ਕਰੈ ਪਛੁਤਾਪੈ; ਸੋਗ ਲੋਭ ਮਹਿ ਸੂਕੈ॥੩॥ ਸਗੋਂ ਰੂਪ ਦੇਖਣ ਦੀ ਆਦਤ ਵੱਧੀ ਜਾਂਦੀ ਹੈ, ਰੂਪ ਦੇਖ ਦੇਖ ਅੰਨ੍ਹਾ ਹੋ ਜਾਂਦਾ ਹੈ, ਵਿਕਾਰਾਂ 'ਚ ਰਿਦਾ ਤਪਦਾ ਹੈ, ਕਦੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

੩੩. ਸਾਜਨ ਹੋਵਨਿ ਆਪਣੇ; ਕਿਉ ਪਰ ਘਰ ਜਾਹੀ॥ ਹੇ ਪਿਆਰੇ ਜੀਉ! ਜਿਨ੍ਹਾਂ ਗੁਰਮੁਖਾਂ ਦੇ (ਸਾਜਨ) ਪਿਆਰੇ ਮਿੱਤ੍ਰ, ਸੱਚੇ ਕੰਤ ਭਗਵੰਤ ਅਕਾਲਪੁਰਖੁ ਵਾਹਿਗੁਰੂ ਜੀ ਆਪਣੇ (ਹੋਵਨਿ) ਹੋਣ, ਭਾਵ ਸੱਚੇ ਕੰਤ ਭਗਵੰਤ ਜੀ ਪ੍ਰਾਪਤ ਹੋਣ, ਉਹ (ਪਰ) ਪਰਾਏ ਘਰ ਕਿਉ (ਜਾਹੀ) ਜਾਣ? ਭਾਵ ਨਹੀਂ ਜਾਂਦੇ। ਯਥਾ:- ਜਾ ਕੋ ਠਾਕੁਰੁ; ਊਚਾ ਹੋਈ॥ ਸੋ ਜਨੁ; ਪਰ ਘਰ ਜਾਤ. ਨ ਸੋਹੀ॥੧॥ ਪਰ ਘਰ:- ਮੜੀ ਮਸਾਨ ਪਖੰਡੀਆਂ ਕੋਲ਼ ਜਾਣਾ, ਪਰਾਈ ਇਸਤ੍ਰੀ, ਪੁਰਖ ਦੇ ਘਰ ਕੁਸੰਗ ਕਰਨਾ, ਪਰਾਏ ਘਰ ਜਾ ਕੇ ਚੋਰੀ ਕਰਨੀ। ਯਥਾ:- ਚੋਰ ਕੀ ਹਾਮਾ; ਭਰੇ ਨ ਕੋਇ॥ ਚੋਰੁ ਕੀਆ; ਚੰਗਾ ਕਿਉ ਹੋਇ॥੧॥

ਹੇ ਵਾਹਿਗੁਰੂ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਧੰਨ ਧੰਨ ਧੰਨ ਦਸ ਸਤਿਗੁਰੂ ਸਾਹਿਬਾਨ ਜੀ! ਦਾਸਨਦਾਸ ਦੀਆਂ ਡੰਡਉਤਾਂ ਬੰਦਨਾਂ ਨਮਸਕਾਰਾਂ ਪ੍ਰਵਾਨ ਕਰੋ ਜੀ। ਯਥਾ:- ਸਲੋਕੁ॥ ਡੰਡਉਤਿ ਬੰਦਨ ਅਨਿਕ ਬਾਰ; ਸਰਬ ਕਲਾ ਸਮਰਥ॥ ਡੋਲਨ ਤੇ. ਰਾਖਹੁ ਪ੍ਰਭੂ; ਨਾਨਕ. ਦੇ ਕਰਿ ਹਥ॥੧॥ ਗੁਰਪ੍ਰਸਾਦਿ ਪਰ ਘਰ ਜਾਣ ਨਾਲ ਹੋ ਜਾਂਦੀ ਮੌਤ। ਹੇ ਪਿਆਰੇ ਜੀ! ਪਰ ਘਰ ਨਾ ਜਾਉ, ਪੂਰੇ ਗੁਰੂ ਜੀ ਨੂੰ ਕਰੋ ਡੰਡਉਤ।

੩੪. ਪਰ ਘਰਿ; ਚੀਤੁ ਮਨਮੁਖਿ ਡੋਲਾਇ॥ (ਪਰ) ਪਰਾਏ ਘਰਿ ਭਾਵ ਪਰਾਈ ਇਸਤ੍ਰੀਆਂ ਅਥਵਾ ਪੁਰਖਾਂ ਵੱਲ ਦੇਖਣ, ਕੁਸੰਗ ਕਰਨ 'ਚ ਵਿਕਾਰੀ ਮਨਮੁਖਿ ਅਪਣਾ (ਚੀਤੁ) ਚਿੱਤ (ਡੋਲਾਇ) ਡਲਾਉਂਦਾ ਹੈ।

ਗਲਿ ਜੇਵਰੀ; ਧੰਧੈ ਲਪਟਾਇ॥ ਅਉਗੁਣਾਂ ਵਿਕਾਰਾਂ ਦੇ ਬੰਧਨਾਂ ਦੀ ਅਥਵਾ ਜਮਾਂ ਦੀ (ਜੇਵਰੀ) ਫਾਂਸੀ, ਉਸ ਦੇ ਗਲਿ 'ਚ ਪੈਂਦੀ ਹੈ, ਪਵੇਗੀ। ਬਿਅਰਥ (ਧੰਧੈ) ਧੰਧਿਆਂ 'ਚ (ਲਪਟਾਇ) ਫਸਿਆ ਹੈ।

ਗੁਰਮੁਖਿ ਛੂਟਸਿ; ਹਰਿ ਗੁਣ ਗਾਇ॥੫॥ ਗੁਰਮੁਖਿ (ਹਰਿ) ਸੱਚੇ ਕੰਤ ਸੱਚੇ ਵਾਹਿਗੁਰੂ ਜੀ ਦੇ ਗੁਣ ਗਾਇ ਕੇ, ਵਿਕਾਰਾਂ ਅਉਗੁਣਾਂ, ਚੌਰਾਸੀ ਲੱਖ ਜੂਨਾਂ ਦੇ ਬੰਧਨਾਂ ਤੋਂ (ਛੂਟਸਿ) ਛੁੱਟ ਜਾਂਦੇ ਹਨ॥੫॥

੩੫. ਮਨਮੁਖਿ ਭੂਲੈ; ਜਮ ਕੀ ਕਾਣਿ॥ ਮਨਮੁਖਿ ਅਉਗੁਣਾਂ ਵਿਕਾਰਾਂ 'ਚ (ਭੂਲੈ) ਭੁੱਲਦਾ ਹੈ। ਉਸ ਨੂੰ ਜਮ (ਕੀ) ਦੀ (ਕਾਣਿ) ਮੁਥਾਜਗੀ, ਸਜ਼ਾ, ਅਧੀਨ, ਕਾਨ ਕਨੌਠ ਹੈ।

ਪਰ ਘਰੁ ਜੋਹੈ; ਹਾਣੇ ਹਾਣਿ॥ ਉਹ (ਪਰ) ਪਰਾਏ ਘਰੁ ਭਾਵ ਪਰਾਈਆਂ ਇਸਤ੍ਰੀਆਂ ਅਥਵਾ ਪੁਰਖਾਂ ਵੱਲ (ਜੋਹੈ) ਦੇਖਦਾ ਹੈ। ਉਸ ਨੂੰ (ਹਾਣੇ) ਘਾਟੇ ਹੀ (ਹਾਣਿ) ਘਾਟੇ ਹਨ। ਅਥਵਾ ਜਮਾਂ ਦੇ (ਹਾਣੇ) ਘਾਟ 'ਤੇ ਸਜ਼ਾਵਾਂ ਸਹਾਰਦਾ ਹੈ।

੩੬. ਹਰਿ ਜੀਉ ਅੰਤਰਜਾਮੀ ਜਾਨ॥ ਹੇ ਭਾਈ! (ਹਰਿ) ਪ੍ਰਕਾਸ ਸਰੂਪ ਸੁੰਦਰ ਵਿਆਪਕ ਵਾਹਿਗੁਰੂ ਜੀਉ ਨੂੰ (ਅੰਤਰਜਾਮੀ) ਅੰਦਰ ਦੀ ਜਾਨਣ ਵਾਲੇ (ਜਾਨ) ਜਾਨਣਾ ਕਰ। ਯਥਾ:- ਅੰਤਰਜਾਮੀ. ਸੋ ਪ੍ਰਭੁ ਪੂਰਾ॥ ਦਾਨੁ ਦੇਇ. ਸਾਧੂ ਕੀ ਧੂਰਾ॥੧॥ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਅੰਦਰ ਬਾਹਰ ਵਸ ਰਹੇ ਹਨ। ਯਥਾ:-

ਅੰਤਰਿ ਬਸੇ; ਬਾਹਰਿ ਭੀ ਓਹੀ॥ ਨੇੜੇ ਤੋਂ ਨੇੜੇ ਵਿਆਪਕ, ਵੇਖਦੇ ਅਤੇ ਸੁਣਦੇ ਹਨ। ਯਥਾ:- ਸਦ ਸੁਣਦਾ ਸਦ ਵੇਖਦਾ; ਸਬਦਿ ਰਹਿਆ ਭਰਪੂਰਿ॥) ਅੰਤੁ ਨ ਵੇਖਣਿ; ਸੁਣਣਿ ਨ ਅੰਤੁ॥) ਘਟਿ ਘਟਿ ਬ੍ਰਹਮੁ ਪਸਾਰਿਆ ਭਾਈ; ਪੇਖੈ ਸੁਣੈ ਹਜੂਰਿ॥

ਕਰਤ ਬੁਰਾਈ. ਮਾਨੁਖ ਤੇ ਛਪਾਈ; ਸਾਖੀ ਭੂਤ ਪਵਾਨ॥੧॥ਰਹਾਉ॥ ਅੰਧਾ ਮਨਮੁਖ, ਮਾਨੁਖ (ਤੇ) ਤੋਂ (ਛਪਾਈ) ਛੁਪਾ ਕੇ (ਬੁਰਾਈ) ਭੈੜੇ ਕੁਕਰਮ ਔਗੁਣ ਵਿਕਾਰ (ਕਰਤ) ਕਰਦਾ ਹੈ। ਪਰ ਸ੍ਰਬ ਵਿਆਪੀ (ਪਵਾਨ) ਪਵਿੱਤ੍ਰ ਸ਼ੁੱਧ (ਭੂਤ) ਸਰੂਪ ਸੱਚੇ ਕੰਤ ਭਗਵੰਤ ਰਾਮ ਜੀ ਭੂਤ ਕਾਲ ਭਾਵ ਸਾਰੇ ਪਿਛਲੇ ਕੀਤੇ ਕੁਕਰਮ, ਅਤੇ ਹੁਣ ਜੋ ਕੁਕਰਮ ਕਰ ਰਿਹਾ ਹੈ, ਉਸ ਦੇ (ਸਾਖੀ) ਗਵਾਹ, ਜਾਨਣ ਵਾਲੇ ਹਨ॥੧॥ ਯਥਾ:- ਜਾਨਣਹਾਰੁ; ਰਹਿਆ ਪ੍ਰਭੁ ਜਾਨਿ॥ ਤਥਾ:- ਹਟ ਪਟਣ. ਬਿਜਮੰਦਰ ਭੰਨੈ; ਕਰਿ ਚੋਰੀ. ਘਰਿ ਆਵੈ॥ ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ. ਕਹਾ ਛਪਾਵੈ॥੩॥) ਅਨਿਕ ਪੜਦੇ ਮਹਿ; ਕਮਾਵੈ ਵਿਕਾਰ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ॥੩॥ (ਰਹਾਉ) ਬਿਸ੍ਰਾਮ ਦੇ ਕੇ ਨਿਹਾਲ ਕਰਦੇ ਹਨ।

ਸ਼ੁਭ ਵੀਚਾਰ:- ਜਿਸ ਦੇ ਅੰਦਰ ਅਕਾਲਪੁਰਖੁ ਨਿਰਭਉ ਵਾਹਿਗੁਰੂ ਜੀ, ਸਤਿਗੁਰੂ ਸਾਹਿਬ ਜੀ ਅਪਣਾ ਨਿਰਮਲ ਭੈ ਡਰ ਪਾਉਂਦੇ ਹਨ, ਉਸ ਨੂੰ ਬਾਂਹੋਂ ਫੜ ਕੇ ਸਮੂਹ ਅਉਗੁਣਾਂ ਪਾਪਾਂ ਵਿਕਾਰਾਂ, ਕੁਸੰਗਤ ਤੋਂ ਬਚਾਉਂਦੇ ਹਨ ਜੀ। ਐਸੇ ਗੁਰਮੁਖਿ ਹੋਰਨਾਂ ਨੂੰ ਭੀ ਪਾਪਾਂ ਅਉਗੁਣਾਂ ਤੋਂ ਬਚਾਉਂਦੇ ਹਨ, ਕਥਾ ਕੀਰਤਨ ਸੁਣਾਉਂਦੇ ਹਨ ਜੀ। ਪਰ ਇਸਤ੍ਰੀ ਪਰ ਪੁਰਖ ਨਾਲ ਕੁਸੰਗ ਕਰਨ ਤਾਂ ਇੱਕ ਪਾਸੇ ਰਿਹਾ, ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰੂ ਸਾਹਿਬ ਜੀ ਨੇ ਅਪਣਾ ਭੈ ਬਖ਼ਸ਼ਿਆ ਹੈ, ਉਹ ਭੁੱਲ ਕੇ ਬੁਰੀ ਨਿਗ੍ਹਾ ਨਾਲ ਪਰਾਏ ਸਰੂਪ ਵੱਲ ਝਾਕਦੇ ਭੀ ਨਹੀਂ। ਉਹ ਗੁਰਸੇਵਕ ਹਰ ਸਮੇਂ ਸਾਵਧਾਨ ਇਕਾਗਰ ਚਿੱਤ, ਸਭ ਦੀ ਚਰਨ ਧੂੜਿ ਬਣ ਕੇ ਰਹਿੰਦੇ ਹਨ ਜੀ। ਯਥਾ:- ਜਬ ਇਹੁ ਹੂਆ; ਸਗਲ ਕੀ ਰੀਨਾ॥ ਤਾ ਤੇ ਰਮਈਆ; ਘਟਿ ਘਟਿ ਚੀਨਾ॥੧॥ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੂੰ ਅੰਗ ਸੰਗ ਜਾਣਦਿਆਂ, ਸੁਆਸ ਸੁਆਸ ਤੁਰਦਿਆਂ ਫਿਰਦਿਆਂ, ਉਠਦਿਆਂ, ਬੈਠਦਿਆਂ, ਜਾਗਦਿਆਂ, ਸੁੱਤਿਆਂ ਰੋਮ ਰੋਮ ਨਾਲ ਵਾਹਿਗੁਰੂ ਸਿਮਰਨ ਗੁਰਬਾਣੀ ਗਾਉਂਦੇ ਹਨ। ਯਥਾ:- ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ; ਜਨ ਕੈ ਸਦ ਕਾਮ॥੬॥ ਬਿਬੇਕ ਵਿਚਾਰ ਨਾਲ ਕੋਈ ਵਿਕਾਰੀ ਜਾਂ ਬੁਰਾ ਸੰਕਲਪ ਵਿਕਲਪ ਮਨ 'ਚ ਨਹੀਂ ਆਉਣ ਦਿੰਦੇ। ਯਥਾ:- ਪ੍ਰਭ ਕੀ ਉਸਤਤਿ; ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥

ਗੁਰੂ ਨਾਨਕ ਆਮਦ ਨਰਾਇਨ ਸਰੂਪ। ਸਤਿਗੁਰੂ ਨਾਨਕਦੇਵ ਸਾਹਿਬ ਜੀ ਗਉੜੀ ਰਾਗ 'ਚ ਫ਼ੁਰਮਾਉਂਦੇ ਹਨ:-ਭਖੈ ਪੋਲਾ- ਭੈ ਤਨਿ ਅਗਨਿ ਭਖੈ; ਭੈ ਨਾਲਿ॥ (ਤਨਿ) ਸ੍ਰੀਰ 'ਚ (ਭੈ) ਡਰ ਧਾਰਨ ਅਤੇ ਮਨ 'ਚ ਵਾਹਿਗੁਰੂ ਜੀ ਦਾ (ਭੈ) ਡਰ ਧਾਰਨ ਦੇ (ਨਾਲਿ) ਸਾਥ, ਵਾਹਿਗੁਰੂ ਵਾਹਿਗੁਰੂ ਜਪਣ ਰੂਪ (ਅਗਨਿ) ਅਗਨੀ ਨੂੰ, ਨਿਰਗੁਨ ਨਿਰੰਕਾਰ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਦੇ ਪ੍ਰਕਾਸ਼ 'ਚ (ਭਖੈ) ਜਗਮਗਾਉਣਾ ਕਰੇ ਜੀ, ਜਿਵੇਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ;ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥ ਜੀ ਨੂੰ ਵਾਹਿਗੁਰੂ ਸੱਚੇ ਕੰਤ ਸੱਚੇ ਭਗਵੰਤ ਛੇਵੇਂ ਪਾਤਿਸ਼ਾਹ ਜੀ ਦੀ ਪਿਆਰੀ ਮਾਸੀ ਹਰਿਹਾਂ ਜੀ, ਸਹੇਲੀਆਂ ਸਮੇਤ ਸਤਿਗੁਰੂ ਸਾਹਿਬ ਜੀ ਸਾਹਮਣੇ ਬੈਠੇ, ਕਿਹਾ "ਹੇ ਗੁਰਮੁਖਿ ਲਾੜੇ ਜੀ! ਸਾਡੇ ਵੱਲ ਝਾਕ ਕੇ ਹੱਸੋ।" ਮਹਾਰਾਜ ਜੀ ਝਾਕੇ ਨਹੀਂ। ਫੁਨਹੇ ਗੁਰਬਾਣੀ ਜੀ ਉਚਾਰ ਕੇ, ਉਨ੍ਹਾਂ ਦੇ ਵਿਕਾਰ ਮੇਟ ਦਿਤੇ, ਨਿਹਾਲ ਕਰ ਦਿਤੀਆਂ। ਤਿਵੇਂ ਸਭ ਦੇ ਕੰਤ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਮਹੱਲੇ ਪਹਿਲੇ ਜੀ ਨੇ ਗੁਰਮੁਖਿ ਰਾਜੇ ਸ਼ਿਵਨਾਭ ਜੀ ਦੀਆਂ ਪਦਮਣੀਆਂ ਨੂੰ ਧੁਰ ਕੀ ਗੁਰਬਾਣੀ ਜੀ ਦਾ ਰਸ ਭਿੰਨਾ ਕੀਰਤਨ ਸੁਣਾਇਆ, ਤੇ ਪੁੱਤ੍ਰੀਆਂ ਕਿਹਾ

ਜੀ ਰਾਮ ਜੀ। ਯਥਾ:- ਗਾਛਹੁ ਪੁਤ੍ਰੀ. ਰਾਜ ਕੁਆਰਿ॥ ਨਾਮੁ ਭਣਹੁ ਸਚੁ; ਦੋਤੁ ਸਵਾਰਿ॥ ਮਹਾਰਾਜ ਜੀ ਨੂੰ ਪਰਖਣ ਆਈਆਂ ਸਨ। ਅਥਵਾ ਭੈ ਨਾਲਿ ਤਨਿ 'ਚ ਭੈ ਰੂਪੀ ਅਗਨਿ ਬਲ਼ਦੀ ਹੈ ਜੋ ਤਨਿ 'ਚੋਂ ਔਗੁਣਾਂ ਨੂੰ ਸਾੜ ਦਿੰਦੀ ਹੈ।

ਭੈ ਭਉ ਘੜੀਐ; ਸਬਦਿ ਸਵਾਰਿ॥ ਮਨ ਕਰਕੇ ਭੈ, ਤਨ ਰੋਮ ਰੋਮ ਕਰਕੇ (ਭਉ) ਭੈ ਧਾਰ ਕੇ ਗੁਰਮੁਖਿ ਜੀਵਨ (ਘੜੀਐ) ਘੜਿਆ ਜਾਂਦਾ ਹੈ। (ਸਬਦਿ) ਸੱਚੇ ਬ੍ਰਹਮ ਜੀ ਅਥਵਾ (ਸਬਦਿ) ਅੰਮ੍ਰਿਤ ਗੁਰਬਾਣੀ ਜੀ ਜਨਮ ਸਵਾਰਿ ਦਿੰਦੇ ਹਨ।

੩੭. ਭੈਰਉ ਮਹਲਾ ੫॥ ਨਿਕਟਿ ਬੁਝੈ; ਸੋ ਬੁਰਾ. ਕਿਉ ਕਰੈ॥ ਸੱਚੇ ਕੰਤ ਭਗਵੰਤ ਵਾਹਿਗੁਰੂ (ਮਹਲਾ ੫) ;ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥ ਜੀ ਹੁਣ ਸਤਿਗੁਰੂ ਗ੍ਰੰਥ ਸਾਹਿਬ ਜੀ ਭੈਰਉ ਰਾਗ 'ਚ ਉਪਦੇਸ਼ ਬਖ਼ਸ਼ਦੇ ਹਨ, ਕਿ ਸ੍ਰਬ ਵਿਆਪੀ ਵਾਹਿਗੁਰੂ ਜੀ ਨੂੰ ਸੁਨਤ ਪੇਖਤ ਸੰਗਿ ਸਭ ਕੈ; ਪ੍ਰਭ ਨੇਰਹੂ ਤੇ ਨੇਰੇ॥ ਅਨੁਸਾਰ ਹਾਜ਼ਰ ਨਾਜ਼ਰ ਜਾਣ ਕੇ, ਬੁਰਿਆਈ, ਕੁਕਰਮ ਤੋਂ ਬਚਣਾ ਹੁੰਦਾ ਹੈ ਅਤੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ:-

ਨਿਕਟਿ ਬੁਝੈ; ਸੋ ਬੁਰਾ. ਕਿਉ ਕਰੈ॥ ਗੁਰਮੁਖਿ ਜਨ ਸ੍ਰਬ ਵਿਆਪੀ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਨੂੰ (ਨਿਕਟਿ) ਨੇੜੇ ਕਰਕੇ (ਬੁਝੈ) ਬੁੱਝਦੇ ਹਨ, (ਸੋ) ਉਹ ਬੁਰਾ ਕਿਉ (ਕਰੈ) ਕਰਨਗੇ? ਭਾਵ ਨਹੀਂ ਕਰਦੇ ਜੀ।

ਬਿਖੁ ਸੰਚੈ; ਨਿਤ ਡਰਤਾ ਫਿਰੈ॥ ਜੋ ਮਨਮੁਖ ਵਿਕਾਰਾਂ ਔਗੁਣਾਂ ਪਾਪਾਂ ਦੀ (ਬਿਖੁ) ਜ਼ਹਿਰ (ਸੰਚੈ) ਇਕਤ੍ਰ ਕਰਦਾ ਹੈ। ਉਹ ਨਿਤ (ਡਰਤਾ) ਡਰਦਾ (ਫਿਰੈ) ਫਿਰਦਾ ਹੈ। ਯਥਾ:- ਹਰਿ ਵੇਖੈ ਸੁਣੈ ਨਿਤ ਸਭੁ ਕਿਛੁ, ਮੇਰੀ ਜਿੰਦੁੜੀਏ; ਸੋ ਡਰੈ ਜਿਨਿ ਪਾਪ ਕਮਤੇ ਰਾਮ॥ ਜਿਸੁ ਅੰਤਰੁ ਹਿਰਦਾ ਸੁਧੁ ਹੈ, ਮੇਰੀ ਜਿੰਦੁੜੀਏ; ਤਿਨਿ ਜਨਿ. ਸਭਿ ਡਰ ਸੁਟਿ ਘਤੇ ਰਾਮ॥) ਜੋ ਕੀਚੈ ਸੋ ਹਰਿ ਜਾਣਦਾ; ਮੇਰੇ ਮਨ. ਹਰਿ ਚੇਤੁ॥ ਸੋ ਡਰੈ. ਜਿ ਪਾਪ ਕਮਾਵਦਾ; ਧਰਮੀ ਵਿਗਸੇਤੁ॥

ਹੈ ਨਿਕਟੇ; ਅਰੁ ਭੇਦੁ. ਨ ਪਾਇਆ॥ ਸ੍ਰਬ ਵਿਆਪੀ ਵਾਹਿਗੁਰੂ ਜੀ ਸਾਰਿਆਂ ਦੇ (ਨਿਕਟੇ) ਨੇੜੇ (ਹੈ) ਹਨ। (ਅਰੁ) ਅਤੇ ਮਨਮੁਖ ਨੇ ਇਹ ਭੇਦੁ (ਨ) ਨਹੀਂ ਪਾਇਆ। ਯਥਾ:- ਤੂ ਭਰਪੂਰਿ; ਜਾਨਿਆ ਮੈ. ਦੂਰਿ॥ ਜੋ ਕਛੁ ਕਰੀ; ਸੁ ਤੇਰੈ ਹਦੂਰਿ॥

ਬਿਨੁ ਸਤਿਗੁਰ; ਸਭ ਮੋਹੀ ਮਾਇਆ॥੧॥ ਸੱਚੇ ਪੂਰੇ ਸੂਰੇ ਸਤਿਗੁਰ ਸਾਹਿਬ ਜੀ ਦੀ ਸੱਚੀ ਸਰਨ ਪਏ, ਗੁਰਮਤਿ ਧਾਰਨ ਤੋਂ (ਬਿਨੁ) ਬਿਨਾ (ਸਭ) ਸਾਰੀ ਰਚਨਾ ਮਾਇਆ ਦੀ ਮੋਹੀ ਹੋਈ ਹੈ॥੧॥ ਯਥਾ:- ਮਾਇਆ ਮੋਹੇ; ਦੇਵੀ ਸਭਿ ਦੇਵਾ॥ ਕਾਲੁ ਨ ਛੋਡੈ; ਬਿਨੁ. ਗੁਰ ਕੀ ਸੇਵਾ॥

ਨੇੜੈ ਨੇੜੈ; ਸਭੁ ਕੋ ਕਹੈ॥ ਸਭੁ (ਕੋ) ਕੋਈ ਸ੍ਰਬ ਵਿਆਪੀ ਵਾਹਿਗੁਰੂ ਜੀ ਨੂੰ ਨੇੜੈ ਨੇੜੈ (ਕਹੈ) ਕਹਿ ਰਹੇ ਹਨ।

ਗੁਰਮੁਖਿ ਭੇਦੁ; ਵਿਰਲਾ ਕੋ ਲਹੈ॥੧॥ਰਹਾਉ॥ ਪਰ ਅਸਲ 'ਚ (ਗੁਰਮੁਖਿ) ਮੁਖੀ ਗੁਰੂ ਸਾਹਿਬ ਜੀ ਦੁਆਰਾ (ਕੋ) ਕੋਈ ਵਿਰਲਾ ਗੁਰਮੁਖਿ ਭੇਦੁ (ਲਹੈ) ਪ੍ਰਾਪਤ ਕਰਦਾ ਹੈ॥੧॥ ਯਥਾ:- ਗੁਰਿ ਪੂਰੈ. ਹਰਿ ਨਾਲਿ ਦਿਖਾਲਿਆ; ਹਉ. ਸਤਿਗੁਰ ਵਿਟਹੁ ਸਦ ਵਾਰਿਆ ਜੀਉ॥੨॥ (ਰਹਾਉ) ਬਿਸ੍ਰਾਮ ਦੇ ਕੇ ਨਿਹਾਲ ਕਰਦੇ ਹਨ:-

ਨਿਕਟਿ. ਨ ਦੇਖੈ; ਪਰ ਗ੍ਰਿਹਿ ਜਾਇ॥ ਮਨਮੁਖ, ਸ੍ਰਬ ਵਿਆਪੀ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਵਾਹਿਗੁਰੂ ਜੀ ਨੂੰ (ਨਿਕਟਿ) ਨੇੜੇ (ਨ) ਨਹੀਂ (ਦੇਖੈ) ਦੇਖਦਾ, (ਪਰ) ਪਰਾਏ (ਗ੍ਰਿਹਿ) ਘਰ (ਜਾਇ) ਜਾਂਦਾ ਹੈ।

ਦਰਬੁ ਹਿਰੈ; ਮਿਥਿਆ ਕਰਿ ਖਾਇ॥ (ਮਿਥਿਆ) ਝੂੱਠ ਕਮਾ ਕੇ, ਭਾਵ ਠੱਗੀਆਂ ਮਾਰ ਕੇ (ਦਰਬੁ) ਧਨ ਪਦਾਰਥ ਮਾਇਆ (ਹਿਰੈ) ਚੁਰਾ (ਕਰਿ) ਕਰਕੇ (ਖਾਇ) ਖਾਂਦਾ ਹੈ। ਯਥਾ:- ਹਿਰਹਿ ਪਰ ਦਰਬੁ; ਉਦਰ ਕੈ ਤਾਈ॥

ਪਈ ਠਗਉਰੀ; ਹਰਿ ਸੰਗਿ. ਨ ਜਾਨਿਆ॥ ਮਾਇਆ ਦੀ (ਠਗਉਰੀ) ਠੱਗੀ ਮਨਮੁਖ 'ਤੇ ਪਈ ਹੈ, ਜਿਸ ਕਰਕੇ (ਹਰਿ) ਸ੍ਰਬ ਵਿਆਪੀ ਵਾਹਿਗੁਰੂ ਜੀ ਅੰਗ ਸੰਗਿ (ਨ) ਨਹੀਂ (ਜਾਨਿਆ) ਜਾਣੇ।

ਬਾਝੁ ਗੁਰੂ; ਹੈ ਭਰਮਿ ਭੁਲਾਨਿਆ॥੨॥ ਗੁਰੂ ਸਾਹਿਬ ਜੀ ਤੋਂ (ਬਾਝੁ) ਬਿਨਾ, ਨਿਗੁਰਾ ਜੀਵ ਭਰਮਿ 'ਚ (ਭੁਲਾਨਿਆ) ਭੁੱਲਿਆ ਹੈ॥੨॥

ਨਿਕਟਿ. ਨ ਜਾਨੈ; ਬੋਲੈ ਕੂੜੁ॥ ਮਨਮੁਖ, ਸ੍ਰਬ ਵਿਆਪੀ ਵਾਹਿਗੁਰੂ ਜੀ ਨੂੰ (ਨਿਕਟਿ) ਨੇੜੇ (ਨ) ਨਹੀਂ (ਜਾਨੈ) ਜਾਣਦਾ। (ਕੂੜੁ) ਝੂਠ (ਬੋਲੈ) ਬੋਲਦਾ, ਮੁਰਦਾਰ ਖਾਂਦਾ ਹੈ ਜੀ। ਯਥਾ:- ਕੂੜੁ ਬੋਲਿ. ਮੁਰਦਾਰੁ ਖਾਇ॥ ਤਥਾ- ਕੁਫਰ ਗੋਅ. ਕੁਫਰਾਣੈ; ਪਇਆ ਦਝਸੀ॥

ਮਾਇਆ ਮੋਹਿ; ਮੂਠਾ ਹੈ ਮੂੜੁ॥ (ਮੂੜੁ) ਮੂਰਖ ਮਾਇਆ ਦੇ ਮੋਹਿ 'ਚ (ਮੂਠਾ) ਲੁੱਟਿਆ ਹੈ ਜੀ।

ਅੰਤਰਿ ਵਸਤੁ; ਦਿਸੰਤਰਿ ਜਾਇ॥ ਸੱਚੇ ਪਤੀ ਵਾਹਿਗੁਰੂ ਜੀ, ਸੱਚੇ ਵਾਹਿਗੁਰੂ ਜੀ ਦਾ ਮਹਾਂ ਵਿਸਮਾਦ ਸੱਚਾ ਮਿੱਠਾ ਅੰਮ੍ਰਿਤ ਰਸ ਰੂਪੀ (ਵਸਤੁ) ਵਸਤੂ (ਅੰਤਰਿ) ਅੰਦਰ ਹੈ, ਪਰ ਮਨਮੁਖ ਬਾਹਰ (ਦਿਸੰਤਰਿ) ਦੇਸ਼ਾਂ 'ਚ ਲੱਭਣ (ਜਾਇ) ਜਾਂਦਾ ਹੈ। ਯਥਾ:- ਫਰੀਦਾ. ਜੰਗਲੁ ਜੰਗਲੁ ਕਿਆ ਭਵਹਿ; ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ; ਜੰਗਲੁ ਕਿਆ ਢੂਢੇਹਿ॥੧੯॥) ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ; ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ. ਨ ਜਾਣੈ; ਭ੍ਰਮਦਾ ਭਰਮਿ ਭੁਲਾਇਆ॥) ਅੰਤਰਿ ਵਾਸੁ. ਬਹੁਤੁ ਮੁਸਕਾਈ; ਭ੍ਰਮਿ ਭੂਲਾ, ਮਿਰਗੁ ਸਿੰਙ੍ਹਾਰੇ॥ ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ; ਗੁਰਿ ਪੂਰੈ ਘਰਿ ਨਿਸਤਾਰੇ॥੪॥

ਬਾਝੁ ਗੁਰੂ; ਹੈ ਭਰਮਿ ਭੁਲਾਇ॥੩॥ ਗੁਰੂ ਸਾਹਿਬ ਜੀ ਤੋਂ (ਬਾਝੁ) ਬਿਨਾ, ਭਰਮਿ ਨੇ ਮਨਮੁਖ ਨੂੰ (ਭੁਲਾਇ) ਭੁਲਾ ਦਿਤੇ (ਹੈ) ਹਨ ਜੀ॥੩॥ ਯਥਾ:- ਖਸਮੁ ਛੋਡਿ ਦੂਜੈ ਲਗੇ; ਡੁਬੇ ਸੇ ਵਣਜਾਰਿਆ॥

ਜਿਸੁ ਮਸਤਕਿ ਕਰਮੁ ਲਿਖਿਆ; ਲਿਲਾਟ॥ ਜਿਸੁ ਦੇ (ਲਿਲਾਟ) ਮੱਥੇ 'ਤੇ (ਮਸਤਕਿ) ਸ਼੍ਰੋਮਣੀ (ਕਰਮੁ) ਬਖ਼ਸ਼ਿਸ਼ ਦਾ ਲੇਖ ਲਿਖਿਆ ਹੈ ਜੀ।

ਸਤਿਗੁਰੁ ਸੇਵੇ; ਖੁਲ੍ਹੇ ਕਪਾਟ॥ ਸੱਚੇ ਅਬਿਨਾਸੀ ਸਤਿਗੁਰੁ ਸਾਹਿਬ ਜੀ ਨੂੰ (ਸੇਵੇ) ਯਾਦ ਅਤੇ (ਸੇਵੇ) ਸੇਵਾ ਕਰਕੇ, ਉਸ ਪ੍ਰੇਮੀ ਦੇ (ਕਪਾਟ) ਕਪਟ ਦੇ ਤਖ਼ਤੇ (ਖੁਲ੍ਹੇ) ਖੁੱਲ ਗਏ।

ਅੰਤਰਿ ਬਾਹਰਿ ਨਿਕਟੇ ਸੋਇ॥ ਉਸ ਗੁਰਮੁਖਿ ਗੁਰਸੇਵਕ ਜੀ ਨੇ (ਅੰਤਰਿ) ਅੰਦਰ ਬਾਹਰਿ (ਸੋਇ) ਉਹ ਸੱਚੇ ਕੰਤ ਭਗਵੰਤ ਵਾਹਿਗੁਰੂ ਜੀ (ਸੋਇ) ਸੋਭਾ ਸਹਿਤ (ਨਿਕਟੇ) ਨੇੜੇ ਜਾਣ ਲਏ ਜੀ। ਯਥਾ:- ਨਾਨਕ. ਗੁਰਮੁਖਿ ਵੇਖੈ ਹਦੂਰਿ॥

ਜਨ ਨਾਨਕ; ਆਵੈ ਨ ਜਾਵੈ ਕੋਇ॥੪॥੩॥੧੬॥ (ਨਾਨਕ) ਬ੍ਰਹਮ ਸਰੂਪ ਸੱਚ ਸਰੂਪ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਉਸ (ਜਨ) ਪਿਆਰੇ ਗੁਰਮੁਖਿ ਦੀ ਗੁਰਪ੍ਰਸਾਦਿ ਐਸੀ ਸੱਚੀ ਗੁਰਮੁਖਿ ਬ੍ਰਹਮ ਦ੍ਰਿਸਟੀ ਬਣ ਗਈ, ਜਿਸ 'ਚ (ਕੋਇ) ਕੋਈ ਭੀ (ਆਵੈ) ਆਉਂਦਾ (ਜਾਵੈ) ਜਾਂਦਾ (ਨ) ਨਹੀਂ, ਸਭ ਵਾਹਿਗੁਰੂ ਜੀ ਦੀ ਰਚੀ ਖੇਲ ਪਛਾਣਦਾ ਹੈ॥੪॥੩॥੧੬॥ ਯਥਾ:- ਨਾ ਕੋ ਆਵੈ. ਨਾ ਕੋ ਜਾਵੈ; ਗੁਰਿ. ਦੂਰਿ ਕੀਆ ਭਰਮੀਜਾ ਹੇ॥੧੪॥ ਤਥਾ:- ਨਾ ਕਿਛੁ ਆਵਤ. ਨਾ ਕਿਛੁ ਜਾਵਤ; ਸਭੁ ਖੇਲੁ ਕੀਓ ਹਰਿ ਰਾਇਓ॥

੩੮. ਪੇਖੈ ਬੋਲੈ ਸੁਣੈ; ਸਭੁ ਆਪਿ॥ ਸਤਿਗੁਰੂ ਅਰਜਨਦੇਵ ਸਾਹਿਬ ਜੀ ਨਿਰਗੁਨ ਸਰਗੁਨ ਦੀ ਏਕਤਾ ਅਭੇਦਤਾ ਸਾਖਿਆਤਤਾ ਕਰਕੇ ਫ਼ੁਰਮਾਉਂਦੇ ਹਨ:- ਸ੍ਰੀ ਗੋਪਾਲ ਅਕਾਲਪੁਰਖੁ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਨਿਰਗੁਨੁ ਆਪਿ; ਸਰਗੁਨੁ ਭੀ ਓਹੀ॥ ਸ੍ਰਬ ਵਿਆਪੀ ਬ੍ਰਹਮ ਨਿਰਗੁਨ ਪ੍ਰਕਾਸ਼ ਦੁਆਰਾ ਆਪਿ ਹੀ ਅਪਣੇ ਗੁਰਸਿੱਖਾਂ ਦੇ ਰਿਦੇ 'ਚ ਵਸ ਕੇ ਸਭੁ ਕੁੱਝ ਸ੍ਰਬ ਵਿਆਪੀ ਬ੍ਰਹਮ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਜੀ (ਪੇਖੈ) ਦੇਖਦੇ ਹਨ ਜੀ। ਅਜਪਾ ਜਾਪ ਨਾਮ ਗੁਰਬਾਣੀ (ਬੋਲੈ) ਬੋਲਦੇ, ਅਜਪਾ ਜਾਪ ਅਨਹਦ ਧੁਨਿ (ਸੁਣੈ) ਸੁਣਦੇ ਹਨ ਜੀ।

ਸਦਾ ਸੰਗਿ; ਤਾ ਕਉ ਮਨ ਜਾਪਿ॥ ਹੇ ਮਨ! ਸ੍ਰਬ ਵਿਆਪੀ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਸਦਾ ਅੰਗ ਸੰਗਿ ਹਨ। (ਤਾ) ਤਿਨ੍ਹਾਂ ਦੀ ਆਗਿਆਕਾਰੀ ਬਹੂ ਬਣ ਕੇ, ਤਿਨ੍ਹਾਂ (ਕਉ) ਨੂੰ ਰੋਮ ਰੋਮ ਦੇ ਪਿਆਰ ਨਾਲ ਰੋਮ ਰੋਮ ਦੀ ਰਸਨਾ ਨਾਲ ਸੁਆਸ ਸੁਆਸ ਰਾਤ ਦਿਨੇ (ਜਾਪਿ) ਜਪਣਾ ਜਪਾਉਣਾ, ਗਾਉਣਾ, ਧਿਆਉਣਾ, ਸੁਨਣਾ ਸੁਨਾਉਣਾ ਕਰ। ਯਥਾ:- ਅੰਤਰਿ ਗੁਰੁ ਆਰਾਧਣਾ; ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ; ਸ੍ਰਵਣੀ ਸੁਨਣਾ ਗੁਰ ਨਾਉ॥) ਸਾਸ ਸਾਸ ਤੇਰੇ ਗੁਣ ਗਾਵਾ; ਓਟ ਨਾਨਕ ਗੁਰ ਚਰਣਾ ਜੀਉ॥੪॥੧੨॥੧੯॥ ਤਥਾ:- ਵਿਸਰੁ ਨਾਹੀ. ਦਾਤਾਰ; ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ; ਨਾਨਕ ਚਾਉ ਏਹੁ॥੮॥੨॥੫॥੧੬॥) ਕਹਤ ਕਬੀਰ; ਬਹੂ ਤਬ ਜੀਤੈ॥ ਹਰਿ ਗੁਨ ਗਾਵਤ; ਜਨਮੁ ਬਿਤੀਤੈ॥੪॥੧॥੩੪॥

ਸੰਤ ਪ੍ਰਸਾਦਿ; ਭਇਓ ਪਰਗਾਸੁ॥ ਪੂਰਿ ਰਹੇ; ਏਕੈ ਗੁਣਤਾਸੁ॥੩॥ (ਸੰਤ) ਪਰਮਪੂਜਨੀਕ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਮਹਾਂ ਵਿਸਮਾਦ (ਪ੍ਰਸਾਦਿ) ਕ੍ਰਿਪਾ ਨਾਲ ਦਾਸਨਦਾਸ ਦੇ ਅੰਦਰ ਬਾਹਰ ਬਿਅੰਤ ਬ੍ਰਹਮੰਡ ਦੀ ਰਚਨਾ 'ਚ ਸਭ ਥਾਂ (ਪੂਰਿ) ਪੂਰਨ, ਭਰਪੂਰ ਹੋ ਰਹੇ (ਏਕੈ) ਇੱਕ ਦ੍ਵੈਤ ਰਹਿਤ (ਗੁਣਤਾਸੁ) ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ ਜੀ ਦਾ (ਪਰਗਾਸੁ) ਚਾਨਣ ਹੀ ਚਾਨਣ (ਭਇਓ) ਹੋ ਗਿਆ ਜੀ॥੩॥ ਯਥਾ:- ਤੁਮ ਪੂਰਨ. ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥

੩੯. ਘਰੁ ਦਰੁ ਛੋਡੇ ਆਪਣਾ; ਪਰ ਘਰਿ ਝੂਠਾ ਜਾਈ॥ ਸੱਚੇ ਸਤਿਗੁਰੂ ਸਾਹਿਬ ਜੀ ਦੀ ਸਤਸੰਗਤ ਰੂਪੀ ਅਥਵਾ ਆਪਣਾ ਪ੍ਰਤੱਖ ਘਰੁ ਦਰੁ (ਛੋਡੇ) ਛੱਡ ਕੇ, ਝੂਠਾ ਮਨਮੁਖ (ਪਰ) ਪਰਾਏ ਘਰਿ (ਜਾਈ) ਜਾਂਦਾ ਹੈ ਜੀ।

ਚੋਟਾਂ- ਚੋਰੈ ਵਾਂਗੂ ਪਕੜੀਐ; ਬਿਨੁ ਨਾਵੈ. ਚੋਟਾ ਖਾਈ॥੬॥ ਉਹ ਚੋਰੈ (ਵਾਂਗੂ) ਵਾਂਗ (ਪਕੜੀਐ) ਪਕੜਿਆ ਜਾਂਦਾ ਹੈ। ਅੰਮ੍ਰਿਤ ਅਮੋਲਕ (ਨਾਵੈ) ਨਾਮ ਜੀ ਤੋਂ (ਬਿਨੁ) ਬਿਨਾ, ਪ੍ਰਲੋਕ 'ਚ ਜਮਾਂ ਤੋਂ ਚੋਟਾ (ਖਾਈ) ਖਾਂਦਾ ਹੈ॥੬॥ ਯਥਾ:- ਮਨਮੁਖਿ. ਸੋਝੀ ਨਾ ਪਵੈ; ਵੀਛੁੜਿ ਚੋਟਾ ਖਾਇ॥) ਜਮ ਮਗਿ ਬਾਧਾ, ਖਾਹਿ ਚੋਟਾ; ਸਬਦ ਬਿਨੁ. ਬੇਤਾਲਿਆ॥

੪੦. ਦਿਸਟਿ ਬਿਕਾਰੀ ਬੰਧਨਿ ਬਾਂਧੈ; ਹਉ ਤਿਸ ਕੈ ਬਲਿ ਜਾਈ॥ ਜਿਹੜਾ ਗੁਰਮੁਖਿ ਜਨ (ਬਿਕਾਰੀ) ਵਿਕਾਰ (ਦਿਸਟਿ) ਦ੍ਰਿਸ਼ਟੀ, ਹੰਗਤਾ ਮਮਤਾ ਦੇ (ਬੰਧਨਿ) ਬੰਧਨਾਂ ਨੂੰ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਜੀ ਦੇ ਸੱਚੇ ਨਾਮ ਦੇ ਸੰਗਲ ਨਾਲ (ਬਾਂਧੈ) ਬੰਨ੍ਹ ਲੈਂਦਾ ਹੈ ਜੀ। ਭਾਵ ਨੇਤ੍ਰ ਸੰਤੋਖੇ; ਏਕ ਲਿਵਤਾਰਾ॥) ਅਖੀ ਸੰਤੋਖੀਆ. ਏਕ ਲਿਵ ਲਾਇ॥) ਨੇਤ੍ਰ ਸੰਤੋਖੇ; ਦਰਸੁ ਪੇਖਿ॥ ਅਪਣੇ ਅੱਖਾਂ ਨੂੰ ਵਿਸ਼ਿਆਂ ਤੋਂ ਸੰਤੋਖ ਕੇ, ਕਦੇ ਭੁੱਲ ਕੇ ਭੀ ਪਰਾਇਆ ਰੂਪ ਨਹੀਂ ਦੇਖਦਾ, ੧ਓ ਸੱਚੇ ਬ੍ਰਹਮ ਜੀ 'ਚ ਲਿਵ ਲਾ ਕੇ, ਸਭ ਕੁੱਝ ਵਡ ਸਮਰਥੁ; ਸਦਾ ਦਾਤਾਰਾ॥ ਸੱਚੇ ਵਾਹਿਗੁਰੂ ਜੀ ਦੀ ਦਾਤ ਸਮਝ ਕੇ, ਸਮੂਹ ਔਗੁਣਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਰਹਿੰਦਾ ਹੈ ਜੀ। ਯਥਾ:- ਸਗਲ ਸੰਗਿ; ਆਤਮ ਉਦਾਸੁ॥

ਐਸੀ ਜੁਗਤਿ; ਨਾਨਕ ਰਾਮਦਾਸੁ॥੬॥ (ਹਉ) ਦਾਸਨਦਾਸ ਤਿਸ ਪਿਆਰੇ (ਕੈ) ਤੋਂ ਮਨ ਬਾਣੀ ਸ੍ਰੀਰ ਰੋਮ ਰੋਮ ਕਰਕੇ (ਬਲਿ) ਬਲਿਹਾਰ ਕੁਰਬਾਨ (ਜਾਈ) ਜਾਂਦਾ ਹੈ ਜੀ।

ਪਾਪ ਪੁੰਨ ਕੀ ਸਾਰ. ਨ ਜਾਣੈ; ਭੂਲਾ ਫਿਰੈ ਅਜਾਈ॥੧॥ ਜਿਹੜਾ ਪਾਪ ਪੁੰਨ (ਕੀ) ਦੀ (ਸਾਰ) ਖ਼ਬਰ (ਨ) ਨਹੀਂ (ਜਾਣੈ) ਜਾਣਦਾ ਭਾਵ ਪਾਪ ਤੋਂ ਹੱਟਦਾ ਨਹੀਂ, ਪੁੰਨ ਕਰਕੇ ਹੰਗਤਾ ਕਰਦਾ। ਥਾਨ ਬਿਹੂਨ; ਉਠਿ ਉਠਿ ਫਿਰਿ ਧਾਵੈ॥ ਅਨੁਸਾਰ ਉਹ (ਅਜਾਈ) ਬ੍ਰਹਮ ਥਾਂ ਰਹਿਤ, ਸੱਚੇ ਨਾਮ ਗੁਰਮਤਿ ਤੋਂ ਭੂਲਾ ਮਨਮੁਖ ਵਿਕਾਰਾਂ ਕੁਕਰਮਾਂ 'ਚ (ਫਿਰੈ) ਫਿਰਦਾ ਹੈ॥੧॥ ਯਥਾ:- ਖਾਜੈ ਪੈਝੈ; ਰਲੀ ਕਰੀਜੈ॥ ਬਿਨੁ ਅਭ ਭਗਤੀ; ਬਾਦਿ ਮਰੀਜੈ॥ ਸਰ ਅਪਸਰ ਕੀ ਸਾਰ. ਨ ਜਾਣੈ; ਜਮੁ ਮਾਰੇ ਕਿਆ ਚਾਰਾ ਹੇ॥੧੩॥

੪੧. ਬਹੁਤੁ ਦਰਬੁ ਕਰਿ; ਮਨੁ ਨ ਅਘਾਨਾ॥ ਬਹੁਤੁ (ਦਰਬੁ) ਧਨ ਇਕੱਠਾ (ਕਰਿ) ਕਰਕੇ ਮਨੁ (ਨ) ਨਹੀਂ (ਅਘਾਨਾ) ਰੱਜਦਾ ਜੀ।

ਅਨਿਕ ਰੂਪ ਦੇਖਿ; ਨਹ ਪਤੀਆਨਾ॥ ਮਨਮੁਖ (ਅਨਿਕ) ਅਨੇਕ ਪਰਾਇਆ ਰੂਪ ਦੇਖਿ ਦੇਖ ਕੇ (ਪਤੀਆਨਾ) ਪਤੀਜਦਾ, ਰੱਜਦਾ (ਨਹ) ਨਹੀਂ। ਭਾਵ ਵਿਕਾਰ ਦ੍ਰਿਸ਼ਟੀ ਨਾਲ ਰੂਪ ਦੇਖਣ ਦੀ ਇੱਛਾ ਵੱਧਦੀ ਹੀ ਜਾਂਦੀ, ਮਨ ਕਦੇ ਤ੍ਰਿਪਤ ਨਹੀਂ ਹੁੰਦਾ, ਪਤੰਗੇ ਵਾਂਗ ਰੂਪ ਦੇਖ ਕੇ ਵਿਕਾਰਾਂ 'ਚ ਸੜ ਜਾਂਦਾ ਹੈ, ਏਡਜ਼ ਕਰੋਨਾ ਆਦਿ ਰੋਗਾਂ ਦੇ ਅਧੀਨ ਹੋ ਜਾਂਦਾ ਹੈ। ਯਥਾ:- ਤ੍ਰਿਸਨਾ. ਬਿਰਲੇ ਹੀ ਕੀ; ਬੁਝੀ ਹੇ॥੧॥ਰਹਾਉ॥ ਕੋਟਿ ਜੋਰੇ ਲਾਖ ਕ੍ਰੋਰੇ; ਮਨੁ ਨ ਹੋਰੇ॥ ਪਰੈ ਪਰੈ ਹੀ ਕਉ; ਲੁਝੀ ਹੇ॥੧॥ ਸੁੰਦਰ ਨਾਰੀ ਅਨਿਕ ਪਰਕਾਰੀ; ਪਰ ਗ੍ਰਿਹ ਬਿਕਾਰੀ॥ ਬੁਰਾ ਭਲਾ; ਨਹੀ ਸੁਝੀ ਹੇ॥੨॥) ਪਉੜੀ ੫॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥

੪੨. ਬਿਸਨੁਪਦ ਰਾਗ ਮਲਾਰ ਸਜਾਮੁ॥ ਕੰਡੇ ਦੇਨਿ ਚਸਮੋ ਦੇ ਅੰਦਰ, ਜਿਨਿ ਨੇਤ੍ਰੀਂ ਪਰਤ੍ਰਿਯ ਪਿਖੇ॥ (ਸਜਾਮੁ) ਕੋਟਿ ਬ੍ਰਹਮੰਡਾਂ ਦੇ ਮਾਲਕ ਅਕਾਲਪੁਰਖੁ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਿਕਾਰ ਦ੍ਰਿਸਟੀ, ਕੁਸੰਗਤ ਆਦਿ ਦੇ ਤਿਆਗ ਦਾ ਸ਼ੁਭ ਸੱਚਾ ਅੰਮ੍ਰਿਤ ਨਿਰਵਿਕਾਰੀ ਉਪਦੇਸ਼ ਬਿਸਨੁਪਦ ਮਲਾਰ ਰਾਗ 'ਚ ਬਖ਼ਸ਼ ਰਹੇ ਹਨ:-

ਕੰਡੇ ਦੇਨਿ ਚਸਮੋ ਦੇ ਅੰਦਰ, ਜਿਨਿ ਨੇਤ੍ਰੀਂ ਪਰਤ੍ਰਿਯ ਪਿਖੇ॥ (ਜਿਨਿ) ਜਿਨ੍ਹਾਂ (ਨੇਤ੍ਰੀਂ) ਨੇਤ੍ਰਾਂ ਨਾਲ ਵਿਕਾਰੀ ਬੰਦਾ, ਮੰਦ ਦ੍ਰਿਸਟੀ ਨਾਲ (ਪਰਤ੍ਰਿਯ) ਪਰਾਈ ਇਸਤ੍ਰੀ (ਪਿਖੇ) ਦੇਖੇ, ਉਨ੍ਹਾਂ (ਚਸਮੋ) ਨੇਤ੍ਰਾਂ ਦੇ ਅੰਦਰ ਜਮ ਕੰਡੇ (ਦੇਨਿ) ਦੇਣਗੇ, ਭਾਵ ਕੰਡੇ ਖੁੱਭੋਣਗੇ ਜੀ। ਇਸ ਕਰਕੇ ਗੁਰਸੇਵਕ ਗੁਰਮੁਖਿ ਭੈੜੀਆਂ ਮੂਵੀਆਂ, ਟੈਲੀਵੀਜ਼ਨ ਨਹੀਂ ਦੇਖਦੇ ਜੀ। ਦਾਸਨਦਾਸ ਇਹ ਅਮੋਲਕ ਸ਼ੁਭ ਸੱਚਾ ਅੰਮ੍ਰਿਤ ਉਪਦੇਸ਼ ਪੜ੍ਹ ਕੇ ਅਪਣੇ ਕੰਨ ਫੜਦਾ ਹੈ, ਨੱਕ ਨਾਲ ਲਕੀਰਾਂ ਕੱਢਦਾ ਹੈ, ਅਨਿਕ ਬਾਰ ਨਮਸਕਾਰਾਂ ਡੰਡਉਤਾਂ ਕਰਦਾ ਹੈ ਜੀ। ਦਾਸਨਦਾਸ ਰੋਮ ਰੋਮ ਕਰਕੇ ਰੋ ਰਿਹਾ ਹੈ, ਇਹ ਸਜ਼ਾ ਬਹੁਤ ਸਖ਼ਤ ਤੋਂ ਸਖ਼ਤ ਹੈ ਜੀ। ਜਿਹੜਾ ਦੇਖੇ ਪਰ ਤ੍ਰਿਅ ਰੂਪ ਉਹ ਹੈ ਵੇਸਵਾ ਪੂਤ, ਉਹ ਜਿਉਂਦਾ ਹੈ ਭੂਤ, ਜਮਦੂਤ ਮਾਰੇ ਸਿਰ 'ਤੇ ਜੂਤ।

ਕੰਨ ਮਰੋੜਨ ਸਿੱਕੇ ਘਤਨ, ਤਾਇ ਤਾਇ ਜਮਦੂਤ ਤਿਖੇ॥ ਜਿਹੜੇ ਕੰਨ ਵਿਕਾਰ, ਚੁਗਲੀ, ਨਿੰਦਾ, ਗੰਦੇ ਗੀਤ ਆਦਿ ਸੁਣਦੇ ਹਨ, ਜਮਦੂਤ ਉਨ੍ਹਾਂ ਕੰਨਾਂ ਨੂੰ ਖਿੱਚ ਕੇ (ਮਰੋੜਨ) ਮਰੋੜਨਗੇ, ਤੋੜਨਗੇ, (ਤਾਇ ਤਾਇ) ਤਪਾ ਤਪਾ ਕੇ ਤਿਖੇ

ਭਿਆਨਕ ਸਿੱਕੇ ਢਾਲ਼ ਕੇ ਉਨ੍ਹਾਂ ਕੰਨ੍ਹਾਂ 'ਚ (ਘਤਨ) ਪੌਣਗੇ, ਪਾ ਕੇ ਬੰਦ ਕਰਨਗੇ ਜੀ। ਯਥਾ:- ਕਰਨ. ਨ ਸੁਨਹੀ ਨਾਦੁ; ਕਰਨ ਮੁੰਦਿ ਘਾਲਿਆ॥) ਮਿਥਿਆ ਸ੍ਰਵਨ; ਪਰ ਨਿੰਦਾ ਸੁਨਹਿ॥

ਰਸਨਾ ਕਟੱਯਨ ਤਿਲ ਤਿਲ ਕਰ ਕਰ, ਨਾਮ ਬਿਤ੍ਰੇਕ ਸ੍ਵਾਦ ਚਖੇ॥ ਜਿਹੜੀ ਰਸਨਾ ਸੱਚੇ ਅੰਮ੍ਰਿਤ ਨਾਮ (ਬਿਤ੍ਰੇਕ) ਬਿਨਾ, ਹੋਰ ਦੁਰਮਤਿ ਪਦਾਰਥਾਂ ਦੇ (ਸ੍ਵਾਦ) ਸੁਆਦ (ਚਖੇ) ਖਾਵੇ, ਉਹ (ਤਿਲ ਤਿਲ) ਟੋਟੇ ਟੋਟੇ ਕਰ (ਕਰ) ਕਰਕੇ (ਕੱਟਯਨ) ਕੱਟੀ ਜਾਵੇਗੀ ਜੀ। ਯਥਾ:- ਰਸਨਾ ਜਪੈ. ਨ ਨਾਮੁ; ਤਿਲੁ ਤਿਲੁ ਕਰਿ ਕਟੀਐ॥ ਹਰਿਹਾਂ. ਜਬ ਬਿਸਰੈ ਗੋਬਿਦ ਰਾਇ; ਦਿਨੋ ਦਿਨੁ ਘਟੀਐ॥੧੪॥ ਇਨ੍ਹਾਂ ਸਜ਼ਾਵਾਂ ਤੋਂ ਬਚਣ ਲਈ, ਸੁਆਸ ਸੁਆਸ ਗੁਰ ਨਾਨਕਦੇਵ; ਗੋਵਿੰਦ ਰੂਪ ॥੮॥੧॥ ਜਪੋ ਜਪਾਉ, ਗੁਰਬਾਣੀ ਗਾਉ ਗਾਵਾਉ, ਅੰਮ੍ਰਿਤ ਨੈਕਟ੍ਰ ਪੀਵੋ ਪਿਲਾਉ, ਨਮਸਕਾਰਾਂ ਕਰੋ ਕਰਾਉ ਜੀ ਰਾਮ ਜੀ।

ਨਾਸਿਕਾ ਮੇਲਨਿ ਤਪਤ ਸਲਾਈਆ, ਬਾਸ ਬਿਕਾਰ ਜੁਗ ਘ੍ਰਾਨ ਮਖੇ॥ ਜਿਹੜੀਆਂ ਨਾਸਿਕਾ ਪਰ ਘਰ ਜਾ ਕੇ ਬਿਕਾਰ ਦੀ (ਬਾਸ) ਵਾਸ਼ਨਾ ਲੈਂਦੀਆਂ ਹਨ, ਉਹ (ਜੁਗ) ਦੋ (ਘ੍ਰਾਨ) ਨਾਸਕਾਂ 'ਚ (ਤਪਤ) ਤਪਦੀਆਂ ਮੱਚਦੀਆਂ ਸਲਾਈਆ (ਮੇਲਨਿ) ਪਾਈਆਂ (ਮਖੇ) ਮਾਰੀਆਂ ਖੁੱਭੋਈਆਂ ਜਾਣਗੀਆਂ ਜੀ।

੪੩. ਬਿਸਨੁਪਦ ਮਲਾਰ ਸਜਾਮੁ॥ ਕੰਡੇ ਮਾਰਨਿ ਪੈਰਾਂ ਤਲੀਆਂ; ਮਾਰਗ ਪੰਥ ਕੁਪੰਥ ਚਲੇ॥ (ਸਜਾਮੁ) ਕੋਟਿ ਬ੍ਰਹਮੰਡਾਂ ਦੇ ਮਾਲਕ ਅਕਾਲਪੁਰਖੁ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਿਸਨੁਪਦ ਮਲਾਰ 'ਚ ਅੰਮ੍ਰਿਤ ਨਿਰਵਿਕਾਰੀ ਉਪਦੇਸ਼ ਬਖ਼ਸ਼ਦੇ ਹਨ:-

ਕੰਡੇ ਮਾਰਨਿ ਪੈਰਾਂ ਤਲੀਆਂ, ਮਾਰਗ ਪੰਥ ਕੁਪੰਥ ਚਲੇ॥ ਜਿਹੜੇ ਪੈਰ ਸੱਚੀ ਗੁਰਸੰਗਤ ਜੀ ਦਾ ਸੱਚਾ (ਪੰਥ) ਰਸਤਾ ਛੱਡ ਕੇ (ਕੁਪੰਥ) ਖੋਟੇ ਰਸਤੇ ਭਾਵ ਕੁਸੰਗਤ ਵੱਲ (ਚਲੇ) ਚਲਦੇ ਹਨ, ਉਨ੍ਹਾਂ ਪੈਰਾਂ ਦੀਆਂ ਤਲੀਆਂ 'ਚ ਜਮ ਕੰਡੇ (ਮਾਰਨਿ) ਮਾਰਨਗੇ ਜੀ।

ਸੱਪ ਅਠੂਹੇਂ ਹਥੀਂ ਲੜਸਨਿ, ਦਾਨ ਪੁੰਨਜ ਨਹਿ ਕੀਏ ਭਲੇ॥ ਜਿਨ੍ਹਾਂ ਹੱਥਾਂ ਨੇ ਗ਼ੀਬਾਂ ਲੋੜਵੰਦਾ ਸਾਧੂ ਸੰਤਾਂ ਨੂੰ ਦਾਨ, (ਪੁੰਨਜ) ਪੁੰਨ, ਭਲੇ ਕੰਮ (ਨਹਿ) ਨਹੀਂ (ਕੀਏ) ਕੀਤੇ, ਉਨ੍ਹਾਂ (ਹਥੀਂ) ਹੱਥਾਂ 'ਤੇ ਸੱਪ, (ਅਠੂਹੇਂ) ਬਿੱਛੂ (ਲੜਸਨਿ) ਲੜਣਗੇ, ਭਾਵ ਡੰਗ ਮਾਰਨਗੇ। ਯਥਾ:- ਵਿਣੁ ਸੇਵਾ ਧ੍ਰਿਗੁ ਹਥ ਪੈਰ; ਹੋਰ ਨਿਹਫਲ ਕਰਣੀ॥ ਦੋਵੇਂ ਹੱਥ ਜੋੜ ਕੇ, ਸਿਰ ਝੁਕਾ ਕੇ, ਬਾਰ ਬਾਰ ਨਮਸਕਾਰਾਂ ਕਰਕੇ ਜਪੋ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥

ਤਪਤ ਖੰਭ ਗਲ ਮੇਲਨ ਜਿਯ ਕੋ, ਪਰਤ੍ਰਿਯ ਜੇਤੈ ਲਾਇ ਗਲੇ॥ (ਜੇਤੈ) ਜਿਤਨੇ ਮਨਮੁਖ ਵਿਕਾਰੀ ਅਪਣੇ ਗਲੇ ਨਾਲ (ਪਰਤ੍ਰਿਯ) ਪਰਾਈ ਇਸਤ੍ਰੀ (ਲਾਇ) ਲੌਂਦੇ ਹਨ, ਉਨ੍ਹਾਂ ਮਨਮੁਖ (ਜਿਯ) ਜੀਵਾਂ (ਕੋ) ਨੂੰ (ਤਪਤ) ਤਪਦੇ ਲਾਲ (ਖੰਭ) ਥੰਮ੍ਹ ਨਾਲ (ਮੇਲਨ) ਮੇਲਿਆ ਭਾਵ ਲਾਇਆ ਜਾਵੇਗਾ ਜੀ। ਯਥਾ:- ਬਿਸਾਰਿ ਹਰਿ ਜੀਉ. ਬਿਖੈ ਭੋਗਹਿ; ਤਪਤ ਥੰਮ ਗਲਿ ਲਾਇ॥੧॥

## ਪ੍ਰਸੰਗ ੪- ਵਿਕਾਰ ਦੇ ਤਿਆਗ ਦੇ ਸੱਚੇ ਅੰਮ੍ਰਿਤ ਗੁਰਸਬਦ:-

੪੪. ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ; ਬਿਨਸਿ ਜਾਇ ਅਹੰਮੇਵ॥ ਨਾਨਕ ਪ੍ਰਭ ਸਰਣਾਗਤੀ; ਕਰਿ ਪ੍ਰਸਾਦੁ ਗੁਰਦੇਵ॥੧॥) ਡੰਡਉਤਿ ਬੰਦਨ ਅਨਿਕਬਾਰ; ਸਰਬ ਕਲਾ ਸਮਰਥ॥ ਸਾਹਿਬ ਸ੍ਰੀ ਗੁਰੂ ਨਾਨਕਦੇਵ ਜੀ,

ਅਪਣੇ ਸੁੰਦਰ ਪਰਮਪਾਕ ਪੰਜਵੇਂ ਜਾਮੇ ਅੰਦਰ, ਜ਼ਾਲਮਾਂ ਦੇ ਘੋਰ ਭਿਆਨਕ ਜ਼ੁਲਮ ਕਰਨ ਤੋਂ, ਉੱਬਲਦੀ ਦੇਗ਼ 'ਚ ਬੈਠੇ, ਵਾਹਿਗੁਰੂ ਜੀ ਦੇ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ ਜੀ:- ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥੧॥ ਅਨੁਸਾਰ ਹੇ (ਪ੍ਰਭ) ਅਕਾਲਪੁਰਖੁ ਸੁਆਮੀ (ਗੁਰਦੇਵ) ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਜੀ! ਦਾਸਨਦਾਸ ਗ੍ਰੀਬ, ਸਰਨੀ ਆਇਓ; ਨਾਥ ਨਿਧਾਨ॥) ਹਮ ਨਿਰਗੁਨੀਆਰ; ਨੀਚ ਅਜਾਨ॥ ਨਾਨਕ ਤੁਮਰੀ ਸਰਨਿ; ਪੁਰਖ ਭਗਵਾਨ॥੨॥ ਅਨੁਸਾਰ ਆਪ ਜੀ ਦੀ ਪਰਮਪਵਿੱਤ੍ਰ ਸ਼ੁਭ ਸੱਚੀ ਸ੍ਰਬ ਵਿਆਪੀ ਸੱਚੀ (ਸਰਣਾਗਤੀ) ਸ਼ਰਣ 'ਚ ਆਇਆ ਹੈ। ਅਗਮ ਅਪਾਰ ਅਨਤ ਕਲਾਵਾਨ ਸ੍ਰਬ ਵਿਆਪੀ ਪ੍ਰਕਾਸ਼ ਸਰੂਪ ਵਿਸਮਾਦ ਸੱਚੀ (ਪ੍ਰਸਾਦੁ) ਕ੍ਰਿਪਾ ਹੀ ਕ੍ਰਿਪਾ (ਕਰਿ) ਕਰਨਾ ਕਰੋ ਜੀ, ਜਿਸ ਕਰਕੇ ਦਾਸਨਦਾਸ ਗ੍ਰੀਬ ਦਾ ([1]ਕਾਮ) ਵਿਕਾਰ, ਕਾਮਨਾ ਕ੍ਰੋਧ ਮੋਹ [2]ਲੋਭ ਅਰੁ (ਅਹੰਮੇਵ) ਹੰਕਾਰ (ਬਿਨਸਿ) ਨਾਸ ਹੋ (ਜਾਇ) ਜਾਵੇ ਜੀ। ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ. ਰਾਖਿ ਲੇਹੁ; ਆਪਨ ਕਰਿ ਕਰਮ॥ ([1]ਕਾਮ) ਵਿਕਾਰ, ਕਾਮ ਕਾਮ ਸਭ ਜਗ ਕਹੈ; ਕਾਮ ਨ ਜਾਨੈ ਕੋਇ॥ ਜੇਤੀ ਮਨ ਕੀ ਕਾਮਨਾ; ਕਾਮ ਕਹਾਵੈ ਸੋਇ॥ ਭਾਵ ਜਿਤਨੀਆਂ ਮਨ ਦੀਆਂ ਕਾਮਨਾਵਾਂ ਹਨ, ਇਹੋ ਹੀ ਕਾਮ ਹੈ। ([2]ਲੋਭ) ਝੂਠ ਵਿਕਾਰ ਧ੍ਰੋਹ, ਨਿੰਦਾ ਚੋਰੀ ਯਾਰੀ ਔਗੁਣ ਮਾਇਆ ਪਦਾਰਥ ਇਕੱਤ੍ਰ ਕਰਨ ਦਾ ਲਾਲਚ ਲੋਭ ਹੈ॥੧॥ ਯਥਾ:- ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥ ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥

੪੫. ਗੁਰਤਾ ਬਿਰਾਜਮਾਨ ਕਲਿਜੁੱਗ ਜਹਾਜ਼ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ 'ਚ ਪ੍ਰੇਮ ਬੇਨਤੀ ਕਰੀਏ:- ਹੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਸੱਚੇ ਪਤਿਸਾਹ ਜੀ! ਕਾਮ ਕ੍ਰੋਧ ਲੋਭ ਝੂਠ ਨਿੰਦਾ; ਇਨ ਤੇ ਆਪਿ ਛਡਾਵਹੁ॥ ਦਾਸਨਦਾਸ ਗ੍ਰੀਬ ਨੀਚ ਕੀਟ ਵਿਕਾਰੀ ਨੂੰ (ਇਨ) ਇਨ੍ਹਾਂ ਕਾਮ ਕ੍ਰੋਧ ਲੋਭ ਝੂਠ ਨਿੰਦਾ ਆਦਿ ਵਿਕਾਰਾਂ (ਤੇ) ਤੋਂ ਆਪਿ ਹੀ ਮਹਾਂ ਵਿਸਮਾਦ ਕ੍ਰਿਪਾ ਕਰਕੇ (ਛਡਾਵਹੁ) ਛੁੱਡਾਉ ਜੀ। ਦਾਸਨਦਾਸ ਨਿਮਾਣੇ ਨਿਤਾਣੇ 'ਚ ਬਲ਼ ਨਹੀਂ ਹੈ।

ਇਹ ਭੀਤਰ ਤੇ ਇਨ ਕਉ ਡਾਰਹੁ; ਆਪਨ ਨਿਕਟਿ ਬੁਲਾਵਹੁ॥੧॥ ਦਾਸਨਦਾਸ ਦੇ ਇਹ ਰਿਦੇ (ਭੀਤਰ) ਅੰਦਰ (ਤੇ) ਤੋਂ, (ਇਨ) ਇਨ੍ਹਾਂ ਵਿਕਾਰਾਂ ਔਗੁਣਾਂ (ਕਉ) ਨੂੰ ਕ੍ਰਿਪਾ ਕਰਕੇ ਕੱਢ ਕੇ ਬਾਹਰ (ਡਾਰਹੁ) ਸੁੱਟੋ ਜੀ। ਦਾਸਨਦਾਸ ਨੂੰ (ਆਪਨ) ਅਪਣੇ (ਨਿਕਟਿ) ਪਾਸ (ਬੁਲਾਵਹੁ) ਬੁਲਾ ਲਵੋ ਭਾਵ ਅਪਣੇ ਸੱਚੇ ਸੱਚੇ ਸੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰਵਿਕਾਰੀ ਸੱਚੇ ਸੱਚੇ ਸੱਚੇ ਚਰਨਕਮਲਾਂ 'ਚ ਸੱਚੀ ਲੀਣਤਾ ਬਖ਼ਸ਼ੋ ਜੀ ਰਾਮ॥੧॥ ਯਥਾ:- ਮਾਗਉ ਦਾਨੁ. ਕ੍ਰਿਪਾਲ ਕ੍ਰਿਪਾਨਿਧਿ; ਮੇਰਾ ਮੁਖੁ. ਸਾਕਤ ਸੰਗਿ ਨ ਜੁਟਸੀ ਰੇ॥ ਜਨ ਨਾਨਕ. ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ. ਸਾਧ ਪਗਾ ਹੇਠਿ ਰੁਲਸੀ ਰੇ॥੨॥੪॥੩੭॥

੪੬. ਪਉੜੀ ੫॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਖੰਡਾਂ ਬ੍ਰਹਮੰਡਾਂ ਨੂੰ ਉਧਾਰਨ ਵਾਲੇ, ਸੰਤ ਨਿੰਦਕ ਦੁਸ਼ਟ ਹਰਾਮਖੋਰਾਂ ਨੂੰ ਤਾਰਨ ਵਾਲੇ, ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ ਸਰੂਪ ਸਤਿਗੁਰੂ ਅਰਜਨਦੇਵ ਸਾਹਿਬ ਜੀ ਪਉੜੀ ਉਚਾਰਦੇ ਹਨ:- ਹੇ ਪ੍ਰਾਣੀ! (ਪ੍ਰਭੁ) ਅੰਤਰਜਾਮੀ ਸਮਰੱਥ ਵਾਹਿਗੁਰੂ ਜੀ ਤੇਰੀਆਂ ਮਾੜੀਆਂ ਕਰਤੂਤਾਂ ਨੂੰ (ਜਾਣੈ) ਜਾਣਦੇ ਹਨ। ਤੂੰ ਜੋ (ਰਾਤੀ) ਰਾਤ ਨੂੰ ਜੀਆਂ ਨੂੰ ਫਾਹੇ ਟੰਗਣ ਲਈ ਰੱਸਾ ਲੈ ਕੇ (ਤੁਰਹਿ) ਤੁਰਦਾ ਹੈਂ।

(ਤੱਕਹਿ। ਲੁਕਿ: ਪੋਲਾ) ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਤੂੰ ਜੋ ਪਰਾਈਆ (ਨਾਰਿ) ਇਸਤ੍ਰੀਆਂ ਨੂੰ (ਤਕਹਿ) ਤੱਕਦਾ ਹੈਂ, ਨਾਚ ਦੇਖਦਾ, ਵਿਕਾਰੀ ਗਾਣੇ ਸੁਣਦਾ ਹੈਂ। ਲੁਕਿ ਕੇ ਕੁਕਰਮ ਕਰਨ ਦੀ (ਲੁਕਿ) ਇੱਛਾ ਮਨ ਅੰਦਰਿ (ਠਾਣੀ) ਮਿਥੀ ਹੈ। ਇਹ ਤੇਰੇ ਭੈੜੇ ਕੁਕਰਮ ਸੱਚੇ ਅੰਤਰਜਾਮੀ ਸਮਰੱਥ ਸੁਆਮੀ ਵਾਹਿਗੁਰੂ ਜੀ ਤੋਂ ਲੁਕ ਨਹੀਂ ਸਕਦੇ। ਯਥਾ:- ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ. ਕਹਾ ਛਪਾਵੈ॥੩॥

ਸੰਨ੍ਹੀ ਦੇਨਿ. ਵਿਖੰਮ ਥਾਇ; ਮਿਠਾ ਮਦੁ ਮਾਣੀ॥ (ਵਿਖੰਮ) ਕਠਨ (ਥਾਇ) ਥਾਵਾਂ 'ਚ (ਸੰਨ੍ਹੀ) ਸੰਨ੍ਹ (ਦੇਨਿ) ਦਿੰਦਾ ਹੈ, ਧਨ ਮਾਲ ਚੋਰੀ ਕਰਕੇ, ਕੌੜੀ ਕਸੈਲੀ ਜ਼ਹਿਰ (ਮਦੁ) ਸ਼ਰਾਬ ਨੂੰ ਮਿਠਾ (ਮਾਣੀ) ਮੰਨਦਾ ਹੈਂ। ਯਥਾ:- ਅੰਮ੍ਰਿਤੁ ਕਉਰਾ; ਬਿਖਿਆ ਮੀਠੀ॥ ਸਾਕਤ ਕੀ ਬਿਧਿ; ਨੈਨਹੁ ਡੀਠੀ॥

ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਆਪੋ (ਆਪਣੀ) ਆਪਣੇ ਮਾੜੇ (ਕਰਮੀ) ਕਰਮਾਂ ਕਰਕੇ, ਆਪੇ ਹੀ ਅੰਤ ਨੂੰ ਜੀਵ (ਪਛੁਤਾਣੀ) ਪਛਤਾਉਂਦਾ ਹੈ। ਯਥਾ:- ਕਰਿ ਅਉਗਣ ਪਛੋਤਾਵਣਾ॥

(ਅਜਰਾ-ਈਲੁ) ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥ ਜਿਵੇਂ (ਤਿਲ) ਤਿਲਾਂ ਨੂੰ ਕੋਹਲੂ 'ਚ (ਪੀੜੇ) ਪੀੜ ਕੇ ਘਾਣੀ ਬਣਾਈ ਜਾਂਦੀ ਹੈ। ਤਿਵੇਂ ਮੌਤ ਦਾ ਫਰੇਸਤਾ ਅਜਰਾਈਲੁ ਮੰਦ ਕਰਮੀ ਜੀਵਾਂ ਨੂੰ ਨਰਕਾਂ 'ਚ ਪੀੜਦਾ ਹੈ॥੨੭॥

## ੪੭. ਵਾਹਿਗੁਰੂ॥ ਆਸਾ ਮਹਲਾ ੫॥ ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥

ਪਰਮਪੂਜਨੀਕ ਖਰੇ ਸੱਚਿਆਰੇ ਧਰਮੀ ਸੰਤਾਂ ਭਗਤਾਂ, ਸਤਸੰਗਤਾਂ, ਜੀਵਾਂ ਜੰਤਾਂ ਤੇ ਇਨ੍ਹਾਂ ਦੇ ਅੰਦਰ ਵਸਦੇ ਅਨੇਕਾਂ ਕ੍ਰਿਮਾਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ 'ਚ ਵੱਸ ਕੇ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਨੂੰ ਆਪਣੇ 'ਚ ਵਸਾ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਸਦਾ ਨਿਰਲੇਪ ਨਿਰਮਲ ਪਵਿੱਤ੍ਰ, ਸਦਾ ਸਦਾ ਸਦਾ ਦਇਆਲ॥ ਨਿਰਗੁਨ ਬ੍ਰਹਮ ਜੀ, ਧਰਤਿ ਪਾਤਾਲੁ ਆਕਾਸੁ ਹੈ. ਮੇਰੀ ਜਿੰਦੁੜੀਏ; ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ ਅਨੁਸਾਰ ਹਰ ਸਮੇਂ ਜਪਦੇ ਹਨ, ਵਡੇ ਮੇਰੇ ਸਾਹਿਬਾ; ਗਹਿਰ ਗੰਭੀਰਾ ਗੁਣੀ ਗਹੀਰਾ॥ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ; ਵਾਹਿ ਜੀਉ॥ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ।

ਆਸਾ ਮਹਲਾ ੫॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ ਕਲਜੁਗਿ. ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸ੍ਰਿ ਲਗਿ. ਬਿਤਰਹੁ॥ ਧੰਨ ਸੱਚੇ ਸਤਿਗੁਰੂ ਅੰਤਰਜਾਮੀ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ, ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥ ਸਰੂਪ ਹਨ। ਸੰਸਾਰ ਦੀ ਦੁਖਦਾਈ ਹਾਲਤ ਦੇਖਦਿਆਂ, ਵਖਤ ਨੂੰ ਵਿਚਾਰਦਿਆਂ, ਆਪਣੇ ਸਿੱਖਾਂ ਨੂੰ ਕਲਜੁੱਗ ਦੀ ਭੈੜੀ ਅੱਗ ਤੋਂ ਬਚਾਉਣ ਲਈ ਇਹ ਸ਼ੁਭ ਸੱਚੇ ਗੁਰਸਬਦ ਜੀ ਉਚਾਰੇ। ਸਤਿਗੁਰੂ ਸਾਹਿਬ ਜੀ ਜਾਣਦੇ ਹਨ ਕਿ ਕਾਮ ਕਰਕੇ ਕਲਜੁੱਗੀ ਜੀਵਾਂ ਦਾ ਇਖ਼ਲਾਕ ਡਿੱਗਦਾ ਹੈ।

ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਪਰ ਗ੍ਰਿਹ ਵਿਕਾਰੀ ਹੋਣਾ ਇਸ ਪ੍ਰਕਾਰ ਹੈ:- ਜੈਸਾ ਸੰਗੁ ਬਿਸੀਅਰ ਸਿਉ ਹੈ ਰੇ; ਤੈਸੋ ਹੀ. ਇਹੁ ਪਰ ਗ੍ਰਿਹੁ॥੨॥ ਪਰ ਗ੍ਰਿਹ ਵਿਕਾਰੀ ਹੋਣ ਨਾਲ ਅਨੇਕਾਂ ਦੀ ਮੌਤ ਹੋਈ ਹੈ ਅਤੇ ਅਨੇਕਾਂ ਦੀ ਹੋ ਰਹੀ ਹੈ। ਆਧੀ ਬਿਆਧੀ ਉਪਾਧੀ ਰੋਗਾਂ ਤੋਂ ਬਚਾਉਣ ਲਈ ਮਿਹਰਵਾਨ ਗ਼ੀਬ ਨਿਵਾਜ ਸਤਿਗੁਰੂ ਸਾਹਿਬ ਜੀ ਦਾ ਇਹ

ਉਚਾਰਿਆ ਹੋਇਆ ਗੁਰਸਬਦ ਹਰ ਵੇਲੇ ਜਪਣਾ ਚਾਹੀਦਾ ਹੈ ਜੀ। ਵਿਕਾਰੀ ਹਾਥੀ ਹੱਥਣੀ 'ਤੇ ਮਰਦਾ ਹੈ, ਘੋੜਾ ਘੋੜੀ ਨੂੰ ਦੇਖ ਕੇ ਅੰਨ੍ਹਾ ਹੋ ਜਾਂਦਾ ਹੈ, ਇਸ ਲਈ ਆਸਾ ਰਾਗ 'ਚ ਫ਼ੁਰਮਾਉਂਦੇ ਹਨ ਜੀ:-

ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ ਸਿਮਰਨ ਹੀਣ ਮਨਮੁਖ (ਨਿਮਖ) ਥੋੜਾ ਭਾਵ ਅੱਖ ਦੇ ਮੀਚਣੇ ਜਿਤਨੇ ਸਮੇਂ ਲਈ ਕਾਮ ਦੇ ਸੁਆਦ ਅਨੰਦ ਨੂੰ ਭੋਗਣ (ਕਾਰਣਿ) ਵਾਸਤੇ, (ਕੋਟਿ) ਕ੍ਰੋੜਾਂ (ਦਿਨਸ) ਦਿਨ ਕ੍ਰੋੜਾਂ ਜੂਨਾਂ 'ਚ ਭਰਮਦਿਆਂ ਦੁਖੁ (ਪਾਵਹਿ) ਪਾਉਂਦਾ ਹੈ। ਯਥਾ:- ਹੇ ਕਾਮੰ. ਨਰਕ ਬਿਸ੍ਰਾਮੰ; ਬਹੁ ਜੋਨੀ ਭ੍ਰਮਾਵਣਹ॥) ਸਾਦ ਕੀਤੇ, ਦੁਖ ਪਰਫੁੜੇ; ਪੂਰਬਿ ਲਿਖੇ ਮਾਇ॥ ਸੁਖ ਥੋੜੇ. ਦੁਖ ਅਗਲੇ; ਦੂਖੇ ਦੂਖਿ ਵਿਹਾਇ॥੨॥

ਘਰੀ ਮੁਹਤ ਰੰਗ ਮਾਣਹਿ; ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥ ਸੱਠ ਪਲਾਂ ਦੀ ਇੱਕ ਘੜੀ ਹੁੰਦੀ ਹੈ। ਕਾਮ ਦਾ ਫਿੱਕਾ (ਰੰਗ) ਸੁਆਦ, ਅਨੰਦ (ਘਰੀ) ਘੜੀ (ਮੁਹਤ) ਅੱਧੀ ਘੜੀ ਲਈ (ਮਾਣਹਿ) ਮਾਣਦਾ ਹੈ। ਕੈਂਸਰ ਏਡਜ਼ ਕਰੋਨਾ ਆਦਿ ਭੈੜੀਆਂ ਤੋਂ ਭੈੜੀਆਂ ਬੀਮਾਰੀਆਂ ਦੇ ਜ਼ਿਰਮ ਅੰਦਰ ਪੈਦਾ ਹੋ ਜਾਂਦੇ ਹਨ, ਜੋ ਇਸ ਨੂੰ ਕੱਟ ਕੱਟ ਕੇ ਖਾਂਦੇ ਹਨ ਜੀ। ਲੋਕ ਲੱਜਿਆ ਨੂੰ ਪ੍ਰਾਪਤ ਹੁੰਦਾ, ਕੁੱਟਿਆ, ਮਾਰਿਆ ਵੱਢਿਆ ਜਾਂਦਾ ਹੈ, ਜਮ ਡੰਡ ਸਹਿੰਦਾ, (ਫਿਰਿ) ਮੁੜ ਕੇ, ਬਹੁਰਿ ਬਹੁਰਿ (ਪਛੁਤਾਵਹਿ) ਪਛਤਾਉਂਦਾ, ਰੋਂਦਾ ਚੀਕਾਂ ਮਾਰਦਾ ਹੈ ਜੀ। ਜਿਵੇਂ ਪਰਾਏ ਘਰ ਜਾਣ ਤੋਂ ਸੁਰਗ ਦੇ ਰਾਜੇ ਇੰਦ੍ਰ ਨੂੰ ਕੋਹੜ ਹੋਣੇ ਕਰਕੇ ਰੋਣਾ ਪਛੁਤਾਉਣਾ ਪਿਆ॥੧॥ ਯਥਾ:- ਸਹੰਸਰ ਦਾਨ ਦੇ; ਇੰਦ੍ਰੁ ਰੋਆਇਆ॥ ਪਿਆਰੇ ਬੱਚਿਆਂ ਨੂੰ ਬਚਪਨ ਤੋਂ ਹੀ ਗੁਰਮਤਿ ਦੀ ਸਿੱਖਿਆ ਦਿੱਤੀ ਜਾਵੇ, ਸੱਚੇ ਨਾਮ ਦੇ ਸੱਚੇ ਦਾਤੇ ਸੱਚੇ ਸਤਿਗੁਰੂ ਸਾਹਿਬ ਜੀ ਦਾ ਸੱਚਾ ਹੁਕਮ ਹੈ ਕਿ ਅੱਖਾਂ ਨਾਲ ਪਰਾਇਆ ਰੂਪ ਵਿਕਾਰ ਦ੍ਰਿਸ਼ਟੀ ਨਾਲ ਨਹੀਂ ਦੇਖਣਾ ਜੀ। ਯਥਾ:- ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥) ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ ਨ ਜੈਯਹੁ॥

ਅੰਧੇ; ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ; ਨੇੜੈ ਆਇਆ॥੧॥ਰਹਾਉ॥) ਕਲਜੁਗਿ ਜਹਾਜੁ. ਅਰਜੁਨੁ ਗੁਰੂ; ਕਲਿਜੁੱਗ ਦੇ ਬੋਹਿਥ, ਪਤਿਤ ਪਾਵਨ ਗੁਸਾਈਂ ਪਰਮਪੂਜੀਨਕ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਵਿਕਾਰਾਂ ਵਿੱਚ (ਅੰਧੇ) ਅੰਨ੍ਹੇ ਕਾਮੀ ਜੀਵ! ਤੇਰਾ (ਸੋ) ਓਹੁ ਮੌਤ ਦਾ ਦਿਨੁ ਨੇੜੈ ਆਇਆ ਭਾਵ ਮੌਤ ਛੇਤੀ ਆ ਰਹੀ ਹੈ। ਇਸ ਲਈ ਹੇ ਜੀਵ! ਛੇਤੀ ਛੇਤੀ, (ਹਰਿ) ਸਭ ਨੂੰ ਹਰਾ ਭਰਾ ਕਰ ਰਹੇ, ਨਿਰਗੁਨ ਅਜਪਾ ਜਾਪ (ਰਾਇਆ) ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ; (ਹਰਿ) ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅਜਪਾ ਜਾਪ ਵਾਹਿਗੁਰੂ ਨਾਮੁ ਗੁਰਬਾਣੀ ਜੀ ਦੇ ਅੱਖਰ ਅੱਖਰ ਨੂੰ, ਪੂਰਨ ਗੁਰੂ ਸਰੂਪ ਮੰਨ ਕੇ, ਹਰਿ ਹਰਿ ਨਾਮੁ; ਅੰਤਰਿ ਉਰਿ ਧਾਰਿ॥ ਸੀਘਰ; ਕਾਰਜੁ ਲੇਹੁ ਸਵਾਰਿ॥੧॥ਰਹਾਉ॥ ਅਨੁਸਾਰ ਸਾਵਧਾਨ ਇਕਾਗਰ ਹੋ ਕੇ (ਚੇਤਿ) ਜਪਣਾ ਕਰ। ਜਿਸ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨੂੰ ਜਪਣੇ ਨਾਲ ਅਕਸ ਮਾਤ੍ਰ ਸੀਘਰ, ਵਾਹਿਗੁਰੂ ਜੀ ਦੇ ਵਿਛੋੜੇ, ਜੰਮਣ ਮਰਨ, ਚੌਰਾਸੀ ਦੇ ਗੇੜੇ, ਔਗੁਣਾਂ ਵਿਕਾਰਾਂ ਜਮਾਂ ਦੇ ਦੁੱਖ ਚਲੇ ਜਾਂਦੇ ਹਨ ਜੀ॥੧॥ ਯਥਾ:- ਹਰਿ ਜਪਦਿਆ. ਖਿਨੁ ਢਿਲ ਨ ਕੀਜਈ, ਮੇਰੀ ਜਿੰਦੁੜੀਏ; ਮਤੁ ਕਿ ਜਾਪੈ, ਸਾਹੁ ਆਵੈ ਕਿ ਨ ਆਵੈ ਰਾਮ॥) ਅਨ ਬੋਲਤ ਮੇਰੀ ਬਿਰਥਾ ਜਾਨੀ; ਅਪਨਾ ਨਾਮੁ ਜਪਾਇਆ॥ ਦੁਖ ਨਾਠੇ. ਸੁਖ ਸਹਜਿ ਸਮਾਏ; ਅਨਦ ਅਨਦ ਗੁਣ ਗਾਇਆ॥੧॥ ਬਾਹ ਪਕਰਿ. ਕਢਿ ਲੀਨੇ ਅਪੁਨੇ; ਗ੍ਰਿਹ ਅੰਧ ਕੂਪ ਤੇ ਮਾਇਆ॥ ਕਹੁ ਨਾਨਕ. ਗੁਰਿ, ਬੰਧਨ ਕਾਟੇ; ਬਿਛੁਰਤ ਆਨਿ ਮਿਲਾਇਆ॥੨॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

ਪਲਕ ਦ੍ਰਿਸਟਿ ਦੇਖਿ ਭੂਲੋ; ਆਕ ਨੀਮ ਕੋ ਤੂੰਮਰੁ॥ ਹੇ ਜੀਵ! (ਪਲਕ) ਅੱਖ ਦੇ ਮੀਚਣ ਜਿਤਨੇ ਸਮੇਂ ਲਈ, ਪਰਾਏ ਰੂਪ ਨੂੰ ਵਿਕਾਰ (ਦ੍ਰਿਸਟਿ) ਦ੍ਰਿਸ਼ਟੀ ਨਾਲ ਦੇਖਿ ਕੇ, ਆਪ ਜੀ ਨੂੰ ਸੁਘੜ ਸੁਜਾਨ ਸੁੰਦਰ ਸੁਆਮੀ ਸਤਿਗੁਰੂ ਸਾਹਿਬ ਜੀ

(ਭੂਲੋ) ਭੁੱਲ ਗਏ। ਜਿਸ ਕਰਕੇ ਤੇਰੇ ਸ੍ਰੀਰ 'ਚ (ਆਕ) ਅੱਕ (ਨੀਮ) ਨਿੰਮ (ਤੂੰਮਰੁ) ਕੌੜਤੁੰਮਾ (ਕੋ) ਦੇ ਵਾਂਗ ਵਿਕਾਰਾਂ ਦੇ ਕੌੜੀ ਜ਼ਹਿਰ ਭਰ ਗਈ। ਯਥਾ:- ਪੇਖੰਦੜੋ ਕੀ ਭੁਲੁ; ਤੁੰਮਾ ਦਿਸਮੁ ਸੋਹਣਾ॥ ) ਤੁਮੀ ਤੁਮਾ ਵਿਸੁ; ਅਕੁ ਧਤੂਰਾ ਨਿਮੁ ਫਲੁ॥ ਮਨਿ ਮੁਖਿ ਵਸਹਿ ਤਿਸੁ; ਜਿਸੁ ਤੂੰ. ਚਿਤਿ ਨ ਆਵਹੀ॥ ਨਾਨਕ ਕਹੀਐ ਕਿਸੁ; ਹੰਢਨਿ ਕਰਮਾ ਬਾਹਰੇ॥੧॥

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ; ਤੈਸੋ ਹੀ ਇਹੁ ਪਰ ਗ੍ਰਿਹੁ॥੨॥ (ਰੇ) ਹੇ ਜੀਵ! (ਜੈਸਾ) ਜਿਵੇਂ (ਬਿਸੀਅਰ) ਜ਼ਹਿਰੀਲੇ ਸੱਪ ਦੇ (ਸਿਉ) ਨਾਲ ਸੰਗੁ ਕਰਨਾ ਹੈ, (ਤੈਸੋ) ਤਿਵੇਂ ਹੀ ਇਹੁ (ਪਰ ਗ੍ਰਿਹੁ) ਪਰਾਏ ਘਰ ਜਾ ਕੇ ਪਰਾਏ ਇਸਤ੍ਰੀ ਜਾਂ ਪੁਰਖ ਨਾਲ ਕੁਸੰਗ ਕਰਨਾ ਹੈ। ਹੇ ਰਾਮ ਪਿਆਰੇ ਜੀ! ਏਡਜ਼ ਕਰੋਨਾ ਆਦਿ ਬਿਮਾਰੀਆਂ ਦਾ ਡੰਗ ਵੱਜੇਗਾ ਜੀ॥੨॥

ਇਸ ਲਈ ਸਦਾ ਹੀ ਧੰਨ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਚਰਨਕਮਲਾਂ 'ਚ ਅਰਦਾਸ ਕਰਨੀ ਚਾਹੀਦੀ ਹੈ:- ਹੇ ਪਤਿਤ ਪਾਵਨ ਭਗਤ ਵਛਲ ਗੋਸਾਈਂ ਸਤਿਗੁਰੂ ਗ੍ਰੰਥ ਸਾਹਿਬ ਜੀ! ਕਾਮ ਕ੍ਰੋਧ ਲੋਭ ਝੂਠ ਨਿੰਦਾ; ਇਨ ਤੇ ਆਪਿ ਛਡਾਵਹੁ॥ ਇਹ ਭੀਤਰ ਤੇ ਇਨ ਕਉ ਡਾਰਹੁ; ਆਪਨ ਨਿਕਟਿ ਬੁਲਾਵਹੁ॥੧॥ ਮਹਾਂ ਵਿਸਮਾਦ ਸੱਚੀ ਕ੍ਰਿਪਾ ਕਰਕੇ, ਦਾਸਨਦਾਸੀ ਗ੍ਰੀਬਣੀ ਦੀ ਬਾਂਹ ਫੜ ਕੇ, ਅੱਗ ਦੇ ਸਮੁੰਦ੍ਰ 'ਚੋਂ ਕੱਢ ਲਵੋ ਜੀ। ਯਥਾ:- ਬਾਹ ਪਕੜਿ ਗੁਰਿ ਕਾਢਿਆ; ਸੋਈ ਉਤਰਿਆ ਪਾਰਿ॥੩॥ ਦਾਸਨਦਾਸੀ ਸਦਾ ਸਤਸੰਗਤ 'ਚ ਰਹਿ ਕੇ ਅਪਣਾ ਜੀਵਨ ਬਤੀਤ ਕਰੇ, ਸੱਚਾ ਨਾਮ ਜਪੇ ਜਪਾਵੇ। ਆਪ ਜੀ ਦੇ ਗੁਣ ਗਾਈਏ ਦਿਨ ਰੈਣ, ਮੁਖ ਨਾ ਮੋੜੀਏ, ਸਦਾ ਰਹੀਏ ਸੁਖੈਣ। ਜਨਮ ਜਨਮ ਦੇ ਵਿਛੁੜਿਆਂ ਨੂੰ, ਮਿਲ ਜਾਣਗੇ ਸੱਜਨ ਸੈਣ। ਇਹ ਦਾਸਨਦਾਸੀ ਦੀ ਪ੍ਰੇਮ ਬੇਨਤੀ, ਹਰਿ ਸੁਰਜਨੁ ਦੇਖਾ ਨੈਣ। ਯਥਾ:- ਨਾਨਕ ਕੀ ਬੇਨੰਤੀਆ; ਹਰਿ ਸੁਰਜਨੁ. ਦੇਖਾ ਨੈਣ॥੧॥

ਬੈਰੀ ਕਾਰਣਿ ਪਾਪ ਕਰਤਾ; ਬਸਤੁ ਰਹੀ ਅਮਾਨਾ॥ ਵਿਸ਼ੇ ਵਿਕਾਰਾਂ ਦੀ ਮਿੱਠੀ ਜ਼ਹਿਰ ਦੇ ਰਸ (ਕਾਰਣਿ) ਲਈ, ਜੀਵ ਪੰਜ ਵਿਕਾਰ ਰੂਪੀ (ਬੈਰੀ) ਵੈਰੀਆਂ ਦੇ ਵੱਸ ਹੋ ਕੇ, ਘੋਰ ਪਾਪ (ਕਰਤਾ) ਕਰਦਾ ਹੈ। ਯਥਾ:- ਬਿਖੁ ਕਾ ਕੀੜਾ. ਬਿਖੁ ਮਹਿ ਰਾਤਾ; ਬਿਖੁ ਹੀ ਮਾਹਿ ਪਚਾਵਣਿਆ॥੪॥ ਹੇ ਜੀਵ! ਵਿਕਾਰਾਂ ਵਿੱਚ ਲੱਗ ਕੇ ਸੱਚੇ ਸਤਿਗੁਰੂ ਸਾਹਿਬ ਜੀ ਦੀ ਸ਼ੁਭ ਅਮੋਲਕ ਸਿੱਖਿਆ ਰੂਪੀ (ਬਸਤੁ) ਵਸਤੂ (ਅਮਾਨਾ) ਅਮਾਨਤ ਵਾਂਗ ਵਰਤਣ ਤੋਂ (ਰਹੀ) ਰਹਿ ਗਈ ਭਾਵ ਆਪ ਜੀ ਨੇ ਸਿੱਖਿਆ ਨੂੰ ਕਮਾਇਆ ਨਹੀਂ ਜੀ। ਯਥਾ:- ਰੈਣਿ ਗਵਾਈ ਸੋਇ ਕੈ; ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥੧॥

ਛੋਡਿ ਜਾਹਿ ਤਿਨ ਹੀ ਸਿਉ ਸੰਗੀ; ਸਾਜਨ ਸਿਉ ਬੈਰਾਨਾ॥੩॥ ਮਨਮੁਖ ਨੇ ਜਿਹੜੇ ਮਾਇਆ ਪਦਾਰਥ ਸਬੰਧੀਆਂ ਨੂੰ (ਛੋਡਿ) ਛੱਡ ਕੇ (ਜਾਹਿ) ਜਾਣਾ ਹੈ, (ਤਿਨ) ਤਿਨ੍ਹਾਂ (ਸਿਉ) ਨਾਲ (ਹੀ) ਨਿਸਚੇ ਕਰਕੇ ਪ੍ਰੇਮ ਨਾਲ (ਸੰਗੀ) ਸਾਥੀ ਹੈ ਜੀ। (ਸਾਜਨ) ਸੱਜਣ ਮਿੱਤ੍ਰ ਵਾਹਿਗੁਰੂ ਜੀ (ਸਿਉ) ਨਾਲ (ਬੈਰਾਨਾ) ਵੈਰ ਕਰਦਾ ਹੈ ਜੀ॥੩॥ ਯਥਾ:- ਸਭੁ ਕਿਛੁ ਅਪਨਾ; ਇਕੁ ਰਾਮੁ ਪਰਾਇਆ॥

ਸਗਲ ਸੰਸਾਰੁ ਇਹੈ ਬਿਧਿ ਬਿਆਪਿਓ; ਸੋ ਉਬਰਿਓ ਜਿਸੁ ਗੁਰੁ ਪੂਰਾ॥ (ਸਗਲ) ਸਾਰਾ ਸੰਸਾਰੁ (ਇਹੈ) ਇਸ (ਬਿਧਿ) ਤਰ੍ਹਾਂ ਕਾਮ ਆਦਿਕਾਂ 'ਚ (ਬਿਆਪਿਓ) ਲੱਗਿਆ ਹੈ ਜੀ। (ਸੋ) ਉਹ ਗੁਰਮੁਖਿ, ਵਿਕਾਰਾਂ ਦੀ ਅੱਗ 'ਚੋਂ (ਉਬਰਿਓ) ਬਚਿਆ ਹੈ, ਜਿਸੁ ਨੂੰ (ਪੂਰਾ) ਪੂਰੇ ਪਰਮਪੂਜਨੀਕ (ਗੁਰੁ) ਸਤਿਗੁਰੂ ਗ੍ਰੰਥ ਸਾਹਿਬ ਜੀ ਪ੍ਰਾਪਤ ਹਨ ਜੀ। ਯਥਾ:- ਗੁਰਿ ਪੂਰੈ; ਮੇਰੀ ਰਾਖਿ ਲਈ॥ ਅੰਮ੍ਰਿਤ ਨਾਮੁ, ਰਿਦੇ ਮਹਿ ਦੀਨੋ; ਜਨਮ ਜਨਮ ਕੀ ਮੈਲੁ ਗਈ॥੧॥

**ਬਟਵਾਰੇ ਵੇਲੇ ਸਿੱਖ ਬੀਬੀ ਦੀ ਬਹਾਦਰੀ:-** ੧੯੪੭ ’ਚ ਭਾਰਤ ਦੇ ਬਟਵਾਰੇ ਵੇਲੇ ਸਦੀਆਂ ਤੋਂ ਇਕੱਠੇ ਰਹਿੰਦੇ ਹਿੰਦੂ, ਸਿੱਖ, ਮੁਸਲਮਾਨ ਇੱਕ ਦੂਜੇ ਦੇ ਲਹੂ ਦੇ ਤਿਹਾਏ ਹੋ ਗਏ। ਦੋਹੀਂ ਪਾਸੇ ਮਾਸੂਮ ਬੱਚਿਆਂ, ਨਿਰਦੋਸ਼ ਬੰਦੇ, ਬੁੱਢਿਆਂ ਦੀ ਕੱਟਾ ਵੱਢੀ ਸ਼ੁਰੂ ਹੋ ਗਈ। ਲੱਖਾਂ ਦੀ ਗਿਣਤੀ ’ਚ ਲੋਕ ਮਾਰੇ ਗਏ। ਕਈ ਬੀਬੀਆਂ ਨੇ ਧਾਰ ਲਿਆ “ਕਿ ਐਸਾ ਕੌਣ ਜੰਮਿਆ ਹੈ ਜੋ ਦਸ਼ਮੇਸ਼ ਪਿਤਾ ਦੀਆਂ ਧੀਆਂ ਦਾ ਧਰਮ ਨਾਸ ਕਰ ਸਕੇ” ਇਨ੍ਹਾਂ ਵਿੱਚੋਂ ਇੱਕ ਬੀਬੀ ਹਰਬੰਸ ਕੌਰ ਜੀ ਸਨ। ਜਿਸ ਦਾ ਹਾਲ ਚਰਨ ਸਿੰਘ ਭੋਰਛੀ ਨੇ ਡਿੱਠਾ ਹੈ ਜੀ। ਬਲੋਚੀ ਮਿਲਟਰੀ ਦੇ ਕੁੱਝ ਲੋਕ ਕਈ ਕੈਂਪਾਂ ਵਿੱਚ ਸਿੱਖਾਂ ਨੂੰ ਮਾਰ ਕੇ ਧੀਆਂ ਭੈਣਾ ਨੂੰ ਘਰ ਲੈ ਗਏ। ਇੱਕ ਸਿੱਖ ਬੀਬੀ ਹਰਬੰਸ ਕੌਰ ਹਾਈ ਸਕੂਲ ਦੀ ਅਧਿਆਪਕ ਸੀ। ਇਹ ਵੀ ਇੱਕ ਕੈਂਪ ਵਿੱਚ ਜ਼ਾਲਮਾ ਦੇ ਹੱਥ ਆ ਗਈ। ਬੀਬੀ ਬੜੀ ਸੁੰਦਰ ਤੇ ਧਾਰਮਿਕ ਵਿਚਾਰਾਂ ਵਾਲੀ ਅੰਮ੍ਰਿਤਧਾਰੀ ਸਿੰਘਣੀ ਸੀ।

ਦੁਸ਼ਟ ਵਿਕਾਰੀ ਅਨਵਰ ਖਾਂ ਇੱਕ ਐਮ. ਐਲ. ਏ. ਸੀ, ਜਿਸ ਨੇ ਬੀਬੀ ਨਾਲ ਅਪਣਾ ਨਿਕਾਹ ਕਰਨ ਦਾ ਹਰ ਤਰ੍ਹਾਂ ਦਾ ਜਤਨ ਕੀਤਾ। ਪਰ ਬੀਬੀ ਜੀ ਅਡੋਲ ਰਹੇ। ਦੁਸ਼ਟ ਨੇ ਬੀਬੀ ਜੀ ਨੂੰ ਕੁੱਟ ਮਾਰ ਕੇ ਬੇਹੋਸ਼ ਕਰ ਦਿਤੇ। ਮੂੰਹ ਵਿੱਚ ਪਾਣੀ ਪਾ ਕੇ ਹੋਸ਼ ’ਚ ਲਿਆਂਦੇ, ਫਿਰ ਪੁੱਠੇ ਲਟਕਾ ਦਿਤੇ। ਧਰਮੀ ਬੀਬੀ ਸਿਦਕ ਤੋਂ ਨਾ ਡੋਲੇ, ਗੱਜ ਗੱਜ ਕੇ ਗੁਰਬਾਣੀ ਪੜ੍ਹਦੇ ਰਹੇ। ਫਿਰ ਤੇਲ਼ ਤੱਤਾ ਕਰਕੇ ਬੀਬੀ ਜੀ ਦੇ ਸਿਰ ’ਤੇ ਪਾਇਆ ਗਿਆ। ਫਿਰ ਨੰਗੀ ਕਰਕੇ ਗਰਮ ਰੇਤੇ ’ਤੇ ਲਿਟਾਏ ਪਰ ਬੀਬੀ ਜੀ ਅਕਾਲਪੁਰਖੁ ਵਾਹਿਗੁਰੂ ਜੀ ਦਾ ਭਾਣਾ ਖਿੜੇ ਮੱਥੇ ਮੰਨਦਿਆਂ ਅਡੋਲ ਰਹੇ। ਫਿਰ ਡਰਾਉਣ ਲਈ ਨੰਗੀ ਤਲਵਾਰ ਉਸਦੇ ਦੋਵੇਂ ਬੱਚਿਆਂ ਅੱਗੇ ਕੱਢ ਕੇ ਜ਼ਾਲਮ ਨੇ ਕਿਹਾ “ਤੇਰੇ ਸਾਹਮਣੇ ਤੇਰੇ ਬੱਚੇ ਕਤਲ ਕਰ ਦੇਵਾਂਗਾ”। ਬੀਬੀ ਡੋਲੀ ਨਹੀਂ ਸਗੋਂ ਚੜ੍ਹਦੀ ਕਲਾ ’ਚ ਉੱਤਰ ਦਿੱਤਾ “ਇਹ ਕਲਗੀਆਂ ਵਾਲੇ ਦੇ ਪਿਆਰੇ ਬੱਚੇ ਹਨ। ਜੇ ਸ਼ਹੀਦ ਹੋ ਜਾਣਗੇ ਤਾਂ ਮੇਰੀ ਕੁੱਖ ਸਫਲੀ ਹੋਵੇਗੀ।” ਇਹ ਸੁਣ ਕੇ ਚੰਡਾਲ ਨੇ ਅੱਠ ਸਾਲ ਤੇ ਛੇ ਸਾਲ ਦੇ ਬੱਚੇ ਸ਼ਹੀਦ ਕਰ ਦਿਤੇ।

ਬੀਬੀ ਨੇ ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਭਾਣੇ ’ਚ ਪ੍ਰਸੰਨ ਰਹਿ ਕੇ, ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਇਹ ਅਮੋਲ ਬਚਨ ਕਮਾਏ:- ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥ ਸਗਲੇ ਦੁੱਖ ਅੰਮ੍ਰਿਤ ਕਰਕੇ ਪੀਤੇ ਤੇ ਸ਼ੁਕਰ ਕੀਤਾ ਕਿ ਮੇਰੀ ਸਿੱਖੀ ਨਿਭ ਗਈ। ਫਿਰ ਸੜਦਾ ਤੇਲ਼ ਨੰਗੇ ਸ੍ਰੀਰ ’ਤੇ ਪਾਇਆ।

ਸ੍ਰੀਰ ਛਾਲੋ ਛਾਲੀ ਹੋ ਗਿਆ, ਤੇ ਬੀਬੀ ਜੀ ਬੇਹੋਸ਼ ਹੋ ਗਏ। ਜੱਦ ਅੱਖਾਂ ਖੁੱਲ੍ਹੀਆਂ ਤੇ ਫਿਰ ਉਹੀ ਪ੍ਰਸ਼ਨ ਪੁੱਛਿਆ, ਪਰ ਬੀਬੀ ਨੇ ਨਿਕਾਹ ਪ੍ਰਵਾਨ ਨਾ ਕੀਤਾ। ਉਪਰੰਤ ਬੀਬੀ ਜੀ ਨੇ ਹੌਲੀ ਹੌਲੀ ਮੂੰਹ ਵਿੱਚ ਵਾਹਿਗੁਰੂ ਵਾਹਿਗੁਰੂ ਦਾ ਜਾਪ ਕੀਤਾ ਤੇ ਸਦਾ ਲਈ ਅੱਖਾਂ ਮੀਟ ਲਈਆਂ। ਇਉਂ ਇਤਨੇ ਤਸੀਹਿਆਂ ਦੇ ਬਾਵਜੂਦ ਭੀ ਬਹਾਦਰ ਬੀਬੀ ਜੀ ਨਾ ਡੋਲੇ ਤੇ ਕਲਗੀਧਰ ਜੀ ਦੇ ਪਰਉਪਕਾਰੀ ਸੱਚੇ ਚਰਨਕਮਲਾਂ ਵਿੱਚ ਜਾ ਬਿਰਾਜੇ।

ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਬਚਿੱਤ੍ਰ ਨਾਟਕ ’ਚ ਫ਼ੁਰਮਾਇਆ ਹੈ:- ਜੇ ਜੇ, ਸਹਿਤ ਜਾਤਨ ਸੰਦੇਹਿ॥ (ਜੇ ਜੇ) ਜਿਹੜੇ ਜਿਹੜੇ ਮਹਾਂਪੁਰਸ਼, ਗੁਰੂ ਨਾਨਕਦੇਵ ਸਾਹਿਬ ਜੀ ਦੇ (ਸੰਦੇਹਿ) ਪਿਆਰ ਸਹਿਤ, ਪੁਰਜਾ ਪੁਰਜਾ ਕੱਟਣ ਦੀ (ਜਾਤਨ) ਪੀੜਾ ਨੂੰ ਸਹਾਰਦੇ ਹਨ। ਪ੍ਰਭ ਕੋ ਸੰਗਿ; ਨ ਛੋਡਤ ਨੇਹ॥ (ਪ੍ਰਭ) ਸਮਰੱਥ ਵਾਹਿਗੁਰੂ ਗੁਰੂ ਨਾਨਕਦੇਵ ਸਾਹਿਬ ਜੀ (ਕੋ) ਦੇ ਸੰਗਿ ਜੋ ਉਨ੍ਹਾਂ ਦਾ (ਨੇਹ) ਪ੍ਰੇਮ ਹੈ, ਉਸ ਨੂੰ (ਨ) ਨਹੀਂ (ਛੋਡਤ) ਛੱਡਦੇ। ਤੇ ਤੇ; ਪਰਮਪੁਰੀ ਕਹ ਜਾਹੀ॥ (ਤੇ ਤੇ) ਉਹ ਉਹ ਜੋ ਸਤਿਗੁਰਾਂ ’ਤੋਂ ਸਿਰ ਵਾਰਨ ਵਾਲੇ ਹੋਏ ਹਨ, ਜਿਨ੍ਹਾਂ ਦਾ ਉੱਪਰ ਜ਼ਿਕਰ ਆਇਆ ਹੈ, ਉਹ ਸਾਰੇ

(ਪਰਮਪੁਰੀ) ਸੱਚਖੰਡ (ਕਹ) ਨੂੰ (ਜਾਹੀ) ਜਾਣਗੇ। ਤਿਨ ਹਰਿ ਸਿਉ; ਅੰਤਰੁ ਕਛੁ ਨਾਹੀ॥੨੧॥ (ਤਿਨ) ਤਿਨ੍ਹਾਂ ਭਾਵ ਸਤਿਗੁਰਾਂ ਜੀ 'ਤੋਂ ਕੁਰਬਾਨ ਹੋਣ ਵਾਲੇ ਸ਼ਹੀਦਾਂ ਦਾ ਹਰਿ ਜੀ (ਸਿਉ) ਨਾਲੋਂ (ਕਛੁ) ਥੋੜੇ ਮਾਤ੍ਰ ਭੀ (ਅੰਤਰੁ) ਫ਼ਰਕ ਨਾਹੀ ਹੈ ਜੀ। ਯਥਾ:- ਹਰਿ ਹਰਿਜਨ ਦੁਈ. ਏਕ ਹੈ; ਬਿਬ ਬਿਚਾਰ ਕਛੁ ਨਾਹਿ॥ ਜਲ ਤੇ ਉਪਜ ਤਰੰਗ ਜਿਉ; ਜਲ ਹੀ ਬਿਖੈ ਸਮਾਹਿ॥

ਕਹੁ ਨਾਨਕ. ਭਵ ਸਾਗਰੁ ਤਰਿਓ; ਭਏ ਪੁਨੀਤ ਸਰੀਰਾ॥੪॥੫॥੧੨੭॥ (ਨਾਨਕ) ਗੁਰ ਅਰਜਣੁ ਸਚੁ ਸਿਰਜਣਹਾਰਾ॥੧੮॥ ਜੀ (ਕਹੁ) ਫ਼ੁਰਮਾਉਂਦੇ ਹਨ:- ਜਿਸ ਨੂੰ ਸ੍ਰਬ ਵਿਆਪੀ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਪੂਰੇ ਸਤਿਗੁਰੂ ਸਾਹਿਬ ਜੀ ਮਿਲੇ ਹਨ, ਤਿਨ੍ਹਾਂ ਦੇ ਮਨ ਬਾਣੀ (ਸਰੀਰਾ) ਸ੍ਰੀਰ (ਪੁਨੀਤ) ਪਵਿੱਤ੍ਰ (ਭਏ) ਹੋ ਗਏ। ਓਹੀ ਨਿਰਮਲ ਗੁਰਮੁਖਿ ਖ਼ਾਲਸਾ ਜੀ ਇਸ (ਭਵ) ਸੰਸਾਰ (ਸਾਗਰੁ) ਸਮੁੰਦ੍ਰ ਤੋਂ (ਤਰਿਓ) ਤਰ ਗਏ ਜੀ॥੪॥੫॥੧੨੭॥ ਯਥਾ:- ਗੁਰੁ ਪਉੜੀ. ਬੇੜੀ ਗੁਰੂ; ਗੁਰੁ ਤੁਲਹਾ ਹਰਿ ਨਾਉ॥ ਗੁਰੁ ਸਰੁ ਸਾਗਰੁ ਬੋਹਿਥੋ; ਗੁਰੁ ਤੀਰਥੁ ਦਰੀਆਉ॥

੪੮. ਮਾਰੂ ਮਹਲਾ ੫॥ ਗੁਪਤੁ ਕਰਤਾ, ਸੰਗਿ ਸੋ ਪ੍ਰਭੁ; ਡਹਕਾਵਏ ਮਨੁਖਾਇ॥ ਪਰਮਪੂਜਨੀਕ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਗੁਰ ਅਰਜਣੁ ਸਚੁ ਸਿਰਜਣਹਾਰਾ॥ ਜੀ ਮਾਰੂ ਰਾਗ 'ਚ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:-

ਆਪ ਜੀ ਦੇ ਚਰਨ ਚੱਟ ਕੇ ਪ੍ਰੇਮ ਬੇਨਤੀ ਹੈ:- ਸਤਿਗੁਰੂ ਅਰਜਨਦੇਵ ਸਾਹਿਬ ਜੀ ਹੁਣ ਕੁਰਬਾਨੀ ਦੇ ਰਹੇ ਜਾਣ ਕੇ, ਰੋਮ ਰੋਮ ਕਰਕੇ ਨਮਸਕਾਰਾਂ ਕਰਦਿਆਂ, ਧਿਆਨ ਧਾਰ ਕੇ ਹਰ ਸਮੇਂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕੁਰਬਾਨੀ ਰੋਮ ਰੋਮ ਕਰਕੇ ਜਪੋ ਜਪਾਉ, ਨੈਕਟ੍ਰ ਪੀਵੋ ਪਿਲਾਉ ਜੀ ਪਿਆਰੇ ਜੀ। ਪਰਮ ਵੈਰਾਗਮਈ ਕੁਰਬਾਨੀ ਨੂੰ ਨਾ ਭੁੱਲੋ ਜੀ। ਜ਼ਾਲਮਾਂ ਦੇ ਘੋਰ ਭਿਆਨਕ ਜ਼ੁਲਮ ਕਰਨ ਤੋਂ, ਪਰਮਪੂਜਨੀਕ ਵਾਹਿਗੁਰੂ ਗੁਰੂ ਪ੍ਰਮੇਸਰ ਮਹੱਲਾ ਪੰਜਵਾਂ ਜੀ, ਜੁੱਗੋ ਜੁੱਗ ਸਦਾ ਸ੍ਰਬੱਤ ਦੇ ਭਲੇ ਲਈ ਉੱਬਲਦੀ ਦੇਗ ਵਿੱਚ ਬੈਠ ਰਹੇ ਹਨ, ਪਰਮਪੂਜਨੀਕ ਵਾਹਿਗੁਰੂ ਮਹੱਲਾ ਨੌਵਾਂ ਜੀ ਸੀਸ ਕੁਰਬਾਨ ਕਰ ਰਹੇ ਹਨ, ਪਰਮਪੂਜਨੀਕ ਵਾਹਿਗੁਰੂ ਮਹੱਲਾ ਦਸਵਾਂ ਜੀ ਸ੍ਰਬੰਸ ਕੁਰਬਾਨ ਕਰ ਰਹੇ ਹਨ ਜੀ। ਬਿਅੰਤ ਬ੍ਰਹਮੰਡ ਨੂੰ ਗੁਰਬਾਣੀ ਬਖ਼ਸ਼ ਕੇ ਤਾਰ ਰਹੇ ਹਨ ਜੀ। ਬਿਅੰਤ ਬ੍ਰਹਮੰਡ ਦੇ ਭਗਤਾਂ, ਸਨਮੁਖ ਸ਼ਹੀਦਾਂ ਨੂੰ ਖਿਨ ਖਿਨ ਨਮਸਕਾਰਾਂ ਕਰੋ ਜੀ ਪਿਆਰੇ ਜੀ।

(ਮਨੁਖਾਇ: ਪੋਲਾ ਬੋਲੋ) ਗੁਪਤੁ ਕਰਤਾ, ਸੰਗਿ ਸੋ ਪ੍ਰਭੁ; ਡਹਕਾਵਏ ਮਨੁਖਾਇ॥ ਹੇ ਸਾਧਸੰਗਤ ਜੀ! (ਸੋ) ਓਹੁ ਪ੍ਰਭੁ ਗੁਰੂ ਪ੍ਰਮੇਸਰ ਜੀ ਸਦਾ ਅੰਗ ਸੰਗਿ ਸਭਨਾਂ ਨੂੰ ਦੇਖਦੇ ਸੁਣਦੇ ਹਨ ਜੀ। ਯਥਾ:- ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥ ਪਰ ਫਿਰ ਭੀ ਵਿਕਾਰੀ ਮਨਮੁਖ (ਗੁਪਤੁ) ਲੁਕ ਕੇ (ਮਨੁਖਾਇ) ਪਰਾਈ ਇਸਤ੍ਰੀ, ਪਰਾਏ ਪੁਰਖ ਨਾਲ ਕੁਸੰਗ (ਕਰਤਾ) ਕਰਦਾ ਹੈ ਜੀ। ਫਿਰ ਚਉਰਾਸੀ ਲੱਖ ਜੂਨਾਂ 'ਚ (ਡਹਕਾਵਏ) ਭਟਕਦਾ ਹੈ। ਯਥਾ:- ਚਉਰਾਸੀਹ ਨਰਕ; ਸਾਕਤੁ ਭੋਗਾਈਐ॥ ਜੈਸਾ ਕੀਚੈ ਤੈਸੋ ਪਾਈਐ॥

ਬਿਸਾਰਿ ਹਰਿ ਜੀਉ, ਬਿਖੈ ਭੋਗਹਿ; ਤਪਤ ਥੰਮ ਗਲਿ ਲਾਇ॥੧॥ (ਹਰਿ) ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ, ਪਰਮ ਪਿਆਰੇ ਪੂਰਨ ਬ੍ਰਹਮ ਜੀਉ ਨੂੰ ਬਿਸਾਰਿ ਕੇ (ਬਿਖੈ) ਵਿਕਾਰਾਂ ਔਗੁਣਾਂ ਨੂੰ (ਭੋਗਹਿ) ਭੋਗਦਾ ਹੈ। ਜਿਸ ਕਰਕੇ ਨਰਕ ਵਿੱਚ ਚੀਕਾਂ ਮਾਰਦਾ ਰੋਂਦਾ ਕੁਰਲਾਉਂਦਾ ਪਿੱਟਦਾ ਹੈ। ਨਰਕ 'ਚ ਜਮਦੂਤ ਇਸ ਦਾ ਗਲਿ (ਤਪਤ) ਤੱਤੇ ਮੱਚਦੇ ਲਾਲ ਥੰਮ ਨਾਲ (ਲਾਇ) ਲਾਉਂਦੇ ਭਾਵ ਲੋਹੇ ਦੀ ਇਸਤ੍ਰੀ ਜਾਂ ਪੁਰਖ ਦੇ ਰੂਪ 'ਚ ਥੰਮ ਗਰਮ ਕਰਕੇ ਜੱਫੀ ਪਵਾਉਂਦੇ ਹਨ॥੧॥

ਗੁਰਪ੍ਰਸਾਦਿ ਵਾਹਿਗੁਰੂ:- ਸਾਊ ਗੁਰਮੁਖਿ ਅਪਣੇ ਕ੍ਰੈਕਟ੍ਰ ਦੀ ਸੰਭਾਲ ਕਰਦੇ ਹਨ। ਸੰਭਾਲਦੇ ਹਨ ਕ੍ਰੈਕਟ੍ਰ, ਪੀਂਦੇ ਹਨ ਨੈਕਟ੍ਰ। ਕੋਈ ਮਾੜਾ ਕੰਮ ਨਹੀਂ ਕਰਦੇ, ਕਿ ਸਾਡੇ ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਨੂੰ ਉਲਾਂਭਾ ਮਿਲੇਗਾ ਜੀ। ਐਸੇ ਚੰਗੇ ਇਖਲਾਕ ਗੁਰਸਿੱਖਾਂ ਦੀ, ਸਤਿਗੁਰੂ ਸਾਹਿਬ ਜੀ ਚਰਨ ਧੂੜ ਮੰਗਦੇ ਹਨ ਜੀ। ਯਥਾ:- ਗੁਰਸਿਖਾਂ ਕੀ ਹਰਿ ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥ ਤਥਾ:- ਜੋ ਗੁਰਮੁਖਿ ਨਾਮੁ ਧਿਆਇਦੇ; ਤਿਨ ਦਰਸਨੁ ਦੀਜੈ॥ ਹਮ ਤਿਨ ਕੇ ਚਰਣ ਪਖਾਲਦੇ; ਧੂੜਿ ਘੋਲਿ ਘੋਲਿ ਪੀਜੈ॥੧੨॥ ਦਾਸਨਦਾਸ ਸਤਿਗੁਰੂ ਸਾਹਿਬਾਨ ਜੀ ਦੀ ਚਰਨ ਧੂੜ ਮੰਗਦੇ ਹਾਂ, ਚਰਨ ਧੂੜ 'ਚ ਇਸ਼ਨਾਨ ਕਰਦੇ ਹਾਂ। ਯਥਾ:- ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ॥ ਗੁਰ ਨਾਨਕ; ਜਪਿ ਜਪਿ ਸਦ ਜੀਵਾ॥੪॥੪੩॥੫੬॥ ਤਥਾ:- ਗੁਰ ਕੀ ਰੇਣੁ; ਨਿਤ ਮਜਨੁ ਕਰਉ॥ ਜਨਮ ਜਨਮ ਕੀ; ਹਉਮੈ ਮਲੁ ਹਰਉ॥੨॥

ਰੇ ਨਰ; ਕਾਇ ਪਰ ਗ੍ਰਿਹਿ ਜਾਇ॥ ਕੁਚਲ ਕਠੋਰ ਕਾਮਿ ਗਰਧਭ; ਤੁਮ ਨਹੀ ਸੁਨਿਓ ਧਰਮਰਾਇ॥੧॥ਰਹਾਉ॥ (ਰੇ) ਹੇ (ਕੁਚਲ) ਬਦਚਲਣ, (ਕਠੋਰ) ਪੱਥਰ ਦਿਲ, (ਕਾਮਿ) ਕਾਮੀ (ਗਰਧਭ) ਖੋਤੇ ਦੀ ਨਿਆਈ ਮਨਮੁਖ (ਨਰ) ਜੀਵ! (ਕਾਇ) ਕਿਸ ਲਈ ਆਪਣੀ ਨਿਜ ਨਾਰੀ ਨੂੰ ਛੱਡ ਕੇ, (ਪਰ) ਪਰਾਏ (ਗ੍ਰਿਹਿ) ਘਰ (ਜਾਇ) ਜਾਂਦਾ ਹੈਂ? (ਤੁਮ) ਤੂੰ ਧਰਮਰਾਇ ਬਾਰੇ ਨਹੀ (ਸੁਨਿਓ) ਸੁਣਿਆ? ਕਿ ਨਰਕ 'ਚ ਪਰ ਗ੍ਰਿਹ ਵਿਕਾਰੀਆਂ ਨੂੰ ਅਤਿਅੰਤ ਸਖ਼ਤ ਸਜਾਵਾਂ ਦਿੰਦਾ ਹੈ॥੧॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

(ਗਲ਼ਹਿ ਪੋਲਾ, ਬਾਂਧੇ) ਬਿਕਾਰ ਪਾਥਰ ਗਲਹਿ ਬਾਧੇ; ਨਿੰਦ ਪੋਟ ਸਿਰਾਇ॥ (ਗਲਹਿ) ਗਲ਼ ਨਾਲ (ਬਿਕਾਰ) ਵਿਕਾਰਾਂ ਰੂਪੀ ਭਾਰੇ (ਪਾਥਰ) ਪੱਥਰ (ਬਾਧੇ) ਬੰਨ੍ਹੇ ਹੋਏ ਹਨ, (ਸਿਰਾਇ) ਸਿਰ 'ਤੇ ਪਰ (ਨਿੰਦ) ਨਿੰਦਾ ਦੀ (ਪੋਟ) ਪੰਡ ਚੁੱਕੀ ਹੋਈ ਹੈ। ਗੁਣੀ ਪੁਰਸ਼ਾਂ ਦੇ ਗੁਣ ਨੂੰ ਅਉਗੁਣ ਕਹਿਣਾ ਨਿੰਦਾ ਹੈ। ਯਥਾ:- ਪਰ ਨਿੰਦਾ. ਪਰ ਮਲੁ ਮੁਖ ਸੁਧੀ; ਅਗਨਿ ਕ੍ਰੋਧੁ ਚੰਡਾਲੁ॥ ਰਸ ਕਸ. ਆਪੁ ਸਲਾਹਣਾ; ਏ ਕਰਮ ਮੇਰੇ. ਕਰਤਾਰ॥

ਮਹਾ ਸਾਗਰੁ ਸਮੁਦੁ ਲੰਘਨਾ; ਪਾਰਿ ਨ ਪਰਨਾ ਜਾਇ॥੨॥ ਸੰਸਾਰ ਰੂਪੀ (ਮਹਾ) ਵੱਡੇ (ਸਮੁਦੁ) ਸਮੁੰਦ੍ਰ ਸਾਗਰੁ ਵਿੱਚੋਂ ਵਾਹਿਗੁਰੂ ਨਾਮ ਜਹਾਜ਼ 'ਤੇ ਚੜ੍ਹ ਕੇ ਪਾਰ ਲੰਘਨਾ ਸੀ, ਪਰ ਗੁਰਮਤਿ ਤਿਆਗ ਕੇ, ਵਿਕਾਰਾਂ ਔਗੁਣਾਂ ਵਿੱਚ ਲੱਗ ਕੇ ਪਾਰਿ (ਨ) ਨਹੀਂ (ਪਰਨਾ) ਪਾਇਆ (ਜਾਇ) ਜਾਏਗਾ॥੨॥ ਯਥਾ:- ਆਗੈ ਬਿਮਲ ਨਦੀ; ਅਗਨਿ ਬਿਖੁ ਝੇਲਾ॥ ਤਿਥੈ ਅਵਰੁ. ਨ ਕੋਈ; ਜੀਉ ਇਕੇਲਾ॥ ਭੜ ਭੜ ਅਗਨਿ ਸਾਗਰੁ ਦੇ ਲਹਰੀ; ਪੜਿ ਦਝਹਿ. ਮਨਮੁਖ ਤਾਈ ਹੇ॥੯॥ ਪਰ, ਜੈ ਜੈਕਾਰੁ ਜਪਉ ਜਗਦੀਸ॥ ਗੁਰਮਤਿ ਮਿਲੀਐ ਬੀਸ ਇਕੀਸ॥ ਸਤਿਗੁਰੂ ਸਾਹਿਬ ਜੀ ਦੀ ਸੱਚੀ ਸਰਣੀ ਪੈ ਕੇ, ਵਾਹਿਗੁਰੂ ਜੀ ਦਾ ਨਾਮ ਜਪੋ ਜਪਾਉ, ਜੈ ਜੈਕਾਰ ਕਰੋ ਕਰਾਉ, ਗੁਰੂ ਜੀ ਦੀ ਸਿੱਖਿਆ 'ਤੇ ਚਲੋ ਤਾਂ ਨਿਸਚੇ ਕਰਕੇ ਸਤਿਗੁਰੂ ਸਾਹਿਬ ਜੀ ਅਗਨਿ ਸਾਗਰ ਤੋਂ ਤਾਰ ਕੇ ਵਾਹਿਗੁਰੂ ਜੀ ਨਾਲ ਮਿਲਾ ਦੇਣਗੇ। ਯਥਾ:- ਛੋਡਹੁ; ਕਾਮ ਕ੍ਰੋਧੁ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥ ਸਤਿਗੁਰ ਸਰਣਿ ਪਰਹੁ. ਤਾ ਉਬਰਹੁ; ਇਉ ਤਰੀਐ ਭਵਜਲੁ ਭਾਈ ਹੇ॥੮॥

ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ; ਨੇਤ੍ਰ ਰਖੇ ਫਿਰਾਇ॥ ਮਨਮੁਖ ਦਿਨ ਰਾਤ, ਕਾਮਿ ਕ੍ਰੋਧਿ ਲੋਭਿ ਮੋਹਿ ਵਿੱਚ (ਬਿਆਪਿਓ) ਲੱਗਿਆ ਹੈ ਜੀ। ਉਸ ਨੇ ਅਪਣੇ ਨੇਤ੍ਰ ਮਹਾਰਾਜ ਸਾਹਿਬ ਜੀ ਵੱਲੋਂ (ਫਿਰਾਇ) ਫੇਰ ਕੇ ਰਖੇ ਹਨ ਜੀ। ਭਾਵ ਜਿਨ੍ਹਾਂ ਦੇ ਦਰਸਨ ਕਰਦਿਆਂ ਸਾਰ ਤਪਦਾ ਹਿਰਦਾ ਸ਼ਾਂਤ ਹੋ ਜਾਂਦਾ ਹੈ, ਰਿਦੇ ਵਿੱਚੋਂ ਮੂੰਹ 'ਚ ਅੰਮ੍ਰਿਤ ਦਿਮਾਗ਼ 'ਚ ਗੁਰਬਾਣੀ ਆ ਜਾਂਦੀ ਹੈ। ਯਥਾ:- ਸਤਿਗੁਰ ਦਰਸਨਿ; ਅਗਨਿ ਨਿਵਾਰੀ॥ ਐਸੇ ਸੁੰਦਰ ਸੁਆਮੀ ਜੀ ਦੇ ਦਰਸਨਾਂ ਨੂੰ ਛੱਡ ਕੇ ਮਨਮੁਖ ਦਿਨ ਰਾਤ ਪਰਾਇਆ ਰੂਪ, ਵਿਕਾਰੀ ਮੂਵੀਆਂ ਆਦਿ ਦੇਖਦਾ ਰਹਿੰਦਾ ਹੈ ਜੀ।

ਸੀਸੁ ਉਠਾਵਨ. ਨ ਕਬਹੂ ਮਿਲਈ; ਮਹਾ ਦੁਤਰ ਮਾਇ॥੩॥ ਮਨਮੁਖ ਭਿਆਨਕ ਵਿਕਾਰਾਂ ਤੋਂ ਮਾਰ ਖਾਂਦਾ ਹੈ, ਉਸ ਨੂੰ (ਸੀਸੁ) ਸਿਰ (ਉਠਾਵਨ) ਚੁੱਕਣ ਦਾ ਮੌਕਾ (ਕਬਹੂ) ਕਦੇ (ਨ) ਨਹੀਂ (ਮਿਲਈ) ਮਿਲਦਾ। ਉਸ ਨੂੰ (ਮਾਇ) ਮਾਇਆ ਤਰਨੀ ਮਹਾ (ਦੁਤਰ) ਕਠਨ ਹੈ ਜੀ॥੩॥ ਯਥਾ:- ਮਾਇਆ ਸਰੁ. ਸਬਲੁ ਵਰਤੈ ਜੀਉ; ਕਿਉ ਕਰਿ. ਦੁਤਰੁ ਤਰਿਆ ਜਾਇ॥

ਸੂਰੁ ਮੁਕਤਾ ਸਸੀ ਮੁਕਤਾ; ਬ੍ਰਹਮਗਿਆਨੀ ਅਲਿਪਾਇ॥ ਜਿਵੇਂ (ਸੂਰੁ) ਸੂਰਜ ਕ੍ਰੋੜਾਂ ਕੋਹਾਂ ਦੂਰੋਂ ਧਰਤੀ ਨੂੰ ਪ੍ਰਕਾਸ ਦਿੰਦਿਆਂ ਗੰਦਗੀ ਸਾਫ਼ ਕਰਦਿਆਂ ਮੁਕਤਾ ਭਾਵ ਨਿਰਲੇਪ ਹੈ। ਯਥਾ:- ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ; ਅੰਧਕਾਰ ਬਿਨਾਸ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ; ਮਨਿ. ਨ ਭਇਓ ਬਿਖਾਦੁ॥੫॥ (ਸਸੀ) ਚੰਦ ਰਾਤ ਨੂੰ ਪ੍ਰਕਾਸ ਦਿੰਦਿਆਂ ਧਰਤੀ 'ਤੇ ਸ਼ਾਂਤੀ ਵਰਤਾ ਕੇ ਮੁਕਤਾ ਭਾਵ ਨਿਰਲੇਪ ਹੈ। ਤਿਵੇਂ ਸਨਮੁਖ ਗੁਰਮੁਖਿ ਤ੍ਰਿਗੁਣ ਅਤੀਤ, ਬ੍ਰਹਮਗਿਆਨੀ ਮਾਇਆ ਤੋਂ (ਅਲਿਪਾਇ) ਨਿਰਲੇਪ ਹਨ। ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥) ਨਮੋ ਸੂਰਜ ਸੂਰਜੇ; ਨਮੋ ਚੰਦ੍ਰ ਚੰਦ੍ਰੇ॥ ਬ੍ਰਹਮਗਿਆਨੀ ਨਿਰਗੁਨ ਨਿਰੰਕਾਰ ਸਤਿਗੁਰੂ ਗ੍ਰੰਥ ਸਾਹਿਬ ਜੀ, ਸੂਰਜ ਦੇ ਪ੍ਰਕਾਸ਼ਨ ਵਾਂਗ, ਬਿਅੰਤ ਬ੍ਰਹਮੰਡਾਂ ਨੂੰ ਨਾਮ ਦਾ ਪ੍ਰਕਾਸ ਬਖ਼ਸ਼ਦੇ ਹਨ, ਤੇ ਚੰਦ ਵਾਂਗ ਭਾਉ ਭਗਤੀ ਗੁਰਸਬਦਾਂ ਦੀਆਂ ਕਿਰਨਾਂ ਅਪਣਿਆਂ ਸੇਵਕਾਂ ਦੇ ਦਿਲ ਦਿਮਾਗ਼ ਵਿੱਚ ਪ੍ਰਕਾਸਦੇ ਹਨ, ਪੂਰਨ ਸ਼ਾਂਤੀ, ਅਜਪਾ ਜਾਪ ਨਾਮ ਬਖ਼ਸ਼ਦੇ ਹਨ ਜੀ।

ਸੁਭਾਵਤ ਜੈਸੇ ਬੈਸੰਤਰ; ਅਲਿਪਤ ਸਦਾ ਨਿਰਮਲਾਇ॥੪॥) ਬ੍ਰਹਮਗਿਆਨੀ ਕਾ; ਇਹੈ ਗੁਨਾਉ॥ ਨਾਨਕ. ਜਿਉ ਪਾਵਕ ਕਾ; ਸਹਜ ਸੁਭਾਉ॥੧॥ ਅਨੁਸਾਰ (ਜੈਸੇ) ਜਿਵੇਂ (ਬੈਸੰਤਰ) ਅੱਗ ਦਾ, ਇਹ (ਸੁਭਾਵਤ) ਸੁਭਾਅ ਹੈ, ਕਿ ਠੰਢ ਵਿੱਚ ਨੇੜੇ ਜਾਣ ਤੋਂ, ਠੰਢ ਦੂਰ ਕਰਦੀ ਹੈ, ਹਨ੍ਹੇਰੇ ਵਿੱਚ ਚਾਨਣ ਕਰਦੀ ਹੈ, ਜਿਹੜੀ ਗੰਦੀ ਚੀਜ਼ ਵਿੱਚ ਸੁੱਟੀ ਜਾਵੇ ਉਸ ਨੂੰ ਸਾੜ ਕੇ, ਵਾਤਾਵਰਣ ਨੂੰ ਸਾਫ਼ ਕਰਦੀ ਹੈ, ਖਾਣਾ ਹਜ਼ਮ ਕਰਦੀ ਹੈ, ਸ੍ਰੀਰਾਂ ਅਤੇ ਬਨਾਸਪਤੀ ਨੂੰ ਵਧਾਉਂਦੀ ਫੁਲਾਉਂਦੀ ਹੈ, ਹੋਰ ਅਨੇਕਾਂ ਹੀ ਕਾਜ ਸਵਾਰਦਿਆਂ ਨਿਰਲੇਪ ਰਹਿੰਦੀ ਹੈਯਥਾ:- ਸੁਭਾਇ ਅਭਾਇ ਜੁ ਨਿਕਟਿ ਆਵੈ; ਸੀਤੁ ਤਾ ਕਾ ਜਾਇ॥ ਆਪ ਪਰ ਕਾ ਕਛੁ. ਨ ਜਾਣੈ; ਸਦਾ ਸਹਜਿ ਸੁਭਾਇ॥੭॥ ਇਉਂ ਪਰਮਪੂਜਨੀਕ ਗੁਰੂ ਸਾਹਿਬ ਜੀ ਦੇ ਸਾਜੇ ਨਿਵਾਜੇ, ਬ੍ਰਹਮਗਿਆਨੀ; ਸਗਲ ਕੀ ਰੀਨਾ॥ ਬਣੇ ਪੂਰਨ ਬ੍ਰਹਮਗਿਆਨੀ ਜੀ ਪਰਉਪਕਾਰ ਕਰਦਿਆਂ ਸਦਾ (ਅਲਿਪਤ) ਨਿਰਲੇਪ (ਨਿਰਮਲਾਇ) ਨਿਰਮਲ ਉੱਜਲ ਰਹਿੰਦੇ ਹਨ॥੪॥

ਜਿਹੜਾ ਉਨ੍ਹਾਂ ਦੇ ਨੇੜੇ ਜਾਂਦਾ ਹੈ, ਉਸ ਦਾ ਮਹਾਂ ਪਾਪਾਂ ਰੂਪੀ ਪਾਲ਼ਾ ਦੂਰ ਕਰਦੇ ਹਨ, ਅਗਿਆਨ ਰੂਪੀ ਅੰਧੇਰਾ ਚੁੱਕਦੇ ਹਨ। ਅੱਗ 'ਚ ਚੀਜ਼ ਸੁੱਟਣ ਵਾਂਗ ਜਿਹੜਾ ਪ੍ਰੇਮੀ ਨਿਸ਼ਕਾਮ ਸੇਵਾ ਕਰਕੇ, ਸ਼ੁਭ ਸੱਚੇ ਮਿੱਠੇ ਚਰਨਕਮਲਾਂ ਵਿੱਚ ਲੀਣ ਹੁੰਦਾ ਹੈ, ਉਸ ਦੇ ਅੱਗ 'ਚ ਸੜਣ ਵਾਂਗ ਔਗੁਣਾਂ ਦੀ ਮੈਲ਼ ਸਾੜ ਕੇ ਆਪਣਾ ਨਿਰਮਲ ਸਰੂਪ ਹੀ ਬਣਾ ਲੈਂਦੇ ਹਨ ਜੀ। ਖਾਣਾ ਹਜ਼ਮ ਕਰਨ ਵਾਂਗ, ਬ੍ਰਹਮਗਿਆਨ ਰੂਪੀ ਭੋਜਨ ਨੂੰ, ਗੁਰ ਪ੍ਰੇਮਾ ਭਗਤੀ ਦੁਆਰਾ ਹਜ਼ਮ ਕਰਨ ਭਾਵ ਅਜਰ ਜਰਨ ਦਾ ਬਲ ਬਖ਼ਸ਼ਦੇ ਹਨ। ਸ੍ਰੀਰਾਂ ਦੇ ਵੱਧਣ ਫੁੱਲਣ ਵਾਂਗ, ਆਪਣੇ ਪ੍ਰੇਮੀ ਜੀ ਨੂੰ ਸ੍ਰਬ ਵਿਆਪੀ ਅਨਤ ਕਲਾਵਾਨ ਵਿਸਮਾਦ ਨਿਮ੍ਰਤਾ ਹਲੀਮੀ ਗ੍ਰੀਬੀ ਸਹਿਨਸ਼ੀਲਤਾ ਭਾਣਾ ਮੰਨਣ ਲਿਵ ਲਾਉਣ, ਸਤਿ ਸੰਤੋਖ ਦਇਆ ਧਰਮ ਵੀਚਾਰ ਪ੍ਰੇਮ ਨਾਮ ਆਦਿ ਅਸੰਖ ਗੁਣਾਂ ਦਾ ਦਾਨ ਬਖ਼ਸ਼ ਕੇ, ਵਧਾ ਫੁੱਲਾ ਦਿੰਦੇ ਹਨ।

ਜਿਸੁ ਕਰਮੁ ਖੁਲਿਆ. ਤਿਸੁ ਲਹਿਆ ਪੜਦਾ; ਜਿਨਿ. ਗੁਰ ਪਹਿ ਮੰਨਿਆ ਸੁਭਾਇ॥ (ਜਿਨਿ) ਜਿਸ ਗੁਰਮੁਖਿ, ਗੁਰੂ ਗੁਰ ਸਤਿਗੁਰੂ ਸਾਹਿਬ ਜੀ ਦੇ (ਪਹਿ) ਪਾਸ ਰਹਿ ਕੇ, ਆਪਣਾ ਤਨ ਮਨ ਧਨ ਸਰਬੰਸ ਅਰਪ ਕੇ, (ਸੁਭਾਇ) ਸੁਭਾਵਕ ਹੀ, (ਸੁ+ਭਾਇ) (ਸੁ) ਸ੍ਰੇਸਟ (ਭਾਇ) ਭਾਵਨਾ ਸਹਿਤ ਸਤਿਗੁਰੂ ਸਾਹਿਬ ਜੀ ਦੀ ਆਗਿਆਕਾਰੀ ਵਾਈਫ਼ ਬਣ ਕੇ,

ਸਤਿਗੁਰੂ ਸਾਹਿਬ ਜੀ ਦਾ ਹੁਕਮ ਮੰਨਿਆ, ਕਮਾਇਆ। ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ ਮਾਥੈ ਲੇ ਮਾਨਿਓ॥ ਅਨੁਸਾਰ ਸੱਚੇ ਸਤਿਗੁਰੂ ਸਾਹਿਬ ਦਾ ਹੁਕਮ ਸਿਰ ਮੱਥੇ 'ਤੇ ਚਾਅ ਨਾਲ ਮੰਨ ਕੇ, ਸਭ ਦੀ ਚਰਨ ਧੂੜ ਬਣ ਜਾਂਦੇ, ਹੰਕਾਰ ਗਵਾਉਂਦੇ। ਸੱਚੇ ਸਤਿਗੁਰੂ ਸਾਹਿਬ ਜੀ ਦਾ ਹੁਕਮ ਹੈ, ਨੇਤ੍ਰਾਂ ਨਾਲ ਪਰਾਇਆ ਰੂਪ ਨਹੀਂ ਦੇਖਣਾ, ਮਨ ਦਾ ਲੋਭ ਤਿਆਗਣਾ, ਜ਼ਬਾਨ ਕਰਕੇ ਝੂਠ ਨਹੀਂ ਬੋਲਣਾ। ਨਿੰਦਾ ਚੁਗਲੀ ਨਹੀਂ ਕਰਨੀ, ਨਾ ਹੀ ਸੁਨਣੀ ਆਦਿ ਸਮੂਹ ਔਗੁਣ ਤਿਆਗਣੇ।

ਇਉਂ ਬਾਬਾ ਮਹਾਂ ਸਿੰਘ ਜੀ, ਭਾਈ ਦਾਨ ਸਿੰਘ ਜੀ, ਭਾਈ ਬੀਰ ਸਿੰਘ ਜੀ, ਭਾਈ ਧੀਰ ਸਿੰਘ ਜੀ, ਰੰਗ ਰੇਟੇ ਗੁਰੂ ਕੇ ਬੇਟੇ ਭਾਈ ਜੀਵਨ ਸਿੰਘ ਜੀ ਨੇ, ਸਤਿਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਲੱਖਾਂ ਖ਼ੁਸ਼ੀਆਂ ਪਾਤਿਸ਼ਾਹੀਆਂ ਸਹਿਤ ਸਤਿਗੁਰੂ ਸਾਹਿਬ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਜੀ। ਯਥਾ:- ਲਖ ਖੁਸੀਆ ਪਾਤਿਸਾਹੀਆ ਜੇ; ਸਤਿਗੁਰੁ ਨਦਰਿ ਕਰੇਇ॥ ਸੱਚੇ ਸਤਿਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ, ਜਿਸੁ ਪਿਆਰੇ ਗੁਰਮੁਖਿ ਗੁਰਸੇਵਕ ਜੀ ਦਾ (ਕਰਮੁ) ਭਾਗ ਖੁਲਿਆ ਭਾਵ ਜਾਗਿਆ, ਤਿਸੁ ਗੁਰਸੇਵਕ ਜੀ ਦਾ ਪਾਪਾਂ ਦਾ ਪੜਦਾ (ਲਹਿਆ) ਲਹਿ ਗਿਆ ਜੀ। ਫਿਰ ਉਹ ਗੁਰਸਿੱਖ ਭੁੱਲਕੇ ਭੀ ਬੁਰਾ ਕੰਮ ਨਹੀਂ ਕਰਦਾ।

ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ; ਜਨ ਨਾਨਕ. ਸੰਕਟ ਜੋਨਿ ਨ ਪਾਇ॥੫॥੨॥ ਵਾਹਿਗੁਰੂ (ਨਾਨਕ) ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਸ (ਜਨ) ਪਿਆਰੇ ਨੂੰ ਵਾਹਿਗੁਰੂ ਜੀ ਨੇ (ਅਵਖਧੁ) ਦਵਾਈ ਰੂਪ ਗੁਰਿ ਮੰਤ੍ਰੁ ਭਾਵ ਸੁਆਸ ਸੁਆਸ ਰੋਮ ਰੋਮ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਨ, ਨਾਮੁ ਗੁਰਬਾਣੀ ਸੰਥਿਆ, ਅੰਮ੍ਰਿਤ ਕਥਾ, ਕੀਰਤਨ, ਨਾਮ ਜਪਣ ਜਪਾਉਣ ਦਾ ਦਾਨ (ਦੀਨਾ) ਬਖ਼ਸ਼ਿਆ ਹੈ ਜੀ। ਉਹ ਪਿਆਰਾ ਚੌਰਾਸੀ ਲੱਖ (ਜੋਨਿ) ਜੂਨ ਭੋਗਣ ਦਾ (ਸੰਕਟ) ਦੁੱਖ (ਨ) ਨਹੀਂ (ਪਾਇ) ਪਾਉਂਦਾ ਜੀ॥੫॥੨॥ ਯਥਾ:- ਸਫਲ ਸਫਲ; ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ; ਮਿਲੇ ਸਾਧਾ॥੧॥ਰਹਾਉ ਦੂਜਾ॥੧॥੩॥

**ਸ਼ੁਭ ਵੀਚਾਰ:-** ਹੇ ਗੁਰੂ ਪਿਆਰੀ ਸਵਾਰੀ ਸਾਧਸੰਗਤ ਜੀਉ! ਵਾਹਿਗੁਰੂ ਗੁਰਮੰਤ੍ਰ, ਗੁਰਬਾਣੀ, ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮ, ਸਤਿਗੁਰੂ ਸਾਹਿਬ ਜੀ ਦੇ ਸਨਮੁਖ ਸ਼ਹੀਦ ਹੋਣ ਵਾਲੇ ਗੁਰਮੁਖਾਂ ਦੇ ਨਾਮ ਜਪਦੇ ਜਪਾਉਂਦੇ, ਗਾਉਂਦੇ ਗਾਵਾਉਂਦੇ ਰਹੋ ਜੀ, ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕਰੋ ਜੀ, ਚੌਰਾਸੀ ਲੱਖ ਜੂਨ ਤੋਂ ਮੁਕਤੀ ਪਾਵੋ ਜੀ। ਯਥਾ:- ਜਪ੍ਹਉ ਜਿਨ੍ਹ ਅਰਜੁਨਦੇਵ ਗੁਰੂ; ਫਿਰਿ. ਸੰਕਟ ਜੋਨਿ ਗਰਭ. ਨ ਆਯਉ॥ ਸ਼ਹੀਦਾਂ ਦੇ ਸਿਰਤਾਜ ਜੀ ਦੀ ਅਮਰ ਕੁਰਬਾਨੀ, ਗੁਰਬਾਣੀ ਜੀ ਨੂੰ ਜਪਣਾ ਜਪਾਉਣਾ, ਧਿਆਉਣਾ ਕਰੀਏ ਜੀ। ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਪਰਮਪੂਜਨੀਕ ਵਾਹਿਗੁਰੂ ਮਹੱਲਾ ਪੰਜਵਾਂ ਸਾਹਿਬ ਜੀ ਨੂੰ ਹੁਣ ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਉਬਲਦੀ ਦੇਗ 'ਚ ਬੈਠਾ ਰਹੇ ਹਨ, ਹੁਣ ਮੱਚਦੇ ਮੱਚਦੇ ਰੇਤੇ 'ਤੇ ਬੈਠਾ ਕੇ ਮੱਚਦਾ ਮੱਚਦਾ ਰੇਤਾ, ਪਰਮਪਵਿੱਤ੍ਰ ਸ਼ੁਭ ਸੱਚੇ ਮਹਾਨ ਪਰਉਪਕਾਰੀ ਸੀਸ ਸਾਹਿਬ ਜੀ 'ਤੇ ਪਾ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ।

ਰੇ ਨਰ; ਇਨ ਬਿਧਿ ਪਾਰਿ ਪਰਾਇ॥ ਧਿਆਇ ਹਰਿ ਜੀਉ. ਹੋਇ ਮਿਰਤਕੁ; ਤਿਆਗਿ ਦੂਜਾ ਭਾਉ॥ਰਹਾਉ ਦੂਜਾ॥੨॥੧੧॥ ਹੇ ਜੀਵ! (ਦੂਜਾ) ਦ੍ਵੈਤ (ਭਾਉ) ਭਾਵ ਨੂੰ ਤਿਆਗਿ। ਦ੍ਵੈਤ ਭਾਵ ਇਹ ਹੈ ਜੋ ਨਿਰਦੋਸ਼ ਜੀਆਂ ਨੂੰ ਮਾਰਨਾ ਕੁੱਟਣਾ, ਅਉਗੁਣਾਂ ਵਿਕਾਰਾਂ 'ਚ ਲਗਣਾ, ਨੇਕ ਸਾਊ ਗੁਰਮੁਖਾਂ ਨਾਲ ਦ੍ਵੈਸ਼ ਈਰਖਾ ਕਰਨੀ ਹੈ ਜੀ। ਅਉਗੁਣਾਂ ਵਿਕਾਰਾਂ ਸੰਸਾਰ ਵੱਲੋਂ ਮਿਰਤਕੁ ਹੋਇ ਕੇ, ਗੁਰਮਤਿ ਨੂੰ ਧਾਰਨ ਕਰਕੇ, (ਹਰਿ) ਦਸ ਸਤਿਗੁਰੂ ਸਾਹਿਬਾਨ ਜੀਉ ਨੂੰ ਦਿਨ ਰਾਤ

ਰੋਮ ਰੋਮ ਨਾਲ (ਧਿਆਇ) ਧਿਆਉਣਾ ਕਰ। (ਰੇ) ਹੇ (ਨਰ) ਪੁਰਸ਼! (ਇਨ) ਇਸ (ਬਿਧਿ) ਬਿਧੀ ਨਾਲ ਸੰਸਾਰ ਸਮੁੰਦ੍ਰ ਤੋਂ ਪਾਰਿ (ਪਰਾਇ) ਪੈਣਾ ਕਰ ਜੀ। ਗੁਰਿ; ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ; ਸੋ ਬ੍ਰਹਮ ਬੀਚਾਰੀ॥੮॥੫॥ ਬ੍ਰਹਮ ਵੀਚਾਰੀ ਗੁਰਸੇਵਕ ਨੂੰ ਸਤਿਗੁਰੂ ਮਹਾਰਾਜ ਸਾਹਿਬ ਜੀ ਆਪ ਬਾਹੋਂ ਫੜ ਕੇ ਤਾਰਦੇ ਹਨ। ਇਸ ਪਾਵਨ ਪਵਿੱਤ੍ਰ ਗੁਰਸਬਦ ਦਾ ਦੂਜਾ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ। ਇਸ ਰਹਾਉ ਦੀਆਂ ਪੰਕਤੀਆਂ 'ਚ ਭੀ ਸਤਿਗੁਰੂ ਗ੍ਰੰਥ ਸਾਹਿਬ ਜੀ ਕੁਰਾਹੇ ਪਏ ਇਸਤ੍ਰੀ ਮਨੁੱਖ ਨੂੰ ਪਰ ਗ੍ਰਿਹ ਵਿਕਾਰੀ ਹੋਣ ਤੋਂ, ਏਡਜ਼, ਕਰੋਨਾ (Corona Virus) ਆਦਿ ਤੋਂ ਬਚਾਉਂਦੇ ਹਨ ਅਤੇ ਗੁਰਮਤਿ ਦੇ ਰਸਤੇ 'ਤੇ ਪਾ ਕੇ ਆਪਣੇ ਸੱਚੇ ਨਿਰਗੁਨ ਸੱਚੇ ਸਰੂਪ 'ਚ ਲੀਣਤਾ ਬਖ਼ਸ਼ਦੇ ਹਨ ਜੀ॥੨॥੧੧॥

**੪੯. ਗਉੜੀ॥ ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ; ਚਲਤੁ ਰਚਿਓ ਜਗਦੀਸ॥** ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ, ਉੱਤਮ ਬਕਤੇ ਸ੍ਰੀ ਕਬੀਰ ਸਾਹਿਬ ਜੀ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਸਰੱਬਤ ਦੇ ਭਲੇ ਲਈ ਵਿਕਾਰਾਂ ਦੇ ਤਿਆਗ ਦਾ ਮਹਾਂ ਮਹਾਂ ਮਹਾਂ ਵਿਸਮਾਦ ਸ਼ੁਭ ਸੱਚਾ ਅੰਮ੍ਰਿਤ ਉਪਦੇਸ ਗਉੜੀ ਰਾਗ ਵਿੱਚ ਫ਼ੁਰਮਾ ਰਹੇ ਹਨ ਜੀ:-

ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ; ਚਲਤੁ ਰਚਿਓ ਜਗਦੀਸ॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਹਾਥੀ ਨੂੰ ਫੜਨ ਵਾਸਤੇ ਸ਼ਿਕਾਰੀ ਕਾਗਜ਼ (ਕੀ) ਦੀ ਇੱਕ (ਹਸਤਨੀ) ਹੱਥਣੀ ਦਾ (ਕਾਲਬੂਤ) ਢਾਂਚਾ ਬਣਾ ਕੇ ਜੰਗਲ ਵਿੱਚ ਖੜ੍ਹਾ ਕਰ ਦਿੰਦੇ ਹਨ। ਉਸਦੇ ਦੁਆਲੇ ਗੋਲ ਦਾਇਰੇ 'ਚ ਡੂੰਘੀ ਖਾਈ ਪੁੱਟ ਕੇ, ਉੱਪਰ ਬਾਂਸ ਤੇ ਘਾਹ ਵਿਛਾ ਦਿੰਦੇ ਹਨ। ਜੱਦ ਕਾਮ 'ਚ ਗ੍ਰਸਿਆ ਹਾਥੀ ਨੂੰ ਦੂਰੋਂ ਹੱਥਣੀ ਦਿਸਦੀ, ਤੁਰੰਤ ਤੇਜ਼ੀ ਨਾਲ ਉਸ ਵਲ ਭੱਜਦਾ ਡੂੰਘੀ ਖਾਈ 'ਚ ਡਿੱਗ ਪੈਂਦਾ ਹੈ। ਇਹ (ਜਗਦੀਸ) ਅਕਾਲਪੁਰਖੁ ਵਾਹਿਗੁਰੂ ਜੀ ਨੇ ਇੱਕ ਅਸਚਰਜ (ਚਲਤੁ) ਕੌਤਕ (ਰਚਿਓ) ਰਚਿਆ ਹੈ, ਜਿਸ ਦੁਆਰਾ ਸੰਸਾਰ ਨੂੰ ਪਰ ਤ੍ਰਿਅ ਰੂਪ ਨਾ ਦੇਖਣ ਦੀ ਸ਼ੁਭ ਸੱਚੀ ਅਮੋਲਕ ਮਹਾਂ ਵਿਸਮਾਦ ਨਿਰਵਿਕਾਰਤਾ ਗੁਰਮੁਖਿ ਸਿੱਖਿਆ ਦੇ ਰਹੇ ਹਨ ਜੀ।

(ਗਜ ਪੋਲਾ, ਬੱਸਿ) ਕਾਮ ਸੁਆਇ. ਗਜ ਬਸਿ ਪਰੇ, ਮਨ ਬਉਰਾ ਰੇ; ਅੰਕਸੁ ਸਹਿਓ ਸੀਸ॥੧॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! (ਗਜ) ਹਾਥੀ ਕਾਮ ਦੇ (ਸੁਆਇ) ਸੁਆਦ ਵਾਸਤੇ ਸ਼ਿਕਾਰੀ ਦੇ (ਬਸਿ) ਵੱਸ (ਪਰੇ) ਪੈ ਜਾਂਦਾ ਹੈ। ਸ਼ਿਕਾਰੀ ਖਾਈ 'ਚ ਡਿੱਗੇ ਹਾਥੀ ਨੂੰ ਭੁੱਖਾ ਰੱਖਦਾ, (ਸੀਸ) ਸਿਰ 'ਚ (ਅੰਕਸੁ) ਕੁੰਡਾ ਖੁਭੋ ਦਿੰਦਾ ਹੈ। ਹਾਥੀ ਚੀਕਾਂ ਮਾਰਦਾ, ਦੁੱਖ ਭੁੱਖ (ਸਹਿਓ) ਸਹਾਰਦਾ, ਸਾਰੀ ਜ਼ਿੰਦਗੀ ਗ਼ੁਲਾਮ ਬਣ ਜਾਂਦਾ ਹੈ। ਯਥਾ:- ਹਸਤੀ ਸਿਰਿ ਜਿਉ ਅੰਕਸੁ ਹੈ; ਅਹਰਣਿ ਜਿਉ ਸਿਰੁ ਦੇਇ॥ ਮਨੁ ਤਨੁ ਆਗੈ ਰਾਖਿ ਕੈ; ਊਭੀ ਸੇਵ ਕਰੇਇ॥

ਸ਼ੁਭ ਸਿੱਖਿਆ:- ਹਾਥੀ ਦਾ ਦ੍ਰਿਸ਼ਟਾਂਤ ਦੇ ਕੇ, ਕਾਮੀ ਮਨਮੁਖ ਦੀ ਮੰਦੀ ਹਾਲਤ ਦੱਸਦੇ ਹਨ। ਮਨਮੁਖ ਪਰਾਈ ਇਸਤ੍ਰੀ ਪਰਾਏ ਪੁਰਖ ਨੂੰ ਦੇਖ ਕੇ, ਪਰਾਏ ਘਰ ਵੱਲ ਭੱਜਦਾ ਹੈ। ਜਿਵੇਂ ਹਾਥੀ ਖਾਈ ਵਿੱਚ ਡਿੱਗਦਾ ਹੈ, ਤਿਵੇਂ ਮਨਮੁਖ ਵਿਕਾਰਾਂ, ਦੁਖ, ਕਸ਼ਟ ਰੂਪੀ ਖਾਈ ਵਿੱਚ ਡਿੱਗ ਜਾਂਦਾ ਹੈ। ਫਿਰ ਲੋਕ, ਪੁਲੀਸ ਆਦਿ ਰੂਪੀ ਸ਼ਿਕਾਰੀਆਂ ਤੋਂ ਆਪਣੇ ਸਿਰ ਤੇ ਕੁੱਟ ਖਾਂਦਾ ਹੈ, ਕੁੰਡੇ ਸਹਾਰਦਾ ਹੈ। ਪ੍ਰਲੋਕ 'ਚ ਜਮਦੂਤਾਂ ਸ਼ਿਕਾਰੀਆਂ ਤੋਂ ਜਮ ਡੰਡ ਸਹਾਰਦਾ, ਨਰਕ ਤੇ ਚੌਰਾਸੀ ਲੱਖ ਜੂਨ ਭੋਗਦਾ ਹੈ। ਯਥਾ:- ਚਉਰਾਸੀਹ ਨਰਕ; ਸਾਕਤੁ ਭੋਗਾਈਐ॥ ਜੈਸਾ ਕੀਚੈ; ਤੈਸੋ ਪਾਈਐ॥

ਬਿਖੈ ਬਾਚੁ. ਹਰਿ ਰਾਚੁ; ਸਮਝੁ ਮਨ ਬਉਰਾ ਰੇ॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਇਹ ਸ਼ੁਭ ਸਿੱਖਿਆ ਪੂਰਨ ਗੁਰੂ ਸਾਹਿਬ ਜੀ ਦੁਆਰਾ (ਸਮਝੁ) ਸਮਝਣਾ ਕਰ। (ਬਿਖੈ) ਜ਼ਹਿਰ ਤੋਂ (ਬਾਚੁ) ਬਚ ਕੇ (ਹਰਿ) ਨਿਰਗੁਨ ਪ੍ਰਕਾਸ਼ ਸਰੂਪ ਅਜਪਾ ਜਾਪ ਬ੍ਰਹਮ ਜੀ 'ਚ (ਰਾਚੁ) ਲੀਣ ਹੋਣਾ ਕਰ।

(ਭਜੇ ਪੋਲਾ) ਨਿਰਭੈ ਹੋਇ. ਨ ਹਰਿ ਭਜੇ; ਮਨ ਬਉਰਾ ਰੇ, ਗਹਿਓ ਨ. ਰਾਮ ਜਹਾਜੁ॥੧॥ਰਹਾਉ॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਤੂੰ (ਨਿਰਭੈ) ਨਿੱਡਰ ਹੋਇ ਕੇ (ਹਰਿ) ਸੱਚੇ ਕੰਤ ਭਗਵੰਤ ਵਾਹਿਗੁਰੂ ਜੀ (ਨ) ਨਹੀਂ (ਭਜੇ) ਜਪੇ। ਪੰਜਾਂ ਪਿਆਰਿਆਂ ਵਾਂਗ ਅਪਣਾ ਸੀਸ ਪੂਰਨ ਗੁਰੂ ਜੀ ਨੂੰ ਅਰਪ ਕੇ ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰ। ਅਨੁਸਾਰ (ਰਾਮ) ਵਾਹਿਗੁਰੂ ਵਾਹਿਗੁਰੂ ਅਭਿਆਸ ਕਰਨ ਰੂਪ ਜਹਾਜੁ 'ਤੇ ਚੜ੍ਹਨਾ ਸੀ ਪਰ ਤੂੰ ਇਸ 'ਤੇ (ਗਹਿਓ) ਚੜ੍ਹਿਆ (ਨ) ਨਹੀਂ॥੧॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

ਮਰਕਟ ਮੁਸਟੀ ਅਨਾਜ ਕੀ. ਮਨ ਬਉਰਾ ਰੇ; ਲੀਨੀ ਹਾਥੁ ਪਸਾਰਿ॥ ਭਗਤ ਜੀ ਮਨ ਨੂੰ ਸਮਝੌਣ ਲਈ ਬਾਂਦਰ ਦਾ ਦ੍ਰਿਸ਼ਟਾਂਤ ਦਿੰਦਿਆ ਫ਼ੁਰਮਾਉਂਦੇ ਹਨ:- (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਜਿਵੇਂ (ਮਰਕਟ) ਬਾਂਦਰ ਨੂੰ ਫੜਨ ਲਈ ਕਲੰਦਰ ਜੰਗਲ ਵਿੱਚ ਇੱਕ ਭੀੜੇ ਮੂੰਹ ਵਾਲੇ ਕੁੱਜੇ 'ਚ ਚਣੇ ਪਾ ਅੱਧਾ ਮਿੱਟੀ 'ਚ ਦੱਬ ਦਿੰਦਾ ਹੈ। ਬਾਂਦਰ ਹਾਥੁ ਪਸਾਰਿ ਕੇ (ਅਨਾਜ) ਛੋਲਿਆਂ (ਕੀ) ਦੀ (ਮੁਸਟੀ) ਮੁੱਠੀ ਭਰ (ਲੀਨੀ) ਲਈ ਭਾਵ ਭਰ ਲੈਂਦਾ।

ਛੂਟਨ ਕੋ ਸਹਸਾ ਪਰਿਆ. ਮਨ ਬਉਰਾ ਰੇ; ਨਾਚਿਓ ਘਰ ਘਰ ਬਾਰਿ॥੨॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਬਾਂਦਰ ਚਣਿਆਂ ਦੀ ਮੁੱਠੀ ਭਰ ਲੈਂਦਾ ਹੈ। ਕੁੱਜੀ ਦਾ ਮੂੰਹ ਤੰਗ ਹੋਣੇ ਕਰਕੇ ਹੱਥ ਵਿੱਚੋਂ ਨਿਕਲਦਾ ਨਹੀਂ। ਬਾਂਦਰ ਚਣਿਆਂ ਨੂੰ ਛੱਡਦਾ ਵੀ ਨਹੀਂ ਜੇ ਛੱਡੇ ਤਾਂ ਹੱਥ ਬਾਹਰ ਨਿਕਲੇ। ਇਤਨੇ ਨੂੰ ਕਲੰਦਰ ਉਸ ਦੇ ਸੋਟੀ ਮਾਰ ਕੇ ਫੜ ਲੈਂਦਾ ਹੈ। ਫਿਰ ਕਲੰਦਰ ਦੇ ਇਸ਼ਾਰਿਆਂ 'ਤੇ (ਘਰ ਘਰ) ਘਰਾਂ ਘਰਾਂ ਦੇ (ਬਾਰਿ) ਦਰਵਾਜ਼ਿਆਂ ਅੱਗੇ ਭੁੱਖਾ ਤਿਹਾਇਆ (ਨਾਚਿਓ) ਨੱਚਿਆ। ਜਿਸ ਕਰਕੇ ਬਾਂਦਰ ਨੂੰ (ਛੂਟਨ) ਛੁੱਟਣ ਦਾ (ਸਹਸਾ) ਸੰਸਾ (ਪਰਿਆ) ਪੈ ਗਿਆ। ਇਉਂ ਜੀਵ ਰੂਪ ਬਾਂਦਰ ਪਰ ਇਸਤ੍ਰੀ ਨੂੰ ਫੜਦਾ ਹੈ, ਚੌਰਾਸੀ ਲੱਖ ਜੂਨ 'ਚ ਨੱਚਦਾ ਹੈ, ਜਿਸ ਤੋਂ ਉਸ ਨੂੰ ਛੁੱਟਣ ਦਾ ਸੰਸਾ ਪੈ ਗਿਆ॥੨॥

ਜਿਉ ਨਲਨੀ. ਸੂਅਟਾ ਗਹਿਓ, ਮਨ ਬਉਰਾ ਰੇ; ਮਾਯਾ ਇਹੁ ਬਿਉਹਾਰੁ॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਮਾਯਾ ਦਾ ਇਹੁ (ਬਿਉਹਾਰੁ) ਵਿਹਾਰ ਹੈ, (ਜਿਉ) ਜਿਵੇਂ ਇੱਕ (ਸੂਅਟਾ) ਤੋਤੇ ਨੂੰ ਫੜਨ ਲਈ, ਸ਼ਿਕਾਰੀ ਪਾਣੀ ਦਾ ਬੱਠਲ ਰੱਖ ਕੇ, ਉਸ ਦੇ ਪਾਸੇ ਦੋ ਕਿੱਲੇ ਗੱਡ ਕੇ, ਵਿਚਾਲੇ ਪਤਲੇ ਸਰੀਏ ਉਪਰ (ਨਲਨੀ) ਨਾਲੀ ਪਾ ਦਿੰਦਾ ਹੈ। ਸਾਹਮਣੇ ਅਨਾਰ ਰੱਖ ਦਿੰਦਾ ਹੈ। ਅਨਾਰ ਖਾਣ ਲਈ ਤੋਤਾ ਨਾਲੀ 'ਤੇ ਆ ਕੇ ਬੈਠ ਜਾਂਦਾ, ਤੇ ਉਸ ਵੇਲੇ ਨਾਲੀ ਘੁੰਮ ਜਾਂਦੀ ਹੈ। ਤੋਤੇ ਦੀਆਂ ਅੱਖਾਂ ਪਾਣੀ ਨਾਲ ਲੱਗਣ ਤੋਂ ਇਹ ਸਮਝਦਾ ਕਿ ਇਹ ਸਮੁੰਦ੍ਰ ਹੈ। ਤਾਂ ਡੁੱਬਣ ਤੋਂ ਡਰਦਾ ਨਾਲੀ ਨੂੰ ਘੁਟ ਕੇ ਫੜ ਲੈਂਦਾ। ਫਿਰ ਸ਼ਿਕਾਰੀ ਨੇ ਤੋਤੇ ਨੂੰ (ਗਹਿਓ) ਫੜਿਆ ਭਾਵ ਫੜ ਲੈਂਦਾ ਤੇ ਪਿੰਜਰੇ 'ਚ ਪਾ ਲੈਂਦਾ ਹੈ। ਯਥਾ:- ਮਾਇਆ ਜਾਲੁ ਪਸਾਰਿਆ; ਭੀਤਰਿ ਚੋਗ ਬਣਾਇ॥ ਤ੍ਰਿਸਨਾ ਪੰਖੀ ਫਾਸਿਆ; ਨਿਕਸੁ ਨ ਪਾਏ ਮਾਇ॥

ਜੈਸਾ ਰੰਗੁ ਕਸੁੰਭ ਕਾ, ਮਨ ਬਉਰਾ ਰੇ; ਤਿਉ ਪਸਰਿਓ ਪਾਸਾਰੁ॥੩॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਜੈਸਾ ਕਸੁੰਭ ਦੇ ਫ਼ੁਲ (ਕਾ) ਦਾ ਰੰਗੁ ਕੱਚਾ ਹੁੰਦਾ ਹੈ। ਯਥਾ:- ਕਚਾ ਰੰਗੁ ਕਸੁੰਭ ਕਾ; ਥੋੜੜਿਆ ਦਿਨ ਚਾਰਿ ਜੀਉ॥ (ਤਿਉ) ਤਿਵੇਂ ਸੰਸਾਰ, ਵਿਕਾਰਾਂ, ਮਾਇਆ ਦਾ ਰੰਗ ਅਨੰਦ ਕੱਚਾ, ਕੂੜਾ, ਨਾਸ਼ਵੰਤ ਰੋਗ ਹੈ, ਜੋ (ਪਾਸਾਰੁ) ਸੰਸਾਰ 'ਚ (ਪਸਰਿਓ) ਫੈਲਿਆ ਹੈ॥੩॥ ਯਥਾ:- ਮਾਇਆ ਰੰਗ. ਬਿਰੰਗ ਖਿਨੈ ਮਹਿ; ਜਿਉ ਬਾਦਰ ਕੀ ਛਾਇਆ॥ ) ਬਹੁ ਸਾਦਹੁ; ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗ; ਸੁ ਅੰਤਿ ਵਿਗੋਵੈ॥ ਹਰਖਹੁ ਸੋਗੁ. ਨ ਮਿਟਈ ਕਬਹੂ; ਵਿਣੁ ਭਾਣੇ. ਭਰਮਾਇਦਾ॥

ਦੋ(ਨ੍ਾਵਨ) ਨਾਵਨ ਕਉ ਤੀਰਥ ਘਨੇ, ਮਨ ਬਉਰਾ ਰੇ; ਪੂਜਨ ਕਉ ਬਹੁ ਦੇਵ॥ (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਨਾਵਨ (ਕਉ) ਲਈ (ਘਨੇ) ਬਹੁਤੇ ਤੀਰਥ ਹਨ, ਤੇ ਪੂਜਨ (ਕਉ) ਲਈ (ਬਹੁ) ਬਹੁਤੇ (ਦੇਵ) ਦੇਵਤੇ ਭੀ ਹਨ ਜੀ।

ਕਹੁ ਕਬੀਰ. ਛੂਟਨੁ ਨਹੀ, ਮਨ ਬਉਰਾ ਰੇ; ਛੂਟਨੁ. ਹਰਿ ਕੀ ਸੇਵ॥੪॥੧॥੬॥੫੭॥ ਮਹਾਂ ਵਿਸਮਾਦ ਰੰਗ ਵਿੱਚ ਰੰਗੇ, ਪੂਰਨ ਬ੍ਰਹਮ ਸਰੂਪ, ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ (ਕਹੁ) ਫ਼ੁਰਮਾਉਂਦੇ ਹਨ:- (ਰੇ) ਹੇ ਮੇਰੇ (ਬਉਰਾ) ਕਮਲ਼ੇ ਮਨ! ਬਹੁਤੇ ਤੀਰਥਾਂ ’ਤੇ ਜਾ ਕੇ ਇਸ਼ਨਾਨ ਕਰਨ ਨਾਲ ਜਾਂ ਨ੍ਾਨ੍ਾਂ ਤਰ੍ਾਂ ਦੀ ਉਪਾਸ਼ਨਾ ਕਰਦਿਆਂ, ਦੇਵੀ ਦੇਵਤਿਆਂ ਦੀ ਪੂਜਾ ਕਰਨ ਨਾਲ ਵਿਕਾਰਾਂ, ਚੌਰਾਸੀ ਲੱਖ ਜੂਨਾਂ ਤੋਂ (ਛੂਟਨੁ) ਛੁਟਕਾਰਾ ਭਾਵ ਮੁਕਤੀ ਨਹੀ ਮਿਲਦੀ। ਯਥਾ:- ਤੂ ਕਹੀਅਤ ਹੀ; ਆਦਿ ਭਵਾਨੀ॥ ਮੁਕਤਿ ਕੀ ਬਰੀਆ; ਕਹਾ ਛਪਾਨੀ॥ (ਹਰਿ) ਵਾਹਿਗੁਰੂ ਸ੍ਰਬ ਵਿਆਪੀ ਅਕਾਲਪੁਰਖੁ ਜੀ (ਕੀ) ਦੀ ਸ਼ੁਭ ਸੱਚੀ (ਸੇਵ) ਸੇਵਾ ਕਰਨ ਨਾਲ ਵਿਕਾਰਾਂ, ਚੌਰਾਸੀ ਲੱਖ ਜੂਨਾਂ ਆਦਿ ਤੋਂ (ਛੂਟਨੁ) ਛੁਟਕਾਰਾ ਭਾਵ ਵਾਹਿਗੁਰੂ ਜੀ ਪ੍ਰਾਪਤੀ ਰੂਪੀ ਮੁਕਤੀ ਮਿਲਦੀ ਹੈ॥੪॥੧॥੬॥੫੭॥ ਯਥਾ:- ਗੁਰ ਸੇਵਾ. ਭਉਜਲੁ ਤਰੀਐ; ਕਹਉ ਪੁਕਾਰੀਆ॥

**੫੦. ਹੇ ਕਾਮੰ. ਨਰਕ ਬਿਸ੍ਰਾਮੰ; ਬਹੁ ਜੋਨੀ ਭ੍ਰਮਾਵਣਹ॥** ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਰਚਣਹਾਰ, ਕਲਜੁਗਿ. ਜਹਾਜੁ ਅਰਜੁਨੁ ਗੁਰੂ; ਸਾਹਿਬ ਜੀ ਹਰੀ ਲਾਲ ਤੇ ਕ੍ਰਿਸ਼ਨ ਲਾਲ ਜੀ ਨੂੰ ਸੰਬੋਧਨ ਕਰਦਿਆਂ, ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਅਪਣੇ ਗੁਰਸਿੱਖਾਂ ਨੂੰ ਵਿਕਾਰਾਂ ਤੋਂ ਸੁਚੇਤ ਕਰਨ ਲਈ ਕਾਮ ਦੀ ਪ੍ਰਬਲਤਾ ਬਾਰੇ ਫ਼ੁਰਮਾਉਂਦੇ ਹਨ:-

ਹੇ (ਕਾਮੰ) ਕਾਮ! ਤੂੰ ਜੀਵਾਂ ਨੂੰ (ਬਹੁ) ਬਹੁਤੀਆਂ (ਜੋਨੀ) ਜੂਨਾਂ ’ਚ (ਭ੍ਰਮਾਵਣਹ) ਭਰਮਾਉਂਦਾ ਹੈਂ। ਅੰਤ ਨੂੰ ਨਰਕ ’ਚ (ਬਿਸ੍ਰਾਮੰ) ਬਿਸਰਾਮ ਦਿਵਾਉਂਦਾ ਹੈਂ। ਯਥਾ:- ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ; ਫਿਰਿ. ਬਹੁਰਿ ਬਹੁਰਿ ਪਛੁਤਾਵਹਿ॥੧॥ ਤਥਾ:- ਕਾਮਿ ਕਰੋਧਿ; ਜਲੈ ਸਭੁ ਕੋਈ॥ ਪੂਰਨ ਗੁਰੂ ਸਾਹਿਬ ਜੀ ਕਾਮ ਤੋਂ ਬਚਾਉਂਦੇ ਹਨ। ਯਥਾ:- ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ; ਬਿਨਸਿ ਜਾਇ ਅਹੰਮੇਵ॥ ਨਾਨਕ. ਪ੍ਰਭ ਸਰਣਾਗਤੀ; ਕਰਿ ਪ੍ਰਸਾਦੁ ਗੁਰਦੇਵ॥੧॥

(ਗੰਮਿਅੰ) ਚਿਤ ਹਰਣੰ. ਤ੍ਰੈ ਲੋਕ ਗੰਮ੍ੰ; ਜਪ ਤਪ ਸੀਲ. ਬਿਦਾਰਣਹ॥ ਕਾਮ ਜੀਵਾਂ ਦੇ ਚਿਤ ਨੂੰ (ਹਰਣੰ) ਚੁਰਾ ਲੈਂਦਾ ਹੈ ਭਾਵ ਸ੍ਰਬ ਵਿਆਪੀ ਅਬਿਨਾਸੀ ਅਕਾਲਪੁਰਖੁ ਵਾਹਿਗੁਰੂ ਜੀ ਤੋਂ ਬੇਮੁਖ ਕਰਕੇ ਵਿਕਾਰ ਦ੍ਰਿਸ਼ਟੀ ਨਾਲ ਪਰਾਇਆ ਰੂਪ ਦੇਖਣ, ਵਿਕਾਰ ਭੋਗਣ ਲਾ ਲੈਂਦਾ ਹੈ। ਇਸ ਦੀ (ਤ੍ਰੈ) ਤਿੰਨਾਂ (ਲੋਕ) ਲੋਕਾਂ ਵਿੱਚ (ਗੰਮ੍ੰ) ਪਹੁੰਚ ਹੈ। ਕਾਮ (ਸੀਲ) ਸਾਊ ਸੁਭਾਅ, ਜਪ ਤਪ ਇਕ ਨਿਮਖ ’ਚ (ਬਿਦਾਰਣਹ) ਨਾਸ ਕਰ ਦਿੰਦਾ ਹੈ।

ਜਿਵੇਂ ਸਿੰਙੀ ਰਿਖੀ ਲੰਬੇ ਸਮੇ ਤੋਂ ਜੰਗਲ ਵਿੱਚ ਜਪ ਤਪ ਕਰਦਾ ਸੀ। ਇੱਕ ਦਿਨ ਇੱਕ ਵੇਸ਼ਵਾ ਉਸ ਨੂੰ ਠੱਗਣ ਆਈ। ਰਿਖੀ ਫ਼ੱਲ ਛਕਣ ਲਈ ਕੁਟੀਆ ਤੋਂ ਬਾਹਰ ਆਇਆ, ਤਾਂ ਭਾਂਤ ਭਾਂਤ ਦੇ ਪਦਾਰਥ ਪਏ ਦੇਖੇ। ਰਿਖੀ ਨੇ ਸੱਜੇ ਖੱਬੇ ਦੇਖ ਕੇ, ਛਕ ਲਏ। ਵਾਪਿਸ ਕੁਟੀਆਂ ਨੂੰ ਆਉਂਦਿਆਂ, ਉਹ ਵੇਸ਼ਵਾ ਦ੍ਰਿਸ਼ਟੀ ਵਿੱਚ ਆਈ ਤਾਂ ਦੇਖਦਿਆਂ ਸਾਰ ਰਿਖੀ ਦਾ ਮਨ ਡੋਲ ਗਿਆ। ਵੇਸ਼ਵਾ ’ਤੇ ਮੋਹਿਤ ਹੋ ਕੇ, ਸਾਧੂ ਲਿਬਾਸ ਤਿਆਗ ਕੇ, ਸਿਰ ਮੁੰਨ ਕੇ ਉਸ ਦਾ ਗੁਲਾਮ ਬਣ ਗਿਆ। ਰਿਖੀ ਨੇ ਉਸ ਵੇਸ਼ਵਾ ਤੋਂ ਤੇਰਾਂ ਬੱਚੇ ਪੈਦਾ ਕਰਕੇ ਅੰਤ ਨੂੰ ਬਹੁਤ ਪਛੁਤਾਇਆ। ਇਉਂ ਕਾਮ ਵੱਡੇ ਵੱਡੇ ਰਿਖੀ ਮੁਨੀਆਂ

ਦਾ ਜਪ ਤਪ ਨਾਸ਼ ਕਰ ਦਿੰਦਾ ਹੈ। ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੀ ਸ਼ਰਨ ਵਿੱਚ ਆਉਣ ਨਾਲ ਕੋਈ ਵਿਕਾਰ ਛੋਹ ਨਹੀਂ ਸਕਦੇ ਜੀ।

ਅਲਪ ਸੁਖ. ਅਵਿਤ ਚੰਚਲ; ਊਚ ਨੀਚ ਸਮਾਵਣਹ॥ ਹੇ ਵੈਰੀ ਕਾਮ! ਤੇਰਾ ਸੁਖ (ਅਲਪ) ਥੋੜਾ ਹੈ। ਯਥਾ:- ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ ) ਬਿਨਸਿ ਜਾਇ ਜੋ ਨਿਮਖ ਮਹਿ; ਸੋ ਅਲਪ ਸੁਖੁ ਭਨੀਐ॥ ) ਕਾਮੁ ਕ੍ਰੋਧੁ; ਅੰਤਰਿ ਧਨੁ ਹਿਰੈ॥ ਅਨੁਸਾਰ ਕਾਮੀ ਦਾ ਸੰਸਾਰੀ ਤੇ ਸ਼ੁਭ ਗੁਣ ਰੂਪੀ ਧਨ ਚੁਰਾ ਕੇ (ਅ+ਵਿਤ) (ਵਿਤ) ਧਨ ਤੋਂ (ਅ) ਰਹਿਤ ਕਰਕੇ, ਚੰਚਲ ਕੰਗਾਲ ਬਣਾ ਦਿੰਦਾ ਹੈਂ। (ਊਚ) ਉੱਚੀ ਤੇ (ਨੀਚ) ਨੀਵੀਂ ਜਾਤੀ ਜੀਵਾਂ 'ਚ (ਸਮਾਵਣਹ) ਸਮਾਅ ਰਿਹਾ ਹੈਂ।

ਤਵ ਭੈ ਬਿਮੁੰਚਿਤ, ਸਾਧਸੰਗਮ ਓਟ ਨਾਨਕ. ਨਾਰਾਇਣਹ॥੪੬॥ (ਨਾਨਕ) ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥ ਜੀ ਫ਼ੁਰਮਾਉਂਦੇ ਹਨ:- ਹੇ ਵੈਰੀ ਕਾਮ! ਦਾਸਨਦਾਸ ਨੇ (ਸਾਧ+ਸੰਗਮ) (ਸਾਧ) ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ (ਸੰਗਮ) ਸੰਗਤ ਨਾਲ ਜੁੜ ਕੇ ਵਾਹਿਗੁਰੂ ਰਾਮ ਨਾਮ, ਗੁਰਬਾਣੀ ਜੀ ਨੂੰ ਰੋਮ ਰੋਮ ਕਰਕੇ ਗਾ ਕੇ ਤੇ ਸੁਣ ਕੇ, (ਨਾਰਾਇਣਹ) ਇੱਕ ਸੱਚੇ ਕੰਤ ਸੱਚੇ ਭਗਵੰਤ ਗੁਰੂ ਨਾਨਕਦੇਵ ਸਾਹਿਬ ਜੀ ਦੀ ਸ੍ਰੇਸਟ ਓਟ ਲੈ ਕੇ (ਤਵ) ਤੇਰਾ (ਭੈ) ਡਰ (ਬਿਮੁੰਚਿਤ) ਵਿਸ਼ੇਸ਼ ਕਰਕੇ ਕੱਟ ਦਿਤਾ ਹੈ॥੪੬॥ ਯਥਾ:- ਨਿਰਭਉ ਜਪੈ; ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ; ਪ੍ਰਾਣੀ ਛੁਟੈ॥

੫੧. ਮ:੫॥ ਫਿਰਦੀ ਫਿਰਦੀ ਦਹ ਦਿਸਾ; ਜਲ ਪਰਬਤ ਬਨਰਾਇ॥ ਜਿਥੈ ਡਿਠਾ ਮਿਰਤਕੋ; ਇਲ ਬਹਿਠੀ ਆਇ॥੨॥ ਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਕਲਜੁਗਿ ਜਹਾਜੁ ਅਰਜੁਨੁ ਗੁਰੂ; ਜੀ ਇੱਲ ਦਾ ਦ੍ਰਿਸ਼ਟਾਂਤ ਦਿੰਦਿਆਂ ਫ਼ੁਰਮਾ ਰਹੇ ਹਨ:- (ਜਲ) ਪਾਣੀ (ਪਰਬਤ) ਪਹਾੜਾਂ, (ਬਨਰਾਇ) ਜੰਗਲਾਂ, (ਦਹ) ਦਸੋ (ਦਿਸਾ) ਦਿਸਾਂ, ਅਕਾਸ ਵਿੱਚ (ਫਿਰਦੀ ਫਿਰਦੀ) ਉੱਡਦੀ ਉੱਡਦੀ ਨੂੰ, ਜਿਥੈ ਇੱਲ ਨੂੰ (ਮਿਰਤਕੋ) ਮੁਰਦਾ (ਡਿਠਾ) ਦਿਸਿਆ, ਤੁਰੰਤ ਉੱਥੇ ਖਾਣ ਲਈ ਇਲ (ਆਇ) ਆ ਕੇ (ਬਹਿਠੀ) ਬੈਠੀ। ਇਉਂ ਮਨਮੁਖ ਦਿਨ ਰਾਤ ਵਿਕਾਰਾਂ, ਨਸ਼ਿਆਂ ਆਦਿ ਨੂੰ ਭੋਗਣ ਲਈ ਦਸੋ ਦਿਸਾਂ ਵਿੱਚ ਭੱਜਾ ਫਿਰਦਾ ਹੈ। ਜਿਥੇ ਭੈੜੇ ਚਾਲ ਚਲਣ ਵਾਲੇ ਇਸਤ੍ਰੀ ਪੁਰਖ ਰੂਪ ਮੁਰਦਾ ਦਿਸਦਾ ਹੈ ਉੱਥੇ ਵਿਕਾਰ ਭੋਗਣ ਲਈ ਚਲਿਆ ਜਾਂਦਾ ਹੈ॥੨॥

੫੨. (ਆਗਲ-ੜਾ ਪੋਲਾ। ਗ-ਇਆ) ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ; ਜਰਾ ਮਰਣੁ ਭਉ. ਵਿਸਰਿ ਗਇਆ॥ ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਤ੍ਰਿਲੋਚਨ ਸਾਹਿਬ ਜੀ ਮਹਾਰਾਜ ਫ਼ੁਰਮਾਉਂਦੇ ਹਨ:- ਹੇ ਪ੍ਰਾਣੀ! ਤੇਰੇ ਮਨਿ ਵਿੱਚ ਮਾਇਆ ਦਾ ਮੋਹੁ (ਆਗਲੜਾ) ਬਹੁਤਾ ਹੋਣੇ ਕਰਕੇ, ਤੈਨੂੰ (ਜਰਾ) ਬੁਢੇਪਾ, ਮਰਣੁ ਦਾ (ਭਉ) ਡਰ ਵਿਸਰਿ ਗਇਆ ਹੈ ਜੀ। ਯਥਾ:- ਲੋਭਿ ਮੋਹਿ ਅਭਿਮਾਨਿ ਬੂਡੇ; ਮਰਣੁ ਚੀਤਿ. ਨ ਆਵਏ॥

(ਬਿਗਸ-ਹਿ, ਕਮਲ਼ਾ, ਜੋਹ-ਹਿ) ਕੁਟੰਬੁ ਦੇਖਿ ਬਿਗਸਹਿ. ਕਮਲਾ ਜਿਉ; ਪਰ ਘਰਿ ਜੋਹਹਿ. ਕਪਟ ਨਰਾ॥੧॥ (ਜਿਉ) ਜਿਵੇਂ ਕਮਲਾ ਆਪਣੇ ਆਪ ਹੱਸਦਾ ਹੈ, ਤਿਵੇਂ ਮੋਹ 'ਚ ਗ੍ਰਸਿਆ (ਕੁਟੰਬੁ) ਪਰਵਾਰ ਨੂੰ ਦੇਖਿ ਕੇ (ਬਿਗਸਹਿ) ਖ਼ੁਸ਼ ਹੁੰਦਾ ਹੈ। ਸੱਚੇ ਵਾਹਿਗੁਰੂ ਜੀ ਤੋਂ ਬੇਮੁਖ ਹੋ ਕੇ, (ਕਪਟ) ਕਪਟੀ (ਨਰਾ) ਪੁਰਸ਼ (ਪਰ) ਪਰਾਏ ਘਰਿ ਨੂੰ (ਜੋਹਹਿ) ਦੇਖਦਾ ਹੈ॥੧॥

੫੩. (ਨਿ-ਲੱਜ। ਤੁਹਿ, ਹੋੜੇ ਔਂਕੜ ਵਿਚਾਲੇ ਬੋਲੋ) ਰੇ ਜੀਅ ਨਿਲਜ; ਲਾਜ ਤੁਹਿ ਨਾਹੀ॥ ਸ਼੍ਰੋਮਣੀ ਭਗਤ ਨਿਰਗੁਨ ਨਿਰੰਕਾਰ ਜੀ ਦੇ ਅਵਤਾਰ, ਅਜਪਾ ਜਾਪ ਦੇ ਦਾਤੇ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਰੇ) ਹੇ (ਨਿਲਜ) ਬੇਸ਼ਰਮ (ਜੀਅ) ਜੀਵ! (ਤੁਹਿ) ਤੈਨੂੰ ਰੱਤੀ ਮਾਤ੍ਰ ਭੀ (ਲਾਜ) ਸ਼ਰਮ ਨਾਹੀ ਹੈ?

ਹਰਿ ਤਜਿ; ਕਤ ਕਾਹੂ ਕੇ ਜਾਂਹੀ॥੧॥ਰਹਾਉ॥ ਸੱਚੇ ਹਰਿ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਦਰ ਘਰ (ਤਜਿ) ਛੱਡ ਕੇ (ਕਤ) ਕਿਉਂ (ਕਾਹੂ) ਕਿਸੇ ਪਰਾਏ ਘਰ, ਵੇਸਵਾ, ਪਖੰਡੀ ਸਾਧਾਂ ਪੀਰਾਂ, ਮੜ੍ਹੀ ਮਸਾਨਾਂ (ਕੇ) ਦੇ ਦਰ (ਜਾਂਹੀ) ਜਾਂਦਾ ਹੈਂ॥੧॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ।

ਜਾ ਕੋ ਠਾਕੁਰੁ; ਊਚਾ ਹੋਈ॥ ਪਰਮਪੂਜਨੀਕ ਧੰਨ ਵਾਹਿਗੁਰੂ, ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ, ਨਿਰਮਲ ਨਿਰਮਲ. ਸੂਚਾ ਸੂਚੋ; ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ. ਸਦਾ ਬੇਅੰਤਾ; ਕਹੁ ਨਾਨਕ. ਊਚੋ ਊਚਾ॥ ਅਜਪਾ ਜਾਪ ਗਹਿਰ ਗੰਭੀਰ ਦਇਆਲ ਕ੍ਰਿਪਾਲ ਜੋਤੀ ਸਰੂਪ, ਆਪਣੇ ਵਿਆਪਕ ਵਿਸਮਾਦ ਨਿਰਮਲ ਸੁੱਚੇ ਸੱਚੇ ਪ੍ਰਕਾਸ਼ ਵਿੱਚ, ਅਨੰਤ ਬ੍ਰਹਮੰਡ ਦੀ ਰਚਨਾ ਟਿਕਾਅ ਕੇ ਰੱਖੀ ਹੋਈ ਹੈ। ਆਪਣੇ ਨਿਰਗੁਨ ਸਰੂਪ ਦੁਆਰਾ, ਖਿਨ ਵਿੱਚ ਬਿਅੰਤ ਬ੍ਰਹਮੰਡਾਂ ਨੂੰ ਰਚਦਿਆਂ, ਲੈਅ ਕਰਦਿਆਂ ਨਿਰਲੇਪ ਭੀ ਹਨ। ਯਥਾ:- ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥ (ਜਾ) ਜਿਸ (ਕੋ) ਦੇ (ਠਾਕੁਰੁ) ਸਤਿਗੁਰੂ ਗ੍ਰੰਥ ਸਾਹਿਬ ਜੀ ਇਤਨੇ (ਊਚਾ) ਉੱਚੇ (ਹੋਈ) ਹੋਣ। ਯਥਾ:- ਹਮਰਾ ਠਾਕੁਰੁ. ਸਭ ਤੇ ਊਚਾ; ਰੈਣਿ ਦਿਨਸੁ ਤਿਸੁ ਗਾਵਉ ਰੇ॥

ਸੋ ਜਨੁ; ਪਰ ਘਰ ਜਾਤ. ਨ ਸੋਹੀ॥੧॥ (ਸੋ) ਉਹ ਅੱਲਾਹ ਪਾਕ ਵਾਹਿਗੁਰੂ ਜੀ ਦਾ ਜਨੁ, ਪਰ ਘਰ (ਜਾਤ) ਜਾਂਦਾ (ਨ) ਨਹੀਂ (ਸੋਹੀ) ਸੋਭਦਾ ਭਾਵ ਚੰਗਾ ਨਹੀਂ ਲੱਗਦਾ। ਜੇ ਓਹ ਜਾਂਦਾ ਹੈ ਤਾਂ ਫਿਰ ਆਪਣੇ ਠਾਕੁਰ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਉਲਾਂਭਾ ਦਿਵਾਉਂਦਾ ਹੈ॥੧॥

ਗੁਰਪ੍ਰਸਾਦਿ ਅੱਖ ਮੀਚਣ ਜਿਤਨਾ ਸਮਾਂ ਸੱਚੇ ਵਾਹਿਗੁਰੂ ਜੀ ਨੂੰ ਭੁੱਲਣਾ, ਮਰਨਾ ਹੈ। ਜਿਹੜਾ ਪਰ ਘਰ ਜਾ ਕੇ ਬੈਡ ਹੋਣਾ ਹੈ, ਇਹ ਮਰਨ ਨਾਲੋਂ ਭੀ ਕੋਟਾਨ ਕੋਟ ਬੈਡ ਸੈਡ ਹੈ। ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਦਸ ਸਤਿਗੁਰੂ ਸਾਹਿਬਾਨ ਜੀ ਦਾ ਅਮੋਲਕ ਹੁਕਮ ਹੈ ਕਿ ਜਾਗਤ ਸੁਪਨ ਸਖੋਪਤ ਅਵਸਥਾਵਾਂ ਵਿੱਚ ਅਤੇ ਸੰਕਲਪ ਕਰਕੇ ਭੀ ਪਰ ਘਰ ਨਹੀਂ ਜਾਣਾ। ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਚਰਨਕਮਲਾਂ 'ਚ ਲੀਣ ਰਹਿਣਾ ਹੈ ਜੀ।

ਗੁਰਪ੍ਰਸਾਦਿ, ਇਸ ਲਈ ਅਕਾਲਪੁਰਖੁ ਸਤਿਗੁਰੂ ਸ਼੍ਰੀ ਗੁਰੂ ਨਾਨਕਦੇਵ ਸਾਹਿਬ ਜੀ, ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਸਿੱਖੀ ਧਾਰ ਕੇ ਕਦੇ ਭੁੱਲ ਕੇ ਭੀ ਪਰ ਘਰ ਨਹੀਂ ਜਾਣਾ ਜੀ। ਸਦਾ ਲਈ ਅਰਦਾਸ ਕਰਨੀ, "ਹੇ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ! ਦਾਸਨਦਾਸ ਦਾ ਸਿਦਕ ਸਾਬਤ ਰਹੇ, ਜਤ ਸਤ ਸੱਚੇ ਨਾਮ ਦਾਨ ਬਖ਼ਸ਼ੋ ਜੀ। ਕ੍ਰਿਪਾ ਕਰਕੇ, ਆਪੇ ਲਾਇਓ; ਅਪਨਾ ਪਿਆਰੁ॥ ਆਪਣਾ ਪਿਆਰ ਆਪ ਹੀ ਲਾਉ ਜੀ, ਬਾਂਹ ਫੜ ਕੇ ਤਾਰ ਲਵੋ ਜੀ। ਪੰਜ ਕਕਾਰਾਂ ਦੀ ਰਹਿਤ ਸਹਿਤ ਤਿਆਰ ਬਰ ਤਿਆਰ ਰੱਖੋ ਜੀ। ਆਪਣੇ ਬਿਰਦ ਬਾਣੇ ਦੀ ਲਾਜ ਰੱਖੋ ਜੀ। ਦਾਸਨਦਾਸ ਨੂੰ ਆਪਣੇ ਪਰਮ ਪਾਕ ਸ਼ੁਭ ਸੱਚੇ ਚਰਨਕਮਲਾਂ ਦੇ ਨਾਲ ਜੋੜੀ ਰੱਖੋ ਜੀ।

ਸੋ ਸਾਹਿਬੁ; ਰਹਿਆ ਭਰਪੂਰਿ॥ (ਸੋ) ਓਹੁ (ਸਾਹਿਬੁ) ਨਿਰਗੁਨ ਨਿਰੰਕਾਰ ਵਾਹਿਗੁਰੂ ਜੀ (ਭਰਪੂਰਿ) ਵਿਆਪਕ, ਪ੍ਰਕਾਸ਼ਕ ਹੋ (ਰਹਿਆ) ਰਹੇ ਹਨ ਜੀ। ਯਥਾ:- ਸਤਿਗੁਰੁ ਮੇਰਾ ਸਦਾ ਸਦਾ; ਨਾ ਆਵੈ. ਨਾ ਜਾਇ॥ ਓਹੁ ਅਬਿਨਾਸੀ

ਪੁਰਖੁ ਹੈ; ਸਭ ਮਹਿ ਰਹਿਆ ਸਮਾਇ॥) ਸਲੋਕੁ॥ ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਜਾ ਕੈ ਸਿਮਰਨਿ ਉਧਰੀਐ; ਨਾਨਕ. ਤਿਸੁ ਬਲਿਹਾਰ॥੧॥) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥

ਸਦਾ ਸੰਗਿ; ਨਾਹੀ ਹਰਿ ਦੂਰਿ॥੨॥ ਸੱਚੇ ਵਾਹਿਗੁਰੂ ਸਾਹਿਬ ਜੀ ਸਦਾ ਸਾਰਿਆਂ ਦੇ ਸੰਗਿ ਭਾਵ, ਘਟ ਘਟ ਵਾਸੀ, ਸਰਬ ਨਿਵਾਸੀ; ਨੇਰੈ ਹੀ ਤੇ ਨੇਰਾ॥ ਹਨ। (ਹਰਿ) ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ, ਪਰਮ ਪਿਆਰੇ ਪੂਰਨ ਬ੍ਰਹਮ ਜੀ ਕਿਸੇ ਤੋਂ ਭੀ ਦੂਰਿ ਨਾਹੀ ਹਨ॥੨॥

ਕਵਲਾ; ਚਰਨ ਸਰਨ ਹੈ ਜਾ ਕੇ॥ (ਕਵਲਾ) ਮਾਇਆ (ਜਾ) ਜਿਨ੍ਹਾਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਅਕਾਲਪੁਰਖੁ ਵਾਹਿਗੁਰੂ ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ. ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥ ਜੁੱਗੋ ਜੁੱਗ ਅਟੱਲ ਸਤਿਗੁਰੂ ਗ੍ਰੰਥ ਸਾਹਿਬ ਜੀ (ਕੇ) ਦੇ ਸੱਚੇ ਮਹਾਨ ਪਰਉਪਕਾਰੀ ਨਿਰਵਿਕਾਰੀ ਨਿਰੰਕਾਰੀ ਧੀਰਜਧਾਰੀ ਚਰਨ ਸਰਨ ਵਿੱਚ ਆਗਿਆਕਾਰੀ ਦਾਸੀ ਗ਼ੁਲਾਮ ਰਹਿੰਦੀ ਹੈ ਜੀ। ਯਥਾ:- ਕੋਟਿ ਮਾਇਆ; ਜਾ ਕੈ ਸੇਵਕਾਇ॥

ਕਹੁ ਜਨ; ਕਾ ਨਾਹੀ ਘਰ ਤਾ ਕੇ॥੩॥ (ਕਹੁ) ਦੱਸੋ ਹੇ ਗੁਰਮੁਖਿ (ਜਨ) ਪਿਆਰਿਓ! (ਤਾ) ਤਿਨ੍ਹਾਂ ਅਨਤ ਕਲਾਵਾਨ, ਸਭਨਾ ਜੀਆ ਕਾ, ਇਕੁ ਦਾਤਾ; ਵਾਹਿਗੁਰੂ ਸਾਹਿਬ ਜੀ (ਕੇ) ਦੇ ਘਰ (ਕਾ) ਕੀ ਨਾਹੀ ਹੈ? ਭਾਵ ਸਭ ਕੁੱਝ ਹੈ, ਚਾਰ ਪਦਾਰਥ, ਬ੍ਰਹਮਗਿਆਨ ਆਦਿ॥੩॥ ਯਥਾ:- ਸਾਚੇ ਸਾਹਿਬਾ; ਕਿਆ ਨਾਹੀ. ਘਰਿ ਤੇਰੈ॥ ਘਰਿ ਤ ਤੇਰੈ. ਸਭੁ ਕਿਛੁ ਹੈ; ਜਿਸੁ ਦੇਹਿ ਸੁ ਪਾਵਏ॥ ਸਦਾ ਸਿਫਤਿ ਸਲਾਹ ਤੇਰੀ; ਨਾਮੁ ਮਨਿ ਵਸਾਵਏ॥ ਨਾਮੁ ਜਿਨ ਕੈ ਮਨਿ ਵਸਿਆ; ਵਾਜੇ ਸਬਦ ਘਨੇਰੇ॥ ਕਹੈ ਨਾਨਕੁ. ਸਚੇ ਸਾਹਿਬ; ਕਿਆ ਨਾਹੀ. ਘਰਿ ਤੇਰੈ॥੩॥ ਤਥਾ:- ਨਾਨਕ. ਤੋਟਿ ਨ ਆਵਈ; ਤੇਰੇ ਜੁਗਹ ਜੁਗਹ ਭੰਡਾਰ॥੭॥੧॥

ਸਭੁ ਕੋਊ ਕਹੈ; ਜਾਸੁ ਕੀ ਬਾਤਾ॥ ਸਭੁ (ਕੋਊ) ਕੋਈ ਨਿਰਮਲ ਵਾਹਿਗੁਰੂ ਸਾਹਿਬ ਜੀ (ਕੀ) ਦੀਆਂ (ਜਾਸੁ) ਜਸ, ਵਡਿਆਈਆਂ, ਗੁਣਾਂ ਦੀਆਂ (ਬਾਤਾ) ਗੱਲਾਂ (ਕਹੈ) ਕਹਿੰਦਾ ਹੈ। ਯਥਾ:- ਬਲਿਓ ਚਰਾਗੁ ਅੰਧ੍ਯਾਰ ਮਹਿ; ਸਭ ਕਲਿ ਉਧਰੀ. ਇਕ ਨਾਮ ਧਰਮ॥ ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥ ਬਿਅੰਤ ਬ੍ਰਹਮੰਡਾਂ ਧਰਤੀਆਂ ਹਵਾਵਾਂ ਪਾਣੀਆਂ, ਫ਼ੁੱਲਾਂ ਪੱਤਿਆਂ ਵਾਲੀਆਂ ਬਨਸਪਤੀਆਂ, ਸੰਤਾਂ ਭਗਤਾਂ, ਗੁਰਮੁਖਾਂ ਦੇਵਤਿਆਂ ਅਵਤਾਰਾਂ ਦੈਂਤਾਂ ਰਿਖੀਆਂ ਮੁਨੀਆਂ, ਸੂਰਜਾਂ ਚੰਦ੍ਰਮਿਆਂ ਬਿਜਲੀਆਂ ਅਗਨੀਆਂ ਟਿਟਿਆਣਿਆਂ ਤਾਰੇ ਮੰਡਲਾਂ ਅਤੇ ਇਨ੍ਹਾਂ ਦੀਆਂ ਸੋਹਣੀਆਂ ਕਿਰਨਾਂ ਅਤੇ ਇਨ੍ਹਾਂ ਦੀ ਸੁੰਦਰਤਾਈ ਸਮੇਤ, ਬਿਅੰਤ ਬ੍ਰਹਮੰਡਾਂ ਦੇ ਪਸਾਰੇ, ਆਪਣੇ ਸਰਗੁਨ ਸਰੂਪ ਜੀ ਵਿਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਜੁਗੁ ਜੁਗੁ ਸਾਚਾ; ਹੈ ਭੀ ਹੋਸੀ॥ ਵਾਹਿਗੁਰੂ ਜੀ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ, ਨਮਸਕਾਰਾਂ ਹੀ ਨਮਸਕਾਰਾਂ ਕਰਦਿਆਂ ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ; ਸੁਨਿ ਘਨਿਹਰ ਕੀ ਘੋਰ॥੨॥ ਜੋ ਬੋਲਤ ਹੈ. ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥

(ਸੰਮ੍ਰਿਥੁ;) ਸੋ ਸੰਮ੍ਰਿਥੁ; ਨਿਜ ਪਤਿ ਹੈ ਦਾਤਾ॥੪॥ (ਸੋ) ਉਹ ਸੰਮ੍ਰਿਥੁ ਵਾਹਿਗੁਰੂ ਜੀ ਬਿਅੰਤ ਬ੍ਰਹਮੰਡ ਦੀ ਰਚਨਾ ਰਚਣ ਪਾਲਣ ਸੰਭਾਲਣ ਵਾਲੇ ਹਨ। ਵਾਹਿਗੁਰੂ ਜੀ ਸਭ ਦਾ (ਨਿਜ) ਅਪਣਾ ਆਪ ਸਰੂਪ (ਪਤਿ) ਪਤੀ ਪਰਮਾਤਮਾ ਜੀ (ਹੈ) ਹਨ। ਯਥਾ:- ਹਰਿ ਮੇਰੋ ਪਿਰੁ; ਹਉ ਹਰਿ ਕੀ ਬਹੁਰੀਆ॥) ਠਾਕੁਰੁ ਏਕੁ; ਸਬਾਈ ਨਾਰਿ॥ ਪ੍ਰੇਮ ਪਦਾਰਥ, ਬ੍ਰਹਮਗਿਆਨ ਪਦਾਰਥ, ਨਾਮ ਪਦਾਰਥ, ਮੁਕਤ ਪਦਾਰਥ, ਦੂਧ ਪੂਤ ਆਦਿ ਪਦਾਰਥਾਂ ਦੇ (ਦਾਤਾ) ਦਾਤੇ ਹਨ॥੪॥ ਯਥਾ:- ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ; ਤੁਧੁ ਅਗੈ ਮੰਗਣ ਨੋ. ਹਥ ਜੋੜਿ ਖਲੀ ਸਭ ਹੋਈ॥ (ਖੰਡੀਂ, ਵਰਭੰਡੀਂ, ਪਾਤਾਲੀਂ, ਪੁਰਈਂ, ਲੋਈਂ) ਤੁਧੁ ਜੇਵਡੁ ਦਾਤਾਰੁ. ਮੈ ਕੋਈ ਨਦਰਿ ਨ ਆਵਈ; ਤੁਧੁ. ਸਭਸੈ ਨੋ ਦਾਨੁ ਦਿਤਾ; ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥੩॥

ਕਹੈ ਕਬੀਰੁ; ਪੂਰਨ ਜਗ ਸੋਈ॥ ਜਾ ਕੇ ਹਿਰਦੈ; ਅਵਰੁ. ਨ ਹੋਈ॥੫॥੩੮॥ ਪਰਮਪੂਜਨੀਕ ਵਾਹਿਗੁਰੂ ਪੂਰਨ ਭਗਤ ਕਬੀਰੁ ਸਾਹਿਬ ਜੀ (ਕਹੈ) ਫ਼ੁਰਮਾਉਂਦੇ ਹਨ:- ਇਸ ਜਗ ਵਿੱਚ (ਸੋਈ) ਓਹੀ ਗੁਰਮੁਖਿ ਪੂਰਨ ਵਾਹਿਗੁਰੂ ਜੀ ਦੇ ਸਰੂਪ ਹਨ। (ਜਾ) ਜਿਨ੍ਹਾਂ (ਕੇ) ਦੇ ਹਿਰਦੈ ਅੰਦਰ ਪਤੀ ਅਕਾਲਪੁਰਖੁ ਵਾਹਿਗੁਰੂ ਜੀ ਤੋਂ ਬਿਨਾ (ਅਵਰੁ) ਹੋਰ ਕੋਈ ਨ (ਹੋਈ) ਹੋਵੇ॥੫॥੩੮॥ ਧੰਨ ਧੰਨ ਧੰਨ ਅਮਰ ਸ਼ਹੀਦ ਗੁਰਮੁਖਿ ਭਾਈ ਮਤੀਦਾਸ ਸਾਹਿਬ ਜੀ, ਭਾਈ ਦਿਆਲਦਾਸ ਸਾਹਿਬ ਜੀ ਅਤੇ ਭਾਈ ਸਤੀਦਾਸ ਸਾਹਿਬ ਜੀ, ਜਿਨ੍ਹਾਂ ਦੇ ਰਿਦੇ, ਰੋਮ ਰੋਮ 'ਚ ਪੂਰਨ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਵਸਦੇ ਹਨ।

**੫੪. ਧਨਾਸਰੀ ਮਹਲਾ ੫॥ ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥** ਪੂਰਨ ਬ੍ਰਹਮਗਿਆਨੀ ਜੀ ਪੈਦਾ ਕਰਨ ਵਾਲੇ ਵਾਹਿਗੁਰੂ ਸਤਿਗੁਰੂ ਅਰਜਨਦੇਵ ਸਾਹਿਬ ਜੀ ਸਰਬੱਤ ਦੇ ਭਲੇ ਹਿੱਤ, ਜੇਠ ਦੀ ਗਰਮੀ 'ਚ, ਜ਼ਾਲਮਾਂ ਦੇ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਨ ਤੋਂ, ਹੁਣ ਗੁਰਮੁਖਿ ਨਿਰਲੇਪ ਅਵਸਥਾ ਵਿਚ ਤੱਤੀ ਤਵੀ 'ਤੇ ਖੜ੍ਹ ਰਹੇ ਹਨ। ਦੀਨ ਦਇਆਲ ਕ੍ਰਿਪਾਲ ਪ੍ਰਭ; ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥ ਪਰਮਪੂਜਨੀਕ ਗੁਰੂ ਅਰਜਨਦੇਵ ਸਾਹਿਬ ਜੀ ਧਨਾਸਰੀ ਰਾਗ ਵਿੱਚ ਵਿਕਾਰਾਂ ਦੇ ਤਿਆਗ ਦਾ ਸ਼ੁਭ ਸੱਚਾ ਗੁਰਮੁਖਿ ਉਪਦੇਸ਼ ਫ਼ੁਰਮਾ ਰਹੇ ਹਨ ਜੀ:-

ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ ਵਡੇ ਵਡੇ ਜ਼ਾਲਮ ਹੰਕਾਰੀ ਬਾਬਰ ਜੈਸੇ ਰਾਜਨ (ਅਰੁ) ਅਤੇ (ਭੂਮਨ) ਜਾਗੀਰਦਾਰ (ਤਾ) ਤਿਨ੍ਹਾਂ ਦੀ ਰਸਾਂ ਕਸਾਂ ਭੋਗਣ (ਕੀ) ਦੀ (ਤ੍ਰਿਸਨ) ਤ੍ਰਿਸ਼ਨਾ (ਨ) ਨਹੀਂ ਬੂਝੀ।

ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥੧॥ ਅਗਿਆਨੀ ਮਾਇਆ ਦੇ (ਰੰਗ) ਅਨੰਦ ਵਿੱਚ (ਮਾਤੇ) ਮਸਤ, ਦਿਨ ਰਾਤ ਵਿਸ਼ਿਆਂ ਵਿੱਚ (ਲਪਟਿ) ਖੱਚਤ ਰਹੇ। ਵਿਕਾਰ ਭੋਗ ਕੇ (ਲੋਚਨ) ਅੱਖਾਂ 'ਚ (ਕਛੂ) ਕੁੱਝ (ਨ) ਨਹੀਂ (ਸੂਝੀ) ਸੁਝਿਆ ਭਾਵ ਅੰਧੇ ਹੋ ਗਏ। ਮਨ ਬੁੱਧ ਰੂਪੀ (ਲੋਚਨ) ਅੱਖਾਂ ਨਾਲ ਲੋਕ ਪ੍ਰਲੋਕ ਦਾ (ਕਛੂ) ਕੁੱਝ ਭੀ ਗਿਆਨ (ਨ) ਨਹੀਂ (ਸੂਝੀ) ਸੁਝਿਆ। ਮਾਇਆ ਵਿੱਚ ਗ੍ਰਸੇ, ਵੈਰਾਗ ਵਿਵੇਕ ਰੂਪ ਅੱਖਾਂ ਰਹਿਤ ਅੰਨ੍ਹੇ ਮਨਮੁਖਾਂ ਨੇ, ਇਸ ਨਾਸਵੰਤ ਦੁਨੀਆਂ ਨੂੰ ਸੱਚ ਮੰਨਿਆ॥੧॥

ਬਿਖਿਆ ਮਹਿ; ਕਿਨ ਹੀ. ਤ੍ਰਿਪਤਿ ਨ ਪਾਈ॥ (ਬਿਖਿਆ) ਜ਼ਹਿਰ ਵਿਕਾਰਾਂ (ਮਹਿ) ਵਿੱਚ (ਕਿਨ) ਕਿਸੇ ਨੇ (ਹੀ) ਭੀ (ਤ੍ਰਿਪਤਿ) ਤ੍ਰਿਪਤੀ (ਨ) ਨਹੀਂ ਪਾਈ। ਯਥਾ:- ਕੇਤੇ; ਖਪਿ ਤੁਟਹਿ ਵੇਕਾਰ॥

ਜਿਉ ਪਾਵਕੁ. ਈਧਨਿ ਨਹੀ ਧ੍ਰਾਪੈ; ਬਿਨੁ ਹਰਿ. ਕਹਾ ਅਘਾਈ॥ਰਹਾਉ॥ (ਜਿਉ) ਜਿਵੇਂ (ਪਾਵਕੁ) ਅੱਗ (ਈਧਨਿ) ਲੱਕੜਾਂ ਨਾਲ ਨਹੀ (ਧ੍ਰਾਪੈ) ਰੱਜਦੀ। ਤਿਵੇਂ ਮਨਮੁਖ (ਹਰਿ) ਸੱਚੇ ਨਿਰਮਲ ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੁੱਚੇ ਉੱਚੇ ਪਰਮਪੂਜਨੀਕ ਪਵਿੱਤ੍ਰ ਨਿਰੰਕਾਰ ਗੁਰਬਾਣੀ ਜੀ, ਵਾਹਿਗੁਰੂ ਨਾਮ ਜੀ ਜਪੇ (ਬਿਨੁ) ਬਿਨਾ (ਕਹਾ) ਕਿਵੇਂ (ਅਘਾਈ) ਰੱਜੇਗਾ? ਜਾਹਰ ਪੀਰ ਜਗਤੁ ਗੁਰੁ ਬਾਬਾ॥੩॥ ਵਾਹਿਗੁਰੂ ਸਤਿਗੁਰੂ ਨਾਨਕਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ, ਜੋ ਹੁਣ ਬਿਅੰਤ ਬ੍ਰਹਮੰਡਾਂ ਨੂੰ, ਅਪਨੇ ਨਿਰਗੁਨ ਸਰੂਪ ਜੀ ਦੁਆਰਾ, ਰਚ ਅਤੇ ਲੈਅ ਕਰਦਿਆਂ ਨਿਰਲੇਪ ਹਨ। ਯਥਾ:- ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥ ਕਲਜੁੱਗੀ ਜੀਆਂ ਦੀ ਤ੍ਰਿਪਤੀ ਕਰਨ ਲਈ ਅੰਮ੍ਰਿਤ ਸੀਤਲ ਨਿਰਮਲ ਗੁਰਬਾਣੀ ਜੀ ਬਖ਼ਸ਼ਦੇ ਹਨ, ਵਿਕਾਰਾਂ ਔਗੁਣਾਂ ਤੋਂ ਹਟਾ ਕੇ ਸੱਚੇ ਗੁਰਮਤਿ ਦੇ ਮਾਰਗ ’ਤੇ ਲਾ ਕੇ ਗੁਰਸਬਦ ਰੂਪੀ ਲੰਗਰ ਨਾਲ ਜਨਮਾਂ ਜਨਮਾਂ ਦੇ ਭੁੱਖਿਆਂ ਨੂੰ ਤ੍ਰਿਪਤ ਕਰ ਰਹੇ ਹਨ। ਯਥਾ:- ਲੰਗਰੁ ਚਲੈ ਗੁਰਸਬਦਿ ਹਰਿ; ਤੋਟਿ ਨ ਆਵੀ ਖਟੀਐ॥

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ; ਤਾ ਕੀ. ਮਿਟੈ ਨ ਭੂਖਾ॥ (ਦਿਨੁ ਦਿਨੁ) ਨਿੱਤ ਨਿੱਤ ਜਿਹੜੇ ਮਨਮੁਖ (ਬਹੁ) ਬਹੁਤੇ ਰੰਗਾਂ ਰੰਗਾਂ ਦੇ (ਬਿੰਜਨ) ਸੁਆਦਲੇ ਤਲ਼ੇ ਮਿੱਠੇ ਸਲੂਣੇ ਭੋਜਨ ਛਕਣਾ (ਕਰਤ) ਕਰਦੇ ਹਨ। (ਤਾ) ਤਿਨ੍ਹਾਂ (ਕੀ) ਦੀ ਨ੍ਹਾਨ੍ਹਾਂ ਤਰ੍ਹਾਂ ਦੇ ਪਦਾਰਥ ਛਕਣ ਦੀ (ਭੂਖਾ) ਭੁੱਖ (ਨ) ਨਹੀਂ (ਮਿਟੈ) ਮਿਟਦੀ। ਯਥਾ:- ਜਿਤਨੀ ਭੂਖ. ਅਨ ਰਸ ਸਾਦ ਹੈ; ਤਿਤਨੀ ਭੂਖ. ਫਿਰਿ ਲਾਗੈ॥ ਜਿਸੁ ਹਰਿ ਆਪਿ ਕ੍ਰਿਪਾ ਕਰੇ; ਸੋ ਵੇਚੇ ਸਿਰੁ. ਗੁਰ ਆਗੈ॥ ਜਨ ਨਾਨਕ. ਹਰਿ ਰਸਿ ਤ੍ਰਿਪਤਿਆ; ਫਿਰਿ. ਭੂਖ ਨ ਲਾਗੈ॥੪॥੪॥੧੦॥੪੮॥

ਪ੍ਰੇਮ ਬੇਨਤੀ:- ਇਵੇਂ ਮਨਮੁਖਾਂ ਦੀ ਪਦਾਰਥਾਕਾਰ ਬਿਰਤੀ ਕੇਵਲ ਖਾਣ ਪੀਣ ਤੱਕ ਹੀ ਸੀਮਤ ਰਹਿੰਦੀ ਹੈ। ਪੂਰਨ ਗੁਰੂ ਸਾਹਿਬ ਜੀ ਨੂੰ ਮਨ ਵੇਚ ਕੇ, ਬ੍ਰਹਮਾਕਾਰ ਬਿਰਤੀ ਬਣਾ ਕੇ, ਗੁਰਬਾਣੀ ਸੇਵਾ ਸਿਮਰਨ ਵਿੱਚ ਲੀਣ ਹੋ ਕੇ, ਗੁਰੂ ਸਾਹਿਬ ਜੀ ਦਾ ਬਖ਼ਸ਼ਿਆ ਨਾਮ ਅੰਮ੍ਰਿਤ ਰਸ ਪ੍ਰਾਪਤ ਕਰਕੇ ਤ੍ਰਿਪਤੀ ਨਹੀਂ ਪਾਉਂਦੇ। ਜਿਨ੍ਹਾਂ ਗੁਰਮੁਖਾਂ ਨੇ ਵਿਸ਼ੇ ਰਸ ਤਿਆਗੇ ਹਨ, ਉਹ ਹਮੇਸ਼ਾ ਨਾਮ ਅੰਮ੍ਰਿਤ ਰਸ ਮਾਣਦੇ ਹਨ। ਯਥਾ:- ਅਵਰਿ ਸਾਦ ਚਖਿ ਸਗਲੇ ਦੇਖੇ; ਮਨ. ਹਰਿ ਰਸੁ ਸਭ ਤੇ ਮੀਠਾ ਜੀਉ॥੧॥) ਜਿਨਿ ਹਰਿ ਰਸੁ ਪਾਇਆ; ਸੋ ਤ੍ਰਿਪਤਿ ਅਘਾਨਾ॥ ਜਿਨਿ ਹਰਿ ਸਾਦੁ ਪਾਇਆ; ਸੋ ਨਾਹਿ ਡੁਲਾਨਾ॥

ਉਦਮੁ ਕਰੈ ਸੁਆਨ ਕੀ ਨਿਆਈ; ਚਾਰੇ ਕੁੰਟਾ ਘੋਖਾ॥੨॥ ਹਲ਼ਕੇ (ਸੁਆਨ) ਕੁੱਤੇ (ਕੀ) ਦੀ ਨਿਆਈ ਮਨਮੁਖ ਲੋਭ ’ਚ ਪਦਾਰਥਾਂ, ਵਿਕਾਰਾਂ ਲਈ ਦਿਨ ਰਾਤ ਉਦਮੁ (ਕਰੈ) ਕਰਦਾ, ਚਾਰੇ (ਕੁੰਟਾ) ਦਿਸਾਂ ਵਿੱਚ ਪਦਾਰਥਾਂ, ਵਿਕਾਰਾਂ ਨੂੰ (ਘੋਖਾ) ਖੋਜਦਾ ਹੈ॥੨॥ ਯਥਾ:- ਲੋਭ ਲਹਰਿ ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥

ਕਾਮਵੰਤ ਕਾਮੀ ਬਹੁ ਨਾਰੀ; ਪਰ ਗ੍ਰਿਹ ਜੋਹ. ਨ ਚੂਕੈ॥ ਸੁਖਸਾਗਰ ਗੁਰੂ ਪ੍ਰਮੇਸਰ ਵਾਹਿਗੁਰੂ ਜੀ ਨੂੰ ਭੁੱਲ ਕੇ ਮਨਮੁਖ (ਕਾਮਵੰਤ) ਕਾਮ ਵਾਲਾ ਕਾਮੀ ਹੋ ਜਾਂਦਾ ਹੈ। ਕਾਮ ਭੋਗਣ ਦੀ ਇੱਛਾ ਕਰਕੇ (ਬਹੁ) ਬਹੁਤੀਆਂ (ਨਾਰੀ) ਇਸਤ੍ਰੀਆਂ ਨਾਲ ਕੁਸੰਗ ਕਰਦਾ, ਰੱਜਦਾ ਨਹੀਂ। ਕਦੇ ਭੀ ਪਰ ਗ੍ਰਿਹ ਵੱਲ (ਜੋਹ) ਦੇਖਣੋ (ਨ) ਨਹੀਂ (ਚੂਕੈ) ਹਟਦਾ ਜੀ। ਯਥਾ:- ਰੇ ਨਰ; ਕਾਇ ਪਰ ਗ੍ਰਿਹਿ ਜਾਇ॥ ਕੁਚਲ ਕਠੋਰ ਕਾਮਿ ਗਰਧਬ; ਤੁਮ. ਨਹੀ ਸੁਨਿਓ ਧਰਮਰਾਇ॥) ਜੇ ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਗੁਰ, ਸੁਖੁ ਨ ਪਾਵਈ; ਫਿਰਿ ਫਿਰਿ ਜੋਨੀ ਪਾਹਿ॥) ਸੁੰਦਰ ਸੇਜ ਅਨੇਕ ਸੁਖ; ਰਸ ਭੋਗਣ ਪੂਰੇ॥ ਗ੍ਰਿਹ ਸੋਇਨ ਚੰਦਨ ਸੁਗੰਧ; ਲਾਇ ਮੋਤੀ ਹੀਰੇ॥ ਮਨ ਇਛੇ ਸੁਖ ਮਾਣਦਾ;

ਕਿਛੁ ਨਾਹਿ ਵਿਸੂਰੇ॥ ਸੋ ਪ੍ਰਭੁ. ਚਿਤਿ ਨ ਆਵਈ; ਵਿਸਟਾ ਕੇ ਕੀਰੇ॥ ਬਿਨੁ ਹਰਿ ਨਾਮ. ਨ ਸਾਂਤਿ ਹੋਇ; ਕਿਤੁ ਬਿਧਿ ਮਨੁ ਧੀਰੇ॥

ਦਿਨ ਪ੍ਰਤਿ ਕਰੈ. ਕਰੈ ਪਛੁਤਾਪੈ; ਸੋਗ ਲੋਭ ਮਹਿ ਸੂਕੈ॥੩॥ ਸਿਮਰਨ ਹੀਣ ਮਨਮੁਖ (ਦਿਨ ਪ੍ਰਤਿ) ਹਰ ਰੋਜ ਵਿਕਾਰ ਭੋਗਣਾ (ਕਰੈ) ਕਰਦਾ ਹੈ। ਏਡਜ਼ ਆਦਿ ਬਿਮਾਰੀਆਂ ਲੱਗਣ ਤੋਂ ਅਤੇ ਜਮ ਕਾ ਡੰਡੁ. ਮੂੰਡ ਮਹਿ ਲਾਗੈ; ਵਾਲੀ ਹਾਲਤ ਹੋਣ ਤੋਂ ਮਨਮੁਖ ਬਹੁਤ (ਪਛੁਤਾਪੈ) ਪਛਤਾਵਾ (ਕਰੈ) ਕਰਦਾ ਹੈ। ਸੋਗ ਤੇ ਲੋਭ (ਮਹਿ) 'ਚ ਮਨਮੁਖ (ਸੂਕੈ) ਸੁੱਕ ਜਾਂਦਾ ਹੈ॥੩॥ ਯਥਾ:- ਜਨਮੰ ਤ ਮਰਣੰ; ਹਰਖੰ ਤ ਸੋਗੰ; ਭੋਗੰ ਤ ਰੋਗੰ॥ ਹੇ ਮਨਾ! ਤੂੰ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਨਿਰਮਲ ਸੱਚਾ ਸੁੱਚਾ ਉੱਚਾ ਸ੍ਰੇਸ਼ਟ ਸਿੱਖੀ ਧਰਮ ਛੱਡ ਕੇ ਵਿਕਾਰਾਂ ਵਿੱਚ ਰੁੱਝ ਗਿਆ। ਨਾਮ ਦੇ ਆਸਰੇ, ਬ੍ਰਹਮ ਸਮਰੱਥ ਵਾਹਿਗੁਰੂ ਜੀ ਨੇ ਮਾਤਾ ਜੀ ਦੇ ਉਦਰ ਵਿੱਚ ਤੇਰੀ ਰੱਖਿਆ ਕੀਤੀ, ਤੈਨੂੰ ਰਕਤ ਬਿੰਦ ਤੋਂ ਪੈਦਾ ਕਰਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਨ ਲਈ ਇਹ ਸੁੰਦਰ ਨਰ ਨਰਾਇਣੀ ਦੇਹ ਬਖ਼ਸ਼ੀ। ਪਰ ਤੂੰ ਪਾਪਾਂ ਦੀ ਪੰਡ ਸਿਰ 'ਤੇ ਚੁੱਕ ਕੇ ਵਿਕਾਰਾਂ ਦੇ ਰਸਤੇ ਤੁਰ ਪਿਆ, ਜਿਥੇ ਤੈਨੂੰ ਤੱਤੇ ਥੰਮਾਂ ਨਾਲ ਲਾਇਆ ਜਾਵੇਗਾ। ਯਥਾ:- ਬਿਸਾਰਿ ਹਰਿ ਜੀਉ. ਬਿਖੈ ਭੋਗਹਿ; ਤਪਤ ਥੰਮ. ਗਲਿ ਲਾਇ॥੧॥) ਪਰ ਤ੍ਰਿਅ. ਰਾਵਣਿ ਜਾਹਿ; ਸੇਈ ਤਾਲਾਜੀਅਹਿ॥

ਹਰਿ ਹਰਿ ਨਾਮੁ ਅਪਾਰ ਅਮੋਲਾ; ਅੰਮ੍ਰਿਤੁ ਏਕੁ ਨਿਧਾਨਾ॥ ਸੂਖੁ ਸਹਜੁ ਆਨੰਦੁ ਸੰਤਨ ਕੈ; ਨਾਨਕ ਗੁਰ ਤੇ ਜਾਨਾ॥੪॥੬॥ (ਨਾਨਕ) ਮਹੱਲਾ ਪੰਜਵਾਂ ਜੀ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਾਸਨਦਾਸ ਗ੍ਰੀਬ ਨੇ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰ ਸਾਹਿਬਾਨ ਜੀ ਮਹਾਰਾਜ (ਤੇ) ਤੋਂ ਇਹ (ਜਾਨਾ) ਜਾਨਿਆ, ਕਿ (ਹਰਿ) ਸ੍ਰਬ ਵਿਆਪੀ ਅਕਾਲਪੁਰਖੁ ਵਾਹਿਗੁਰੂ ਜੀ (ਹਰਿ) ਧੰਨ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਦੇ (ਅਪਾਰ) ਪਾਰਾਵਾਰ ਰਹਿਤ (ਅਮੋਲਾ) ਅਮੋਲਕ ਪਵਿੱਤ੍ਰ ਏਕੁ ਨਾਮੁ ਅੰਮ੍ਰਿਤੁ ਦਾ (ਨਿਧਾਨਾ) ਖ਼ਜ਼ਾਨੇ ਹਨ। ਯਥਾ:- ਸਾਈ ਨਾਮੁ ਅਮੋਲੁ; ਕੀਮ ਨ ਕੋਈ ਜਾਣਦੋ॥) ਬਹੁ ਸਾਸਤ੍ਰ ਬਹੁ ਸਿਮ੍ਰਿਤੀ; ਪੇਖੇ ਸਰਬ ਢਢੋਲਿ॥ ਪੂਜਸਿ ਨਾਹੀ. ਹਰਿ ਹਰੇ; ਨਾਨਕ ਨਾਮ ਅਮੋਲ॥ ਜੋ (ਸੰਤਨ) ਦਸ ਸਤਿਗੁਰੂ ਸਾਹਿਬਾਨ ਜੀ (ਕੈ) ਦੇ ਪਾਸ (ਸੂਖੁ) ਸੁਖ, (ਸਹਜੁ) ਸ਼ਾਂਤੀ, ਧੀਰਜ, ਸੰਤੋਖ, ਬ੍ਰਹਮਗਿਆਨ ਅਬਿਨਾਸੀ ਸਹਜੁ ਅਵਸਥਾ ਦਾ ਆਨੰਦੁ ਨਾਮ ਖ਼ਜ਼ਾਨਾ ਹੈ ਜੀ॥੪॥੬॥

੫੫. ਭੈਰਉ ਮਹਲਾ ੫॥ ਚਿਤਵਤ ਪਾਪ; ਨ ਆਲਕੁ ਆਵੈ॥ ਭੈਰਉ ਰਾਗ ਵਿੱਚ ਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:-

ਚਿਤਵਤ ਪਾਪ; ਨ ਆਲਕੁ ਆਵੈ॥ ਮਨਮੁਖ ਦਿਨ ਰਾਤ ਪਾਪ (ਚਿਤਵਤ) ਚਿਤਵਦਾ ਹੈ, ਪਰ ਉਸ ਨੂੰ (ਆਲਕੁ) ਆਲਸ (ਨ) ਨਹੀਂ (ਆਵੈ) ਆਉਂਦਾ। ਯਥਾ:- ਪਾਪ ਕਰਤ. ਸੁਕਚਿਓ ਨਹੀ; ਨਹ ਗਰਬੁ ਨਿਵਾਰਿਓ॥) ਸਲੋਕੁ ਮਃ ੫॥ ਚੰਗਿਆਇਂੀ ਆਲਕੁ ਕਰੇ; ਬੁਰਿਆਇਂੀ ਹੋਇ ਸੇਰੁ॥ ਨਾਨਕ. ਅਜੁ ਕਲਿ ਆਵਸੀ; ਗਾਫਲ ਫਾਹੀ ਪੇਰੁ॥੧॥

ਭਜਤ ਪੋਲਾ- ਬੇਸੁਆ ਭਜਤ; ਕਿਛੁ ਨਹ ਸਰਮਾਵੈ॥ ਮਨਮੁਖ (ਬੇਸੁਆ) ਵੇਸਵਾ ਨਾਲ (ਭਜਤ) ਭੋਗ ਕਰਦਾ (ਕਿਛੁ) ਥੋੜਾ ਭੀ (ਸਰਮਾਵੈ) ਸ਼ਰਮਾਉਂਦਾ (ਨਹ) ਨਹੀਂ ਜੀ।

ਸਾਰੋ ਦਿਨਸੁ ਮਜੂਰੀ ਕਰੈ॥ (ਸਾਰੋ) ਸਾਰਾ (ਦਿਨਸੁ) ਦਿਨ ਮਾਇਆ ਇਕੱਠੀ ਕਰਨ ਲਈ (ਮਜੂਰੀ) ਮਸ਼ੱਕਤ

(ਕਰੈ) ਕਰਦਾ ਹੈ।

ਵੇਲਾ ਪੋਲਾ। ਬੱਜਰ- ਹਰਿ ਸਿਮਰਨ ਕੀ ਵੇਲਾ; ਬਜਰ ਸਿਰਿ ਪਰੈ॥੧॥ (ਹਰਿ) ਹਰੀ ਵਾਹਿਗੁਰੂ ਜੀ ਦੇ ਸਿਮਰਨ ਕਰਨ (ਕੀ) ਦੀ ਵੇਲਾ ਮਨਮੁਖ ਦੇ ਸਿਰਿ 'ਤੇ ਨੀਂਦ, ਆਲਸ ਰੂਪੀ (ਬਜਰ) ਪੱਥਰ ਆ ਕੇ (ਪਰੈ) ਪੈ ਜਾਂਦਾ ਹੈ॥੧॥ ਯਥਾ:- ਬੁਰੇ ਕਾਮ ਕਉ; ਊਠਿ ਖਲੋਇਆ॥ ਨਾਮ ਕੀ ਬੇਲਾ; ਪੈ ਪੈ ਸੋਇਆ॥੧॥ ਅਉਸਰੁ ਅਪਨਾ; ਬੂਝੈ ਨ. ਇਆਨਾ॥ ਮਾਇਆ ਮੋਹ ਰੰਗਿ ਲਪਟਾਨਾ॥੧॥ਰਹਾਉ॥

ਲੱਗਿ- ਮਾਇਆ ਲਗਿ; ਭੂਲੋ ਸੰਸਾਰੁ॥ ਗੁਰਮੁਖਿ ਗਾਡੀ ਰਾਹ ਨੂੰ ਛੱਡ ਕੇ, ਸਾਰਾ ਸੰਸਾਰੁ ਮਾਇਆ ਵਿੱਚ ਲਗਿ ਕੇ (ਭੂਲੋ) ਭੁੱਲਿਆ ਹੈ ਜੀ। ਯਥਾ:- ਭਰਮਿ ਭੁਲਾਣਾ ਅੰਧੁਲਾ; ਫਿਰਿ ਫਿਰਿ ਆਵੈ ਜਾਇ॥

ਆਪਿ ਭੁਲਾਇਆ ਭੁਲਾਵਣਹਾਰੈ; ਰਾਚਿ ਰਹਿਆ ਬਿਰਥਾ ਬਿਉਹਾਰ॥੧॥ਰਹਾਉ॥ ਅਪਣੇ ਮਨ ਨੂੰ (ਭੁਲਾਵਣਹਾਰੈ) ਭੁਲੌਣ ਵਾਲੇ ਮਨਮੁਖ ਨੇ, ਵਾਹਿਗੁਰੂ ਗੁਰੂ ਪ੍ਰਮੇਸਰ ਜੀ ਨੂੰ ਆਪਿ ਭੁਲਾਇਆ ਹੈ। ਸਾਕਤ ਸੰਗਿ ਵਿਕਰਮ ਕਮਾਏ॥ ਅਨੁਸਾਰ ਸਾਕਤ ਦੇ ਕੁਸੰਗ ਵਿੱਚ ਬਿਰਥਾ ਮਾਇਕੀ ਭੈੜੇ (ਬਿਉਹਾਰ) ਕੰਮ ਵਿੱਚ, (ਰਾਚਿ) ਮਸਤ ਹੋ ਰਹਿਆ ਹੈ ਜੀ॥੧॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

ਪੇਖਤ; ਮਾਇਆ ਰੰਗਿ, ਬਿਹਾਇ॥ ਨਾਸਵੰਤ ਝੂਠੀ ਮਾਇਆ ਦਾ (ਰੰਗਿ) ਤਮਾਸਾ (ਪੇਖਤ) ਦੇਖਦਿਆਂ ਮਨਮੁਖ ਦੀ ਸਾਰੀ ਉਮਰ ਬਿਅਰਥ ਹੀ (ਬਿਹਾਇ) ਬਤੀਤ ਹੋ ਰਹੀ ਹੈ।

ਗੜਬੜ ਕਰੈ; ਕਉਡੀ ਰੰਗੁ ਲਾਇ॥ (ਕਉਡੀ) ਮਾਇਆ ਨਾਲ (ਰੰਗੁ) ਪ੍ਰੇਮ (ਲਾਇ) ਲਾ ਕੇ, (ਗੜਬੜ) ਲੜਾਈ, ਝਗੜਾ (ਕਰੈ) ਕਰਦਾ ਹੈ ਜੀ।

ਅੰਧ ਬਿਉਹਾਰ; ਬੰਧ ਮਨੁ ਧਾਵੈ॥ ਵਿਕਾਰਾਂ 'ਚ (ਅੰਧ) ਅੰਨ੍ਹੇ ਮਨਮੁਖ ਦਾ ਮਨੁ (ਬੰਧ) ਬੰਧਨ ਵਿੱਚ ਪਾਉਣ ਵਾਲੇ ਭੈੜੇ (ਬਿਉਹਾਰ) ਵਿਹਾਰ ਨੂੰ (ਧਾਵੈ) ਦੌੜਦਾ ਹੈ ਜੀ। ਯਥਾ:- ਮਾਇਆ ਕਾਰਨਿ ਧਾਵਹੀ; ਮੂਰਖ ਲੋਗ ਅਜਾਨ॥ ਕਹੁ ਨਾਨਕ. ਬਿਨੁ ਹਰਿ ਭਜਨਿ; ਬਿਰਥਾ ਜਨਮੁ ਸਿਰਾਨ॥੨੮॥

ਕਰਣੈਹਾਰੁ; ਨ ਜੀਅ ਮਹਿ ਆਵੈ॥੨॥ ਬਿਅੰਤ ਬ੍ਰਹਮੰਡ ਦੀ ਰਚਨਾ (ਕਰਣੈਹਾਰੁ) ਰਚਣ ਵਾਲੇ ਸੱਚੇ ਕੰਤ ਸੱਚੇ ਭਗਵੰਤ ਕਰਤਾਪੁਰਖੁ ਵਾਹਿਗੁਰੂ ਜੀ, ਮਨਮੁਖ ਦੇ (ਜੀਅ) ਚਿੱਤ (ਮਹਿ) ਵਿੱਚ (ਨ) ਨਹੀਂ (ਆਵੈ) ਆਉਂਦੇ॥੨॥ ਯਥਾ:- ਨਿਰਭਉ ਹੋਇਓ; ਭਇਆ ਨਿਹੰਗਾ॥ ਚੀਤਿ. ਨ ਆਇਓ; ਕਰਤਾ ਸੰਗਾ॥

ਕਰਤ ਕਰਤ; ਇਵ ਹੀ ਦੁਖੁ ਪਾਇਆ॥ (ਇਵ) ਇਵੇਂ ਸਿਮਰਨ ਹੀਣ ਮਨਮੁਖ ਨੇ ਕੁਕਰਮ (ਕਰਤ ਕਰਤ) ਕਰਦਿਆਂ ਕਰਦਿਆਂ ਲੋਕ ਪ੍ਰਲੋਕ ਵਿੱਚ ਦੁਖੁ ਹੀ ਪਾਇਆ ਹੈ ਜੀ।

ਪੂਰਨ ਹੋਤ ਨ; ਕਾਰਜ ਮਾਇਆ॥ ਮਨਮੁਖ ਦੇ ਮਾਇਆ ਕਪਟ ਦੇ ਕਾਰਜ (ਪੂਰਨ) ਪੂਰੇ (ਨ) ਨਹੀਂ (ਹੋਤ) ਹੁੰਦੇ। ਯਥਾ:- ਕਰਿ ਕਰਿ ਥਾਕੇ; ਵਡੇ ਵਡੇਰੇ॥ ਕਿਨਹੀ ਨ ਕੀਏ; ਕਾਜ ਮਾਇਆ ਪੂਰੇ॥

ਕਾਮਿ ਕ੍ਰੋਧਿ ਲੋਭਿ ਮਨੁ ਲੀਨਾ॥ ਕਾਮਿ ਕ੍ਰੋਧਿ ਲੋਭਿ ਆਦਿ ਵਿਕਾਰਾਂ ਵਿੱਚ ਉਸ ਦਾ ਮਨੁ (ਲੀਨਾ) ਲੀਣ ਹੋ ਗਿਆ ਜੀ।

ਤੜਫਿ ਮੂਆ; ਜਿਉ ਜਲ ਬਿਨੁ ਮੀਨਾ॥੩॥ (ਜਿਉ) ਜਿਵੇਂ (ਮੀਨਾ) ਮੱਛੀ ਜਲ ਬਿਨੁ ਤੜਫਿ ਕੇ (ਮੂਆ) ਮਰਦੀ ਹੈ, ਤਿਵੇਂ ਸਿਮਰਨ ਹੀਣ ਮਨਮੁਖ ਖੋਟੇ ਕਰਮ ਕਰਕੇ, ਏਡਜ਼ ਕੈਂਸਰ ਕਰੋਨਾ ਆਦਿ ਬਿਮਾਰੀਆਂ ਨਾਲ, ਅੰਤ ਨੂੰ ਤੜਫਿ ਤੜਫਿ ਕੇ (ਮੂਆ) ਮਰ ਗਿਆ ਜੀ॥੩॥

ਜਿਸ ਕੇ ਰਾਖੇ; ਹੋਇ ਹਰਿ ਆਪਿ॥ ਜਿਸ ਜੀਵ (ਕੇ) ਦੇ (ਹਰਿ) ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਆਪਿ ਰਾਖੇ ਹੋਇ ਹਨ ਜੀ। ਯਥਾ:- ਅਪਨੇ ਦਾਸ ਕਾ; ਸਦਾ ਰਖਵਾਲਾ॥ ਕਰਿ ਕਿਰਪਾ. ਅਪੁਨੇ ਕਰਿ ਰਾਖੇ; ਮਾਤ ਪਿਤਾ ਜਿਉ ਪਾਲਾ॥੧॥ਰਹਾਉ॥) ਮੇਰਾ ਸਤਿਗੁਰੁ; ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ. ਹਾਥ ਦੇ ਰਾਖਿਆ; ਹਰਿ ਗੋਵਿਦੁ ਨਵਾ ਨਿਰੋਆ॥

ਹਰਿ ਹਰਿ ਨਾਮੁ; ਸਦਾ ਜਪੁ ਜਾਪਿ॥ ਉਹ (ਹਰਿ) ਅਕਾਲਪੁਰਖੁ ਜੀ (ਹਰਿ) ਪਰਮਪੂਜਨੀਕ ਵਾਹਿਗੁਰੂ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ ਦੇ ਪਵਿੱਤ੍ਰ ਨਾਮੁ ਦੇ ਜਾਪਿ ਨੂੰ, ਸਦਾ ਰੋਮ ਰੋਮ ਕਰਕੇ (ਜਪੁ) ਜਪਦਾ ਹੈ।

ਸਾਧਸੰਗਿ; ਹਰਿ ਕੇ ਗੁਣ ਗਾਇਆ॥ ਨਾਨਕ ਸਤਿਗੁਰੁ ਪੂਰਾ ਪਾਇਆ॥੪॥੧੫॥੨੮॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ (ਨਾਨਕ) ਮਹੱਲਾ ਪੰਜਵਾਂ ਜੀ ਫ਼ੁਰਮਾਉਂਦੇ ਹਨ:- ਉਸ ਨੇ ਸੱਚੀ ਸਾਧਸੰਗਿ ਵਿੱਚ (ਹਰਿ) ਸਤਿਗੁਰੂ ਗ੍ਰੰਥ ਸਾਹਿਬ ਜੀ (ਕੇ) ਦੇ ਸੱਚੇ ਨਿਰਮਲ ਗੁਰਮੁਖਿ (ਗੁਣ) ਗੁਣਾਂ ਨੂੰ ਗਾਇਆ ਜੀ। ਉਸ ਪ੍ਰੇਮੀ ਨੇ (ਪੂਰਾ) ਪੂਰੇ ਸਤਿਗੁਰੁ ਜੀ (ਪਾਇਆ) ਪਾਏ ਹਨ॥੪॥੧੫॥੨੮॥ ਯਥਾ:- ਮਿਲਿ ਸੰਗਤੀ; ਗੁਨ ਗਾਵਨੋ॥) ਨੀਕੀ; ਸਾਧਸੰਗਾਨੀ॥ਰਹਾਉ॥ ਪਹਰ ਮੂਰਤ ਪਲ, ਗਾਵਤ ਗਾਵਤ; ਗੋਵਿੰਦ ਗੋਵਿੰਦ ਵਖਾਨੀ॥੧॥

**੫੬.** ਘਰ ਕੀ ਨਾਰਿ; ਤਿਆਗੈ ਅੰਧਾ॥ ਪਰਮਪੂਜਨੀਕ ਧੰਨ ਸ਼੍ਰੋਮਣੀ ਭਗਤ ਸ੍ਰੀ ਨਾਮਦੇਵ ਸਾਹਿਬ ਜੀ ਦੇ ਇਲਾਹੀ ਸੱਚੇ ਹੁਕਮ ਨਾਲ, ਅਸੰਖ ਸੁੰਦਰ ਅੰਬਰਾਂ ਵਿੱਚ, ਅਸੰਖ ਹੀ ਸੁੰਦਰ ਸੋਹਣੇ ਚੰਦ੍ਰਮੇਂ ਹੁਣ ਚੜ੍ਹੇ ਹੋਏ ਹਨ। ਯਥਾ:- ਕਈ ਕੋਟਿ; ਸਸੀਅਰ ਸੂਰ ਨਖ੍ਯ੍ਰ॥ ਆਪ ਜੀ ਅਪਨੇ ਨਿਰਗੁਨ ਪ੍ਰਕਾਸ਼ ਦੁਆਰਾ, ਅਨੰਤ ਚੰਦ੍ਰਮਿਆਂ ਨੂੰ ਹਰ ਸਮੇਂ ਪ੍ਰਕਾਸ਼ ਰਹੇ ਹਨ। ਯਥਾ:- ਕੋਟਿ ਚੰਦ੍ਰਮੇ; ਕਰਹਿ ਚਰਾਕ॥ ਉਨ੍ਹਾਂ ਦਾ ਅਕਸ ਹੀਰੇ ਜਵਾਹਰਾਤਾਂ, ਲਾਲਾਂ ਉੱਤੇ ਪੈ ਰਿਹਾ ਹੈ। ਇਨ੍ਹਾਂ ਦੇ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ ਵਿੱਚ ਵਸਾ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਝਿਲਮਿਲਿ ਝਿਲਕੈ; ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅਕਥੀ ਕਥਉ. ਚਿਹਨੁ ਨਹੀ ਕੋਈ; ਪੂਰਿ ਰਹਿਆ ਮਨਿ ਭਾਇਦਾ॥ ਵਾਹਿਗੁਰੂ ਵਿਸਮਾਦ ਨਿਰਗੁਨ ਬ੍ਰਹਮ ਜੀ, ਆਪਣੇ ਨਿਰਮਲ ਸਰਗੁਨ ਸਰੂਪ ਪੂਰਨ ਭਗਤ ਜੀ ਨੂੰ, ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤ ਸ੍ਰੀ ਨਾਮਦੇਵ ਸਾਹਿਬ ਜੀ ਧੰਨ ਹਨ।

ਘਰ ਕੀ ਨਾਰਿ; ਤਿਆਗੈ ਅੰਧਾ॥ ਬ੍ਰਹਮ ਸਰੂਪ ਸ਼੍ਰੋਮਣੀ ਭਗਤ ਸ੍ਰੀ ਨਾਮਦੇਵ ਸਾਹਿਬ ਜੀ ਨਿਰੰਕਾਰ ਸਰੂਪ ਗੁਰਬਾਣੀ ਬਖ਼ਸ਼ ਕੇ, ਵਿਕਾਰ ਮੇਟ ਰਹੇ ਹਨ:- ਅੰਧਾ ਮਨਮੁਖ ਆਪਣੀ ਘਰ (ਕੀ) ਦੀ (ਨਾਰਿ) ਇਸਤ੍ਰੀ ਨੂੰ (ਤਿਆਗੈ) ਛੱਡਦਾ ਹੈ ਜੀ।

ਪਰ ਨਾਰੀ ਸਿਉ; ਘਾਲੈ ਧੰਧਾ॥ ਮਨਮੁਖ (ਪਰ) ਪਰਾਈ (ਨਾਰੀ) ਇਸਤ੍ਰੀ (ਸਿਉ) ਨਾਲ (ਧੰਧਾ) ਕੁਸੰਗ (ਘਾਲੈ) ਕਰਦਾ ਹੈ। ਯਥਾ:- ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ; ਚਿਤੁ ਲਾਇਆ ਪਰ ਨਾਰੀ॥

ਜੈਸੇ ਸਿੰਬਲੁ ਦੇਖਿ; ਸੂਆ ਬਿਗਸਾਨਾ॥ ਅੰਤ ਕੀ ਬਾਰ; ਮੂਆ. ਲਪਟਾਨਾ॥੧॥ (ਜੈਸੇ) ਜਿਵੇਂ ਸਿੰਬਲੁ ਬ੍ਰਿੱਛ ਦਾ ਫ਼ਲ ਦੇਖਿ ਕੇ, (ਸੂਆ) ਤੋਤਾ (ਬਿਗਸਾਨਾ) ਖ਼ੁਸ਼ ਹੁੰਦਾ ਹੈ। ਖ਼ੁਸ਼ੀ ਖ਼ੁਸ਼ੀ 'ਚ ਫ਼ਲ ਵਿੱਚ ਅਪਣੀ ਚੁੰਝ ਮਾਰਦਾ, ਪਰ ਕਰੜਾ ਹੋਣ ਕਰਕੇ ਤੋਤੇ ਦੀ ਚੁੰਝ ਫ਼ਲ ਵਿੱਚ ਖੁਭ ਜਾਂਦੀ ਹੈ। ਜਿਸ ਕਰਕੇ ਅੰਤ ਕੀ ਬਾਰ, ਤੋਤਾ ਫ਼ਲ ਨਾਲ (ਲਪਟਾਨਾ) ਲਮਕਦਾ

ਹੀ (ਮੂਆ) ਮਰ ਜਾਂਦਾ ਹੈ। ਇਉਂ ਮਨਮੁਖ ਪਰ ਇਸਤ੍ਰੀ, ਪਰ ਪੁਰਖ ਨੂੰ ਦੇਖ ਕੇ, ਬੈਡ ਕਰੈਕਟਰ ਹੋ ਕੇ ਮਰ ਜਾਂਦਾ ਹੈ॥੧॥ ਯਥਾ:- ਸਿੰਮਲ ਰੁਖੁ ਸਰੀਰੁ ਮੈ; ਮੈਜਨ, ਦੇਖਿ ਭੁਲੰਨ੍ਹਿ॥ ਸੇ ਫਲ. ਕੰਮਿ ਨ ਆਵਨ੍ਹੀ; ਤੇ ਗੁਣ. ਮੈ ਤਨਿ ਹੰਨ੍ਹਿ॥੪॥

ਪਾਪੀ ਕਾ ਘਰੁ; ਅਗਨੇ ਮਾਹਿ॥ ਜਲਤ ਰਹੈ; ਮਿਟਵੈ ਕਬ ਨਾਹਿ॥੧॥ਰਹਾਉ॥ ਮਨਮੁਖ ਪਾਪੀ (ਕਾ) ਦਾ (ਘਰੁ) ਸ੍ਰੀਰ ਵਿਕਾਰਾਂ, ਕਾਮ ਵਾਸ਼ਨਾ ਦੇ (ਅਗਨੇ) ਅੱਗ (ਮਾਹਿ) ਵਿੱਚ (ਜਲਤ) ਜਲ਼ਦਾ (ਰਹੈ) ਰਹਿੰਦਾ ਹੈ। (ਕਬ) ਕਦੇ (ਮਿਟਵੈ) ਬੁਝਦੀ (ਨਾਹਿ) ਨਹੀਂ ਸਗੋਂ ਵੱਧਦੀ ਰਹਿੰਦੀ ਹੈ, ਉਸ ਨੂੰ ਸਾੜ ਦਿੰਦੀ ਹੈ॥੧॥ ਯਥਾ:- ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਪਵਹਿ ਦਝਹਿ, ਨਾਨਕਾ; ਤਰੀਐ ਕਰਮੀ ਲਗਿ॥੨॥ (ਰਹਾਉ) ਬਿਸ੍ਰਾਮ ਦੇ ਕੇ ਫ਼ੁਰਮਾਉਂਦੇ ਹਨ:-

ਜੈਸਾ ਕਰਮੁ; ਤੈਸੀ ਲਿਵ ਲਾਵੈ॥ ਜੈਸਾ ਕੋਈ ਚੰਗਾ ਮਾੜਾ ਕਰਮੁ ਕਰਦਾ ਹੈ। ਤੈਸੀ (ਲਿਵ) ਬਿਰਤੀ (ਲਾਵੈ) ਲਾਉਂਦਾ ਹੈ।

ਸ਼ੁਭ ਸਿੱਖਿਆ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ:- ਸੱਚੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਪਣੇ ਪਿਆਰੇ ਗੁਰਸਿੱਖ ਸੰਗਤਾਂ ਨੂੰ ਸ਼ੁਭ ਸੱਚਾ ਉਪਦੇਸ਼ ਬਖ਼ਸ਼ਿਆ ਕਿ ਵਿਕਾਰ ਨਾਲੋਂ ਵਿਕਾਰੀ ਦੀ ਕੁਸੰਗਤ ਮਾੜੀ ਹੈ। ਵਿਕਾਰ ਅੱਗ ਹੈ, ਵਿਕਾਰੀ ਅੱਗ 'ਚ ਮੱਚਦਾ ਤਪਦਾ ਲਾਲ ਲੋਹਾ ਹੈ। ਅੱਗ ਦਾ ਸੇਕ ਲੱਗਣ ਤੋਂ, ਆਦਮੀ ਅਪਣਾ ਹੱਥ ਬਾਹਰ ਕੱਢ ਲੈਂਦਾ ਹੈ, ਪਰ ਜੇ ਦਗਦੇ ਲਾਲ ਲੋਹੇ ਨਾਲ ਹੱਥ ਲੱਗ ਜਾਵੇ, ਤਾਂ ਚਮੜੀ ਲਹਿ ਜਾਂਦੀ, ਹੱਥ ਲੂਹ ਕੇ ਰੱਖ ਦਿੰਦਾ ਹੈ ਅਤੇ ਦਾਗ਼ ਲੱਗ ਜਾਂਦਾ ਹੈ। ਤਿਵੇਂ ਵਿਕਾਰਾਂ ਦੀ ਅੱਗ ਲੱਗਣ ਤੋਂ ਆਦਮੀ ਇਨ੍ਹਾਂ ਤੋਂ ਭੱਜ ਕੇ ਅਪਣੇ ਆਪ ਨੂੰ ਬਚਾ ਲੈਂਦਾ ਹੈ, ਪਰ ਜੇ ਵਿਕਾਰੀਆਂ ਦੀ ਕੁਸੰਗਤ ਕਰੇ, ਤਾਂ ਉਸ ਨੂੰ ਕੋੜ੍ਹੀ ਕਲੰਕੀ ਦਾਗ਼ੀ ਬਣਾ ਦਿੰਦੇ ਹਨ ਜੀ। ਯਥਾ:- ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ. ਦਾਗਾ ਦਾਗ॥

ਹਰਿ ਕੀ ਭਗਤਿ; ਨ ਦੇਖੈ ਜਾਇ॥ ਐਸਾ ਵਿਕਾਰੀ ਕਦੇ ਭੁੱਲ ਕੇ ਭੀ (ਹਰਿ) ਹਰੀ ਜੀ ਦੇ ਅਵਤਾਰ ਸਤਿਗੁਰੂ ਗ੍ਰੰਥ ਸਾਹਿਬ ਜੀ (ਕੀ) ਦੀ ਪ੍ਰੇਮਾ (ਭਗਤਿ) ਭਗਤੀ ਦੇ ਰਸਤੇ 'ਤੇ (ਜਾਇ) ਜਾ ਕੇ (ਨ) ਨਹੀਂ (ਦੇਖੈ) ਦੇਖਦਾ, ਭਾਵ ਪ੍ਰੇਮਾ ਭਗਤੀ ਨਹੀਂ ਕਰਦਾ ਜੀ।

ਮਾਰਗੁ ਛੋਡਿ; ਅਮਾਰਗਿ ਪਾਇ॥ ਗੁਰਮਤਿ ਦੇ ਮਾਰਗੁ ਨੂੰ (ਛੋਡਿ) ਛੱਡ ਕੇ ਮਨਮੁਖ (ਅਮਾਰਗਿ) ਦੁਰਮਤ ਦੇ ਖੋਟੇ ਮਾਰਗ ਤੇ (ਪਾਇ) ਪੈਂਦਾ ਹੈ। ਯਥਾ:- ਟੇਢੀ ਪਾਗ ਟੇਢੇ ਚਲੇ; ਲਾਗੇ ਬੀਰੇ ਖਾਨ॥ ਭਾਉ ਭਗਤਿ ਸਿਉ ਕਾਜੁ. ਨ ਕਛੂਐ; ਮੇਰੋ ਕਾਮੁ ਦੀਵਾਨ॥੧॥

ਮੂਲਹੁ ਭੂਲਾ; ਆਵੈ ਜਾਇ॥ (ਮੂਲਹੁ) ਮੁੱਢ ਸਰੂਪ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਪਰਮਾਤਮਾ ਜੀ ਤੋਂ (ਭੂਲਾ) ਭੁੱਲਿਆ, ਜਨਮ ਧਾਰ ਕੇ (ਆਵੈ) ਆਉਂਦਾ, ਮਰ ਕੇ (ਜਾਇ) ਜਾਂਦਾ ਹੈ। ਯਥਾ:- ਭਰਮਿ ਭੁਲਾਣਾ ਅੰਧੁਲਾ; ਫਿਰਿ ਫਿਰਿ ਆਵੈ ਜਾਇ॥) ਜਿਨਿ ਕੀਤਾ. ਤਿਸਹਿ ਨ ਜਾਣਈ; ਫਿਰਿ ਫਿਰਿ ਆਵੈ ਜਾਇ॥੩॥

ਅੰਮ੍ਰਿਤੁ ਡਾਰਿ; ਲਾਦਿ ਬਿਖੁ ਖਾਇ॥੨॥ ਅੰਮ੍ਰਿਤੁ (ਡਾਰਿ) ਸੁੱਟ ਕੇ, ਮਨਮੁਖ, ਮਹਾ ਬਜਰ. ਬਿਖ ਬਿਆਧੀ; ਸਿਰਿ ਉਠਾਈ ਪੋਟ॥ ਅਨੁਸਾਰ ਪਾਪਾਂ ਵਿਕਾਰਾਂ ਦੀ ਪੰਡ (ਲਾਦਿ) ਲੱਦ ਕੇ, ਵਿਕਾਰਾਂ ਦੀ (ਬਿਖੁ) ਜ਼ਹਿਰ (ਖਾਇ) ਖਾਂਦਾ ਹੈ॥੨॥ ਯਥਾ:- ਕਾਲਰ ਪੋਟ ਉਠਾਵੈ ਮੂੰਡਹਿ; ਅੰਮ੍ਰਿਤੁ ਮਨ ਤੇ ਡਾਰੈ॥

ਬੇਸ੍ਵਾ- ਅੱਧਾ ਵਾਵਾ ਪੋਲਾ ਬੋਲੋ ਜੀ- ਜਿਉ ਬੇਸ੍ਵਾ ਕੇ ਪਰੈ ਅਖਾਰਾ॥ (ਜਿਉ) ਜਿਵੇਂ (ਬੇਸ੍ਵਾ) ਵੇਸਵਾ (ਕੇ) ਦੇ ਅਖਾਰਾ (ਪਰੈ) ਲੱਗਦਾ ਹੈ।

ਕਾਪਰੁ ਪਹਿਰਿ; ਕਰਹਿ ਸੀਗਾਰਾ॥ ਵੇਸਵਾ ਵਿਕਾਰ ਪੈਦਾ ਕਰਨ ਵਾਲੇ (ਕਾਪਰੁ) ਕੱਪੜੇ (ਪਹਿਰਿ) ਪਹਿਨ ਕੇ, ਮਨਾਂ ਨੂੰ ਮੋਹਨ ਵਾਲੇ (ਸੀਗਾਰਾ) ਸ਼ਿੰਗਾਰ (ਕਰਹਿ) ਕਰਦੀ ਹੈ।

ਪੂਰੇ ਤਾਲ; ਨਿਹਾਲੇ ਸਾਸ॥ ਵੇਸਵਾ ਤਾਲ (ਪੂਰੇ) ਪੂਰਦੀ, ਤੇ (ਸਾਸ) ਸੁਆਸ ਸੁਆਸ ਵਿਕਾਰੀ ਨਿਗ੍ਹਾ ਨਾਲ (ਨਿਹਾਲੇ) ਦੇਖਦੀ ਹੈ।

ਗਲ਼ੇ, ਜਮ ਪੋਲਾ ਬੋਲੋ- ਵਾ ਕੇ ਗਲੇ; ਜਮ ਕਾ ਹੈ ਫਾਸ॥੩॥ (ਵਾ) ਉਸ ਵੇਸਵਾ ਅਤੇ ਨਾਚ ਦੇਖਣ ਵਾਲੇ ਮਨਮੁਖ (ਕੇ) ਦੇ (ਗਲੇ) ਗਲ਼ ਵਿੱਚ ਜਮ (ਕਾ) ਦਾ (ਫਾਸ) ਫਾਹਾ ਪੈਂਦਾ ਹੈ ਜੀ॥੩॥ ਯਥਾ:- ਕਿਆ ਲੈ ਆਇਆ, ਲੇ ਜਾਇ ਕਿਆ; ਫਾਸਹਿ ਜਮ ਜਾਲਾ॥

ਜਾ ਕੇ ਮਸਤਕਿ. ਲਿਖਿਓ ਕਰਮਾ॥ ਭੱਜਿ- ਸੋ ਭਜਿ; ਪਰਿ ਹੈ ਗੁਰ ਕੀ ਸਰਨਾ॥ (ਜਾ) ਜਿਸ (ਕੇ) ਦੇ ਮਸਤਕਿ 'ਤੇ (ਕਰਮਾ) ਕਰਮ ਬਖ਼ਸ਼ਿਸ਼ ਦਾ ਲੇਖ (ਲਿਖਿਓ) ਲਿਖਿਆ ਹੈ, (ਸੋ) ਉਹ ਹਰੀ ਜੀ ਦਾ ਪਿਆਰਾ, ਵਿਕਾਰ ਕੁਸੰਗਤ ਤੋਂ ਭਜਿ ਕੇ ਗਹਿਰ ਗੰਭੀਰ ਨਿਰਮਲ (ਗੁਰ) ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀ (ਕੀ) ਦੀ ਨਿਰਮਲ ਸੱਚੀ ਸੁਖਦਾਇਕ (ਸਰਨਾ) ਸ਼ਰਨੀ (ਪਰਿ) ਪੈ ਜਾਂਦਾ ਹੈ। ਯਥਾ:- ਧੰਨੁ ਧੰਨੁ ਸੋ ਗੁਰਸਿਖੁ ਕਹੀਐ; ਜੋ ਸਤਿਗੁਰ ਚਰਣੀ ਜਾਇ ਪਇਆ॥ ) ਏਹੁ ਜਗੁ. ਜਲਤਾ ਦੇਖਿ ਕੈ; ਭਜਿ ਪਏ. ਸਤਿਗੁਰ ਸਰਣਾ॥

ਕਹਤ ਨਾਮਦੇਉ; ਇਹੁ ਬੀਚਾਰੁ॥ ਇਨ ਬਿਧਿ; ਸੰਤਹੁ ਉਤਰਹੁ ਪਾਰਿ॥੪॥੨॥੮॥ ਬ੍ਰਹਮ ਸਰੂਪ ਸ਼੍ਰੋਮਣੀ ਭਗਤ ਸ਼੍ਰੀ ਨਾਮਦੇਉ ਸਾਹਿਬ ਜੀ ਸ੍ਰਬਤ ਦੇ ਭਲੇ ਲਈ ਇਹੁ ਸ਼ੁਭ ਬੀਚਾਰੁ (ਕਹਤ) ਫ਼ੁਰਮਾਉਂਦੇ ਹਨ:- ਪੂਰੇ ਸਤਿਗੁਰੂ ਸਾਹਿਬ ਜੀ ਦੇ ਸ਼ਰਨ ਪੈਣਾ ਕਰੋ॥੪॥੨॥੮॥ ਯਥਾ:- ਸਰਣਿ ਪਰੇ ਸੇਈ ਜਨ ਉਬਰੇ; ਜਿਉ ਪ੍ਰਹਿਲਾਦ ਉਧਾਰਿ ਸਮਈਆ॥ ਹੇ ਸ਼ਾਂਤ ਆਤਮਾ ਸੰਤਹੁ! (ਇਨ) ਇਸ (ਬਿਧਿ) ਬਿਧੀ ਦੁਆਰਾ ਸੰਸਾਰ ਸਮੁੰਦ੍ਰ ਤੋਂ ਪਾਰਿ (ਉਤਰਹੁ) ਉਤਰਨਾ ਕਰੋ ਜੀ।

ਸ਼ੁਭ ਸਿੱਖਿਆ:- ਹੇ ਪਿਆਰੇ ਗੁਰਸਿੱਖੋ! ਧੰਨ ਪਰਮਪੂਜਨੀਕ ਭਗਤ ਸ਼੍ਰੀ ਨਾਮਦੇਵ ਸਾਹਿਬ ਜੀ ਦੀ ਪਵਿੱਤ੍ਰ ਜੋਤਿ ਨਾਲ ਆਖਣ ਵੇਖਣ ਸੁਨਣ ਸਭ ਕੁੱਝ ਹੋ ਰਿਹਾ ਹੈ। ਯਥਾ:- ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥ ਇਸ ਲਈ ਭਗਤ ਜੀ ਨੇ, ਸੰਸਾਰ ਨੂੰ ਵਿਕਾਰਾਂ, ਕੁਰਹਿਤਾਂ, ਕੁਸੰਗਤ ਤੋਂ ਬਚਾਉਣ ਲਈ, ਇਹ ਸ਼ੁਭ ਸੱਚਾ ਉਪਦੇਸ਼ ਬਖ਼ਸ਼ਿਆ ਹੈ। ਇਸ ਬਿਬੇਕ ਬ੍ਰਹਮ ਬੀਚਾਰ ਨੂੰ ਰਿਦੇ ਵਿੱਚ ਧਾਰਨ ਕਰਨ ਨਾਲ ਬਿਬੇਕ ਬੁੱਧੀ ਪ੍ਰਾਪਤ ਹੁੰਦੀ ਹੈ ਤੇ ਪਰਮਪੂਜਨੀਕ ਸ੍ਰਬ ਵਿਆਪੀ ਸੱਚੇ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਹੋ ਜਾਂਦੀ ਹੈ। ਜੀਵ ਸੁਚੇਤ ਹੋ ਜਾਂਦਾ ਹੈ ਕਿ ਪਰਾਏ ਘਰ ਜਾਣ ਨਾਲ ਇਹ ਸ੍ਰੀਰ, ਘਰ ਬਾਰ ਸਭ ਵਿਕਾਰਾਂ ਦੀ ਅੱਗ ਨਾਲ ਸੜ ਕੇ ਸੁਆਹ ਹੋ ਜਾਂਦੇ ਹਨ। ਵੇਸਵਾ ਦੇ ਨਾਚ ਦੇਖਣ ਨਾਲ ਗਲ਼ ਵਿੱਚ ਜਮਾਂ ਦੀ ਫਾਸੀ ਪੈਂਦੀ ਹੈ। ਇਸ ਲਈ ਸਤਿਗੁਰੂ ਗ੍ਰੀਬ ਨਿਵਾਜ ਜੀ ਫ਼ੁਰਮਾਉਂਦੇ ਹਨ:- ਪਰ ਘਰ ਜਾਇ; ਨ ਮਨੁ ਡੋਲਾਏ॥ ਸਹਜ ਨਿਰੰਤਰਿ; ਰਹਉ ਸਮਾਏ॥੫॥

੫੭. ਠੱਗ- ਮਃ ੧॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ; ਪੰਜੇ ਠਗ॥ ਸਤਿ ਕਰਤਾਰ ਦੇ (੧) ਪਹਿਲੇ (ਮਃ ੧) ਸਰੂਪ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਰਾਜੁ, (ਮਾਲੁ) ਧੰਨ ਦੌਲਤ ਆਦਿ, ਸੁੰਦਰ ਰੂਪੁ, ਉੱਚੀ ਜਾਤਿ, ਚੜ੍ਹਦੀ (ਜੋਬਨੁ) ਜਵਾਨੀ ਇਹ ਪੰਜੇ ਠਗ ਹਨ।

ਏਨੀ ਠਗੀਂ ਜਗੁ ਠਗਿਆ; ਕਿਨੈ ਨ ਰਖੀ ਲਜ॥ (ਏਨ੍ਹੀ) ਇਨ੍ਹਾਂ ਪੰਜ (ਠਗੀਂ) ਠੱਗਾਂ ਨੇ ਸਾਰੇ ਜਗੁ ਨੂੰ ਠਗਿਆ ਹੈ। (ਕਿਨੈ) ਕਿਸੇ ਨੇ ਇਨ੍ਹਾਂ ਪਾਸੋਂ ਆਪਣੀ (ਲਜ) ਇੱਜ਼ਤ (ਨ) ਨਹੀਂ ਰਖੀ।

ਏਨ੍ਾ ਠਗਨਿ ਠਗ ਸੇ; ਜਿ ਗੁਰ ਕੀ ਪੈਰੀ ਪਾਹਿ॥ (ਜਿ) ਜਿਹੜੇ ਪ੍ਰੇਮੀ, (ਗੁਰ) ਪਰਮਪੂਜਨੀਕ ਧੰਨ ਧੰਨ ਕਲਿਜੁਗ ਜਹਾਜ਼ ਸਤਿਗੁਰੂ ਗ੍ਰੰਥ ਸਾਹਿਬ ਜੀ (ਕੀ) ਦੇ ਸੱਚੇ ਸੁੱਚੇ ਪਰਮ ਪਿਆਰੇ ਮਿੱਠੇ (ਪੈਰੀ) ਚਰਨਕਮਲਾਂ 'ਤੇ (ਪਾਹਿ) ਪੈਂਦੇ ਹਨ, (ਸੇ) ਉਹ ਏਨ੍ਾ ਪੰਜ ਠੱਗਾਂ ਨੂੰ ਠਗਨਿ ਵਾਲੇ ਅਸਲੀ ਸੱਚੇ ਠਗ ਹਨ। ਯਥਾ:- ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥) ਕਹੁ ਨਾਨਕ. ਜਿਨਿ ਜਗਤੁ ਠਗਾਨਾ; ਸੁ ਮਾਇਆ. ਹਰਿ ਜਨ ਠਾਗੀ॥੨॥੪੪॥੬੭॥

ਨਾਨਕ. ਕਰਮਾ ਬਾਹਰੇ; ਹੋਰਿ ਕੇਤੇ ਮੁਠੇ ਜਾਹਿ॥੨॥ ਸੱਚੇ ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਨਿਸ਼ਕਾਮ ਸ਼ੁਭ (ਕਰਮਾ) ਕਰਮ ਕਮਾਏ ਤੋਂ (ਬਾਹਰੇ) ਬਿਨਾ ਹੋਰਿ (ਕੇਤੇ) ਬੇਅੰਤ ਹੀ ਮਨਮੁਖ ਇਨ੍ਹਾਂ ਪੰਜਾਂ ਠੱਗਾਂ ਤੋਂ (ਮੁਠੇ) ਲੁੱਟੇ (ਜਾਹਿ) ਜਾਂਦੇ ਹਨ॥੨॥

੫੮. ਪਰ ਧਨ ਪਰ ਦਾਰਾ; ਪਰਹਰੀ॥ ਜਿਹੜੇ ਗੁਰਮੁਖਿ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ 'ਚ ਲੀਨ ਹੋਣਾ ਚਾਹੁੰਦੇ ਹਨ, ਓਹ (ਪਰ) ਪਰਾਇਆ ਧਨ ਤੇ (ਪਰ) ਪਰਾਈ (ਦਾਰਾ) ਇਸਤ੍ਰੀ ਦਾ (ਪਰ+ਹਰੀ) (ਪਰ) ਵਿਸ਼ੇਸ ਕਰਕੇ (ਹਰੀ) ਤਿਆਗ ਕਰਨ ਜੀ।

ਤਾ ਕੈ ਨਿਕਟਿ ਬਸੈ; ਨਰਹਰੀ॥੧॥ (ਨਰਹਰੀ) ਸੱਚੇ ਅਕਾਲਪੁਰਖੁ ਵਾਹਿਗੁਰੂ ਸਾਹਿਬ ਜੀ (ਤਾ) ਤਿਸ ਗੁਰਮੁਖਿ (ਕੈ) ਦੇ (ਨਿਕਟਿ) ਨੇੜੇ (ਬਸੈ) ਵਸਦੇ ਹਨ ਜੀ॥੧॥ ਯਥਾ:- ਨਾਮਦੇਵ; ਹਰਿ ਜੀਉ ਬਸਹਿ ਸੰਗਿ॥) ਹਰਿ ਕੇ ਸੰਗ; ਬਸੇ ਹਰਿ ਲੋਕ॥

ਜੋ ਨ ਭਜੰਤੇ; ਨਾਰਾਇਣਾ॥ ਜੋ ਮਨਮੁਖ, (ਨਾਰਾਇਣਾ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ (ਭਜੰਤੇ) ਸਿਮਰਦੇ (ਨ) ਨਹੀਂ ਭਾਵ ਅੰਮ੍ਰਿਤ ਗੁਰਬਾਣੀ, ਅੰਮ੍ਰਿਤ ਕਥਾ, ਅੰਮ੍ਰਿਤ ਕੀਰਤਨ ਨਹੀਂ ਕਰਦੇ।

ਤਿਨ ਕਾ; ਮੈ ਨ ਕਰਉ ਦਰਸਨਾ॥੧॥ਰਹਾਉ॥ (ਮੈ) ਦਾਸਨਦਾਸ ਤਿਨ ਕਾ ਦਰਸਨਾ (ਨ) ਨਹੀਂ (ਕਰਉ) ਕਰਦਾ॥੧॥ (ਰਹਾਉ) ਬਿਸਰਾਮ ਦੇ ਕੇ ਫ਼ੁਰਮੌਂਦੇ ਹਨ।

ਜਿਨ ਕੈ ਭੀਤਰਿ; ਹੈ ਅੰਤਰਾ॥ (ਜਿਨ) ਜਿਨ੍ਹਾਂ ਸਾਕਤਾਂ (ਕੈ) ਦੇ ਰਿਦਿਆਂ (ਭੀਤਰਿ) ਵਿੱਚ, ਪਾਪ ਜ਼ੁਲਮ ਕਰਕੇ, ਸੁਆਮੀ ਗਹਿਰ ਗੰਭੀਰ ਵਾਹਿਗੁਰੂ ਜੀ ਨਾਲ (ਅੰਤਰਾ) ਫ਼ਰਕ ਹੈ।

ਪਸੁ ਪੋਲਾ- ਜੈਸੇ ਪਸੁ; ਤੈਸੇ ਓਇ ਨਰਾ॥੨॥ (ਜੈਸੇ) ਜਿਵੇਂ (ਪਸੁ) ਪਸ਼ੂ ਹਨ, (ਤੈਸੇ) ਤਿਵੇਂ (ਓਇ) ਉਹ (ਨਰਾ) ਸਾਕਤ ਹਨ॥੨॥ ਯਥਾ:- ਆਵਨ ਆਏ ਸ੍ਰਿਸਟਿ ਮਹਿ; ਬਿਨੁ ਬੂਝੇ. ਪਸੁ ਢੋਰ॥

ਪ੍ਰਣਵਤਿ ਨਾਮਦੇਉ; ਨਾਕਹਿ ਬਿਨਾ॥ ਬੱਤੀਸ ਲੱਖਨਾ- ਨਾ ਸੋਹੈ; ਬਤੀਸ ਲਖਨਾ॥੩॥੨॥ ਪ੍ਰਤੱਖ ਬ੍ਰਹਮ ਸਰੂਪ ਭਗਤ ਨਾਮਦੇਉ ਜੀ (ਪ੍ਰਣਵਤਿ) ਬੇਨਤੀ ਪੂਰਬਕ ਫ਼ੁਰਮਾਉਂਦੇ ਹਨ:- ਜੋ (ਨਾਕਹਿ) ਨੱਕ ਤੋਂ ਬਿਨਾ ਹੋਵੇ ਭਾਵ ਜਿਸ ਦਾ ਇਖ਼ਲਾਕ ਗਿਰਿਆ ਹੋਵੇ, ਸੇਵਾ ਸਿਮਰਨ ਤੋਂ ਹੀਨ, ਕੁਕਰਮ ਕਰਦਾ ਹੈ, ਉਹ ਲੋਕ ਪ੍ਰਲੋਕ 'ਚ ਅਪਣੀ ਇੱਜ਼ਤ ਗੁਆ ਲੈਂਦਾ ਹੈ। ਉਹ ਦਿਲ ਦੀ ਸਫਾਈ ਰਹਿਤ ਕੁਰੂਪੀਆ ਬੁਰਾ ਲੱਗਣੇ ਕਰਕੇ ਕਿਤੇ ਭੀ (ਸੋਹੈ) ਸੋਭਾ (ਨਾ) ਨਹੀਂ ਪਾਉਂਦਾ। ਭਾਵੇਂ (ਬਤੀਸ) ਬੱਤੀ ਹੋਰ ਸ਼ੁਭ (ਲਖਨਾ) ਲੱਛਣਾਂ ਵਾਲਾ ਹੋਵੇ॥੩॥੨॥ ਯਥਾ:- ਇਸੁ ਜੁਗ ਮਹਿ. ਸੋਭਾ ਨਾਮ ਕੀ; ਬਿਨੁ ਨਾਵੈ. ਸੋਭ ਨ ਹੋਇ॥) ਜਿਨ ਜੀਵੰਦਿਆ ਪਤਿ ਨਹੀ; ਮੁਇਆ ਮੰਦੀ ਸੋਇ॥

੫੯. ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਪਾਕ ਪਵਿੱਤਰ ਇਖ਼ਲਾਕ ਬਾਰੇ ਉਪਦੇਸ਼ ਬਖ਼ਸ਼ਦੇ ਹਨ:- ਹਉ ਤਿਸੁ. ਘੋਲਿ ਘੁਮਾਇਆ; ਗੁਰਮਤਿ. ਰਿਦੈ ਗਰੀਬੀ ਆਵੈ। (ਹਉ) ਦਾਸਨਦਾਸ ਤਿਸੁ ਗੁਰਮੁਖਿ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ ਜਿਸ ਦੇ (ਰਿਦੈ) ਹਿਰਦੇ 'ਚ ਗੁਰਮਤਿ ਦੁਆਰਾ ਗਰੀਬੀ (ਆਵੈ) ਆਉਂਦੀ ਹੈ। ਜਿਵੇਂ ਧੰਨ ਭਾਈ ਗੁਰਮੁਖਿ ਮਹਾਂਪੁਰਸ਼ ਹੇਮਾ ਜੀ ਟੁੱਟੀ ਝੌਂਪੜੀ 'ਚ ਭਜਨ ਸਿਮਰਨ ਬੰਦਗੀ ਕਰਦੇ ਸਨ। ਸਿਲ਼ਾ ਚੁਗ ਕੇ, ਆਏ ਰਾਹੀ ਪਾਂਧੀ ਦੀ ਹੱਥੀਂ ਚੱਕੀ ਪੀਸ ਕੇ ਸੇਵਾ ਕਰਦੇ ਸਨ। ਯਥਾ:- ਬਸਤਾ ਤੂਟੀ ਝੁੰਪੜੀ; ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ; ਉਦਿਆਨ ਭਰਮਿੰਨਾ॥ ) ਸੁਖੀ ਬਸੈ ਮਸਕੀਨੀਆ; ਆਪੁ ਨਿਵਾਰਿ ਤਲੇ॥

ਹਉ ਤਿਸੁ. ਘੋਲਿ ਘੁਮਾਇਆ; ਪਰ ਨਾਰੀ ਦੇ. ਨੇੜਿ ਨ ਜਾਵੈ। ਦਾਸਨਦਾਸ ਤਿਸੁ ਗੁਰਸਿੱਖ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ, ਜਿਹੜਾ (ਪਰ) ਪਰਾਈ (ਨਾਰੀ) ਇਸਤਰੀ ਦੇ (ਨੇੜਿ) ਨੇੜੇ (ਨ) ਨਹੀਂ (ਜਾਵੈ) ਜਾਂਦਾ ਜੀ। ਯਥਾ:- ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥ ) ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ। ਜਿਵੇਂ ਗੁਰਮੁਖਿ ਨੇਕ, ਸਾਊ, ਧਰਮਾਤਮਾ ਰਾਜਾ ਰੁਕਮਾਂਗਦ ਜੀ ਨੂੰ ਛਲ਼ਣ ਲਈ, ਇਨ੍ਹਾਂ ਦੇ ਬਾਗ਼ 'ਚ ਹਾਰ ਸ਼ਿੰਗਾਰ ਕਰਕੇ ਸੁੰਦਰ ਅਪੱਛਰਾਂ ਆਈ। ਜਿਸ ਨੂੰ ਦੇਖਣ ਵਾਲੇ ਸਾਰੇ ਹੀ ਮੋਹਿਤ ਹੋ ਗਏ। ਪਰ ਗੁਰਮੁਖਿ ਰੁਕਮਾਂਗਦ ਜੀ ਸਿਮਰਨ 'ਚ ਲੀਣ ਰਹੇ ਤੇ ਅਪੱਛਰਾਂ 'ਤੇ ਮੋਹਿਤ ਨਹੀਂ ਹੋਏ, ਨਿਰਲੇਪ ਰਹੇ। ਐਸੇ ਗੁਰਮੁਖਿ ਰਾਜੇ ਵਾਂਗ ਨਾਮ ਜਪੋ ਜੀ। ਯਥਾ:- ਰੁਕਮਾਂਗਦ ਕਰਤੂਤਿ; ਰਾਮੁ ਜੰਪਹੁ ਨਿਤ ਭਾਈ॥

ਹਉ ਤਿਸੁ. ਘੋਲਿ ਘੁਮਾਇਆ; ਪਰ ਦਰਬੈ ਨੋ. ਹਥੁ ਨ ਲਾਵੈ। ਦਾਸਨਦਾਸ ਤਿਸੁ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ, ਜਿਹੜਾ ਗੁਰਮੁਖਿ ਪਿਆਰਾ (ਪਰ) ਪਰਾਏ (ਦਰਬੈ) ਧਨ ਨੂੰ ਹਥੁ (ਨ) ਨਹੀਂ (ਲਾਵੈ) ਲਾਉਂਦਾ ਜੀ। ਯਥਾ:- ਹੋ, ਪਰ ਧਨ ਪਾਹਨ ਤੁਲਿ; ਤ੍ਰਿਯਾ ਪਰ, ਮਾਤ ਹਮਾਰੈ॥

ਹਉ ਤਿਸੁ. ਘੋਲਿ ਘੁਮਾਇਆ; ਪਰ ਨਿੰਦਾ ਸੁਣਿ. ਆਪੁ ਹਟਾਵੈ। ਦਾਸਨਦਾਸ ਤਿਸੁ ਗੁਰਸਿੱਖ ਪਿਆਰੇ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ, ਜੋ (ਪਰ) ਪਰਾਈ ਨਿੰਦਾ (ਸੁਣਿ) ਸੁਣਨ ਤੋਂ ਆਪਣੇ ਆਪੁ ਨੂੰ ਅਤੇ ਨਿੰਦਾ ਕਰਨ ਵਾਲੇ ਨੂੰ ਭੀ (ਹਟਾਵੈ) ਹਟਾਉਂਦਾ ਹੈ। ਯਥਾ:- ਕਰਨ. ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥ ) ਨਿੰਦਾ. ਭਲੀ ਕਿਸੈ ਕੀ ਨਾਹੀ; ਮਨਮੁਖ ਮੁਗਧ ਕਰੰਨਿ॥ ਮੁਹ ਕਾਲੇ ਤਿਨ ਨਿੰਦਕਾ; ਨਰਕੇ ਘੋਰਿ ਪਵੰਨਿ॥੬॥ ਨਿੰਦਾ ਕਰਨੀ ਕਿਸੇ ਦੀ ਭੀ ਚੰਗੀ ਨਹੀਂ, ਮਨਮੁਖ (ਮੁਗਧ) ਮੂਰਖ ਨਿੰਦਾ ਕਰਦੇ ਹਨ। ਉਹ ਲੋਕ ਪ੍ਰਲੋਕ ਵਿੱਚ ਮੂੰਹ ਕਾਲ਼ੇ ਕਰਵਾ ਕੇ, ਘੋਰ ਨਰਕ 'ਚ ਪੈਂਦੇ ਹਨ। ਯਥਾ:- ਨਿੰਦਕ ਕਾ ਮਾਥਾ; ਈਹਾਂ ਊਹਾ ਕਾਲਾ॥੩॥

ਹਉ ਤਿਸੁ. ਘੋਲਿ ਘੁਮਾਇਆ; ਸਤਿਗੁਰ ਦਾ ਉਪਦੇਸੁ ਕਮਾਵੈ। ਦਾਸਨਦਾਸ ਤਿਸੁ ਗੁਰਮੁਖਿ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ, ਜੋ ਪਰਮਪੂਜਨੀਕ ਸੱਚੇ ਸਤਿਗੁਰ ਸਾਹਿਬ ਜੀ ਦਾ ਸੱਚਾ ਪਿਆਰਾ ਸਚਿਆਰਾ ਅਪਾਰਾ ਸ਼ੁਭ ਨਿਰਮਲ ਉੱਜਲ ਗੁਰਮੁਖਿ ਉਪਦੇਸ (ਕਮਾਵੈ) ਕਮਾਉਂਦਾ ਹੈ। ਜਿਵੇਂ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਕਮਾਇਆ। ਯਥਾ:- ਸਲੋਕੁ ਮਃ ੫॥ ਉਦਮੁ ਕਰੇਦਿਆ ਜੀਉ ਤੂੰ; ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ; ਨਾਨਕ. ਉਤਰੀ ਚਿੰਤ॥੧॥

ਹਉ ਤਿਸੁ. ਘੋਲਿ ਘੁਮਾਇਆ; ਥੋੜਾ ਸਵੈ. ਥੋੜਾ ਹੀ ਖਾਵੈ। ਦਾਸਨਦਾਸ ਤਿਸੁ ਗੁਰਮੁਖਿ ਪਿਆਰੇ ਤੋਂ (ਘੋਲਿ ਘੁਮਾਇਆ) ਵਾਰਨੇ ਫੇਰਨੇ ਜਾਂਦਾ ਹੈ, ਜੋ ਥੋੜਾ (ਸਵੈ) ਸੌਂਦਾ ਤੇ ਥੋੜਾ ਹੀ (ਖਾਵੈ) ਖਾਂਦਾ ਹੈ। ਐਸੇ ਸੰਤੋਖੀ ਮਹਾਂਪੁਰਸ਼

ਦੇ ਆਲਸ ਵਿਕਾਰ ਨੀਂਦ ਟਲ ਜਾਂਦੇ ਹਨ। ਜਿਵੇਂ ਗੁਰੂ ਪੰਥ 'ਚ ਭਾਈ ਸਾਹਿਬ ਭਾਈ ਮਲਿਆਗਰ ਸਿੰਘ ਸਾਹਿਬ ਜੀ ਮਹਾਨ ਪ੍ਰਸਿੱਧ ਸੰਤੋਖੀ ਹੋਏ ਹਨ। ਯਥਾ:- ਥੋੜਾ ਸਵਣਾ ਖਾਵਣਾ; ਥੋੜਾ ਬੋਲਨੁ ਗੁਰਮਤਿ ਪਾਏ।) ਓਨ੍ਹੀ. ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥) ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ॥) ਖੰਡਿਤ ਨਿਦ੍ਰਾ. ਅਲਪ ਅਹਾਰੰ; ਨਾਨਕ. ਤਤੁ ਬੀਚਾਰੋ॥ ਤਥਾ:- ਅਧੁ ਗੁਲ੍ਹਾ. ਚਿੜੀ ਕਾ ਚੁਗਣੁ; ਗੈਣਿ ਚੜੀ ਬਿਲਲਾਇ॥ ਖਸਮੈ ਭਾਵੈ. ਓਹਾ ਚੰਗੀ; ਜਿ ਕਰੇ ਖੁਦਾਇ ਖੁਦਾਇ॥) ਫਰੀਦਾ. ਹਉ ਬਲਿਹਾਰੀ ਤਿਨ੍ ਪੰਖੀਆ; ਜੰਗਲਿ ਜਿੰਨ੍ਾ ਵਾਸੁ॥ ਕਕਰੁ ਚੁਗਨਿ. ਥਲਿ ਵਸਨਿ; ਰਬ. ਨ ਛੋਡਨਿ, ਪਾਸੁ॥੧੦੧॥

ਗੁਰਮੁਖਿ ਸੋਈ; ਸਹਜਿ ਸਮਾਵੈ॥੪॥ ਜਿਹੜਾ ਗੁਰਮੁਖਿ ਉਪ੍ਰੋਕਤ ਗੁਰੂ ਸਿੱਖਿਆ ਨੂੰ ਕਮਾਉਂਦਾ ਦ੍ਰਿੜ ਕਰਦਾ ਕਰਾਉਂਦਾ ਹੈ ,(ਸੋਈ) ਉਹੀ (ਸਹਜਿ) ਸ਼ਾਂਤੀ, ਧੀਰਜ, ਬ੍ਰਹਮਗਿਆਨ ਸਹਿਤ ਸਹਜਿ ਅਵਸਥਾ ਵਿੱਚ ਸਹਜਿ ਸਰੂਪ ਬ੍ਰਹਮ ਜੀ 'ਚ (ਸਮਾਵੈ) ਸਮਾਉਂਦਾ ਹੈ ਜੀ॥੪॥ ਯਥਾ:- ਜਾ ਕੈ ਅੰਤਰਿ; ਬਸੈ ਪ੍ਰਭੁ ਆਪਿ॥ ਨਾਨਕ. ਤੇ ਜਨ; ਸਹਜਿ ਸਮਾਤਿ॥੫॥

੬੦. ਸਤਿਗੁਰੁ; ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥) ਪ੍ਰਭ ਜੀ; ਤੂ ਮੇਰੋ ਸੁਖ ਦਾਤਾ॥ ਬੰਧਨ ਕਾਟਿ. ਕਰੇ ਮਨੁ ਨਿਰਮਲੁ; ਪੂਰਨ ਪੁਰਖੁ ਬਿਧਾਤਾ॥ ਅਨੁਸਾਰ ਸਤਿਗੁਰੁ ਪ੍ਰਮੇਸਰ ਜੀ ਆਪਣੇ ਪਿਆਰੇ ਸਿਖ ਜੀ (ਕੇ) ਦੇ, ਹਉਮੈ ਕਾਮ ਆਦਿ ਔਗੁਣਾਂ ਦੇ ਬੰਧਨ, (ਕਾਟੈ) ਕੱਟ ਦਿੰਦੇ ਹਨ ਜੀ। ਗੁਰੂ ਪ੍ਰਮੇਸਰ ਜੀ ਦੀ ਕ੍ਰਿਪਾ ਦਾ ਸਦਕਾ, ਗੁਰ ਜੀ (ਕਾ) ਦੇ ਪ੍ਰੇਮੀ ਸਿਖੁ ਜੀ, (ਬਿਕਾਰ) ਖੋਟੀ ਕਾਰ, ਕਾਮ ਕ੍ਰੋਧ ਲੋਭ ਮੋਹ ਹੰਕਾਰ (ਤੇ) ਤੋਂ (ਹਾਟੈ) ਹਟ ਜਾਂਦੇ ਹਨ। ਸਿੱਖ ਕੀ ਤੇ ਵਿਕਾਰ ਕੀ? ਸੋ ਜੇਕਰ ਬਿਕਾਰ ਤੋਂ ਹਾਟੈ ਤਾਂ ਗੁਰ ਕਾ ਸਿਖੁ ਹੈ। ਹੇ ਬੇਸਮਝ ਮਨ! ਕੀ ਤੂੰ ਬਿਕਾਰ ਤੋਂ ਹਟ ਗਿਆ ਹੈਂ?

ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥ ਪਰਮਪੂਜਨੀਕ ਪਰਮ ਸ਼ਹੀਦ ਭਾਈ ਸੰਤ ਰਾਮ ਸਾਹਿਬ ਜੀ ਦੀ ਸਾਖੀ:- (ਜੀਵਨ ਚਰਿਤ੍ਰ ਪੰਡਿਤ ਹਰੀ ਸਿੰਘ ਜੀ ਮੁਲਤਾਨ) ਸਹਣ ਸੀਲ ਸੰਤੰ; ਸਮ ਮਿਤ੍ਰਸ੍ਯ ਦੁਰਜਨਹ॥ ਅਨੁਸਾਰ ਸਹਿਨਸ਼ੀਲ, ਸਾਧ ਕੀ ਸੋਭਾ; ਅਤਿ ਮਸਕੀਨੀ॥ ਅਨੁਸਾਰ ਨੇਕ ਸਾਊ ਅਤਿ ਮਸਕੀਨ ਗੁਰੂ ਪ੍ਰਮੇਸਰ ਜੀ ਦੇ ਅਨਿੰਨ ਭਗਤ ਗੁਰਮੁਖਿ ਪਿਆਰੇ ਭਾਈ ਸੰਤਰਾਮ ਸਾਹਿਬ ਜੀ ਨੇ, ਪਰਮਪੂਜਨੀਕ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਤੋਂ, ਪੂਰਨ ਪ੍ਰੇਮ ਸਹਿਤ ਨਿਰਮਲ ਸਿੱਖੀ ਪ੍ਰਾਪਤ ਕੀਤੀ। ਇਹ ਗੁਰਮੁਖਿ ਪਿਆਰੇ ਜੀ ਹਰ ਸਮੇਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਅੰਮ੍ਰਿਤਮਈ ਸ਼ੁੱਧ ਪਾਠ ਕਰਿਆ ਕਰਦੇ, ਬੜੇ ਹੀ ਸੁਧਰਮੀ ਅਤਿਅੰਤ ਹੀ ਦਿਲ ਦੀ ਸਫਾਈ ਸਹਿਤ, ਸੁੰਦਰ ਸਰੂਪ, ਸਾਊ ਪ੍ਰੇਮੀ ਗੁਰਮੁਖਿ ਸਨ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਕ੍ਰਿਪਾ ਦਾ ਸਦਕਾ, ਰੋਮ ਰੋਮ ਕਰਕੇ ਹਜ਼ੂਰ ਸੱਚੇ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਚਰਨਕਮਲਾਂ 'ਚ ਰੰਗੇ ਗਏ। ਲਾਲ ਰੰਗੁ ਤਿਸ ਕਉ ਲਗਾ; ਜਿਸ ਕੇ ਵਡਭਾਗਾ॥ ਮੈਲਾ. ਕਦੇ ਨ ਹੋਵਈ; ਨਹ ਲਾਗੈ. ਦਾਗਾ॥ ਅਨੁਸਾਰ ਆਪ ਜੀ ਸਿੱਖੀ 'ਚ ਪ੍ਰਪੱਕ ਦ੍ਰਿੜ ਹੋ ਗਏ। ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਫਿਟਕਾਰੇ, ਜ਼ਾਲਮ, ਦੈਂਤ, ਚੰਡਾਲ, ਮਕਾਰ, ਧੋਖੇਬਾਜ਼ ਜਹਾਂਗੀਰ ਬਾਦਸ਼ਾਹ ਦੀ ਡਿਉੜੀ 'ਤੇ ਪਹਿਰੇਦਾਰੀ ਕਰਦੇ ਸਨ। ਗੁਰਮੁਖਿ ਪਿਆਰੇ ਸੱਚਿਆਰੇ ਜੀ ਪਹਿਰੇ 'ਤੇ ਖੜ੍ਹੇ ਸਨ। ਜ਼ਾਲਮ ਜਹਾਂਗੀਰ ਦੀ ਬੇਟੀ ਨੇ ਆਪ ਜੀ ਦੇ ਵਿਸਮਾਦੀ ਸੁੰਦਰ ਸਰੂਪ ਵੇਖਿਆ, ਚਿੱਤ ਡੋਲ ਗਿਆ, ਮੋਹਿਤ ਹੋ ਗਈ। ਇਸ ਨੇ ਆਪਣੀ ਮਾਤਾ ਨੂੰ ਕਿਹਾ, "ਮੈਂ ਤਾਂ ਇਨ੍ਹਾਂ ਨਾਲ ਹੀ

ਨਿਕਾਹ ਕਰਾਉਣਾ ਹੈ, ਨਹੀਂ ਤਾਂ ਕਰਾਉਣਾ ਹੀ ਨਹੀਂ।" ਮਾਤਾ ਨੇ ਕਿਹਾ, "ਬੇਟੀ ਹਠ ਨ ਕਰ, ਹੋਰ ਸੁੰਦਰ ਸੋਹਣੇ ਰਾਜੇ ਨਾਲ ਤੇਰਾ ਨਿਕਾਹ ਕਰ ਦਿਆਂਗੇ।" ਕਿਹਾ, "ਨਹੀਂ, ਮੈਂ ਤਾਂ ਇਨ੍ਹਾਂ ਨਾਲ ਹੀ ਸ਼ਾਦੀ ਕਰਾਉਣੀ ਹੈ।" ਇੱਕ ਦਿਨ ਜ਼ਾਲਮ ਜਹਾਂਗੀਰ ਨੂੰ ਬੇਗ਼ਮ ਨੇ ਦੱਸਿਆ। ਬਾਦਸ਼ਾਹ ਨੇ ਕਿਹਾ, "ਆਪਾਂ ਇਸ ਕਾਫ਼ਰ ਨੂੰ ਮੁਸਲਮਾਨ ਬਣਾਉਣ ਉਪਰੰਤ ਨਿਕਾਹ ਕਰਕੇ ਸੂਬੇ ਦਾ ਮਾਲਕ ਬਣਾ ਦੇਵਾਂਗੇ।"

ਬੇਗ਼ਮ ਦੀ ਗੋਲੀ ਨੇ, ਇਹ ਸਾਰੀ ਵਾਰਤਾ ਸੁਣ ਕੇ, ਆਪਣੇ ਪਤੀ ਨੂੰ ਦੱਸੀ। ਜੋ ਭਾਈ ਸਾਹਿਬ ਜੀ ਨਾਲ ਪਹਿਰੇਦਾਰੀ ਕਰਦਾ ਸੀ। ਇਸ ਨੇ ਖ਼ੁਸ਼ੀ ਖ਼ੁਸ਼ੀ ਕਿਹਾ, "ਭਾਈ ਸਾਹਿਬ ਜੀ, ਆਪ ਜੀ ਨੂੰ ਮੁਬਾਰਕਾਂ ਹੋਣ, ਜਿਹੜੇ ਸਤਿਕਾਰ ਨੂੰ ਵੱਡੇ ਵੱਡੇ ਰਾਜੇ ਚਾਹੁੰਦੇ ਹਨ, ਉਨ੍ਹਾਂ ਨੂੰ ਨਹੀਂ ਮਿਲਦਾ, ਆਪ ਜੀ ਨੂੰ ਪ੍ਰਾਪਤ ਹੋਣਾ ਹੈ ਜੀ। ਕੱਲ੍ਹ ਨੂੰ ਆਪ ਜੀ ਦਾ ਜਹਾਂਗੀਰ ਦੀ ਬੇਟੀ ਨਾਲ ਨਿਕਾਹ ਪੜ੍ਹਾਇਆ ਜਾਣਾ ਹੈ।" ਆਪ ਜੀ ਸੁਣ ਕੇ ਹੈਰਾਨ ਹੋ ਗਏ। ਕਿਹਾ, "ਇਹ ਗੱਲ ਕਿਵੇਂ ਹੋ ਸਕਦੀ ਹੈ?" ਤਾਂ ਸਾਰੀ ਗੱਲ ਉਸ ਨੇ ਨਿਸਚੇ ਨਾਲ ਦੱਸੀ। ਇਹ ਸੁਣ ਕੇ ਕਿਹਾ, "ਸਤਿਗੁਰੂ ਸੱਚੇ ਪਾਤਿਸਾਹ ਜੀ ਨੇ ਦਾਸਨਦਾਸ ਨੂੰ ਸਿੱਖੀ ਧਰਮ ਬਖ਼ਸ਼ਿਆ ਹੈ, ਜਿਸ ਨੂੰ, ਜਉ ਤਨੁ ਚੀਰਹਿ; ਅੰਗੁ ਨ ਮੋਰਉ॥ ਪਿੰਡੁ ਪਰੈ; ਤਉ. ਪ੍ਰੀਤਿ ਨ ਤੋਰਉ॥ ਅਨੁਸਾਰ ਦਾਸਨਦਾਸ ਕਦੇ ਭੀ ਨਹੀਂ ਛੱਡ ਸਕਦਾ। ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।" ਆਪ ਜੀ ਦਿਨੇ ਟਿਕਦੇ, ਰਾਤ ਨੂੰ ਅੱਗੇ ਚੱਲਦੇ, ਇਉਂ ਕਰਦੇ ਪਸ਼ੌਰ ਪਹੁੰਚ ਗਏ। ਬਾਦਸ਼ਾਹ ਨੇ ਇਨ੍ਹਾਂ ਦਾ ਹੁਲੀਆ ਸਾਰੇ ਦੇਸ਼ 'ਚ ਭੇਜ ਦਿਤਾ, ਨਾਲ ਪ੍ਰਵਾਨੇ ਭੀ ਭੇਜੇ, "ਜੇ ਸਿੱਖ ਮੇਰੀ ਲੜਕੀ ਦੀ ਸ਼ਾਦੀ ਪ੍ਰਵਾਨ ਕਰੇ ਤਾਂ ਉਸ ਨੂੰ ਪਾਲਕੀ 'ਚ ਬਿਠਾ ਕੇ, ਸ਼ਾਹੀ ਠਾਠ ਬਾਠ ਨਾਲ ਲਹੌਰ ਲਿਆਉ, ਜੇ ਨ ਮੰਨੇ ਤਾਂ ਸਿਰ ਵੱਢ ਕੇ ਮੇਰੇ ਪਾਸ ਪਹੁੰਚਾਉ!"

ਸਿਪਾਹੀਆਂ ਨੇ ਹੁਲੀਆ ਪਛਾਣ ਕੇ, ਪਸ਼ੌਰ ਧਰਮਸਾਲਾ 'ਚ ਪ੍ਰਵੇਸ਼ ਕਰਦੇ ਪਕੜ ਲਏ। ਪਸ਼ੌਰੀਏ ਸੂਬੇ ਨੇ ਕਿਹਾ, "ਹੇ ਸਿੱਖਾ! ਜੇਹੜੀ ਗੱਲ ਵੱਡੇ ਵੱਡੇ ਸੂਬਿਆਂ ਨੂੰ ਨਸੀਬ ਨਹੀਂ ਹੈ, ਉਹ ਤੈਨੂੰ ਬਾਦਸ਼ਾਹ ਦੀ ਪੁੱਤ੍ਰੀ ਮਿਲਣ ਲੱਗੀ ਹੈ, ਤੂੰ ਆਪਣੇ ਧੰਨ ਭਾਗ ਸਮਝ। ਉਸ ਨਾਲ ਨਿਕਾਹ ਕਰਵਾ ਕੇ ਸੂਬੇਦਾਰ ਬਣ ਕੇ ਏਥੇ ਹੀ ਸੁਰਗ ਭੋਗਣਾ ਕਰ। ਜੇ ਪ੍ਰਵਾਨ ਕਰੇਂਗਾ ਤਾਂ ਤੈਨੂੰ ਪਾਲਕੀ 'ਚ ਬਿਠਾ ਕੇ ਭੇਜਿਆ ਜਾਵੇਗਾ, ਪ੍ਰਵਾਨ ਨਹੀਂ ਕਰੇਂਗਾ, ਤਾਂ ਤੇਰਾ ਸਿਰ ਕੱਟ ਕੇ ਬਾਦਸ਼ਾਹ ਪਾਸ ਲਹੌਰ ਭੇਜਿਆ ਜਾਵੇਗਾ।" ਭਾਈ ਸਾਹਿਬ ਜੀ ਨੇ ਕਿਹਾ, ਕਹਾ ਭਇਓ; ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ; ਤਉ ਡਰਪੈ ਤੇਰੋ ਜਨੁ॥ "ਦਾਸਨਦਾਸ ਨੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਬਖ਼ਸ਼ੇ ਸਿੱਖੀ ਧਰਮ 'ਚ ਦ੍ਰਿੜ ਪ੍ਰਪੱਕ ਰਹਿਣਾ ਹੈ ਜੀ।" ਦਰਿਆ ਕਿਨਾਰੇ ਲੈ ਗਏ, ਇਸ਼ਨਾਨ ਤੋਂ ਮਗਰੋਂ ਸ੍ਰੀ ਜਪੁ ਜੀ ਸਾਹਿਬ ਜੀ ਦੇ ਇੱਕ ਅੰਮ੍ਰਿਤ ਰੂਪ ਪਾਠ ਕੀਤੇ। ਜਿਨੀ ਨਾਮੁ ਧਿਆਇਆ; ਗਏ ਮਸਕਤਿ ਘਾਲਿ॥ ਨਾਨਕ. ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ॥੧॥ ਤੇ ਸਿਰ ਝੁਕਾਉਣ ਤੋਂ, ਤਲਵਾਰ ਨਾਲ ਜ਼ਾਲਮ ਨੇ ਸੀਸ ਸਾਹਿਬ ਜੀ ਕੱਟ ਦਿਤੇ।

ਪੂਰਨ ਧਰਮੀ ਭਾਈ ਸਾਹਿਬ ਜੀ ਸ਼ਹੀਦੀ ਪਾ ਗਏ, ਪਰ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਬਖ਼ਸ਼ਿਆ ਧਰਮ ਨਹੀਂ ਛੱਡਿਆ। ਧੰਨ ਸਤਿਗੁਰੂ ਸਾਹਿਬਾਨ ਜੀ ਤੇ ਧੰਨ ਗੁਰੂ ਜੀ ਦੇ ਸਿੱਖ, ਜਿਨ੍ਹਾਂ ਨੇ ਸਿਰ ਦੇਣ ਤੱਕ, ਕੁਰਬਾਨੀਆਂ ਕੀਤੀਆਂ ਪਰ ਮੁਖੋਂ ਸੀ ਨਹੀਂ ਉਚਾਰੀ, ਧੰਨ ਕਮਾਈ। ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥) ਸੀਸ ਕਟਾਉਣਾ ਧਰਮ ਹੈ; ਧਰਮ ਛੱਡਣਾ ਪਾਪ। ਪਾਈ ਸ਼ਹੀਦੀ ਸੂਰਮੇ; ਪੂਰੇ ਗੁਰ ਪਰਤਾਪ। (ਦਾਸਨਦਾਸ) ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਧੜ, ਦਰਿਆ 'ਚ ਰੋਹੜ ਦਿਤੇ, ਸੀਸ ਨੂੰ ਥਾਲ 'ਚ ਰੱਖ ਕੇ, ਮਹਾਂ ਪਾਪੀ ਜਹਾਂਗੀਰ ਪਾਸ ਲੈ ਗਏ। ਉਸ ਆਪਣੀ ਬੇਟੀ ਨੂੰ ਕਿਹਾ, "ਇਹ ਐਡੇ ਕਾਫ਼ਰ ਹਨ, ਇਸ ਸਿੱਖ ਨੇ ਦੀਨ ਕਬੂਲ ਨਹੀਂ ਕੀਤਾ" ਬੇਟੀ ਭੈ ਭੀਤ ਹੋਈ, ਸਿਰ ਨੂੰ ਹੱਥ ਪਾਉਣ ਲੱਗੀ, ਤਾਂ ਸੀਸ ਥਾਲ 'ਚੋਂ ਸਵਾ ਗਿੱਠ ਉੱਚਾ ਉੱਠਿਆ। ਯਥਾ:- ਸਵਾ ਗਲਿਸਟ ਸਿਰ

ਉਠਿਓ; ਤਊ. ਨ ਕਬੂਲੀ ਨਾਰ। ਬਾਦਸ਼ਾਹ ਨੇ ਕਿਹਾ, "ਯਾ ਖ਼ੁਦਾ! ਇਨ੍ਹਾਂ ਸਿੱਖਾਂ 'ਚ ਕਿੰਨੀ ਤਾਕਤ ਹੈ?" ਬੇਟੀ ਨੇ ਕਿਹਾ, "ਹੇ ਪਿਤਾ ਜੀ! ਇਸ ਸਿੱਖ ਦਾ ਸਿਰ ਮਹਾਨ ਪਵਿੱਤ੍ਰ ਹੈ, ਮੇਰੇ ਹੱਥ ਮਹਾਨ ਅਪਵਿੱਤ੍ਰ ਹਨ। ਖ਼ੁਦਾ ਜੀ ਇਸ ਸ਼ਹੀਦ ਸਿੱਖ ਦਾ ਭੀ ਧਰਮ ਰੱਖ ਰਹੇ ਹਨ, ਇਸ ਲਈ ਮੇਰੇ ਅਪਵਿੱਤ੍ਰ ਹੱਥ ਇਸ ਨੂੰ ਨਹੀਂ ਲੱਗਣ ਦਿਤੇ।" ਸ਼ਹੀਦ ਭਾਈ ਸੰਤਰਾਮ ਜੀ ਜੈਸਾ ਬ੍ਰਤ ਰੱਖਣਾ ਚਾਹੀਦਾ ਹੈ ਜੀ।

ਹੋ, ਪਰ ਧਨ ਪਾਹਨ ਤੁਲਿ; ਤ੍ਰਿਯਾ ਪਰ, ਮਾਤ ਹਮਾਰੈ॥ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਪਰਾਇਆ ਧਨ ਮੈਨੂੰ ਪੱਥਰ ਵਾਂਗ ਹੈ, ਪਰ ਇਸਤ੍ਰੀ ਮਾਤਾ ਜੀ ਵਾਂਗ ਹੈ। ਯਥਾ:- ਛੰਦ॥ ਸੁਧਿ ਜਬ ਤੇ ਹਮ ਧਰੀ; ਬਚਨ ਗੁਰ ਦਏ ਹਮਾਰੇ॥ ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ; ਭੁਲਿ ਸੁਪਨੇ ਹੂੰ ਨ ਜੈਯਹੁ॥੫੧॥ ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ ਹੋ, ਪਰ ਨਾਰੀ ਕੇ ਹੇਤ; ਕਟਕ ਕਵਰਨ ਕੌ ਘਾਯੋ॥੫੨॥ ਪਰ ਨਾਰੀ ਸੌ ਨੇਹੁ; ਛੁਰੀ ਪੈਨੀ ਕਰਿ ਜਾਨਹੁ॥ ਪਰ ਨਾਰੀ ਕੇ ਭਜੇ; ਕਾਲ ਬਜਾਪਯੋ ਤਨ ਮਾਨਹੁ॥ ਅਧਿਕ ਹਰੀਫੀ ਜਾਨਿ; ਭੋਗ ਪਰ ਤ੍ਰਿਯ ਜੋ ਕਰਹੀ॥ ਹੋ, ਅੰਤ ਸ੍ਵਾਨ ਕੀ ਮ੍ਰਿਤੁ; ਹਾਥ ਲੇਂਡੀ ਕੇ ਮਰਹੀ॥੫੩॥ ਬਾਲ ਹਮਾਰੇ ਪਾਸ; ਦੇਸ ਦੇਸਨ ਤ੍ਰਿਯ ਆਵਹਿ॥ ਮਨ ਬਾਂਛਤ ਬਰ ਮਾਂਗਿ; ਜਾਨਿ ਗੁਰ. ਸੀਸ ਝੁਕਾਵਹਿ॥ ਸਿੱਖਜ ਪੁੱਤ੍ਰ ਤ੍ਰਿਯ. ਸੁਤਾ ਜਾਨਿ; ਅਪਨੇ ਚਿਤ ਧਰਿਯੈ॥ ਹੋ, ਕਹੁ ਸੁੰਦਰਿ ਤਿਹ ਸਾਥ; ਗਵਨ ਕੈਸੇ ਕਰ ਕਰਿਯੈ॥੫੪॥ ਪਰਮਪੂਜਨੀਕ ਸੱਚੇ ਸਤਿਗੁਰੂ ਜੀ ਨੇ, ਪਰ ਇਸਤ੍ਰੀ ਦੇ ਤਿਆਗ ਦਾ ਸ਼ੁਭ ਉਪਦੇਸ਼ ਬਖ਼ਸ਼ਿਆ ਹੈ। ਜੋ ਨਹੀਂ ਮੰਨਦੇ:- ਘਰ ਕੀ ਨਾਰਿ; ਤਿਆਗੈ ਅੰਧਾ॥ ਪਰ ਨਾਰੀ ਸਿਉ; ਘਾਲੈ ਧੰਧਾ॥ ਜੈਸੇ ਸਿੰਬਲੁ ਦੇਖਿ; ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ. ਲਪਟਾਨਾ॥੧॥

੬੧. ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥ ਵਾਹਿਗੁਰੂ ਜੀ ਦੇ ਬਖ਼ਸ਼ੇ ਹੁਸਨ ਦਾ ਹੰਕਾਰ ਕਰਕੇ, ਜੋ ਇਹ (ਜਾਨੈ) ਜਾਣਦਾ ਹੈ, ਕਿ ਮੈ (ਜੋਬਨਵੰਤੁ) ਜੁਆਨੀ ਹੁਸਨ ਵਾਲਾ, ਅਤਿਅੰਤ ਹੀ ਸੁੰਦਰ ਹਾਂ, ਮੇਰੇ ਜੈਸਾ ਜੱਗ 'ਤੇ ਸੋਹਣਾ ਨ ਜੰਮਿਆ ਹੈ ਤੇ ਨ ਹੀ ਜੰਮੇਗਾ। ਯਥਾ:- ਰੂਪਵੰਤੁ ਹੋਇ; ਨਾਹੀ ਮੋਹੈ॥) ਹਉ ਸੂਰਾ. ਪਰਧਾਨੁ ਹਉ; ਕੋ ਨਾਹੀ ਮੁਝਹਿ ਸਮਾਨੀ॥੨॥ ਜੋਬਨਵੰਤ ਅਚਾਰ ਕੁਲੀਨਾ; ਮਨ ਮਹਿ ਹੋਇ ਗੁਮਾਨੀ॥ (ਸੋ) ਉਹ ਗੁਰੂ ਜੀ ਤੋਂ ਬੇਮੁਖ, (ਬਿਸਟਾ) ਗੰਦਗੀ (ਕਾ) ਦਾ (ਜੰਤੁ) ਕੀੜਾ (ਹੋਵਤ) ਹੋ ਜਾਂਦਾ ਹੈ, ਭਾਵ ਸੁੰਦਰਤਾ ਦਾ ਗੁਮਾਨ ਕਰਨੇ ਕਰਕੇ, ਸੁੰਦਰਤਾ ਨਸਟ ਭ੍ਰਿਸਟ ਹੋ ਜਾਂਦੀ ਹੈ। ਪੂਰੇ ਗੁਰੂ ਜੀ ਦੀ ਕ੍ਰਿਪਾ ਤੋਂ ਬਿਨਾ ਪਤਾ ਨਹੀਂ ਕਿ ਦਾਸਨਦਾਸ ਨੂੰ ਸੁੰਦਰ ਸਰੂਪ ਪਿਆਰੇ ਵਾਹਿਗੁਰੂ ਜੀ ਨੇ ਬਖ਼ਸ਼ਿਆ ਹੈ ਜੀ। ਹੰਕਾਰ ਕਰਕੇ ਜਲ਼ ਬਲ਼ ਰਿਹਾ ਹੈ। ਪਰ ਘਰ ਵਿਕਾਰੀ ਹੋ ਕੇ ਏਡਜ਼ ਆਦਿ ਰੋਗਾਂ ਦੇ ਵਸੀਕਾਰ ਹੋ ਕੇ, ਤੜਫ ਤੜਫ ਕੇ ਮਰਦਾ ਹੈ। ਯਥਾ:- ਕਾਮਿ ਕ੍ਰੋਧਿ ਲੋਭਿ ਮਨੁ ਲੀਨਾ॥ ਤੜਫਿ ਮੂਆ; ਜਿਉ ਜਲ ਬਿਨੁ ਮੀਨਾ॥੩॥) ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥

੬੨. ਰੂਪਵੰਤੁ ਹੋਇ; ਨਾਹੀ ਮੋਹੈ॥ ਪ੍ਰਭ ਕੀ ਜੋਤਿ; ਸਗਲ ਘਟ ਸੋਹੈ॥ ਪਰਮਪੂਜਨੀਕ ਕਰਤਾਪੁਰਖੁ ਵਾਹਿਗੁਰੂ ਗੁਰੂ, ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ

ਪਰਤਖੵ ਹਰਿ॥ ਪਰਮਪੂਜਨੀਕ ਮਹੱਲਾ ਪੰਜਵਾਂ ਸਾਹਿਬ ਜੀ, ਸਭ ਤਰ੍ਹਾਂ ਦੀ ਹੰਗਤਾ ਮੇਟ ਕੇ, ਸਨਮੁਖ ਗੁਰਮੁਖਿ ਨੂੰ ਅਰੋਗ ਬਣਾ ਰਹੇ ਹਨ।

ਅਰਥ ੧. ਜੇ ਕੋਈ ਨਿਗੁਰਾ, ਤੈਥੋ ਹੀ. ਬਲੁ ਰਾਮੁ ਲੈ; ਨਾਲ ਬਾਣਾ. ਦਹਸਿਰੁ ਘਾਇਆ॥ ਤੈਥੋ ਹੀ. ਬਲੁ ਕ੍ਰਿਸਨ ਲੈ; ਕੰਸੁ ਕੇਸੀ ਪਕੜਿ ਗਿਰਾਇਆ॥ ਅਨੁਸਾਰ ਵਾਹਿਗੁਰੂ ਜੀ ਤੋਂ ਹੁਸਨ ਪ੍ਰਾਪਤ ਕਰਕੇ, ਫੈਸ਼ਨ ਅਧੀਨ ਅੰਨ੍ਹਾ ਹੋ ਕੇ, ਪਾਊਡਰ ਸੁਗੰਧੀ ਲਾ ਕੇ, ਹੀਰੇ ਗਹਿਣੇ ਪਾ ਕੇ, ਪੱਟ ਪਸ਼ਮੀਨੇ ਦੇ ਬਸਤ੍ਰ ਪਹਿਨ ਕੇ, ਰੰਗਾਂ ਰੰਗਾਂ ਦੇ ਅਨੇਕ ਸ਼ਿੰਗਾਰ ਲਾ ਕੇ, (ਰੂਪਵੰਤੁ) ਸੁੰਦਰ ਸਰੂਪ ਵਾਲਾ ਹੋਇ ਕੇ, ਹੰਕਾਰ 'ਚ ਅੰਨ੍ਹਾ ਹੋ ਕੇ, ਹੰਕਾਰ ਕਰੇ, ਕਿ (ਮੋਹੈ) ਮੇਰੇ ਜਿਹਾ ਸੋਹਣਾ ਜੱਗ 'ਤੇ ਨਾਹੀ ਹੈ ਜੀ। ਹੇ ਭਾਈ! ਜਾਨਣਾ ਕਰ ਕਿ (ਪ੍ਰਭ) ਕਲਾਂ- ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਕੀ ਪਰਮਪਵਿੱਤ੍ਰ ਨਿਰਮਲ ਸੱਚੀ ਜੋਤਿ, (ਸਗਲ) ਸਾਰੇ (ਘਟ) ਸ੍ਰੀਰਾਂ 'ਚ, (ਸੋਹੈ) ਸ਼ੋਭਨੀਕ ਹੋ ਰਹੀ ਹੈ ਜੀ। ਯਥਾ:- ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ; ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ; ਸੁ ਆਰਤੀ ਹੋਇ॥੩॥

ਮਿੱਠੀ ਪਿਆਰੀ ਮਹਾਂ ਵਿਸਮਾਦ ਸ਼ੁਭ ਸੱਚੀ ਗੁਰਮੁਖਿ ਸਿੱਖਿਆ:- ਹੇ ਗੁਰੂ ਪਿਆਰੇ ਜੀ! ਆਪ ਜੀ ਨੂੰ, ਅਤਿ ਪ੍ਰੀਤਮ ਮਨ ਮੋਹਨਾ, ਘਟ ਸੋਹਨਾ; ਪ੍ਰਾਨ ਅਧਾਰਾ ਰਾਮ॥ ਸੁੰਦਰ ਸੋਭਾ, ਲਾਲ ਗੋਪਾਲ ਦਇਆਲ ਕੀ; ਅਪਰ ਅਪਾਰਾ ਰਾਮ॥ ਗੁਰੂ ਪ੍ਰਮੇਸਰ ਜੀ ਨੇ, ਆਪਣੀ ਵਿਸਮਾਦ ਸੁੰਦਰ ਭਰਪੂਰ ਜੋਤਿ ਦੁਆਰਾ, ਜਿਹ ਪ੍ਰਸਾਦਿ; ਤੇਰਾ ਸੁੰਦਰ ਰੂਪੁ॥ ਅਨੁਸਾਰ ਸੁੰਦਰ ਸਰੂਪ ਬਖ਼ਸ਼ੇ ਹਨ। ਇਸ ਲਈ ਸੁੰਦਰਤਾ ਦਾ ਮਾਣ ਨਹੀਂ ਕਰਨਾ ਚਾਹੀਦਾ, ਇਹ ਵਿਕਾਰ ਰੂਪ ਫੁੱਲੀ ਮਿੱਟੀ ਹੈ। ਯਥਾ:- ਮਾਟੀ ਫੂਲੀ; ਰੂਪੁ ਬਿਕਾਰੁ॥ ਆਪਣੀ ਸੁੰਦਰਤਾ ਦਾ ਹੰਕਾਰ ਕਰਨ ਨਾਲ, ਸੁੰਦਰਤਾ ਸੜ ਜਾਂਦੀ ਹੈ। ਵਿਸਟਾ ਦਾ ਕ੍ਰਿਮ ਬਣ ਜਾਂਦਾ ਹੈ। ਯਥਾ:- ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥ ਆਪਣੇ ਆਪ ਨੂੰ ਅਤਿ ਸੁੰਦਰ ਮੰਨਣ ਵਾਲਾ ਮ੍ਰਿਤਕ ਹੈ ਜੀ। ਯਥਾ:- ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ. ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥ ਹੇ (ਗਵਾਰਾ) ਬੇਸਮਝ! ਆਪਣੀ ਸੋਹਣੀ ਸ਼ਕਲ ਦੇਖ ਕੇ ਨ ਭੁੱਲ। ਯਥਾ:- ਸੂਰਤਿ ਦੇਖਿ; ਨ ਭੂਲੁ ਗਵਾਰਾ॥ ਮਿਥਨ ਮੋਹਾਰਾ; ਝੂਠੁ ਪਸਾਰਾ॥) ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਪਵਹਿ ਦਝਹਿ. ਨਾਨਕਾ; ਤਰੀਐ ਕਰਮੀ ਲਗਿ॥ ਅਨੁਸਾਰ ਫੈਸ਼ਨ ਅੱਗ ਹੈ। ਦਿਲ ਦੀ ਸਫ਼ਾਈ ਸਹਿਤ ਤੇ ਫੈਸ਼ਨ ਰਹਿਤ ਹੋਣਾ ਕੁਦਰਤੀ ਸੁੰਦਰਤਾ ਹੈ। ਬਿਨੁ ਜਗਦੀਸ ਭਜੇ. ਨਿਤ ਖੁਆਰੀ॥੩॥) ਗੋਬਿਦ ਭਜਨ ਬਿਨੁ; ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ; ਨਿਰਾਰਥ ਦਾਮ॥ ਵਾਹਿਗੁਰੂ ਗੁਰੂ ਜੀ ਗੁਰਸ਼ਬਦ ਪ੍ਰੇਮ, ਸਿਮਰਨ ਗੁਰੂ ਸੇਵਾ ਭਗਤੀ ਸਹਿਤ, ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ; ਜਾ ਗੁਰ ਕਾ ਸਬਦੁ ਸੁਣੀ॥) ਨਿਵਣੁ ਸੁ ਅਖਰੁ. ਖਵਣੁ ਗੁਣੁ; ਜਿਹਬਾ. ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ; ਤਾਂ ਵਸਿ ਆਵੀ ਕੰਤੁ॥ ਅਨੁਸਾਰ ਅਨੰਤ ਸ਼ੁਭ ਗੁਣਾਂ ਦਾ ਸਿੰਗਾਰ ਬਖ਼ਸ਼ਦੇ ਹਨ। ਫੈਸ਼ਨੇਬਲ ਕਰਨ ਸ਼ਿੰਗਾਰ। ਵਿਸ਼ੇ 'ਚ ਹੋ ਰਹੇ ਨਿੱਤ ਖੁਆਰ। ਜਮਾਂ ਦੀ ਪੈ ਰਹੀ ਕੁੱਟ ਮਾਰ। ਛੁਡਾ ਰਹੇ ਗੁਰੂ ਕਰਤਾਰ। ਫੈਸ਼ਨ ਛੱਡਣ ਮੁਖ ਉੱਜਲ ਦਰਬਾਰ। ਵਾਹਿਗੁਰੂ ਗੁਰੂ ਜੀ ਨੂੰ ਸਦਾ ਨਮਸਕਾਰ।

ਅਰਥ ੨. ਗੁਰੂ ਪ੍ਰਮੇਸਰ ਜੀ ਪ੍ਰਭ ਜੀ ਦੇ ਪੂਰਨ ਸੱਚੇ ਗੁਰ ਅਵਤਾਰ ਹਨ। ਇਸ ਲਈ ਵਿਕਾਰੀ (ਰੂਪਵੰਤੁ) ਸੁੰਦਰ ਸਰੂਪ ਵਾਲਾ (ਹੋਇ) ਹੋ ਕੇ, ਗੁਰੂ ਪ੍ਰਮੇਸਰ ਜੀ ਦੇ ਮਨ ਨੂੰ (ਮੋਹੈ) ਮੋਹ ਨਾਹੀ ਸਕਦਾ ਜੀ, ਕਿਉਂਕਿ, (ਪ੍ਰਭ) ਗੁਰੂ ਜੀ (ਕੀ) ਦੀ ਜੋਤਿ (ਸਗਲ) ਸਾਰੀਆਂ (ਘਟ) ਸ੍ਰੀਰਾਂ 'ਚ (ਸੋਹੈ) ਸ਼ੋਭਨੀਕ ਹੋ ਰਹੀ ਹੈ ਜੀ।

ਅਰਥ ੩. ਜਿਸ ਗੁਰਮੁਖਿ ਪਿਆਰੇ ਗੁਰੂ ਸਵਾਰੇ ਮਹਾਂਪੁਰਸ਼ ਦਾ, ਗੁਰੂ ਪ੍ਰਮੇਸਰ ਜੀ ਦੀ ਕ੍ਰਿਪਾ ਨਾਲ, ਹੰਕਾਰ ਰੋਗ ਟੁੱਟ ਜਾਂਦਾ ਹੈ। ਲਾਲ ਰੰਗੁ ਤਿਸ ਕਉ ਲਗਾ; ਜਿਸ ਕੇ ਵਡਭਾਗਾ॥ ਮੈਲਾ. ਕਦੇ ਨ ਹੋਵਈ; ਨਹ ਲਾਗੈ ਦਾਗਾ॥੧॥) ਜਿਹ ਪ੍ਰਸਾਦਿ; ਆਰੋਗ ਕੰਚਨ ਦੇਹੀ॥ ਅਨੁਸਾਰ ਉਹ ਗੁਰਮੁਖਿ ਸ੍ਰੀਰਕ (ਰੂਪਵੰਤੁ) ਸੁੰਦਰ ਸਰੂਪ ਵਾਲੇ, ਅੰਦਰੋਂ ਦਿਲ ਦੀ ਸਫ਼ਾਈ ਰੂਪ ਸੁੰਦਰ ਸਰੂਪ ਵਾਲੇ ਹੋਇ ਜਾਂਦੇ ਹਨ। ਉਸ ਗੁਰਮੁਖਿ ਪਿਆਰੇ ਜੀ ਨੂੰ, ਆਪਣੇ ਸੁੰਦਰ ਸਰੂਪ ਨਾਲ (ਮੋਹੈ) ਮੋਹ ਨਾਹੀ, ਕਿ ਮੈਂ ਸੋਹਣਾ ਹਾਂ। ਅਥਵਾ ਗੁਰਸੇਵਕ ਜੀ ਨੂੰ ਭਾਵੇਂ ਕਿਤਨਾ (ਰੂਪਵੰਤੁ) ਸੁੰਦਰ ਸਰੂਪ (ਹੋਇ) ਹੋਵੇ, ਨਾਹੀ (ਮੋਹੈ) ਮੋਂਹਦਾ, ਵਿਕਾਰੀ ਨਹੀਂ ਬਣਾਉਂਦਾ ਜੀ। ਗੁਰੂ ਕ੍ਰਿਪਾ ਨਾਲ ਹੰਗਤਾ ਮਿਟਣੇ ਕਰਕੇ, ਉਸ ਗੁਰਮੁਖਿ ਪਿਆਰੇ ਜੀ ਨੂੰ, ਪ੍ਰਭ ਕੀ ਜੋਤਿ (ਸਗਲ) ਸਾਰੇ (ਘਟ) ਸ੍ਰੀਰਾਂ ’ਚ (ਸੋਹੈ) ਸ਼ੋਭਨੀਕ, ਸਾਖਿਆਤ ਹੋ ਜਾਂਦੀ ਹੈ ਜੀ। ਯਥਾ:- ਸਭੁ ਗੋਬਿੰਦੁ ਹੈ; ਸਭੁ ਗੋਬਿੰਦੁ ਹੈ॥ ਗੋਬਿੰਦ ਬਿਨੁ; ਨਹੀ ਕੋਈ॥) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥

੬੩. ਮਿਥਿਆ ਚਰਨ; ਪਰ ਬਿਕਾਰ ਕਉ ਧਾਵਹਿ॥ ਬਿਅੰਤ ਬ੍ਰਹਮੰਡ ਦੀ ਰਚਨਾ ’ਚ, ਪਰ ਗ੍ਰਿਹ ਵਿਕਾਰੀ ਹੋਣ ਤੋਂ, ਅਨੇਕਾਂ ਜੀਅ ਏਡਜ਼ ਕੈਂਸਰ ਕਰੋਨਾ ਆਦਿ ਬਿਮਾਰੀਆਂ ਨਾਲ ਹੁਣ ਤੜਫ਼ ਤੜਫ਼ ਕੇ ਮਰ ਰਹੇ ਹਨ ਜੀ। ਬੇਅੰਤ ਹੀ ਕਤਲ ਹੋ ਰਹੇ ਹਨ। ਖੋਟੇ ਭੈੜੇ ਲੋਕ, ਸਾਊਆਂ ਨੂੰ, ਧੱਕੇ ਨਾਲ ਚੁੱਕ ਕੇ ਲੈ ਜਾਂਦੇ ਹਨ। ਇਸ ਦੋਸ਼ ਕਰਕੇ ਬੇਅੰਤ ਰਾਜ ਤੇ ਕਾਰੋਬਾਰ, ਘਰ ਤਬਾਹ ਹੋਏ ਹਨ। ਇਹ ਦੋਸ਼ ਰਚਨਾ ਨੂੰ ਜਮਪੁਰੀ ਬਣਾ ਰਿਹਾ ਹੈ। ਹੁਣ ਭੀ ਬੇਅੰਤ ਵੱਢਣੇ ਜੋਗ ਪੈਰ, ਪਰ ਘਰ ਨੂੰ ਜਾ ਰਹੇ ਹਨ। ਪੂਰੇ ਗੁਰੂ ਜੀ ਆਪਣੇ ਪ੍ਰੇਮੀ ਜੀ ਨੂੰ ਅਗਨ ਸਾਗਰ ’ਚੋਂ, ਬਾਹੋਂ ਫੜ ਕੇ ਕੱਢ ਰਹੇ ਹਨ। ਦੇਨਹਾਰੁ ਪ੍ਰਭ ਛੋਡਿ ਕੈ; ਲਾਗਹਿ ਆਨ ਸੁਆਇ॥ ਅਨੁਸਾਰ ਦੇਣਹਾਰ ਦਾਤਾਰ ਵਾਹਿਗੁਰੂ ਜੀ ਨੂੰ ਛੱਡ ਕੇ, ਰਤਨ ਵਿਗਾੜਿ ਵਿਗੋਏ ਕੁਤੀ; ਮੁਇਆ. ਸਾਰ ਨ ਕਾਈ॥ ਅਨੁਸਾਰ ਜਿਸ ਕੁੱਤੇ, ਖੋਤੇ, ਬਾਂਦਰ, ਹਾਥੀ, ਵਿਕਾਰੀ, ਹੰਕਾਰੀ, ਨੀਚ ਦੇ (ਚਰਨ) ਪੈਰ, (ਪਰ) ਪਰਾਏ ਘਰ ਬਿਕਾਰ (ਕਉ) ਨੂੰ (ਧਾਵਹਿ) ਦੌੜਦੇ ਹਨ, ਉਹ (ਮਿਥਿਆ) ਝੂਠੇ ਨਾਸਵੰਤ ਅਣਹੋਏ ਵੱਢਣੇ ਜੋਗ ਹਨ। ਯਥਾ:- ਜਾ ਕੋ ਠਾਕੁਰੁ; ਊਚਾ ਹੋਈ॥ ਸੋ ਜਨੁ; ਪਰ ਘਰ ਜਾਤ ਨ ਸੋਹੀ॥ (ਮਨੁਖਾਇ ਪੋਲਾ) ਮਾਰੂ ਮਹਲਾ ੫॥ ਗੁਪਤੁ ਕਰਤਾ. ਸੰਗਿ ਸੋ ਪ੍ਰਭੁ; ਡਹਕਾਵਏ ਮਨੁਖਾਇ॥ ਬਿਸਾਰਿ ਹਰਿ ਜੀਉ. ਬਿਖੈ ਭੋਗਹਿ; ਤਪਤ ਥੰਮ. ਗਲਿ ਲਾਇ॥੧॥ ਰੇ ਨਰ; ਕਾਇ ਪਰ ਗ੍ਰਿਹਿ ਜਾਇ॥ ਕੁਚਲ ਕਠੋਰ ਕਾਮਿ ਗਰਧਭ; ਤੁਮ. ਨਹੀ ਸੁਨਿਓ ਧਰਮਰਾਇ॥੧॥ਰਹਾਉ॥ (ਬਾਂਧੇ) ਬਿਕਾਰ ਪਾਥਰ ਗਲਹਿ ਬਾਧੇ; ਨਿੰਦ ਪੋਟ ਸਿਰਾਇ॥ ਮਹਾ ਸਾਗਰੁ ਸਮੁਦੁ ਲੰਘਨਾ; ਪਾਰਿ. ਨ ਪਰਨਾ ਜਾਇ॥੨॥) ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ. ਨ ਜੈਯਹੁ॥੫੧॥ ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ ਹੋ, ਪਰ ਨਾਰੀ ਕੇ ਹੇਤ; ਕਟਕ ਕਵਰਨ ਕੌ ਘਾਯੋ॥੫੨॥

੬੪. ਦੇਇ ਕਿਵਾੜ ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਮਨਮੁਖ! ਤੂੰ (ਕਿਵਾੜ) ਦਰਵਾਜ਼ੇ (ਦੇਇ) ਦੇ ਕੇ ਅਨਿਕ (ਪੜਦੇ) ਪੜਦਿਆਂ (ਮਹਿ) 'ਚ ਭਾਵ ਗੁਪਤ ਹੋ ਕੇ (ਪਰ) ਪਰਾਈ (ਦਾਰਾ) ਇਸਤ੍ਰੀ (ਸੰਗਿ) ਨਾਲ (ਫਾਕੈ) ਕੁਕਰਮ ਕਰਦਾ ਹੈਂ।

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਣੁ ਪੜਦਾ ਤੇਰਾ ਢਾਕੈ॥੩॥ (ਜਬ) ਜਦੋਂ ਧਰਮਰਾਇ ਦੇ ਚਿਤ੍ਰ ਗੁਪਤੁ ਤੈਥੋਂ ਲੇਖਾ (ਮਾਗਹਿ) ਮੰਗਣਗੇ, (ਤਬ) ਤਦੋਂ ਤੇਰਾ ਪੜਦਾ ਕਉਣੁ (ਢਾਕੈ) ਢਕੇਗਾ? ਭਾਵ ਕੋਈ ਨਹੀਂ ਢਕੇਗਾ, ਉਸ ਸਮੇਂ ਸਾਰੇ ਕੀਤੇ ਕੁਕਰਮ ਪ੍ਰਗਟ ਹੋ ਜਾਣਗੇ। ਇੱਕ ਇੱਕ ਕੁਕਰਮ ਦਾ ਹਿਸਾਬ ਦੇਣਾ ਪਵੇਗਾ॥੩॥ ਯਥਾ:- ਅੰਦਰਿ ਕਮਾਣਾ ਸਰਪਰ ਉਘੜੈ; ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥

੬੫. ਸੂਰਤਿ ਦੇਖਿ; ਨ ਭੂਲੁ ਗਵਾਰਾ॥ ਹੇ ਗੁਰਮਤਿ ਤੋਂ (ਗਵਾਰਾ) ਬੇਸਮਝ ਮਨਮੁਖ! ਪਰਾਇਆ (ਸੂਰਤਿ) ਰੂਪ ਨੂੰ ਦੇਖਿ ਕੇ ਵਾਹਿਗੁਰੂ ਜੀ ਨੂੰ (ਨ) ਨਾ (ਭੂਲੁ) ਭੁੱਲਣਾ ਕਰ।

ਮਿਥਨ ਮੋਹਾਰਾ; ਝੂਠੁ ਪਸਾਰਾ॥ ਸੰਸਾਰ ਦਾ ਪਸਾਰਾ (ਝੂਠੁ) ਝੂਠਾ ਹੈ। ਇਸ ਦਾ (ਮੋਹਾਰਾ) ਮੋਹ (ਮਿਥਨ) ਨਾਸਵੰਤ, ਅਣਹੋਇਆ ਹੈ।

ਜਗ ਮਹਿ ਕੋਈ ਰਹਣੁ. ਨ ਪਾਏ; ਨਿਹਚਲੁ ਏਕੁ ਨਾਰਾਇਣਾ॥੧॥ ਇਸ ਨਾਸਵੰਤ ਜਗ (ਮਹਿ) 'ਚ ਕੋਈ ਸਦਾ ਲਈ ਰਹਣੁ ਨ ਪਾਏ। ਯਥਾ:- ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥ ਕੇਵਲ ਏਕੁ (ਨਾਰਾਇਣਾ) ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ, ਪਾਰਬ੍ਰਹਮ ਭਗਵਾਨ ਸਦਾ ਸਦਾ ਮਿਹਰਵਾਨ ਸਦਾ ਦਇਆਲ, ਸਦਾ ਕ੍ਰਿਪਾਲ, ਅਕਾਲਪੁਰਖੁ ਸਤਿਗੁਰੂ ਗ੍ਰੰਥ ਸਾਹਿਬ ਜੀ (ਨਿਹਚਲੁ) ਅਚੱਲ ਸਦਾ ਰਹਿਣ ਵਾਲੇ ਹਨ। ਯਥਾ:- ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥) ਸਤਿਗੁਰੁ ਮੇਰਾ ਸਦਾ ਸਦਾ; ਨਾ ਆਵੈ. ਨਾ ਜਾਇ॥ ਓਹੁ ਅਬਿਨਾਸੀ ਪੁਰਖੁ ਹੈ; ਸਭ ਮਹਿ ਰਹਿਆ ਸਮਾਇ॥੧੩॥ ਅਥਵਾ ਜਿਹੜੇ ਸੰਤ ਗੁਰਸੇਵਕ ਪਰਾਇਆ ਰੂਪ ਨਹੀਂ ਦੇਖਦੇ, ਕੁਕਰਮ ਤਿਆਗ ਕੇ (ਏਕੁ) ਇੱਕ (ਨਿਹਚਲੁ) ਅਚੱਲ (ਨਾਰਾਇਣਾ) ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਪੂਜਦੇ, ਪ੍ਰੇਮਾ ਭਗਤੀ ਕਰਦੇ ਹਨ, ਉਹ ਭੀ (ਨਿਹਚਲੁ) ਅਚੱਲ ਹਨ॥੧॥ ਯਥਾ:- ਨਉਨਿਧਿ ਠਾਕੁਰਿ ਦਈ ਸੁਦਾਮੈ; ਧ੍ਰੂਅ ਅਟਲੁ. ਅਜਹੂ, ਨ ਟਰਿਓ॥੩॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ, ਅਬਿਨਾਸੀ॥੧੭॥

ਭਰਥਰੀ ਜੀ ਦੀ ਵਿਰਾਗ ਦੀ ਸਾਖੀ:- ਉਜੈਨ ਨੱਗਰ ਦਾ ਰਾਜਾ ਭਰਥਰੀ ਬਹੁਤ ਹੀ ਧਰਮੀ, ਵਿਦਵਾਨ ਅਤੇ ਨੀਤੀ ਨਿਪੁੰਨ ਸੀ। ਭਰਥਰੀ ਜੀ ਦੇ ਚਾਰ ਵਿਆਹ ਹੋਏ ਸਨ। ਇੱਕ ਦਿਨ ਪਿੰਗਲਾ ਨਾਮ ਦੀ ਰਾਜਕੁਮਾਰੀ ਦੀ ਸਿਫਤ ਸੁਣੀ ਜੋ ਅਤਿਅੰਤ ਹੀ ਸੁੰਦਰ ਸੀ। ਉਸ ਇਸਤ੍ਰੀ ਦੀ ਸਿਫਤ ਸੁਣ ਕੇ ਭਰਥਰੀ ਜੀ ਦੇ ਮਨ 'ਤੇ ਅਜਿਹਾ ਪ੍ਰਭਾਵ ਪਿਆ ਕਿ ਉਸ ਨੂੰ ਵਿਆਹ ਲਿਆ। ਜਿਵੇਂ ਬਾਦਸ਼ਾਹ ਸ਼ਾਹਜਹਾਨ ਨੂਰਜਹਾਂ ਬੇਗਮ ਦਾ ਗ਼ੁਲਾਮ ਸੀ, ਤਿਵੇਂ ਵਿਆਹ ਪਿੱਛੋਂ ਭਰਥਰੀ ਜੀ ਪਿੰਗਲਾ ਦਾ ਗ਼ੁਲਾਮ ਹੀ ਬਣ ਗਿਆ। ਜਦ ਪਿੰਗਲਾ ਨੇ ਦੇਖਿਆ ਕਿ ਰਾਜਾ ਜੀ ਮੇਰੇ ਵੱਸ ਹਨ, ਨਿਡਰ ਹੋ ਕੇ ਰਾਜ 'ਚ ਵਿਚਰਨ ਲੱਗੀ।

ਬਿਕ੍ਰਮਾਜੀਤ ਰਾਜੇ ਭਰਥਰੀ ਜੀ ਦਾ ਛੋਟਾ ਭਰਾ ਸੀ। ਜੋ ਭਰਥਰੀ ਜੀ ਨੂੰ ਅਪਣੇ ਪਿਤਾ ਸਮਾਨ ਅਤੇ ਰਾਣੀਆਂ ਨੂੰ ਮਾਤਾ ਸਮਾਨ ਸਮਝਦਾ ਸੀ। ਭਰਥਰੀ ਜੀ ਨੇ ਆਪਣੇ ਛੋਟੇ ਭਰਾ ਨੂੰ ਪ੍ਰਧਾਨ ਮੰਤਰੀ ਦਾ ਰੁਤਬਾ ਦਿਤਾ ਸੀ। ਬਿਕ੍ਰਮਾਜੀਤ ਆਗਿਆ 'ਚ ਚਲਦਾ, ਆਪਣੀ ਡਿਊਟੀ ਪੂਰੀ ਨਿਭਾਉਂਦਾ। ਰਾਣੀ ਪਿੰਗਲਾ ਨੇ ਬਿਕ੍ਰਮਾਜੀਤ ਦੇ ਸਾਊ ਨਰਮ ਸੁਭਾਅ

ਅਤੇ ਸੁੰਦਰ ਸਰੂਪ 'ਤੇ ਮੋਹਿਤ ਹੋ ਕੇ ਕਿਹਾ ਕਿ ਮੇਰੇ ਨਾਲ ਕੁਕਰਮ ਕਰ। ਆਪਣਾ ਜਤ ਸਤ ਕਾਇਮ ਰੱਖਦਿਆਂ, ਬਿਕ੍ਰਮਾਜੀਤ ਉਸ ਦੇ ਜਾਲ਼ ਵਿੱਚ ਨਾ ਆਇਆ। ਸੋਚ ਵਿਚਾਰਨ ਤੋਂ ਬਾਅਦ, ਭਰਥਰੀ ਜੀ ਨੂੰ ਜਾ ਦੱਸਿਆ ਕਿ ਪਿੰਗਲਾ ਰਾਣੀ ਨੇ ਕਿਵੇਂ ਮੈਨੂੰ ਮੋਹਿਤ ਕਰਨਾ ਚਾਹਿਆ। ਰਾਜਾ ਰਾਣੀ ਦੇ ਮੋਹ 'ਚ ਅੰਨ੍ਹਾ, ਸਤ ਅਸਤ ਦੀ ਵੀਚਾਰ ਨਾ ਕਰ ਸਕਿਆ। ਉਸ ਨੇ ਆਪਣੇ ਜਤੀ ਸਤੀ ਭਰਾ ਨੂੰ ਹੀ ਰਾਜ ਸਭਾ ਵਿਚ ਬਹੁਤ ਤਾੜਦੇ ਹੋਇ ਕਿਹਾ "ਜੇ ਤੂੰ ਮੇਰਾ ਭਰਾ ਨਾ ਹੁੰਦਾ ਤਾਂ ਤੈਨੂੰ ਸੂਲ਼ੀ 'ਤੇ ਟੰਗਵਾ ਦਿੰਦਾ। ਮੈਨੂੰ ਇਹ ਭੀ ਪਤਾ ਹੈ ਕਿ ਪਿੰਗਲਾ ਵਰਗੀ ਹੋਰ ਕੋਈ ਸਤੀ ਨਹੀਂ ਹੈ।"

ਜਦੋਂ ਪਿੰਗਲਾ ਨੂੰ ਪਤਾ ਲੱਗਾ ਕਿ ਦੇਵਰ ਨੇ ਰਾਜੇ ਪਾਸ ਸ਼ਿਕਾਇਤ ਕੀਤੀ, ਪਰ ਮੇਰੇ ਮੋਹ 'ਚ ਰਾਜੇ ਨੇ ਆਪਣੇ ਧਰਮੀ ਭਰਾ 'ਤੇ ਵਿਸ਼ਵਾਸ ਨਹੀਂ ਕੀਤਾ। ਤਾਂ ਚਲਿੱਤ੍ਰ ਖੇਡਦਿਆਂ, ਪਿੰਗਲਾ ਭਰਥਰੀ ਨਾਲ ਜ਼ਿਆਦਾ ਪਿਆਰ ਕਰਨ ਲੱਗ ਗਈ। ਇੱਕ ਦਿਨ ਭਰਥਰੀ ਜੀ ਨੂੰ ਕਹਿੰਦੀ "ਹੇ ਦਿਲ ਜਾਨ ਰਾਜਨ ਜੀ! ਆਪ ਜੀ ਦਾ ਛੋਟਾ ਭਰਾ ਬਿਕ੍ਰਮਾਜੀਤ ਮੇਰੇ ਲਈ ਪੁੱਤ੍ਰ ਸਮਾਨ ਹੈ। ਪਰ ਉਹ ਮੇਰੇ ਵੱਲ ਵਿਕਾਰ ਦ੍ਰਿਸਟੀ ਨਾਲ ਵੇਖਦਾ ਹੈ। ਜੇ ਹੋਰ ਕੋਈ ਇਸਤ੍ਰੀ ਹੁੰਦੀ ਤਾਂ ਹੁਣ ਤਕ ਉਸ ਦੇ ਜਾਲ਼ 'ਚ ਆ ਕੇ ਆਪਣਾ ਪਤੀਬ੍ਰਤਾ ਧਰਮ ਨੂੰ ਗੁਆ ਲੈਂਦੀ। ਕੇਵਲ ਮੇਰੇ 'ਤੇ ਨਹੀਂ, ਹੋਰ ਵੀ ਇਸਤ੍ਰੀਆਂ ਨੂੰ ਵਿਕਾਰ ਦ੍ਰਿਸਟੀ ਨਾਲ ਦੇਖਦਾ ਹੈ। ਥੋੜੇ ਦਿਨਾਂ ਦੀ ਗੱਲ ਹੈ, ਇਕ ਗ਼ੀਬ ਬ੍ਰਾਹਮਣ ਦੀ ਨੂੰਹ ਨੂੰ ਆਪਣੇ ਜਾਲ਼ 'ਚ ਫਸਾਉਣਾ ਚਾਹੁੰਦਾ ਸੀ। ਹੇ ਦਿਲ ਜਾਨ! ਮੈਂ ਤੁਹਾਨੂੰ ਅਧਰਮ ਤੋਂ ਸਾਵਧਾਨ ਕਰਨ ਲਈ ਇਹ ਸਭ ਕੁਝ ਦੱਸਿਆ ਹੈ।" ਭਰਥਰੀ ਜੀ ਨੇ ਪਿੰਗਲਾ ਦੀਆਂ ਸਾਰੀਆਂ ਗੱਲਾਂ ਸੁਣ ਕੇ ਸੱਚੀਆਂ ਮੰਨੀਆਂ।

ਅਗਲੇ ਦਿਨ, ਪਿੰਗਲਾ ਨੇ ਇਕ ਬ੍ਰਾਹਮਣ ਨੂੰ ਬੁਲਾ ਕੇ ਕਿਹਾ "ਰਾਜਾ ਮੇਰੇ ਅਧੀਨ ਹੈ, ਜੋ ਮੈਂ ਕਹਿੰਦੀ ਹਾਂ ਸੋਈ ਕਰਦਾ ਹੈ। ਇਸ ਲਈ ਹੇ ਬ੍ਰਾਹਮਣ! ਜੋ ਜੋ ਮੈਂ ਤੈਨੂੰ ਕਰਨ ਲਈ ਕਹਾਂ, ਤੂੰ ਉਵੇਂ ਕਰਨਾ ਹੈ।" ਬ੍ਰਾਹਮਣ ਜਾਣਦਾ ਸੀ ਰਾਜਾ ਇਸ ਦੇ ਅਧੀਨ ਹੈ, ਡਰਦਿਆਂ ਕਹਿੰਦਾ, "ਜੋ ਆਪ ਜੀ ਹੁਕਮ ਕਰੋਂਗੇ, ਦਾਸ ਉਵੇਂ ਕਰੇਗਾ।" ਪਿੰਗਲਾ ਉਸ ਨੂੰ ਸਮਝਾਉਣ ਲੱਗੀ, "ਤੂੰ ਕੱਲ ਰਾਜ ਦਰਬਾਰ ਵਿੱਚ ਜਾ ਕੇ, ਭਰਥਰੀ ਜੀ ਦੇ ਅੱਗੇ ਫ਼ਰਿਆਦ ਕਰਨੀ, ਕਿ ਆਪ ਜੀ ਦਾ ਛੋਟਾ ਭਰਾ ਬਿਕ੍ਰਮਾਜੀਤ ਮੇਰੀ ਨੂੰਹ ਦਾ ਧਰਮ ਨਸ਼ਟ ਕਰਨਾ ਚਾਹੁੰਦਾ ਹੈ। ਜੇ ਆਪ ਜੀ ਉਸ ਨੂੰ ਕੋਈ ਸਜ਼ਾ ਨਹੀਂ ਦਿੰਦੇ, ਤਾਂ ਫਿਰ ਮੈਂ ਆਪ ਜੀ ਦਾ ਰਾਜ ਛੱਡ ਕੇ ਹੋਰ ਦੇਸ 'ਚ ਜਾ ਵਸਾਂਗਾ, ਪਰ ਆਪਣੀ ਨੂੰਹ ਦਾ ਧਰਮ ਨਸ਼ਟ ਹੁੰਦਿਆਂ ਨਹੀਂ ਦੇਖਣਾ ਚਾਹੁੰਦਾ।" ਇਤ ਆਦਿਕ ਦੇ ਬਚਨ ਦੱਸ ਕੇ ਬ੍ਰਾਹਮਣ ਨੂੰ ਕਹਿੰਦੀ, ਨਿਝਕ ਹੋ ਕੇ ਬੋਲਣਾ। ਅਗਲੇ ਦਿਨ ਠੀਕ ਤਿਵੇਂ ਹੀ ਬ੍ਰਾਹਮਣ ਨੇ ਰਾਜ ਦਰਬਾਰ 'ਚ ਭਰਥਰੀ ਜੀ ਅੱਗੇ ਝੂਠੀ ਫ਼ਰਿਆਦ ਕੀਤੀ ਤੇ ਬਿਕ੍ਰਮਾਜੀਤ ਦੇ ਵਿਰੁੱਧ ਇਲਜ਼ਾਮ ਲਾਏ। ਭਰਥਰੀ ਜੀ ਸੁਣਦੇ ਸਾਰ ਬਹੁਤ ਹੀ ਕ੍ਰੋਧ ਵਿੱਚ ਆਏ। ਬਿਨਾ ਸੋਚੇ ਸਮਝੇ ਅਤੇ ਕੋਈ ਸਿਆਣੇ ਮੰਤ੍ਰੀ ਨਾਲ ਵਿਚਾਰ ਕੀਤੇ ਬਗੈਰ ਹੀ, ਭਰਥਰੀ ਜੀ ਨੇ ਆਪਣੇ ਧਰਮੀ ਭਰਾ ਨੂੰ ਦੇਸ਼ ਵਿਚੋਂ ਕੱਢ ਦਿੱਤਾ। ਹੁਕਮ ਮੰਨਦਿਆਂ ਬਿਕ੍ਰਮਾਜੀਤ ਨੇ ਆਪਣੇ ਬਾਲ ਬੱਚਿਆਂ ਨਾਲ ਦੇਸ਼ ਛੱਡ ਦਿੱਤਾ।

ਇਸੇ ਸਮੇਂ ਵਿੱਚ ਹੀ, ਇੱਕ ਗ਼ੀਬ ਬ੍ਰਾਹਮਣ ਭਰਥਰੀ ਜੀ ਦੇ ਰਾਜ ਦਰਬਾਰ 'ਚ ਆਇਆ। ਇਸ ਬ੍ਰਾਹਮਣ ਨੇ ਕਈ ਸਾਲ ਦੇਵਤੇ ਦੀ ਪ੍ਰਸੰਨਤਾ ਲਈ ਬੇਹੱਦ ਤਪ ਕੀਤਾ ਸੀ ਅਤੇ ਪ੍ਰਸੰਨਤਾ ਪ੍ਰਾਪਤ ਕਰਨ ਤੋਂ ਅਮਰ ਫ਼ਲ ਪ੍ਰਾਪਤ ਹੋਇਆ। ਉਹ ਆਪਣੀ ਘਰ ਵਾਲੀ ਨਾਲ ਫ਼ਲ ਛਕਣ ਦੀ ਇੱਛਾ ਰੱਖਦਾ ਸੀ, ਪਰ ਗੰਭੀਰ ਸੋਚ ਤੋਂ ਬਾਅਦ ਘਰ ਵਾਲੀ ਪਤੀ ਨੂੰ ਕਹਿੰਦੀ "ਹੇ ਪਤੀ ਦੇਵ, ਆਪਾਂ ਤਾਂ ਬਹੁਤ ਹੀ ਗ਼ੀਬ ਹਾਂ, ਅਮਰ ਫ਼ਲ ਖਾਣ ਨਾਲ ਅਮਰ ਹੋ ਕੇ ਸਦਾ ਹੀ ਗ਼ੀਬੀ ਵਿੱਚ ਰਹਾਂਗੇ, ਸਦਾ ਹੀ ਦੁੱਖ ਭੁੱਖ ਨੰਗ ਸਹਾਰਨਾ ਪਵੇਗਾ। ਇਵੇਂ ਕਰੀਏ ਇਹ ਫ਼ਲ ਧਰਮੀ ਰਾਜੇ, ਰਾਜਾ ਭਰਥਰੀ ਜੀ ਨੂੰ ਦੇ ਦੇਈਏ, ਉਹ ਇਸ ਨੂੰ ਖਾ ਕੇ ਸਦਾ ਲਈ ਸੱਚ ਧਰਮ ਦਾ ਰਾਜ ਕਰਨਗੇ। ਅਤੇ ਇਸ ਫਲ ਦੇ ਬਦਲੇ ਸਾਨੂੰ ਧਨ ਦੇਣਗੇ,

ਜਿਸ ਨਾਲ ਆਪਣੀ ਰਹਿੰਦੀ ਜਿੰਦਗੀ ਸੁਖ ਨਾਲ ਬਿਤੀਤ ਹੋਵੇਗੀ" ਤਾਂ ਬ੍ਰਾਹਮਣ, ਭਰਥਰੀ ਜੀ ਨੂੰ ਅਮਰ ਫ਼ਲ ਦੇਣ ਗਿਆ। ਭਰਥਰੀ ਜੀ ਨੇ ਪ੍ਰਸੰਨ ਹੋ ਕੇ ਅਮਰ ਫਲ ਲੈ ਕੇ ਉਸ ਨੂੰ ਲੱਖਾਂ ਮੋਹਰਾਂ ਦੇ ਦਿਤੀਆਂ।

ਭਰਥਰੀ ਜੀ ਦਾ ਪਿੰਗਲਾ ਨਾਲ ਬੇਹੱਦ ਪ੍ਰੇਮ ਹੋਣ ਕਾਰਨ, ਪਿੰਗਲਾ ਨੂੰ ਕਹਿੰਦਾ "ਇਹ ਅਮਰ ਫ਼ਲ ਅਸਾਂ ਦੋਵੇਂ ਖਾ ਕੇ ਸਦਾ ਲਈ ਇਕੱਠੇ ਰਹਿ ਕੇ ਰਾਜ ਕਰਾਂਗੇ" ਪਰ ਪਿੰਗਲਾ ਦਾ ਪ੍ਰੇਮ ਮਹਾਵਤ ਨਾਲ ਸੀ, ਇਸ ਲਈ ਅਮਰ ਫ਼ਲ ਭਰਥਰੀ ਜੀ ਦੇ ਨਾਲ ਨਾ ਖਾਧਾ, ਆਪਣੇ ਕੋਲੇ ਰੱਖ ਲਿਆ। ਬਾਅਦ ਵਿੱਚ ਜਦ ਮਹਾਵਤ ਨੂੰ ਮਿਲੀ ਤਾਂ ਅਮਰ ਫ਼ਲ ਉਸਨੂੰ ਦੇ ਦਿੱਤਾ, ਪਰ ਉਹਨੇ ਭੀ ਨਾ ਖਾਧਾ। ਮਹਾਵਤ ਦਾ ਪ੍ਰੇਮ ਅੱਗੇ ਵੇਸਵਾ ਨਾਲ ਸੀ, ਜਿਸ ਕਰਕੇ ਮਹਾਵਤ ਨੇ ਅਮਰ ਫ਼ਲ ਉਸ ਨੂੰ ਦੇ ਦਿੱਤਾ। ਵੇਸਵਾ ਨੇ ਸੋਚਿਆ "ਮੇਰੀ ਤਾਂ ਸਾਰੀ ਜ਼ਿੰਦਗੀ ਕੁਕਰਮ ਅਤੇ ਪਾਪਾਂ 'ਚ ਬਿਤੀਤ ਹੋ ਰਹੀ ਹੈ, ਅਮਰ ਹੋ ਕੇ ਮੈਂ ਕੀ ਲੈਣਾ। ਰਾਜਾ ਬਹੁਤ ਹੀ ਧਰਮੀ ਹੈ, ਉਸ ਨੂੰ ਦੇ ਦਿੰਦੀ ਹਾਂ"। ਇਸ ਪ੍ਰਕਾਰ ਵੇਸਵਾ ਨੇ ਰਾਜੇ ਨੂੰ ਅਮਰ ਫ਼ਲ ਦੇ ਦਿੱਤਾ। ਅਮਰ ਫ਼ਲ ਨੂੰ ਦੇਖ ਕੇ, ਭਰਥਰੀ ਜੀ ਅਤਿਅੰਤ ਹੀ ਹੈਰਾਨ ਹੋ ਗਿਆ "ਇਹ ਫ਼ਲ ਤੈਨੂੰ ਕਿਥੋਂ ਪ੍ਰਾਪਤ ਹੋਇਆ?" ਵੇਸਵਾ ਨੇ ਸੱਚ-ਸੱਚ ਦੱਸ ਦਿੱਤਾ ਕਿ ਇਹ ਮਹਾਵਤ ਨੇ ਮੈਨੂੰ ਦਿੱਤਾ। ਮਹਾਵਤ ਨੂੰ ਪੁੱਛਿਆ 'ਤੇ ਰਾਜੇ ਨੂੰ ਪਤਾ ਲੱਗ ਗਿਆ ਕਿ ਪਿੰਗਲਾ ਦਾ ਪਿਆਰ ਇਸ ਮਹਾਵਤ ਨਾਲ ਸੀ, ਜਿਸ ਕਰਕੇ ਉਸ ਨੂੰ ਫ਼ਲ ਦਿੱਤਾ।

ਇਹ ਸਾਰੀ ਵਾਰਤਾ ਸੁਣ ਕੇ ਭਰਥਰੀ ਜੀ ਨੂੰ ਅਤਿਅੰਤ ਹੀ ਵੈਰਾਗ ਹੋ ਗਿਆ। ਉਸੇ ਵਕਤ ਸ਼ਾਹੀ ਕੱਪੜੇ ਉਤਾਰ ਦਿੱਤੇ, ਨੰਗੇਜ਼ ਢਕਣ ਮਾਤ੍ਰ ਬਸਤ੍ਰ ਪਾ ਲਏ। ਆਪਣੇ ਮੰਤ੍ਰੀਆਂ ਨੂੰ ਹੁਕਮ ਕੀਤਾ "ਇਹ ਰਾਜ ਮੇਰੇ ਭਰਾ ਬਿਕ੍ਰਮਾਜੀਤ ਨੂੰ ਸੰਭਾਲਣ ਲਈ ਦੇ ਦੇਵੋ"। ਬਚਨ ਕਰਦਿਆਂ ਭਰਥਰੀ ਜੀ ਤੀਬਰ ਵੈਰਾਗ ਦੀ ਦਸ਼ਾ ਵਿੱਚ ਰਾਜ ਛੱਡ ਕੇ ਗੋਰਖਨਾਥ ਕੋਲ ਚਲੇ ਗਏ।

੬੬. **ਚੋਰ ਜਾਰ ਜੂਆਰ; ਪੀੜੇ ਘਾਣੀਐ॥** ਗੁਰਤਾਗੱਦੀ ਬਿਰਾਜਮਾਨ, ਮਿਹਰਵਾਨ ਭਗਵਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਚੋਰ, (ਜਾਰ) ਪਰ ਪੁਰਖ, ਇਸਤ੍ਰੀ ਨਾਲ ਯਾਰੀ, ਕੁਸੰਗ ਕਰਨ ਵਾਲੇ, (ਜੂਆਰ) ਜੂਆ ਖੇਡਣ ਵਾਲੇ ਨਰਕ 'ਚ ਤਿਲਾਂ ਵਾਂਗ (ਘਾਣੀਐ) ਕੋਹਲੂ 'ਚ ਪੀੜੇ ਜਾਂਦੇ ਹਨ ਭਾਵ ਨਰਕ 'ਚ ਸਖ਼ਤ ਤੋਂ ਸਖ਼ਤ ਸਜ਼ਾ ਮਿਲਦੀ ਹੈ ਜੀ।

**ਨਿੰਦਕ ਲਾਇਤਬਾਰ; ਮਿਲੇ ਹੜ੍ਹ ਵਾਣੀਐ॥** (ਨਿੰਦਕ) ਨਿੰਦਾ (ਲਾਇਤਬਾਰ) ਚੁਗਲੀ ਕਰਨ ਵਾਲੇ, ਅਉਗੁਣਾਂ ਵਿਕਾਰਾਂ ਦੇ ਹੜ੍ਹ ਦੇ (ਵਾਣੀਐ) ਪਾਣੀ 'ਚ (ਮਿਲੇ) ਰੁੜ੍ਹੇ ਹਨ ਜੀ।

**ਗੁਰਮੁਖਿ ਸਚਿ ਸਮਾਇ; ਸੁ ਦਰਗਹ ਜਾਣੀਐ॥੨੧॥** ਪਰ ਜਿਹੜੇ ਵਿਕਾਰਾਂ ਦੇ ਤਿਆਗੀ ਅਪਰਸ ਨਾਮ ਰਸੀਏ ਗੁਰਮੁਖਿ ਜਨ (ਸਚਿ) ਸੱਚੇ ਨਾਮ ਜੀ 'ਚ (ਸਮਾਇ) ਲੀਣ ਹੋ ਜਾਂਦੇ ਹਨ। (ਸੁ) ਉਹ ਵਾਹਿਗੁਰੂ ਜੀ ਦੀ ਸੱਚੀ (ਦਰਗਹ) ਸਤਸੰਗਤ, ਬਿਅੰਤ ਬ੍ਰਹਮੰਡ ਦੀ ਰਚਨਾ, ਸੱਚਖੰਡ 'ਚ (ਜਾਣੀਐ) ਜਾਣੇ ਜਾਂਦੇ ਹਨ॥੨੧॥

੬੭. **ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥** ਸਭਨਾ ਦੇ ਮਨ 'ਚ, ਮਾਣਿਕ ਵਾਂਗ ਅਮੋਲਕ (ਮਾਣਿਕ) ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਜੀ ਹਨ। ਫਿੱਕਾ ਬੋਲ ਕੇ, ਕਤਲ ਕਰਕੇ, ਹੱਕ ਦਬਾ ਕੇ, ਗ਼ੁਲਾਮ ਬਣਾ ਕੇ, ਤਸ਼ੱਦਦ ਕਰਕੇ, ਕਿਸੇ ਦੇ ਭੀ ਦਿਲ ਨੂੰ (ਠਾਹਣੁ) ਢਾਹੁਣਾ (ਮੂਲਿ) ਕਦਾਚਿਤ (ਮਚਾਂਗਵਾ) ਚੰਗਾ ਨਹੀਂ। ਪਰਮ ਪਿਆਰ ਨਾਲ ਫਿੱਕਾ ਬੋਲਣੋ ਮਨ੍ਹਾ ਕੀਤਾ ਹੈ।

ਸਿੱਕ- ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥੧੩੦॥ ਹੇ ਗੁਰਸੇਵਕ ਪਿਆਰੇ ਜੀ! ਜੇ ਕਰ (ਤਉ) ਆਪ ਜੀ ਨੂੰ (ਪਿਰੀਆ) ਪਿਆਰੇ ਪਤੀ ਪ੍ਰਮਾਤਮਾ ਵਾਹਿਗੁਰੂ ਜੀ ਦੇ ਮਿਲਣ ਦੀ, ਤਿੱਖੀ (ਸਿਕ) ਚਾਅ ਸ਼ੁਭ ਇੱਛਾ ਹੈ ਤਾਂ ਤੂੰ ਫਿੱਕੇ ਕੌੜੇ ਬਚਨ ਬੋਲ ਕੇ, ਨਿਰਦੋਸ਼ ਜੀਆਂ ਨੂੰ ਸਾੜ ਫੂਕ ਕੇ, ਨਿਰਦੋਸ਼ ਬੀਬੀਆਂ ਨੂੰ ਚੁੱਕ ਕੇ ਜ਼ੁਲਮ ਕਰਕੇ (ਕਹੀ) ਕਿਸੇ ਦਾ ਭੀ (ਹਿਆਉ) ਰਿਦਾ ਨ (ਠਾਹੇ) ਢਾਹੁਣਾ ਦੁਖਾਉਣਾ ਕਰ। ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥ ਤੁਕ ਪੜ੍ਹ ਕੇ, ਜੇ ਸਾਕਤ ਚਾਲ ਚੱਲਣ ਡੇਗਣ ਲਈ ਮੰਦ ਕਰਮ ਕਰਨ ਨੂੰ ਕਹੇ, ਕਿ ਮੇਰਾ ਦਿਲ ਨਾ ਢਾਹ, ਉਸ ਦੇ ਆਖੇ ਨਹੀਂ ਲੱਗਣਾ। ਸਾਕਤ ਤੋਂ ਦੂਰ ਹੀ ਰਹਿਣਾ ਹੈ॥੧੩੦॥ ਯਥਾ:- ਕਬੀਰ. ਸਾਕਤ ਸੰਗੁ. ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥

**ਮਨ ਨੂੰ ਕਾਬੂ ਕਰਨ ਲਈ ਇਹ ਜਾਪ ਜਪਣਾ ਹੈ:-** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਉੱਬਲਦੀ ਦੇਗ ਅੰਦਰ ਬਿਠਾ ਰਹੇ ਹਨ ਜੀ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ ਸਾਹਿਬ ’ਤੇ ਪਾ ਰਹੇ ਹਨ ਜੀ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ ਜੀ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ਵਿੱਚ ਪੰਜ ਦਿਨ ਭੁੱਖ ਉਨੀਂਦ੍ਰਾ ਤ੍ਰੇਹ ਸਹਾਰਦਿਆਂ, ਤੇਰਾ ਕੀਆ, ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ ਜੀ।

ਜੇ ਕੋਈ ਵਿਕਾਰਾਂ ਵਿੱਚ ਹਲਕਿਆ ਪੁਰਖ ਜਾਂ ਇਸਤ੍ਰੀ ਆਪ ਜੀ ਨੂੰ ਕਹੇ ‘ਮੇਰੇ ਨਾਲ ਕੁਸੰਗ ਕਰ ਨਹੀਂ ਤਾਂ ਮੈਂ ਜ਼ਹਿਰ ਲੈ ਕੇ ਮਰ ਜਾਵਾਂਗਾ’ ਤਾਂ ਉਸ ਨੂੰ ਗੁਰਸਬਦ ਗਾ ਕੇ ਸੁਣਾਉ। ਉਸ ਤੋਂ ਦੂਰ ਹੀ ਰਹੋ ਜੀ ਪਿਆਰੇ। ਗੁਰੂ ਸਾਹਿਬ ਜੀ ਦੀ ਪਵਿੱਤ੍ਰ ਗੁਰ ਮਰਯਾਦਾ ਨੂੰ ਯਾਦ ਕਰਨਾ, ਕਿ ਇਹ ਬਜਰ ਕੁਰਹਿਤ ਹੈ। ਨਿਰੰਕਾਰ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾ ਰਹੇ ਹਨ, ਕਿ ਹੱਥ ਤਾਂ ਕੀ ਲਾਉਣਾ? ਕਿਸੇ ਰੂਪ ਵੱਲ ਵਿਕਾਰ ਦ੍ਰਿਸ਼ਟੀ ਨਾਲ ਦੇਖਣਾ ਭੀ ਨਹੀਂ। ਯਥਾ:- ਅਖੀ ਸੂਤਕੁ ਵੇਖਣਾ; ਪਰ ਤ੍ਰਿਅ. ਪਰ ਧਨ ਰੂਪੁ॥ ਜੇ ਧਨ ਸੋਨਾ ਦੇਣ ਦਾ ਲਾਲਚ ਦੇਵੇ, ਤਾਂ ਭੀ ਦੂਰ ਹੀ ਰਹਿਣਾ ਜੀ। ਜੇ ਬਚ ਜਾਵੇਂ, ਤਾਂ ਇਹ ਨਹੀਂ ਕਹਿਣਾ, ਕਿ ਮੈਂ ਬਚ ਗਿਆ। ਪੂਰਨ ਸੱਚੇ ਸਤਿਗੁਰੂ ਸਾਹਿਬ ਜੀ ਨੇ ਪੂਰਨ ਕ੍ਰਿਪਾ ਕਰਕੇ ਬਚਾਇਆ ਹੈ ਕਹਿਣਾ। ਯਥਾ:- ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥ ਗੁਰਪ੍ਰਸਾਦਿ, ਵੱਡੇ ਨਹੀਂ ਬਨਣਾ ਜੀ।

ਗੁਰਸਿੱਖ ਪਹਿਲਾਂ ਗੁਰਸਬਦ ਤਿਆਰ ਕਰਕੇ ਰੱਖਣ ਜਦੋਂ ਕੋਈ ਪੁਰਖ ਜਾਂ ਇਸਤ੍ਰੀ ਕੁਸੰਗਤ ਕਰਨ ਨੂੰ ਕਹਿਣ ਤਾਂ ਉਸ ਨੂੰ ਗੁਰਸਬਦ ਗਾ ਕੇ ਸਣੌਣ। ਯਥਾ:- ੧ਓ ਸਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸਾਹੀ ੧੦॥ ਰੇ ਮਨ; ਐਸੋ ਕਰਿ ਸੰਨਿਆਸਾ॥ ਬਨ ਸੇ ਸਦਨ, ਸਬੈ ਕਰਿ ਸਮਝਹੁ; ਮਨ ਹੀ ਮਾਹਿ ਉਦਾਸਾ॥੧॥ ਰਹਾਉ॥ ਜਤ ਕੀ ਜਟਾ, ਜੋਗ ਕੋ ਮੱਜਨੁ; ਨੇਮ ਕੇ ਨਖਨ ਬਢਾਓ॥ ਗਿਆਨ ਗੁਰੂ, ਆਤਮ ਉਪਦੇਸਹੁ; ਨਾਮ ਬਿਭੂਤ ਲਗਾਓ॥੧॥ ਅਲਪ ਅਹਾਰ, ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ॥ ਸੀਲ ਸੰਤੋਖ ਸਦਾ ਨਿਰਬਾਹਿਬੋ; ਹ੍ਵੈਬੋ ਤ੍ਰਿਗੁਣ ਅਤੀਤਿ॥੨॥ ਕਾਮ ਕ੍ਰੋਧ ਹੰਕਾਰ ਲੋਭ ਹਠ; ਮੋਹ ਨ ਮਨ ਸਿਉ ਲਯਾਵੈ॥ ਤਬ ਹੀ ਆਤਮ ਤਤ ਕੋ ਦਰਸੇ; ਪਰਮ ਪੁਰਖ ਕਹ ਪਾਵੈ॥੩॥੧॥ ਜਿਹੜੇ ਗੁਰਮੁਖਿ

ਪਿਛਲੇ ਸਮੇਂ ਤਰੇ ਸਨ, ਹੁਣ ਤਰ ਰਹੇ ਹਨ, ਉਨ੍ਹਾਂ ਨੂੰ ਨਮਸਕਾਰਾਂ ਹੀ ਨਮਸਕਾਰਾਂ ਕਰੋ, ਯਾਦ ਕਰੋ ਜੀ। ਸਤਿਗੁਰੂ ਸਾਹਿਬ ਜੀ ਰਿਦੇ ਚੋਂ ਮੂੰਹ 'ਚ ਅੰਮ੍ਰਿਤ, ਦਿਮਾਗ਼ 'ਚ ਗੁਰਬਾਣੀ ਭੇਜਦੇ ਹਨ ਜੀ। ਯਥਾ:- ਸੈਨੁ ਨਾਈ ਬੁਤਕਾਰੀਆ; ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ; ਭਗਤਾ ਮਹਿ ਗਨਿਆ॥੩॥) ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ॥) ਖਿਨ ਮਹਿ; ਨੀਚ ਕੀਟ ਕਉ ਰਾਜ॥ ਪਾਰਬ੍ਰਹਮ; ਗਰੀਬ ਨਿਵਾਜ॥

੬੮. ਜਿਸ ਨੋ ਤੂ ਰਖਵਾਲਾ; ਜਿਤਾ ਤਿਨੈ ਭੈਣੁ॥ ਹੇ (ਰਖਵਾਲਾ) ਰੱਖਣ ਵਾਲੇ ਗ੍ਰੀਬ ਨਿਵਾਜ ਵਾਹਿਗੁਰੂ ਜੀ! ਜਿਸ (ਨੋ) ਨੂੰ (ਤੂ) ਆਪ ਜੀ ਵਿਕਾਰਾਂ, ਕਲਿਜੁੱਗ ਦੀ ਹਵਾ ਤੋਂ ਰੱਖਦੇ ਹੋਂ ਜੀ, (ਤਿਨੈ) ਤਿਨ੍ਹਾਂ ਗੁਰਮੁਖਾਂ ਨੇ ਪਰਾਈਆਂ ਇਸਤ੍ਰੀਆਂ ਨੂੰ ਭੈਣੁ ਕਹਿ ਕੇ ਮਨੁੱਖਾ ਜਨਮ (ਜਿਤਾ) ਜਿੱਤ ਲਿਆ ਜੀ। ਹੇ ਗੁਰਮੁਖਿ ਭੈਣ ਜੀ! ਉਨ੍ਹਾਂ ਨੇ ਖ਼ੁਦਾਵੰਦ ਕਰੀਮ ਕੰਤ ਭਗਵੰਤ ਵਾਹਿਗੁਰੂ ਜੀ ਜਿੱਤ ਲਏ। ਉਹ ਅਪਨੇ ਆਪ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਬੱਚਾ ਬੱਚੀ ਜਾਣਦੇ ਹਨ। ਜੇ ਕੋਈ ਮੰਦੇ ਇਖਲਾਕ ਵਾਲੇ ਇਸਤ੍ਰੀ ਪੁਰਸ਼, ਆਪ ਜੀ ਨੂੰ ਖਾਣ ਲਈ ਪਦਾਰਥ ਦੇਣ, ਜਾਂ gift ਦੇਣ, ਤਾਂ ਪਦਾਰਥ ਛਕਣਾ ਨਹੀਂ, gift ਨਹੀਂ ਲੈਣੀ ਜੀ। ਹਰ ਗੱਲ ਨਾਲ ਗੁਰਪ੍ਰਸਾਦਿ ਕਹਿਣਾ ਜੀ। ਹਰ ਸਮੇਂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਦਾ ਜਾਪ ਕਰਨਾ ਜੀ।

ਵਿਸਮਾਦ ਸਿੱਖਿਆ:- ਗੁਰਪ੍ਰਸਾਦਿ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਨਮਸਕਾਰ ਕਰੋ ਦਿਨ ਰੈਣ। ਬੱਚਾ ਬੀਬੀ ਨੂੰ ਦੇਖੇ ਕਹੇ ਆ ਗਈ ਭੈਣ, ਜਿੰਦਗੀ ਸੁਖੈਣ। ਗੁਰਸੇਵਕ ਰਾਤ ਦਿਨੇ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਭਜਦੇ (ਯਾਦ ਕਰਦੇ ਹਨ) ਜੀ, ਗੁਰਮੁਖਿ ਅੰਮ੍ਰਿਤ ਪੀ ਕੇ ਰੱਜਦੇ ਜੀ, ਮਨਮੁਖ ਵਿਕਾਰਾਂ ਦੇ ਮਗਰ ਭੱਜਦੇ ਜੀ। ਵਿਕਾਰ ਵਾਸਤੇ ਜੀਅ ਜੰਤ ਰਹੇ ਲੜ ਜੀ, ਵਿਕਾਰ ਦੇਵੋ ਛੱਡ ਜੀ, ਸਤਿਗੁਰੂ ਜੀ ਦਾ ਲੜ ਲਵੋ ਫ਼ੜ ਜੀ, ਸ਼ੁੱਧ ਗੁਰਬਾਣੀ ਲਵੋ ਪੜ੍ਹ ਜੀ, ਮਨ ਜਾਊ ਖੜ੍ਹ ਜੀ, ਨਾਮ ਰੰਗ ਜਾਊ ਚੜ੍ਹ ਜੀ। ਗੁਰਮੁਖਿ ਬਾਬਾ ਦੀਪ ਸਿੰਘ ਸਾਹਿਬ ਜੀ ਧਰਮ ਯੁੱਧ ਰਹੇ ਲੜ ਜੀ। ਬੈਡ ਬੋਲ ਕੇ ਕਿਸੇ ਨੂੰ ਮਾਰਨੀ ਨਹੀਂ ਸੱਟ ਜੀ, ਸੱਚਾ ਨਾਮ ਜਪ ਕੇ, ਲਾਹਾ ਲਵੋ ਖੱਟ ਜੀ। ਦੂਜੇ ਦੇ ਗੁਨਾਹ ਕਰਨੇ ਮੁਆਫ਼ ਜੀ, ਲੱਤ ਮਾਰ ਕੇ ਬਨਣਾ ਨਹੀਂ ਜ਼ਿਰਾਫ (giraffe) ਜੀ। ਕੌੜਾ ਬੋਲ ਕੇ ਬਨਣਾ ਨਹੀਂ ਸੱਪ ਜੀ, ਗੁਰੂ ਖ਼ਾਲਸਾ ਮਾਰਦਾ ਨਹੀਂ ਗੱਪ ਜੀ, ਮਿੱਟੀ ਖਾਣ ਨਾਲ ਢਿੱਡ 'ਚ ਪੈਂਦੇ ਮਲੱਪ ਜੀ। ਦਸ ਸਤਿਗੁਰੂ ਸਾਹਿਬਾਨ ਜੀ ਦਾ ਨਾਮ ਲਵੋ ਜਪ ਜੀ, ਪਾਪਾਂ ਨੂੰ ਲਵੋ ਨੱਪ ਜੀ, ਕੁਸੰਗਤ ਤੋਂ ਜਾਉ ਟੱਪ ਜੀ। ਦਸ ਸਤਿਗੁਰੂ ਸਾਹਿਬਾਨ ਜੀ ਨੂੰ ਫੜਾ ਦੇਵੋ ਬਾਂਹ ਜੀ, ਸੁਖ ਪਾਵੋਂਗੇ ਇੱਥੇ ਤੇ ਅਗਾਂਹ ਜੀ, ਦਸ ਸਤਿਗੁਰੂ ਸਾਹਿਬਾਨ ਜੀ ਸਿੱਖਾਂ ਦੀ ਕਰਦੇ ਰਾਖੀ ਜੀ, ਜਿਵੇਂ ਸੂਰਜ ਰੈਣ ਨੂੰ ਕਰਦਾ ਕਿਰਾਖੀ ਜੀ।

੬੯. ਵਾਹਿਗੁਰੂ॥ ਜੇ ਕਰਿ ਉਧਰੀ ਪੂਤਨਾ; ਵਿਹੁ ਪੀਆਲਣੁ ਕੰਮੁ ਨ ਚੰਗਾ। ਕੰਸ ਦੀ ਭੇਜੀ ਪੂਤਨਾ ਭਗਵਾਨ ਕ੍ਰਿਸ਼ਨ ਜੀ ਨੂੰ ਮਾਰਨ ਲਈ ਆਈ। ਜਸੋਧਾ ਮਾਤਾ ਜੀ ਨੂੰ ਕਿਹਾ ਕਿ ਜਿਹੜਾ ਬੱਚਾ ਮੇਰਾ ਦੁੱਧ ਚੁੰਘ ਲਵੇ, ਉਸ ਦੀ ਉਮਰ ਲੰਬੀ ਹੋ ਜਾਂਦੀ ਹੈ, ਉਸ ਨੂੰ ਕੋਈ ਰੋਗ ਨਹੀਂ ਲੱਗਦਾ। ਪਰ ਕਪਟ ਨਾਲ ਉਸ ਨੇ ਅਪਣੀ ਛਾਤੀ ਨੂੰ ਜ਼ਹਿਰ ਲਾਈ ਹੋਈ ਸੀ। ਯਥਾ:- ਆਈ ਪਾਪਣਿ ਪੂਤਨਾ; ਦੁਹੀ ਥਣੀ ਵਿਹੁ ਲਾਇ ਵਹੇਲੀ। ਮਾਤਾ ਜਸੋਧਾ ਨੇ ਭਗਵਾਨ ਕ੍ਰਿਸ਼ਨ ਜੀ ਉਸ ਦੀ ਕੁੱਛੜ 'ਚ ਦੇ ਦਿਤੇ, ਉਸ ਨੇ ਭਗਵਾਨ ਜੀ ਦੇ ਮੂੰਹ 'ਚ ਆਪਣਾ ਅਸਥਣ ਦੇਣਾ ਚਾਹਿਆ। ਭਗਵਾਨ ਜੀ ਅਸਥਨ ਮੂੰਹ 'ਚ ਨਹੀਂ ਲੈਂਦੇ ਸਨ, ਪਰ ਉਸ ਨੇ ਬਦੋ ਬਦੀ ਮੂੰਹ 'ਚ ਦੇ ਦਿੱਤਾ ਅਤੇ ਘਰ ਤੋਂ ਬਾਹਰ ਨਿਕਲ ਆਈ, ਤਿਹੁੰ ਲੋਆਂ ਦਾ ਭਾਰੁ ਦੇ ਚੰਬੜਿਆ ਗਲਿ ਹੋਇ ਦੁਹੇਲੀ॥ ਭਗਵਾਨ ਜੀ ਨੇ ਉਸ ਦੇ ਗਲ਼ ਨਾਲ ਚੁੰਬੜ ਕੇ ਤਿੰਨਾਂ ਲੋਕਾਂ ਦਾ ਭਾਰ

ਪਾ ਦਿੱਤਾ। ਪਰ ਜਦੋਂ ਉਸ ਨੇ ਕਿਹਾ "ਹੇ ਹਰੀ ਛੱਡ ਦਿਉ!" ਤਾਂ ਮੁਕਤ ਕਰ ਦਿਤੀ। ਯਥਾ:- ਪਾਪ ਕਰਿਓ ਬਹੁ ਪੂਤਨਾ; ਜਾ ਸੋ. ਨਰਕ ਡਰਾਇ॥ ਅੰਤਿ ਕਹਯੋ. ਹਰਿ ਛਾਡਿ ਦੈ; ਬਸੀ ਬਿਕੁੰਠਹਿ ਜਾਇ॥ (ਸ੍ਰੀ ਦਸਮ ੬੬੨) ਹਰਿ ਹਰਿ ਕਰਤ; ਪੂਤਨਾ ਤਰੀ॥ ) ਕੀਤੀ ਮਾਊ ਤੁਲਿ ਸਹੇਲੀ॥੨੨॥ (ਵਾਰ ਦਸਵੀਂ)

ਜੇ ਕਰਿ ਉਧਰੀ ਪੂਤਨਾ; ਵਿਹੁ ਪੀਆਲਣੁ ਕੰਮੁ ਨ ਚੰਗਾ। ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਅਮੋਲਕ ਬਚਨ ਫ਼ੁਰਮਾਉਂਦੇ ਹਨ:- ਜੇ ਕਰਿ ਪੂਤਨਾ (ਉਧਰੀ) ਮੁਕਤ ਹੋ ਗਈ, ਤਾਂ ਭੀ ਕਿਸੇ ਨੂੰ (ਵਿਹੁ) ਜ਼ਹਿਰ (ਪੀਆਲਣੁ) ਪਿਲਾਉਣਾ ਚੰਗਾ ਕੰਮੁ (ਨ) ਨਹੀਂ ਹੈ ਜੀ। ਕਿਸੇ ਬੰਦੇ ਨੂੰ ਮਾਰਨਾ ਬਹੁਤ ਵੱਡਾ ਪਾਪ ਹੈ, ਮਾਰਨ ਵਾਲੇ ਦੇ ਸਾਰੇ ਪੁੰਨ ਨਾਸ ਹੋ ਜਾਂਦੇ ਹਨ, ਜ਼ਿੰਦਗੀ ਫੇਲ ਹੋ ਜਾਂਦੀ ਹੈ ਜੀ। ਯਥਾ:- ਬਿਪਰੀਤ ਬੁਧੵੰ, ਮਾਰਤ ਲੋਕਹ; ਨਾਨਕ. ਚਿਰੰਕਾਲ ਦੁਖ ਭੋਗਤੇ॥੨੪॥

ਗਨਿਕਾ ਉਧਰੀ ਆਖੀਐ; ਪਰ ਘਰਿ ਜਾਇ ਨ ਲਈਐ ਪੰਗਾ।) ਗਨਿਕਾ ਉਧਰੀ ਹਰਿ ਕਹੈ ਤੋਤ॥ ਜੇਕਰ ਵੇਸਵਾ ਗਨਿਕਾ ਨੂੰ (ਉਧਰੀ) ਮੁਕਤ ਹੋਈ (ਆਖੀਐ) ਕਹੀਏ, ਤਾਂ ਭੀ (ਪਰ) ਪਰਾਏ ਘਰਿ ਜਾ ਕੇ ਪੰਗਾ (ਨ) ਨਹੀਂ (ਲਈਐ) ਲਈਏ ਭਾਵ ਵੇਸਵਾ ਵਾਲਾ ਕੁਕਰਮ ਕਰਨਾ ਕਦੇ ਭੀ ਚੰਗਾ ਨਹੀਂ, ਇਸ ਭੈੜੇ ਕੁਕਰਮ ਤੋਂ ਦੂਰ ਰਹਿਣਾ ਚਾਹੀਦਾ ਹੈ ਜੀ। ਮਾੜਾ ਚਾਲ ਚਲਣ ਬਹੁਤ ਵੱਡਾ ਪਾਪ ਹੈ, ਮਾੜੇ ਚਾਲ ਚਲਣ ਨਾਲ ਜ਼ਿੰਦਗੀ ਫੇਲ ਹੋ ਜਾਂਦੀ ਹੈ। ਪਾਪੀ ਬੰਦਾ ਮੁਕਤ ਤਦੋਂ ਹੁੰਦਾ ਜਦੋਂ ਪਾਪਾਂ ਤੋਂ ਭਾਗੇ, ਹਉਮੈ ਤਿਆਗੇ, ਸੱਚੇ ਗੁਰ ਚਰਨੀਂ ਲਾਗੇ, ਗੁਰ ਸੇਵਾ ਜਾਗੇ। ਤਾਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਬਖ਼ਸ਼ ਲੈਂਦੇ ਹਨ ਜੀ। ਯਥਾ:- ਗਨਿਕਾ ਪਾਪਣਿ ਹੋਇ ਕੈ; ਪਾਪਾਂ ਦਾ ਗਲਿ ਹਾਰੁ ਪਰੋਤਾ। ਮਹਾਂ ਪੁਰਖੁ ਆਚਾਣਚਕ ਗਨਿਕ ਵਾੜੇ ਆਇ ਖਲੋਤਾ। ਦੁਰਮਤਿ ਦੇਖਿ ਦਇਆਲ ਹੋਏ ਹਥਹੁਂ ਉਸ ਨੋ ਦਿਤੋਨੁ ਤੋਤਾ। ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ। ਲਿਵ ਲਾਗੀ ਤਿਸੁ ਤੋਤਿਅਹੁਂ ਨਿਤ ਪੜ੍ਹਾਏ ਕਰੈ ਕਰੈ ਅਸੋਤਾ। ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ। ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੋਸੁ ਗੋਤਾ। ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਾਰਾਇਣੁ ਛੋਤਿ ਅਛੋਤਾ। (ਵਾਰ ਦਸਵੀਂ) (ਇਸ ਵਾਰ ਦੇ ਅਰਥ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ ਚੋਂ ਪ੍ਰੇਮ ਨਾਲ ਪੜ੍ਹੋ ਜੀ)

ਬਾਲਮੀਕੁ ਨਿਸਤਾਰਿਆ; ਮਾਰੈ ਵਾਟ ਨ ਹੋਇ ਨਿਸੰਗਾ।) ਵਾਟੈ ਮਾਣਸ ਮਾਰਦਾ; ਬੈਠਾ ਬਾਲਮੀਕ ਬਟਵਾੜਾ। ਅਨੁਸਾਰ ਬਾਲਮੀਕ ਡਾਕੇ ਮਾਰਦਾ ਸੀ। ਜਦੋਂ ਬਾਲਮੀਕ ਜੀ ਨੂੰ ਰਿਖੀਆਂ ਦੀ ਜਮਾਤ ਮਿਲੀ, ਤਾਂ ਬਾਲਮੀਕ ਜੀ ਨੇ ਕਹਿਆ "ਬਸਤਰ ਉਤਾਰ ਦੇਵੋ," ਰਿਖੀਆਂ ਨੇ ਕਿਹਾ, "ਬਸਤਰ ਤੂੰ ਕੀ ਕਰਨੇ ਹਨ?" ਕਹਿੰਦਾ "ਇਨ੍ਹਾਂ ਨੂੰ ਉਧੇੜ ਕੇ ਮੇਰੀ ਮਾਤਾ ਤੇ ਘਰਵਾਲੀ ਪਾ ਲੈਣਗੀਆਂ।" ਤਾਂ ਰਿਖੀਆਂ ਨੇ ਕਿਹਾ "ਘਰ ਜਾ ਕੇ ਪੁੱਛ, ਤੇਰੇ ਪਾਪਾਂ ਦਾ ਭਾਗੀ ਕੋਈ ਹੋਵੇਗਾ?" ਘਰੇ ਆ ਕੇ ਅਪਣੀ ਮਾਤਾ ਅਤੇ ਘਰਵਾਲੀ ਨੂੰ ਪੁੱਛਿਆ, ਤਾਂ ਉਨ੍ਹਾਂ ਨੇ ਨਾ ਕਰ ਦਿਤੀ। ਵਾਪਿਸ ਰਿਖੀਆਂ ਕੋਲ ਆ ਕੇ ਦੱਸਿਆ ਕਿ ਸਭ ਨੇ ਜਵਾਬ ਦੇ ਦਿਤਾ। ਵੇਦਾਂ ਦੇ ਸਿਧਾਂਤ ਅਨੁਸਾਰ ਨੀਚ ਜਾਤ ਨੂੰ ਰਾਮ ਦਾ ਉਪਦੇਸ ਨਹੀਂ ਦੇ ਸਕਦੇ ਸੀ। ਤਾਂ ਰਿਖੀਆਂ ਨੇ "ਮਰਾ ਮਰਾ" ਦਾ ਉਪਦੇਸ ਦਿਤਾ। ਬਾਲਮੀਕ ਡਾਕੇ ਮਾਰਨੋਂ ਹਟ ਗਿਆ ਅਤੇ ਬਾਰਾਂ ਸਾਲ "ਮਰਾ ਮਰਾ" ਜਪਣ ਤੋਂ "ਰਾਮ ਰਾਮ" ਬਣ ਗਿਆ, ਜਿਸ ਕਰਕੇ ਮੁਕਤ ਹੋ ਗਿਆ ਜੀ।

ਬਾਲਮੀਕੁ ਨਿਸਤਾਰਿਆ; ਮਾਰੈ ਵਾਟ ਨ ਹੋਇ ਨਿਸੰਗਾ। ਜੇਕਰ ਬਾਲਮੀਕੁ ਨੂੰ ਸਾਧੂਆਂ ਨੇ ਜੁਗਤੀ ਨਾਲ ਰਾਮ ਰਾਮ ਕਹਾ ਕੇ (ਨਿਸਤਾਰਿਆ) ਤਾਰਿਆ, ਤਾਂ ਭੀ (ਵਾਟ) ਰਸਤੇ 'ਚ ਖੜ੍ਹ ਕੇ ਲੋਕਾਂ ਨੂੰ (ਨਿਸੰਗ) ਨਿਰਭੈ (ਹੋਇ) ਹੋ ਕੇ (ਨ) ਨਹੀਂ ਲੁੱਟਣਾ (ਮਾਰੈ) ਮਾਰਨਾ ਚਾਹੀਦਾ ਜੀ। ਇਹ ਕੰਮ ਬਹੁਤ ਹੀ ਮਾੜਾ ਹੈ। ਰੱਬ ਜੀ ਤੋਂ ਹਰ ਵੇਲੇ ਡਰਨਾ

ਚਾਹੀਦਾ ਹੈ ਜੀ। ਯਥਾ:- ਜਿਨਾ ਭਉ. ਤਿਨ੍ ਨਾਹਿ ਭਉ; ਮੁਚੁ ਭਉ. ਨਿਭਵਿਆਹ॥ ਜਿਹੜੇ ਪ੍ਰਮਾਤਮਾ ਜੀ ਦਾ (ਭਉ) ਡਰ ਧਾਰਦੇ ਹਨ, ਤਿਨ੍ਹਾਂ ਨੂੰ ਜਮਾਂ ਜੂਨਾਂ ਦਾ ਡਰ ਨਹੀਂ, ਜਿਹੜੇ (ਨਿਭਵਿਆਹ) ਮਹਾਰਾਜ ਜੀ ਦਾ ਭੈ ਨਹੀਂ ਮੰਨਦੇ, ਉਨ੍ਹਾਂ ਨੂੰ ਲੋਕ ਪ੍ਰਲੋਕ ਦਾ ਬਹੁਤ ਡਰ ਹੁੰਦਾ ਹੈ। ਨਾਨਕ. ਏਹੁ ਪਟੰਤਰਾ; ਤਿਤੁ ਦੀਬਾਣਿ ਗਇਆਹ॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ ਦੇ ਦਰਬਾਰ ’ਚ ਗਏ ਤੋਂ ਚਿੱਤ੍ਰ ਗੁਪਤ ਦਾ (ਪਟੰਤਰਾ) ਲਿਖਿਆ ਲੇਖੇ ਦਾ ਹਿਸਾਬ ਦੇਣਾ ਪੈਂਦਾ ਜੀ। ਜਿਹੜੇ ਗੁਰਮੁਖਿ ਮਹਾਰਾਜ ਸਾਹਿਬ ਜੀ ਦਾ ਭੈ ਧਾਰਦੇ ਹਨ, ਉਹ ਲੋਕ ਪ੍ਰਲੋਕ ’ਚ ਸੁਖੀ ਹੋਣਗੇ ਤੇ ਜਿਹੜੇ ਮਨਮੁਖ ਭੈ ਨਹੀਂ ਮੰਨਦੇ ਉਹ ਦੁਖੀ ਹੋ ਕੇ ਨਰਕ ਚੌਰਾਸੀ ਲੱਖ ਜੂਨ ਭੋਗਣਗੇ।

ਫੰਧਿਕ ਉਧਰੈ ਆਖੀਅਨਿ; ਫਾਹੀ ਪਾਇ ਨ ਫੜੀਐ ਟੰਗਾ॥ ਭਗਵਾਨ ਕ੍ਰਿਸ਼ਨ ਜੀ ਨੇ ਜਦੋਂ ਸੱਚਖੰਡ ਜਾਣਾ ਸੀ ਤਾਂ ਪ੍ਰਭਾਸ ਤੀਰਥ ’ਤੇ ਜਾ ਕੇ ਗੋਡੇ ’ਤੇ ਚਰਨ ਪਸਾਰ ਕੇ ਪੈ ਗਏ, ਭਗਵਾਨ ਜੀ ਦੇ ਚਰਨਾਂ ’ਚ ਪਦਮ, ਤਾਰੇ ਵਾਂਗ ਚਮਕਦਾ ਸੀ, (ਬਧਿਕ) ਸ਼ਿਕਾਰੀ ਨੇ ਹਰਨ ਦੀ ਅੱਖ ਸਮਝ ਕੇ ਤੀਰ ਮਾਰਿਆ। ਜਦੋਂ ਨੇੜੇ ਆ ਕੇ ਦੇਖਿਆ ਤਾਂ ਭਗਵਾਨ ਜੀ ਦੇ ਚਰਨ ’ਚੋਂ ਖ਼ੂਨ ਨਿਕਲ ਰਿਹਾ ਸੀ। ਦੇਖ ਕੇ ਰੋਣ ਲੱਗ ਪਿਆ ਅਤੇ ਬਹੁਤ ਪਛਤਾਵਾ ਕੀਤਾ। ਭਗਵਾਨ ਜੀ ਨੇ ਉਸ ਨੂੰ ਜੱਫੀ ’ਚ ਲੈ ਕੇ ਪਿਆਰ ਦਿੰਦਿਆਂ, ਮਾਫ਼ ਕਰਕੇ ਮੁਕਤ ਕਰ ਦਿਤਾ। ਭਗਵਾਨ ਜੀ ਨੇ ਉਸ ਨੂੰ ਦੱਸਿਆ ਕਿ ਤ੍ਰੇਤੇ ਜੁੱਗ ’ਚ ਆਪ ਜੀ ਬਾਲੀ ਰੂਪ ’ਚ ਸਨ, ਦਾਸ ਨੇ ਭਗਵਾਨ ਰਾਮਚੰਦ੍ਰ ਰੂਪ ’ਚ ਓਹਲੇ ਹੋ ਕੇ ਤੀਰ ਮਾਰ ਕੇ ਆਪ ਜੀ ਨੂੰ ਮਾਰਿਆ ਸੀ। ਤਾਂ ਤੇਰਾ ਸੰਕਲਪ ਰਹਿ ਗਿਆ ਸੀ ਕਿ ਜੇ ਸਾਹਮਣੇ ਹੋ ਕੇ ਮਾਰਦਾ ਤਾ ਬਦਲਾ ਲੈਂਦਾ। ਦਾਸ ਓਹੀ ਭਗਵਾਨ ਰਾਮ ਚੰਦਰ ਜੀ, ਹੁਣ ਸ੍ਰੀ ਕ੍ਰਿਸ਼ਨ ਭਗਵਾਨ ਰੂਪ ’ਚ ਹੈ ਅਤੇ ਆਪ ਜੀ ਓਹੀ ਬਾਲੀ ਸ਼ਿਕਾਰੀ ਰੂਪ ’ਚ ਆਏ ਹੋਂ, ਇਹ ਤੇਰਾ ਸੰਕਲਪ ਪੂਰਾ ਹੋ ਗਿਆ। ਯਥਾ:- ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ। ਚਰਣ ਕਮਲ ਵਿਚਿ ਪਦਮ ਹੈ ਝਿਲਮਿਲ ਝਲਕੈ ਵਾਂਗੀ ਤਾਰੇ। ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ। ਦਰਸਨ ਡਿਠੋਸ ਜਾਇ ਕੈ ਕਰਣ ਪਲਾਵ ਕਰੇ ਪੂਕਾਰੇ। ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤੇ ਹਰਿ ਨ ਚਿਤਾਰੇ। ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ। ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ। ਪਾਪ ਕਰੇਂਦੇ ਪਤਿਤ ਉਧਾਰੇ ॥੨੩॥੧੦॥

ਫੰਧਿਕ ਉਧਰੈ ਆਖੀਅਨਿ; ਫਾਹੀ ਪਾਇ ਨ ਫੜੀਐ ਟੰਗਾ। (ਫੰਧਿਕ) ਸ਼ਿਕਾਰੀ ਜੇਕਰ (ਉਧਰੈ) ਮੁਕਤ ਹੋ ਗਿਆ (ਆਖੀਅਨਿ) ਕਹਿੰਦੇ ਹਨ। ਫਾਹੀ ਪਾਇ ਕੇ ਜੀਆਂ ਦੀਆਂ ਟੰਗਾ ਨ ਫੜੀਐ ਜੀ। ਭਾਵ ਜੀਵ ਮਾਰ ਕੇ ਖਾਣੇ ਚੰਗਾ ਕੰਮ ਨਹੀਂ। ਜਿਸ ਜੀਵ ਨੂੰ ਕੋਈ ਮਾਰ ਕੇ ਖਾਂਦਾ ਹੈ, ਅਗਲੇ ਜਨਮ ’ਚ ਉਹ ਜੀਵ ਉਸ ਨੂੰ ਮਾਰ ਕੇ ਖਾਂਦਾ ਹੈ ਜੀ। ਯਥਾ:- [੧]ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥ [੧]ਸ਼ਿਕਾਰ

ਜੇ ਕਾਸਾਈ ਉਧਰਿਆ; ਜੀਆ ਘਾਇ. ਨ ਖਾਈਐ ਭੰਗਾ। ਜੇ ਕਾਸਾਈ (ਉਧਰਿਆ) ਮੁਕਤ ਹੋ ਗਿਆ ਤਾਂ ਜੀਆਂ ਨੂੰ (ਘਾਇ) ਮਾਰ ਕੇ (ਭੰਗਾ) ਮਾਸ (ਨ) ਨਾ (ਖਾਈਐ) ਖਾਈਏ।

ਪਾਰਿ ਉਤਾਰੈ ਬੋਹਿਥਾ ਸੁਇਨਾ ਲੋਹੁ ਨਾਹੀ ਇਕ ਰੰਗਾ। ਭਾਵੇਂ ਲੱਕੜ ਦਾ ਬਣਾਇਆ (ਬੋਹਿਥਾ) ਜਹਾਜ਼ ਦੋਵੇਂ ਸੋਨੇ ਅਤੇ ਲੋਹੇ ਨੂੰ ਪਾਰਿ (ਉਤਾਰੈ) ਉਤਾਰ ਦਿੰਦਾ ਹੈ। ਪਰ ਫਿਰ ਭੀ (ਸੁਇਨਾ) ਸੋਨਾ (ਲੋਹੁ) ਲੋਹਾ ਇਕ (ਰੰਗਾ) ਰੰਗ (ਨਾਹੀ) ਨਹੀਂ ਹਨ। ਯਥਾ:- ਜਿਉ ਕਾਸਟ ਸੰਗਿ. ਲੋਹਾ ਬਹੁ ਤਰਤਾ; ਤਿਉ ਪਾਪੀ. ਸੰਗਿ ਤਰੇ ਸਾਧ ਸਾਧਸੰਗਤੀ; ਗੁਰ ਸਤਿਗੁਰੂ, ਗੁਰ ਸਾਧੋ॥

ਇਤੁ ਭਰਵਾਸੈ ਰਹਣੁ ਕੁਢੰਗਾ॥੯॥ (ਇਤੁ) ਇਸ (ਭਰਵਾਸੈ) ਭਰੋਸੇ ਨਾਲ (ਰਹਣੁ) ਰਹਿਣਾ (ਕੁਢੰਗਾ) ਖੋਟਾ ਢੰਗ ਹੈ॥੯॥ (ਵਾਰ ੧੦)

**ਸ਼ੁਭ ਸਿੱਖਿਆ:-** ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦਾ ਪਤਿਤ ਪਾਵਨ ਬਿਰਦ ਇਸ ਲਈ ਨਹੀਂ ਕਿ ਜੀਵ ਪਾਪਾਂ 'ਚ ਖੱਚਤ ਹੋ ਕੇ ਰਹਿਣ ਅਤੇ ਧਰਮ ਕਰਮ ਨਾ ਕਰਨ। ਪਤਿਤ ਪਾਵਨ ਬਿਰਦ ਦਾ ਭਾਵ ਇਹ ਹੈ, ਕਿ ਜਦੋਂ ਕੋਈ ਅਪਣੇ ਪਿਛਲੇ ਪਾਪ ਗਲਤੀਆਂ ਸਮਝ ਕੇ, ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਰਉਪਕਾਰੀ ਸੱਚੇ ਨਿਰਮਲ ਚਰਨਕਮਲਾਂ 'ਚ ਖ਼ਿਮਾ ਦੀ ਅਰਦਾਸ ਕਰਦਾ, ਨਮਸਕਾਰਾਂ ਪ੍ਰਕਰਮਾਂ ਡੰਡਾਉਤਾਂ ਕਰਦਾ, ਕੰਨ ਫੜਦਾ, ਸੱਚੇ ਕੰਤ ਭਗਵੰਤ ਜੀ ਨੂੰ ਪਤੀ ਪ੍ਰਮਾਤਮਾ ਮੰਨਦਾ, ਕੀਤੀਆਂ ਗ਼ਲਤੀਆਂ ਦੀ ਮੁਆਫ਼ੀ ਮੰਗਦਾ, ਕਿ "ਹੇ ਸੱਚੇ ਪਾਤਿਸ਼ਾਹ ਜੀ, ਦਾਸਨਦਾਸ ਸਦਾ ਭੁੱਲਣਹਾਰ ਨੂੰ ਬਖ਼ਸ਼ ਲਵੋ, ਸੱਚਾ ਨਾਮ ਬਖ਼ਸ਼ੋ ਜੀ," ਤਾਂ ਅਕਾਲਪੁਰਖੁ ਵਾਹਿਗੁਰੂ ਜੀ ਅਪਣਾ ਪਤਿਤ ਪਾਵਨ ਬਿਰਦ ਸੰਭਾਲ ਕੇ ਬਖ਼ਸ਼ ਲੈਂਦੇ ਹਨ, ਗੁਰਮੁਖਿ ਰਸਤੇ 'ਤੇ ਪਾਉਂਦੇ ਹਨ। ਯਥਾ:- ਪਿਛਲੇ ਅਉਗੁਣ. ਬਖਸਿ ਲਏ ਪ੍ਰਭੁ; ਆਗੈ ਮਾਰਗਿ ਪਾਵੈ॥੨॥ ਫਿਰ ਮਹਾਰਾਜ ਜੀ ਮਨ ਤਨ ਰੋਮ ਰੋਮ 'ਚ ਵਸ ਜਾਂਦੇ ਹਨ, ਕੋਈ ਮਾੜਾ ਸੰਕਲਪ ਫ਼ੁਰਨ ਭੀ ਨਹੀਂ ਦਿੰਦੇ, ਅਪਣਾ ਦਾਸਨਦਾਸ ਬਣਾ ਲੈਂਦੇ ਹਨ। ਪਤਿਤ ਪਾਵਨ, ਬਖ਼ਸ਼ਣਹਾਰ, ਖ਼ਿਮਾ ਦੇ ਦਾਤੇ ਹੋਣੇ ਕਰਕੇ, ਸਤਿਗੁਰੂ ਸਾਹਿਬ ਜੀ ਅਪਣੇ ਪਿਆਰੇ ਸਿੱਖ ਦਾ ਮਨ ਡੋਲਣ ਨਹੀਂ ਦਿੰਦੇ, ਧੀਰਜ ਬਖ਼ਸ਼ਦੇ ਹਨ। ਸੱਚੇ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦਾ ਪਤਿਤ ਪਾਵਨ ਬਿਰਦ ਗੁਨਾਹਗਾਰ ਨੂੰ ਦੁਰਮਤਿ ਰਸਤੇ ਤੋਂ ਗੁਰਮਤਿ ਰਸਤੇ 'ਤੇ ਪਾਉਂਦਾ ਹੈ ਜੀ। ਯਥਾ:- ਚਰਨ ਸਰਨ ਦਇਆਲ ਠਾਕੁਰ; ਆਨ. ਨਾਹੀ ਜਾਇ॥ ਪਤਿਤ. ਪਾਵਨ ਬਿਰਦੁ ਸੁਆਮੀ; ਉਧਰਤੇ ਹਰਿ ਧਿਆਇ॥੧॥ਰਹਾਉ॥) ਪਤਿਤ ਉਧਾਰਣੁ ਬਿਰਦੁ ਸੁਆਮੀ॥੨੧॥੧੭॥

੨੦. ਜੇ ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ਜੇ ਲਖ ਇਸਤਰੀਆ ਨਾਲ ਭੋਗ (ਕਰਹਿ) ਕਰੇ ਅਤੇ (ਨਵ) ਨੌਂ (ਖੰਡ) ਖੰਡਾਂ ਦਾ ਰਾਜੁ (ਕਮਾਹਿ) ਕਮਾਵੇ।

ਬਿਨੁ ਸਤਗੁਰ. ਸੁਖੁ ਨ ਪਾਵਈ; ਫਿਰਿ ਫਿਰਿ ਜੋਨੀ ਪਾਹਿ॥੩॥ ਸਤਗੁਰ ਸਾਹਿਬ ਜੀ ਦੀ ਸਰਨ ਪਏ, ਸਤਿਗੁਰੂ ਸਾਹਿਬ ਜੀ ਨੂੰ ਮੰਨੇ ਪੂਜੇ ਧਿਆਏ ਗਾਏ, ਪ੍ਰਸੰਨ ਕੀਤੇ (ਬਿਨੁ) ਬਿਨਾ ਅੰਮ੍ਰਿਤ ਆਤਮਕ ਸੁਖੁ (ਨ) ਨਹੀਂ (ਪਾਵਈ) ਪਾਵੇਗਾ। ਉਹ ਮਨਮੁਖ (ਫਿਰਿ ਫਿਰਿ) ਮੁੜ ਮੁੜ ਕੇ (ਜੋਨੀ) ਜੂਨਾਂ (ਪਾਹਿ) ਪੈਂਦਾ ਹੈ ਜੀ॥੩॥ ਯਥਾ:- ਗੁਰਮੁਖਿ ਜੀਵਨ ਮੁਕਤਿ ਕਰਿ; ਮਨਮੁਖ ਫਿਰਿ ਫਿਰਿ ਜਨਮ ਮਰੰਦੇ॥

੨੧. ਹਰਿ ਰਸੁ ਚਾਖੈ; ਤਾਂ ਸੁਧਿ ਹੋਇ॥ ਨਾਨਕ ਨਾਮਿ ਰਤੇ; ਸਚੁ ਸੋਇ॥੪॥੮॥ (ਨਾਨਕ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸੁੰਦਰ ਵਾਹਿਗੁਰੂ ਜੀ ਦਾ ਬਖ਼ਸ਼ਿਆ ਨਾਮ ਅੰਮ੍ਰਿਤ ਰਸੁ (ਚਾਖੈ) ਛਕੇ, ਤਾਂ ਮਨ ਤਨ ਰੋਮ ਰੋਮ ਕਰਕੇ (ਸੁਧਿ) ਨਿਰਮਲ, ਉੱਜਲ ਹੋਇ ਜਾਂਦਾ ਹੈ ਜੀ। ਸੱਚੇ ਅੰਮ੍ਰਿਤ ਨਿਰਮਲ ਨਾਮਿ ਜੀ 'ਚ ਰੋਮ ਰੋਮ ਕਰਕੇ (ਰਤੇ) ਰੰਗੇ ਜਾਣੇ ਕਰਕੇ, ਗੁਰਮੁਖਿ ਜੀ ਦੀ (ਸਚੁ) ਸੱਚੀ (ਸੋਇ) ਸੋਭਾ ਹੁੰਦੀ ਹੈ ਜੀ॥੪॥੮॥

# ਪ੍ਰਸੰਗ ੫- ਸੱਚੀ ਗੁਰਮਖਿ (ਪਤਿ) ਇੱਜ਼ਤ ਦਾ ਗੁਰ ਉਪਦੇਸ਼

੭੨. ਜੇ ਜੁਗ ਚਾਰੇ ਆਰਜਾ; ਹੋਰ ਦਸੂਣੀ ਹੋਇ॥ ਸਤਿਕਰਤਾਰ ਦੇ ਪੂਰਨ ਗੁਰ ਅਵਤਾਰ ਸਤਿਗੁਰੂ ਨਾਨਕਦੇਵ ਸਾਹਿਬ ਜੀ ਹੁਣ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 'ਚ ਫ਼ੁਰਮਾਉਂਦੇ ਹਨ:- (ਜੇ) ਜੇਕਰ ਜੀਵ ਦੀ (ਆਰਜਾ) ਉਮਰ (ਚਾਰੇ) ਚਾਰ ਜੁਗ ਲੰਮੀ ਹੋਵੇ, (ਦਸੂਣੀ) ਦਸ ਗੁਣਾ ਹੋਰ (ਹੋਇ) ਹੋ ਜਾਵੇ। ਭਾਵ ਕੁਲ ਉਮਰ ੪੪ (ਚੁਤਾਲੀ) ਜੁੱਗ ਹੋ ਜਾਵੇ।

ਨਵਾ ਖੰਡਾ ਵਿਚਿ ਜਾਣੀਐ; ਨਾਲਿ ਚਲੈ ਸਭੁ ਕੋਇ॥ (ਨਵਾ) ਨੌ ਖੰਡਾ ਭਰਤ, ਇਲਾਵਰਤ, ਕਿੰਪੁਰੁਸ਼, ਭੱਦ੍ਰ, ਕੇਤੁਮਾਲ, ਹਰਿ, ਹਿਰਣਜ, ਰਮਜ, ਕੁਸ਼ ਦੇ ਵਿਚਿ (ਜਾਣੀਐ) ਜਾਣਿਆ ਜਾਵੇ। ਸਭੁ (ਕੋਇ) ਕੋਈ ਨਾਲਿ (ਚਲੈ) ਚੱਲਣ ਭਾਵ ਨੌਂ ਖੰਡਾਂ ਦੇ ਸਾਰੇ ਮਨੁੱਖ ਆਗਿਆਕਾਰੀ ਹੋ ਕੇ ਉਸ ਦੇ ਮਗਰ ਚੱਲਣ, ਹੁਕਮ ਮੰਨਣ।

ਚੰਗਾ ਨਾਉ ਰਖਾਇ ਕੈ; ਜਸੁ ਕੀਰਤਿ ਜਗਿ ਲੇਇ॥ ਅਪਣਾ (ਨਾਉ) ਨਾਮ ਚੰਗਾ ਸ੍ਰੇਸ਼ਟ ਵੱਡਾ ਬ੍ਰਹਮਗਿਆਨੀ ਪਦਮ ਭੂਸ਼ਣ ਆਦਿ ਰਖਾਇ (ਕੈ) ਕੇ, ਸਾਰਾ ਜਗਿ ਉਸ ਦੇ ਮੂੰਹ 'ਤੇ ਜਸੁ ਕਰੇ ਅਤੇ ਪਿੱਠ ਪਿੱਛੇ ਭੀ (ਕੀਰਤਿ) ਮਹਿਮਾ ਨੂੰ ਪ੍ਰਾਪਤ ਕਰ (ਲੇਇ) ਲਵੇ।

ਜੇ ਤਿਸੁ ਨਦਰਿ ਨ ਆਵਈ; ਤ ਵਾਤ ਨ ਪੁਛੈ ਕੇ॥ (ਜੇ) ਜੇਕਰ (ਤਿਸੁ) ਅਕਾਲਪੁਰਖੁ ਵਾਹਿਗੁਰੂ ਜੀ ਦੇ ਨਿਰਮਲ ਸੁੰਦਰ ਨਦਰਿ ਅੰਦਰ (ਨ) ਨਹੀਂ (ਆਵਈ) ਆਉਂਦਾ। (ਤ) ਤਾਂ ਸਾਧਸੰਗਤ ਅਥਵਾ ਸੱਚਖੰਡ ਵਿੱਚ ਉਸ ਦੀ (ਕੇ) ਕੋਈ (ਵਾਤ) ਗੱਲ (ਨ) ਨਹੀਂ (ਪੁਛੈ) ਪੁੱਛਦਾ। ਪਰ ਜਿਹੜੇ ਭਗਤ ਮਹਾਂਪੁਰਸ਼ ਗੁਰਮੁਖਿ ਜੀ ਦੀ ਭਗਤੀ ਅਕਾਲਪੁਰਖੁ ਵਾਹਿਗੁਰੂ ਜੀ ਦੇ ਨਿਰਮਲ ਕ੍ਰਿਪਾ ਦ੍ਰਿਸ਼ਟੀ 'ਚ ਆ ਗਈ, ਜਿਵੇਂ ਭਗਤ ਸ੍ਰੀ ਰਵਿਦਾਸ ਸਾਹਿਬ ਜੀ ਆਏ ਹਨ, ਉਨ੍ਹਾਂ ਦੀ ਉਪਮਾ ਵਡਿਆਈ ਸਮੂਹ ਖੰਡ ਬ੍ਰਹਮੰਡ ਗਾ ਰਹੇ ਹਨ।

ਕੀਟਾ ਅੰਦਰਿ ਕੀਟੁ ਕਰਿ; ਦੋਸੀ ਦੋਸੁ ਧਰੇ॥ ਐਸੇ ਇਖ਼ਲਾਕ ਹੀਣ ਜੀਵ ਨੂੰ (ਕੀਟਾ) ਕੀੜਿਆਂ ਦੇ ਅੰਦਰਿ (ਕੀਟੁ) ਕੀੜਾ (ਕਰਿ) ਬਣਾਇਆ ਜਾਂਦਾ ਹੈ। (ਦੋਸੀ) ਕੋਹੜੀ ਅਉਗੁਣੀ ਜੀਵ ਭੀ ਐਸੇ ਪੰਖਡੀ 'ਤੇ ਦੋਸੁ (ਧਰੇ) ਧਰਦੇ ਹਨ।

ਨਾਨਕ. ਨਿਰਗੁਣਿ ਗੁਣੁ ਕਰੇ; ਗੁਣਵੰਤਿਆ, ਗੁਣੁ ਦੇ॥ ਅਕਾਲਪੁਰਖੁ ਵਾਹਿਗੁਰੂ ਪਾਰਬ੍ਰਹਮ ਸਤਿਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ (ਨਿਰਗੁਣਿ) ਸ਼ੁਭ ਗੁਣਾਂ ਤੋਂ ਰਹਿਤ ਕਲਜੁੱਗੀ ਜੀਆਂ 'ਤੇ (ਗੁਣੁ) ਪਰਉਪਕਾਰ (ਕਰੇ) ਕਰਦੇ ਹਨ। (ਗੁਣਵੰਤਿਆ) ਸ਼ੁਭ ਗੁਣਾਂ ਵਾਲੇ ਗੁਰਮੁਖਾਂ ਨੂੰ ਬਿਅੰਤ ਸ਼ੁਭ ਗੁਣੁ, ਬ੍ਰਹਮਗਿਆਨ, ਨਿਰਗੁਨ ਸਰਗੁਨ ਦੀ ਏਕਤਾ (ਦੇ) ਬਖ਼ਸ਼ਦੇ ਹਨ ਜੀ।

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥ ਦਾਸਨਦਾਸ ਨੂੰ (ਤੇਹਾ) ਐਸਾ (ਕੋਇ) ਕੋਈ (ਨ) ਨਹੀਂ (ਸੁਝਈ) ਸੁੱਝਦਾ (ਜਿ) ਜਿਹੜਾ (ਤਿਸੁ) ਤਿਨ੍ਹਾਂ ਪਰਉਪਕਾਰੀ ਦਇਆਲ ਕ੍ਰਿਪਾਲ ਵਾਹਿਗੁਰੂ ਜੀ 'ਤੇ (ਕੋਇ) ਕੋਈ (ਗੁਣੁ) ਪਰਉਪਕਾਰ ਕਰੇ॥੭॥

੭੩. ਸਤਿਗੁਰੁ. ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ॥ ਸੱਚੇ ਪਤਿਤ. ਪਾਵਨ; ਦੁਖ ਭੈ ਭੰਜਨੁ॥ ਸਤਿਗੁਰੁ ਸਾਹਿਬ ਜੀ (ਖੋਟਿਅਹੁ) ਗਿਰੇ ਨੀਚ ਇਖ਼ਲਾਕ ਵਾਲੇ ਨੂੰ ਬਾਰਾਂ ਵੰਨੀ ਸੋਨੇ ਵਾਂਗ (ਖਰੇ) ਸ਼ੁੱਧ ਗੁਰਮੁਖਿ (ਕਰੇ) ਕਰ ਦਿੰਦੇ ਹਨ। ਯਥਾ:- ਜਨਮ ਜਨਮ ਕੇ ਲਾਗੇ ਬਿਖੁ ਮੋਰਚਾ; ਲਗਿ ਸੰਗਤਿ ਸਾਧ ਸਵਾਰੀ॥ ਜਿਉ ਕੰਚਨੁ. ਬੈਸੰਤਰਿ

ਤਾਇਓ; ਮਲੁਕਾਟੀ ਕਟਿਤ ਉਤਾਰੀ॥੨॥ ਸੱਚਾ ਨਿਰਮਲ ਗੁਰ ਸਬਦਿ ਜੀ ਬਖ਼ਸ਼ ਕੇ ਉਨ੍ਹਾਂ ਦੇ ਜੀਵਨ ਨੂੰ (ਸਵਾਰਣਹਾਰੁ) ਸਵਾਰਣ ਵਾਲੇ ਹਨ। ਯਥਾ:- ਕਚਹੁ. ਕੰਚਨੁ ਭਇਅਉ; ਸਬਦੁ ਗੁਰ. ਸ੍ਰਵਣਹਿ ਸੁਣਿਓ॥ ) ਹਮ ਨੀਚ ਹੋਤੇ, ਹੀਣ ਮਤਿ ਝੂਠੇ; ਤੂ. ਸਬਦਿ ਸਵਾਰਣਹਾਰਾ॥ ) ਬਗੁਲੇ ਤੇ ਫੁਨਿ ਹੰਸੁਲਾ ਹੋਵੈ; ਜੇ ਤੂ ਕਰਹਿ ਦਇਆਲਾ॥

**ਸਾਖੀ:-** ਬਿਅੰਤ ਬ੍ਰਹਮੰਡਾਂ 'ਚ ਬਿਅੰਤ ਪ੍ਰਕਾਰ ਦੀਆਂ ਅਗਨੀਆਂ ਤੇ ਹਵਾਵਾਂ ਆਪ ਜੀ ਨੇ ਹੀ ਰਚੀਆਂ ਹਨ, ਇਹ ਸਾਰੀਆਂ ਹੁਣ ਆਪ ਜੀ ਦਾ ਪਰਮਪਵਿੱਤ੍ਰ ਨਾਮ ਜਪ ਰਹੀਆਂ ਹਨ। ਬਿਅੰਤ ਪ੍ਰਕਾਰ ਦੇ ਜਲ ਤੇ ਸਮੁੰਦ੍ਰ ਆਪ ਜੀ ਨੇ ਹੀ ਰਚੇ ਹਨ, ਬਿਅੰਤ ਸਮੁੰਦ੍ਰਾਂ ਦੀਆਂ ਬੂੰਦਾਂ ਤੇ ਬਿਅੰਤ ਵਰਖਾਂ, ਤ੍ਰੇਲਾਂ ਸਨੋਆਂ ਦੀਆਂ ਬਿਅੰਤ ਬੂੰਦਾਂ ਹੁਣ ਜਪਦੀਆਂ ਹਨ, ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਧੰਨ ਹਨ। ਬਿਅੰਤ ਧਰਤੀਆਂ ਆਪ ਜੀ ਨੇ ਹੀ ਰਚੀਆਂ ਹਨ, ਬਿਅੰਤ ਧਰਤੀਆਂ ਦਾ ਇੱਕ ਇੱਕ ਕਿਣਕਾ ਹੁਣ ਜਪ ਰਿਹਾ ਹੈ, ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਧੰਨ ਹਨ। ਯਥਾ:- ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥

ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਮਹਾਰਾਜ ਦੁਨੀਆ ਨੂੰ ਤਾਰਦੇ ਤਾਰਦੇ, ਭੂਟਾਨ ਦੇਸ਼ ਵਿੱਚ ਪਹੁੰਚੇ। ਰਾਜ ਮਹਿਲ ਦੇ ਕੋਲ ਰੁੱਖ ਹੇਠਾਂ ਸਿਮਰਨ 'ਚ ਜੁੜ ਗਏ। ਉੱਥੇ ਦਾ ਰਾਜਾ ਬਹੁਤ ਵੱਡਾ ਕਾਮੀ ਸੀ। ਉਸ ਦਾ ਹੁਕਮ ਸੀ, ਕਿ ਜਦੋਂ ਵਹੁਟੀ ਘਰੇ ਲਿਆਉਣੀ ਹੋਵੇ, ਤਾਂ ਪਹਿਲਾਂ ਮੇਰੇ ਮਹਿਲਾਂ 'ਚ ਭੇਜੋ। ਪ੍ਰਜਾ ਡਰਦੀ ਹੋਈ ਵਹੁਟੀ ਰਾਜੇ ਕੋਲ ਭੇਜ ਦਿੰਦੇ ਸਨ। ਉਹ ਪਰ ਇਸਤ੍ਰੀ ਨਾਲ ਕੁਕਰਮ ਕਰਦਾ ਸੀ।

ਭੂਟਾਨ ਦੇਸ਼ ਦੇ ਲੋਕ ਸਤਿਗੁਰੂ ਸਾਹਿਬ ਜੀ ਦੇ ਸੁੰਦਰ ਦਰਸਨ ਕਰਕੇ, ਅੰਮ੍ਰਿਤ ਗੁਰਬਾਣੀ ਕੀਰਤਨ ਸੁਣ ਕੇ ਸਤਿਗੁਰੂ ਸਾਹਿਬ ਜੀ ਦੇ ਮਿੱਠੇ ਪਰਉਪਕਾਰੀ ਚਰਨਕਮਲਾਂ ਨਾਲ ਜੁੜ ਗਏ। ਪ੍ਰੇਮੀ ਪ੍ਰੇਮ ਭੇਟਾਵਾਂ ਲਿਆ ਕੇ ਅਰਪਦੇ ਪਰ ਸਤਿਗੁਰੂ ਸਾਹਿਬ ਜੀ ਕੁਝ ਨਾ ਲੈਂਦੇ, ਉਨ੍ਹਾਂ ਨੂੰ ਵਾਪਿਸ ਕਰ ਦਿੰਦੇ। ਰਾਜੇ ਨੇ ਸਤਿਗੁਰੂ ਸਾਹਿਬ ਜੀ ਦੀ ਉੱਜਲ ਮਹਿਮਾ ਸੁਣੀ, ਕਿ ਮਾਇਆ ਦੇ ਤਿਆਗੀ ਅਕਾਲਪੁਰਖੁ ਸਰੂਪ, ਪੂਰਨ ਬ੍ਰਹਮ ਜੀ ਨਾਲ ਜੋੜਨ ਵਾਲੇ ਇੱਕ ਸਾਧੂ ਬਾਹਰ ਬ੍ਰਿੱਛ ਹੇਠਾਂ ਸਿਮਰਨ 'ਚ ਜੁੜੇ ਹਨ। ਯਥਾ:- ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਜਿਨ੍ਹਾਂ ਦੇ ਸੁੰਦਰ ਸੁਖਦਾਈ ਦਰਸਨ ਕਰਨ ਨਾਲ ਕ੍ਰੋੜਾਂ ਪਾਪ ਨਾਸ ਹੋ ਜਾਂਦੇ ਹਨ, ਅੱਗ ਬੁਝ ਜਾਂਦੀ ਹੈ। ਯਥਾ:- ਸਤਿਗੁਰ ਦਰਸਨਿ; ਅਗਨਿ ਨਿਵਾਰੀ॥ ਸਤਿਗੁਰ ਭੇਟਤ; ਹਉਮੈ ਮਾਰੀ॥

ਪ੍ਰਭਾਵਤ ਹੋ ਕੇ ਰਾਜੇ ਨੇ ਕੀਮਤੀ ਬਸਤ੍ਰ ਮਾਇਆ ਆਦਿ ਭੇਟਾਵਾਂ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ 'ਚ ਅਰਪ ਕੇ ਮੱਥਾ ਟੇਕਿਆ। ਸਤਿਗੁਰੂ ਸਾਹਿਬ ਜੀ ਨੇ ਇੱਕ ਭੀ ਭੇਟਾ ਪਰਵਾਨ ਨਹੀਂ ਕੀਤੀ, ਸਾਰੀਆਂ ਭੇਟਾਵਾਂ ਗ੍ਰੀਬਾਂ 'ਚ ਵੰਡਣ ਦਾ ਹੁਕਮ ਦਿਤਾ। ਰਾਜੇ ਨੇ ਹੈਰਾਨੀ 'ਚ ਪ੍ਰੇਮ ਬੇਨਤੀ ਕੀਤੀ "ਹੇ ਸੱਚੇ ਪਾਤਿਸ਼ਾਹ ਜੀ! ਆਪ ਜੀ ਨੇ ਭੇਟਾਵਾਂ ਪ੍ਰਵਾਨ ਕਿਉਂ ਨਹੀਂ ਕੀਤੀਆਂ?" ਤਾਂ ਗ੍ਰੀਬ ਨਿਵਾਜ ਪਤਿਤ ਪਾਵਨ ਸਤਿਗੁਰੂ ਸਾਹਿਬ ਜੀ ਨੇ ਕਿਹਾ "ਹੇ ਰਾਜਨ! ਜੇ ਤੂੰ ਅਪਣਾ ਭਲਾ ਚਾਹੁੰਦਾ ਹਾਂ ਤਾਂ ਪਰਜਾ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨਾ ਲੁੱਟਿਆ ਕਰ। ਸਤਿਕਰਤਾਰ ਅਕਾਲਪੁਰਖੁ ਜੀ ਦਾ ਸੱਚਾ ਨਾਮ ਜਪਿਆ ਜਪਾਇਆ ਕਰ, ਪਰਉਪਕਾਰ ਕਰ।"

ਪੂਰਨ ਪਰਮੇਸਰ ਵਾਹਿਗੁਰੂ ਸੱਚੇ ਸਤਿਗੁਰੂ ਸਾਹਿਬ ਜੀ ਦੇ ਪ੍ਰੇਮ ਨਾਲ ਭਿੱਜੇ ਅੰਮ੍ਰਿਤਮਈ ਬਚਨ ਤੀਰ ਵਾਂਗ ਰਾਜੇ ਦੇ ਰਿਦੇ 'ਚ ਵੱਜੇ। ਤਾਂ ਰਾਜੇ ਨੇ ਪ੍ਰੇਮ ਸ਼ਰਧਾ ਨਾਲ ਪ੍ਰੇਮ ਬੇਨਤੀ ਕੀਤੀ "ਹੇ ਕ੍ਰਿਪਾਲ ਦਇਆਲ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ! ਜਿਵੇਂ ਬਲਦੀ ਅੱਗ ਲੱਕੜ ਨਾਲ ਨਹੀਂ ਰੱਜਦੀ, ਤਿਵੇਂ ਦਾਸਨਦਾਸ ਦੇ ਮਨ 'ਚ ਵਿਕਾਰਾਂ ਦੀ ਅੱਗ

ਕੁਕਰਮ ਕਰਨ ਦੀ ਲਕੜ ਨਾਲ ਨਹੀਂ ਰੱਜਦੀ, ਸਗੋਂ ਵਿਕਾਰਾਂ ਦੀ ਅੱਗ ਹੋਰ ਤੇਜ਼ ਹੋ ਰਹੀ ਹੈ। ਕ੍ਰਿਪਾ ਕਰਕੇ ਵਿਕਾਰਾਂ ਦੀ ਅੱਗ ਬੁਝਾ ਦੇਵੋ ਜੀ, ਅਪਣਾ ਨਿਮਾਣਾ ਨਿਤਾਣਾ ਸਿੱਖ ਬਣਾ ਲਵੋ ਜੀ!"

ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥ ਅਨੁਸਾਰ ਪ੍ਰੇਮ ਬੇਨਤੀ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਬੈਰਾਗ ਦੇ ਸ਼ੁਭ ਬਚਨ ਫ਼ੁਰਮਾਏ "ਹੇ ਰਾਜਨ! ਤੂੰ ਸੋਹਣੇ ਸ੍ਰੀਰ ਦੇਖ ਕੇ ਮੋਹਿਤ, ਵਿਕਾਰ ਦੇ ਵਸੀਕਾਰ ਹੋ ਜਾਂਦਾ ਹੈਂ। ਜਿਨ੍ਹਾਂ ਅੱਖਾਂ ਨੂੰ ਤੂੰ ਕਮਲ ਵਾਂਗ ਸੁੰਦਰ ਸਮਝਦਾ ਹੈਂ, ਉਹ ਖ਼ੂਨ ਮਿਝ ਦੀਆਂ ਹਨ, ਮੈਲ਼ ਗਿੱਡ ਨਾਲ ਭਰੀਆਂ ਹਨ। ਜਿਸ ਸੁੰਦਰ ਚੰਮ ਨੂੰ ਤੂੰ ਦੇਖਦਾ ਹੈਂ, ਇਹ ਤਾਂ ਸ੍ਰੀਰ ਦੇ ਹੱਡ ਮਾਸ ਨਾੜੀਆਂ ਨੂੰ ਢਕਣ ਲਈ ਹੈ, ਜੇ ਚਮੜੀ ਲੱਥ ਜਾਵੇ ਤਾਂ ਮੱਖੀਆਂ ਭਿਣਕਣ ਲੱਗ ਜਾਂਦੀਆਂ ਹਨ।" ਜਲ ਕੀ ਭੀਤਿ. ਪਵਨ ਕਾ ਥੰਭਾ; ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੰੀ ਕੋ ਪਿੰਜਰੁ; ਪੰਖੀ ਬਸੈ ਬਿਚਾਰਾ॥੧॥) ਬਿਸਟਾ ਅਸਤ ਰਕਤੁ; ਪਰੇਟੇ ਚਾਮ॥ ਇਸੁ ਊਪਰਿ; ਲੇ ਰਾਖਿਓ ਗੁਮਾਨ॥੩॥ ਅਨੁਸਾਰ ਇਹ ਸ੍ਰੀਰ ਹੱਡ, ਮਾਸ ਨਾੜੀ ਦਾ ਪਿੰਜਰਾ ਹੈ। ਸ੍ਰੀਰ 'ਚ ਬਿਸਟਾ, ਮੂਤਰ ਗੰਦਗੀ ਹੈ। ਯਥਾ:- ਕਰਪੂਰ ਪੁਹਪ ਸੁਗੰਧਾ; ਪਰਸ ਮਾਨੁਖੵ ਦੇਹੰ. ਮਲੀਣੰ॥ ਮਜਾ ਰੁਧਿਰ ਦ੍ਰੁਗੰਧਾ; ਨਾਨਕ. ਅਥਿ ਗਰਬੇਣ ਅਗ੍ਯਾਨਣੋ ॥੧॥ ਸਰੀਰ ਦੇ ਨੌਂ ਦਰਵਾਜੇ ਹਨ ਤੇ ਨੌਂਵਾਂ ਵਿੱਚੋਂ ਗੰਦਗੀ ਬਾਹਰ ਆਉਂਦੀ ਹੈ। ਯਥਾ:- ਨਵੇ ਛਿਦ੍ਰ ਸ੍ਰਵਹਿ; ਅਪਵਿਤ੍ਰਾ॥) ਨਉ ਦਰਵਾਜ. ਨਵੇ ਦਰ ਫੀਕੇ; ਰਸੁ ਅੰਮ੍ਰਿਤੁ ਦਸਵੇ ਚੁਈਜੈ॥

ਹੇ ਰਾਜੇ! ਕਾਮ ਦਾ ਸੁਖ ਛਿਨ ਮਾਤ੍ਰ ਦਾ ਹੀ ਹੈ ਤੇ ਇਸ ਨਿਮਖ ਸਵਾਦ ਕਾਰਨ ਦੁੱਖ ਭੋਗਣੇ ਪੈਂਦੇ ਹਨ, ਨਰਕਾਂ 'ਚ ਨਿਵਾਸ ਹੁੰਦਾ ਹੈ। ਯਥਾ: ਨਿਮਖ ਕਾਮ ਸੁਆਦ ਕਾਰਣਿ; ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ; ਫਿਰਿ. ਬਹੁਰਿ ਬਹੁਰਿ ਪਛੁਤਾਵਹਿ॥੧॥) ਹੇ ਕਾਮੰ. ਨਰਕ ਬਿਸ੍ਰਾਮੰ; ਬਹੁ ਜੋਨੀ ਭ੍ਰਮਾਵਣਹ॥ ਚਿਤ ਹਰਣੰ. ਤ੍ਰੈ ਲੋਕ ਗੰਮੵੰ; ਜਪ ਤਪ ਸੀਲ. ਬਿਦਾਰਣਹ॥ ਅਲਪ ਸੁਖ. ਅਵਿਤ ਚੰਚਲ; ਊਚ ਨੀਚ ਸਮਾਵਣਹ॥ ਤਵ ਭੈ ਬਿਮੁੰਚਿਤ, ਸਾਧਸੰਗਮ; ਓਟ ਨਾਨਕ. ਨਾਰਾਇਣਹ॥੪੬॥ ਪਰ ਇਸਤ੍ਰੀ, ਪਰ ਪੁਰਖ ਨਾਲ ਕੁਕਰਮ ਕਰਨ ਨਾਲ ਲੋਕ ਪ੍ਰਲੋਕ 'ਚ ਸਖ਼ਤ ਤੋਂ ਸਖ਼ਤ ਸਜ਼ਾ ਮਿਲਦੀ ਹੈ। ਨਰਕ 'ਚ ਲੋਹੇ ਦੀਆਂ ਸੀਖਾਂ ਗਰਮ ਕਰਕੇ, ਉਸ ਨਾਲ ਬੰਨ੍ਹ ਦਿਤਾ ਜਾਂਦਾ ਹੈ। ਜਿਸ ਕਰਕੇ ਉਸ ਦੀ ਰੂਹ ਦੁੱਖ ਨਾਲ ਚੀਕਾਂ ਮਾਰਦੀ ਹੈ।

ਸੱਚੇ ਸਤਿਗੁਰੂ ਸਾਹਿਬ ਜੀ ਦਾ ਮਹਾਂ ਪਵਿੱਤ੍ਰ ਸ਼ੁਭ ਸੱਚਾ ਉਪਦੇਸ਼ ਸੁਣ ਕੇ ਰਾਜੇ ਨੇ ਆਪਣੇ ਮਨ ਵਿੱਚ ਵਿਚਾਰ ਕੀਤੀ ਕਿ "ਮੈਂ ਬੜੇ ਭਾਰੀ ਪਾਪ ਕੀਤੇ ਹਨ" ਤਾਂ ਗੁਰੂ ਸਾਹਿਬ ਜੀ ਦੇ ਚਰਨਕਮਲ ਫੜ ਕੇ ਲੰਮਾ ਪੈ ਗਿਆ, ਪ੍ਰੇਮ ਬੇਨਤੀ ਕੀਤੀ "ਹੇ ਪਤਿਤ ਪਾਵਨ ਸਤਿਗੁਰੂ ਸਾਹਿਬ ਮਹਾਰਾਜ ਜੀ! ਹਮ ਦੀਨ ਮੂਰਖ ਅਵੀਚਾਰੀ; ਤੁਮ ਚਿੰਤਾ ਕਰਹੁ ਹਮਾਰੀ॥ ਦਾਸਨਦਾਸ ਬੜਾ ਭਾਰੀ ਪਾਪੀ ਕੁਕਰਮੀ ਹੈ। ਆਪ ਜੀ ਦੇ ਸ਼ੁਭ ਖਰੇ ਬਚਨ, ਸੁੰਦਰ ਦਰਸਨ ਸੱਚੇ ਸੱਚੇ ਸੱਚੇ ਹਨ। ਆਪ ਜੀ ਹੁਣ ਕਿਰਪਾ ਕਰਕੇ ਦਾਸਨਦਾਸ 'ਤੇ ਦਇਆ ਕਰੋ, ਨੀਚ ਕੀਟ ਨੂੰ ਬਖ਼ਸ਼ ਲਵੋ ਜੀ। ਯਥਾ:- ਕਿਰਪਾ ਕਰਹੁ. ਦੀਨ ਕੇ ਦਾਤੇ; ਮੇਰਾ ਗੁਣੁ ਅਵਗਣੁ. ਨ ਬੀਚਾਰਹੁ ਕੋਈ॥ ਮਾਟੀ ਕਾ ਕਿਆ ਧੋਪੈ ਸੁਆਮੀ; ਮਾਣਸ ਕੀ ਗਤਿ ਏਹੀ॥੧॥ ਮਿਹਰ ਕਰਕੇ ਸੱਚੀ ਸਾਧਸੰਗਤ, ਪ੍ਰੇਮ, ਨਾਮ, ਗੁਰਸਿੱਖੀ ਦਾ ਦਾਨ ਬਖ਼ਸ਼ੋ ਜੀ।

ਇਹ ਪ੍ਰੇਮ ਬੇਨਤੀ ਸੁਣ ਕੇ ਮਿਹਰਵਾਨ ਭਗਵਾਨ ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਪ੍ਰਸੰਨ ਹੋ ਕੇ ਰਾਜੇ 'ਤੇ ਆਪਣੀ ਮਹਾਂ ਵਿਸਮਾਦ ਮਿਹਰ ਕੀਤੀ ਅਤੇ ਪਿਛਲੇ ਔਗੁਣ ਪਾਪ ਵਿਕਾਰ ਮੇਟ ਦਿਤੇ। ਉਪਦੇਸ਼ ਦਿਤਾ ਕਿ "ਸਤਿਨਾਮੁ" ਦਾ ਜਾਪ ਕਰਿਆ ਕਰ ਅਤੇ ਰਾਜ 'ਚ ਧਰਮਸ਼ਾਲਾਂ ਬਣਾ, ਜਿੱਥੇ ਸਤਿਸੰਗਤ ਜੀ ਜੁੜ ਕੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਾਹਿਬ ਜੀ ਦੀ ਮਹਿਮਾ ਕਰਨ। ਆਪ ਜੀ ਨੇ ਸਤਿਸੰਗਤ 'ਚ ਹੀ ਆਪਣੀ ਪ੍ਰੀਤੀ ਰੱਖਣੀ।

ਵੱਧ ਤੋਂ ਵੱਧ ਸਮਾਂ ਸੰਗਤ 'ਚ ਹੀ ਰਹਿਣਾ। ਇਸ ਤੋਂ ਬਾਅਦ ਸੱਚੇ ਸਤਿਗੁਰੂ ਸਾਹਿਬ ਜੀ ਨੇ ਆਪਣੀ ਮਹਾਨ ਕਿਰਪਾ ਕਰਕੇ ਉਸ ਨੂੰ ਆਪਣੇ ਸੱਚੇ ਚਰਨਕਮਲ ਧੋ ਕੇ ਪਿਆਏ, ਆਪਣਾ ਸਿੱਖ ਬਣਾ ਲਿਆ। ਇਉਂ ਪੂਰੇ ਰਾਜ 'ਚ ਨਾਮ,ਦਾਨ, ਇਸ਼ਨਾਨ ਦ੍ਰਿੜ੍ਹਾਇਆ ਤੇ ਸਭ ਨੂੰ ਕੁਕਰਮਾਂ ਤੋਂ ਛੁਡਾ ਕੇ ਗੁਰਮੁਖਿ ਰਸਤੇ 'ਤੇ ਪਾ ਦਿਤਾ। ਯਥਾ:- ਭੂਲੇ; ਮਾਰਗੁ ਜਿਨਹਿ ਬਤਾਇਆ॥ ਐਸਾ ਗੁਰੁ; ਵਡਭਾਗੀ ਪਾਇਆ॥੧॥

੭੪. ਸਭੁ ਕੋ ਪੂਰਾ ਆਪੇ ਹੋਵੈ; ਘਟਿ ਨ ਕੋਈ ਆਖੈ॥ ਸਭੁ (ਕੋ) ਕੋਈ (ਆਪੇ) ਅਪਣੇ ਆਪ 'ਚ ਪੂਰਾ (ਹੋਵੈ) ਹੁੰਦਾ ਭਾਵ ਬਣਦਾ ਹੈ। ਕੋਈ ਭੀ ਅਪਣੇ ਆਪ ਨੂੰ ਘਟਿ (ਨ) ਨਹੀਂ (ਆਖੈ) ਆਖਦਾ। ਯਥਾ:- ਘਾਟਿ; ਨ ਕਿਨਹੀ ਕਹਾਇਆ॥ ਸਭ ਕਹਤੇ ਹੈ; ਪਾਇਆ॥

ਪਤਿ ਪਰਵਾਣਾ. ਪਿਛੈ ਪਾਈਐ; ਤਾ ਨਾਨਕ. ਤੋਲਿਆ ਜਾਪੈ॥੨॥ ਪਾਰਬ੍ਰਹਮ ਕੇ ਗੁਰ ਅਵਤਾਰ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੇਕਰ ਇੱਕ ਪੱਲੜੇ 'ਚ ਜੀਵ, ਤੇ (ਪਿਛੈ) ਪਿੱਛੇ (ਪਤਿ) ਇਜ਼ਤ ਰੂਪੀ (ਪਰਵਾਣਾ) ਵੱਟਾ (ਪਾਈਐ) ਪਾਈਏ, ਤਾ ਅਸਲ ਗੁਰਮੁਖਿ ਇੱਜ਼ਤ ਵਾਲਾ ਤੋਲਿਆ (ਜਾਪੈ) ਵੀਚਾਰਿਆ ਜਾਂਦਾ ਹੈ॥੨॥

੭੫. ਮਨਿ ਮੁਖਿ ਗਲਾ ਗੋਈਆ; ਕੀਤਾ ਚਾਉ ਰਲੀ॥ ਨਾਨਕ. ਸਚੇ ਨਾਮ ਬਿਨੁ; ਸਿਰ ਖੁਰ ਪਤਿ ਪਾਟੀ॥੨॥ (ਨਾਨਕ) ਸੱਚੇ ਕੰਤ ਭਗਵੰਤ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਸਲੋਕੁ॥ ਦੇਨਹਾਰੁ ਪ੍ਰਭ ਛੋਡਿ ਕੈ; ਲਾਗਹਿ ਆਨ ਸੁਆਇ॥ ਨਾਨਕ. ਕਹੂ ਨ ਸੀਝਈ; ਬਿਨੁ ਨਾਵੈ. ਪਤਿ ਜਾਇ॥੧॥ ਅਨੁਸਾਰ ਅੰਮ੍ਰਿਤ ਮਿੱਠੇ ਸਚੇ ਨਾਮ ਜੀ (ਬਿਨੁ) ਬਿਨਾ, ਮਨਮੁਖਾਂ ਦੀ (ਪਤਿ) ਇੱਜ਼ਤ ਸਿਰ ਤੋਂ ਲੈ ਕੇ (ਖੁਰ) ਪੈਰਾਂ ਤੱਕ (ਪਾਟੀ) ਫਟੀ ਹੈ, ਭਾਵ ਲੋਕ ਪ੍ਰਲੋਕ 'ਚ ਪਤਿ ਗੁਆ ਲਈ॥੨॥ ਯਥਾ:- ਸਰਮੁ ਗਇਆ ਘਰਿ ਆਪਣੈ; ਪਤਿ ਉਠਿ ਚਲੀ ਨਾਲਿ॥ ਹੇ ਪਰਮਪੂਜਨੀਕ ੧ੴ ਬ੍ਰਹਮ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ, ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ, ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ! ਪਾਰਬ੍ਰਹਮ ਭਗਵਾਨ, ਸਦਾ ਸਦਾ ਮੇਹਰਵਾਨ, ਪ੍ਰੇਮ ਨਾਮ ਇੱਜ਼ਤ ਦਾਨ ਬਖ਼ਸ਼ੋ ਦਾਨ! ਦਸ ਸਤਿਗੁਰੂ ਸਾਹਿਬਾਨ ਜੀ ਪਾਰਬ੍ਰਹਮ ਜਗਦੀਸ, ਪੰਜਾਂ ਪਿਆਰਿਆਂ ਵਾਂਗ, ਗੁਰੂ ਸਾਹਿਬ ਜੀ ਨੂੰ ਅਰਪੋ ਅਪਣੇ ਸੀਸ, ਸਾਕਤਾਂ ਦੀ ਕਰਨੀ ਨਹੀਂ ਰੀਸ।

੭੬. ਸਚੁ ਸਭਨਾ ਹੋਇ ਦਾਰੂ; ਪਾਪ ਕਢੈ ਧੋਇ॥ (ਸਚੁ) ਸੱਚੇ ਵਾਹਿਗੁਰੂ ਜੀ ਦੇ ਨਾਮ ਜੀ (ਸਭਨਾ) ਸਾਰੇ ਅਗਿਆਨ ਆਦਿ ਦੁਖਾਂ ਦੀ ਨਿਵਿਰਤੀ ਲਈ (ਦਾਰੂ) ਦਵਾਈ ਹੋਇ ਰਹੇ ਹਨ। ਜਿਹੜਾ ਸੱਜਣ ਸੁਆਸ ਸੁਆਸ ਨਾਮ ਜਪੇ ਜਪਾਵੇਗਾ, ਸੱਚੇ ਅਬਿਨਾਸੀ ਨਿਰਮਲ ਨਾਮ ਜੀ, ਸਾਬਣ ਵਾਂਗ ਉਸ ਦੇ ਜਨਮਾਂ ਜਨਮਾਂ ਦੇ ਪਾਪ ਦੀ ਮੈਲ ਨੂੰ (ਧੋਇ) ਧੋ ਕੇ ਮਨ 'ਚੋਂ ਬਾਹਰ (ਕਢੈ) ਕੱਢ ਕੇ ਨਿਰਮਲ ਉੱਜਲ ਬਣਾ ਦੇਣਗੇ। ਯਥਾ:- ਗੁਰ ਕਾ ਸਬਦੁ; ਕਾਟੈ ਕੋਟਿ ਕਰਮ॥

ਨਾਨਕੁ. ਵਖਾਣੈ ਬੇਨਤੀ; ਜਿਨ ਸਚੁ ਪਲੈ ਹੋਇ॥ ਸਤਿਗੁਰੂ ਨਾਨਕੁ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਿਨ) ਜਿਨ੍ਹਾਂ ਗੁਰਮੁਖਾਂ ਦੇ ਰਿਦੇ ਰੂਪੀ ਪਲੈ 'ਚ (ਸਚੁ) ਸੱਚੇ ਨਾਮ ਜੀ (ਹੋਇ) ਹੋਣ। ਉਨ੍ਹਾਂ ਦੇ ਚਰਨਕਮਲਾਂ 'ਚ ਦਾਸਨਦਾਸ ਪ੍ਰੇਮ ਬੇਨਤੀ (ਵਖਾਣੈ) ਕਥਨ ਕਰਦਾ ਕਿ ਦਾਸਨਦਾਸ ਨੂੰ ਨਿਰਮਲ ਅੰਮ੍ਰਿਤ ਨਾਮ ਜੀ ਬਖ਼ਸ਼ੋ ਜੀ।

੭੭. ਪੂਜ ਲਗੈ. ਪੀਰੁ ਆਖੀਐ; ਸਭੁ ਮਿਲੈ ਸੰਸਾਰੁ॥ ਜਿਸ ਪੁਰਖ ਨੂੰ (ਪੀਰੁ) ਸ਼ਕਤੀ ਵਾਲਾ ਵੱਡਾ ਪੀਰੁ (ਆਖੀਐ) ਆਖਿਆ ਜਾਵੇ, ਸਭੁ ਸੰਸਾਰੁ (ਮਿਲੈ) ਮਿਲ ਕੇ, ਓਸ ਦੀ (ਪੂਜ) ਪੂਜਾ 'ਚ (ਲਗੈ) ਲੱਗ ਜਾਵੇ।

ਨਾਉ ਸਦਾਏ ਆਪਣਾ; ਹੋਵੈ ਸਿਧੁ ਸੁਮਾਰੁ॥ ਆਪਣਾ (ਨਾਉ) ਨਾਮ ਵੱਡਾ ਰੱਬ (ਸਦਾਏ) ਸਦਵਾ ਕੇ, (ਸਿਧੁ) ਸ਼ਕਤੀਆਂ ਵਾਲਿਆਂ ਸਿੱਧਾਂ ਦੀ (ਸੁਮਾਰੁ) ਗਿਣਤੀ 'ਚ (ਹੋਵੈ) ਹੋ ਜਾਵੇ, ਭਾਵ ਸ਼ਕਤੀ ਵਾਲਾ ਸਿੱਧ ਮੰਨਿਆ ਪੂਜਿਆ ਵਡਿਆਇਆ ਜਾਵੇ।

ਜਾ ਪਤਿ ਲੇਖੈ ਨਾ ਪਵੈ; ਸਭਾ ਪੂਜ ਖੁਆਰੁ॥੨॥ (ਜਾ) ਜੇਕਰ (ਪਤਿ) ਪਤੀ ਪ੍ਰਮਾਤਮਾ ਜੀ ਦੇ ਦਰਬਾਰ 'ਚ, ਓਸ ਦੀ (ਪਤਿ) ਇੱਜ਼ਤ (ਲੇਖੈ) ਪ੍ਰਵਾਣਗੀ 'ਚ (ਨਾ) ਨਹੀਂ (ਪਵੈ) ਪੈਂਦੀ, ਭਾਵ ਔਗੁਣਾਂ ਪਾਪਾਂ ਵਿਕਾਰਾਂ ਕਰਕੇ ਬੇਪਤਿ ਹੈ, ਤਾਂ ਓਸ ਨੇ ਜੋ ਆਪਣੀਆਂ (ਪੂਜ) ਪੂਜਾ ਕਰਾਈ ਹੈ, ਉਹ (ਸਭਾ) ਸਾਰੀ, ਉਸ ਨੂੰ ਖੁਆਰੁ ਕਰਨ ਵਾਲੀ ਹੈ, ਭਾਵ ਔਗੁਣ ਵਿਕਾਰ ਜਮ ਰੋਗ ਉਸ ਨੂੰ ਮਾਰ ਕੇ ਬਰਬਾਦ ਕਰਦੇ ਹਨ॥੨॥ ਕੈਂਸਰ ਏਡਜ਼ ਆਦਿ ਭੈੜੀਆਂ ਤੋਂ ਭੈੜੀਆਂ ਬੀਮਾਰੀਆਂ ਦੇ ਜਿਰਮ ਅੰਦਰ ਪੈਦਾ ਹੋ ਜਾਂਦੇ ਹਨ।

੭੮. ੧ੴਸਤਿਗੁਰ ਪ੍ਰਸਾਦਿ॥ ਆਸਾ ਘਰੁ ੩ ਮਹਲਾ ੧॥ ਲਖ ਲਸਕਰ ਲਖ ਵਾਜੇ ਨੇਜੇ; ਲਖ ਉਠਿ ਕਰਹਿ ਸਲਾਮੁ॥ (੧ੴ) ਦ੍ਵੈਤ ਰਹਿਤ ਇੱਕ ਵਾਹਿਗੁਰੂ ਜੀ, ਸਭ ਜੀਅ ਜੰਤ ਅਸੰਖ ਬ੍ਰਹਮੰਡਾਂ ਦੇ ਪ੍ਰਕਾਸ਼ਕ ਹਨ। ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ. ਕਲ ਰਾਖੀ ਮੇਰੀ॥ ਅਨੁਸਾਰ (ਸਤਿਗੁਰ) (ਸਤਿ+ਗੁਰ) (ਗੁਰ) ਵੱਡੇ ਪੂਜਨੀਕ (ਸਤਿ) ਸੱਚੇ (ਗੁਰ) ਨਿਰੇ ਪ੍ਰਕਾਸ਼ ਹੀ ਪ੍ਰਕਾਸ਼ (ਪ੍ਰਸਾਦਿ) ਅਨੰਦ ਸਰੂਪ (ਪ੍ਰਸਾਦਿ) ਕ੍ਰਿਪਾ ਸਰੂਪ ਭਾਵ ਗੁਰੂ ਪ੍ਰਮੇਸਰ ਜੀ ਅਗਮ ਅਪਾਰ ਨਿਰੇ ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। (ਪ੍ਰ+ਸਾਦਿ) (ਪ੍ਰ) ਪਰੇ ਹਨ (ਸਾਦਿ) ਸੁਆਦ ਤੋਂ, ਭਾਵ ਇੰਦ੍ਰਿਆਂ ਦੇ ਸੁਆਦ ਤੋਂ ਰਹਿਤ ਹਨ। ਆਸਾ ਰਾਗ 'ਚ (੧) ਪਹਿਲੇ (ਮਹਲਾ) ਸਰੂਪ ਸਤਿਗੁਰੂ ਨਾਨਕਦੇਵ ਸਾਹਿਬ ਜੀ (੩) ਤੀਜੇ ਘਰੁ ਸੁਰਤਾਰ 'ਚ, ਇੱਜ਼ਤ ਇਖ਼ਲਾਕ ਬਖ਼ਸ਼ਣ ਵਾਲਾ ਮਹਾਂ ਵਿਸਮਾਦ ਅਮੋਲਕ ਗੁਰਸਬਦ ਫ਼ੁਰਮਾਉਂਦੇ ਹਨ:-

ਲਖ ਲਸਕਰ ਲਖ ਵਾਜੇ ਨੇਜੇ; ਲਖ ਉਠਿ ਕਰਹਿ ਸਲਾਮੁ॥ ਹੇ ਜੀਵ! ਭਾਵੇਂ ਤੂੰ ਚੱਕ੍ਰਵਰਤੀ ਬਾਦਸ਼ਾਹ ਹੋਵੇਂ। ਜਿੱਧਰ ਜਾਵੇਂ ਤੇਰੇ ਸਤਿਕਾਰ ਲਈ (ਨੇਜੇ) ਨੇਜ਼ਿਆਂ ਵਾਲੀਆਂ (ਲਖ) ਲੱਖਾਂ (ਲਸਕਰ) ਫੌਜਾਂ, ਜਿੱਤ ਦੇ (ਲਖ) ਲੱਖਾਂ ਵਾਜੇ ਵਜਾ ਕੇ, (ਲਖ) ਲੱਖਾਂ ਹੀ ਫ਼ੌਜਾਂ ਉਠਿ ਕੇ ਤੈਨੂੰ (ਸਲਾਮੁ) ਨਮਸਕਾਰ (ਕਰਹਿ) ਕਰਨ। ਯਥਾ:- ਸੁਲਤਾਨੁ ਹੋਵਾ, ਮੇਲਿ ਲਸਕਰ; ਤਖਤਿ ਰਾਖਾ ਪਾਉ॥ ਹੁਕਮੁ ਹਾਸਲੁ ਕਰੀ ਬੈਠਾ; ਨਾਨਕਾ ਸਭ ਵਾਉ॥

ਲਖਾ ਉਪਰਿ. ਫੁਰਮਾਇਸਿ ਤੇਰੀ; ਲਖ ਉਠਿ ਰਾਖਹਿ ਮਾਨੁ॥ ਹੇ ਜੀਵ! ਭਾਵੇਂ ਲਖਾ ਮਹਾਰਾਜਿਆਂ ਉਪਰਿ ਤੇਰੀ (ਫੁਰਮਾਇਸਿ) ਹਕੂਮਤ ਹੋਵੇ, ਹੁਕਮ ਚਲਦਾ ਹੋਵੇ। (ਲਖ) ਲੱਖਾਂ ਹੀ ਮਹਾਰਾਜੇ ਉਠਿ ਕੇ ਤੇਰਾ ਮਾਨੁ ਸਤਿਕਾਰ (ਰਾਖਹਿ) ਰੱਖਣ ਭਾਵ ਕਰਨ।

ਜਾਂ ਪਤਿ ਲੇਖੈ ਨਾ ਪਵੈ; ਤਾਂ ਸਭਿ ਨਿਰਾਫਲ ਕਾਮ॥੧॥ ਹੇ ਜੀਵ! (ਜਾਂ) ਜੇਕਰ ਤੇਰੀ (ਪਤਿ) ਇੱਜ਼ਤ (ਲੇਖੈ) ਪ੍ਰਵਾਨਗੀ 'ਚ ਨਾ ਪਵੈ, ਤਾਂ ਉਪ੍ਰੋਕਤ ਚੱਕ੍ਰਵਰਤੀ ਬਾਦਸਾਹ ਬਣ ਕੇ, ਲੱਖਾਂ ਰਾਜਿਆਂ ਨੇਜ਼ਿਆਂ ਵਾਲੀਆਂ ਫ਼ੌਜਾਂ ਤੋਂ ਸਲਾਮਾਂ ਕਰਾਉਣ ਦੇ ਸਭਿ (ਕਾਮ) ਕੰਮ, (ਨਿਰਾਫਲ) ਬਿਅਰਥ ਹਨ॥੧॥ ਯਥਾ:- ਰਾਜ ਲੀਲਾ. ਰਾਜਨ ਕੀ ਰਚਨਾ; ਕਰਿਆ ਹੁਕਮੁ ਅਫਾਰਾ॥ ਸੇਜ ਸੋਹਨੀ. ਚੰਦਨੁ ਚੋਆ; ਨਰਕ ਘੋਰ ਕਾ ਦੁਆਰਾ॥

ਹਰਿ ਕੇ ਨਾਮ ਬਿਨਾ; ਜਗ ਧੰਧਾ॥ ਇੱਜ਼ਤ ਵਾਲੇ ਜੀਵਨ, ਹਰਿ ਜੀ (ਕੇ) ਦੇ ਨਾਮ ਦੀ ਪ੍ਰਾਪਤੀ ਤੋਂ ਬਿਨਾ, ਸਾਰਾ ਜਗ (ਧੰਧਾ) ਧਾ ਜਾਣ ਵਾਲਾ ਹੈ, ਭਾਵ ਚਲੇ ਜਾਣ ਵਾਲਾ ਨਾਸਵੰਤ, ਉਲਝਣ ਰੂਪ, ਮਾਇਕੀ ਧੰਧਾ ਹੈ।

ਜੇ ਬਹੁਤਾ ਸਮਝਾਈਐ ਭੋਲਾ; ਭੀ ਸੋ ਅੰਧੋ ਅੰਧਾ॥੧॥ਰਹਾਉ॥ (ਭੋਲਾ) ਸਾਊ ਗੁਰਮੁਖਿ ਉਪਦੇਸ਼ ਜੇ ਬਹੁਤਾ ਵੀ (ਸਮਝਾਈਐ) ਸਮਝਾਉਣਾ ਕਰੀਏ, ਫੇਰ ਭੀ (ਸੋ) ਉਹ ਬੇਪਤਿ ਜੀਵ (ਅੰਧੋ) ਅੰਧਾ ਹੀ ਅੰਧਾ ਹੈ। ਕਿਉਂ ਜੋ ਅੰਧਾ ਹੋ ਕੇ, ਵਿਸ਼ਿਆਂ 'ਚ ਲੱਗ ਕੇ, ਅੰਧਾ ਹੋ ਜਾਂਦਾ ਹੈ॥੧॥ ਯਥਾ:- ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ. ਤ੍ਰਿਸਨ ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥੧॥) (ਰਹਾਉ) ਵਿਸਰਾਮ ਦੇ ਕੇ ਫ਼ੁਰਮਾਉਂਦੇ ਹਨ:-

ਲਖ ਖਟੀਅਹਿ. ਲਖ ਸੰਜੀਅਹਿ ਖਾਜਹਿ; ਲਖ ਆਵਹਿ ਲਖ ਜਾਹਿ॥ ਹੇ ਜੀਵ! ਧਨੀ ਸ਼ਾਹੂਕਾਰ ਬਣ ਕੇ, ਭਾਵੇਂ ਤੂੰ ਨਿੱਤ ਦੇ (ਲਖ) ਲੱਖਾਂ ਰੁਪਈਏ (ਖਟੀਅਹਿ) ਕਮਾਵੇਂ, (ਲਖ) ਲੱਖਾਂ ਹੀ (ਸੰਜੀਅਹਿ) ਇਕੱਤ੍ਰ ਕਰੇਂ, ਨਸ਼ੇ ਮਾਸ ਮੰਦ ਕਰਮ ਕਰਕੇ, ਲੱਖਾਂ ਹੀ (ਖਾਜਹਿ) ਖਾ, ਖੁਆ ਦੇਵੇਂ। (ਲਖ) ਲੱਖਾਂ ਹੀ ਰੁਪਈਏ ਨਿੱਤ (ਆਵਹਿ) ਆਉਂਦੇ ਹੋਣ, (ਲਖ) ਲੱਖਾਂ ਹੀ (ਜਾਹਿ) ਜਾਂਦੇ ਹੋਣ।

ਜਾਂ ਪਤਿ ਲੇਖੈ ਨਾ ਪਵੈ; ਤਾਂ ਜੀਅ ਕਿਥੈ ਫਿਰਿ ਪਾਹਿ॥੨॥ ਉਪ੍ਰੋਕਤ ਧਨ ਪਦਾਰਥ ਕੋਲ਼ੇ ਹੁੰਦਿਆਂ, (ਜਾਂ) ਜੇਕਰ ਤੇਰੀ (ਪਤਿ) ਇੱਜ਼ਤ, (ਲੇਖੈ) ਪ੍ਰਵਾਨਗੀ 'ਚ ਨਾ ਪਵੈ, ਤਾਂ ਫਿਰਿ ਜੀਅ ਲੋਕ ਪ੍ਰਲੋਕ 'ਚ (ਪਤਿ) ਇੱਜ਼ਤ ਕਿਥੈ, (ਪਾਹਿ) ਪਾਵੇਗਾ? ਨਰਕ 'ਚ ਹੀ ਪਾਇਆ ਜਾਵੇਗਾ॥੨॥

ਲਖ ਸਾਸਤ ਸਮਝਾਵਣੀ; ਲਖ ਪੰਡਿਤ ਪੜਹਿ ਪੁਰਾਣ॥ ਹੇ ਜੀਵ! ਭਾਵੇਂ ਤੂੰ ਐਡਾ ਵੱਡਾ ਵਿੱਦਵਾਨ ਬਣ ਜਾਵੇਂ, (ਲਖ) ਲੱਖਾਂ (ਪੰਡਿਤ) ਵਿੱਦਵਾਨ ਤੇਰੇ ਪਾਸ, ਲੱਖਾਂ ਪੁਰਾਣ (ਪੜਹਿ) ਪੜ੍ਹਦੇ ਹੋਣ, ਉਨ੍ਹਾਂ ਨੂੰ (ਲਖ) ਲੱਖਾਂ (ਸਾਸਤ) ਸਾਸਤ੍ਰਾਂ ਦੀ ਵਿੱਦਿਆ (ਸਮਝਾਵਣੀ) ਸਮਝਾਉਣੀ ਪੜ੍ਹਾਉਣੀ ਕਰੇਂ, ਭਾਵੇਂ ਐਡਾ ਵੱਡਾ ਮੰਨਿਆਂ ਪ੍ਰਮੰਨਿਆਂ ਵਿੱਦਵਾਨ ਹੋਵੇਂ।

ਕੁ-ਪਰਵਾਣ- ਜਾਂ ਪਤਿ ਲੇਖੈ ਨਾ ਪਵੈ; ਤਾਂ ਸਭੇ ਕੁਪਰਵਾਣ॥੩॥ ਲੱਖਾਂ ਪੰਡਿਤਾਂ ਨੂੰ ਲੱਖਾਂ ਪੁਰਾਣ ਸਾਸਤ੍ਰ ਪੜ੍ਹਾਉਣ ਵਾਲੇ ਵਿੱਦਵਾਨ ਦੀ, (ਜਾਂ) ਜੇਕਰ (ਪਤਿ) ਇੱਜ਼ਤ (ਲੇਖੈ) ਪ੍ਰਵਾਨਗੀ 'ਚ ਨਾ ਪਵੈ, ਭਾਵ ਮੰਦਕਰਮੀ ਵਿਭਚਾਰੀ ਹੈ, ਤਾਂ ਸਭੇ ਪੁਰਾਣ ਸਾਸਤ੍ਰ ਪੜ੍ਹੇ ਪੜ੍ਹਾਏ (ਕੁਪਰਵਾਣ) ਪਰਵਾਨ ਨਹੀਂ॥੩॥ ਪ੍ਰੇਮੀਆਂ ਨੇ ਪੁੱਛਿਆ, "ਜੀ! ਇੱਜ਼ਤ ਕਿਵੇਂ ਪੈਦਾ ਹੋਵੇ? ਉੱਤ੍ਰ:-

ਸਚ ਨਾਮਿ ਪਤਿ ਊਪਜੈ; ਕਰਮਿ ਨਾਮੁ ਕਰਤਾਰੁ॥ ਕਰਤਾਰੁ ਦੀ ਕਰਮਿ ਬਖ਼ਸ਼ਿਸ਼ ਕਰਕੇ, (ਸਚ) ਸੱਚਾ ਨਾਮਿ ਜਪਣੇ ਕਰਕੇ, ਨਾਮੁ ਜਪਣ ਜਪਾਉਣ ਵਾਲੀ (ਪਤਿ) ਇੱਜ਼ਤ (ਊਪਜੈ) ਪੈਦਾ ਹੁੰਦੀ ਹੈ।

ਅਹਿਨਿਸਿ ਹਿਰਦੈ ਜੇ ਵਸੈ; ਨਾਨਕ ਨਦਰੀ ਪਾਰੁ॥੪॥੧॥੩੧॥ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਇੱਜ਼ਤ ਇਖ਼ਲਾਕ ਬਖ਼ਸ਼ਣ ਵਾਲੇ ਅਮੋਲਕ ਸਬਦ ਦੀ ਸੰਪੂਰਨਤਾ ਕਰਦਿਆਂ ਫ਼ੁਰਮਾ ਰਹੇ ਹਨ:- ਸਤਿਸੰਗੀ ਨਿਸ਼ਕਾਮੀ ਗੁਰੂ ਪ੍ਰੇਮੀ ਭਗਤ, ਜਿਸ ਨੂੰ ਸੱਚਾ ਨਾਮ ਦੇ ਜਪਣ ਜਪਾਉਣੇ ਕਰਕੇ, ਇੱਜ਼ਤ ਦੀ ਪ੍ਰਾਪਤੀ ਹੋਈ ਹੈ, (ਅਹਿਨਿਸਿ) (ਅਹਿ+ਨਿਸਿ) (ਅਹਿ) ਦਿਨ (ਨਿਸਿ) ਰਾਤ, ਓਸ ਦੇ ਹਿਰਦੈ 'ਚ, ਜੇ ਪ੍ਰਮੇਸਰ ਜੀ ਆਪ (ਵਸੈ) ਵਸਣ ਤਾਂ ਉਹ ਵਾਹਿਗੁਰੂ ਸਾਹਿਬ ਜੀ ਦੀ (ਨਦਰੀ) ਕ੍ਰਿਪਾ ਦ੍ਰਿਸਟੀ ਨਾਲ, ਪਾਪੀ ਜੀਵ ਵੀ, ਪਾਪਾਂ ਵਿਕਾਰਾਂ ਕੁਕਰਮਾਂ ਔਗੁਣਾਂ ਜਮਾਂ ਜੂਨਾਂ ਤੋਂ ਪਾਰੁ ਉਤਰ ਜਾਂਦਾ ਹੈ॥੪॥੧॥੩੧॥

੭੯. ਮਾਝ ਮਹਲਾ ੫॥ ਜਿਥੈ ਨਾਮੁ ਜਪੀਐ; ਪ੍ਰਭ ਪਿਆਰੇ॥ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ ਨਿਰਮਲ (ਮਹਲਾ) ਸਰੂਪ ਸਤਿਗੁਰੂ ਅਰਜਨਦੇਵ ਸਾਹਿਬ ਜੀ ਭਾਈ ਹੇਮੇ ਜੀ ਦੀ ਛੱਪਰੀ ਵਿੱਚ ਬੈਠੇ ਹਨ, ਜਿੱਥੇ ਹੁਣ ਗੁਰਦੁਆਰਾ ਖਾਨਛਾਪਰੀ ਸਾਹਿਬ ਜੀ ਹਨ। ਅੱਠੇ ਪਹਿਰ ਨਾਮ ਜਪਣ ਜਪਾਉਣ, ਪੂਰਨ ਦਰਵੇਸ਼ਾਂ ਵਾਲੀ

ਰੀਤ ਦ੍ਰਿੜਾਉਣ ਵਾਲਾ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਜੀ 'ਚ ਲੀਣਤਾ ਕਰਾਉਣ ਵਾਲਾ, ਸਤਸੰਗਤ ਜੀ ਤੇ ਸੱਚੇ ਨਾਮ ਜੀ ਦੀ ਸੱਚੀ ਮਹਿਮਾ ਨਾਲ ਭਰਿਆ ਅੰਮ੍ਰਿਤ ਗੁਰਸਬਦ ਮਾਝ ਰਾਗ ਵਿੱਚ ਫ਼ੁਰਮਾ ਰਹੇ ਹਨ ਜੀ:-

ਜਿਥੈ ਨਾਮੁ ਜਪੀਐ; ਪ੍ਰਭ ਪਿਆਰੇ॥ ਹੇ ਗੁਰਸਿੱਖੋ! ਜਿਥੈ ਪਿਆਰੇ (ਪ੍ਰਭ) ਪ੍ਰਕਾਸ਼ ਸਰੂਪ ਵਾਹਿਗੁਰੂ ਬ੍ਰਹਮ ਜੀ ਦੇ ;ਨਾਨਕ ਨਾਮ ਅਮੋਲ॥ ਅਮੋਲਕ ਨਿਰਮਲ ਸੱਚੇ ਨਾਮੁ ਗੁਰਬਾਣੀ ਜੀ (ਜਪੀਐ) ਜਪੀਦੇ ਹਨ।

ਸੇ ਅਸਥਲ; ਸੋਇਨ ਚਉਬਾਰੇ॥ (ਸੇ) ਉਹ ਉੱਜੜੇ (ਅਸਥਲ) ਥਾਂ ਭੀ (ਸੋਇਨ) ਸੋਨੇ ਦੇ ਚਉਬਾਰੇ ਵਾਂਗ ਅਤਿਅੰਤ ਹੀ ਸੋਭਨੀਕ ਪਰਮਪੂਜਨੀਕ ਪਵਿੱਤ੍ਰ ਹੋ ਜਾਂਦਾ ਹੈ ਜੀ। ਜਿਵੇਂ ਭਾਈ ਹੇਮੇ ਜੀ ਦੀ ਛੱਪਰੀ ਦੇ ਥਾਂ ਗੁਰਦੁਆਰਾ ਖਾਨਛਾਪਰੀ ਸਾਹਿਬ ਜੀ ਵਿੱਚ ਹੁਣ ਸੁਨੈਹਰੀ ਕਲਸ ਝੁੱਲ ਰਿਹਾ ਹੈ, ਤੇ ਜਗਤ ਗੁਰੂ, ਬਿਅੰਤ ਬ੍ਰਹਮੰਡਾਂ ਦੇ ਮਾਲਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਹੁਣ ਗੁਰਤਾ ਬਿਰਾਜਮਾਨ, ਅਪਣੇ ਸੁੰਦਰ ਇਲਾਹੀ ਦਰਸਨ ਬਖ਼ਸ਼ ਰਹੇ ਹਨ ਜੀ। ਯਥਾ:- ਕਬੀਰ. ਸੰਤਨ ਕੀ ਝੁੰਗੀਆ ਭਲੀ; ਭਠਿ ਕੁਸਤੀ ਗਾਉ॥ ਆਗਿ ਲਗਉ. ਤਿਹ ਧਉਲਹਰ; ਜਿਹ. ਨਾਹੀ ਹਰਿ ਕੋ ਨਾਉ॥੧੫॥

ਅੰਤਰੀਵ ਅਰਥ:- ਜਿਹੜੇ ਪਿਆਰੇ ਵਿਰਾਗੀ ਤਿਆਗੀ ਗੁਰਮੁਖਿ ਅਪਨੇ ਰਿਦੇ ਵਿੱਚ, ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥ ਅਨੁਸਾਰ ਹਰ ਵੇਲੇ ਰੋਮ ਰੋਮ ਦੇ ਨਾਲ ਸੱਚੇ ਨਾਮ ਜੀ ਜਪਦੇ ਹਨ। ਉਨ੍ਹਾਂ ਦੇ ਰਿਦੇ ਸਤ ਸੰਤੋਖ ਗ੍ਰੀਬੀ ਪ੍ਰੇਮਾ ਭਗਤੀ ਸ਼ੁਭ ਗੁਣਾਂ ਨਾਲ ਸੋਭਨੀਕ ਹੋ ਜਾਂਦੇ ਹਨ। ਵਿਸਮਾਦ ਹੀ ਵਿਸਮਾਦ ਹੋ ਕੇ ਅੱਠੇ ਪਹਿਰ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਮਾਗ਼ 'ਚ ਗੁਰਬਾਣੀ ਦਾ ਅਨੰਦ ਮਾਣਦੇ ਹਨ ਜੀ। ਯਥਾ:- ਧੰਨਿ ਸੁ ਰਿਦਾ; ਜਿਹ ਚਰਨ ਬਸਾਇਆ॥ ਚਰਨ ਬਸਾਇਆ. ਸੰਤ ਸੰਗਾਇਆ; ਅਗਿਆਨ ਅੰਧੇਰੁ ਗਵਾਇਆ॥ ਭਇਆ ਪ੍ਰਗਾਸੁ. ਰਿਦੈ ਉਲਾਸੁ; ਪ੍ਰਭੁ ਲੋੜੀਦਾ ਪਾਇਆ॥ ਦੁਖੁ ਨਾਠਾ. ਸੁਖੁ ਘਰ ਮਹਿ ਵੂਠਾ; ਮਹਾ ਅਨੰਦ ਸਹਜਾਇਆ॥ ਕਹੁ ਨਾਨਕ. ਮੈ ਪੂਰਾ ਪਾਇਆ; ਕਰਿ ਕਿਰਪਾ. ਅਪੁਨੇ ਪਹਿ ਆਇਆ॥

(ਨੱਗਰ) ਜਿਥੈ. ਨਾਮੁ ਨ ਜਪੀਐ, ਮੇਰੇ ਗੋਇਦਾ; ਸੇਈ ਨਗਰ ਉਜਾੜੀ ਜੀਉ॥ ਹੇ (ਜੀਉ) ਪਿਆਰੇ ਗੁਰਸਿੱਖੋ! ਜਿਥੈ (ਮੇਰੇ) ਦਾਸਨਦਾਸ ਦੇ ਪਿਆਰੇ (ਗੋਇਦਾ) ਨਿਰਗੁਨ ਨਿਰੰਕਾਰ ਵਾਹਿਗੁਰੂ ਜੀ, ਪੂਰਨ ਤੇਜ਼ ਹੀ ਤੇਜ਼ ਪ੍ਰਚੰਡ ਬ੍ਰਹਮ ਜੀ ਦੇ ਅਨਤ ਕਲਾਵਾਨ ਪੂਰਨ ਮੇਹਰਵਾਨ ਪੂਰਨ ਗੁਰੂ ਅਵਤਾਰ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਮਲ ਸੱਚੇ ਨਾਮੁ ਜੀ (ਨ) ਨਹੀਂ (ਜਪੀਐ) ਜਪੀਦੇ। (ਸੇਈ) ਉਹ ਨਗਰ ਸੱਚੀ ਸਤਸੰਗਤ ਤੋਂ ਬਿਨਾ (ਉਜਾੜੀ) ਉਜਾੜ ਬਣ ਜਾਂਦੀ ਹੈ। ਜਿਵੇਂ ਖਾਨਾਂ ਦਾ ਖਾਨਪੁਰ ਪਿੰਡ ਥੇਹ ਬਣਿਆ ਪਿਆ ਹੈ ਜੀ। ਅਥਵਾ ਸਿਮਰਨ ਹੀਣ ਜੀਵ ਦਾ ਰਿਦਾ ਰੂਪੀ ਨੱਗਰ ਸ਼ੁਭ ਗੁਣਾਂ ਤੋਂ ਰਹਿਤ, ਵਿਕਾਰਾਂ ਸਹਿਤ ਉਜਾੜ ਬਣ ਜਾਂਦਾ ਹੈ।

ਹਰਿ; ਰੁਖੀ ਰੋਟੀ ਖਾਇ ਸਮਾਲੇ॥) ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਅਨੁਸਾਰ ਦਰਵੇਸਾਂ ਵਾਂਗ ਦਾਲ ਭਾਜੀ ਬਿਨਾ (ਰੁਖੀ) ਅਨਚੋਪੜੀ ਰੋਟੀ ਖਾਇ ਕੇ (ਹਰਿ) ਹਰੀ ਵਾਹਿਗੁਰੂ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਜੀ ਦਾ ਨਾਮ, ਨਿਮਖ ਨਿਮਖ ਸੁਆਸ ਸੁਆਸ ਰੋਮ ਰੋਮ ਦੇ ਪਿਆਰ ਨਾਲ (ਸਮਾਲੇ) ਯਾਦ ਕਰੇ। ਯਥਾ:- ਫਰੀਦਾ. ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥

(ਹ ਮੁਕਤਾ ਰ ਸਿਹਾਰੀ ਲਾ ਕੇ, ਬਾ-ਹਰਿ) ਹਰਿ ਅੰਤਰਿ ਬਾਹਰਿ; ਨਦਰਿ ਨਿਹਾਲੇ॥ (ਹਰਿ) ਸੱਚੇ ਗੁਰਬਾਣੀ ਜੀ ਦੇ ਲਗਾਂ ਅੱਖਰਾਂ ਨੂੰ ਅੰਤਰਿ ਬਾਹਰਿ ਵਿਰਾਗ ਤੇ ਵਿਵੇਕ ਰੂਪੀ ਅੱਖਾਂ ਨਾਲ ਪ੍ਰੇਮ ਰੂਪੀ (ਨਦਰਿ) ਨਿਗ੍ਹਾ ਨਾਲ ਸੁਰਤ 'ਚ (ਨਿਹਾਲੇ) ਦੇਖਣਾ ਕਰੇ।

ਪ੍ਰੇਮ ਬਿਨੈ:- ਅਰਦਾਸ ਕਰਨੀ ਦਾਸਨਦਾਸ ਨੂੰ ਗੁਰਬਾਣੀ ਦੀਆਂ ਲਗਾਂ ਅਰਥਾਂ ਬਿਸ੍ਰਾਮਾਂ ਸਹਿਤ ਸਤਿਗੁਰੂ ਗ੍ਰੰਥ ਸਾਹਿਬ ਜੀ ਅੰਦਰ ਬਾਹਰ ਦਰਸ਼ਨ ਬਖ਼ਸ਼ਣ ਜੀ!

ਸਾਖੀ ਬ੍ਰਹਮਗਿਆਨੀ; ਸਗਲ ਕੀ ਰੀਨਾ॥ ਪੂਰਨ ਬ੍ਰਹਮਗਿਆਨੀ ਸੱਚੇ ਪੱਕੇ ਸੰਤ ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਨੇ ਅਪਣੇ ਅੰਦਰ ਬਾਹਰ ਅਜਪਾ ਜਾਪ ਗੁਰਬਾਣੀ ਗੁਰੂ ਜੀ ਦੀ ਸਾਖਿਆਤਤਾ ਕਰਨੀ:- {ਵਾਹਿਗੁਰੂ ਸਤਿਗੁਰੂ ਨੌਂਵੇਂ ਪਾਤਿਸ਼ਾਹ ਜੀ ਦੇ ਪਰਮਪਵਿੱਤ੍ਰ ਸ਼ਹੀਦ ਹੋਏ ਸੀਸ ਸਾਹਿਬ ਜੀ ਨੂੰ, ਭਾਈ ਜੀਵਨ ਸਿੰਘ ਜੀ ਨੇ ਦਿੱਲੀਓਂ ਲਿਆਉਂਦਿਆਂ, ਪਿੰਡ ਨਾਭਾ ਸਾਹਿਬ ਜੀ (ਚੰਡੀਗੜ੍ਹ) ਵਿਸ਼ਰਾਮ ਕੀਤਾ ਸੀ, ਇੱਥੇ ਸ਼੍ਰੀ ਗੁਰੂ ਦਸਵੇਂ ਪਾਤਿਸਾਹ ਜੀ ਨੇ ਭੀ ਪਰਮਪਵਿੱਤ੍ਰ ਸੱਚੇ ਚਰਨ ਪਾਏ ਹਨ} ਪਰਮਪੂਜਨੀਕ ਬਾਬਾ ਜੀ ਨੇ, ਜੱਥੇ ਸਮੇਤ ਇੱਥੇ ਪੰਜ ਇਕੋਤ੍ਰੀਆਂ (ਇੱਕ ਇਕੋਤ੍ਰੀ=੧੦੧ ਅਖੰਡ ਪਾਠ) ਕੀਤੀਆਂ ਸਨ, ਇੱਥੇ ਦਾਸਨਦਾਸ ਚਰਨਕਮਲਾਂ ’ਚ ਬੈਠਾ ਸੀ, ਸੰਤਾਂ ਮਹਾਂਪੁਰਸ਼ਾਂ ਨੇ ਸੰਤ ਬਾਬਾ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਤੋਂ ਰਾਤ ਦਾ ਨਿੱਤਨੇਮ ਸੁਣਦਿਆਂ ਕਿਹਾ, “ਅੱਜ ਬੜੀ ਭਾਰੀ ਕ੍ਰਿਪਾ ਹੋ ਰਹੀ ਹੈ, ਜੋ ਦਾਸਨਦਾਸ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਸੁਰਤ ’ਚ ਗੁਰਬਾਣੀ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਦਰਸ਼ਨ ਕਰਵਾ ਰਹੇ ਹਨ।” ਅੱਗੋਂ ਹੱਥ ਜੋੜ ਕੇ ਪੁੱਛਿਆ, “ਜੀ ਕਿਹੜੀ?” ਉੱਤ੍ਰ:- “ਸਾਰਗ ਮਹਲਾ ੫॥ ਟੂਟੀ ਨਿੰਦਕ ਕੀ; ਅਧ ਬੀਚ॥ ਜਨ ਕਾ ਰਾਖਾ ਆਪਿ ਸੁਆਮੀ; ਬੇਮੁਖ ਕਉ. ਆਇ ਪਹੂਚੀ ਮੀਚ॥੧॥ ਇਹ ਤੁਕ ਦਿਸਦੀ ਹੈ।”

ਇੱਥੇ ਹੀ ਫਿਰ ਇੱਕ ਵਾਰੀ ਨਿੱਤਨੇਮ ਸੁਣਦਿਆਂ ਨੇ ਦਾਸਨਦਾਸ ਦੇ ਕੋਲੇ ਬੈਠਿਆਂ ਕਿਹਾ, “ਕਰਤਾਰ ਸਿੰਘ ਜੀ! ਅੱਜ ਸ੍ਰੀ ਕਲਗੀਧਰ ਸਾਹਿਬ ਜੀ ਦੀ ਬੜੀ ਭਾਰੀ ਕ੍ਰਿਪਾ ਹੋ ਰਹੀ ਹੈ, ਜੋ ਭਾਰੀ ਬੀਰ ਰਸ ’ਚ, ਸ੍ਰੀ ਚਮਕੌਰ ਸਾਹਿਬ ਜੀ ਗੜ੍ਹੀ ਵਿਖੇ, ਉੱਚੀ ਅਟਾਰੀ ’ਚ ਜੰਗ ਕਰਦਿਆਂ ਦੇ ਲੱਕ ਤੋਂ ਉਤਾਂਹ ਉਤਾਂਹ, ਪਰਮਪਵਿੱਤ੍ਰ ਸ਼ੁਭ ਸੱਚੇ ਅਮੋਲਕ ਦਰਸ਼ਨ ਹੋ ਰਹੇ ਹਨ, ਚਿਹਰੇ ’ਤੇ ਬੜੀ ਭਾਰੀ ਬੀਰ ਰਸੀ ਲਾਲੀ ਹੈ। ਚੱਕ੍ਰਾਂ ਦੇ ਚਮਕਾਰੇ, ਚਿਹਰੇ ਦਾ ਜਮਾਲ ਜਲਾਲ ਤੇਜ਼ ਪ੍ਰਕਾਸ਼ ਝੱਲਿਆ ਨਹੀਂ ਜਾਂਦਾ, ਭਾਵ ਤੇਜ਼ ਪ੍ਰਕਾਸ਼ ਨੂਰ, ਨੂਰ ਹੀ ਨੂਰ ਹੈ, ਇਹ ਸਭ ਗੁਰਬਾਣੀ ਦਾ ਹੀ ਪ੍ਰਤਾਪ ਹੈ, ਜੋ ਐਸੇ ਵਿਸਮਾਦ ਅਸਚਰਜ ਸੱਚੇ ਦਰਸ਼ਨ ਹੋ ਰਹੇ ਹਨ।” ਇੱਥੇ ਹੀ ਇੱਕ ਦਿਨ ਆਪ ਜੀ ਨੇ ਦਾਸਨਦਾਸ ਨੂੰ ਕਿਹਾ, “ਉਰੇ ਹੋ! ਤੇਰੇ ਗਾਤਰੇ ’ਤੇ ਗੁਰਬਾਣੀ ਲਿਖੀ ਦਿਸਦੀ ਹੈ।”

ਇਸ ਤਰ੍ਹਾਂ ਇੱਕ ਵਾਰੀ ਗਾੜ੍ਹੀ ਹਨ੍ਹੇਰੀ ਰਾਤ ਸੀ, ਆਪ ਜੀ ਰਾਤ ਨੂੰ ਨਿੱਤਨੇਮ ਸੁਣਦਿਆਂ ਪਲੰਘ ’ਤੇ ਬਿਰਾਜੇ ਹੋਏ ਸਨ। ਗਾੜ੍ਹੇ ਅਨੰਦ ’ਚ ਲੀਨ ਹੋ ਕੇ ਕਿਹਾ, “ਜਿਵੇਂ ਤੁਹਾਨੂੰ ਅਕਾਸ਼ ’ਚ ਸੰਘਣੇ ਤਾਰੇ ਦਿਸ ਰਹੇ ਹਨ, ਇਉਂ ਦਾਸਨਦਾਸ ਨੂੰ ਸੁਰਤ ’ਚ ਅਰਥਾਂ ਸਹਿਤ ਸੱਚੇ ਗੁਰਬਾਣੀ ਜੀ ਦਿਸ ਰਹੇ ਹਨ” ਵਾਹੁ! ਵਾਹੁ! ਕੈਸੀ ਸ੍ਰਬ ਵਿਆਪੀ ਮਹਾਂ ਵਿਸਮਾਦ ਅਵਸਥਾ ਹੈ, ਜੋ ਸੁਰਤ ’ਚ ਸੱਚੇ ਗੁਰਬਾਣੀ ਦੇ ਪਰਮ ਮਨੋਹਰ ਸੱਚੇ ਦਰਸ਼ਨ ਹੋਣੇ! ਐਸੇ ਸੱਚੇ ਮਹਾਂਪੁਰਸ਼ਾਂ ਨੂੰ ਦਾਸਨਦਾਸ ਰੋਮ ਰੋਮ ਕਰਕੇ ਸਦਾ ਸਦਾ ਨਮਸਕਾਰ ਕਰਦਾ ਹੈ। ਕੋਈ ਵਿਰਲਾ ਵਿਰਲਾ ਸੱਚਾ ਮਹਾਂਪੁਰਸ਼ ਹੀ ਸੁਰਤ ’ਚ ਸੱਚੇ ਗੁਰਬਾਣੀ ਜੀ ਤੱਕਣ ਬਾਰੇ ਕਹਿੰਦਾ ਹੈ, ਨਹੀਂ ਤਾਂ ਠੱਗ ਕਹਿੰਦੇ ਹਨ, “ਮੈਨੂੰ ਫਲਾਨਾ ਭੂਤ ਦਿਸਦਾ ਹੈ।”

(ਬਦ-ਫੈਲੀ, ਵਿਸੁ ਪੋਲਾ) ਖਾਇ ਖਾਇ. ਕਰੇ ਬਦਫੈਲੀ; ਜਾਣੁ ਵਿਸੂ ਕੀ ਵਾੜੀ ਜੀਉ॥੨॥ ਮਨਮੁਖ ਤਰ੍ਹਾਂ ਤਰ੍ਹਾਂ ਦੇ ਪਦਾਰਥ (ਖਾਇ ਖਾਇ) ਖਾ ਖਾ ਕੇ (ਬਦਫੈਲੀ) ਜੋਰ ਜ਼ੁਲਮ, ਕੁਕਰਮ (ਕਰੇ) ਕਰਦਾ ਹੈ। ਹੇ (ਜੀਉ) ਪਿਆਰੇ ਗੁਰਮੁਖੋ! ਐਸੇ ਪੁਰਸ਼ਾਂ ਨੂੰ (ਵਿਸੂ) ਜ਼ਹਿਰ (ਕੀ) ਦੀ (ਵਾੜੀ) ਬਗੀਚੀ (ਜਾਣੁ) ਜਾਨਣਾ ਕਰੋ ਜੀ॥੨॥ ਯਥਾ:- ਬਾਬਾ.

ਹੋਰੁ ਖਾਣਾ; ਖੁਸੀ ਖੁਆਰੁ॥ ਜਿਤੁ ਖਾਧੈ. ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥੧॥) ਫਿਟੁ ਇਵੇਹਾ ਜੀਵਿਆ; ਜਿਤੁ ਖਾਇ ਵਧਾਇਆ ਪੇਟੁ॥ ਨਾਨਕ ਸਚੇ ਨਾਮ ਵਿਣੁ; ਸਭੋ ਦੁਸਮਨੁ ਹੇਤੁ॥) ਅੰਮ੍ਰਿਤੁ ਛੋਡਿ. ਬਿਖੁ ਲਗੇ; ਬਿਖੁ ਖਟਣਾ ਬਿਖੁ ਰਾਸਿ॥ ਬਿਖੁ ਖਾਣਾ ਬਿਖੁ ਪੈਨਣਾ; ਬਿਖੁ ਕੇ ਮੁਖਿ ਗਿਰਾਸ॥

ਸੰਤਾ ਸੇਤੀ; ਰੰਗੁ ਨ ਲਾਏ॥ ਮਨਮੁਖ, (ਸੰਤਾ) ਸੱਚੇ ਸਤਿਗੁਰੂ ਸਾਹਿਬਾਨ ਜੀ ਅਤੇ ਸ਼ਾਂਤ ਆਤਮਾ ਸੰਤਾ (ਸੇਤੀ) ਨਾਲ (ਰੰਗ) ਪ੍ਰੇਮ (ਨ) ਨਹੀਂ (ਲਾਏ) ਲਾਉਂਦਾ।

(ਵਿ-ਕਰਮ) ਸਾਕਤ ਸੰਗਿ; ਵਿਕਰਮ ਕਮਾਏ॥ ਸਾਕਤ (ਸੰਗਿ) ਨਾਲ ਰਲ ਕੇ ਦਿਨ ਰਾਤ (ਵਿਕਰਮ) ਖੋਟੇ ਕਰਮ (ਕਮਾਏ) ਕਮਾਉਂਦਾ ਹੈ।

(ਦੁ-ਲਭ) ਦੁਲਭ ਦੇਹ ਖੋਈ ਅਗਿਆਨੀ; ਜੜ ਅਪੁਣੀ ਆਪਿ ਉਪਾੜੀ ਜੀਉ॥੩॥ ਹੇ (ਜੀਉ) ਪਿਆਰੇ ਗੁਰਮੁਖੋ! ਅਗਿਆਨੀ ਨੇ (ਦੁਲਭ) ਕਠਨ ਲੱਭਣ ਵਾਲੀ ਅਮੋਲਕ ਹੀਰੇ ਰੂਪੀ (ਦੇਹ) ਦੇਹੀ ਨੂੰ ਵਿਕਾਰਾਂ ਕੁਸੰਗਤ ਵਿੱਚ ਲੱਗ ਕੇ (ਖੋਈ) ਗੁਆ ਲਈ ਤੇ ਅਪੁਣੀ ਜੜ ਆਪਿ ਹੀ (ਉਪਾੜੀ) ਪੁੱਟ ਲਈ॥੩॥

ਤੇਰੀ ਸਰਣਿ; ਮੇਰੇ ਦੀਨ ਦਇਆਲਾ॥ ਕਰਤਾਪੁਰਖੁ ਗੁਰੂ ਨਾਨਕਦੇਵ ਸਾਹਿਬ ਜੀ ਦੇ ਪੰਜਵੇਂ ਸਰੂਪ, ਸਤਿਗੁਰੂ ਅਰਜਨਦੇਵ ਸਾਹਿਬ ਜੀ ਉੱਬਲਦੀ ਦੇਗ 'ਚ ਬੈਠਣ ਸਮੇਂ, ਤੱਤਾ ਰੇਤਾ ਸੀਸ 'ਤੇ ਪੈਣ, ਸੜਦੀ ਬਲਦੀ ਲੋਹ 'ਤੇ ਖੜ੍ਹਨ ਸਮੇਂ, ਗੁਰੂ ਦਰੋਹੀ ਚੰਡਾਲ ਚੰਦੂ ਦੇ ਘਰੇ ਪੰਜ ਦਿਨ ਭੁੱਖੇ ਉਨੀਂਦਰੇ ਤਿਹਾਏ ਰਹਿੰਦਿਆਂ, ਇਸ ਨਿਰਮਲ ਸੱਚੀ ਬਾਣੀ ਦੇ ਆਸਰੇ ਰਹੇ। ਆਪ ਜੀ ਨਿਮ੍ਰਤਾ, ਹਲੀਮੀ, ਗ੍ਰੀਬੀ, ਸਹਿਨਸ਼ੀਲਤਾ, ਖਿਮਾ, ਧੀਰਜ, ਸਹਜ, ਧਿਆਨ, ਭਾਉ ਭਗਤੀ ਸ਼ੁਭ ਗੁਣਾਂ ਦੇ ਅਵਤਾਰ ਹਨ। ਆਪ ਜੀ ਵਾਹਿਗੁਰੂ ਗੁਰੂ ਰਾਮਦਾਸ ਸਾਹਿਬ ਜੀ ਦੇ ਸਨਮੁਖ ਫ਼ੁਰਮਾਉਂਦੇ ਹਨ:- (ਮੇਰੇ) ਦਾਸਨਦਾਸ ਦੇ ਦੀਨ ਦਇਆਲਾ ਸਤਿਗੁਰੂ ਰਾਮਦਾਸ ਸਾਹਿਬ ਜੀਓ! ਦਾਸਨਦਾਸ (ਤੇਰੀ) ਆਪ ਜੀ ਦੀ ਸੱਚੀ ਸੁਖਦਾਇਕ ਅਟੱਲ ਅਵਿਨਾਸੀ ਸੱਚੀ ਸਰਣਿ ਹੈ।

ਸੁਖਸਾਗਰ; ਮੇਰੇ ਗੁਰ ਗੋਪਾਲਾ॥ ਕਰਿ ਕਿਰਪਾ. ਨਾਨਕੁ ਗੁਣ ਗਾਵੈ; ਰਾਖਹੁ ਸਰਮ ਅਸਾੜੀ ਜੀਉ॥੪॥੩੦॥੩੭॥ ਵਾਹਿਗੁਰੂ (ਨਾਨਕੁ) ਸਤਿਗੁਰੂ ਪੰਜਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਹੇ (ਸੁਖ+ਸਾਗਰ) (ਸੁਖ) ਸੁਖਾਂ ਦੇ (ਸਾਗਰ) ਸਮੁੰਦ੍ਰ, (ਗੋਪਾਲਾ) ਅਨੰਤ ਬ੍ਰਹਮੰਡ ਦੇ ਪਾਲਕ, ਅਜਪਾ ਜਾਪ ਵਾਹਿਗੁਰੂ ਗੁਰ ਜੀ, (ਮੇਰੇ) ਦਾਸਨਦਾਸ ਤੇ ਕਿਰਪਾ (ਕਰਿ) ਕਰੋ, ਜੋ ਦਾਸਨਦਾਸ ਆਪ ਜੀ ਦੇ ਅੰਮ੍ਰਿਤ ਰੂਪ ਪਰਮ ਮਨੋਹਰ ਗੁਣ ਸਦਾ (ਗਾਵੈ) ਗਾਉਂਦਾ ਰਹੇ। ਹੇ ਪਿਆਰੇ ਜੀਉ! ਗੁਣ ਗਾਉਣ ਦੀ ਅਮੋਲਕ ਦਾਤ ਬਖ਼ਸ਼ ਕੇ, (ਅਸਾੜੀ) ਦਾਸਨਦਾਸ ਦੀ ਸੰਗਤਾਂ ਸਮੇਤ (ਸਰਮ) ਲੱਜਿਆ ਰਾਖਹੁ ਜੀ॥੪॥੩੦॥੩੭॥ ਯਥਾ:- ਹਰਿ ਜੂ; ਰਾਖਿ ਲੇਹੁ ਪਤਿ ਮੇਰੀ॥) ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸ੍ਰਬੱਤ ਦਾ ਭਲਾ॥ ਸਿੱਧ ਕੀਤਾ ਹੈ।

੮੦. ਕੋਟਿ ਬ੍ਰਹਮੰਡਾਂ ਦੇ ਪਾਲਕ ਹੁੰਦਿਆਂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਪਤਿ ਇੱਜ਼ਤ ਦੀ ਪ੍ਰਾਪਤੀ ਲਈ ਪ੍ਰੇਮ ਬੇਨਤੀ ਸਹਿਤ ਅਰਦਾਸ ਕਰਦੇ ਹਨ:- ਹਰਿ ਜੂ; ਰਾਖਿ ਲੇਹੁ ਪਤਿ ਮੇਰੀ॥) ਆਪਣੀ ਨਦਰਿ ਕਰੇ ਪਤਿ ਰਾਖੈ; ਅਨੁਸਾਰ ਹੇ (ਹਰਿ) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਸਾਹਿਬ (ਜੂ) ਜੀ! ਅਪਣੀ ਸੱਚੀ ਸੁੱਚੀ ਉੱਚੀ ਨਿਰਮਲ ਨਦਰ ਪਾ ਕੇ (ਮੇਰੀ) ਦਾਸਨਦਾਸ ਦੀ (ਪਤਿ) ਇੱਜ਼ਤ ਲੋਕ ਪ੍ਰਲੋਕ 'ਚ (ਰਾਖਿ) ਰੱਖ (ਲੇਹੁ)

ਲਵੋ ਜੀ। ਯਥਾ:- ਜਨਮ ਮਰਣ ਨਿਵਾਰਿ ਧਰਣੀਧਰ; ਪਤਿ ਰਾਖੁ ਪਰਮਾਨੰਦ॥੨॥) ਮੇਰੇ ਸਤਿਗੁਰ ਹੀ ਪਤਿ ਰਾਖੁ॥) ਤੁਮ੍ਰੀ ਸਰਣਿ ਪਰੇ. ਪਤਿ ਰਾਖਹੁ; ਸਾਚੁ ਮਿਲੈ ਗੋਪਾਲਾ॥੭॥

੮੧. ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਙਿਆਨੀ ਧਨਵੰਤ॥) ਧਰਮ ਧੁਜਾ ਅਰਜੁਨੁ ਹਰਿ ਭਗਤਾ॥ ਜੀ ਸਤਿਗੁਰੂ ਗ੍ਰੰਥ ਸਾਹਿਬ ਜੀ ਗੁਰਮੁਖਾਂ ਨੂੰ ਔਗੁਣਾਂ ਵਿਕਾਰਾਂ, ਪਖੰਡ ਤੋਂ ਸੁਚੇਤ ਕਰਨ ਲਈ ਫ਼ੁਰਮਾਉਂਦੇ ਹਨ:- ਜੇ ਕੋਈ (ਅਤਿ) ਅਤਿਅੰਤ ਸੁੰਦਰ, (ਕੁਲੀਨ) ਉੱਚੀ ਕੁਲ ਵਾਲਾ (ਚਤੁਰ) ਸਿਆਣਾ ਹੋਵੇ। (ਮੁਖਿ) ਮੁੱਖੋਂ (ਙਿਆਨੀ) ਗਿਆਨ ਦੀਆਂ ਗੱਲਾਂ ਕਰਦਾ ਹੋਵੇ, (ਧਨਵੰਤ) ਦੁਨੀਆਵੀ ਧਨ ਵਾਲਾ ਧਨਾਢ ਹੋਵੇ।

ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ ਭਗਵੰਤ॥ (ਨਾਨਕਾ) ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਐਸੇ ਮਨੁੱਖ ਨੂੰ ਮਿਰਤਕ (ਕਹੀਅਹਿ) ਕਹਿਣਾ ਕਰੀਏ (ਜਿਹ) ਜਿਸ ਦੇ ਰਿਦੇ 'ਚ (ਭਗਵੰਤ) ਸੱਚੇ ਵਾਹਿਗੁਰੂ ਜੀ ਦੀ ਖਰੀ (ਪ੍ਰੀਤਿ) ਪ੍ਰੀਤੀ ਨਹੀ ਹੈ ਜੀ।

੮੨. ਅਗੈ ਜਾਤਿ ਨ ਜੋਰੁ ਹੈ; ਅਗੈ ਜੀਉ ਨਵੇ॥ ਸਤਿਗੁਰੂ ਗੁਰੂ ਗ੍ਰੀਬ ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਗੁਰਮੁਖੋ! ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਦੇ (ਅਗੈ) ਅੱਗੇ ਉੱਚੀ ਨੀਵੀਂ ਜਾਤਿ ਜਾਂ ਕਿਸੇ ਪ੍ਰਕਾਰ ਦਾ ਜੋਰੁ (ਨ) ਨਹੀਂ ਚੱਲਦਾ ਹੈ। ਉਹ ਹੀ ਪਿਆਰੇ ਗੁਰਮੁਖਿ ਪ੍ਰਵਾਨ ਹੁੰਦੇ ਹਨ ਜੋ (ਜੀਉ) ਜਿੰਦ ਜਾਨ ਰੋਮ ਰੋਮ ਕੁਰਬਾਨ ਕਰਕੇ ਗੁਰੂ ਸਾਹਿਬ ਜੀ ਦੇ ਅਗੈ ਨਿੰਮ੍ਰਤਾ ਗ੍ਰੀਬੀ ਸਹਿਤ ਰੋਮ ਰੋਮ ਦੇ ਨਾਲ (ਨਵੇ) ਨਿਵਦੇ ਹਨ। ਯਥਾ:- ਹੋਇ ਨਿਮਾਣੀ ਢਹਿ ਪਈ; ਮਿਲਿਆ ਸਹਜਿ ਸੁਭਾਇ॥) ਹੋਇ ਨਿਮਾਣੀ ਢਹਿ ਪਵਾ; ਪੂਰੇ ਸਤਿਗੁਰ ਪਾਸਿ॥

ਜਿਨ੍ ਕੀ ਲੇਖੈ ਪਤਿ ਪਵੈ; ਚੰਗੇ ਸੇਈ ਕੇਇ॥੩॥ (ਜਿਨ੍) ਜਿਨ੍ਹਾਂ ਜਤੀ ਸਤੀ ਨਿਰਮਲ ਗੁਰਮੁਖਾਂ (ਕੀ) ਦੀ (ਪਤਿ) ਇੱਜ਼ਤ (ਲੇਖੈ) ਲੇਖੇ 'ਚ (ਪਵੈ) ਪੈਂਦੀ ਹੈ, (ਸੇਈ) ਉਹੀ ਕ੍ਰੋੜਾਂ 'ਚੋਂ (ਕੇਇ) ਕੋਈ ਵਿਰਲੇ ਨਾਮ ਰਸੀਏ ਪਰਉਪਕਾਰੀ (ਚੰਗੇ) ਸੋਭਨੀਕ ਜਨ ਹਨ॥੩॥ ਯਥਾ:- ਕੋਟਿ ਮਧੇ ਕੋ ਵਿਰਲਾ ਸੇਵਕੁ; ਹੋਰਿ ਸਗਲੇ ਬਿਉਹਾਰੀ॥੧॥ਰਹਾਉ॥

੮੩. ਦ੍ਰੋਪਤੀ ਲਜਾ ਨਿਵਾਰਿ; ਉਧਾਰਣ॥ ਹੇ ਭਗਤ ਵਛਲ, ਦੀਨ ਦਇਆਲ, ਗ੍ਰੀਬ ਨਿਵਾਜ ਵਾਹਿਗੁਰੂ ਜੀ! ਹੰਕਾਰੀ ਦੁਰਜੋਧਨ ਆਦਿ ਜ਼ਾਲਮ ਦ੍ਰੋਪਤੀ ਜੀ ਨੂੰ ਲਜਾ ਦੇ ਰਹੇ ਸਨ। ਭਾਵ ਸਭਾ 'ਚ ਬੇ-ਪੜਦ, ਨੰਗੀ ਕਰਦੇ ਸਨ। ਪਰ ਆਪ ਜੀ ਨਗਨ ਹੋਣ ਤੋਂ ਬਚਾਅ ਕੇ, ਲਜਾ (ਨਿਵਾਰਿ) ਨਿਵਿਰਤ ਕਰਕੇ ਉਧਾਰਣ ਵਾਲੇ ਹੋਂ ਜੀ। ਯਥਾ:- ਦੁਹਸਾਸਨ ਕੀ ਸਭਾ ਦ੍ਰੋਪਤੀ; ਅੰਬਰ ਲੇਤ ਉਬਾਰੀਅਲੇ॥੧॥) ਫੁਨਿ ਦ੍ਰੋਪਤੀ ਲਾਜ ਰਖੀ, ਹਰਿ ਪ੍ਰਭ ਜੀ; ਛੀਨਤ ਬਸਤ੍ਰ. ਦੀਨ ਬਹੁ ਸਾਜ॥

੮੪. ਧੰਨ ਵਾਹਿਗੁਰੂ ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਸਾਹਿਬਾਨ ਜੀ, ਆਪ ਅਕਾਲਪੁਰਖੁ ਜੀ ਦੀ ਪਤੀਬ੍ਰਤਾ ਚੰਗੀ ਸੁਪਤਨੀ ਬਣ ਕੇ, ਸਾਨੂੰ ਸੱਚੇ ਕੰਤ ਭਗਵੰਤ ਪਤੀ ਪਰਮੇਸਰ ਜੀ ਦੀ ਸੁਪਤਨੀ ਬਨਣ ਦੀ ਜਾਚ ਸਿਖਾਉਂਦੇ ਹਨ। ਜਿਵੇਂ ਗੁਰਬਾਣੀ 'ਚ ਉਪਦੇਸ਼ ਬਖ਼ਸ਼ਦੇ ਹਨ:- ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ; ਤੇਹਾ ਕਰੀ ਸੀਗਾਰੁ॥੧॥) ਕਹਿ ਕਬੀਰ. ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥੩॥੨॥੨੪॥ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਸਰੂਪ 'ਚ ਹੰਗਤਾ ਉੱਕਾ ਹੀ ਨਹੀਂ। ਸਤਿਗੁਰੂ ਸਾਹਿਬ ਜੀ ਦਾ ਅਤੇ ਗੁਰਮੁਖਿ ਭਗਤਾਂ ਜੀ ਦਾ ਆਸ਼ਾ ਇੱਕ ਹੈ। ਹੁਣ ਭਗਤ ਧੰਨਾ ਜੀ ਦੀ ਪਵਿੱਤ੍ਰ ਰਸਨਾ ਦੁਆਰਾ ਫ਼ੁਰਮਾਉਂਦੇ ਹਨ:-

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥ ਭਗਤ ਧੰਨਾ ਸਾਹਿਬ ਜੀ ਰਿਦੇ 'ਚੋਂ ਮੂੰਹ 'ਚ ਹਰ ਵੇਲੇ ਅੰਮ੍ਰਿਤ ਪੀਂਦਿਆਂ ਅਕਾਲਪੁਰਖੁ ਵਾਹਿਗੁਰੂ ਜੀ ਦੀ ਪਤੀਬ੍ਰਤਾ ਚੰਗੀ ਤੋਂ ਚੰਗੀ ਅਤਿਅੰਤ ਚੰਗੀ, ਮਹਾਂ ਚੰਗੀ ਸੁਪਤਨੀ ਬਣੇ ਹਨ। ਜਿਵੇਂ ਇਸਤ੍ਰੀ ਇਸਤ੍ਰੀ ਨੂੰ ਮੋਹਿਤ ਨਹੀਂ ਕਰ ਸਕਦੀ, ਤਿਵੇਂ ਆਪ ਜੀ ਨੂੰ ਪਰਾਈ ਇਸਤ੍ਰੀ ਮੋਹਿਤ ਨਹੀਂ ਕਰ ਸਕਦੀ। ਭਾਵੇਂ ਭਗਤ ਧੰਨਾ ਸਾਹਿਬ ਜੀ ਅਕਾਲਪੁਰਖੁ ਵਾਹਿਗੁਰੂ ਜੀ ਦੀ ਚੰਗੀ ਇਸਤ੍ਰੀ ਹਨ, ਪਰ ਅਤਿਅੰਤ ਹੀ ਗ੍ਰੀਬੀ ਨਾਲ, ਚੰਗੀ (ਗੀਹਨਿ) ਪਤੀਬ੍ਰਤਾ ਬਨਣਾ ਮੰਗਦੇ ਹਨ। ਭਗਤ ਜੀ ਨੇ ਘਰ ਵਾਲੀ ਨਹੀਂ ਮੰਗੀ। ਪਤੀਬ੍ਰਤਾ ਵਾਂਗ ਭਗਤ ਜੀ ਨੇ ਪਹਿਲੀਆਂ ਤੁਕਾਂ 'ਚ ਵੈਸ਼ਨੂੰ ਤਾਜ਼ੀ ਸਮੱਗ੍ਰੀ, ਪਤੀ ਅਕਾਲਪੁਰਖੁ ਜੀ ਦੇ ਸੰਤਾਂ ਗ੍ਰੀਬਾਂ ਦੀ ਸੇਵਾ ਲਈ ਮੰਗੀ ਹੈ, ਜੋ ਪਤੀ ਅਕਾਲਪੁਰਖੁ ਜੀ ਦੀ ਸੱਚੀ ਸੇਵਾ ਹੈ। ਮਾਸ, ਗੰਢੇ, ਤੜਕੇ, ਮਿੱਠਿਆਈਆਂ ਆਦਿ ਭੈੜੇ ਭੋਜਨ ਨਹੀਂ ਮੰਗੇ। ਭਗਤੀ ਕਰਨ ਵਾਲੇ ਆਂਡੇ ਮਾਸ ਨਹੀਂ ਖਾਂਦੇ।

ਗੁਰਮੁਖਿ ਪਤੀਬ੍ਰਤਾ ਜੀ ਦੇ ਗੁਣ:- ਪਤੀਬ੍ਰਤਾ, ਪਤੀ ਦੀ ਸੇਵਾ ਚਾਅ ਉਤਸ਼ਾਹ ਨਾਲ ਕਰਦੀ, ਸਾਰੀ ਰਾਤ ਗੁਰਬਾਣੀ ਪੜ੍ਹਦੀ ਮੁੱਠੀ ਚਾਪੀ ਕਰਦੀ ਹੈ। ਸਹ ਕੀ ਸਾਰ; ਸੁਹਾਗਨਿ ਜਾਨੈ॥ ਤਜਿ ਅਭਿਮਾਨੁ; ਸੁਖ ਰਲੀਆ ਮਾਨੈ॥ ਤਨੁ ਮਨੁ ਦੇਇ; ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥੧॥ ਅਨੁਸਾਰ ਹੋਰਨਾ ਨੂੰ ਦੇਖਦੀ ਨਹੀਂ, ਨਾ ਗੱਲ ਕਰਦੀ ਹੈ, ਪਤੀ ਜੀ ਦੇ ਚਰਨਾਂ 'ਤੇ ਹਰ ਵੇਲੇ ਮੱਥਾ ਰੱਖਦੀ ਹੈ, ਪਤੀ ਜੀ ਦੇ ਸਰੂਪ 'ਚ ਲੀਨ, ਦੇਖ ਕੇ ਖ਼ੁਸ਼ ਹੁੰਦੀ ਹੈ। ਯਥਾ:- ਭਰਤਾ ਪੇਖਿ; ਬਿਗਸੈ ਜਿਉ ਨਾਰੀ॥ ਤਿਉ. ਹਰਿ ਜਨੁ ਜੀਵੈ; ਨਾਮੁ ਚਿਤਾਰੀ॥੧॥ ਪਤੀ ਜੀ ਸਾਰੀ ਸਮ੍ਰੱਗੀ ਉਸ ਨੂੰ ਦਿੰਦੇ ਹਨ।

ਸ਼ੰਕੇ ਦੀ ਨਿਵਿਰਤੀ:- ਭਗਤ ਜੀ ਵਾਂਗ, ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥ ਅਨੁਸਾਰ ਬੈਰਾਗੀ ਤਿਆਗੀ ਸੰਤ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ ਆਦਿ ਅਨੇਕ ਗੁਰਮੁਖਿ ਅਤੇ ਬੈਰਾਗੀਆਂ ਬੀਬੀਆਂ ਨੇ ਅਪਣਾ ਪੂਰਾ ਜਨਮ ਸੱਚੇ ਪਤੀ ਵਾਹਿਗੁਰੂ ਜੀ ਦੀ ਸੇਵਾ 'ਚ ਲਾਇਆ। ਗੁਰਬਾਣੀ ਦੇ ਗ਼ਲਤ ਅਰਥ ਕਰਕੇ, ਜੇ ਕੋਈ ਸਾਕਤ ਐਸੇ ਬੈਰਾਗੀਆਂ ਨੂੰ ਕਹੇ, "ਭਗਤ ਧੰਨਾ ਜੀ ਨੇ ਭੀ ਚੰਗੀ ਘਰ ਵਾਲੀ ਮੰਗੀ ਹੈ, ਡਾਂਗਾਂ ਨਾਲ ਕੁੱਟ ਕੇ ਤੇਰਾ ਵਿਆਹ ਕਰਨਾ ਹੈ।" ਪਰ ਗੁਰਬਾਣੀ ਦਾ ਅਨਰਥ ਕਰਕੇ, ਪਤੀ ਵਾਹਿਗੁਰੂ ਜੀ ਦੀ ਖ਼ੁਸ਼ੀ ਨਹੀਂ ਪ੍ਰਾਪਤ ਹੁੰਦੀ, ਤੇ ਬੈਰਾਗ ਭੀ ਟੁੱਟਦਾ ਹੈ ਜੀ। ਯਥਾ:- ਕਬੀਰ. ਜਉ ਗ੍ਰਿਹੁ ਕਰਹਿ. ਤ ਧਰਮੁ ਕਰੁ; ਨਾਹੀ ਤ. ਕਰੁ ਬੈਰਾਗੁ॥ ਬੈਰਾਗੀ. ਬੰਧਨੁ ਕਰੈ; ਤਾ ਕੋ ਬਡੋ ਅਭਾਗੁ॥੨੪੩॥ ਇਸ ਲਈ ਗੁਰਮੁਖਿ ਬੈਰਾਗੀਆਂ ਨੇ ਅਕਾਲਪੁਰਖੁ ਵਾਹਿਗੁਰੂ ਜੀ ਨੂੰ ਅਪਣਾ ਸੱਚਾ ਪਤੀ ਪਰਮੇਸਰ ਕੰਤ ਭਗਵੰਤ ਮੰਨ ਕੇ, ਪਤੀਬ੍ਰਤਾ ਇਸਤ੍ਰੀ ਵਾਂਗ ਅਪਣਾ ਪੂਰਾ ਜਨਮ ਵਾਹਿਗੁਰੂ ਜੀ ਦੀ ਸੇਵਾ 'ਚ ਲਾਇਆ। ਯਥਾ:- ਜੈਸੀ ਤਰੁਣਿ ਭਤਾਰ, ਉਰਝੀ ਪਿਰਹਿ ਸਿਵੈ; ਇਹੁ ਮਨੁ ਲਾਲ ਦੀਜੈ॥ ਪਤੀ ਵਾਹਿਗੁਰੂ ਜੀ ਦਾ ਅਨੰਦ ਮਾਣਿਆ। ਸੰਸਾਰੀ ਵਿਆਹ ਦੇ ਧੰਧੇ ਕਲੇਸ਼ਾਂ ਤੋਂ ਬਚੇ। ਯਥਾ:- ਗਿਰਸਤ ਮਹਿ ਚਿੰਤ ਉਦਾਸ ਅਹੰਕਾਰ॥ ਕਰਮ ਕਰਤ; ਜੀਅ ਕਉ ਜੰਜਾਰ॥੩॥) ਗ੍ਰਿਹ ਰਾਜ ਮਹਿ; ਨਰਕੁ ਉਦਾਸ ਕਰੋਧਾ॥

੮੫. ਸਲੋਕ ਮਃ ੧॥ ਜੀਉ ਪਾਇ. ਤਨੁ ਸਾਜਿਆ; ਰਖਿਆ ਬਣਤ ਬਣਾਇ॥ ਅਕਾਲਪੁਰਖੁ ਜੀ ਦੇ (੧) ਪਹਿਲੇ (ਮਃ) ਸਰੂਪ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਪਰਮਪੂਜਨੀਕ ਸ੍ਰੀਧਰ ਮੋਹਨ ਸਗਲ ਉਪਾਵਨ; ਨਿਰੰਕਾਰ ਸੁਖਦਾਤਾ॥ ਵਾਹਿਗੁਰੂ ਜੀ ਨੇ, ਆਪਣੇ ਨਿਰਗੁਨ ਸਰੂਪ ਜੀ ਦੁਆਰਾ, ਜੀਅ 'ਚ (ਜੀਉ) ਜਿੰਦ (ਪਾਇ) ਪਾ ਕੇ (ਤਨੁ) ਸ੍ਰੀਰ ਸਾਜਿਆ ਹੈ। ਜੀਅ ਦੇ ਅੰਗ ਪ੍ਰਤੰਗ (ਬਣਤ) ਬਣਤਰ ਬਣਾਇ ਕੇ ਮਾਤਾ ਦੇ ਗਰਭ 'ਚ

ਰਖਿਆ ਕੀਤੀ। ਯਥਾ:- ਜੀਉ ਪਾਇ. ਪਿੰਡੁ ਜਿਨਿ ਸਾਜਿਆ; ਦਿਤਾ ਪੈਨਣੁ ਖਾਣੁ॥) ਪਹਿਲਾਂ ਮਾਸਹੁ ਨਿੰਮਿਆ; ਮਾਸੈ ਅੰਦਰਿ ਵਾਸ॥ ਜੀਉ ਪਾਇ. ਮਾਸੁ ਮੁਹਿ ਮਿਲਿਆ; ਹਡੁ ਚੰਮੁ ਤਨੁ ਮਾਸੁ॥

ਅਖੀ ਦੇਖੈ. ਜਿਹਵਾ ਬੋਲੈ; ਕੰਨੀ ਸੁਰਤਿ ਸਮਾਇ॥ ਅਕਾਲਪੁਰਖੁ ਜੀ ਦੀਆਂ ਬਖ਼ਸ਼ੀਆਂ (ਅਖੀ) ਅੱਖਾਂ ਨਾਲ (ਦੇਖੈ) ਦੇਖਦਾ ਹੈ, ਬਖ਼ਸ਼ੀ (ਜਿਹਵਾ) ਰਸਨਾ ਨਾਲ (ਬੋਲੈ) ਬੋਲਦਾ ਹੈ, (ਕੰਨੀ) ਕੰਨਾਂ ਚ ਅਵਾਜ਼ (ਸਮਾਇ) ਸਮਾਉਣ ਦੀ (ਸੁਰਤਿ) ਗਿਆਤ ਭਾਵ ਸੁਨਣ ਦੀ ਸ਼ਕਤੀ ਬਖ਼ਸ਼ੀ। ਯਥਾ:- ਪੇਖਨ ਕਉ ਨੇਤ੍ਰ; ਸੁਨਨ ਕਉ ਕਰਨਾ॥) ਜਿਨਿ ਕਨ ਕੀਤੇ; ਅਖੀ ਨਾਕੁ॥ ਜਿਨਿ ਜਿਹਵਾ ਦਿਤੀ; ਬੋਲੇ ਤਾਤੁ॥

ਪੈਰੀ ਚਲੈ. ਹਥੀ ਕਰਣਾ; ਦਿਤਾ ਪੈਨੈ ਖਾਇ॥ ਬਖ਼ਸ਼ੇ (ਪੈਰੀ) ਪੈਰਾਂ ਨਾਲ (ਚਲੈ) ਚੱਲਦਾ, (ਹਥੀ) ਹੱਥਾਂ ਨਾਲ ਕਾਰਜ (ਕਰਣਾ) ਕਰਦਾ ਹੈ, (ਦਿਤਾ) ਬਖ਼ਸ਼ੇ ਕੱਪੜੇ (ਪੈਨੈ) ਪਹਿਨਦਾ, ਭੋਜਨ (ਖਾਇ) ਖਾਂਦਾ ਹੈ। ਯਥਾ:- ਹਸਤ ਕਮਾਵਨ; ਬਾਸਨ ਰਸਨਾ॥ ਚਰਨ ਚਲਨ ਕਉ; ਸਿਰੁ ਕੀਨੋ ਮੇਰਾ॥

ਜਿਨਿ ਰਚਿ ਰਚਿਆ. ਤਿਸਹਿ ਨ ਜਾਣੈ; ਅੰਧਾ. ਅੰਧੁ ਕਮਾਇ॥ (ਜਿਨਿ) ਜਿਨ੍ਹਾਂ ਨੇ ਪੰਜ ਤੱਤ ਰਚਿ ਕੇ ਸ੍ਰੀਰ ਰਚਿਆ ਹੈ ਅਥਵਾ ਸੰਸਾਰ ਬਿਅੰਤ ਬ੍ਰਹਮੰਡ ਰਚਿ ਕੇ ਰਚਿਆ ਹੈ, (ਤਿਸਹਿ) ਤਿਨ੍ਹਾਂ ਨੂੰ (ਨ) ਨਹੀਂ (ਜਾਣੈ) ਜਾਣਿਆ, ਅੰਧਾ ਅਗਿਆਨੀ ਮਨਮੁਖ (ਅੰਧੁ) ਅੰਨ੍ਹੇ ਕੁਕਰਮ ਕਮਾਇ ਰਿਹਾ ਹੈ। ਯਥਾ:- ਜਿਨਿ ਰਚਿ ਰਚਿਆ. ਤਿਸਹਿ ਨ ਜਾਣੈ; ਮਨ ਭੀਤਰਿ ਧਰਿ ਗਿਆਨੁ॥

ਜਾ ਭਜੈ ਤਾ ਠੀਕਰੁ ਹੋਵੈ; ਘਾੜਤ. ਘੜੀ ਨ ਜਾਇ॥ (ਜਾ) ਜਦੋਂ ਸ੍ਰੀਰ (ਭਜੈ) ਟੁੱਟ ਜਾਂਦਾ ਹੈ, (ਤਾ) ਤਦੋਂ (ਠੀਕਰੁ) ਠੀਕਰਾ (ਹੋਵੈ) ਹੋ ਜਾਂਦਾ ਹੈ। ਫਿਰ ਉਹ ਸ੍ਰੀਰ ਦੀ (ਘਾੜਤ) ਬਣਾਵਟ ਹੋਰ ਕਿਸੇ ਤੋਂ (ਘੜੀ) ਰਚੀ (ਨ) ਨਹੀਂ (ਜਾਇ) ਜਾਂਦੀ। ਯਥਾ:- ਫਰੀਦਾ. ਖਿੰਥੜਿ ਮੇਖਾ ਅਗਲੀਆ; ਜਿੰਦੁ. ਨ ਕਾਈ ਮੇਖ॥ ਵਾਰੀ ਆਪੋ ਆਪਣੀ; ਚਲੇ ਮਸਾਇਕ ਸੇਖ॥੪੭॥) ਤਾਂਈਂ- ਕੰਧੀ ਉਤੈ ਰੁਖੜਾ; ਕਿਚਰਕੁ ਬੰਨੈ ਧੀਰੁ॥ ਫਰੀਦਾ.ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥) ਗੰਢੇਦਿਆਂ ਛਿਅ ਮਾਹ; ਤੁੜੰਦਿਆ ਹਿਕੁ ਖਿਨੋ॥੭]

ਨਾਨਕ. ਗੁਰ ਬਿਨੁ ਨਾਹਿ ਪਤਿ; ਪਤਿ ਵਿਣੁ ਪਾਰਿ ਨ ਪਾਇ॥੧॥ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- (ਗੁਰ) ਵੱਡੇ (ਗੁਰ) ਪੂਜਨੀਕ ਸੱਚੇ (ਗੁਰ) ਨਿਰੇ ਪ੍ਰਕਾਸ਼ ਹੀ ਪ੍ਰਕਾਸ਼ ਹੀ ਪ੍ਰਕਾਸ਼ ੴ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਤੋਂ (ਬਿਨੁ) ਬਿਨਾ ਗੁਰਮੁਖਿ (ਪਤਿ) ਇੱਜ਼ਤ ਅਥਵਾ (ਪਤਿ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਪ੍ਰਾਪਤ (ਨਾਹਿ) ਨਹੀਂ ਹੁੰਦੇ। ਗੁਰਮੁਖਿ (ਪਤਿ) ਇੱਜ਼ਤ ਅਥਵਾ (ਪਤਿ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਤੋਂ (ਵਿਣੁ) ਬਿਨਾ ਸੰਸਾਰ ਸਮੁੰਦ੍ਰ ਤੋਂ ਪਾਰਿ (ਨ) ਨਹੀਂ (ਪਾਇ) ਪਾਇਆ ਜਾਂਦਾ ਜੀ॥੧॥

੮੬. ਸਲੋਕੁ ਮਃ ੧॥ ਹੁਕਮਿ ਰਜਾਈ ਸਾਖਤੀ; ਦਰਗਹ ਸਚੁ ਕਬੂਲੁ॥ ਅਕਾਲਪੁਰਖੁ ਜੀ ਦੇ (੧) ਪਹਿਲੇ (ਮਃ) ਸਰੂਪ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਹੜਾ ਮਨਮੁਖ ਆਪ (ਰਜਾਈ) ਹੁਕਮਰਾਨ ਹੋ ਕੇ ਹੁਕਮਿ ਕਰਦਾ ਹੈ, ਉਸ ’ਤੇ ਅਕਾਲਪੁਰਖੁ ਜੀ ਦੀ (ਸਾਖਤੀ) ਸਖ਼ਤੀ ਹੁੰਦੀ ਹੈ। (ਦਰਗਹ) ਸੱਚਖੰਡ ’ਚ ਕੇਵਲ ਸਚੁ ਕਮਾਉਣ ਵਾਲਾ ਗੁਰਮੁਖਿ (ਕਬੂਲੁ) ਪ੍ਰਵਾਨ ਹੁੰਦਾ ਹੈ।

ਸਾਹਿਬੁ ਲੇਖਾ ਮੰਗਸੀ; ਦੁਨੀਆ ਦੇਖਿ. ਨ ਭੁਲੁ॥ ਸਾਹਿਬੁ ਸ੍ਰੀ ਅਕਾਲਪੁਰਖੁ ਜੀ ਲੇਖਾ (ਮੰਗਸੀ) ਮੰਗਣਗੇ। ਹੇ ਭਾਈ! ਦੁਨੀਆ ਨੂੰ ਦੇਖਿ ਕੇ ਗੁਰੂ ਸੇਵਾ ਸਿਮਰਨ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੂੰ (ਨ) ਨਾ (ਭੁਲੁ) ਭੁੱਲਣਾ ਕਰ।

ਦਿਲ ਦਰਵਾਨੀ ਜੋ ਕਰੇ; ਦਰਵੇਸੀ ਦਿਲੁ ਰਾਸਿ॥ (ਜੋ) ਜਿਹੜੇ ਗੁਰਮੁਖਿ ਦਿਲ ਦੀ (ਦਰਵਾਨੀ) ਦਰਵਾਨਚੀ (gatekeeping) (ਕਰੇ) ਕਰਦੇ ਹਨ ਭਾਵ ਜਿਵੇਂ ਸਾਵਧਾਨ ਪਹਿਰੇਦਾਰ ਰਾਜੇ ਦੀ ਰੱਖਿਆ ਕਰਦੇ ਹਨ, ਤਿਵੇਂ ਗੁਰਮੁਖਿ ਅਪਣੇ ਦਿਲ ਦੀ ਰੱਖਿਆ ਕਰਦੇ, ਦਿਲ 'ਚ ਕੋਈ ਮਾਇਆ ਸੰਸਾਰ ਦਾ ਸੰਕਲਪ ਨਹੀਂ ਲਿਆਉਂਦੇ। ਉਹ (ਰਾਸਿ) ਸੱਚੇ ਦਿਲੁ ਵਾਲੇ ਹੀ ਅਸਲ (ਦਰਵੇਸੀ) ਫ਼ਕੀਰ ਹਨ।

ਇਸਕ ਮੁਹਬਤਿ ਨਾਨਕਾ; ਲੇਖਾ ਕਰਤੇ ਪਾਸਿ॥੧॥ (ਨਾਨਕਾ) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਫ਼ੁਰਮਾਉਂਦੇ ਹਨ:- ਗੁਰਮੁਖਿ ਭਾਈ ਦਾਨ ਸਿੰਘ ਜੀ, ਭਾਈ ਮਾਹਾ ਸਿੰਘ ਜੀ, ਭਾਈ ਬੀਰ ਸਿੰਘ ਧੀਰ ਸਿੰਘ ਜੀ, ਗੁਰਮੁਖਿ ਸਨਮੁਖ 'ਰੰਗਰੇਟੇ ਗੁਰੂ ਕੇ ਬੇਟੇ' ਭਾਈ ਜੈਤਾ ਜੀਵਨ ਸਿੰਘ ਜੀ ਅਤੇ ਉਨ੍ਹਾਂ ਦੇ ਸਤਿਕਾਰਯੋਗ ਅਮਰ ਸ਼ਹੀਦ ਗੁਰਮੁਖਿ ਪਿਤਾ ਭਾਈ ਸਦਾਰਾਮ ਜੀ ਵਾਂਗ ਜਿਹੜੇ ਪ੍ਰੇਮੀ ਗੁਰਮੁਖਿ ਜੀ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨਾਲ ਸੱਚਾ ਗੂੜ੍ਹਾ (ਇਸਕ) ਪ੍ਰੇਮ (ਮੁਹਬਤਿ) ਪ੍ਰੀਤ ਕਰਦੇ ਹਨ। ਉਹ (ਕਰਤੇ) ਕਰਤਾਪੁਰਖੁ ਜੀ ਦੇ ਪਰੀਖਿਆ 'ਚੋਂ ਪਾਸਿ ਹੋ ਜਾਂਦੇ ਬਖ਼ਸ਼ੇ ਜਾਂਦੇ, ਜਿਸ ਕਰਕੇ (ਲੇਖਾ) ਲੇਖੇ ਤੋਂ (ਪਾਸਿ) ਪਾਸੇ ਹੋ ਜਾਂਦੇ ਭਾਵ ਲੇਖਾ ਮਿਟ ਜਾਂਦਾ ਹੈ। ਪਰ ਜਿਹੜੇ ਨਾਮ ਪ੍ਰੇਮ ਹੀਨ ਸਾਕਤ ਪੁਰਖ ਇਸਤ੍ਰੀ ਆਪਸ ਵਿੱਚੀਂ ਸੰਸਾਰੀ (ਇਸਕ) ਪ੍ਰੇਮ (ਮੁਹਬਤਿ) ਪ੍ਰੀਤ ਕਰਦੇ ਹਨ। ਉਨ੍ਹਾਂ ਦਾ ਲੇਖਾ (ਕਰਤੇ) ਕਰਤਾਪੁਰਖੁ ਜੀ ਪਾਸਿ ਪਹੁੰਚਦਾ ਭਾਵ ਲੇਖਾ ਦੇਣਾ ਪੈਂਦਾ ਅਤੇ ਸਖ਼ਤ ਸਜ਼ਾਵਾਂ ਮਿਲਦੀਆਂ ਹਨ॥੧॥

੮੭. ਘਰੁ ਦਰੁ ਛੋਡੇ ਆਪਣਾ; ਪਰ ਘਰਿ ਝੂਠਾ ਜਾਈ॥ ਝੂਠਾ ਮਨਮੁਖ ਆਪਣਾ ਸੱਚੇ ਸਤਿਗੁਰੂ ਸਾਹਿਬ ਜੀ ਦਾ ਸਾਜਿਆ ਨਿਵਾਜਿਆ ਸੱਚਾ ਸੁੱਚਾ ਉੱਚਾ ਸਾਧਸੰਗਤ ਅਥਵਾ ਸਰੂਪ ਰੂਪੀ ਘਰੁ ਦਰੁ ਨੂੰ (ਛੋਡੇ) ਛੱਡਦਾ ਹੈ, ਉਹ ਝੂਠਾ ਮਨਮੁਖ (ਪਰ) ਪਰਾਏ ਘਰਿ (ਜਾਈ) ਜਾਂਦਾ ਹੈ। ਯਥਾ:- ਪਰ ਘਰਿ; ਚੀਤੁ ਮਨਮੁਖਿ ਡੋਲਾਇ॥

ਚੋਰੈ ਵਾਂਗੂ ਪਕੜੀਐ; ਬਿਨੁ ਨਾਵੈ. ਚੋਟਾ ਖਾਈ॥੬॥ ਉਹ ਲੋਕ ਪ੍ਰਲੋਕ 'ਚ (ਚੋਰੈ) ਚੋਰਾਂ (ਵਾਂਗੂ) ਵਾਂਗ (ਪਕੜੀਐ) ਪਕੜਿਆ ਜਾਂਦਾ ਹੈ। ਅੰਮ੍ਰਿਤ ਅਮੋਲਕ ਨਿਰਮਲ (ਨਾਵੈ) ਨਾਮ ਜਪੇ ਜਪਾਏ (ਬਿਨੁ) ਬਿਨਾ ਮਨਮੁਖ ਲੋਕ ਪ੍ਰਲੋਕ'ਚ ਬਿਅੰਤ ਚੋਟਾ (ਖਾਈ) ਖਾਂਦਾ ਹੈ॥੬॥ ਯਥਾ:- ਮਨਮੁਖਿ. ਸੋਝੀ ਨਾ ਪਵੈ; ਵੀਛੁੜਿ ਚੋਟਾ ਖਾਇ॥ ਨਾਨਕ. ਦਰੁ ਘਰੁ ਏਕੁ ਹੈ; ਅਵਰੁ. ਨ ਦੂਜੀ ਜਾਇ॥੧੦॥੧੧॥) ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ. ਨ ਸਮਾਲਹਿ; ਅੰਤਿ ਵਿਗੂਤੇ॥ ਪਰ ਨਿੰਦਾ ਕਰਹਿ. ਬਹੁ ਚਿੰਤਾ ਜਾਲੈ; ਦੁਖੇ ਦੁਖਿ ਨਿਵਾਸੀ ਹੇ॥੧੫॥

ਜਿਨੀ ਘਰੁ ਜਾਤਾ ਆਪਣਾ; ਸੇ ਸੁਖੀਏ ਭਾਈ॥ ਹੇ ਭਾਈ! (ਜਿਨੀ) ਜਿਨ੍ਹਾਂ ਗੁਰਮੁਖਿ ਸਨਮੁਖ ਆਗਿਆਕਾਰੀ ਗੁਰਸੇਵਕਾਂ ਨੇ ਆਪਣਾ ਸੱਚਾ ਸਾਧਸੰਗਤ ਅਥਵਾ ਸਰੂਪ ਰੂਪੀ ਘਰੁ (ਜਾਤਾ) ਜਾਣ ਲਿਆ। (ਸੇ) ਉਹ ਸਦਾ ਮਹਾਂ ਵਿਸਮਾਦ (ਸੁਖੀਏ) ਸੁਖੀ ਹਨ ਜੀ। ਯਥਾ:- ਕਹੁ ਨਾਨਕ; ਜਾ ਸਤਿਗੁਰੁ ਪਾਇਆ॥ ਘਰੁ ਸਗਲਾ; ਮੈ ਸੁਖੀ ਬਸਾਇਆ॥੪॥੩੬॥੮੭॥

ਅੰਤਰਿ ਬ੍ਰਹਮੁ ਪਛਾਣਿਆ; ਗੁਰ ਕੀ ਵਡਿਆਈ॥੭॥ ਉਨ੍ਹਾਂ ਨੇ ਸੱਚੇ ਸਤਿਗੁਰੂ ਸਾਹਿਬ ਜੀ ਦੀ ਸਾਧਸੰਗਤ ਜੀ 'ਚ ਸੱਚੇ ਅਬਿਨਾਸੀ ਸੁੰਦਰ ਵਾਹਿਗੁਰੂ ਬ੍ਰਹਮੁ ਜੀ ਰਿਦੇ (ਅੰਤਰਿ) ਅੰਦਰ (ਪਛਾਣਿਆ) ਪਛਾਣ ਲਏ, ਇਹ ਸੱਚੇ ਸੁੱਚੇ ਉੱਚੇ ਗੁਰੂ ਗੁਰ ਸਤਿਗੁਰੂ ਸਾਹਬਿ ਜੀ (ਕੀ) ਦੀ ਵਡਿਆਈ ਹੈ॥੭॥

੮੮. ਤੀਰਥਿ ਭਰਮੈ ਰੋਗੁ. ਨ ਛੂਟਸਿ; ਪੜਿਆ ਬਾਦੁ ਬਿਬਾਦੁ ਭਇਆ॥ ਮਨਮੁਖ ਤਰ੍ਹਾਂ ਤਰ੍ਹਾਂ ਦੇ (ਤੀਰਥਿ) ਤੀਰਥਾਂ 'ਤੇ (ਭਰਮੈ) ਭਰਮਦਾ, ਪਰ ਹਉਮੈ ਵਿਸ਼ੇ ਆਦਿ ਰੋਗੁ (ਨ) ਨਹੀਂ (ਛੂਟਸਿ) ਛੁਟਦੇ। ਉਹ ਵਿਦਾਂਤ ਸ਼ਾਸ਼ਤ੍ਰ ਆਦਿ ਪੜਿਆ, (ਬਾਦੁ) ਚਰਚਾ ਕਰਦਿਆਂ (ਬਿਬਾਦੁ) ਝਗੜਿਆਂ ਰੂਪ (ਭਇਆ) ਹੋ ਗਿਆ।

ਦੁਬਿਧਾ ਰੋਗੁ. ਸੁ ਅਧਿਕ ਵਡੇਰਾ; ਮਾਇਆ ਕਾ ਮੁਹਤਾਜੁ ਭਇਆ॥੮॥ (ਸੁ) ਉਸ ਨੂੰ (ਅਧਿਕ) ਬਹੁਤ ਹੀ (ਵਡੇਰਾ) ਵੱਡਾ ਦੁਬਿਧਾ ਦ੍ਵੈਤ ਦਾ ਰੋਗੁ ਲੱਗਾ ਹੈ ਜੀ। ਇਸ ਲਈ ਉਹ ਮਾਇਆ (ਕਾ) ਦਾ (ਮੁਹਤਾਜੁ) ਗੁਲਾਮ (ਭਇਆ) ਹੋ ਗਿਆ॥੮॥

੮੯. ਸਬਦੁ ਬੀਚਾਰਿ; ਭਏ ਨਿਰੰਕਾਰੀ॥ ਜਿਨ੍ਹਾਂ ਨੇ ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥ ਸੱਚੇ ਨਿਰੰਕਾਰ ਬ੍ਰਹਮ ਸਰੂਪ (ਸਬਦੁ) ਗੁਰਬਾਣੀ ਜੀ ਸੱਚੇ ਸਾਧਸੰਗਤ ਜੀ, ਪ੍ਰੇਮੀ ਗੁਰਮੁਖਾਂ ਨਾਲ ਸੱਚੀ ਨਿਰਮਲ ਬੀਚਾਰਿ ਕੀਤੀ, ਉਹ ਗੁਰਮੁਖਿ (ਨਿਰੰਕਾਰੀ) ਨਿਰੰਕਾਰ ਬ੍ਰਹਮ ਸਰੂਪ (ਭਏ) ਹੋ ਗਏ ਜੀ। ਯਥਾ:- ਸਾਧਸੰਗਤਿ ਗੁਰਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ॥

ਗੁਰਮਤਿ ਜਾਗੇ; ਦੁਰਮਤਿ ਪਰਹਾਰੀ॥ ਉਹ ਗੁਰਮੁਖਿ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਸੱਚੀ ਗੁਰਮਤਿ ਲੈ ਕੇ ਬ੍ਰਹਮਗਿਆਨ ਦੀ ਸੱਚੀ ਅਵਸਥਾ 'ਚ ਜਾਗੇ ਹਨ। ਉਨ੍ਹਾਂ ਨੇ ਦੁਰਮਤਿ (ਪਰਹਾਰੀ) ਮਾਰ ਦਿਤੀ। ਯਥਾ:- ਗੁਰਮੁਖਿ ਜਾਗੈ; ਸੋਈ ਸਾਰੁ॥) ਗੁਰਮੁਖਿ ਜਾਗੈ; ਨੀਦ. ਨ ਸੋਵੈ॥

ਅਨਦਿਨੁ ਜਾਗਿ ਰਹੇ; ਲਿਵ ਲਾਈ॥ ਉਹ ਗੁਰਮੁਖਿ ਸਨਮੁਖ ਗੁਰਸੇਵਕ ਜੀ (ਅਨਦਿਨੁ) ਦਿਨ ਰਾਤ ਨਾਮ ਜਪਦਿਆਂ ਜਪੌਂਦਿਆਂ, ਗੁਰਬਾਣੀ ਦੀ ਬ੍ਰਹਮ ਵੀਚਾਰ ਕਰਦਿਆਂ, ਬ੍ਰਹਮਗਿਆਨ 'ਚ ਜਾਗਿ ਰਹੇ ਹਨ ਜੀ। ਉਨ੍ਹਾਂ ਨੇ ਸੱਚੇ ਸੁੰਦਰ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਸੱਚੇ ਨਾਮ ਅਥਵਾ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ 'ਚ (ਲਿਵ) ਬ੍ਰਿਤੀ, ਪ੍ਰੀਤੀ ਲਾਈ ਹੈ ਜੀ। ਯਥਾ:- ਸਤਿਗੁਰੁ ਸੇਵੇ; ਭਰਮੁ ਚੁਕਾਏ॥ ਅਨਦਿਨੁ ਜਾਗੈ; ਸਚਿ ਲਿਵ ਲਾਏ॥

ਜੀਵਨ ਮੁਕਤਿ ਗਤਿ; ਅੰਤਰਿ ਪਾਈ॥੪॥ ਉਨ੍ਹਾਂ ਗੁਰਮੁਖਾਂ ਨੇ ਅਪਣੇ ਰਿਦੇ ਅਥਵਾ ਸਾਧਸੰਗਤ ਜੀ (ਅੰਤਰਿ) ਅੰਦਰੋਂ ਜੀਵਨ (ਮੁਕਤਿ) ਮੁਕਤੀ ਦੀ ਸੱਚੀ ਗੁਰਮੁਖਿ (ਗਤਿ) ਅਵਸਥਾ ਅਥਵਾ ਸੱਚੇ ਵਾਹਿਗੁਰੂ ਜੀ ਦੀ (ਗਤਿ) ਪ੍ਰਾਪਤੀ ਪਾਈ ਹੈ॥੪॥ ਜਿਵੇਂ ਗੁਰਮੁਖਿ ਪੰਜ ਪਿਆਰਿਆਂ, ਬ੍ਰਹਮ ਸਰੂਪ ਭਾਈ ਦਇਆ ਸਿੰਘ ਜੀ, ਬ੍ਰਹਮ ਸਰੂਪ ਭਾਈ ਧਰਮ ਸਿੰਘ ਜੀ, ਬ੍ਰਹਮ ਸਰੂਪ ਭਾਈ ਹਿੰਮਤ ਸਿੰਘ ਜੀ, ਬ੍ਰਹਮ ਸਰੂਪ ਭਾਈ ਮੋਹਕਮ ਸਿੰਘ ਜੀ, ਬ੍ਰਹਮ ਸਰੂਪ ਭਾਈ ਸਾਹਿਬ ਸਿੰਘ ਜੀ, ਪੰਜ ਮੁਕਤਿਆਂ ਬ੍ਰਹਮ ਸਰੂਪ ਭਾਈ ਦੇਵਾ ਸਿੰਘ ਜੀ, ਬ੍ਰਹਮ ਸਰੂਪ ਭਾਈ ਈਸ਼ਰ ਸਿੰਘ ਜੀ, ਬ੍ਰਹਮ ਸਰੂਪ ਭਾਈ ਟਹਲ ਸਿੰਘ ਜੀ, ਬ੍ਰਹਮ ਸਰੂਪ ਭਾਈ ਰਾਮ ਸਿੰਘ ਜੀ, ਬ੍ਰਹਮ ਸਰੂਪ ਭਾਈ ਫਤਹ ਸਿੰਘ ਜੀ, ਅਮਰ ਸ਼ਹੀਦ ਭਾਈ ਮਨੀ ਸਿੰਘ ਸਾਹਿਬ ਜੀ, ਬਾਬਾ ਦੀਪ ਸਿੰਘ ਸਾਹਿਬ ਜੀ ਆਦਿ ਬਿਅੰਤ ਗੁਰਮੁਖਾਂ ਨੇ ਪਾਈ ਹੈ ਜੀ।

ਅਲਿਪਤ ਗੁਫਾ ਮਹਿ; ਰਹਹਿ ਨਿਰਾਰੇ॥ ਪਿਆਰੇ ਗੁਰਮੁਖਿ ਗੁਰਸੇਵਕ ਸ੍ਰੀਰ ਰੂਪੀ ਗੁਫਾ (ਮਹਿ) ਵਿੱਚ ਮਾਇਆ, ਇੰਦ੍ਰਿਆਂ ਦੇ ਵਿਸ਼ਿਆਂ ਤੋਂ (ਅਲਿਪਤ) ਨਿਰਲੇਪ (ਨਿਰਾਰੇ) ਨਿਰਾਲੇ (ਰਹਹਿ) ਰਹਿੰਦੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਸੱਚੇ ਗੁਰਬਾਣੀ ਜੀ ਦਾ ਅਨੰਦ ਮਾਣਦੇ ਹਨ।

ਤਸਕਰ ਪੰਚ; ਸਬਦਿ ਸੰਘਾਰੇ॥ ਗੁਰਪ੍ਰਸਾਦਿ ਉਨ੍ਹਾਂ ਨੇ (ਪੰਚ) ਪੰਜ ਵਿਕਾਰ (ਤਸਕਰ) ਚੋਰ (ਸਬਦਿ) ਗੁਰਬਾਣੀ, ਗੁਰੂ ਉਪਦੇਸ਼ ਨਾਲ (ਸੰਘਾਰੇ) ਨਾਸ ਕੀਤੇ ਹਨ। ਯਥਾ:- ਸੋ ਜਨੁ ਸਾਚਾ; ਜਿ ਹਉਮੈ ਮਾਰੈ॥ ਗੁਰ ਕੈ ਸਬਦਿ; ਪੰਚ ਸੰਘਾਰੈ॥ ਆਪਿ ਤਰੈ; ਸਗਲੇ ਕੁਲ ਤਾਰੈ॥੪॥) ਹਉਮੈ ਨਿਵਰੈ; ਗੁਰਸਬਦੁ ਵੀਚਾਰੈ॥ ਚੰਚਲ ਮਤਿ ਤਿਆਗੈ; ਪੰਚ ਸੰਘਾਰੈ॥੩॥) ਗਿਆਨ ਖੜਗ. ਪੰਚ ਦੂਤ ਸੰਘਾਰੇ; ਗੁਰਮਤਿ ਜਾਗੈ ਸੋਇ॥

ਨ: ਦੇਲੀ ਦੀਪਕ ਹੈ:- ਪਰ ਘਰ ਜਾਇ ਨ ਮਨੁ ਡੋਲਾਏ॥ ਗੁਰਮੁਖਿ ਭਗਤ (ਪਰ) ਪਰਾਏ ਘਰ (ਨ) ਨਹੀਂ (ਜਾਇ) ਜਾਂਦੇ ਤੇ ਉਹ ਅਪਣਾ ਮਨੁ ਵਿਕਾਰਾਂ ਔਗੁਣਾਂ 'ਚ (ਨ) ਨਹੀਂ (ਡੋਲਾਏ) ਡਲੌਂਦੇ, ਭਾਵ ਨਾਮ ਰਸੀਏ ਬ੍ਰਹਮ ਵੀਚਾਰੀ ਗੁਰਮੁਖਿ ਗੁਰਸੇਵਕ ਪਰ ਘਰ ਨਹੀਂ ਜਾਂਦੇ, ਉਨ੍ਹਾਂ ਦਾ ਮਨ ਵਿਕਾਰਾਂ 'ਚ ਨਹੀਂ ਡੋਲਦਾ, ਗੁਰਮਤਿ ਗੁਰਸਿੱਖੀ 'ਚ ਅਡੋਲ ਸਦਾ ਅੰਤਰਜਾਮੀ ਸਮਰੱਥ ਸੁਆਮੀ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੂੰ ਅੰਗ ਸੰਗ ਜਾਣਦੇ ਹਨ। ਜਿਵੇਂ ਜੈਤੋ ਦੇ ਮੋਰਚੇ 'ਚ ਜ਼ਾਲਮਾਂ ਨੇ ਸਿੰਘਾਂ ਦੇ ਇਖ਼ਲਾਕ ਗੇਰਨ ਲਈ, ਇੱਕ ਨੰਗੀ ਬੀਬੀ ਭੇਜੀ, ਕਿ ਸਿੰਘ ਬੀਬੀ ਨੂੰ ਦੇਖ ਕੇ ਵਿਕਾਰ 'ਚ ਡੋਲ ਜਾਣਗੇ, ਤਾ ਅਸੀਂ ਉਦੋਂ ਹਮਲਾ ਕਰਕੇ ਸਿੰਘਾਂ ਨੂੰ ਮਾਰ ਦੇਵਾਂਗੇ। ਪਰ ਉੱਚੇ ਸੁੱਚੇ ਨਿਰਮਲ ਗੁਰਮੁਖਿ ਅਵਸਥਾ ਨੂੰ ਪ੍ਰਾਪਤ, ਨਾਮ ਰਸੀਏ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਨੇ ਸਾਰੇ ਸਿੰਘਾਂ ਨੂੰ ਹੌਸਲਾ ਦਿਤਾ ਤੇ ਕਿਹਾ "ਸਿੰਘੋ! ਸਿਰ ਨੀਵੇਂ ਕਰਕੇ ਅੱਖਾਂ ਬੰਦ ਕਰ ਲਵੋ ਜੀ" ਤਾਂ ਸ਼ਰਮ ਦੀ ਮਾਰੀ ਬੀਬੀ ਉਥੋਂ ਭੱਜ ਗਈ। ਯਥਾ:- ਗੁਰਮੁਖਿ ਵੰਸੀ ਪਰਮਹੰਸ ਸਬਦ ਸੁਰਤਿ ਗੁਰਮਤਿ ਅਡੋਲਾ॥) ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥) ਸਦਾ ਨਿਕਟਿ ਨਿਕਟਿ ਹਰਿ ਜਾਨੁ॥ ਸੋ ਦਾਸੁ; ਦਰਗਹ ਪਰਵਾਨੁ॥) ਨਿਕਟਿ ਵਸੈ; ਦੇਖੈ ਸਭੁ ਸੋਈ॥ ਗੁਰਮੁਖਿ ਵਿਰਲਾ, ਬੂਝੈ ਕੋਈ॥

ਸਹਜ ਨਿਰੰਤਰਿ, ਰਹਉ ਸਮਾਏ॥੫॥ (ਨਿਰੰਤਰਿ) ਇੱਕ ਰਸ (ਸਹਜ) ਸ਼ਾਂਤੀ, ਧੀਰਜ, ਬ੍ਰਹਮਗਿਆਨ 'ਚ ਅਥਵਾ (ਸਹਜ) ਬ੍ਰਹਮ ਸੁੰਦਰ ਵਾਹਿਗੁਰੂ ਜੀ 'ਚ (ਸਮਾਏ) ਲੀਨ (ਰਹਉ) ਰਹਿੰਦੇ ਹਨ॥੫॥ ਯਥਾ:- ਗੁਰਸਬਦੇ ਰਾਤੀ. ਸਹਜੇ ਮਾਤੀ; ਅਨਦਿਨੁ ਰਹੈ ਸਮਾਏ॥) ਜਿਸੁ ਨਾਮੁ ਦੇਇ; ਸੋਈ ਜਨੁ ਪਾਏ॥ ਗੁਰਮੁਖਿ ਮੇਲੇ; ਆਪੁ ਗਵਾਏ॥ ਹਿਰਦੈ; ਸਾਚਾ ਨਾਮੁ ਵਸਾਏ॥ ਨਾਨਕ; ਸਹਜੇ ਸਾਚਿ ਸਮਾਏ॥੮॥੭॥

੯੦. ਗਉੜੀ ਮਹਲਾ ੧॥ ਸੇਵਾ ਏਕ; ਨ ਜਾਨਸਿ ਅਵਰੇ॥ (ਮਹਲਾ ੧) ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਸ਼ੁਭ ਸੱਚਾ ਗੁਰਮਤਿ ਉਪਦੇਸ਼ ਗਉੜੀ ਰਾਗ ਦੀ ਅਸਟਪਦੀ 'ਚ ਉਚਾਰਨ ਕਰਦੇ ਹਨ:- ਗੁਰਮੁਖਿ ਭਗਤ (ਏਕ) ੧ੴ ਅਕਾਲਪੁਰਖੁ ਵਾਹਿਗੁਰੂ ਜੀ ਦੀ ਸੱਚੀ ਸੇਵਾ ਸਿਮਰਨ ਕਰਦੇ ਹਨ। (ਅਵਰੇ) ਹੋਰ ਕਿਸੇ ਨੂੰ (ਨ) ਨਹੀਂ (ਜਾਨਸਿ) ਜਾਣਦੇ ਭਾਵ ਅੱਖ ਤਲੇ ਨਹੀਂ ਲਿਔਂਦੇ। ਯਥਾ:- ਸ੍ਵੈਯਾ॥ ਪਾਂਇ ਗਹੇ ਜਬ ਤੇ ਤੁਮਰੇ; ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥ ਰਾਮ ਰਹੀਮ ਪੁਰਾਨ ਕੁਰਾਨ; ਅਨੇਕ ਕਹੈਂ ਮਤ, ਏਕ ਨ ਮਾਨਯੋ॥ ਸਿੰਮ੍ਰਿਤਿ ਸਾਸਤ੍ਰ ਬੇਦ ਸਭੈ; ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ॥ ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ; ਮੈ ਨ ਕਹਯੋ, ਸਭ ਤੋਹਿ ਬਖਾਨਯੋ॥੮੬੩॥) ਜਿਨ੍ਾ ਨਾਉ ਸੁਹਾਗਣੀ; ਤਿਨ੍ਾ ਝਾਕ. ਨ ਹੋਰ॥੧੧੪॥

ਪਰਪੰਚ ਬਿਆਧਿ; ਤਿਆਗੈ ਕਵਰੇ॥ ਉਹ ਗੁਰਮੁਖਿ (ਪਰਪੰਚ) ਛਲ ਰੂਪ ਔਗੁਣ ਵਿਕਾਰਾਂ (ਬਿਆਧਿ) ਰੋਗ ਨੂੰ (ਕਵਰੇ) ਕੌੜੇ ਜਾਣ ਕੇ ਗੁਰਪ੍ਰਸਾਦਿ (ਤਿਆਗੈ) ਤਿਆਗੇ ਹਨ। ਯਥਾ:- ਸੇਵ ਕੀਤੀ. ਸੰਤੋਖੀਈਂ; ਜਿਨ੍ੀ. ਸਚੋ ਸਚੁ

ਧਿਆਇਆ॥ ਓਨ੍ਹੀ ਮੰਦੈ ਪੈਰੁ. ਨ ਰਖਿਓ; ਕਰਿ ਸੁਕ੍ਰਿਤੁ. ਧਰਮੁ ਕਮਾਇਆ॥ ਓਨ੍ਹੀ. ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥ ) ਗੁਰਮੁਖਿ; ਰਾਗ ਸੁਆਦ ਅਨ ਤਿਆਗੇ॥ ਗੁਰਮੁਖਿ, ਇਹੁ ਮਨੁ ਭਗਤੀ ਜਾਗੇ॥

ਭਾਇ ਮਿਲੈ; ਸਚੁ ਸਾਚੈ ਸਚੁਰੇ॥੧॥ ਉਹ ਗੁਰਮੁਖਿ ਪਿਆਰੇ (ਭਾਇ) ਪ੍ਰੇਮ ਨਾਲ ਸੱਚੇ ਸਤਿਗੁਰੂ ਸਾਹਿਬ ਜੀ ਨਾਲ (ਮਿਲੈ) ਮਿਲੇ ਹਨ। ਉਨ੍ਹਾਂ ਨੇ (ਸਚੁ) ਸੱਚੇ ਵਾਹਿਗੁਰੂ ਨਾਮ ਧਨ ਤੇ (ਸਾਚੈ) ਸੱਚੇ ਗੁਰਮੁਖਿ ਗੁਣ (ਸਚੁਰੇ) ਇਕੱਤ੍ਰ ਕੀਤੇ॥੧॥

ਐਸਾ ਰਾਮ ਭਗਤੁ; ਜਨੁ ਹੋਈ॥ ਹਰਿ ਗੁਣ ਗਾਇ ਮਿਲੈ; ਮਲੁ ਧੋਈ॥੧॥ਰਹਾਉ॥ ਜੋ ਉਪ੍ਰੋਕਤ ਸ਼ੁਭ ਗੁਣਾਂ ਵਾਲਾ ਐਸਾ (ਰਾਮ) ਸੱਚੇ ਸੁੰਦਰ ਅਬਿਨਾਸੀ ਵਾਹਿਗੁਰੂ ਜੀ ਦਾ ਸੱਚਾ ਨਿਸ਼ਕਪਟ ਨਿਸ਼ਕਾਮੀ (ਜਨੁ) ਪਿਆਰਾ ਭਗਤੁ (ਹੋਈ) ਹੁੰਦਾ ਹੈ। ਉਹ (ਹਰਿ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਦੇ ਬਿਅੰਤ ਗੁਰਮੁਖਿ ਸੱਚੇ ਗੁਣ ਗਾਇ ਕੇ ਸੱਚੇ ਵਾਹਿਗੁਰੂ ਜੀ ਨਾਲ (ਮਿਲੈ) ਮਿਲਦਾ ਹੈ, ਇੱਕ ਸਰੂਪ ਹੋ ਜਾਂਦਾ ਹੈ। ਅਪਣੀ ਅਤੇ ਹੋਰਾਂ ਦੀ ਮਨ ਬਾਣੀ ਸ੍ਰੀਰ ਦੀ (ਮਲੁ) ਮੈਲ ਨੂੰ (ਧੋਈ) ਧੋਂਦਾ ਹੈ॥੧॥ (ਰਹਾਉ) ਬਿਸ੍ਰਾਮ ਦੇ ਕੇ ਸਦਾ ਨਿਹਾਲ ਕਰਦੇ ਹਨ:-

ਊਂਧੋ ਕਵਲੁ; ਸਗਲ ਸੰਸਾਰੈ॥ (ਸਗਲ) ਸਾਰੇ (ਸੰਸਾਰੈ) ਸੰਸਾਰ ਦਾ ਰਿਦਾ ਕਵਲੁ ਅਕਾਲਪੁਰਖੁ ਸਤਿਗੁਰੂ ਸਾਹਿਬ ਜੀ ਵੱਲੋਂ (ਊਂਧੋ) ਉਲਟਾ ਹੈ। ਯਥਾ:- ਮਨਿ ਅੰਧੈ ਊਧੈ ਕਵਲਿ; ਦਿਸਨਿ੍ ਖਰੇ ਕਰੂਪ॥

ਦੁਰ-ਮੱਤਿ। ਜੱਗ-ਤ- ਦੁਰਮਤਿ ਅਗਨਿ; ਜਗਤ ਪਰਜਾਰੈ॥ (ਦੁਰਮਤਿ) ਖੋਟੀ ਮਤਿ ਦੀ ਬਲ਼ਦੀ ਵਿਕਾਰਾਂ, ਚੋਰੀ, ਯਾਰੀ, ਜੂਆ ਆਦਿ ਦੀ (ਅਗਨਿ) ਅੱਗ, ਸੱਚੇ ਨਾਮ ਹੀਣ ਜਗਤ ਨੂੰ (ਪਰਜਾਰੈ) ਵਿਸ਼ੇਸ਼ ਕਰਕੇ ਸਾੜ ਰਹੀ ਹੈ। ਯਥਾ:- ਕਾਮਿ ਕਰੋਧਿ; ਜਲੈ ਸਭੁ ਕੋਈ॥ ) ਮਨਮੁਖਿ. ਨਾਮੁ ਵਿਸਾਰਿਆ; ਜਿਉ. ਡਵਿ ਦਧਾ ਕਾਨੁ॥੬॥

ਸੋ ਉਬਰੈ; ਗੁਰਸਬਦੁ ਬੀਚਾਰੈ॥੨॥ (ਸੋ) ਉਹ (ਉਬਰੈ) ਬਚਦਾ ਹੈ, ਜੋ ਗੁਰਸਬਦੁ ਜੀ ਨੂੰ (ਬੀਚਾਰੈ) ਬੀਚਾਰਦਾ ਹੈ ਜੀ॥੨॥

ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ; ਸਹਿ ਅਪੁਨਾ ਕੀਨਾ॥ ਫੁੱਲਾਂ 'ਤੇ ਮੋਹਿਤ ਹੋਣ ਵਾਲਾ (ਭ੍ਰਿੰਗ) ਭੌਰਾ, ਲਾਟ 'ਤੇ ਸੜਨ ਵਾਲਾ (ਪਤੰਗੁ) ਪਤੰਗਾ, ਕਾਮ ਵੱਸ (ਕੁੰਚਰੁ) ਹਾਥੀ, (ਅਰੁ) ਤੇ ਜੀਭ ਦੇ ਸੁਆਸ ਦੇ ਵੱਸ (ਮੀਨਾ) ਮੱਛੀ। ਕੰਡੇਹੇੜੇ ਦੀ ਅਵਾਜ਼ ਨੂੰ ਸੁਣ ਕੇ, ਅਪਣੀ ਜਾਨ ਦੇਣ ਵਾਲਾ (ਮਿਰਗੁ) ਹਿਰਨ ਆਦਿ ਇਹ ਜਾਨਵਰ ਅਪੁਨਾ (ਕੀਨਾ) ਕੀਤਾ (ਸਹਿ) ਸਹਾਰ ਕੇ (ਮਰੈ) ਮਰਦੇ ਹਨ। ਯਥਾ:- ਮ੍ਰਿਗ ਮੀਨ ਭ੍ਰਿੰਗ. ਪਤੰਗ ਕੁੰਚਰ; ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ; ਤਾ ਕੀ ਕੇਤਕ ਆਸ॥੧॥

ਤ੍ਰਿਸਨਾ ਰਾਚਿ; ਤਤੁ ਨਹੀ ਬੀਨਾ॥੩॥ ਤਿਵੇਂ ਮਨਮੁਖ ਵਿਸ਼ੇ, ਰਸ, ਕਸ ਭੋਗਣ ਦੀ ਤ੍ਰਿਸਨਾ 'ਚ (ਰਾਚਿ) ਰਚ ਕੇ, ਤਤੁ ਸਰੂਪ ਬ੍ਰਹਮ ਵਾਹਿਗੁਰੂ ਜੀ ਨਹੀ (ਬੀਨਾ) ਪਛਾਣਦਾ, ਦੇਖਦਾ, ਜਪਦਾ, ਗੌਂਦਾ ਧਿਔਂਦਾ॥੩॥ ਯਥਾ:- ਤ੍ਰਿਸਨਾ ਅਗਨਿ; ਜਲੈ ਸੰਸਾਰਾ॥ ਜਲਿ ਜਲਿ ਖਪੈ; ਬਹੁਤੁ ਵਿਕਾਰਾ॥ ਮਨਮੁਖੁ ਠਉਰ. ਨ ਪਾਏ ਕਬਹੂ; ਸਤਿਗੁਰ ਬੂਝ ਬੁਝਾਈ ਹੇ॥੯॥ ) ਮਨਮੁਖ ਤ੍ਰਿਸਨਾ ਭਰਿ ਰਹੇ; ਮਨਿ ਆਸਾ. ਦਹ ਦਿਸ ਬਹੁ ਲਾਖੁ॥

ਕਾਮੁ ਚਿਤੈ; ਕਾਮਣਿ ਹਿਤਕਾਰੀ॥ (ਕਾਮਣਿ) ਇਸਤ੍ਰੀ ਨਾਲ (ਹਿਤਕਾਰੀ) ਪ੍ਰੇਮ ਕਰਨ ਵਾਲਾ ਮਨਮੁਖ ਕਾਮੁ (ਚਿਤੈ) ਚਿਤਵਦਾ ਹੈ।

ਕ੍ਰੋਧੁ ਬਿਨਾਸੈ; ਸਗਲ ਵਿਕਾਰੀ॥ (ਸਗਲ) ਸਾਰੇ ਵਿਕਾਰੀ ਮਨਮੁਖਾਂ ਨੂੰ ਕ੍ਰੋਧੁ (ਬਿਨਾਸੇ) ਨਾਸ ਕਰਦਾ ਹੈ।

ਪਤਿ ਮਤਿ ਖੋਵਹਿ; ਨਾਮੁ ਵਿਸਾਰੀ॥੪॥ ਐਸੇ ਕਾਮੀ ਕ੍ਰੋਧੀ ਵਿਕਾਰੀ ਮਨਮੁਖ, ਸੱਚੇ ਅੰਮ੍ਰਿਤ ਨਾਮੁ ਜੀ ਨੂੰ (ਵਿਸਾਰੀ) ਭੁਲਾ ਕੇ, ਅਪਣੀ (ਪਤਿ) ਇੱਜ਼ਤ, ਤੇ ਮਤਿ (ਖੋਵਹਿ) ਨਾਸ, ਖੋਹ ਲੈਂਦੇ ਹਨ॥੪॥

ਪਰ ਘਰਿ; ਚੀਤੁ ਮਨਮੁਖਿ ਡੋਲਾਇ॥ ਵਿਕਾਰੀ ਮਨਮੁਖ (ਪਰ) ਪਰਾਏ ਘਰਿ 'ਚ ਅਪਣਾ (ਚੀਤੁ) ਚਿੱਤ (ਡੋਲਾਇ) ਡਲੌਂਦਾ ਹੈ। ਯਥਾ:- ਮਨਮੁਖਿ ਭੂਲੈ; ਜਮ ਕੀ ਕਾਣਿ॥ ਪਰ ਘਰੁ ਜੋਹੈ; ਹਾਣੇ ਹਾਣਿ॥) ਕੁਟੰਬੁ ਦੇਖਿ ਬਿਗਸਹਿ. ਕਮਲਾ ਜਿਉ; ਪਰ ਘਰਿ ਜੋਹਹਿ. ਕਪਟ ਨਰਾ॥੧॥

ਗਲਿ ਜੇਵਰੀ; ਧੰਧੈ ਲਪਟਾਇ॥ ਵਿਕਾਰਾਂ ਦੇ (ਧੰਧੈ) ਧੰਦਿਆਂ 'ਚ (ਲਪਟਾਇ) ਫਸ ਰਹੇ ਮਨਮੁਖ ਦੇ ਗਲਿ 'ਚ ਮੌਤ ਦੀ (ਜੇਵਰੀ) ਫਾਹੀ ਪੈਂ ਜਾਂਦੀ ਹੈ। ਯਥਾ:- ਬਾਧੇ ਜਮ ਕੀ ਜੇਵਰੀ; ਮੀਠੀ ਮਾਇਆ ਰੰਗ॥ ਭ੍ਰਮ ਕੇ ਮੋਹੇ. ਨਹ ਬੁਝਹਿ; ਸੋ ਪ੍ਰਭੁ ਸਦਹੂ ਸੰਗ॥) ਭਰਮਿ ਭੁਲਾਨਾ; ਫਿਰਿ ਪਛੁਤਾਨਾ॥ ਗਲਿ ਫਾਹੀ; ਬਉਰਾ ਬਉਰਾਨਾ॥੨॥) ਜੈਸੇ ਸਿੰਬਲੁ ਦੇਖਿ; ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ. ਲਪਟਾਨਾ॥੧॥

ਗੁਰਮੁਖਿ ਛੂਟਸਿ; ਹਰਿ ਗੁਣ ਗਾਇ॥੫॥ ਗੁਰੂ ਸਾਹਿਬ ਜੀ ਦਾ ਖਰਾ ਪਿਆਰਾ ਖਰਾ ਸੱਚਿਆਰਾ ਸਨਮੁਖ ਗੁਰਮੁਖਿ ਗੁਰਸੇਵਕ (ਹਰਿ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਦੇ ਅੰਮ੍ਰਿਤ ਗੁਣ (ਗਾਇ) ਗਾ ਕੇ, ਵਿਕਾਰਾਂ ਔਗੁਣਾਂ ਜਮਾਂ ਜੂਨਾਂ ਤੋਂ (ਛੂਟਸਿ) ਛੁਟਦਾ ਹੈ ਜੀ॥੫॥ ਯਥਾ:- ਰਸਿ ਚੂਗਹਿ; ਮਨਮੁਖਿ ਗਾਵਾਰਿ॥ ਫਾਥੀ ਛੂਟਹਿ; ਗੁਣ ਗਿਆਨ ਬੀਚਾਰਿ॥੫॥

ਜਿਉ ਤਨੁ ਬਿਧਵਾ; ਪਰ ਕਉ ਦੇਈ॥ (ਜਿਉ) ਜਿਵੇਂ (ਬਿਧਵਾ) ਪਤੀ ਹੀਨ ਇਸਤ੍ਰੀ ਅਪਣਾ (ਤਨੁ) ਸ੍ਰੀਰ (ਪਰ) ਪਰਾਏ ਪੁਰਖ (ਕਉ) ਨੂੰ (ਦੇਈ) ਦਿੰਦੀ ਹੈ, ਭਾਵ ਵਿਭਚਾਰ ਕਰਦੀ ਹੈ।

ਚਿੱਤੁ ਵੱਸਿ- ਕਾਮਿ ਦਾਮਿ; ਚਿਤੁ ਪਰ ਵਸਿ ਸੇਈ॥ (ਕਾਮਿ) ਵਿਕਾਰਾਂ 'ਚ, (ਦਾਮਿ) ਧਨ ਮਾਇਆ ਅਥਵਾ (ਦਾਮਿ) ਧਨ ਦੀ (ਕਾਮਿ) ਕਾਮਨਾ 'ਚ ਵਸ, (ਸੇਈ) ਉਸ ਦਾ ਚਿਤੁ (ਪਰ) ਪਰਾਏ ਵਸਿ ਹੈ।

ਬਿਨੁ ਪਿਰ. ਤ੍ਰਿਪਤਿ; ਨ ਕਬਹੂੰ ਹੋਈ॥੬॥ (ਪਿਰ) ਪਤੀ (ਬਿਨੁ) ਬਿਨਾ (ਕਬਹੂੰ) ਕਦੇ ਭੀ ਤ੍ਰਿਪਤਿ (ਨ) ਨਹੀਂ (ਹੋਈ) ਹੁੰਦੀ। ਇਉਂ ਮਨਮੁਖ, ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਦੀ ਪ੍ਰਾਪਤੀ ਬਿਨਾ, ਅੰਮ੍ਰਿਤ ਨਾਮ ਰਸ ਤੋਂ ਬਿਨਾ ਕਦੇ ਭੀ ਰੱਜਦੇ ਨਹੀਂ॥੬॥ ਯਥਾ:- ਸਾਕਤ ਨਰ ਪ੍ਰਾਨੀ ਸਦ ਭੂਖੇ; ਨਿਤ ਭੂਖਨ ਭੂਖ ਕਰੀਜੈ॥ ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ; ਲਖ ਕੋਸਨ ਕਉ ਬਿਥਿ ਦੀਜੈ॥੨॥

ਪੜ੍ਹ ਪੜ੍ਹ। ਸਿੰਮ-ਰਿਤਿ- ਪੜਿ ਪੜਿ ਪੋਥੀ; ਸਿੰਮ੍ਰਿਤਿ ਪਾਠਾ॥ (ਪੋਥੀ) ਪੋਥੀਆਂ ਪੜਿ ਪੜਿ ਕੇ, (ਸਿੰਮ੍ਰਿਤਿ) ਸਿੰਮ੍ਰਿਤੀਆਂ ਦਾ (ਪਾਠਾ) ਪਾਠ ਕਰਦੇ।

ਥਾੱਟਾ, ਪੜ੍ਹੈ- ਬੇਦ ਪੁਰਾਣ ਪੜੈ; ਸੁਣਿ ਥਾਟਾ॥ ਮਾਇਆ ਦੀ ਪ੍ਰਾਪਤੀ ਲਈ ਦਿਖਾਵੇ ਦਾ ਟਿਕਾਅ ਬਣਾ ਕੇ ਬੇਦ ਪੁਰਾਣ (ਪੜੈ) ਪੜ੍ਹਦੇ, ਬਿਅੰਤ (ਥਾਟਾ) ਥਾਟ ਬੰਨ੍ਹ ਬੰਨ੍ਹ ਕੇ (ਸੁਣਿ) ਸੁਣਦੇ ਹਨ।

ਨਾੱਟਾ- ਬਿਨੁ ਰਸ ਰਾਤੇ; ਮਨੁ ਬਹੁ ਨਾਟਾ॥੭॥ ਅੰਮ੍ਰਿਤ ਨਾਮ ਰਸ 'ਚ (ਰਾਤੇ) ਰੰਗੇ (ਬਿਨੁ) ਬਿਨਾ, ਮਨੁ (ਬਹੁ) ਬਹੁਤੇ (ਨਾਟਾ) ਮੁਕਰਦਾ ਹੈ॥੭॥ ਯਥਾ:- ਸਭ ਕਰਮ, ਫੋਕਟ ਜਾਨੁ॥ ਸਭ ਧਰਮ, ਨਿਹਫਲ ਮਾਨੁ॥ ਬਿਨੁ ਏਕ, ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥੨੦॥੫੦॥

ਜਿਉ ਚਾਤ੍ਰਿਕ; ਜਲ ਪ੍ਰੇਮ ਪਿਆਸਾ॥ (ਜਿਉ) ਜਿਵੇਂ (ਚਾਤ੍ਰਿਕ) ਬਬੀਹੇ ਨੂੰ (ਜਲ) ਸੁਆਂਦੀ ਬੂੰਦ ਦੀ ਪ੍ਰੇਮ (ਪਿਆਸਾ) ਪਿਆਸ ਹੈ।

ਜਿਉ ਮੀਨਾ; ਜਲ ਮਾਹਿ ਉਲਾਸਾ॥ (ਜਿਉ) ਜਿਵੇਂ (ਮੀਨਾ) ਮੱਛੀ ਜਲ (ਮਾਹਿ) ਵਿੱਚ ਰਹਿੰਦੀ (ਉਲਾਸਾ) ਕੇਲ, ਅਨੰਦ ਹੀ ਅਨੰਦ ਕਰਦੀ ਹੈ।

ਨਾਨਕ. ਹਰਿ ਰਸੁ ਪੀ; ਤ੍ਰਿਪਤਾਸਾ॥੮॥੧੧॥ (ਨਾਨਕ) ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਫ਼ੁਰਮੌਂਦੇ ਹਨ:- ਤਿਵੇਂ ਨਾਮ ਜਪਣ ਜਪੌਣ ਵਾਲਾ ਗੁਰਮੁਖਿ ਗੁਰਸੇਵਕ (ਹਰਿ) ਵਾਹਿਗੁਰੂ ਨਾਮ ਅੰਮ੍ਰਿਤ ਰਸੁ ਪੀ ਕੇ (ਤ੍ਰਿਪਤਾਸਾ) ਤ੍ਰਿਪਤ ਹੋ ਜਾਂਦਾ ਹੈ॥੮॥੧੧॥ ਯਥਾ:- ਅੰਮ੍ਰਿਤੁ ਸਚਾ ਨਾਉ; ਭੋਜਨੁ ਚਾਖਿਆ॥ ਤਿਪਤਿ ਰਹੇ ਆਘਾਇ; ਮਿਟੀ ਭਭਾਖਿਆ॥) ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ; ਤ੍ਰਿਪਤਿ ਰਹੇ ਆਘਾਇ॥੭॥) ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ; ਸਭ ਲਾਥੀ ਭੁਖ ਭੁਖਾਨੀ॥੩॥) ਰਮਣੰ ਕੇਵਲੰ ਕੀਰਤਨੰ; ਸੁਧਰਮੰ ਦੇਹ ਧਾਰਣਹ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ; ਪੀਵਤੰ. ਸੰਤ ਨ ਤ੍ਰਿਪ੍ਯਤੇ॥੨੬॥

੯੧. ਨਾਮ ਬਿਨਾ; ਕਿਉ ਜੀਵਾ ਮਾਇ॥ ਹੇ (ਮਾਇ) ਗੁਰਦੇਵ ਮਾਤਾ. ਗੁਰਦੇਵ ਪਿਤਾ; ਵਾਹਿਗੁਰੂ ਸਾਹਿਬ ਜੀ! ਅੰਮ੍ਰਿਤ ਅਮੋਲਕ ਸੱਚੇ ਨਾਮ ਜੀ ਬਿਨਾ ਦਾਸਨਦਾਸ (ਕਿਉ) ਕਿਵੇਂ (ਜੀਵਾ) ਜੀਵੇ? ਭਾਵ ਨਹੀਂ ਜੀਵਿਆ ਜਾਂਦਾ ਜੀ। ਯਥਾ:- ਮਰਣੰ. ਬਿਸਰਣੰ ਗੋਬਿੰਦਹ॥ ਜੀਵਣੰ. ਹਰਿ ਨਾਮ ਧ੍ਯਾਵਣਹ॥) ਨਾਮ ਬਿਨਾ; ਨਹੀ ਜੀਵਿਆ ਜਾਇ॥) ਹਰਿ ਹਰਿ; ਸੰਤ ਜਨਾ ਕੀ ਜੀਵਨਿ॥ ਬਿਖੈ ਰਸ ਭੋਗ. ਅੰਮ੍ਰਿਤ ਸੁਖਸਾਗਰ; ਰਾਮ ਨਾਮ ਰਸੁ ਪੀਵਨਿ॥੧॥ ਰਹਾਉ॥

ਅਨਦਿਨੁ ਜਪਤੁ ਰਹਉ; ਤੇਰੀ ਸਰਣਾਇ॥ ਦਾਸਨਦਾਸ (ਤੇਰੀ) ਆਪ ਜੀ ਦੀ (ਸਰਣਾਇ) ਸਰਣ ਪੈ ਕੇ, (ਅਨਦਿਨੁ) ਦਿਨ ਰਾਤ ਸੱਚਾ ਨਾਮ ਰੋਮ ਰੋਮ ਦੇ ਪਿਆਰ ਨਾਲ (ਜਪਤੁ) ਜਪਦਾ (ਰਹਉ) ਰਹੇ। ਯਥਾ:- ਅਨਦਿਨੁ ਜਪਤ ਰਹੈ ਦਿਨੁ ਰਾਤੀ; ਸਹਜੇ ਨਾਮੁ ਧਿਆਇਆ॥) ਅਨਦਿਨੁ ਜਪਉ; ਗੁਰੂ ਗੁਰ ਨਾਮ॥

ਰੱਤੇ। ਪਤਿ: ਪੋਲਾ ਬੋਲੋ:- ਨਾਨਕ. ਨਾਮਿ ਰਤੇ; ਪਤਿ ਪਾਇ॥੮॥੧੨॥ (ਨਾਨਕ) ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਫ਼ੁਰਮੌਂਦੇ ਹਨ:-ਜਿਹੜੇ ਗੁਰਮੁਖਿ ਪੂਰਨ ਸਤਿਗੁਰੂ ਸਾਹਿਬ ਜੀ ਦੇ ਬਖ਼ਸ਼ੇ ਸੱਚੇ ਅੰਮ੍ਰਿਤ ਨਾਮਿ ’ਚ (ਰਤੇ) ਰੰਗੇ ਹਨ, ਉਹ (ਪਤਿ) ਇੱਜ਼ਤ ਅਥਵਾ (ਪਤਿ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਨੂੰ ਪੂਰਨ ਸਤਿਗੁਰੂ ਸਾਹਿਬ ਜੀ ਦੁਆਰਾ (ਪਾਇ) ਪੌਂਦੇ ਹਨ॥੮॥੧੨॥ ਯਥਾ:- ਹਰਿ ਹਰਿ ਨਾਮੁ ਨਿਧਾਨੁ ਲੈ; ਗੁਰਮਤਿ ਹਰਿ ਪਤਿ ਪਾਇ॥) ਗੁਰ ਕਿਰਪਾ ਤੇ; ਹਰਿ ਰਸੁ ਪਾਏ॥ ਨਾਨਕ; ਨਾਮਿ ਰਤੇ ਗਤਿ ਪਾਏ॥੪॥੩॥੪੨॥

੯੨. ਨੈਨੀ; ਹਰਿ ਹਰਿ ਲਾਗੀ ਤਾਰੀ॥ (ਨੈਨੀ) ਅੱਖਾਂ ਅਥਵਾ ਮਨ ਬੁੱਧਿ ਰੂਪੀ ਅੱਖਾਂ ਦੀ (ਹਰਿ) ਪ੍ਰਕਾਸ ਸਰੂਪ (ਹਰਿ) ਵਾਹਿਗੁਰੂ ਸਤਿਗੁਰੂ ਜੀ ਦੇ ਸੁੰਦਰ ਸਰੂਪ, ਸੱਚੇ ਗੁਰਬਾਣੀ ਜੀ ’ਚ ਇੱਕ ਰਸ (ਤਾਰੀ) ਸਮਾਧੀ (ਲਾਗੀ) ਲੱਗੀ ਹੈ ਜੀ। ਯਥਾ:- ਨਿਰੰਕਾਰ ਆਕਾਰੁ ਕਰਿ ਗੁਰ ਮੂਰਤਿ ਹੁਇ ਧਿਆਨੁ ਧਰਾਇਆ॥) ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥

ਸਤਿਗੁਰੁ ਦੇਖਿ. ਮੇਰਾ ਮਨੁ ਬਿਗਸਿਓ; ਜਨੁ ਹਰਿ ਭੇਟਿਓ ਬਨਵਾਰੀ॥੧॥ਰਹਾਉ॥ (ਜਨੁ) ਦਾਸਨਦਾਸ ਨੂੰ (ਬਨਵਾਰੀ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ (ਹਰਿ) ਬ੍ਰਹਮ ਪ੍ਰਭ ਵਾਹਿਗੁਰੂ ਸਤਿਗੁਰੂ ਸਾਹਿਬ ਜੀ (ਭੇਟਿਓ) ਮਿਲੇ। ਸੱਚੇ ਸੁੰਦਰ ਭਗਵਾਨ ਅਕਾਲਪੁਰਖੁ ਸਤਿਗੁਰੁ ਸਾਹਿਬ ਜੀ ਦੇ ਸੁੰਦਰ ਸਰੂਪ ਨੂੰ ਦੇਖਿ ਕੇ (ਮੇਰਾ) ਦਾਸਨਦਾਸ ਦਾ ਮਨੁ ਮਹਾਂ ਵਿਸਮਾਦ ਪ੍ਰੇਮ ਅਨੰਦ ’ਚ (ਬਿਗਸਿਓ) ਖਿੜ ਗਿਆ॥੧॥ਰਹਾਉ॥

## ਪ੍ਰਸੰਗ ੬- ਅਬਿਨਾਸੀ ਸਤਿਗੁਰੂ ਸਾਹਿਬਾਨ ਜੀ ਅਤੇ ਗੁਰਮੁਖਿ ਗੁਰਸਿੱਖਾਂ ਦੇ ਸੱਚੇ ਸੁੱਚੇ ਅਤਿਅੰਤ ਉੱਚੇ ਇਖ਼ਲਾਕ ਦੀਆਂ ਅਮੋਲਕ ਸੱਚੀਆਂ ਸਾਖੀਆਂ:-



**੯੩. ਸਾਖੀ ਨਿਰਵਿਕਾਰ ਵਾਹਿਗੁਰੂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਮਹੱਲੇ ਪਹਿਲੇ ਜੀ ਦੀ:-** ਟਾਪੂ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਜੀ ਦੀ ਰਾਜਧਾਨੀ ਸਤਾਵੱਦ ਸ਼ਹਿਰ ਸੀ। ਧੰਨ ਵਾਹਿਗੁਰੂ ਮਹੱਲੇ ਪਹਿਲੇ ਜੀ ਦੇ ਘਣੇ ਪਿਆਰੇ ਚਰਨਕਮਲਾਂ ਦੇ ਕੀੜੇ, ਗੁਰਮੁਖਿ ਸਨਮੁਖ ਗੁਰਸੇਵਕ ਭਾਈ ਮਨਸੁਖ ਜੀ ਵਪਾਰ ਕਰਨ ਲਈ ਇੱਥੇ ਪਹੁੰਚੇ, ਰਾਜੇ ਨੂੰ ਗੁਰੂ ਪ੍ਰਮੇਸਰ ਜੀ ਦੇ ਸੱਚੇ ਮਿੱਠੇ ਚਰਨਕਮਲਾਂ ਦਾ ਪ੍ਰੇਮ ਲਾ ਦਿੱਤਾ, ਰਾਜੇ ਜੀ ਨੇ ਇਨ੍ਹਾਂ ਨੂੰ ਕਿਹਾ, "ਦਾਸਨਦਾਸ ਗੁਰੂ ਪ੍ਰਮੇਸਰ ਜੀ ਦੀ ਖੋਜ ਕਰਕੇ, ਦਰਸਨ ਪਿਆਸੀ ਦਿਨਸੁ ਰਾਤਿ; ਚਿਤਵਉ ਅਨਦਿਨੁ ਨੀਤ॥ ਅਨੁਸਾਰ ਸੁੰਦਰ ਸੱਚੇ ਦਰਸ਼ਨ ਕਰਨੇ ਚਾਹੁੰਦਾ ਹੈ। ਵਡੈ ਭਾਗਿ; ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ; ਹਰਿ ਸੇਵਾ॥ ਅਨੁਸਾਰ ਦਰਸਨ ਹੋਣ, ਸ਼ੁਭ ਸੱਚੀ ਸੇਵਾ ਕਰਕੇ ਆਪਣੇ ਗੁਨਾਹ ਬਖ਼ਸ਼ਾ ਕੇ ਖ਼ੁਸ਼ੀਆਂ ਪ੍ਰਾਪਤ ਕਰਾਂ" ਗੁਰਮੁਖਿ ਸਨਮੁਖ ਮਨਸੁਖ ਸ਼ਾਹੂਕਾਰ ਜੀ ਨੇ ਕਿਹਾ, "ਹੇ ਰਾਜਨ ਜੀ! ਧੰਨ ਵਾਹਿਗੁਰੂ ਮਹੱਲਾ ਪਹਿਲਾ ਜੀ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਸਰੂਪ ਪੂਰਨ ਗੁਰੂ ਅਵਤਾਰ ਨ੍ਰਿਵਿਕਾਰ ਨਿਰਹੰਕਾਰ ਹਨ। ਆਪਣੇ ਨਿਰਗੁਨ ਸਰੂਪ 'ਚ ਸਾਰੀਆਂ ਘਟਾਂ ਹਰ ਪ੍ਰਾਣੀ ਦੇ ਅੰਦਰ ਬਾਹਰ ਅਸੰਖ ਨੂਰ ਪ੍ਰਕਾਸ਼ ਹੀ ਪ੍ਰਕਾਸ਼, ਵਿਆਪਕ ਪ੍ਰਕਾਸ਼ਕ ਹੋ ਰਹੇ ਹਨ। ਯਥਾ:- ਜਲਿ ਥਲਿ ਮਹੀਅਲਿ ਪੂਰਿਆ; ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ; ਨਾਨਕ ਏਕੰਕਾਰੁ॥ ) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ ) ਨਾਨਕ; ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ; ਨ ਰਹਿਓ ਕੋਈ॥ ਅਨੁਸਾਰ ਕਲਜੁੱਗ 'ਚ ਗਿਆਨਵਾਨ ਮਿੱਤ੍ਰ ਕੋਈ ਭੀ ਨਹੀਂ ਰਿਹਾ, ਕਲਜੁੱਗਿ ਵਿਕਾਰਾਂ ਦੀ ਅੱਗ ਦਾ ਸਮੁੰਦ੍ਰ ਹੈ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥ ਇਸ 'ਚ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਪੂਰਨ ਗੁਰੂ ਹਨ, ਜੋ ਮਹਾਨ ਕ੍ਰਿਪਾ ਕਰਕੇ ਵਿਕਾਰ ਮੇਟ ਕੇ, ਅੰਮ੍ਰਿਤ ਦੀ ਅਮੋਲਕ ਸੱਚੀ ਵਰਖਾ ਕਰਕੇ, ਗੁਰੂ ਪ੍ਰੇਮਾ ਭਗਤੀ ਸਹਿਤ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ਦੇ ਹਨ।

ਹੇ ਰਾਜਨ! ਆਪ ਜੀ ਨਿਆਂਕਾਰੀ ਰਾਜ ਕਰਕੇ, ਆਪਣੀ ਪ੍ਰਜਾ ਨੂੰ ਸੁਖ ਦੇਵੋ, ਆਪ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪੋ, ਪ੍ਰਜਾ ਨੂੰ ਜਪਾਉ। ਲਖ ਖੁਸੀਆ ਪਾਤਿਸਾਹੀਆ ਜੇ; ਸਤਿਗੁਰੁ ਨਦਰਿ ਕਰੇਇ॥ ਅਨੁਸਾਰ ਗੁਰੂ ਪ੍ਰਮੇਸਰ ਜੀ ਤੋਂ ਖ਼ੁਸ਼ੀਆਂ ਦੀਆਂ ਲੱਖਾਂ ਪਾਤਿਸਹੀਆਂ ਪਾਉ। ਮੇਰਾ; ਅੰਤਰਜਾਮੀ ਹਰਿ ਰਾਇਆ॥ ਗੁਰੂ ਪ੍ਰਮੇਸਰ ਜੀ, ਆਪ ਜੀ ਦੇ ਦਿਲ ਦੀ ਜਾਣ ਕੇ, ਪ੍ਰੇਮਾ ਭਗਤੀ ਗ੍ਰੀਬੀ ਸਰਬੱਤ ਦੇ ਭਲੇ ਦੀ ਸੇਵਾ 'ਤੇ ਪ੍ਰਸੰਨ ਹੋ ਕੇ, ਅਨਿਕ ਰੂਪ ਖਿਨ ਮਾਹਿ; ਕੁਦਰਤਿ ਧਾਰਦਾ॥ ਅਨੁਸਾਰ ਆਪ ਜੀ ਨੂੰ ਅਕਸ ਮਾਤ੍ਰ ਪ੍ਰਗਟ ਹੋ ਕੇ, ਇੱਥੇ ਹੀ ਨੂਰਾਨੀ ਦਰਸ਼ਨ ਬਖ਼ਸ਼ ਕੇ ਨਿਹਾਲ ਕਰਨਗੇ।" ਦੰਭੀਆਂ ਪਖੰਡੀਆਂ ਨੂੰ ਪਤਾ ਲੱਗ ਗਿਆ ਕਿ ਰਾਜਾ ਭੋਲ਼ੇ ਭਾਵ 'ਚ, ਧੰਨ ਸਤਿਗੁਰੂ ਸਾਹਿਬ ਜੀ 'ਤੇ ਅਮੋਲ ਅਤੋਲ ਬੇਸੁਮਾਰ ਅਥਾਹ ਸ਼ਰਧਾ ਕਰਦਾ ਹੈ। ਇਸ ਲਈ ਸਤਿਗੁਰੂ ਸਾਹਿਬ ਜੀ ਦਾ ਨਾਮ ਰੱਖ ਕੇ, ਰਾਜੇ ਜੀ ਪਾਸ ਜਾਣ ਲੱਗੇ।

ਰਾਜਾ ਬਹੁਤੇ ਪ੍ਰੇਮ ਨਾਲ ਧਨ ਪਦਾਰਥ ਕਰਕੇ ਸੇਵਾ ਕਰਦਾ ਕਰਾਉਂਦਾ, ਪਰ ਸ਼ਾਂਤੀ ਨ ਆਉਣ ਤੋਂ ਇਨ੍ਹਾਂ ਦੀ ਪਰਖ ਕਰਨ ਲੱਗ ਗਿਆ।

ਪਦਾਰਥ ਵਿਕਾਰ 'ਚ ਸਭ ਡੋਲ ਜਾਂਦੇ। ਲਗੀ ਲਾਗਿ; ਸੰਤ ਸੰਗਾਰਾ॥ ਅਨੁਸਾਰ ਗੁਰਮੁਖਿ ਰਾਜੇ ਜੀ ਨੂੰ ਐਸੀ ਪ੍ਰੇਮ ਲਗਨ ਲੱਗੀ, ਆਪ ਜਾਪ ਕਰਦੇ, ਪੂਜਾ ਤੋਂ ਕਰਾਉਂਦੇ। ਪ੍ਰੀਤ ਵੱਧਦੀ ਵੱਧਦੀ ਵੱਧਦੀ ਵੱਧ ਗਈ, ਮੈ ਨੀਰੇ. ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ. ਦ੍ਰਿਸਟਿ ਨ ਕਰੈ ਰੁਚਾਂਗੈ॥ ਅਨੁਸਾਰ ਬਹੁਤ ਹੀ ਘੱਟ ਛਕਦੇ, ਘੱਟ ਸੌਂਦੇ ਤੇ ਬਹੁਤ ਹੀ ਘੱਟ ਬੋਲਦੇ, ਹੰਕਾਰ ਵਿਕਾਰ ਵਡਿਆਈ ਤਿਆਗ ਕੇ ਹਰ ਸਮੇਂ ਦਰਸ਼ਨਾਂ ਦੀ ਤੀਬਰ ਇੱਛਾ ਕਰਕੇ ਰੋਂਦੇ ਰਹਿੰਦੇ ਜੀ। ਯਥਾ:- ਸਗਲ ਭਵਨ ਕੇ ਨਾਇਕਾ; ਇਕੁ ਛਿਨੁ ਦਰਸੁ ਦਿਖਾਇ ਜੀ॥) ਹਉ. ਰਹਿ ਨ ਸਕਾ, ਬਿਨੁ ਦੇਖੇ ਪ੍ਰੀਤਮਾ; ਮੈ ਨੀਰੁ ਵਹੇ ਵਹਿ ਚਲੈ ਜੀਉ॥) ਮੇਰੈ ਮਨਿ ਬੈਰਾਗੁ ਭਇਆ ਜੀਉ; ਕਿਉ ਦੇਖਾ ਪ੍ਰਭ ਦਾਤੇ॥) ਇਕ ਘੜੀ ਦਿਨਸੁ ਮੋਕਉ; ਬਹੁਤੁ ਦਿਹਾਰੇ॥ ਮਨੁ ਨ ਰਹੈ; ਕੈਸੇ ਮਿਲਉ ਪਿਆਰੇ॥) ਇਕ ਘੜੀ ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਰੋਮ ਰੋਮ ਦੇ ਪਿਆਰ 'ਚ ਲੀਨ ਹਰ ਵੇਲੇ ਗੁਰੂ ਗੁਰੂ ਜਪਦੇ। ਧਿਆਨ ਟਿਕਾਅ ਕੇ ਸਿਮਰਨ ਕਰਦਿਆਂ ਧਿਆਨ 'ਚ ਗੁਰੂ ਪ੍ਰਮੇਸਰ ਜੀ ਦੇ ਦਰਸਨ ਚਾਹੁੰਦੇ।

ਇਨ੍ਹਾਂ ਦੇ ਸੱਚੇ ਪ੍ਰੇਮ ਨੇ, ਅਜਪਾ ਜਾਪ ਸਤਿ ਸੰਤੋਖ ਭਾਉ ਭਗਤੀ ਆਦਿ ਸ਼ੁਭ ਗੁਣਾਂ ਦੀਆਂ ਅਨਤਕਲਾਂ ਬਖ਼ਸ਼ਣ ਵਾਲੇ, ਸਤ ਸੰਤੋਖੀ ਸਤਿਗੁਰੁ ਪੂਰਾ॥) ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥ ਜੀ ਦਾ ਮਨ ਖਿੱਚ ਲਿਆ। ਯਥਾ:- ਤੂ ਭਗਤਾ ਕੈ ਵਸਿ; ਭਗਤਾ ਤਾਣੁ ਤੇਰਾ॥) ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥ ਅਨੁਸਾਰ ਬਿਅੰਤ ਬ੍ਰਹਮੰਡ ਦੇ ਉਧਾਰਨਹਾਰ ਕਰਤੇ ਵਾਹਿਗੁਰੂ ਪੂਰਨ ਨਿਰੰਕਾਰ, ਪ੍ਰੀਤਮ; ਪ੍ਰੇਮ ਭਗਤਿ ਕੇ ਦਾਤੇ॥ ਆਪਣੇ ਪਿਆਰੇ ਸੇਵਕ ਗੁਰਮੁਖਿ ਭਾਈ ਬਾਲਾ ਸਾਹਿਬ ਜੀ, ਗੁਰਮੁਖਿ ਭਾਈ ਮਰਦਾਨੇ ਸਾਹਿਬ ਜੀ ਸਮੇਤ, ਸਤਾਵੱਦ ਸ਼ਹਿਰ ਵਿਖੇ ਪਹੁੰਚੇ। ਸੁੱਕੇ ਬਾਗ਼ 'ਚ ਜਿਉਂ ਹੀ ਸੱਚੇ ਮਿੱਠੇ ਪਿਆਰੇ ਚਰਨਕਮਲ ਪਾਏ, ਬਾਗ਼ ਹਰਾ ਭਰਾ ਹੋ ਗਿਆ। ਯਥਾ:- ਸੂਕੇ; ਹਰੇ ਕੀਏ ਖਿਨ ਮਾਹੇ॥) ਸੂਕੇ ਕਾਸਟ; ਹਰੇ ਚਲੂਲ॥) ਖਿਨ ਮਹਿ; ਸੂਕੇ ਕੀਨੇ ਹਰਿਆ॥) ਗੁਰਪਰਸਾਦਿ ਪਰਮ ਪਦੁ ਪਾਇਆ; ਸੂਕੇ ਕਾਸਟ ਹਰਿਆ॥

ਬਾਗ਼ ਦੇ ਹਰਾ ਹੋਣ ਤੋਂ, ਸਾਰੀ ਰਾਜਧਾਨੀ 'ਚ ਖ਼ੁਸ਼ੀ ਦੀ ਲਹਿਰ ਫ਼ੈਲ ਗਈ। ਸਭ ਦੇ ਮਨ ਅਚਰਜ ਵਿਸਮਾਦ ਹੋ ਗਏ। ਸਭ ਨੂੰ ਬਹੁਤ ਹੀ ਵਿਸਮਾਦਤਾਈ ਹੋਈ, ਕਿ ਸਾਡੇ ਮਨਾਂ ਨੂੰ ਇਤਨਾ ਸੁਖ ਕਿਉਂ ਹੋ ਰਿਹਾ ਹੈ? ਮਾਲੀ ਨੇ ਚਾਈਂ ਚਾਈਂ ਆ ਕੇ, ਗੁਰੂ ਪ੍ਰਮੇਸਰ ਜੀ ਨੂੰ ਰੋਮ ਰੋਮ ਕਰਕੇ ਬਾਰ ਬਾਰ ਨਮਸਕਾਰ ਕੀਤੀ। ਮਾਲੀ ਨੇ ਰਾਜੇ ਪਾਸ ਜਾ ਕੇ ਇਹ ਖ਼ੁਸ਼ੀ ਪ੍ਰਗਟ ਕੀਤੀ। "ਸੁਨਹੁ [੧]ਭੂਪਤਿ! ਬਾਤ ਮਮ ਸਾਚੀ॥੧੬॥ ਉੱਤਮ ਸੰਤ. ਏਕ ਚੱਲਿ ਆਯੋ। ਸੂਕੇ [੨]ਉਪਬਨ. [੩]ਪਗ ਜਬ ਪਾਯੋ। ਹਰਿਆ ਹੋਤਿ. ਭਯੋ [੪]ਤਤਕਾਲਾ। ਜਿਹ ਕੋ ਦਰਸ਼ਨ. ਕਰਤਿ ਨਿਹਾਲਾ। ਦ੍ਵੈ ਚੇਲੇ ਹੈਂ, ਤਾਂ ਕੇ ਸੰਗਾ। ਚਲਹੁ ਨਿਕਟ. ਤਹਿਂ ਧਾਰਿ [੫]ਉਮੰਗਾ।" [੧]ਰਾਜਾ [੨]ਬਾਗ਼ [੩]ਚਰਨ [੪]ਛੇਤੀ [੫]ਉਤਸ਼ਾਹ।

ਰਾਜੇ ਨੇ ਪ੍ਰਸੰਨ ਹੋ ਕੇ ਵਜ਼ੀਰ ਪਰਸ਼ੁਰਾਮ ਨੂੰ ਕਿਹਾ, "ਪਰਖ ਕਰੋ!" ਵਜ਼ੀਰ ਨੇ ਜਾ ਕੇ, ਪਦਾਰਥ ਚਮਕੀਲੇ ਬਸਤ੍ਰ ਸੋਨਾ ਪਰਮਪਵਿੱਤ੍ਰ ਸੱਚੇ ਚਰਨਕਮਲਾਂ 'ਚ ਰੱਖ ਕੇ ਮੱਥਾ ਟੇਕਿਆ। ਗੁਰੂ ਪ੍ਰਮੇਸਰ ਜੀ ਨੇ ਵਿਸਮਾਦ ਰੰਗ 'ਚ ਅੰਮ੍ਰਿਤ ਰੂਪ ਕੀਰਤਨ ਕਰਕੇ, ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਕੀਤੀ। ਸਭ ਦੇ ਮਨ ਸ੍ਰੀਰ ਪਾਰਬ੍ਰਹਮ ਕਰਤਾਰ ਜੀ ਦੇ ਪ੍ਰੇਮ 'ਚ ਢਲ ਗਏ। ਵਜ਼ੀਰ ਨੂੰ ਉਪਦੇਸਿਆ, "ਤਾਜੀ ਤੁਰਕੀ ਸੁਇਨਾ ਰੁਪਾ; ਕਪੜ ਕੇਰੇ ਭਾਰਾ॥ ਕਿਸ ਹੀ ਨਾਲਿ. ਨ ਚਲੇ ਨਾਨਕ; ਝੜਿ ਝੜਿ ਪਏ ਗਵਾਰਾ॥ ਕੂਜਾ- ਪੋਲਾ ਚਜੇ- ਕੂਜਾ ਮੇਵਾ. ਮੈ ਸਭ ਕਿਛੁ ਚਾਖਿਆ; ਇਕੁ ਅੰਮ੍ਰਿਤੁ ਨਾਮੁ

ਤੁਮਾਰਾ॥ ਅਨੁਸਾਰ ਐਸੇ ਸੁੰਦਰ ਗਹਿਣੇ, ਚਟਕੀਲੇ ਭਟਕੀਲੇ ਬਸਤ੍ਰ, ਤਲ਼ੇ ਪਦਾਰਥ ਆਦਿ ਵਿਕਾਰ ਰੂਪ ਹਨ। ਯਥਾ:- ਬਾਬਾ; ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥) ਬਾਬਾ; ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ. ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥

ਇਨ੍ਹਾਂ ਨੂੰ ਅੰਗੀਕਾਰ ਕਰਨ ਵਾਲੇ ਤਪੀਆਂ ਦੇ ਤਪ, ਜਤੀਆਂ ਦੇ ਜਤ ਟੁੱਟ ਜਾਂਦੇ ਹਨ। ਯਥਾ:- ਮਾਇਆ ਹੋਈ ਨਾਗਨੀ; ਜਗਤਿ ਰਹੀ ਲਪਟਾਇ॥ ਇਸ ਕੀ ਸੇਵਾ ਜੋ ਕਰੇ; ਤਿਸ ਹੀ ਕਉ ਫਿਰਿ ਖਾਇ॥ ਧਨ ਨੂੰ ਪਕੜਨ ਵਾਲੇ ਕੋਈ ਭੀ ਚੰਗਾ ਕੰਮ ਨਹੀਂ ਕਰਦੇ। ਇਸ ਨੂੰ ਪਕੜ ਕੇ, ਇਕੱਠੀ ਕਰੀ ਜਾਂਦੇ ਹਨ, ਉਲਟ ਕੇ ਮਾਇਆ ਇਨ੍ਹਾਂ ਨੂੰ ਫੜ ਲੈਂਦੀ ਹੈ। ਇਸ ਦੇ ਧਿਆਨ ਕਰਕੇ ਜੀਵ ਨੂੰ ਸੱਪ ਬਨਣਾ ਪੈਂਦਾ ਹੈ। ਯਥਾ:- ਅੰਤਿ ਕਾਲਿ ਜੋ ਲਛਮੀ ਸਿਮਰੈ; ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ; ਵਲਿ ਵਲਿ ਅਉਤਰੈ॥ ਸਾਊ ਬੰਦਾ ਕੀ ਤੇ ਸੋਨਾ ਪਹਿਨ੍ਣਾ ਕੀ? ਜਿਹੜੇ ਸੰਤ ਬਣ ਕੇ ਸੋਨਾ ਪਹਿਨ੍ਦੇ ਹਨ, ਮਾਨੋ ਜ਼ਹਿਰੀ ਸੱਪ ਨੂੰ ਹੱਥ ਪਾਉਂਦੇ ਹਨ। ਆਪਣੇ ਸ੍ਰੀਰ ਨੂੰ ਵਿਸ਼ੇ ਅੱਗ ’ਚ ਸੁੱਟਦੇ ਹਨ ਤੇ ਸਤਿਸੰਗਤ ਜੀ ਦੀ ਨੇਕ ਕਮਾਈ ਦੀ ਪ੍ਰੇਮ ਭੇਟਾ ਨੂੰ ਗੁਰੂ ਸੇਵਾ ’ਚ ਲਾ ਕੇ ਅੰਮ੍ਰਿਤ ਬਣਾਉਣ ਦੀ ਬਜਾਏ, ਲਹੂ ਪੀਂਦੇ ਹਨ। ਸੋਨੇ ਚਾਂਦੀ ਨਾਲ ਸ੍ਰੀਰ ਨੂੰ ਸ਼ਿੰਗਾਰਨਾ ਕੂੜ ਹੈ। ਯਥਾ:- ਕੂੜੁ ਸੁਇਨਾ ਕੂੜੁ ਰੁਪਾ; ਕੂੜੁ ਪੈਨ੍ਹਣਹਾਰੁ॥ ਹੇ ਵਜ਼ੀਰ ਜੀ! ਇਹ ਜੋ ਆਪ ਜੀ ਪ੍ਰੇਮ ਭੇਟਾ ਲੈ ਕੇ ਆਏ ਹੋਂ, ਵਾਹਿਗੁਰੂ ਜੀ ਦੇ ਨਾਮ ’ਤੇ ਗ੍ਰੀਬਾਂ ਨੂੰ ਵੰਡ ਦੇਵੋ ਜੀ ਰਾਮ।”

ਸੱਚਿਆਰੇ ਵਜ਼ੀਰ ਨੇ ਰਾਜੇ ਪਾਸ ਜਾ ਕੇ ਕਿਹਾ, “ਹੇ ਪਿਆਰੇ ਰਾਜਨ ਜੀ! ਦਾਸ ਸਮਝਦਾ ਹੈ, ਆਪਣੇ ਸਾਰਿਆਂ ਦੇ ਬਹੁਤ ਹੀ ਉੱਤਮ ਭਾਗ ਹਨ। ਪੂਰਨ ਵਿਆਪਕ ਮਹਾਂ ਵਿਸਮਾਦ ਸੱਚੇ ਕਰਤਾਰ ਪਾਰਬ੍ਰਹਮ ਅਵਤਾਰ, ਸਤਿਕਰਤਾਰ ਜੀ ਗੁਰੂ ਪ੍ਰਮੇਸਰ ਜੀ ਦੇ ਸਰੂਪ ’ਚ, ਆਪ ਪ੍ਰਤੱਖ ਦਰਸ਼ਨ ਬਖ਼ਸ਼ ਕੇ ਨਿਹਾਲ ਕਰ ਰਹੇ ਹਨ। ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ ਅੰਮ੍ਰਿਤ ਕਥਾ ਅੰਮ੍ਰਿਤ ਕੀਰਤਨ ਸੁਣ ਕੇ ਸਭ ਦੇ ਮਨ ਵਿਸਮਾਦ ਇਕਾਗ੍ਰ ਹੋ ਗਏ। ਪ੍ਰਭ ਮੇਰੇ ਓਇ; ਬੈਰਾਗੀ ਤਿਆਗੀ॥ ਅਨੁਸਾਰ ਗੁਰੂ ਪ੍ਰਮੇਸਰ ਜੀ ਨੇ ਭੇਟਾ ਪ੍ਰਵਾਨ ਨਹੀਂ ਕੀਤੀ। ਐਸੇ ਖਾਣ ਪੀਣ ਪਹਿਨ੍ਣ ਤੋਂ ਸਖ਼ਤ ਮਨ੍ਹਾ ਕੀਤਾ ਹੈ। ਯਥਾ:- ‘ਉੱਤਮ ਸੰਤ ਸੁਸ਼ੀਲ ਉਦਾਰਾ। ਕਛੂ ਨ ਲੇਵਤਿ; ਪਠਜੋ ਤੁਮਾਰਾ।”

ਭੁਲਣ ਅੰਦਰਿ ਸਭੁ ਕੋ; ਅਭੁਲੁ ਗੁਰੂ ਕਰਤਾਰੁ॥ ਜੀ ਨੂੰ ਪਰਖਣ ਲਈ, ਰਾਜੇ ਨੇ ਸੁੰਦਰੀਆਂ ਭੇਜੀਆਂ। ਪਾਸ ਆ ਕੇ ਹਾਵ ਭਾਵ ਕਰਨ ਲੱਗੀਆਂ, ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ; ਓਹੁ. ਕਦੇ ਨ ਬੋਲੈ ਕਉਰਾ॥ ਕਉੜਾ. ਬੋਲਿ ਨ ਜਾਨੈ, ਪੂਰਨ ਭਗਵਾਨੈ; ਅਉਗਣੁ. ਕੋ ਨ ਚਿਤਾਰੇ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ; ਇਕੁ ਤਿਲੁ. ਨਹੀ ਭੰਨੈ ਘਾਲੇ॥ ਅਨੁਸਾਰ ਮਹਾਂ ਵਿਸਮਾਦ ਮਿੱਠ ਬੋਲੜੇ ਵਾਹਿਗੁਰੂ ਵਿਸਮਾਦ ਬ੍ਰਹਮ ਹਰਿ ਸਜਨ ਸੁਆਮੀ ਜੀ ਨੇ, ਸਾਵਧਾਨ ਏਕਾਗਰ ਚੀਤ॥, ਪੂਰਨ ਵਿਸਮਾਦਤਾਈ ਸਹਿਤ ਇਸ ਗੁਰਸਬਦ ਦਾ ਕੀਰਤਨ ਕੀਤਾ। ਜਿਸ ’ਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਵਿਸਮਾਦ ਸ਼ੁਭ ਗੁਣਾਂ ਦਾ ਕਥਨ ਹੈ:- ੧ਓ ਸਤਿਗੁਰ ਪ੍ਰਸਾਦਿ॥ ਆਸਾ ਘਰੁ ੬ ਮਹਲਾ ੧॥ ਮਨੁ ਮੋਤੀ ਜੇ ਗਹਣਾ ਹੋਵੈ; ਪਉਣੁ ਹੋਵੈ ਸੂਤ ਧਾਰੀ॥ ਖਿਮਾ ਸੀਗਾਰੁ. ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥੧॥ ਲਾਲ ਬਹੁ ਗੁਣਿ; ਕਾਮਣਿ ਮੋਹੀ॥ ਤੇਰੇ ਗੁਣ; ਹੋਹਿ ਨ ਅਵਰੀ॥੧॥ਰਹਾਉ॥ ਹਰਿ ਹਰਿ ਹਾਰੁ. ਕੰਠਿ ਲੇ ਪਹਿਰੈ; ਦਾਮੋਦਰੁ ਦੰਤੁ ਲੇਈ॥ ਕਰ ਕਰਿ ਕਰਤਾ. ਕੰਗਨ ਪਹਿਰੈ; ਇਨ ਬਿਧਿ ਚਿਤੁ ਧਰੇਈ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ; ਪਰਮੇਸਰੁ ਪਟੁ ਲੇਈ॥ ਧੀਰਜੁ ਧੜੀ ਬੰਧਾਵੈ ਕਾਮਣਿ; ਸ੍ਰੀਰੰਗੁ ਸੁਰਮਾ ਦੇਈ॥੩॥ ਮਨ ਮੰਦਰਿ ਜੇ ਦੀਪਕੁ ਜਾਲੇ; ਕਾਇਆ ਸੇਜ ਕਰੇਈ॥ ਗਿਆਨ ਰਾਉ ਜਬ ਸੇਜੈ ਆਵੈ; ਤ ਨਾਨਕ ਭੋਗੁ ਕਰੇਈ॥੪॥੧॥੩੪॥

ਵਿਸਮਾਦ ਪ੍ਰੇਮ ਮਈ ਭਾਵ ਅਰਥ:- ਮਨੁ ਮੋਤੀ ਜੇ ਗਹਣਾ ਹੋਵੈ; ਪਉਣੁ ਹੋਵੈ ਸੂਤ ਧਾਰੀ॥ ਪ੍ਰਾਪਤੀ ਲਈ ਸ਼ੁਭ ਗੁਣਾਂ ਦੇ ਸ਼ੁਭ ਸਿੰਗਾਰ ਫ਼ੁਰਮਾ ਰਹੇ ਹਨ। ਜਿਵੇਂ ਇਸਤ੍ਰੀ ਮੋਤੀ ਪਹਿਨਦੀ ਹੈ, ਤਿਵੇਂ (ਜੇ) ਜੇਕਰ ਵਾਹਿਗੁਰੂ ਪਤੀ ਜੀ ਦੀ ਚਾਹਵਾਨ ਮਹਾਤਮਾ ਰੂਪ ਪਤੀਬ੍ਰਤਾ ਅਮੋਲਕ ਮੋਤੀ ਵਾਂਗ ਉੱਜਲ ਪ੍ਰਕਾਸ਼ ਸਰੂਪ ਵਾਹਿਗੁਰੂ ਪਤੀ ਜੀ ਮਨੁ ਅੰਦਰ (ਗਹਣਾ) ਗ੍ਰਹਿਣ ਕਰਨ ਰੂਪ ਮੋਤੀਚੂਰ ਗਹਣਾ ਪਹਿਨਦੀ (ਹੋਵੈ) ਹੋਵੇ, ਭਾਵ ਵਾਹਿਗੁਰੂ ਜੀ ਦੇ ਧਿਆਨ 'ਚ ਪੂਰਨ ਪ੍ਰਪੱਕ ਹੋਵੇ, ਅੰਗ ਸੰਗ ਸਮਝ ਕੇ ਨਿਮਖ ਨਿਮਖ ਨਮਸਕਾਰਾਂ ਕਰੇ। ਜਿਵੇਂ ਇਸਤ੍ਰੀ ਪਤੀ ਦੀ ਪ੍ਰਸੰਨਤਾ ਲਈ ਹਵਾ ਨੂੰ ਸੁਗੰਧਿਤ ਕਰਦੀ ਹੈ। ਤਿਵੇਂ ਮਹਾਤਮਾ ਰੂਪੀ ਸਖੀ, ਪਤੀ ਪ੍ਰਮਾਤਮਾ ਜੀ ਦੀ ਪਰਮ ਪ੍ਰਸੰਨਤਾ ਲਈ, ਭਾਣਾ ਮੰਨਣ, ਸਰਬ ਕੀ ਰੇਣ ਬਣਨ, ਤਨ ਮਨ ਸਿਰ ਗੁਰੂ ਜੀ ਨੂੰ ਆਪ ਅਰਪਣ ਤੇ ਹੋਰਨਾਂ ਨੂੰ ਅਰਪਣ ਦੀ ਪ੍ਰੇਰਨਾ ਦੇਣ ਆਦਿ ਅਨੇਕ ਸ਼ੁਭ ਗੁਣਾਂ ਦੀ ਜੋ (ਸੂਤ) ਮਰਯਾਦਾ ਧਾਰਨੀ ਹੈ, ਇਹ (ਪਉਣੁ) ਹਵਾ ਨੂੰ ਸੁਗੰਧਿਤ ਕਰਦੀ (ਹੋਵੈ) ਹੋਵੇ। ਅਥਵਾ (ਪਉਣੁ) ਸੁਆਸ ਸੁਆਸ ਨਾਮ ਜਪਣ ਜਪਾਉਣ ਰੂਪ ਪਤੀਬ੍ਰਤਾ (ਸੂਤ) ਮਰਯਾਦਾ ਧਾਰੀ (ਹੋਵੈ) ਹੋਵੇ।

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥੧॥ {ਕਿਸੇ ਦੇ ਔਗੁਣ ਦੇਖ ਕੇ, ਉਸ ਨੂੰ ਡੰਡ ਦੇਣ ਦਾ ਬਲ ਹੋਵੇ, ਪਰ ਮੁਆਫ਼ ਕਰਨਾ ਖਿਮਾ ਹੈ।} (ਕਾਮਣਿ) ਸੰਸਾਰੀ ਪਤੀਬ੍ਰਤਾ ਜਾਂ (ਕਾਮਣਿ) ਮਹਾਤਮਾ ਰੂਪੀ ਪਤੀਬ੍ਰਤਾ, ਖਿਮਾ ਸੀਗਾਰੁ ਨੂੰ ਤਨਿ 'ਤੇ (ਪਹਿਰੈ) ਪਹਿਰੇ, ਭਾਵ ਰੋਮ ਰੋਮ 'ਚ ਖਿਮਾ ਵਸੇ, ਮਨ ਬਾਣੀ ਸ੍ਰੀਰ ਕਰਕੇ ਖਿਮਾ ਦੀ ਕਮਾਈ ਕਰੇ ਤਾਂ (ਲਾਲ) ਪਿਆਰੇ ਪਤੀ, ਅਥਵਾ (ਲਾਲ) ਪਿਆਰੇ ਵਾਹਿਗੁਰੂ ਜੀ ਦੀ ਪਿਆਰੀ, ਅਨੰਦ ਨੂੰ (ਰਾਵੈ) ਮਾਣੇ ਜੀ॥੧॥

ਲਾਲ ਬਹੁ ਗੁਣਿ; ਕਾਮਣਿ ਮੋਹੀ॥ ਤੇਰੇ ਗੁਣ; ਹੋਹਿ ਨ ਅਵਰੀ॥੧॥ਰਹਾਉ॥ ਹੇ (ਲਾਲ) ਪਿਆਰੇ ਵਾਹਿਗੁਰੂ ਜੀ! ਦਾਸਨਦਾਸੀ ਆਪ ਜੀ ਦੀ ਕਾਮਣਿ, ਆਪ ਜੀ ਦੇ ਅਨੰਤ ਅਸੰਖ ਖਿਮਾ ਧੀਰਜ ਸਹਿਨਸ਼ੀਲਤਾ ਗ੍ਰੀਬੀ ਆਦਿ ਅਨੰਤ ਅਸੰਖ ਸ਼ੁਭ (ਗੁਣਿ) ਗੁਣਾਂ 'ਤੇ ਮੋਹੀ ਗਈ ਹੈ। (ਤੇਰੇ) ਆਪ ਜੀ ਦੇ ਸ਼ੁਭ ਗੁਣ (ਅਵਰੀ) ਹੋਰ ਕਿਸੇ 'ਚ ਭੀ (ਨ) ਨਹੀਂ (ਹੋਹਿ) ਹੋ ਸਕਦੇ ਜੀ॥੧॥ (ਰਹਾਉ) ਬਿਸ੍ਰਾਮ ਦੇ ਕੇ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ ਸ਼ੁਭ ਗੁਣਾਂ ਦੇ ਸ਼ੁਭ ਸੀਗਾਰ ਫ਼ੁਰਮਾ ਰਹੇ ਹਨ ਜੀ:-

ਹਰਿ ਹਰਿ ਹਾਰੁ. ਕੰਠਿ ਲੇ ਪਹਿਰੈ; ਦਾਮੋਦਰੁ ਦੰਤੁ ਲੇਈ॥ ਆਪਣੇ ਕੰਠਿ 'ਚ ਹਰਿ ਹਰਿ ਜੀ ਦਾ ਅਭਿਆਸ ਕਰਨ ਰੂਪੀ ਹਾਰੁ ਗੁਰਾਂ ਤੋਂ (ਲੇ) ਲੈ ਕੇ ਪਹਿਰੈ, (ਦਾਮੋਦਰੁ) ਵਾਹਿਗੁਰੂ ਵਾਹਿਗੁਰੂ ਕਰਨ ਰੂਪੀ (ਦੰਤੁ) ਦੰਦਾਸਾ ਗੁਰਾਂ ਤੋਂ (ਲੇਈ) ਲਵੇ, ਬੁੱਲਾਂ 'ਤੇ ਮਲੇ।

ਕਰ ਕਰਿ ਕਰਤਾ. ਕੰਗਨ ਪਹਿਰੈ; ਇਨ ਬਿਧਿ ਚਿਤੁ ਧਰੇਈ॥੨॥ ਗੁਰਾਂ ਦੁਆਰਾ, ਕਰਤਾ ਕਰਤਾ ਭਾਵ ਵਾਹਿਗੁਰੂ ਵਾਹਿਗੁਰੂ ਦਾ ਅਭਿਆਸ (ਕਰ) ਕਰਕੇ (ਕਰਿ) ਕਰਕੇ ਸੱਚਾ ਕੰਗਨ ਆਪਨੇ ਮਨ ਚਿਤ ਰੂਪੀ ਅਥਵਾ ਪ੍ਰਤੱਖ ਬਾਂਹ 'ਚ (ਪਹਿਰੈ) ਪਹਿਨੇ। (ਇਨ) ਇਸ ਉਪ੍ਰੋਕਤ (ਬਿਧਿ) ਜੁਗਤੀ ਦੁਆਰਾ ਚਿਤੁ 'ਚ ਵਾਹਿਗੁਰੂ ਜੀ (ਧਰੇਈ) ਧਰਨਾ ਕਰੇ ਅਥਵਾ ਵਿਆਪਕ ਬ੍ਰਹਮ ਜੀ 'ਚ ਆਪਣਾ ਚਿਤੁ (ਧਰੇਈ) ਧਰਨਾ ਕਰੇ॥੨॥

ਮਧੁਸੂਦਨੁ ਕਰ ਮੁੰਦਰੀ ਪਹਿਰੈ; ਪਰਮੇਸਰੁ ਪਟੁ ਲੇਈ॥ (ਮਧੁਸੂਦਨੁ) ਵਾਹਿਗੁਰੂ ਵਾਹਿਗੁਰੂ ਜੀ ਦਾ ਅਭਿਆਸ (ਕਰ) ਕਰਨ ਰੂਪੀ ਸੁੰਦਰ ਮੁੰਦਰੀ (ਪਹਿਰੈ) ਪਹਿਰੇ। (ਪਰਮੇਸਰੁ) ਵਾਹਿਗੁਰੂ ਵਾਹਿਗੁਰੂ ਜੀ ਦਾ ਅਭਿਆਸ ਕਰਨ ਰੂਪੀ ਸੋਹਣਾ (ਪਟੁ) ਰੇਸ਼ਮ (ਲੇਈ) ਲੈਣਾ ਭਾਵ ਪਹਿਨਣਾ ਕਰੇ ਜੀ।

ਧੀਰਜੁ ਧੜੀ ਬੰਧਾਵੈ ਕਾਮਣਿ; ਸ੍ਰੀਰੰਗੁ ਸੁਰਮਾ ਦੇਈ॥੩॥ (ਕਾਮਣਿ) ਪਤੀਬ੍ਰਤਾ ਧੀਰਜੁ ਰੂਪੀ (ਧੜੀ) ਮੀਢੀਆਂ (ਬੰਧਾਵੈ) ਗੁੰਦਵਾਉਣਾ ਕਰੇ। (ਸ੍ਰੀਰੰਗੁ) ਸ਼੍ਰੋਮਣੀ ਬ੍ਰਹਮ ਜੀ ਦਾ ਅਭਿਆਸ ਕਰਨ ਰੂਪ ਅਥਵਾ (ਸ੍ਰੀਰੰਗੁ) (ਸ੍ਰੀ) ਸ਼੍ਰੋਮਣੀ (ਰੰਗੁ) ਅਨੰਦ ਸਰੂਪ ਵਾਹਿਗੁਰੂ ਜੀ ਦਾ (ਰੰਗੁ) ਪ੍ਰੇਮ ਰੂਪੀ ਸੁਰਮਾ ਹੀ ਵੈਰਾਗ ਬਿਬੇਕ ਰੂਪੀ ਅਥਵਾ ਸੱਜੇ ਖੱਬੇ ਨੇਤ੍ਰ 'ਚ (ਦੇਈ) ਪਾਉਣਾ ਕਰੇ ਜੀ॥੩॥

ਮਨ ਮੰਦਰਿ ਜੇ ਦੀਪਕੁ ਜਾਲੇ; ਕਾਇਆ ਸੇਜ ਕਰੇਈ॥ (ਜੇ) ਜੇਕਰ ਮਨ ਰੂਪ ਮੰਦਰਿ 'ਚ, ਦਿਨ ਰਾਤ ਨਾਮ ਅਭਿਆਸ ਕਰਕੇ, ਗੁਰਸਬਦ ਅਥਵਾ ਬ੍ਰਹਮਗਿਆਨ ਰੂਪੀ (ਦੀਪਕੁ) ਦੀਵਾ (ਜਾਲੇ) ਜਗਾਵੇ, ਪੂਰਨ ਸ਼ਰਧਾ ਪ੍ਰੇਮ ਸਹਿਤ ਆਪਣੀ ਬੁੱਧੀ ਰੂਪੀ (ਕਾਇਆ) ਦੇਹ ਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ (ਸੇਜ) ਸੇਜਾ ਬਣਾਉਣਾ (ਕਰੇਈ) ਕਰੇ।

ਗਿਆਨਰਾਉ ਜਬ ਸੇਜੈ ਆਵੈ; ਤ ਨਾਨਕ ਭੋਗੁ ਕਰੇਈ॥੪॥੧॥੩੪॥ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਬ) ਜਦੋਂ (ਗਿਆਨ+ਰਾਉ) ਪੂਰਨ (ਗਿਆਨ) ਬ੍ਰਹਮਗਿਆਨ ਦੇ (ਰਾਉ) ਰਾਜੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਵਾਹਿਗੁਰੂ ਜੀ ਬੁੱਧੀ ਰੂਪੀ ਸੇਜੈ 'ਤੇ (ਆਵੈ) ਆਉਂਦੇ ਹਨ। ਤ ਗੁਰਮੁਖਿ ਪਤੀਬ੍ਰਤਾ, ਏਕਤਾ ਅਭੇਦਤਾ ਰੂਪੀ (ਭੋਗੁ) ਅਨੰਦ ਮਾਨਣਾ (ਕਰੇਈ) ਕਰਦੀ ਹੈ ਜੀ॥੪॥੧॥੩੪॥ ਯਥਾ:- ਹਉਮੈ ਖੋਇ; ਕਰੇ ਸੀਗਾਰੁ॥ ਤਉ ਕਾਮਣਿ; ਸੇਜੈ ਰਵੈ ਭਤਾਰੁ॥੪॥

ਇਸ ਤੋਂ ਅੱਗੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਜੀ ਨੇ ਇਹ ਅਸਟਪਦੀ ਵਾਹਿਗੁਰੂ ਜੀ 'ਚ ਲੀਣ ਕਰਨ ਵਾਸਤੇ ਸਨਮੁਖ ਗਾਈ:- ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ; ੧ੴਸਤਿਗੁਰ ਪ੍ਰਸਾਦਿ॥ ਜਗੁ ਕਊਆ; ਨਾਮੁ ਨਹੀ ਚੀਤਿ॥ ਨਾਮੁ ਬਿਸਾਰਿ; ਗਿਰੈ ਦੇਖੁ ਭੀਤਿ॥ ਮਨੂਆ ਡੋਲੈ; ਚੀਤਿ ਅਨੀਤਿ॥ ਜਗ ਸਿਉ ਤੂਟੀ; ਝੂਠ ਪਰੀਤਿ॥੧॥ ਕਾਮੁ ਕ੍ਰੋਧੁ; ਬਿਖੁ ਬਜਰੁ ਭਾਰੁ॥ ਨਾਮ ਬਿਨਾ; ਕੈਸੇ ਗੁਨ ਚਾਰੁ॥੧॥ਰਹਾਉ॥ ਘਰੁ ਬਾਲੂ ਕਾ; ਘੂਮਨ ਘੇਰਿ॥ ਬਰਖਸਿ ਬਾਣੀ; ਬੁਦਬੁਦਾ ਹੇਰਿ॥ ਮਾਤ੍ਰ ਬੂੰਦ ਤੇ; ਧਰਿ ਚਕੁ ਫੇਰਿ॥ ਸਰਬ ਜੋਤਿ; ਨਾਮੈ ਕੀ ਚੇਰਿ॥੨॥ ਸਰਬ ਉਪਾਇ; ਗੁਰੂ ਸਿਰਿ ਮੋਰੁ॥ ਭਗਤਿ ਕਰਉ; ਪਗ ਲਾਗਉ ਤੋਰ॥ ਨਾਮਿ ਰਤੋ; ਚਾਹਉ ਤੁਝ ਓਰੁ॥ ਨਾਮੁ ਦੁਰਾਇ ਚਲੈ; ਸੋ ਚੋਰੁ॥੩॥ ਪਤਿ ਖੋਈ; ਬਿਖੁ ਅੰਚਲਿ ਪਾਇ॥ ਸਾਚ ਨਾਮਿ ਰਤੋ; ਪਤਿ ਸਿਉ ਘਰਿ ਜਾਇ॥ ਜੋ ਕਿਛੁ ਕੀਨ੍ਹਸਿ; ਪ੍ਰਭੁ ਰਜਾਇ॥ ਭੈ ਮਾਨੈ; ਨਿਰਭਉ ਮੇਰੀ ਮਾਇ॥੪॥ ਕਾਮਨਿ ਚਾਹੈ; ਸੁੰਦਰਿ ਭੋਗੁ॥ ਪਾਨ ਫੂਲ; ਮੀਠੇ ਰਸ ਰੋਗ॥ ਖੀਲੈ ਬਿਗਸੈ; ਤੇਤੋ ਸੋਗ॥ ਪ੍ਰਭ ਸਰਣਾਗਤਿ; ਕੀਨ੍ਹਸਿ ਹੋਗ॥੫॥ ਕਾਪੜੁ ਪਹਿਰਸਿ; ਅਧਿਕੁ ਸੀਗਾਰੁ॥ ਮਾਟੀ ਫੂਲੀ; ਰੂਪੁ ਬਿਕਾਰੁ॥ ਆਸਾ ਮਨਸਾ; ਬਾਂਧੋ ਬਾਰੁ॥ ਨਾਮ ਬਿਨਾ; ਸੂਨਾ ਘਰੁ ਬਾਰੁ॥੬॥ ਗਾਛਹੁ ਪੁਤ੍ਰੀ; ਰਾਜ ਕੁਆਰਿ॥ ਨਾਮੁ ਭਣਹੁ; ਸਚੁ ਦੋਤੁ ਸਵਾਰਿ॥ ਪ੍ਰਿਉ ਸੇਵਹੁ; ਪ੍ਰਭ ਪ੍ਰੇਮ ਅਧਾਰਿ॥ ਗੁਰਸਬਦੀ; ਬਿਖੁ ਤਿਆਸ ਨਿਵਾਰਿ॥੭॥ ਮੋਹਨਿ ਮੋਹਿ ਲੀਆ; ਮਨੁ ਮੋਹਿ॥ ਗੁਰ ਕੈ ਸਬਦਿ; ਪਛਾਨਾ ਤੋਹਿ॥ ਨਾਨਕ. ਠਾਢੇ ਚਾਹਹਿ; ਪ੍ਰਭੂ ਦੁਆਰਿ॥ ਤੇਰੇ ਨਾਮਿ ਸੰਤੋਖੇ; ਕਿਰਪਾ ਧਾਰਿ॥੮॥੧॥ ਅੰਮ੍ਰਿਤ ਰੂਪ ਕੀਰਤਨ ਦੁਆਰਾ, ਮਨਾਂ ਨੂੰ ਢਾਲ਼ ਕੇ, ਇਸ ਅਸਟਪਦੀ ਦੇ ਅਰਥ ਸੁਣਾਏ। "ਹੇ ਮੇਰੀਓ ਸਪੁੱਤ੍ਰੀਓ! ਜੇਕਰ ਜੀਵ ਨਾਮ ਨਹੀਂ ਜਪਦਾ ਤ ਕਾਂ ਵਾਂਗ ਅੰਦਰੋਂ ਬਾਹਰੋਂ ਮਹਾਂ ਪਾਪਾਂ ਕਰਕੇ ਕਾਲ਼ਾ ਹੈ ਅਤੇ ਪਰਾਈ ਨਿੰਦਾ ਰੂਪ ਬਿਸਟਾ ਖਾਂਦਾ ਹੈ। ਇਵੇਂ ਵਾਹਿਗੁਰੂ ਜੀ ਨੂੰ ਭੁਲਾ ਕੇ ਵਿਸ਼ੇ ਰੂਪੀ ਬਿਸਟਾ ਦੇ ਚੋਗੇ 'ਤੇ ਡਿੱਗ ਪੈਂਦਾ ਹੈ। ਐਸੇ ਸਾਕਤ ਦੇ ਸਿਰ 'ਤੇ ਹਰ ਵੇਲੇ ਕਾਮ ਕ੍ਰੋਧ ਦੇ ਜ਼ਹਿਰ ਦਾ ਭਾਰੀ ਬੱਜਰ ਵੱਜਦਾ ਰਹਿੰਦਾ ਹੈ। ਉਹ ਆਪਣੇ ਪੱਲੇ 'ਚ ਵਿਸ਼ਿਆਂ ਨੂੰ ਇਕੱਤ੍ਰ ਕਰਕੇ, ਇੱਜ਼ਤ ਗਵਾ ਲੈਂਦਾ ਹੈ। ਜਿਤਨਾ ਭੀ ਵਿਸ਼ੇ ਵਿਕਾਰਾਂ 'ਚ ਹੱਸਦਾ ਖੇਲਦਾ ਹੈ, ਤਿਤਨਾ ਹੀ

ਰੋਗ ਸੋਗ ਜੰਮਣ ਮਰਨ ਜਮਾਂ, ਚੌਰਾਸੀ ਦੇ ਗੇੜੇ ਦੇ ਕਸ਼ਟ ਹੀ ਕਸ਼ਟ ਭੋਗਦਾ ਹੈ। ਇਨ੍ਹਾਂ ਕਸ਼ਟਾਂ ਤੋਂ ਬਚਣ ਲਈ ਗੁਰੂ ਪ੍ਰਮੇਸਰ ਜੀ ਦੀ ਸੱਚੀ ਸ਼ਰਨ ਪੈ ਕੇ, ਬੰਦਗੀ ਸੇਵਾ ਪਰਉਪਕਾਰ ਕਰਕੇ ਨਿਹਾਲ ਹੋਵੋ। ਸੱਚਾ ਨਾਮ ਜਪਣ ਜਪਾਉਣ ਰੂਪ ਸ਼ੁਭ (ਦੋਤੁ) ਸ਼ਿੰਗਾਰ (ਸਵਾਰਿ) ਸਵਾਰਨਾ ਕਰੋ।

ਪਾਤਿਸਾਹਾਂ ਦੇ ਪਾਤਿਸਾਹ ਅਕਾਲਪੁਰਖੁ ਵਾਹਿਗੁਰੂ ਜੀ ਦੇ ਸੱਚੇ ਨਾਮ ਨੂੰ ਜਪ ਜਪਾ ਕੇ, ਰਾਜਾਨ ਰਾਜ॥ ਵਾਹਿਗੁਰੂ ਜੀ ਦੀਆਂ ਸਪੁੱਤ੍ਰੀਆਂ ਬਣੋ। ਯਥਾ:- ਗਾਛਹੁ ਪੁਤ੍ਰੀ; ਰਾਜ ਕੁਆਰਿ॥ ਸਤਿ ਸੰਤੋਖ ਦਇਆ ਧਰਮ ਵੀਚਾਰ, ਨਿਮਰਤਾ ਸਹਿਨਸ਼ੀਲਤਾ ਇਕਾਗ੍ਰਤਾ ਆਦਿ ਸ਼ੁਭ ਗੁਣਾਂ ਸਹਿਤ, ਵਿਆਪਕ ਬ੍ਰਹਮ ਜੀ 'ਚ ਲੀਨਤਾ ਪਾ ਕੇ ਨਿਹਾਲ ਹੋਵੋ ਜੀ।" ਇਹ ਸੁਣ ਕੇ ਐਸੀਆਂ ਵਿਸਮਾਦ ਨਿਹਾਲ ਨਿਹਾਲ ਨਿਹਾਲ ਹੋਈਆਂ, ਜਿਵੇਂ ਜਨਮਾਂ ਜਨਮਾਂ ਦੇ ਭੁੱਖੇ ਕੰਗਾਲ ਮੰਗਤੇ ਨੂੰ ਲੱਖਾਂ ਖ਼ੁਸ਼ੀਆਂ ਦੀਆਂ ਪਾਤਿਸ਼ਾਹੀਆਂ ਪ੍ਰਾਪਤ ਹੋ ਜਾਣ। ਯਥਾ:- ਲਖ ਖੁਸੀਆ ਪਾਤਿਸਾਹੀਆ ਜੇ; ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ. ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥ ਸਭ ਸੁੰਦਰੀਆਂ ਨੇ ਰੋਮ ਰੋਮ ਕਰਕੇ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਡੰਡਉਤ ਕਰਕੇ ਦਿਲੋਂ ਮੁਆਫ਼ੀ ਮੰਗੀ ਜੀ। ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਅਨੁਸਾਰ ਗੁਰੂ ਪ੍ਰਮੇਸਰ ਜੀ ਦੇ ਸੱਚੇ ਪਰਉਪਕਾਰੀ ਚਰਨਕਮਲ ਧੋ ਕੇ ਪੀਤੇ, ਸਿੱਖਣੀਆਂ ਬਣੀਆਂ, ਪ੍ਰੇਮਾ ਭਗਤੀ ਕਰਨ ਲੱਗੀਆਂ, ਨਿਹਾਲ ਹੋਈਆਂ ਜੀ।

ਪ੍ਰਧਾਨ ਸੁੰਦਰੀ ਨੇ ਰਾਜੇ ਨੂੰ ਕਿਹਾ, "ਹੇ ਰਾਜਨ! ਜੋ ਪਹਿਲਾਂ ਧੰਨ ਸਤਿਗੁਰੂ ਸਾਹਿਬ ਜੀ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਨਾਮ ਰਖਵਾ ਕੇ ਆਏ ਸਨ, ਉਹ ਕੱਚੇ ਸਨ। ਪਰ ਇਨ੍ਹਾਂ ਦੇ ਪਾਸ ਜਾ ਕੇ, ਮਹਾਂ ਵਿਸਮਾਦ ਸੁੰਦਰ ਸੱਚੇ ਦਰਸ਼ਨ ਕਰਕੇ, ਅੰਮ੍ਰਿਤ ਰੂਪ ਕੀਰਤਨ, ਸ਼ੁਭ ਸਿੱਖਿਆ ਸ਼ੁਭ ਵਿਚਾਰ ਸੁਣ ਕੇ, ਮਨ ਨੂੰ ਪੂਰਨ ਸ਼ਾਂਤੀ ਆਈ ਹੈ ਜੀ। ਜਿਉ ਮਹਾ ਉਦਿਆਨ ਮਹਿ; ਮਾਰਗੁ ਪਾਵੈ॥ ਤਿਉ ਸਾਧੂ ਸੰਗਿ ਮਿਲਿ; ਜੋਤਿ ਪ੍ਰਗਟਾਵੈ॥ ਅਨੁਸਾਰ ਸਾਨੂੰ ਪਤਾ ਲੱਗਾ ਕਿ ਸਾਡੇ ਜੀਵਨ ਕੁਕਰਮਾਂ ਰੋਗਾਂ ਕਰਕੇ ਗਲ਼ੇ ਹਨ। ਗੁਰੂ ਪਿਤਾ ਜੀ ਦੇ ਸੁੰਦਰ ਨ੍ਰਿਵਿਕਾਰ ਦਰਸ਼ਨ, ਪਿਤਾ ਸਮਾਨ ਜਾਪਣ ਲੱਗੇ। ਵਿਸ਼ੇ ਬਿਸਟਾ ਵਾਂਗ ਪ੍ਰਤੀਤ ਹੋਣ ਲੱਗੇ। ਪਰਮਪੂਜਨੀਕ ਗੁਰੂ ਪਿਤਾ ਜੀ ਨੇ ਸਾਨੂੰ ਸਪੁੱਤ੍ਰੀਆਂ ਕਹਿ ਕੇ, ਮੰਦ ਕਰਮ ਹੰਕਾਰ ਤਿਆਗਣ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ਿਆ ਜੀ। ਹੁਣ ਤੋਂ ਪਹਿਲਾਂ ਨਾ ਤਾਂ ਐਸੇ ਕਰਤਾ ਅਕਾਲਪੁਰਖੁ ਜੀ ਰੂਪ ਸੰਤ ਦੇਖੇ ਸਨ, ਨਾ ਹੀ ਇਨ੍ਹੇ ਵਿਸਮਾਦ ਮਿੱਠੇ ਬੋਲ ਸੁਣੇ ਸਨ।" ਇਹ ਸੁਣ ਕੇ ਰਾਜੇ ਦਾ ਮਨ ਤਨ ਸ਼ਾਂਤ ਵਿਸਮਾਦ ਇਕਾਗ੍ਰ ਪ੍ਰਸੰਨ ਗਦ ਗਦ ਹੋ ਗਿਆ। ਦਿਲ 'ਚ ਵਿਚਾਰਿਆ ਪਰਮਪੂਜਨੀਕ ਪੂਰਨ ਅਕਾਲ ਸਰੂਪ ਸਤਿਗੁਰੂ ਨਾਨਕਦੇਵ ਸਾਹਿਬ ਜੀ ਹੀ ਸਭ ਤੋਂ ਵੱਡੇ ਪੂਰਨ ਨਿਰੰਕਾਰ ਬ੍ਰਹਮ ਸਰੂਪ ਹਨ ਜੀ। ਯਥਾ:- ਗਿਆਨੁ ਧਿਆਨੁ ਕਿਛੁ ਕਰਮੁ. ਨ ਜਾਣਾ; ਸਾਰ. ਨ ਜਾਣਾ ਤੇਰੀ॥ ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ. ਕਲ ਰਾਖੀ ਮੇਰੀ॥ ਸੋ ਪੂਰੇ ਸਤਿਗੁਰੂ ਸਾਹਿਬ ਜੀ ਦਾ ਨ੍ਰਿਵਿਕਾਰ ਵਿਸਮਾਦ ਤਿਆਗ ਵੈਰਾਗ ਜਸ ਸੁਣ ਕੇ, ਰਾਜਾ ਵਿਸਮਾਦ ਹੋ ਗਿਆ। ਧੰਨ ਵਾਹਿਗੁਰੂ ਸਤਿਗੁਰੂ ਸਾਹਿਬ ਦਸੇ ਪਾਤਿਸਾਹ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪੂਰੇ ਗੁਰੂ ਜੀ ਹਨ।

**੯੪. ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ ਨੇ ਫੁਨਹੇ ਬਾਣੀ ਉਚਾਰ ਕੇ, ਗੁਰਮੁਖਿ ਮਾਤਾ ਗੰਗਾ ਜੀ ਦੇ ਪਿਆਰੇ ਭੈਣ ਜੀ ਹਰਿਹਾਂ ਦੇ ਵਿਕਾਰ ਮੇਟਣੇ:-** ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ ਜਦੋਂ ਜੁਆਨ ਹੋਏ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ ਰਾਮਦਾਸ ਸਾਹਿਬ ਜੀ ਅਪਨੇ ਪਿਆਰੇ ਗੁਰਮੁਖਿ ਸਾਹਿਬਜ਼ਾਦੇ, ;ਗੁਰੁ ਅਰਜੁਨੁ ਪਰਤਖ੍ਹ ਹਰਿ॥ ਜੀ ਨੂੰ ਮਉ ਪਿੰਡ ਜ਼ਿਲਾ ਫਲੌਰ, ਗੁਰਮੁਖਿ

ਸ੍ਰੀ ਗੰਗਾ ਜੀ ਨਾਲ ਵਿਆਹੁਣ ਲਈ ਸਾਧੂ ਸੰਤਾਂ ਦੀ ਜੰਞ ਨਾਲ ਲੈ ਕੇ ਗਏ। ਉਸ ਸਮੇਂ ਆਮ ਰਿਵਾਜ ਹੁੰਦਾ ਸੀ ਕਿ ਲਾੜੇ ਦਾ ਬਲ ਪਰਖਿਆ ਕਰਦੇ ਸਨ। ਜੁਆਨ ਮਨਮੁਖ ਬੀਬੀਆਂ ਨੇ ਮਸ਼ਕਰੀ ਨਾਲ ਇੱਕ ਤਰਖਾਣ ਤੋਂ ਕਿੱਕਰ ਦੇ ਛੋਟੇ ਬ੍ਰਿੱਛ ਨੂੰ ਉੱਪਰੋਂ ਕਟਵਾ ਕੇ, ਕਿੱਲਾ ਬਣਵਾ ਦਿਤਾ। ਮਨਮੁਖ ਬੀਬੀਆਂ ਨੇ ਗੁਰਮੁਖਿ ਲਾੜੇ ਧੰਨ ਧੰਨ ਧੰਨ ਵਾਹਿਗੁਰੂ ਮਹੱਲੇ ਪੰਜਵੇਂ ਸਾਹਿਬ ਜੀ ਨੂੰ ਕਿੱਲਾ ਪੁੱਟਣ ਲਈ ਕਿਹਾ। ਸਤਿਗੁਰ ਅਗਮ ਅਗਾਧਿ ਪੁਰਖੁ; ਕੇਹੜਾ ਝਲੇ ਗੁਰੂ ਦੀ ਝਾਲਾ॥ ਮਹਾਂ ਬਲੀ, ਬਾਲਾਨ ਬਾਲ॥ ਸਤਿਗੁਰੂ ਸਾਹਿਬ ਜੀ ਨੇ ਘੋੜੇ ’ਤੇ ਚੜ੍ਹ ਕੇ, ਤੇਜ਼ ਦੌੜਾ ਕੇ ਨੇਜ਼ੇ ਨਾਲ ਕਿੱਲੇ ਨੂੰ ਜੜੋਂ ਹੀ ਪੁੱਟ ਦਿਤਾ। ਬਚਨ ਫ਼ੁਰਮਾਏ “ਕਰਾਮਾਤ ਕਹਿਰ ਦਾ ਨਾਮ ਹੈ। ਆਪ ਜੀ ਨੇ ਦਾਸਨਦਾਸ ਦੀ ਕਰਾਮਾਤ ਪਰਖਣੀ ਚਾਹੀ। ਮਉ ਪਿੰਡ ਦੀਆਂ ਜੜਾਂ ਪੁੱਟੀਆਂ ਗਈਆਂ, ਉੱਜੜ ਕੇ ਹੋਰ ਥਾਂ ਵਸੇਗਾ। ਇੱਥੇ ਦਾਸਨਦਾਸ ਦੇ ਵਿਆਹ ਦੀ ਯਾਦਗਾਰ ਗੁਰਦੁਆਰਾ ਸਾਹਿਬ ਜੀ ਬਨਣਗੇ।” ਗਿਰਿ ਬਸੁਧਾ ਜਲ ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ॥ ਅਨੁਸਾਰ ਸ਼ੁਭ ਸੱਚੇ ਅਮੋਲਕ ਅੰਮ੍ਰਿਤ ਬਚਨ ਪੂਰੇ ਹੋਏ, ਹੁਣ ਇੱਥੇ ਗੁਰਦੁਆਰਾ ਸਾਹਿਬ ਜੀ ਹਨ ਜੀ ਰਾਮ ਜੀ!

ਵੀਆਹੁ ਹੋਆ ਮੇਰੇ ਬਾਬੋਲਾ; ਗੁਰਮੁਖੇ ਹਰਿ ਪਾਇਆ॥੨॥ ਅਨੰਦ ਕਾਰਜ ਉਪਰੰਤ, ਬੀਬੀਆਂ ਨੇ ਹਾਸਾ ਮਖ਼ੌਲ ਮਸ਼ਕਰੀਆਂ ਕਰਦਿਆਂ ਕਿਹਾ “ਹੇ ਗੁਰਮੁਖਿ ਲਾੜੇ ਜੀ! ਉਤਾਂਹ ਝਾਕ ਕੇ ਸਾਡੇ ਵੱਲ ਦੇਖੋ, ਹੱਸੋ ਹੱਸਾਉ” ਪੰਚ ਤਸਕਰ ਧਾਵਤ ਰਾਖੇ; ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ. ਦੁਰਮਤਿ ਭਾਗੀ; ਐਸਾ ਬ੍ਰਹਮਗਿਆਨੁ॥੨॥ ਸਤਿਗੁਰੂ ਮਹੱਲਾ ਪੰਜਵਾਂ ਜੀ ਨਿਰਵਿਕਾਰ ਗੁਰਮੁਖਿ ਨਿਰਲੇਪ ਅਵਸਥਾ ’ਚ ਨੀਵੀਂ ਪਾ ਕੇ, ਅਡੋਲ ਇੱਕ ਰਸ ਸਿਮਰਨ ਕਰਦਿਆਂ ਨਿਰਲੇਪ ਰਹੇ। ਗੁਰਮੁਖਿ ਸ੍ਰੀ ਗੰਗਾ ਜੀ ਦੇ ਸਤਿਕਾਰਯੋਗ ਭੈਣ ਹਰਿਹਾਂ ਜੀ ਨੇ ਪ੍ਰੇਮ ਬੇਨਤੀ ਕੀਤੀ “ਹੇ ਸੁੰਦਰ ਗੁਰਮੁਖਿ ਲਾੜੇ ਜੀ! ਸਾਨੂੰ ਕੋਈ ਕਵਿਤਾ, ਛੰਦ ਗਾ ਕੇ ਸੁਣਾਉ।” ਜੈਸੀ ਮੈ ਆਵੈ ਖਸਮ ਕੀ ਬਾਣੀ; ਤੈਸੜਾ ਕਰੀ ਗਿਆਨੁ. ਵੇ ਲਾਲੋ॥) ਧੁਰ ਕੀ ਬਾਣੀ ਆਈ॥ ਤਿਨਿ; ਸਗਲੀ ਚਿੰਤ ਮਿਟਾਈ॥) ਦੋਹਿਤਾ ਬਾਣੀ ਕਾ ਬੋਹਿਥਾ।) ;ਗੁਰੁ ਅਰਜੁਨੁ ਪਰਤਖ੍ਹ ਹਰਿ॥ ਜੀ ਅੰਦਰ ਬਾਹਰ ਅਕਾਲਪੁਰਖੁ ਵਾਹਿਗੁਰੂ ਜੀ ਦੇ ਦਰਸਨ ਕਰਕੇ ਮੋਹਿਤ ਹੋ ਰਹੇ ਹਨ।

ਅਕਾਲਪੁਰਖੁ ਵਾਹਿਗੁਰੂ ਜੀ ਨੂੰ ਪਤੀ ਪਰਮਾਤਮਾ ਜੀ ਮੰਨ ਕੇ, ਸਨਮੁਖ ਚੇਹਰੇ ਵੱਲ ਤੱਕ ਕੇ, ਸਰਬੱਤ ਦੇ ਭਲੇ ਲਈ ਅੰਮ੍ਰਿਤ ਧੁਰ ਕੇ ਫੁਨਹੇ ਗੁਰਬਾਣੀ ਜੀ ਦੁਆਰਾ ਸੱਚੇ ਪਤੀ ਪਰਮਾਤਮਾ ਜੀ ਦੀ ਬਿਅੰਤ ਬਿਅੰਤ ਸੱਚੀ ਸੁੱਚੀ ਉੱਚੀ ਮਹਿਮਾ ਕਰ ਰਹੇ ਹਨ। ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਦਾ ਮਨ ਵਾਹਿਗੁਰੂ ਜੀ ਦੇ ਸੱਚੇ ਦਰਸਨਾਂ ’ਚ ਲੀਣ ਹੋ ਰਿਹਾ ਹੈ। ਇਸ ਲਈ ਹਰਿਹਾਂ ਜੀ ਅਤੇ ਹਰਿਹਾਂ ਜੀ ਦੀਆਂ ਸਹੇਲੀਆਂ ਠੱਗ ਨਹੀਂ ਸਕੀਆਂ। ਆਪ ਜੀ ਪਰਤੱਖ ਹਰੀ ਸਰੂਪ ਹੋਂ ਜੀ ਰਾਮ ਜੀ! ਯਥਾ:- ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਇਸ ਪ੍ਰਕਾਰ, ਹਰਿਹਾਂ ਜੀ ਅਤੇ ਹਰਿਹਾਂ ਜੀ ਦੀਆਂ ਸਹੇਲੀਆਂ ਦੇ ਵਿਕਾਰ ਮੇਟ ਦਿੱਤੇ। ਰਿਦੇ ’ਚੋਂ ਮੂੰਹ ’ਚ ਅੰਮ੍ਰਿਤ ਅਤੇ ਦਿਮਾਗ਼ ’ਚ ਗੁਰਬਾਣੀ ਜੀ ਆਉਂਣ ਲੱਗ ਗਏ। ਐਸਾ ਅਲੌਕਿਕ ਉਪਦੇਸ਼ ਅੱਜ ਤੱਕ ਹੋਰ ਕੋਈ ਅਪਣੀ ਸਾਲ਼ੀ ਨੂੰ ਬਖ਼ਸ਼ ਨਹੀਂ ਸਕਿਆ।

ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਫੁਨਹੇ ਗੁਰਬਾਣੀ ਉਚਾਰ ਕੇ ਬਿਅੰਤ ਬ੍ਰਹਮੰਡ ’ਤੇ ਪਰਉਪਕਾਰ ਕੀਤਾ। ਇਥੇ ਗੁਰੁ ਅਰਜੁਨੁ ਪਰਤਖ੍ਹ ਹਰਿ॥ ਜੀ ਦੇ ਵਿਆਹ ਦੀ ਯਾਦਗਾਰ, ਗੁਰਦੁਆਰਾ ਸਾਹਿਬ ਜੀ ਹਨ, ਰੋਮ ਰੋਮ ਕਰਕੇ ਡੰਡਉਤਾਂ ਕਰੋ ਜੀ। ਸਤਿਗੁਰੂ ਪਾਰਬ੍ਰਹਮ ਨਿਰੰਕਾਰ ਜੀ ਦੇ ਅਤਿਅੰਤ ਸੱਚੇ ਸੁੱਚੇ ਉੱਚੇ ਅਵਤਾਰ ਜੀ, ਸਦਾ ਜਾਈਏ ਬਲਿਹਾਰ ਜੀ, ਬਖ਼ਸ਼ਿਆ ਅੰਮ੍ਰਿਤ ਨਾਮ ਜੀ। ਗੁਰਪ੍ਰਸਾਦਿ, ਵੱਡਭਾਗਾ ਗੁਰਮੁਖਿ ਪਿੰਡ ਮਉ ਅਕਾਲਪੁਰਖੁ ਵਾਹਿਗੁਰੂ ਨਿਰੰਕਾਰ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦਾ ਨਾਨਕਾ ਪਿੰਡ ਹੈ ਜੀ।

ਪ੍ਰੇਮ ਬਿਨੈ:- ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਉੱਚੇ ਨਿਰਮਲ ਸਿੱਖੀ ਧਰਮ ਅਨੁਸਾਰ ਦੇਵਰ, ਭਾਬੀ, ਜੀਜਾ, ਸਾਲ਼ੀ ਆਦਿਕ ਰਿਸ਼ਤੇ ਇੱਕ ਦੂਜੇ ਨੂੰ ਵਿਕਾਰ ਦੀ ਦ੍ਰਿਸਟੀ ਨਾਲ ਨਾ ਦੇਖਣ, ਨਾ ਵਿਕਾਰ ਦੀ ਗੱਲ ਕਰ ਸੁਣ ਕੇ ਹੱਸਣ, ਇਹ ਦੁਰਮਤਿ ਹੈ। ਸਾਰੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੀ ਉਚਾਰੀ ਅੰਮ੍ਰਿਤ ਮਈ ਫੁਨਹੇ ਗੁਰਬਾਣੀ ਜੀ ਪੜ੍ਹਨ, ਸੁਣਨ, ਅਰਥ ਵੀਚਾਰਨ, ਗਾਉਣ, ਸਮਝਣ, ਨਾਮ ਜਪਣ ਜਪਾਉਣ। ਜਿਸ ਕਰਕੇ ਆਪਸ ਵਿੱਚ ਗੁਰਮੁਖਾਂ ਵਾਲਾ ਗੁਰਮੁਖਿ ਸਬੰਧ ਬਣੇ ਅਤੇ ਜਤੀ ਸਤੀ ਗੁਰਮੁਖਿ ਜੀਵਨ ਬਣੇ। ਆਪ ਗੁਰਮੁਖਿ ਬਣ ਕੇ ਦੂਜਿਆਂ ਨੂੰ ਗੁਰਮੁਖਿ ਬਣਾਉਣ ਜੀ, ਗੁਰੂ ਉਪਦੇਸ ਕਮਾਉਣ ਜੀ। ਯਥਾ:- ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤ ਸੰਗਿ ਹੇਤ॥) ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥



੯੫. ਗੁਰ ਦ੍ਰੋਹੀ, ਜੱਗਤ ਕਸਾਈ, ਦੁਸਟ ਹੰਕਾਰੀ ਜਹਾਂਗੀਰ ਨੇ ਪਰਮ ਪੂਜਨੀਕ ਸੱਚੇ ਸਤਿਗੁਰੂ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰਖ ਲਈ ਬੇਗਮਾਂ ਭੇਜੀਆਂ, ਪੂਰਨ ਗੁਰੂ ਜੀ ਸੁਮੇਰ ਪਰਬਤ ਵਾਂਗ ਅਚੱਲ ਰਹੇ:- ਵਾਹਿਗੁਰੂ॥ ਜਿਸ ਸਮੇਂ ਸੱਚੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਤੋਂ ਦਿੱਲੀ ਪਹੁੰਚੇ, ਜਹਾਂਗੀਰ ਨੇ ਸੱਚੇ ਸਤਿਗੁਰੂ ਸਾਹਿਬ ਜੀ ਦਾ ਜੀਵਨ ਡੇਗਣ ਲਈ ਅਪਣੀਆਂ ਬੇਗ਼ਮਾਂ ਭੇਜੀਆਂ। ਬੇਗ਼ਮਾਂ ਨੇ ਦਰਸਨ ਕਰਕੇ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ 'ਤੇ ਮੋਹਿਤ ਹੋ ਕੇ ਹਾਵ ਭਾਵ ਕੀਤੇ। ਬਿਅੰਤ ਬ੍ਰਹਮੰਡਾਂ ਦੇ ਰਚਨਹਾਰ ਸੱਚੇ ਸਤਿਗੁਰੂ ਸਾਹਿਬ ਜੀ ਸੁਮੇਰ ਪਰਬਤ ਵਾਂਗ ਅਚੱਲ ਰਹੇ। ਆਪ ਜੀ ਨੇ ਬੇਗ਼ਮਾਂ ਨੂੰ ਇਹ ਵਿਸਮਾਦ ਧੀਰਜ ਬਖ਼ਸ਼ਿਆ, "ਚੌਰਾਸੀ ਲੱਖ ਜੂਨ ਭੋਗ ਕੇ, ਦੁਰਲਭ ਮਨੁੱਖਾ ਜਨਮ ਪਾ ਕੇ, ਇਸ ਨੂੰ ਵਿਸ਼ਿਆਂ 'ਚ ਨਾ ਖੋਵੋ, ਸੱਚੇ ਖ਼ੁਦਾ ਜੀ ਨੂੰ ਅਪਣਾ ਸੱਚਾ ਪਤੀ ਮੰਨ ਕੇ, ਗੁਰੂ ਸੇਵਾ ਸਿਮਰਨ ਭਗਤੀ ਕਰੋ, ਪਤੀਬ੍ਰਤਾ ਧਰਮ 'ਚ ਦ੍ਰਿੜ ਰਹੋ, ਜਿਵੇਂ ਭਗਤ ਸ੍ਰੀ ਕਬੀਰ ਸਾਹਿਬ ਜੀ ਭਗਤ ਸ੍ਰੀ ਫ਼ਰੀਦ ਸਾਹਿਬ ਜੀ ਨੇ ਪ੍ਰੇਮਾ ਭਗਤੀ ਕੀਤੀ ਕਰਾਈ। ਚੌਰਾਸੀ ਲੱਖ ਜੂਨ ਦੇ ਜਨਮ ਮਰਨ ਦੇ ਕਸ਼ਟ ਤੋਂ ਬਚਣ ਲਈ, ਖ਼ੁਦਾ ਜੀ ਦੇ ਸੱਚੇ ਦਰਵੇਸ਼ਾਂ ਦੀ ਸੱਚੀ ਸੰਗਤ ਕਰੋ, ਅੱਗ ਰੂਪ ਵਿਸ਼ੇ ਵਿਕਾਰ ਤਿਆਗ ਕੇ ਨਿਹਾਲ ਹੋਵੋ।" ਸੱਚੇ ਪਾਤਿਸਾਹ ਜੀ ਨੇ ਐਸੇ ਨ੍ਰਿਵਿਕਾਰ ਵਿਸਮਾਦ ਸੁੰਦਰ ਦਰਸ਼ਨ ਬਖ਼ਸ਼ੇ, ਬੇਗ਼ਮਾਂ ਦੇ ਮਨ ਸ਼ਾਂਤ ਹੋ ਗਏ, ਨ੍ਰਿਵਿਕਾਰ ਖ਼ੁਦਾ ਸਰੂਪ ਜਾਣ ਕੇ, ਸਭ ਬੇਗ਼ਮਾਂ ਨੇ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਮੱਥਾ ਟੇਕਿਆ ਜੀ।



**੯੬. ਗੁਰੂ ਖ਼ਾਲਸੇ ਜੀ ਦੇ ਪਰਮਪੂਜਨੀਕ ਗੁਰਮੁਖਿ ਮਾਤਾ ਸਾਹਿਬਦੇਵ ਕੌਰ ਜੀ ਦੀ ਉੱਚੀ ਸੁੱਚੀ ਨ੍ਰਿਵਿਕਾਰ ਗੁਰਮੁਖਿ ਜੀਵਨੀ:-** ਸਤਿਜੁੱਗ 'ਚ ਸਤਸੰਧ ਰਾਜੇ ਦੇ ਸਮੇਂ, ਪਰਮਪੂਜਨੀਕ ਅਕਾਲ ਪੁਰਖ ਜੀ ਨੇ ਮਹਾਂਕਾਲ ਜੀ ਰੂਪ ਧਾਰਿਆ, ਉਸ ਸਮੇਂ ਦੇਵੀ ਦੂਲੋਦੇਈ ਜੀ ਨੇ ਮਹਾਂਕਾਲ ਜੀ ਨਾਲ ਸ਼ਾਦੀ ਕਰਨ ਦੀ ਸ਼ੁਭ ਇੱਛਾ ਕੀਤੀ। ਮਹਾਂਕਾਲ ਜੀ ਨੇ ਇਹ ਸ਼ਰਤ ਰੱਖੀ ਕਿ ਜੇ ਮੇਰੇ ਨਾਲ ਸ਼ਾਦੀ ਕਰਾਉਣੀ ਹੈ ਤਾਂ ਸੁਆਸਬੀਰਜ, ਦੀਰਘਦਾੜ੍ਹ ਦੈਂਤਾਂ ਨੂੰ ਮਾਰੋ, ਜੋ ਗਊ ਗ੍ਰੀਬ ਪਰਜਾ ਦਾ ਲਹੂ ਪੀ ਰਹੇ ਹਨ। ਦੇਵੀ ਜੀ ਨੇ ਦੈਂਤਾਂ ਨੂੰ ਮਾਰਨ ਦਾ ਯਤਨ ਕੀਤਾ ਪਰ ਮਾਰ ਨ ਸਕੇ, ਮਹਾਂਕਾਲ ਜੀ ਨਾਲ ਸ਼ਾਦੀ ਕਰਨ ਦੀ ਵਾਸ਼ਨਾ ਰਹਿ ਗਈ। ਦੇਵੀ ਦੂਲੋਦੇਈ ਜੀ ਰੋਹਤਾਸ ਵਿਖੇ ਬਾਬਾ ਰਾਮੂ ਜੀ ਬਸੀ ਦੇ ਘਰ ਪ੍ਰਗਟੇ। ਪਿਛਲੇ ਜਨਮਾਂ ਦੀ ਬੰਦਗੀ ਕਾਰਨ ਇਨ੍ਹਾਂ ਨੇ ਮਾਪਿਆਂ ਨੂੰ ਕਿਹਾ, "ਮੇਰੇ ਸਿਰਤਾਜ ਤਾਂ ਕੋਟਿ ਬ੍ਰਹਮੰਡਾਂ ਦੇ ਮਾਲਕ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹਨ।" ਉੱਜਲ ਚਿੱਤ ਬੰਦਗੀ 'ਚ ਰੱਤੇ ਹੋਣ ਕਾਰਨ, ਇਨ੍ਹਾਂ ਦਾ ਬਚਨ ਮੰਨ ਕੇ, ਇਨ੍ਹਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਲੈ ਆਏ। ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਕਿਹਾ, "ਦਾਸਨਦਾਸ ਦੇ ਚਾਰ ਲਾਲ ਹਨ, ਹੁਣ ਤੋਂ ਮਗਰੋਂ ਬ੍ਰਹਮਚਰਜ ਰੱਖਣਾ ਹੈ।" ਮਾਤਾ ਜੀ ਨੇ ਦੋਵੇਂ ਹੱਥ ਜੋੜ ਕੇ ਸਿਰ ਝੁਕਾ ਦਿੱਤਾ, "ਦਾਸਨਦਾਸੀ ਆਪ ਜੀ ਅਤੇ ਸਤਿਸੰਗਤ ਜੀ ਦੀ ਸ਼ੁਭ ਸੱਚੀ ਸੇਵਾ ਬੰਦਗੀ ਕਰੇਗੀ।" ਸੱਚੇ ਸਤਿਗੁਰੂ ਸਾਹਿਬ ਜੀ ਨੇ ਇਨ੍ਹਾਂ 'ਤੇ ਐਸੀ ਕ੍ਰਿਪਾ ਕੀਤੀ ਕਿ ਵਿਸ਼ੇ ਵਾਸ਼ਨਾ ਹੀ ਮੇਟ ਦਿੱਤੇ। ਰਾਤ ਦਿਨ ਸਿਮਰਨ ਅਤੇ ਗੁਰੂ ਸੰਗਤਾਂ ਦੀ ਸ਼ੁਭ ਸੱਚੀ ਅਤਿਅੰਤ ਪਿਆਰੀ ਸੇਵਾ 'ਚ ਲੱਗੇ ਰਹਿੰਦੇ, ਜਿਸ ਕਰਕੇ ਸੱਚੇ ਸਤਿਗੁਰੂ ਸਾਹਿਬ ਜੀ ਨੇ ਭਾਰੀ ਪ੍ਰਸੰਨ ਹੋ ਕੇ, ਖ਼ਾਲਸਾ ਪੰਥ ਇਨ੍ਹਾਂ ਦੀ ਝੋਲ਼ੀ ਪਾਏ। ਜਤ ਸਤ, ਨਿਮ੍ਰਤਾ ਸੰਤੋਖ ਖਿਮਾ ਧੀਰਜ ਆਦਿ ਸ਼ੁਭ ਗੁਣਾਂ ਨੂੰ ਕਮਾ ਕੇ, ਪਰਮਪੂਜਨੀਕ ਖ਼ਾਲਸੇ ਜੀ ਦੇ ਮਾਤਾ ਜੀ ਬਣੇ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਗੁਰਦੁਆਰਾ ਮਾਤਾ ਸਾਹਿਬਦੇਵ ਕੌਰ ਜੀ ਵਿਖੇ, ਗੋਦਾਵਰੀ ਕਿਨਾਰੇ ਪਰਮਪੂਜਨੀਕ ਮਾਤਾ ਜੀ ਨੇ ਦਿਨ ਰਾਤ ਬੰਦਗੀ ਕੀਤੀ। ਸੱਚੇ ਸਤਿਗੁਰੂ ਸਾਹਿਬ ਜੀ ਨੇ ਸੱਚਖੰਡ ਜਾਣ ਤੋਂ ਪਹਿਲਾਂ ਆਪਣੇ ਅਤਿਅੰਤ ਪਰਮਪੂਜਨੀਕ ਪਿਆਰੇ ਦਾਦੇ ਵਾਹਿਗੁਰੂ ਮਹੱਲੇ ਛੇਵੇਂ ਜੀ ਦੇ ਪੰਜ ਸ਼ਸਤ੍ਰ ਸ੍ਰੀ ਸਾਹਿਬ ਜੀ (ਵੱਡੀ ਕ੍ਰਿਪਾਨ), ਖੰਜਰ, ਖੰਡਾ ਤੇ ਦੋ ਕਟਾਰਾਂ ਸਨਮਾਨ ਨਾਲ ਪੂਜਣ ਲਈ ਇਨ੍ਹਾਂ ਨੂੰ ਬਖ਼ਸ਼ ਕੇ ਦਿੱਲੀ ਭੇਜ ਦਿੱਤਾ। ਉਹ ਮਾਤਾ ਜੀ ਨੇ ਆਪਣੇ ਸੱਚਖੰਡ ਜਾਣ ਤੋਂ ਪਹਿਲਾਂ ਮਾਤਾ ਸੁੰਦਰ ਕੌਰ ਜੀ ਨੂੰ ਸੌਂਪ ਦਿੱਤੇ, ਇਹ ਸ਼ਸਤ੍ਰ ਹੁਣ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਜੀ ਵਿਖੇ ਹਨ।




**ਸ਼ੁਭ ਸਿੱਖਿਆ:-** ਜਿਨ੍ਹਾਂ ਦੀ ਮਾਤਾ ਜੀ, ਅਤਿਅੰਤ ਪਰਮਪੂਜਨੀਕ ਜਤੀ ਸਤੀ ਉੱਚੇ ਸੁੱਚੇ ਇਖ਼ਲਾਕ ਨਾਮ ਸਿਮਰਨ ਸੇਵਾ ਭਾਉ ਭਗਤੀ ਦੇ ਅਵਤਾਰ ਮਾਤਾ ਸਾਹਿਬਦੇਵ ਕੌਰ ਜੀ ਹੋਣ, ਉਨ੍ਹਾਂ ਦਾ ਇਖ਼ਲਾਕ ਕਿਤਨਾ ਕੁ ਉੱਚਾ ਸੁੱਚਾ ਹੋਣਾ ਚਾਹੀਦਾ? ਸ੍ਰੀ ਮਾਤਾ ਸਾਹਿਬਦੇਵ ਕੌਰ ਜੀ ਦਾ ਜਤ ਸਤ 'ਚ ਪ੍ਰਪੱਕ ਰਹਿਣਾ, ਪਤੀ ਗੁਰਦੇਵ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਖ਼ਾਲਸਾ, ਸਮੂਹ ਸਾਧਸੰਗਤ ਜੀ

ਦੀ ਸੇਵਾ ਕਰਨ ਦੀ ਮਸਾਲ ਲੈ ਕੇ ਮਾਪੇ ਆਪ ਅਤੇ ਅਪਣੇ ਬੱਚਿਆ ਨੂੰ ਸਿੱਖਿਆ ਦੇਣ। ਜਿਸ ਕਰਕੇ ਹਰੇਕ ਗੁਰਸਿੱਖ ਦਾ ਇਖ਼ਲਾਕ ਮਾਤਾ ਜੀ ਵਾਂਗ ਉੱਚਾ ਸੁੱਚਾ ਹੋਵੇ।



**੯੭. ਸਤਿਗੁਰੂ ਸਾਹਿਬ ਜੀ ਦੇ ਅਨਿੰਨ ਸੇਵਕ ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ ਅਤੇ ਸੂਰਬੀਰ ਸਿੰਘਾਂ ਨੇ ਹਿੰਦ ਦੀਆਂ ਨੌਜੁਆਨ ਬੱਚੀਆਂ ਦੀ ਪਤਿ ਦੀ ਰੱਖਿਆ ਕਰਨੀ:-** ਬਾਬਾ ਤਾਰੂ ਸਿੰਘ ਸਾਹਿਬ ਜੀ ਦਾ ਜਨਮ ਨੱਗਰ ਪੂਲ੍ਹਾ, ਜ਼ਿਲਾ ਲਹੌਰ, ਤਹਿਸੀਲ ਕਸੂਰ ਸੀ। ਧਰਮੀ ਨੇਕ ਪੁਰਖ ਬਾਬਾ ਤਾਰੂ ਸਿੰਘ ਸਾਹਿਬ ਜੀ, ਆਪ ਹਲ਼ ਵਾਹ ਕੇ, ਆਈ ਸਤਿਸੰਗਤ ਜੀ ਦੀ ਸ਼ੁਭ ਸੱਚੀ ਪਿਆਰੀ ਸੇਵਾ ਕਰਦੇ ਸਨ। ਇੱਕ ਦਿਨ ਆਪ ਜੀ ਗੁਰੂ ਪਿਆਰੇ ਦੁਲਾਰੇ ਸੂਰਬੀਰ ਬਹਾਦਰ ਸਿਦਕੀ, ਧਰਮੀ ਯੋਧੇ ਸਿੰਘਾਂ ਲਈ, ਲੰਗਰ ਲੈ ਕੇ ਜੰਗਲ਼ 'ਚ ਗਏ। ਬਹਾਦਰ ਸੂਰਮੇ ਸਿੰਘ ਸੱਤਾਂ ਦਿਨਾਂ ਦੇ ਭੁੱਖੇ ਸਨ, ਭਾਈ ਸਾਹਿਬ ਜੀ ਨੇ ਪ੍ਰਸ਼ਾਦੇ ਵਰਤਾ ਕੇ ਕਿਹਾ, "ਹੇ ਗੁਰੂ ਪਿਆਰੇ ਗੁਰੂ ਖ਼ਾਲਸਾ ਜੀ! ਹਿੰਦ ਦੀਆਂ ਨੌਜੁਆਨ ਬੱਚੀਆਂ ਨੂੰ, ਜ਼ਾਲਮ ਕੈਦ ਕਰਕੇ ਲਿਜਾਈ ਜਾ ਰਹੇ ਹਨ, ਵੈਣ ਪਾਉਂਦੀਆਂ ਵਿਰਲਾਪ ਕਰਦੀਆਂ ਜਾ ਰਹੀਆਂ ਹਨ"। ਇਹ ਸੁਣ ਕੇ ਪਾਰਬ੍ਰਹਮ ਬਹਾਦਰ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਦੇ ਲਾਡਲੇ ਬਹਾਦਰਾਂ ਨੂੰ ਬਹੁਤ ਭਾਰੀ ਜੋਸ਼ ਆਇਆ, ਯੋਧੇ ਅੰਗਿਆਰ ਵਾਂਗ ਭਖ ਉੱਠੇ, ਪ੍ਰਛਾਦੇ ਵਾਪਿਸ ਕਰ ਦਿੱਤੇ ਤੇ ਕਿਹਾ, "ਅਸੀਂ ਨੌਜੁਆਨ ਬੀਬੀਆਂ ਨੂੰ ਛਡਾ ਕੇ ਹੀ ਛਕਾਂਗੇ"। ਪਿੰਡ ਬੱਲੋਕੇ ਦਰਿਆ ਦੇ ਹਿੱਡ 'ਤੇ ਜਾ ਕੇ, ਸੱਤਾਂ ਦਿਨਾਂ ਦੇ ਭੁੱਖਿਆਂ ਸਿੰਘਾਂ ਨੇ ਵੈਰੀ 'ਤੇ ਜ਼ਬਰਦਸਤ ਹੱਲਾ ਕੀਤਾ, ਬਹੁਤ ਕਟਾ ਵੱਢੀ ਕੀਤੀ। ਗਿਲਜ਼ਿਆਂ ਨੂੰ ਮਾਰ ਕੇ, ਅਠਾਰਾਂ ਹਜ਼ਾਰ ਬੀਬੀਆਂ ਨੂੰ ਛੁਡਾ ਕੇ, ਆਪਣੀਆ ਧੀਆਂ ਭੈਣਾਂ ਸਮਝ ਕੇ ਪੂਰਨ ਸਤਿਕਾਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਇਆ। ਯਥਾ:- ਸਲੋਕ ਕਬੀਰ॥ ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥੧॥ ਸੂਰਾ. ਸੋ ਪਹਿਚਾਨੀਐ; ਜੁ ਲਰੈ. ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ॥੨॥੨॥



**੯੮. ਸਿਰਲੱਥ ਯੋਧੇ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਨੇ ਚੰਬੇ ਵਾਲੇ ਰਾਜੇ ਦੀ ਨੌਜਵਾਨ ਬੱਚੀ ਨੂੰ ਦੇਖ ਕੇ ਅਡੋਲ ਰਹਿਣਾ:-** ਚੰਬੇ ਵਾਲੇ ਰਾਜੇ ਦੀ ਨੌਜੁਆਨ ਅਤਿਅੰਤ ਸੁੰਦਰ ਬੱਚੀ ਨੂੰ ਦੇਖ ਕੇ ਸਭ ਦਾ ਮਨ ਡੋਲ ਜਾਂਦਾ ਸੀ, ਰਾਜੇ ਪਾਸ ਛੱਡਣ ਲਈ, ਜੱਥੇਦਾਰ ਸਾਹਿਬ ਜੀ ਨੇ, ਜਤੀ ਸਤੀ ਨਿਰਮਲ ਪੂਰਨ ਸ਼ੁੱਧ ਖ਼ਾਲਸੇ ਬਾਬੇ ਦੀਪ ਸਿੰਘ ਸਾਹਿਬ ਜੀ ਸੂਰਬੀਰ ਬਹਾਦਰ ਜੀ ਦੀ ਡਿਊਟੀ ਲਾਈ। ਇਸ ਬੀਬੀ ਜੀ ਨੇ ਬਾਬੇ ਜੀ ਅੱਗੇ ਦੋਵੇਂ ਹੱਥ ਜੋੜ ਕੇ ਪ੍ਰੇਮ ਬੇਨਤੀ ਕੀਤੀ, "ਸਾਡਾ ਜੀਵਨ ਨਰਕ ਨਾਲੋਂ ਭੀ ਭੈੜਾ ਲੰਘਣਾਂ ਸੀ, ਆਪ ਜੀ ਨੇ ਬਹੁਤ ਭਾਰੀ ਪਰਉਪਕਾਰ ਕੀਤਾ ਹੈ, ਮੈਨੂੰ ਅਪਣੀ ਦਾਸਨਦਾਸੀ ਬਣਾਉ ਜੀ" ਸਿਰਲੱਥ ਯੋਧੇ ਬਾਬਾ ਜੀ, ਪੰਜਾਂ ਸਿੰਘਾਂ ਸਮੇਤ ਚੰਬੇ ਛੱਡ ਕੇ ਆਏ, ਚਿੱਤ ਅਡੋਲ ਰਿਹਾ। ਬਾਬਾ ਜੀ ਜਤ ਸਤ 'ਚ ਕਾਇਮ ਰਹੇ। ਇਉਂ ਪੈਂਤੀ ਹਜ਼ਾਰ ਜਤੀ ਸਤੀ ਨਿਰਮਲ ਸੂਰਬੀਰ ਬਲੀ ਬਹਾਦਰ ਸਿੰਘ ਸਾਹਿਬਾਨਾਂ ਨੇ, ਜ਼ਾਲਮ ਰਾਜ ਦੀਆਂ ਜੜ੍ਹਾਂ ਪੁੱਟ

ਕੇ ਖਾਰੇ ਸਮੁੰਦ੍ਰ 'ਚ ਪਾ ਕੇ, ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿਤੇ। ਮੂੰਹ 'ਤੇ ਪੱਟੀਆਂ ਬੰਨ੍ਹਣ ਦਾ ਨਾਮ ਦਇਆ ਨਹੀਂ। ਜ਼ਾਲਮ ਹਮਲਾਵਰ ਨਿਰਦੋਸ਼ ਜੁਆਨ ਬੀਬੀਆਂ ਨੂੰ ਬੰਨ੍ਹ ਕੇ ਅਫਗਾਨਿਸਤਾਨ ਲਿਜਾਂਦੇ। ਅਨੇਕ ਵਾਰ ਸਤਿਗੁਰਾਂ ਦੇ ਸਿੰਘਾਂ ਨੇ ਜ਼ਾਲਮਾਂ ਦੀਆਂ ਬੰਨ੍ਹੀਆਂ ਬੀਬੀਆਂ ਛੁਡਾ ਕੇ ਘਰੋਂ ਘਰੀਂ ਪੁਜਾਈਆਂ, ਸੋ ਦਇਆ ਹੈ। ਜਿਨ੍ਹਾਂ ਨੂੰ ਰਾਜੇ ਮਹਾਰਾਜੇ ਭੀ ਨਹੀਂ ਛੁਡਾ ਸਕੇ। ਸੋ ਪਿਆਰੇ ਦਇਆ ਸਿੰਘ ਸਾਹਿਬ ਜੀ ਦੇ ਸੀਸ ਅਰਪਣ ਤੋਂ, ਸਿੰਘਾਂ ਅੰਦਰ ਦਇਆ ਆਈ, ਹੋਰ ਭੀ ਅਨੇਕ ਪ੍ਰਮਾਣ ਹਨ। ਯਥਾ:- ਸੀਲ ਜਤ ਕੀ ਕਛ ਪਹਿਰਿ; ਪਕੜੇ ਹਥਿਆਰਾ। (ਵਾਰ ੪੧)

**੯੯. ਗੁਰਮੁਖਿ ਮਾਸਟਰ ਤਾਰਾ ਸਿੰਘ ਜੀ ਦਾ ਉੱਚਾ ਗੁਰਮੁਖਿ ਇਖ਼ਲਾਕ:-** ਇੱਕ ਅਮਰੀਕਨ ਇਸਤ੍ਰੀ ਨੇ ਪ੍ਰੋਫ਼ੈਸਰ ਤੇਜਾ ਸਿੰਘ ਜੀ ਨੂੰ ਚਿੱਠੀ 'ਚ ਲਿਖਿਆ ਕਿ "ਮੈਂ ਬੰਬਈ ਤੋਂ ਰੇਲ ਫੜੀ, ਤੇ ਦੋ ਦਿਨ ਇੱਕ ਰਾਤ ਸਫ਼ਰ ਕੀਤਾ। ਤਾਂ ਉਸ ਰੇਲ ਦੇ ਡੱਬੇ 'ਚ ਕੇਵਲ ਮੈਂ ਅਤੇ ਮਾਸਟ੍ਰ ਤਾਰਾ ਸਿੰਘ ਜੀ ਸਨ, ਹੋਰ ਕੋਈ ਤੀਜਾ ਬੰਦਾ ਨਹੀਂ ਸੀ। ਮੈਂ ਅਤਿਅੰਤ ਹੈਰਾਨ ਹੋਈ ਕਿ ਸਿੱਖਾਂ ਦੇ ਆਗੂ ਨੇ ਮੇਰੇ ਵੱਲ ਇੱਕ ਵਾਰ ਭੀ ਸਿੱਧੇ ਜਾਂ ਲੁੱਕਵੇ ਢੰਗ ਨਾਲ ਨਹੀਂ ਦੇਖਿਆ। ਅਸੀਂ ਅਮਰੀਕਾ 'ਚ ਸੁਣਿਆਂ ਸੀ, ਕਿ ਭਾਰਤ ਦੇ ਇਤਿਹਾਸ 'ਚ ਜਤੀ ਸ੍ਰੀ ਲਛਮਣ ਜੀ ਹੋਏ ਸਨ। ਜਿਨ੍ਹਾਂ ਬਾਰੇ ਕਿਹਾ ਜਾਂਦਾ ਕਿ ਜਦ ਸ੍ਰੀ ਰਾਮਚੰਦ੍ਰ ਜੀ ਬਣਵਾਸ ਗਏ ਸਨ, ਤਾਂ ਇੱਕ ਦਿਨ ਮਾਤਾ ਸੀਤਾ ਜੀ ਦੇ ਗਹਿਣੇ ਜਤੀ ਲਛਮਣ ਜੀ ਨੂੰ ਦਿਖਾਏ ਗਏ, ਤੇ ਉਨ੍ਹਾਂ ਨੂੰ ਪੁੱਛਿਆ "ਇਹ ਮਾਤਾ ਸੀਤਾ ਜੀ ਦੇ ਗਹਿਣੇ ਹਨ?" ਅਗੋਂ ਕਿਹਾ "ਮੈਨੂੰ ਅਪਣੀ ਭਾਬੀ ਸੀਤਾ ਜੀ ਦੇ ਗਹਿਣਿਆਂ ਦੀ ਪਹਿਚਾਨ ਨਹੀਂ ਜੀ" ਜਤੀ ਲਛਮਣ ਜੀ ਅਪਣੀ ਭਾਬੀ ਸ੍ਰੀ ਸੀਤਾ ਜੀ ਵੱਲ ਦੇਖਦੇ ਨਹੀਂ ਸਨ। ਮੈਨੂੰ ਇਹ ਯਕੀਨ ਹੋ ਗਿਆ ਕਿ ਮਾਸਟ੍ਰ ਤਾਰਾ ਸਿੰਘ ਜੀ ਨੇ ਉਸੇ ਹੀ ਉੱਚੇ ਇਖ਼ਲਾਕ ਨੂੰ ਪੂਰਨ ਤੋਰ 'ਤੇ ਕਮਾ ਕੇ ਦਿਖਾਇਆ ਹੈ ਜੀ।

**੧੦੦. ਗੁਰੂ ਹਿਤ ਕੁਰਬਾਨ ਹੋਣ ਵਾਲੇ ਸੱਚਿਆਰੇ ਪਿਆਰੇ ਗੁਰਸੇਵਕਾਂ ਪ੍ਰੇਮੀਆਂ 'ਚੋਂ, ਬੀਬੀ ਸ਼ਰਨ ਕੌਰ ਜੀ ਦੀ ਮਹਾਨ ਕੁਰਬਾਨੀ ਨੂੰ ਪੂਰਨ ਬ੍ਰਹਮਗਿਆਨੀ ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ ਸਿੰਘ ਸਾਹਿਬ ਜੀ ਇਉਂ ਲਿਖਦੇ ਹਨ:-** ਜਦੋਂ ਜੰਗ ਚਮਕੌਰ ਦਾ ਮੁੱਕ ਚੁੱਕਾ, ਤੁਰਕਾਂ ਸਮਝਿਆ ਗੁਰੂ ਜੀ ਸ਼ਹੀਦ ਹੋਏ, ਰਹੇ ਦੇਹੁੰ ਸਾਰਾ ਦੱਬਦੇ ਮੁਰਦਿਆਂ ਨੂੰ, ਨੈਣਾਂ ਨਾਲ ਹੀ ਦਿਲੇ ਦੇ ਦੁੱਖ ਰੋਏ। ਤੁਰਕ ਥੱਕ ਕੇ ਅੱਕ ਕੇ ਜਾਇ ਸੁੱਤੇ, ਸੁੱਤੇ ਭਾਸਦੇ ਜਿਵੇਂ ਹਨ ਹੁਣੇ ਮੋਏ, ਗੜ੍ਹੀ ਬਾਹਰ ਚਮਕੌਰ ਦੇ ਢੇਰ ਲੱਗੇ, ਲੋਥਾਂ ਖਿਲਰੀਆਂ ਟਿੱਬੀਆਂ ਵਿੱਚ ਟੋਏ। ਅੱਧੀ ਰਾਤ ਦੇ ਬਾਦ ਇੱਕ ਨਾਰਿ ਆਈ, ਦੀਵਾ ਹੱਥ ਤੇ ਭੇਸ ਤੁਰਕਾਨ ਵਾਲਾ, ਫਿਰਦੀ ਮਲਕੜੇ ਗੜ੍ਹੀ ਦੇ ਬਾਹਰ ਅੰਦਰ, ਲੋਥਾਂ ਵਿੱਚ ਝੁਕਦੀ ਕਰਦੀ ਢੂੰਡ ਭਾਲਾ। ਮੂੰਹ ਦੇਖਦੀ ਸਿਰੇ 'ਤੇ ਕੇਸ ਤੱਕੇ, ਸਿੱਖ ਸਜਾਣਦੀ ਚੁੱਕਦੀ ਆਪ ਬਾਲਾ, ਲੈ ਕੇ ਮਲਕੜੇ ਜਾਂਵਦੀ ਇੱਕ ਪਾਸੇ, ਰੱਖਦੀ ਹੇਠ ਉੱਪਰ ਅਤੇ ਨਾਲ ਨਾਲਾ। ਇੱਕੁਰ ਭਾਲਦੀ ਟੋਲਦੀ ਲੱਭਦੀ ਨੇ, ਤੀਹੋਂ ਵੱਧ ਨੂੰ ਆਂਦੜਾ ਓਸ ਪਾਸੇ। ਰਾਤ ਬੀਤ ਚੱਲੀ ਵੱਧ ਅੱਧ ਕੋਲੋਂ ਅਜੇ ਜਿੰਦ ਦੇ ਖੇਡਦੀ ਨਾਰਿ ਪਾਸੇ। ਨਜ਼ਰ ਗਈ ਭੌਂਤਲ, ਹਾਰ ਗਈ ਹਿੰਮਤ, ਦੁਖਣ ਲੱਗ ਪਏ ਅੰਗ ਤੇ ਸਭ ਪਾਸੇ। ਸੇਵਾ ਕਰਨ ਦਾ ਸ਼ੌਂਕ ਨਾ ਮੂਲ ਢੱਠਾ, ਫੜੀ ਗਈ ਜੇ ਜਾਣਦੀ ਮਿਲੂ ਫਾਂਸੇ। ਢੇਰ ਲੱਗਿਆਂ ਦੇਹੀਆਂ ਸੁਹਣੀਆਂ ਦਾ, ਦੀਵੇ ਧਰਮ 'ਤੇ ਹੋ ਪਤੰਗ ਮੋਈਆਂ, ਜਿਨ੍ਹਾਂ ਵਾਰਿਆ ਗੁਰੂ ਤੋਂ ਆਪ ਤਾਈਂ, ਦੇਖ ਦੇਸ਼ ਦੇ ਦੁੱਖ ਨੂੰ ਅਤਿ ਰੋਈਆਂ, ਖੇਡ ਜਿੰਦ 'ਤੇ ਗਈਆਂ ਸੰਸਾਰ ਉੱਤੋਂ, ਘੱਟੇ ਰੁਲ਼ਦੀਆਂ ਸਦਾ ਦੀ ਨੀਂਦ ਸੋਈਆਂ। ਏਸ ਭੈਣ ਨੇ ਆ ਹੁਣ ਸਾਰ ਲੀਤੀ, ਕਹਿੰਦੀ "ਵਾਰਨੇ ਤੁਸਾਂ ਤੋਂ ਅੱਜ ਹੋਈਆਂ, ਤੁਸਾਂ ਪਾਲ਼ਿਆ ਸਿਦਕ ਨਿਬਾਹ ਦਿੱਤਾ, ਧਰਮ ਰੱਖਿਆ, ਧਰਮ ਦੀ ਲਾਜ ਭਾਰੀ। ਜਦੋਂ ਹੋਰਨਾਂ ਹਾਰਿਆ ਧਰਮ ਤਾਈਂ, ਤੁਸਾਂ ਸਿਦਕ ਦੀ ਡੋਲਦੀ ਨਾਉ ਤਾਰੀ। ਰਣ

ਤੱਤਿਆਂ ਸਨਮੁਖੀ ਹੋਏ ਵੀਰੋ! ਦੇਹਿ ਤੁੰਬਿਆਂ ਵਾਂਙ ਹੈ ਤੁਸਾਂ ਵਾਰੀ। ਸੇਵਾ ਕਰਾਂ ਸ੍ਰੀਰਾਂ ਪਵਿੱਤਰਾਂ ਦੀ, ਜਿੰਦ ਸੇਵ ਤੁਹਾਡੀ ਵਿਚ ਜਾਇ ਵਾਰੀ। ਏਹੋ ਲੋਚਦੀ ਆਈ ਹਾਂ ਏਸ ਥਾਂ ’ਤੇ, ਲਾਵਾਂ ਹੱਥ ਪਵਿੱਤਰਾਂ ਦੇਹੀਆਂ ਨੂੰ, ਜਾਵਾਂ ਹੋਇ ਪਵਿੱਤ੍ਰ ਮੈਂ ਸੇਵ ਕਰਦੀ, ਕਰਦਾ ਠਾਰ ਹੈ ਧਰਮ ਸਨੇਹੀਆਂ ਨੂੰ, ਸਸਕਾਰ ਇਹ ਅੰਤ ਦਾ ਕਰਾਂ ਹੱਥੀਂ, ਦਿਆਂ ਦਾਹ ਮੈਂ ਤੁਸਾਂ ਵਿਦੇਹੀਆਂ ਨੂੰ।” ਕਰੇ ਵੀਰਾਂ ਦੇ ਭੈਣ ਸਸਕਾਰ ਲੋਕੋ! ਦੇਖੋ ਹੋਣੀਆਂ ਅਟੱਲ ਅਸੇਹੀਆਂ ਨੂੰ। ਲੋਥਾਂ ਉੱਪਰੇ ਛਾਪਿਆਂ ਢੇਰ ਕਰਦੀ, ਢਕ ਦਿੱਤੜਾ ਪਾਸਿਆਂ ਸਾਰਿਆਂ ਤੋਂ। ਮੋੜ੍ਹੇ ਬੀੜਦੀ ਸ਼ੇਰਨੀ ਢੇਰ ਸਾਰੇ, ਵੀਰ ਕੱਜਦੀ ਰੱਬ ਦੇ ਮਾਰਿਆਂ ਤੋਂ। ਮਲੇਛ ਹੱਥ ਨਾ ਲਾਣ ਪਿਆਰਿਆਂ ਨੂੰ, ਲੋਥਾਂ ਸਾਂਭਦੀ ਧਰਮ ਹੱਤਯਾਰਿਆਂ ਤੋਂ, ਜਿਹੜੇ ਮੋਇਆਂ ਦਾ ਕਰਨ ਅਪਮਾਨ ਭਾਰੀ, ਧਰਮ ਬੀਰਤਾ ਵਾਲੜਾ ਹਾਰਿਆਂ ਤੋਂ, ਸੋਧ ਲਿਆ ਅਰਦਾਸੜਾ ਸ਼ੇਰਨੀ ਨੇ, ਗਲ ਪੱਲੜਾ ਘੱਤਿਆ ਨੈਣ ਰੋਂਦੇ। ਦਸਾਂ ਗੁਰਾਂ ਦਾ ਨਾਮ ਧਿਆਂਵਦੀ ਹੈ, ਨਾਲ ਨੈਣਾਂ ਤੋਂ ਹੰਝੂ ਰੱਤ ਚੋਂਦੇ। “ਵੀਰਾਂ ਪਿਆਰਿਆਂ ਰੱਬ ਜੀ ਵਾਸ ਦੇਵੋ, ਚਰਨੀਂ ਆਪਦੀ ਲੱਗ ਏ ਲਾਲ ਸੋਂਹਦੇ। ਥਿਰ ਆਪ ਹੈ ਜਗਤ ਦੇ ਰਚਨਹਾਰਾ, ਥਿਰ ਦਾਸ ਤੇਰੇ ਪਾ ਕੇ ਸ਼ਰਨ ਹੋਂਦੇ। ਥਿਰ ਕਰੀਂ, ਦੇ ਚਰਨ ਸ਼ਰੱਨ ਸਾਈਆਂ, ਭਾਰਥ ਭੂੰਮਿ ਦੇ ਲਾਲ ਏ ਤੁਸਾਂ ਜਾਏ। ਹੁਕਮ ਆਪਦਾ ਮੰਨਿਆਂ ਇਨ੍ਹਾਂ ਸਾਰਾ, ਰੱਖ ਕੁੱਛੜੇ ਜਗਤ ਦੀ ਰੱਬ ਮਾਏ! ਖੇਡਨ ਗੋਦ ਏ ਤੋਰੜੀ ਪਿਤਾ ਪਿਯਾਰੇ, ਬੰਧਪ ਤੂਹੀਂ ਹੈ ਤੇਰੀ ਏ ਸ਼ਰਨ ਆਏ। ਬਖਸ਼ ਅਸਾਂ ਸੁਮਤਿ ਇਨ੍ਹਾਂਹ ਵਾਲੀ, ਸਨਮੁਖ ਜੂਝੀਏ ਭਉਜਲੋਂ ਪਾਰ ਪਾਏ।” ਏਹ ਆਖਕੇ ਚੰਡਿ ਪ੍ਰਚੰਡ ਕੀਤੀ, ਸਾਰੇ ਲਾਂਭਿਓਂ ਅੱਗ ਭੜਕਾ ਦਿਤੀ। ਭੜਕ ਉੱਠਿਆ ਜਦੋਂ ਪ੍ਰਚੰਡ ਭਾਰਾ, ਤੁਰਕਾਂ ਸੁਤਿਆਂ ਬੀ ਕਨਸੋਅ ਲਿੱਤੀ। ਘਾਬਰ ਦੇਖਦੇ ਅੱਗ ਕੀ ਭੜਕ ਉੱਠੇ, ਲੱਗ ਗਈ ਸੀ ਦਿਲਾਂ ਨੂੰ ਭਰਮ ਚਿੱਤੀ। ਧਾਇ ਆ ਗਿਆ ਦਸਤੜਾ ਇੱਕ ਤੁਰਕੀ, ਦੇਖੀ ਨਾਰ ਹੈ ਬੈਠੜੀ ਭਰੀ ਪਿੱਤੀ। ਕੜਕ ਪੁੱਛਦੇ ਦੱਸ ਦੇਹ ਅੱਗ ਕੇਹੀ, ਕਿਸ ਅਰਥ ਤਾਈਂ ਬਲੇ ਭਾਂਬੜਾ ਏ? ਨਾਰਿ ਬੋਲਦੀ ਨਹੀਂ, ਏ ਜਾਣਦੀ ਹੈ, ਮਤਾਂ ਦੱਸਿਆਂ ਬੁਝੂ ਅਲਾਂਬੜਾ ਏ। ਝੂਠ ਬੋਲਣਾ ਧਰਮ ਨਾਂ ਸਿੱਖ ਦਾ ਹੈ, ਮੌਤ ਚੱਖਣੋਂ ਸੂਲ ਨਾ ਕਾਂਬੜਾ ਏ। ਖਿਝੇ ਤੁਰਕ ਚੁੱਪ ਓਸ ਦੀ ਵੱਲ ਤੱਕਦੇ, ਭਖ ਉੱਠੇ ਜਿਉਂ ਅੱਗ ਤੇ ਤਾਂਬੜਾ ਏ। ਅੰਤ ਕੜਕ ਕੇ ਧ੍ਰੀਕਿਆ ਪਕੜ ਬਾਹੋਂ, ਧੂਹ ਖਿੱਚ ਕੇ ਪਰੇ ਸੱਟ ਪਾਇਆ ਨੇ। ਬਿੱਲੀ ਚੂਹੇ ਨੂੰ ਜਿਵੇਂ ਧਰੀਕਦੀ ਏ, ਤਿਵੇਂ ਖਿੱਚ ਕੇ ਸ੍ਰੀਰ ਖਟਕਾਇਆ ਨੇ। ਜਦੋਂ ਮੂਲ ਨਾ ਬੋਲੜੀ ਧਰਮ ਬੀਰਾ, ਵਿੰਨ੍ਹ ਨੇਜ਼ੜੇ ਨਾਲ ਪਟਕਾਇਆ ਨੇ। ਦਿੱਤਾ ਵਿੱਚ ਪ੍ਰਚੰਡ ਦੇ ਸੁੱਟ ਉਸ ਨੂੰ, ਜਿਸ ਦਾ ਸਿਦਕ ਨਾਂ ਮੂਲ ਸਟਕਾਇਆ ਨੇ। ਜਿਉਂਦੀ ਭੈਣ ਸ਼ਹੀਦ ਹੋ ਗਈ ਲੋਕੋ! ਸ਼ਹੀਦ ਵੀਰਾਂ ਦੀ ਦੇਹ ਸੰਭਾਲਦੀ ਸੀ। ਇੱਕ ਕੁੱਖ ਦੀ ਭੈਣ ਨਾ ਜਾਣਨੀ ਏ, ਇੱਕ ਗੁਰਾਂ ਦੇ ਧਰਮ ਨੂੰ ਪਾਲਦੀ ਸੀ। ਅੰਮ੍ਰਿਤ ਪਾਇਕੇ ਵੀਰ ਏ ਜਾਣਦੀ ਸੀ, ਪਿੱਛੇ ਜਿਨ੍ਹਾਂ ਦੇ ਜਿੰਦ ਨੂੰ ਘਾਲਦੀ ਸੀ। ਧਰਮ ਵੀਰ ਤੇ ਧਰਮ ਦੀ ਭੈਣ ਸੁਹਣੀ, ਪਿੱਛੇ ਰਹੀ ਨ ਗਈ ਏ ਨਾਲ ਹੀ ਸੀ। ਸ਼ਰਨ ਕੌਰ ਸੀ ਬੀਰਾ ਦਾ ਨਾਮ ਸੁੰਦਰ, ਸੁੰਦਰ ਪ੍ਰਭੂ ਦੀ ਸ਼ਰਨ ਸੰਭਾਲ ਲੀਤੀ। ਕੀਤੀ ਘਾਲ. ਜੋ ਮਰਦ ਨਾ ਸਕਣ ਕਰਨੀ, ਧਰਮ ਆਪਣੇ ਦੀ ਪੂਰੀ ਪਾਲ ਕੀਤੀ। ਸੇਵਾ, ਸਿਦਕ ਤੇ ਪਿਆਰ ਦੇ ਮਹਿਲ ਉੱਤੋਂ, ਹੋਈ ਵਾਰਨੇ, ਦੇਹੁੜੀ ਜਾਲ ਲੀਤੀ। ਬੀਤੀ ਸਿਰੇ ’ਤੇ ਕਸ਼ਟਣੀ ਅੱਤਿ ਭਾਰੀ, ਐਪਰ ਝੱਲ ਲੀਤੀ, ‘ਸੀ’ ਨਹੀਂ ਕੀਤੀ।

### ੧੦੧. ਅਮਰ ਸ਼ਹੀਦ ਗੁਰਮੁਖਿ ਪਿਆਰੀ ਸੂਰਬੀਰ ਬਲਵਾਨ ਸਤੀ ਨਿਰਮਲ ਬੀਬੀ ਸ਼ਰਨ ਕੌਰ ਜੀ:-

ਸ੍ਰੀ ਚਮਕੌਰ ਸਾਹਿਬ ਜੀ ਦੇ ਮੈਦਾਨੇ ਜੰਗ ’ਚ ਸ਼ਾਂ ਸ਼ਾਂ ਕਰਕੇ ਸ਼ੂਕਦੀ ਸੀਤਲ ਹਵਾ ਵਗ ਰਹੀ ਸੀ ਤੇ ਪੋਹ ਦੇ ਮਹੀਨੇ ਦੀ ਬਰਫ਼ੀਲੀ ਕਾਲ਼ੀ ਬੋਲ਼ੀ ਰਾਤ ਸੀ, ਜਿੱਥੇ ਤਿੰਨ ਦਿਨਾਂ ਦੇ ਭਿਆਨਕ ਯੁੱਧ ਕਾਰਨ ਲੱਖਾਂ ਹੀ ਸ੍ਰੀਰ ਮੀਲਾਂ ਤੱਕ ਕੱਟੇ ਵੱਢੇ ਪਏ ਸਨ। ਅੱਧ ਮਰੇ ਹੋਏ, ਦਰਦ ਅਤੇ ਦੁੱਖ ’ਚ ਹਾਏ ਹਾਏ ਕਰਦਿਆਂ ਦੀ ਡਰਾਉਣੀ ਅਵਾਜ਼, ਰਾਤ ਦੇ ਹਨ੍ਹੇਰੇ ’ਚ

ਦੂਰ ਤੱਕ ਸੁਣਾਈ ਦੇ ਰਹੀ ਸੀ। ਲਾਸ਼ਾਂ ਦੇ ਅੰਬਾਰ, ਚਰਬੀ ਮਿੱਝ ਮਾਸ ਦੇ ਲੋਥੜੇ ਖਿਲਰੇ ਪਏ ਸਨ, ਜਿਨ੍ਹਾਂ 'ਚੋਂ ਲਹੂ ਦੀਆਂ ਘਰਾਲਾਂ ਵਗ ਰਹੀਆਂ ਸਨ ਅਤੇ ਦੂਰ ਦੂਰ ਤੱਕ ਬਦਬੋ ਆ ਰਹੀ ਸੀ।

ਅੱਧੀ ਤੋਂ ਵੱਧ ਰਾਤ ਬੀਤ ਚੁੱਕੀ ਸੀ। ਚੌਹੀਂ ਪਾਸੀਂ ਘੁੱਪ ਹਨ੍ਹੇਰਾ ਸੀ। ਇਸ ਡਰਾਉਣੇ ਦ੍ਰਿਸ਼ ਕੋਲ ਜਾਂਦਿਆਂ ਰਿਦਾ ਕੰਬ ਉੱਠਦਾ ਸੀ, ਵੀਹ ਲੱਖ ਵੈਰੀ ਦੇ ਸਖ਼ਤ ਪਹਿਰੇ 'ਚ, ਆਪਣੇ ਦਿਲ 'ਚ ਗੁਰੂ ਸਾਹਿਬ ਜੀ 'ਤੇ ਅਟੱਲ ਵਿਸ਼ਵਾਸ਼ ਸਹਿਤ, ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ (੧੪੧੨) ਅਨੁਸਾਰ ਧਰਮੀ ਪਿਤਾ ਗੁਰੂ ਕਲਗੀਧਰ ਜੀ ਦੀ ਪਿਆਰੀ ਬੱਚੀ ਬੀਬੀ ਸ਼ਰਨ ਕੌਰ ਜੀ, ਸਿੱਖੀ ਅਤੇ ਸਿੱਖਾਂ ਲਈ ਅਥਾਹ ਪਿਆਰ ਸ਼ਰਧਾ ਭਾਵਨਾ ਲੈ ਕੇ, ਸ਼ਹੀਦ ਸਿੰਘ ਸਾਹਿਬਾਨ ਜੀ ਦੀ ਅੰਤਮ ਰਸਮ ਨਿਭਾਉਂਣ ਲਈ, ਅੰਮ੍ਰਿਤ ਦੀ ਸ਼ਕਤੀ, ਆਤਮਕ ਬਲ, ਜੋਸ਼ ਅਣਖ ਪਿਆਰ ਸ਼ਰਧਾ ਭਾਵਨਾ ਲੈ ਕੇ ਮੀਲਾਂ ਤੱਕ ਖਿਲਰੀਆਂ ਲਾਸ਼ਾਂ ਦੇ ਉੱਪਰ ਦੀ ਲੰਘਦੇ ਹੋਏ ਕੱਚੀ ਗੜ੍ਹੀ ਕੋਲ ਪੁੱਜੇ, ਮਸ਼ਾਲ ਲੈ ਕੇ ਲੋਥਾਂ ਫੋਲਣੀਆਂ ਸ਼ੁਰੂ ਕਰ ਦਿਤੀਆਂ।

ਗੁਰ ਕਉ; ਕੁਰਬਾਨੁ ਜਾਉ ਹਾਂ॥ (੪੧੦) ਗੁਰੂ ਸਾਹਿਬ ਜੀ ਤੋਂ ਕੁਰਬਾਨ ਹੋਏ ਸ਼ਹੀਦ ਸਿੰਘਾਂ ਦੇ ਸਰੂਪਾਂ ਨੂੰ ਲੱਭਣ ਲੱਗ ਪਏ। ਬਾਬਾ ਆਲਮ ਸਿੰਘ ਜੀ ਵਰਗੇ ਜਤ ਸਤ ਵਿੱਚ ਪੂਰੇ ਸੂਰੇ ਮਹਾਂਬਲੀ ਯੋਧੇ, ਜਿਨ੍ਹਾਂ ਦੇ ਉੱਚੇ ਲੰਮੇ ਕੱਦ, ਭਾਰੇ ਭਾਰੇ ਡੌਲ਼ੇ ਸਨ। ਜਿਹੜੇ ਰਣਭੂਮੀ 'ਚ ਸ਼ਹੀਦ ਹੋਣ ਮਗਰੋਂ ਪਛਾਨਣੇ ਔਖੇ ਸਨ, ਮਾਤਾ ਜੀ ਕੜੇ ਕਛਿਹਰੇ ਗਾਤ੍ਰੇ ਕ੍ਰਿਪਾਨ ਖ਼ਾਲਸਈ ਧੜਾਂ ਨੂੰ ਪਛਾਣ ਕੇ ਬਾਹਰ ਕੱਢੀ ਜਾਂਦੇ। ਕਟਾ ਵੱਢੀ ਬਹੁਤੀ ਹੋਣੇ ਕਰਕੇ ਕਈ ਸਰੂਪਾਂ ਨਾਲੋਂ ਲੱਤਾਂ ਤੇ ਬਾਹਾਂ ਦੇ ਕਈ ਕਈ ਟੋਟੇ ਹੋ ਗਏ ਸਨ। ਸ਼ਸਤ੍ਰਾਂ ਦੇ ਵਾਰਾਂ ਨਾਲ ਕਈ ਸਿੰਘਾਂ ਦੀਆਂ ਖੋਪੜੀਆਂ ਭੀ ਅਲੱਗ ਹੋ ਗਈਆਂ ਸਨ ਅਤੇ ਕਈ ਸਿੰਘਾਂ ਦੀਆਂ ਛਾਤੀਆਂ 'ਚੋਂ ਬਰਛੇ ਆਰ ਪਾਰ ਹੋ ਗਏ ਸਨ ਤੇ ਤੀਰ ਗੱਡੇ ਪਏ ਸਨ। ਮਾਤਾ ਜੀ ਉਨ੍ਹਾਂ ਨੂੰ ਖਿੱਚ ਖਿੱਚ ਕੇ ਬਾਹਰ ਕੱਢਦੇ, ਲਹੂ ਮਿੱਝ 'ਚ ਲੱਥ ਪੱਥ ਸਰੂਪਾਂ ਨੂੰ ਪਹਿਚਾਨਣਾ ਭਾਵੇਂ ਅਸਾਨ ਗੱਲ ਨਹੀਂ ਸੀ, ਪਰ ਪਰਮਪੂਜਨੀਕ ਮਾਤਾ ਜੀ ਉਨ੍ਹਾਂ ਸ਼ਹੀਦ ਹੋਏ ਸਿੰਘਾਂ ਦੇ ਸਰੂਪਾਂ 'ਚੋਂ ਵਾਹਿਗੁਰੂ ਮੰਤ੍ਰ ਜੀ ਦੇ ਜਾਪ ਦੀ ਮਿੱਠੀ ਅਵਾਜ਼ ਸੁਣ ਕੇ ਖ਼ਾਲਸਈ ਸਰੂਪਾਂ ਅੰਗਾਂ ਦੀ ਸਿਆਣ ਕਰਕੇ ਬਾਹਰ ਕੱਢ ਲੈਂਦੇ। ਮਾਤਾ ਜੀ ਕਾਹਲੀ ਨਾਲ ਸਰੂਪ ਇਕੱਤ੍ਰ ਕਰਦੇ, ਕਿਉਂ ਜੋ ਦੁਸ਼ਮਣ ਦੇ ਆਉਣ ਤੋਂ ਪਹਿਲਾਂ ਛੇਤੀ ਤੋਂ ਛੇਤੀ ਸਸਕਾਰ ਹੋ ਸਕੇ।

ਲਾਗੇ ਆਜੜੀਆਂ ਦੇ ਵਾੜੇ 'ਚ ਬਹੁਤ ਵੱਡਾ ਲੱਕੜਾਂ ਦਾ ਢੇਰ ਸੀ, ਸ਼ਹੀਦ ਸਿੰਘਾਂ ਦੇ ਸਰੂਪਾਂ ਨੂੰ ਲਿਜਾ ਕੇ ਲੱਕੜੀਆਂ ਦੇ ਢੇਰ 'ਤੇ ਸਜਾਈ ਜਾਂਦੇ, ਜਦੋਂ ਸਾਰੇ ਸਰੂਪ ਇਕੱਤ੍ਰ ਕਰ ਲਏ ਤਾਂ ਹੋਰ ਲੱਕੜੀਆਂ ਝਾੜੀਆਂ ਉੱਪਰ ਰੱਖ ਕੇ, ਗੁਰੂ ਪਿਆਰਿਆਂ ਦੀਆਂ ਪਰਮਪਵਿੱਤ੍ਰ ਸ਼ਹੀਦ ਦੇਹਾਂ ਨੂੰ ਚੰਡਾ ਲਾ ਦਿੱਤਾ। ਆਪ ਜੀ ਆਲ਼ੇ ਦੁਆਲ਼ੇ ਪ੍ਰਕਰਮਾਂ ਅਤੇ ਜਾਪ ਕਰਨ ਲੱਗ ਪਏ। ਅੱਗ ਦੀਆਂ ਲਾਟਾਂ ਦੇ ਭਾਂਬੜ ਉੱਚੇ ਉੱਠੇ, ਮੁਗਲ ਸੈਨਾ ਹੈਰਾਨ ਹੋ ਗਈ, ਕਿ ਇਤਨੀ ਡਰਾਉਣੀ ਰਾਤ 'ਚ ਅੱਗ ਕਿਥੋਂ ਆ ਬਲ਼ੀ? ਅੱਗ ਦੀ ਰੌਸ਼ਨੀ 'ਚ ਦੇਖਿਆ ਕਿ ਇੱਕ ਬੀਬੀ ਅੱਗ ਦੁਆਲ਼ੇ ਚੱਕ੍ਰ ਕੱਢ ਰਹੀ ਹੈ, ਦੌੜੇ ਦੌੜੇ ਆਏ। ਮਾਤਾ ਜੀ ਜਾਣਦੇ ਸਨ ਕਿ ਇਹ ਗੁਰੂ ਖ਼ਾਲਸੇ ਜੀ ਦੇ ਦੁਸ਼ਮਣ ਹਨ ਅਤੇ ਮੇਰੇ ਪਿਆਰੇ ਵੀਰਾਂ ਨੂੰ ਇਨ੍ਹਾਂ ਨੇ ਸ਼ਹੀਦ ਕੀਤਾ ਹੈ, ਇਹ ਦੁਸ਼ਟ ਖ਼ਾਲਸੇ ਜੀ ਦੇ ਖ਼ੂਨ ਦੇ ਪਿਆਸੇ ਹਨ। ਮਾਤਾ ਜੀ ਨੇ ਇਹ ਸੋਚਿਆ ਕੇ ਇਹ ਦੁਸ਼ਟ ਮੇਰੀ ਬੇਪਤੀ ਕਰਨਗੇ, ਜੂਝਣ ਲਈ ਤਿਆਰ ਹੋ ਗਏ, ਕਾਫੀ ਸਮਾਂ ਕਟਾ ਵੱਢੀ ਤੋਂ ਬਾਅਦ ਮਾਤਾ ਜੀ ਸ਼ਹੀਦ ਹੋ ਗਏ। ਸਤਿਗੁਰੂ ਸਾਹਿਬ ਜੀ ਦੇ ਇਨ੍ਹਾਂ ਬਚਨਾਂ ਨੂੰ ਕਮਾਇਆ, ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥ (੧੪੧੨) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥ (੧੧੦੨) ਮਰਣੈ ਕੀ. ਚਿੰਤਾ ਨਹੀ; ਜੀਵਣ ਕੀ. ਨਹੀ ਆਸ॥

(੨੦) ਗੁਰ ਕਉ; ਕੁਰਬਾਨੁ ਜਾਉ ਹਾਂ॥ (੪੧੦) ਗੁਰ ਅਪੁਨੇ ਊਪਰਿ; ਬਲਿ ਜਾਈਐ॥ (੭੪੧) ਹੱਥੀ ਤੇਗਾਂ ਪਕੜਿ ਕੈ; ਰਣ ਭਿੜੇ ਕਰਾਰੇ॥ ਕਦੇ ਨ ਨੱਠੇ ਜੁੱਧ ਤੇ; ਜੋਧੇ ਜੁਝਾਰੇ॥ (ਸ੍ਰੀ ਦਸਮ ੧੨੦) ਦੁਸਟ ਦੋਖੀਯਨਿ; ਪਕਰਿ ਪਛਾਰੋ॥ (ਸ੍ਰੀ ਦਸਮ ੫੭) ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ॥ (੧੧੦੫) ਹੰਕਾਰੀ ਜ਼ਾਲਮਾਂ ਨੇ ਮਾਤਾ ਜੀ ਦੇ ਸ਼ਹੀਦ ਹੋਏ ਸਰੂਪ ਨੂੰ ਸ਼ਹੀਦਾਂ ਵਾਲੀ ਚਿਖਾ 'ਚ ਸੁੱਟ ਦਿਤਾ। ਪਹਿਲਾਂ ਮਨ ਕਰਕੇ ਇਕਾਗ੍ਰਤਾ ਸੀ, ਹੁਣ ਸ੍ਰੀਰ ਕਰਕੇ ਭੀ ਖ਼ਾਲਸੇ ਜੀ ਨਾਲ ਏਕਤਾ ਅਭੇਦਤਾ ਹੋ ਗਈ ਜੀ। ਯਥਾ:- ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ (੨੭੮)

ਸਤਿਗੁਰੁ ਸਿਖ ਕਾ; ਹਲਤੁ ਪਲਤੁ ਸਵਾਰੈ॥ ਅਨੁਸਾਰ ਗੁਰੂ ਸਾਹਿਬ ਜਿਉਂਦਿਆਂ ਮਰਿਆਂ ਸਿੱਖਾਂ ਦੀ ਪਤਿ ਰੱਖਦੇ ਹਨ, ਧੰਨ ਬੀਬੀ ਸ਼ਰਨ ਕੌਰ ਜੀ ਸ਼ਹੀਦ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦਾ ਬਲ ਪਾ ਕੇ ਜਗਤ 'ਚ ਇਤਨਾ ਵੱਡਾ ਕਾਰਜ ਫ਼ਤੇਹ ਕਰ ਦਿਤਾ, ਜਿਸ ਨੂੰ ਦੁਨੀਆਂ ਸਦਾ ਸਦਾ ਲਈ ਆਪਣੇ ਦਿਲ 'ਚੋਂ ਨਹੀਂ ਭੁਲਾ ਸਕਦੀ। ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਮਾਤਾ ਜੀ ਜਤ ਸਤ ਸਿਦਕ ਭਰੋਸਾ ਸਿੱਖੀ ਅਤੇ ਪੰਥ ਦੀ ਸੇਵਾ ਕਰਕੇ, ਸ਼ਹੀਦੀ ਪਾ ਕੇ, ਨਾਨਕ ਪਤਿ ਸੇਤੀ; ਘਰਿ ਜਾਵਹਿ॥੨॥ ਅਨੁਸਾਰ (ਪਤਿ) ਇੱਜ਼ਤ ਨਾਲ ਸੱਚਖੰਡ ਜਾ ਬਿਰਾਜੇ। ਯਥਾ:- ਸੂਰਜ ਕਿਰਣਿ ਮਿਲੇ; ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ; ਸੰਪੂਰਨੁ ਥੀਆ ਰਾਮ॥ (੮੪੬) ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ (੨੭੮)

**੧੦੨. ਸਾਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ:-** ਨਾਮ ਰਸੀਏ ਬ੍ਰਹਮ ਬੇਤੇ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਆਤਮ ਰਸੁ ਬ੍ਰਹਮਗਿਆਨੀ ਚੀਨਾ॥ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ, ਪਟਿਆਲੇ ਸ਼ਹਿਰ ਵਿਖੇ, ਝਾਲਾਘੇ ਉਠਿ ਨਾਮੁ ਜਪਿ; ਨਿਸਿ ਬਾਸੁਰ ਆਰਾਧਿ॥) ਅੰਮ੍ਰਿਤ ਵੇਲਾ ਸਚੁ ਨਾਉ; ਵਡਿਆਈ ਵੀਚਾਰੁ॥ ਅਨੁਸਾਰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਰਜਾਈ ਦੀ ਬੁੱਕਲ ਮਾਰ ਕੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਵਾਹਿਗੁਰੂ ਜੀ ਦੇ ਸਿਮਰਨ ਵਿੱਚ ਲੀਣ ਹੋ ਗਏ। ਸੰਤ ਜੀ ਦਾ ਪ੍ਰਭ ਸਮਰੱਥ ਵਾਹਿਗੁਰੂ ਜੀ ਦੇ ਪ੍ਰੇਮ 'ਚ ਦਗ ਦਗ ਲਾਲ ਚੇਹਰੇ ਨੂੰ ਦੇਖ ਕੇ ਇੱਕ ਕਮਲੀ ਮਾਈ ਦਾ ਮਨ ਡੋਲ ਗਿਆ। ਸੰਤ ਬਾਬਾ ਗੁਰਬਚਨ ਸਿੰਘ ਜੀ ਨੂੰ ਸਿਮਰਨ ਕਰਦਿਆਂ ਪਿੱਛੋਂ ਆ ਕੇ ਜੱਫੀ ਪਾ ਲਈ। ਸੰਤ ਜੀ ਨੂੰ ਪਹਿਲਾਂ ਇਉਂ ਲੱਗਾ ਕਿ ਕੋਈ ਮਸਤਾਨਾ ਸਿੰਘ ਜੱਫੀ ਪਾ ਰਿਹਾ ਹੈ। ਕਹਿੰਦੇ 'ਓ ਮਸਤਾਨਿਆ! ਓ ਮਸਤਾਨਿਆ! ਕੀ ਕਰਦਾਂ?' ਪਰ ਫਿਰ ਸੰਤ ਜੀ ਨੂੰ ਉਸ ਬ੍ਰਿਦ ਮਾਈ ਦੇ ਸ੍ਰੀਰ ਦੇ ਸਪਰਸ਼ ਦਾ ਮਹਿਸੂਸ ਹੁੰਦਿਆਂ ਹੀ ਸਤਿਗੁਰੂ



ਗ਼ੀਬ ਨਿਵਾਜ ਜੀ ਨੇ ਸੰਤ ਜੀ ਦੇ ਦਿਲ ਦਿਮਾਗ਼ ਰੋਮ ਰੋਮ ਵਿੱਚ ਗੁਰਸਬਦ ਦਾ ਪ੍ਰਕਾਸ਼ ਦਿਖਾਇਆ। ਤੁਰੰਤ ਉਸ ਬ੍ਰਿਦ ਮਾਈ ਨੂੰ ਰਜਾਈ ਸਮੇਤ ਆਪਣੇ ਤੋਂ ਚਲਾ ਕੇ ਪਿਛਾਂਹ ਮਾਰਿਆ।

ਸਿੱਖਿਆ:- ਸਿੱਖ ਹਮੇਸ਼ਾ ਵਿਕਾਰਾਂ ਤੋਂ ਸੁਚੇਤ ਰਹਿ ਕੇ ਸਿਮਰਨ ਕਰੇ। ਕਦੇ ਭੁੱਲ ਕੇ ਭੀ ਨਾ ਕਹੇ ਕਿ ਮੈਂ ਵਿਕਾਰ ਜਿੱਤ ਲਏ ਹਨ। ਵਿਕਾਰਾਂ ਤੋਂ ਬਚਣ ਲਈ ਹਮੇਸ਼ਾ ਸੰਗਤ 'ਚ ਰਹਿਣਾ, ਸ਼ਹੀਦੀ ਜਪਣੀ। ਤਾਂ ਸਤਿਗੁਰੂ ਜੀ ਆਪਨੇ ਸਿੱਖਾਂ ਦੀ ਸੁਆਸ ਸੁਆਸ ਰਖਿਆ ਕਰਦੇ ਹਨ। ਯਥਾ:- ਦ੍ਰਿਸਟਿ ਧਰਤ, ਤਮ ਹਰਨ; ਦਹਨ ਅਘ, ਪਾਪ ਪ੍ਰਨਾਸਨ॥ ਸਬਦ ਸੂਰ ਬਲਵੰਤ; ਕਾਮ ਅਰੁ ਕ੍ਰੋਧ ਬਿਨਾਸਨ॥ ਲੋਭ ਮੋਹ, ਵਸਿ ਕਰਣ; ਸਰਣ ਜਾਚਿਕ, ਪ੍ਰਤਿਪਾਲਣ॥ ਆਤਮ ਰਤ, ਸੰਗ੍ਰਹਣ; ਕਹਣ ਅੰਮ੍ਰਿਤ ਕਲ ਢਾਲਣ॥ ਸਤਿਗੁਰੂ ਕਲ, ਸਤਿਗੁਰ ਤਿਲਕੁ; ਸਤਿ ਲਾਗੈ, ਸੋ ਪੈ ਤਰੈ॥ ਗੁਰੁ ਜਗਤ. ਫਿਰਣ ਸੀਹ ਅੰਗਰਉ; ਰਾਜੁ ਜੋਗੁ. ਲਹਣਾ ਕਰੈ॥੫॥

**੧੦੩. ਸਾਖੀ ਵੈਰਾਗ ਦੀ ਮੂਰਤ ਪੂਰਨ ਬ੍ਰਹਮਗਿਆਨੀ, ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ:-** ਪਿੰਡ ਤਖ਼ਤੂਪੁਰੇ ਵਿਖੇ ਗੁਰਮੁਤਿ ਦਾ ਪ੍ਰਚਾਰ ਕਰ ਰਹੇ ਸਨ। ਇਕ ਈਰਖਾਲੂ ਵਿਦਵਾਨ ਬਾਲਕਨਾਥ ਨੇ ਸੰਤ ਸੁੰਦਰ ਸਿੰਘ ਸਾਹਿਬ ਜੀ ਦਾ ਇਖ਼ਲਾਕ ਗੇਰਨ ਲਈ ਇੱਕ ਵੇਸਵਾ ਭੇਜੀ। ਵੇਸਵਾ ਸੋਚਦੀ ਰਹੀ ਕਦੋਂ ਸੰਤ ਜੀ ਇਕੱਲੇ ਹੋਣ ਤੇ ਕਦੋਂ ਮੈਂ ਸੰਤਾਂ 'ਤੇ ਵਾਰ ਕਰਾਂ। ਸੰਤ ਜੀ ਦੁਪਹਿਰੇ ਹਵਾ ਹਾਰੇ, ਚਾਦਰਾ ਲੈ ਕੇ ਪਲੰਗੇ 'ਤੇ ਅਰਾਮ ਕਰਨ ਲੱਗ ਗਏ। ਇਤਨੇ ਨੂੰ ਗੜਵਈ ਸਿੰਘ ਆਪਣੀ ਕ੍ਰਿਆ ਸੋਧਣ ਲਈ ਚਲਿਆ ਗਿਆ। ਵੇਸਵਾ ਸੰਤ ਜੀ ਕੋਲ ਆਈ ਤੇ ਚਰਨਾਂ ਨੂੰ ਘੁਟਣ ਲੱਗ ਗਈ। ਹਟਾਉਣ ਲਈ ਸੰਤਾਂ ਨੇ ਚਰਨ ਹਿਲਾਇਆ ਪਰ ਹਟਣ ਦੀ ਬਜਾਏ ਵੇਸਵਾ ਨੇ ਸੰਤ ਜੀ ਦੇ ਕਛਹਿਰੇ 'ਚ ਹੱਥ ਪਾ ਲਿਆ। ਅਕਸ ਮਾਤ੍ਰ ਸੰਤ ਜੀ ਬੀਰ ਰਸ ਧਾਰਦਿਆਂ ਉੱਠੇ। ਦੇਖਿਆ ਕੋਈ ਵੇਸਵਾ ਕੁਕਰਮ ਕਰਨ ਆਈ ਹੈ, ਤਾਂ ਆਪਣੀ ਖੜਾਂ ਚੁੱਕ ਕੇ ਉਸਦੇ ਮੱਥੇ 'ਤੇ ਮਾਰੀ। ਮੱਥੇ 'ਚੋਂ ਖ਼ੂਨ ਦੀ ਤਤੀਰੀ ਨਿਕਲੀ, ਡਰਦੀ ਡਰਦੀ ਕੰਬਣ ਲੱਗ ਗਈ। ਸੰਤ ਜੀ ਨੇ ਪੁੱਛਿਆ ਤੈਨੂੰ ਕਿਸ ਨੇ ਭੇਜਿਆ? ਕਹਿੰਦੀ ਬਾਲਕਨਾਥ ਨੇ ਮੈਨੂੰ ਆਪ ਜੀ ਦੀ ਪਰਖ ਕਰਨ ਲਈ ਭੇਜਿਆ ਹੈ। ਪਰ ਆਪ ਜੀ ਤਾਂ ਪੂਰਨ ਸੰਤ ਮਹੰਤ ਜੀ ਹੋਂ, ਮੈਨੂੰ ਖਿਮਾ ਕਰ ਦਿਓ। ਖਿਮਾ ਦੇ ਸਾਗਰ, ਸੰਤ ਜੀ ਨੇ ਉਸ ਨੂੰ ਖਿਮਾ ਕਰਕੇ ਛਡ ਦਿੱਤਾ। ਯਥਾ:- ਕਬੀਰਾ. ਜਹਾ ਗਿਆਨੁ ਤਹ ਧਰਮੁ ਹੈ; ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ; ਜਹਾ ਖਿਮਾ ਤਹ ਆਪਿ॥੧੫੫॥





**੧੦੪. ਪਰਮਪੂਜਨੀਕ ਨਾਮ ਰਸੀਏ ਭਾਈ ਬਾਊ ਮੱਲ ਸਿੰਘ ਜੀ:-** ਪਰਮਪੂਜਨੀਕ ਗੁਰਬਾਣੀ ਰਸੀਏ ਮਹਾਨ ਕੀਰਤਨੀਏ ਪੂਰਨ ਮਹਾਂਪੁਰਖ ਭਾਈ ਬਾਊ ਮੱਲ ਸਿੰਘ ਸਾਹਿਬ ਜੀ ਦੀ ਪਹਿਲੀ ਸੰਸਾਰ ਜੰਗ ਵਿੱਚ ਫਰਾਂਸ 'ਚ ਡਿਊਟੀ ਸੀ। ਉਥੇ ਰਹਿ ਕੇ, ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਸਾਹਿਬ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਗੁਰਤਾ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਗੁਰਬਾਣੀ ਦਿਨ ਰਾਤ ਪੜ੍ਹਦੇ ਰਹੇ। ਜੰਗ ਦੇ ਭਿਆਨਕ ਸਮੇ ਦੌਰਾਨ ਕਲਗੀਧਰ ਪਾਤਿਸ਼ਾਹ ਜੀ ਦੀ ਬਖ਼ਸ਼ੀ ਰਹਿਤ ਵਿੱਚ ਤਿਆਰ ਬਰ ਤਿਆਰ ਰਹਿੰਦੇ। ਸਰਬੋਲਹ ਬਿਬੇਕ ਪਹਿਰਾ ਰੱਖਦੇ, ਆਪ ਲੰਗਰ ਤਿਆਰ ਕਰਕੇ ਛਕਦੇ ਛਕਾਉਂਦੇ। ਇੱਕ ਦਿਨ ਭਾਈ ਸਾਹਿਬ ਜੀ ਸੈਰ ਕਰਨ ਉਪਰੰਤ, ਬਾਗ ਵਿੱਚ ਬਿਸਰਾਮ ਕਰ ਰਹੇ ਸਨ, ਦੋ ਗੋਰੀਆਂ ਬੀਬੀਆਂ ਆਈਆਂ। ਦੋਵਾਂ ਨੇ ਕਾਮ ਵਿਕਾਰ ਦੀਆਂ ਗੱਲਾਂ ਸਤਿਕਾਰ ਯੋਗ ਭਾਈ ਸਾਹਿਬ ਜੀ ਨੂੰ ਆਖੀਆਂ। ਭਾਈ ਸਾਹਿਬ ਜੀ ਦੇ ਦਿਲ ਦਿਮਾਗ਼ ਰੋਮ ਰੋਮ ਵਿੱਚ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ, ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ। ਸਬਦ ਭੇਜਿਆ, ਤੇ ਦੋਵਾਂ ਨੂੰ ਕਹਿੰਦੇ "ਆਪ ਜੀ ਦਾਸਨਦਾਸ ਦੀਆਂ ਭੈਣਾਂ ਹੋਂ ਜੀ, ਆਪ ਜੀ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀਆਂ ਧੀਆਂ ਹੋਂ" ਐਸਾ ਉੱਤਰ ਸੁਣ ਕੇ ਦੋਵੇਂ ਬੀਬੀਆਂ ਦਾ ਵਿਕਾਰ ਵਿੱਚ ਤਪਦਾ ਰਿਦਾ ਸੀਤਲ ਠੰਢਾ ਠਾਰ ਹੋ ਗਿਆ, ਹੈਰਾਨ ਹੋ ਕੇ ਚਲੀਆਂ ਗਈਆਂ। ਬ੍ਰਹਮਗਿਆਨੀ; ਸਦਾ ਨਿਰਲੇਪ॥ ਜੈਸੇ ਜਲ ਮਹਿ; ਕਮਲ ਅਲੇਪ॥ ਕਲਜੁੱਗ ਦੀ ਅੱਗ ਤੋਂ ਕਮਲ ਵਾਂਗ ਨਿਰਲੇਪ, ਤਿੰਨ ਸਾਲ ਫਰਾਂਸ ਵਿੱਚ ਡਿਊਟੀ ਕਰਦੇ ਰਹੇ। ਸਿੱਖ ਫੌਜੀਆਂ ਤੇ ਉੱਥੇ ਰਹਿ ਰਹੀਆਂ ਸਿੱਖ ਸੰਗਤਾਂ ਨੂੰ ਨਾਮ ਗੁਰਬਾਣੀ ਨਾਲ ਜੋੜ ਕੇ ਕੀਰਤਨ ਦਾ ਪਰਵਾਹ ਚਲਾਇਆ। ਐਸੇ ਨਾਮ ਰਸੀਏ ਤੱਤ ਬੇਤੇ ਗੁਰਸਿੱਖਾਂ ਕੋਲ ਪ੍ਰਤੱਖ ਸੱਚੇ ਗੁਰੂ ਗੁਰ ਸਤਿਗੁਰੂ ਗ੍ਰੰਥ ਸਾਹਿਬ ਜੀ ਸਦਾ ਹਾਜ਼ਰ ਨਾਜ਼ਰ ਹਨ, ਜਿਵੇਂ ਸ਼੍ਰੋਮਣੀ ਭਗਤ ਸ੍ਰੀ ਨਾਮਦੇਵ ਸਾਹਿਬ ਜੀ ਨੇ ਫ਼ੁਰਮਾਇਆ ਹੈ: ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥

ਸ਼ੁਭ ਸਿੱਖਿਆ:- ਪਰ ਬੇਟੀ ਕੋ, ਬੇਟੀ ਜਾਨੈ। ਪਰ ਇਸਤ੍ਰੀ ਕੋ, ਮਾਤ ਬਖਾਨੈ। ਆਪਨੀ ਇਸਤ੍ਰੀ ਸੋਂ; ਰਤ ਹੋਈ। ਰਹਿਤਵਾਨ, ਗੁਰ ਕਾ ਸਿੰਘ ਸੋਈ। ਰਹਿਤ ਬਹਿਤ, ਕਬਹੂੰ ਨ ਤਜਾਗੈ। ਸਨਮੁਖ ਲਰੇ, ਨ ਰਣ ਤੇ ਭਾਗੈ। ਗੁਰੂ ਸਰੂਪ, ਖਾਲਸਾ ਹਈਏ।

**੧੦੫. ਗੁਰਮੁਖਿ ਭਾਈ ਕੇਦਾਰਾ ਜੀ ਦੀ ਵੈਰਾਗ ਧਾਰਨ ਦੀ ਸਾਖੀ:-** ਗੁਰਮੁਖਿ ਭਾਈ ਕੇਦਾਰਾ ਜੀ ਨੂੰ ਵੈਰਾਗ ਹੋਣ ਤੋਂ ਸ੍ਰੀ ਖਡੂਰ ਸਾਹਿਬ ਜੀ ਆਏ। ਸਜੇ ਦੀਵਾਨ 'ਚ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਅੰਗਦਦੇਵ ਸਾਹਿਬ ਜੀ ਦੇ ਸੁੰਦਰ ਦਰਸਨ ਕੀਤੇ। ਦਰਸਨ ਕਰਕੇ ਨਿਹਾਲ ਹੋ ਗਏ, ਰਿਦਾ ਠੰਢਾ ਤੇ ਮਨ ਬਾਣੀ ਸ੍ਰੀਰ ਕਰਕੇ ਖੀਵੇ ਹੋ ਗਏ। ਯਥਾ:- ਸਤਿਗੁਰ ਦਰਸਨਿ; ਅਗਨਿ ਨਿਵਾਰੀ॥ ਸਤਿਗੁਰ ਭੇਟਤ; ਹਉਮੈ ਮਾਰੀ॥ ਭੱਜ ਕੇ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ 'ਤੇ ਮੱਥਾ ਰੱਖਿਆ ਅਤੇ ਪ੍ਰੇਮ ਬੇਨਤੀ ਕੀਤੀ "ਹੇ ਦੀਨਾ ਨਾਥ ਅਕਾਲਪੁਰਖੁ ਸਰੂਪ ਸੁੰਦਰ ਵਾਹਿਗੁਰੂ


ਸਤਿਗੁਰੂ ਸਾਹਿਬ ਜੀ! ਦਾਸਨਦਾਸ ਆਪ ਜੀ ਦਾ ਗ਼ੀਬ ਮੂਰਖ ਬੱਚਾ ਹੈ ਜੀ! ਦਾਸਨਦਾਸ ਨੂੰ ਕਲਿਜੁੱਗ ਦੀ ਅੱਗ ਤੋਂ ਰੱਖਿਆ ਕਰੋ ਜੀ!"

ਤਾਂ ਸਤਿਗੁਰੂ ਸਾਹਿਬ ਜੀ ਬੋਲੇ "ਹੇ ਭਾਈ ਕੇਦਾਰਾ ਜੀ! ਜੰਗਲ ਨੂੰ ਅੱਗ ਲੱਗੀ ਹੋਵੇ ਤਾਂ ਮ੍ਰਿਗਾਵਲੀ ਭੱਜ ਕੇ ਦਰਿਆ 'ਚ ਵੜ ਜਾਂਦੀ ਹੈ। ਤਿਵੇਂ ਸੰਸਾਰ 'ਚ ਵਿਕਾਰਾਂ ਦੀ ਲੱਗੀ ਅੱਗ ਤੋਂ ਬਚਣ ਲਈ, ਗੁਰਮੁਖਿ ਭੱਜ ਕੇ ਸਾਧਸੰਗਤ ਰੂਪੀ ਨਦੀ 'ਚ ਵੜ ਜਾਂਦੇ ਹਨ ਤੇ ਸੰਗਤ ਨਾਲ ਪ੍ਰੇਮ ਕਰਕੇ ਸੇਵਾ ਨਾਮ ਸਿਮਰਨ ਪਰਉਪਕਾਰ ਕਰਕੇ ਬਚ ਜਾਂਦੇ ਹਨ ਜੀ।" ਯਥਾ:- ਤਿਤੁ ਜਾਇ ਬਹਹੁ ਸਤਸੰਗਤੀ; ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ॥ ਸਹਜੇ ਹੀ ਹਰਿ ਨਾਮੁ ਲੇਹੁ; ਹਰਿ ਤਤੁ. ਨ ਖੋਈਐ॥ ਇਹ ਸੁਣ ਕੇ ਭਾਈ ਕੇਦਾਰਾ ਜੀ ਨੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਸਾਹਿਬ ਜੀ ਦੇ ਮਹਾਨ ਪਰਉਪਕਾਰੀ ਸੱਚੇ ਚਰਨਕਮਲਾਂ 'ਚ ਰਹਿ ਕੇ, ਨਿਸ਼ਕਾਮ ਸੇਵਾ ਨਾਮ ਸਿਮਰਨ ਕਰਕੇ, ਸਤਿਗੁਰੂ ਸਾਹਿਬ ਜੀ ਦੀਆਂ ਲੱਖਾਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰੇਮੀ ਗੁਰੂ ਭਗਤ ਜੀ ਬਣ ਕੇ, ਰਾਤ ਦਿਨੇ ਗੁਰਬਾਣੀ ਗਾ ਕੇ, ਵੀਚਾਰ ਕੇ, ਨਿਹਾਲ ਨਿਹਾਲ ਨਿਹਾਲ ਹੋਏ ਜੀ।

ਦੋ ਸਾਲ ਬਾਦ ਸਤਿਗੁਰੂ ਸਾਹਿਬ ਜੀ ਨੇ ਭਾਈ ਕੇਦਾਰਾ ਜੀ ਨੂੰ ਅਪਣੇ ਪਾਸ ਬੁਲਾ ਕੇ ਕਿਹਾ "ਆਪ ਜੀ ਨੇ ਨਿੱਗਰ ਸੇਵਾ ਸਿਮਰਨ ਕਰਕੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ, ਆਪ ਜੀ ਹੁਣ ਅਪਣੇ ਪਿੰਡ ਜਾ ਕੇ ਚੰਦਨ ਵਾਂਗ ਗੁਰਸਿੱਖੀ ਦਾ ਪ੍ਰਚਾਰ ਕਰੋ, ਭਾਉ ਭਗਤੀ ਦੀ ਮਹਿਕ ਫ਼ੈਲਾਉ, ਰਲ ਕੇ ਸਤਸੰਗਤ ਕਰੋ, ਨਾਮ ਜਪੋ ਬਾਣੀ ਪੜ੍ਹੋ ਜੀ।" ਸੱਤ ਬਚਨ ਕਹਿ ਕੇ ਕਮਰਕਸਾ ਕਸ ਕੇ ਭਾਈ ਕੇਦਾਰਾ ਜੀ ਨੇ ਅਪਣੇ ਪਿੰਡ ਗੁਰਸਿੱਖੀ ਦਾ ਭਾਰੀ ਪ੍ਰਚਾਰ ਕੀਤਾ, ਸਤਸੰਗਤ ਦੇ ਦੀਵਾਨ ਲਾਏ, ਬੇਅੰਤ ਪ੍ਰੇਮੀਆਂ ਨੂੰ ਗੁਰਸਿੱਖੀ ਨਾਲ ਜੋੜਿਆ ਅਤੇ ਪਰਵਾਰ ਦਾ ਭੀ ਸੁਧਾਰ ਕੀਤਾ। ਯਥਾ:- ਮੰਨੈ; ਪਰਵਾਰੈ ਸਾਧਾਰੁ॥

**੧੦੬. ਸਾਖੀ ਪੂਰਨ ਬ੍ਰਹਮਗਿਆਨੀ ਤੱਤ ਬੇਤੇ ਬਾਬਾ ਅਤਰ ਸਿੰਘ ਸਾਹਿਬ ਜੀ:-** ਬ੍ਰਹਮਗਿਆਨੀ; ਸਗਲ ਕੀ ਰੀਨਾ॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਸ੍ਰੀ ਮਾਨ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਦੇ ਅਮੁਲੀਕ ਬਚਨ, ਹਉ ਤਿਸੁ. ਘੋਲਿ ਘੁਮਾਇਆ; ਪਰ ਨਾਰੀ ਦੇ. ਨੇੜਿ ਨ ਜਾਵੈ। ਗੁਰਪ੍ਰਸਾਦਿ ਨਾਲ ਪੂਰਨ ਤੌਰ 'ਤੇ ਕਮਾਏ। ਸੰਤ ਅਤਰ ਸਿੰਘ ਸਾਹਿਬ ਜੀ, ਸ੍ਰੀ ਤਰਨਤਾਰਨ ਸਾਹਿਬ ਜੀ ਵਿਖੇ ਨਿਰੋਲ ਗੁਰਮਤਿ ਦਾ ਪਰਚਾਰ ਕਰ ਰਹੇ ਸਨ। ਬਾਬਾ ਜੀ ਖੜ੍ਹ ਕੇ ਅੰਮ੍ਰਿਤ ਸੁਰੀਲੀ ਮਿੱਠੀ ਧੁਨ ਵਿੱਚ ਧਾਰਨਾ ਦਾ ਕੀਰਤਨ ਕਰਿਆ ਕਰਦੇ। ਰਾਤ ਨੂੰ ਸ੍ਰੀ ਤਰਨਤਾਰਨ ਸਾਹਿਬ ਦੀ ਪ੍ਰਕਰਮਾ ਵਿੱਚ ਹੀ ਬਿਰਾਜਦੇ। ਆਉ ਸਭਾਗੀ ਨੀਦੜੀਏ; ਮਤੁ ਸਹੁ ਦੇਖਾ ਸੋਇ॥ ਅਨੁਸਾਰ ਇੱਕ ਵਾਰ ਰਾਤ ਨੂੰ ਬਿਰਾਜੇ ਪਰ ਗਿਆਨ ਅਵਸਥਾ ਵਿੱਚ ਪਤੀ ਪ੍ਰੀਤਮ ਅਕਾਲਪੁਰਖੁ ਵਾਹਿਗੁਰੂ ਜੀ ਵਿੱਚ ਲੀਨ, ਸਿਮਰਨ ਕਰਦੇ ਰਹੇ। ਬਿਰਾਜਣ ਤੋਂ ਉਪਰੰਤ ਹਜ਼ੂਰੀ ਸੇਵਕ ਭੀ ਸੌਂ ਗਿਆ। ਇੱਕ ਇਖ਼ਲਾਕ ਤੋਂ ਗਿਰੀ ਇਸਤ੍ਰੀ, ਸੰਤ ਜੀ ਦੇ ਨਾਲ ਆ ਕੇ ਪੈ ਗਈ। ਤੁਰੰਤ ਸੰਤ ਜੀ ਤਿਆਰ ਬਰ ਤਿਆਰ ਹੋ ਕੇ ਉੱਠ ਕੇ ਉਸ ਬੀਬੀ ਨੂੰ ਖਿਮਾ ਕਰਦਿਆਂ, ਗੁਰਮਤਿ ਗੁਰਸਿੱਖੀ ਦਾ ਸ਼ੁਭ ਸੱਚਾ ਉਪਦੇਸ਼ ਦਿੱਤਾ। "ਹੇ ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀ ਪਿਆਰੀ ਬੱਚੀ, ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਭ ਸੱਚਾ ਧਰਮ ਹੈ, ਪਰਾਈ ਇਸਤ੍ਰੀ ਪਰਾਏ ਪੁਰਖ ਦੇ ਨਾਲ ਕੁਸੰਗ ਕਰਨਾ ਬਜਰ ਕੁਰਹਿਤ ਹੈ। ਨਰਕ ਵਿੱਚ ਤੱਤੇ ਤੇਲ਼ ਦੇ ਕੜਾਹੇ 'ਚ (ਤਾਲਾਜੀਅਹਿ) ਤਲੇ ਜਾਂਦੇ ਹਨ। ਯਥਾ:- ਪਰ ਤ੍ਰਿਅ ਰਾਵਣਿ

ਜਾਹਿ; ਸੇਈ ਤਾਲਾਜੀਅਹਿ॥ ਵਿਕਾਰਾਂ ਨੂੰ ਤਿਆਗ ਕੇ ਸਤਿਗੁਰੂ ਸਾਹਿਬ ਜੀ ਦੇ ਮਿੱਠੇ ਚਰਨਕਮਲਾਂ ਨਾਲ ਲੱਗ ਕੇ ਰਿਦੇ ’ਚੋਂ ਮੂੰਹ ’ਚ ਅੰਮ੍ਰਿਤ, ਦਿਲ ਦਿਮਾਗ਼ ’ਚ ਗੁਰਬਾਣੀ, ਜੀਵਨ ਮੁਕਤੀ ਦਾ ਅਨੰਦ ਮਾਣੋ ਜੀ”। ਆਦਿ ਸ਼ੁਭ ਬਚਨ ਕਹਿ ਸੰਤ ਜੀ ਸ੍ਰੀ ਤਰਨਤਾਰਨ ਸਾਹਿਬ ਜੀ ਤੋਂ ਕੱਕੇ ਕੰਡਿਆਲੇ ਆ ਕੇ, ਅਫ਼ੁਰ ਸਮਾਧੀ ਵਿੱਚ ਲੀਣ ਸਿਮਰਨ ਕਰਨ ਲੱਗ ਗਏ।



**੧੦੭. ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਨੇ ਖ਼ਾਲਸੇ ਦਾ ਸੱਚਾ ਸੁੱਚਾ ਉੱਚਾ ਕਿਰਦਾਰ ਪ੍ਰਗਟ ਕਰਨਾ:-** ਜਦੋਂ ਪਹਿਲੀ ਦੁਨੀਆਂ ਦੀ ਜੰਗ ਵਿੱਚ ਸਮੂੰਹ ਸਿੱਖ ਫ਼ੌਜੀਆਂ ਨਾਲ ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਫਰਾਂਸ ਪਹੁੰਚੇ, ਤਾਂ ਸੰਤ ਜੀ ਨੇ ਫ਼ੌਜੀਆਂ ਨੂੰ ਕਿਹਾ “ਹੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬੇਅੰਤ ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਜੇ ਨਿਵਾਜੇ ਸਿੰਘੋ! ਆਪਾਂ ਗੁਰੂ ਸਾਹਿਬ ਜੀ ਦੀ ਵਿਸਮਾਦ ਕ੍ਰਿਪਾ ਦੁਆਰਾ ਖ਼ਾਲਸੇ ਦਾ ਸੱਚਾ ਸੁੱਚਾ ਉੱਚਾ ਕਿਰਦਾਰ, ਇਖ਼ਲਾਕ ਪ੍ਰਗਟ ਕਰਨਾ ਹੈ ਜੀ। ਸਭਨਾਂ ਨੂੰ ਦਿਖਾਉਣਾ ਕਿ ਗੁਰਸਿੱਖ ਖ਼ਾਲਸਾ ਕੈਸੇ ਉੱਚੇ ਸੁੱਚੇ ਜੀਵਨ ਵਾਲੇ ਹੁੰਦੇ ਹਨ। ਖ਼ਾਲਸੇ ਦੀ ਰਹਿਣੀ ਬਹਿਣੀ, ਅਤੇ ਗੁਰੂ ਸਾਹਿਬ ਜੀ ਦੀ ਵਡਿਆਈ ਪ੍ਰਗਟ ਕਰਨੀ ਹੈ ਪਿਆਰੇ ਜੀ।” ਜੰਗ ਲੜ੍ਹਦਿਆਂ ਮੁਖੀ ਕਮਾਂਡਰ ਨੇ ਸਿੱਖਾਂ ਨੂੰ ਕਿਹਾ “ਵੈਸ਼ਨੂੰ ਭੋਜਨ ਖਤਮ ਹੋ ਗਿਆ, ਅਤੇ ਪਤਾ ਨਹੀਂ ਕਦੋਂ ਆਵੇਗਾ। ਆਪ ਸਭਨਾ ਨੂੰ ਹੁਣ ਮੱਛੀ, ਮਾਸ, ਬਿਸਕੁਟ ਆਦਿ ਭੋਜਨ ਛਕਣਾ ਪਵੇਗਾ।” ਤਾਂ ਪੂਰਨ ਸਿਦਕੀ ਸੰਤ ਬਾਬਾ ਮੱਘਰ ਸਿੰਘ ਜੀ ਬੋਲੇ “ਅਸੀਂ ਇਹ ਭੋਜਨ ਨਹੀਂ ਛਕਣਾ।” ਮੁਖੀ ਸਾਹਿਬ ਕਹਿੰਦਾ “ਇਹ ਭੋਜਨ ਛਕੋ ਜਾਂ ਭੁੱਖੇ ਰਹਿ ਕੇ ਲੜੋ।” ਕੁੱਝਕੁ ਦਿਨ ਭੁੱਖੇ ਰਹਿ ਕੇ ਜੰਗ ਕਰਦਿਆਂ ਸਿੰਘਾਂ ਨੇ ਸੰਤ ਮੱਘਰ ਸਿੰਘ ਜੀ ਨੂੰ ਬੇਨਤੀ ਕੀਤੀ “ਅਸੀਂ ਇਵੇਂ ਰਹਿ ਨਹੀਂ ਸਕਦੇ।” ਤਾਂ ਪੂਰਨ ਸਿਦਕੀ ਭਰੋਸੇ ਵਾਲੇ ਸੰਤ ਮੱਘਰ ਸਿੰਘ ਜੀ ਨੇ ਕਿਹਾ “ਹੇ ਗੁਰਸਿੱਖੋ! ਸ੍ਰੀ ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਜੀ ਦੇ ਮਹਾਨ ਸ਼ਹੀਦਾਂ ਨੂੰ ਚੇਤੇ ਕਰੋ, ਸ਼ਹੀਦੀ ਜਪੋ, ਰੋਮ ਰੋਮ ਦੇ ਪਿਆਰ ਨਾਲ ਨਮਸਕਾਰਾਂ ਕਰੋ। ਉਨ੍ਹਾਂ ਗੁਰੂ ਪਿਆਰਿਆਂ ਨੇ ਸਾਢੇ ਸੱਤ ਮਹੀਨੇ ਭੁੱਖ ਉਨੀਂਦਰਾ ਕਸ਼ਟ ਸਹਾਰੇ, ਸਤਿਗੁਰੂ ਸਾਹਿਬ ਜੀ ਦੇ ਅੰਗ ਸੰਗ ਰਹੇ, ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਦੀ ਆਗਿਆ ਮਿੱਠੀ ਕਰਕੇ ਮੰਨੀ, ਦੁਖ ਭੁੱਖ ਭੀ ਵਾਹਿਗੁਰੂ ਜੀ ਦੀ ਦਾਤ ਸਮਝੀ। ਯਥਾ:- ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥ ਸਾਨੂੰ ਤਾਂ ਦੋ ਤਿੰਨ ਦਿਨ ਹੀ ਹੋਏ ਹਨ।” ਪਿਆਰ ਭਰੇ ਸਿਦਕੀ ਬਚਨ ਸੁਣ ਕੇ, ਸਾਰਿਆਂ ਦਾ ਹੌਂਸਲਾ ਬੁਲੰਦ ਹੋ ਗਿਆ।

ਇਉਂ ਭਾਵੇਂ ਭੁੱਖੇ ਰਹਿ ਕੇ ਬਹੁਤ ਕਸ਼ਟ ਸਹਾਰਨੇ ਪਏ, ਪਰ ਸਿੱਖੀ ਦੇ ਅਸੂਲਾਂ ’ਚ ਪ੍ਰਪੱਕ ਰਹੇ। ਭੁੱਖੇ ਰਹਿ ਕੇ, ਵੈਰੀਆਂ ਦੇ ਟੋਟੇ ਟੋਟੇ ਕੀਤੇ, ਸੱਚੇ ਸਤਿਗੁਰੂ ਸਾਹਿਬ ਜੀ ਦੀਆਂ ਬੇਅੰਤ ਖ਼ੁਸ਼ੀਆਂ ਪਾਈਆਂ, ਗੁਰੂ ਖ਼ਾਲਸਾ ਪੰਥ ਜੀ ਦੀ ਮਹਿਮਾ ਦੇਸ਼ਾਂ ਪ੍ਰਦੇਸ਼ਾਂ ’ਚ ਫੈਲਾ ਦਿਤੀ ਜੀ ਰਾਮ।

ਸੰਤ ਬਾਬਾ ਮੱਘਰ ਸਿੰਘ ਜੀ ਅਤੇ ਸੂਰਬੀਰ ਬਹਾਦਰ ਗੁਰੂ ਸਾਹਿਬ ਜੀ ਦੇ ਪਿਆਰੇ ਗੁਰੂ ਸਿੰਘਾਂ ਜੀ ਦਾ ਭਰੋਸਾ ਸਿਦਕ ਦੇਖ ਕੇ, ਸੱਚੇ ਕੰਤ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਹੁਤ ਹੀ ਪ੍ਰਸੰਨ ਹੋਇ।

ਇਨ੍ਹਾਂ ਦੀ ਸ਼ਰਧਾ ਨੂੰ ਫ਼ੱਲ ਲਾਉਣ ਲਈ, ਸਤਿਗੁਰੂ ਸਾਹਿਬ ਜੀ ਆਪ ਗੁਰਸਿੱਖ ਦਾ ਸਰੂਪ ਧਾਰਨ ਕਰਕੇ ਪ੍ਰਗਟ ਹੋਇ। ਯਥਾ:- ਭਗਤ ਜਨਾ ਕੀ ਹਰਿ ਜੀਉ ਰਾਖੈ; ਜੁਗਿ ਜੁਗਿ ਰਖਦਾ ਆਇਆ ਰਾਮ॥ ਜਦੋਂ ਗੁਰਸਿੱਖਾਂ ਦੀ ਪਲਟਨ ਬਾਹਰ ਗਈ, ਤਾਂ ਸੱਚੇ ਪਿਆਰੇ ਪਰਉਪਕਾਰੀ ਸਤਿਗੁਰੂ ਸਾਹਿਬ ਜੀ ਨੇ ਸੰਤ ਬਾਬਾ ਮੱਘਰ ਸਿੰਘ ਜੀ ਨੂੰ ਭੋਜਨ ਦੀ ਪੰਡ ਦਿੱਤੀ। ਗੁਰਸਿੱਖਾਂ ਨੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਅਕਾਲਪੁਰਖੁ ਵਾਹਿਗੁਰੂ ਜੀ ਦਾ ਰੋਮ ਰੋਮ ਕਰਕੇ ਲੱਖ ਲੱਖ ਸ਼ੁਕਰ ਕਰਕੇ, ਸੰਤੋਖ ਨਾਲ ਲੰਗਰ ਵੰਡ ਕੇ ਛਕਿਆ। ਯਥਾ:- ਧਰਮ ਕ੍ਰਿਤ ਕਰੋ ਨਾਮ ਜਪੋ ਵੰਡ ਛਕੋ।) ਦਦਾ. ਦਾਤਾ ਏਕੁ ਹੈ; ਸਭ ਕਉ ਦੇਵਨਹਾਰ॥ ਦੇਂਦੇ. ਤੋਟਿ ਨ ਆਵਈ; ਅਗਨਤ ਭਰੇ ਭੰਡਾਰ॥) ਤੁਧੁ ਜੇਵਡੁ ਦਾਤਾਰੁ. ਮੈ ਕੋਈ ਨਦਰਿ ਨ ਆਵਈ; ਤੁਧੁ. ਸਭਸੈ ਨੋ ਦਾਨੁ ਦਿਤਾ; ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥੩॥) ਜਿਸ ਦਾ ਦਿਤਾ ਖਾਵਣਾ; ਤਿਸੁ ਕਹੀਐ ਸਾਬਾਸਿ॥ ਨਾਨਕ. ਹੁਕਮੁ ਨ ਚਲਈ; ਨਾਲਿ ਖਸਮ ਚਲੈ ਅਰਦਾਸਿ॥੨੨॥

ਜਦੋਂ ਮੁਖੀ ਕਮਾਂਡਰ ਨੇ ਗੁਰਸਿੱਖਾਂ ਨੂੰ ਲੰਗਰ ਛਕਦੇ ਦੇਖਿਆ, ਤਾਂ ਉਸ ਨੂੰ ਗੁੱਸਾ ਆਇਆ। ਉਸ ਨੇ ਸੰਤ ਬਾਬਾ ਮੱਘਰ ਸਿੰਘ ਜੀ ਨੂੰ ਜਾ ਕੇ ਪੁੱਛਿਆ "ਮੇਰੀ ਆਗਿਆ ਤੋਂ ਬਿਨਾ, ਇਹ ਰਾਸ਼ਨ ਕਿੱਥੋਂ ਆਏ?" ਤਾਂ ਸੰਤ ਜੀ ਨੇ ਜਵਾਬ ਦਿਤਾ "ਜੋ ਪਰਮਪੂਜਨੀਕ ਅਗਮ ਅਗਾਧ ਸਦਾ ਦਇਆਲ ਅਕਾਲਪੁਰਖੁ ਵਾਹਿਗੁਰੂ ਜੀ ਕੀੜੀ ਤੋਂ ਲੈ ਕੇ ਹਾਥੀ ਤੱਕ, ਸਾਰੇ ਜੀਅ ਜੰਤਾਂ ਦੀ ਪ੍ਰਤਿਪਾਲਣਾ ਕਰਦੇ ਹਨ, ਉਨ੍ਹਾਂ ਨੇ ਅਪਣੀ ਮਹਾਂ ਵਿਸਮਾਦ ਸੱਚੀ ਕ੍ਰਿਪਾ ਕਰਕੇ ਅਪਣੇ ਨਿਮਾਣੇ ਨਿਤਾਣੇ ਗੁਰਸਿੱਖਾਂ ਲਈ ਇਹ ਭੋਜਨ ਭੇਜਿਆ ਹੈ ਜੀ। ਯਥਾ:- ਸਤਿਗੁਰ ਪ੍ਰੀਤਿ; ਗੁਰਸਿਖ ਮੁਖਿ ਪਾਇ॥੧॥" ਅੱਗੋਂ ਕਮਾਂਡਰ ਨੂੰ ਹੋਰ ਭੀ ਗੁੱਸਾ ਚੜ੍ਹ ਗਿਆ, ਕਿ ਮੇਰੀ ਕਮਾਂਡ ਦੀ ਉਲੰਘਣਾ ਕਰਦੇ ਹਨ। ਤਾਂ ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਨੇ ਆਖਿਆ ਕਿ "ਹੇ ਕਮਾਂਡਰ ਸਾਹਿਬ! ਸਤਿਗੁਰੂ ਸਾਹਿਬ ਜੀ ਅਪਣੇ ਭਗਤਾਂ ਗੁਰਸੇਵਕਾਂ ਦੀ ਹਰ ਵੇਲੇ ਰੱਖਿਆ ਕਰਦੇ ਹਨ। ਇਸ ਕਰਕੇ, ਗੁਰਸਿੱਖਾਂ ਨੂੰ ਖਾਣ ਪੀਣ ਦੀ ਕੋਈ ਚਿੰਤਾ ਨਹੀਂ ਹੁੰਦੀ। ਯਥਾ:- ਨਾ ਕਰਿ ਚਿੰਤ; ਚਿੰਤਾ ਹੈ ਕਰਤੇ॥ ਹਰਿ ਦੇਵੈ; ਜਲਿ ਥਲਿ ਜੰਤਾ ਸਭਤੈ॥ ਅਚਿੰਤ ਦਾਨੁ ਦੇਇ ਪ੍ਰਭੁ ਮੇਰਾ; ਵਿਚਿ ਪਾਥਰ ਕੀਟ ਪਖਾਣੀ ਹੇ॥੬॥) ਕਾਹੇ ਰੇ ਮਨ, ਚਿਤਵਹਿ ਉਦਮੁ; ਜਾ ਆਹਰਿ. ਹਰਿ ਜੀਉ ਪਰਿਆ॥ ਸੈਲ ਪਥਰ ਮਹਿ. ਜੰਤ ਉਪਾਏ; ਤਾ ਕਾ ਰਿਜਕੁ, ਆਗੈ ਕਰਿ ਧਰਿਆ॥੧॥"

ਅਤਿਅੰਤ ਭਰੋਸੇ ਨਾਲ, ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਪੂਰਨ ਬ੍ਰਹਮਗਿਆਨੀ ਜੀ ਨੇ ਆਖਿਆ "ਤੂੰ ਇੱਕ ਪੰਡ ਦਾ ਗੁੱਸਾ ਕਰਦਾ ਹੈਂ, ਪਰ ਸੱਚੇ ਸਤਿਗੁਰੂ ਸਾਹਿਬ ਜੀ ਦੀ ਮਹਾਂ ਵਿਸਮਾਦ ਸੱਚੀ ਕ੍ਰਿਪਾ ਦੁਆਰਾ, ਸ਼ਾਮ ਤੱਕ ਵੈਸ਼ਨੂੰ ਭੋਜਨ ਦਾ ਪੂਰਾ ਜਹਾਜ਼ ਭਰ ਕੇ ਆਵੇਗਾ।" ਕਮਾਂਡਰ ਨੇ ਆਖਿਆ "ਇਹ ਹੋ ਨਹੀਂ ਸਕਦਾ। ਮੈਨੂੰ ਵੱਡੇ ਕਮਾਂਡਰ ਨੇ ਦੱਸਿਆ ਕਿ ਕੋਈ ਭੀ ਰਾਸ਼ਨ ਸਾਡੇ ਕੋਲ਼ ਨਹੀਂ ਆਉਣੇ।" ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਬਾਬਾ ਮੱਘਰ ਸਿੰਘ ਜੀ ਸਿੰਘਾਂ ਪਾਸ ਜਾ ਕੇ ਵਾਹਿਗੁਰੂ ਸਿਮਰਨ, ਕੀਰਤਨ 'ਚ ਲੀਨ ਹੋਇ। ਸ਼ਾਮ ਹੋਣ ਤੋਂ, ਜਿਵੇਂ ਸੰਤ ਬਾਬਾ ਮੱਘਰ ਸਿੰਘ ਸਾਹਿਬ ਜੀ ਨੇ ਆਖਿਆਂ ਸੀ, ਤਿਵੇਂ ਹੀ ਰਾਸ਼ਨਾਂ ਦਾ ਭਰਿਆ ਜਹਾਜ਼ ਆਇਆ। ਯਥਾ:- ਮਾਨੀ; ਤੂੰ ਰਾਮ ਕੈ ਦਰਿ ਮਾਨੀ॥) ਗਿਰਿ ਬਸੁਧਾ ਜਲ ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ॥੧॥ ਸਾਰੇ ਹੀ ਦੇਖ ਕੇ ਹੈਰਾਨ ਹੋਇ, ਕਿ ਪਾਤਿਸਾਹਾਂ ਦੇ ਪਾਤਿਸਾਹ ਕਲਗੀਧਰ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਸੱਚਿਆਰੇ ਗੁਰਸਿੱਖਾਂ ਦਾ ਕਿਤਨਾ ਦ੍ਰਿੜ ਭਰੋਸਾ ਹੈ, ਅਤੇ ਅੰਤਰਜਾਮੀ ਸਮਰੱਥ ਸੁਆਮੀ ਸਤਿਗੁਰੂ ਸਾਹਿਬ ਜੀ ਕਿਵੇਂ ਅਪਣੇ ਪਿਆਰੇ ਗੁਰਸਿੱਖਾਂ ਦੀ ਲਾਜ ਰੱਖਦੇ ਹਨ।

ਇੱਕ ਵਾਰ ਸਿੱਖ ਫ਼ੌਜੀ ਸ਼ਹਿਰ ਅੰਦਰ ਹੱਲਾ ਮਾਰਣ ਗਏ। ਉਥੇ ਜਾ ਕੇ ਦੇਖਿਆ ਕਿ ਘਰ ਸਾਰੇ ਖਾਲੀ ਸਨ, ਨਾ ਕੋਈ ਪਰਜਾ ਨਾ ਕੋਈ ਵੈਰੀ। ਤਾਂ ਕੁੱਝਕੁ ਸਿੱਖ ਫ਼ੌਜੀਆਂ ਨੇ ਇੱਕ ਘਰ ਤੋਂ ਸੇਬਾਂ ਦੀ ਪੰਡ ਚੱਕ ਲਿਆਂਦੀ। ਬਾਬਾ ਮੱਘਰ ਸਿੰਘ

ਜੀ ਨੇ ਪੰਡ ਦੇਖੀ ਤੇ ਪੁੱਛਿਆ "ਇਹ ਸੇਬਾਂ ਦੀ ਪੰਡ ਕਿੱਥੋਂ ਆਈ ਹੈ?" ਫ਼ੌਜੀਆਂ ਨੇ ਦੱਸਿਆ "ਜੀ ਅਸੀਂ ਸ਼ਹਿਰ ਹੱਲਾ ਮਾਰਣ ਗਏ ਸਨ। ਘਰ ਖਾਲੀ ਸਨ ਤਾਂ ਅਸੀਂ ਸੇਬਾਂ ਦੀ ਪੰਡ ਚੁੱਕ ਲਿਆਂਦੀ।" ਸੰਤ ਜੀ ਗੰਭੀਰ ਹੋ ਕੇ ਬੋਲੇ "ਭਾਈ! ਅਸਾਂ ਕਿਸੇ ਦੀ ਹੱਕ ਦੀ ਕਮਾਈ ਨਹੀਂ ਖਾਣੀ। ਯਥਾ:- ਹਕੁ ਪਰਾਇਆ. ਨਾਨਕਾ; ਉਸੁ ਸੂਅਰ. ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ; ਜਾ. ਮੁਰਦਾਰੁ ਨ ਖਾਇ॥ ਜਿਥੋਂ ਲੈ ਕੇ ਆਏ ਹੋਂ, ਉਥੇ ਹੀ ਵਾਪਸ ਰੱਖ ਆਉ।"

**੧੦੮. ਸਾਖੀ ਗੁਰਮੁਖਿ ਪੀਂਘਾ ਜੀ ਦਾ ਉਧਾਰ:-** ਅੰਮ੍ਰਿਤ ਵੇਲੇ ਦੇ ਦੀਵਾਨ ਸਜੇ ਸਨ ਜਿਸ ਸਮੇਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਅੰਗਦਦੇਵ ਸਾਹਿਬ ਜੀ ਦੇ ਪਾਵਨ ਪਵਿੱਤ੍ਰ ਕੰਨਾਂ 'ਚ ਅਵਾਜ਼ ਪਈ "ਮੈਂ ਗੁਰੂ ਨਾਨਕਦੇਵ ਸਾਹਿਬ ਜੀ ਦੇ ਨਾਮ ਦਾ ਵਾਸਤਾ ਪਾਉਂਦੀ ਹਾਂ।" ਉਸੇ ਸਮੇਂ ਸਤਿਗੁਰੂ ਸਾਹਿਬ ਜੀ ਦੇ ਲੂੰ ਕੰਡੇ ਖੜ੍ਹੇ ਹੋ ਗਏ ਅਤੇ ਉੱਠ ਕੇ ਦੇਖਣ ਲੱਗੇ ਕਿ ਕਿਸ ਪਾਸੋਂ ਰੋਣ ਦੀ ਅਵਾਜ਼ ਆਈ? ਭਾਲਦਿਆਂ ਭਾਲਦਿਆਂ, ਦੂਰ ਦੇਖਣ 'ਚ ਆਇਆ ਕਿ ਪੀਂਘਾ ਨਾਮ ਦੇ ਦੁਸ਼ਟ ਦੇ ਹੱਥ 'ਚ ਛੁਰੀ ਫੜੀ ਅਤੇ ਉਸ ਦੇ ਪੈਰ ਹੇਠਾਂ ਇੱਕ ਸਾਊ ਗੁਰਮੁਖਿ ਬੀਬੀ ਸੀ। ਬੀਬੀ ਜੀ ਨੂੰ ਮਾਰਨ ਲਈ ਤਿਆਰ ਹੋਇਆ, ਤੇ ਬੀਬੀ ਜੀ ਕਹਿੰਦੇ "ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਵਾਸਤਾ, ਮੈਨੂੰ ਛੱਡ ਦੇ।"

ਸਤਿਗੁਰੂ ਅੰਗਦਦੇਵ ਸਾਹਿਬ ਜੀ ਭੱਜ ਕੇ ਆਏ ਤੇ ਗੱਜ ਕੇ ਬੋਲੇ "ਖ਼ੂਨ ਕਰਨ ਲਈ ਛੁਰੀ ਫੜੀ ਹੈ। ਤੂੰ ਇਸ ਨਿਰਦੋਸ਼ ਗੁਰਮੁਖਿ ਬੀਬੀ ਨੂੰ ਮਾਰ ਨਹੀਂ ਸਕੇਂਗਾ।" ਇਹ ਬਚਨ ਸੁਣ ਕੇ ਉਹ ਕਾਂਬਾ ਖਾ ਕੇ ਬੇਹੋਸ਼ ਹੋ ਗਿਆ। ਬੀਬੀ ਜੀ ਨੇ ਸਤਿਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਅਤੇ ਚਰਨਕਮਲਾਂ 'ਤੇ ਅਪਣਾ ਸੀਸ ਰੱਖ ਕੇ ਕਹਿੰਦੀ "ਹੇ ਬੰਦੀ ਛੋੜ ਦਇਆਲ ਦਾਤੇ ਸਤਿਗੁਰੂ ਸਾਹਿਬ ਜੀ! ਆਪ ਜੀ ਦੇ ਸੱਚੇ ਸੁੰਦਰ ਦਰਸਨ ਕਰਨ ਲਈ, ਦਾਸਨਦਾਸੀ ਪਿੰਡ ਤੋਂ ਤੁਰੀ ਸੀ, ਪਰ ਜਦ ਇਹ ਮੇਰੇ ਗਹਿਣੇ ਲਹਾ ਕੇ, ਮੈਨੂੰ ਮਾਰਨ ਲੱਗਿਆ, ਤਾਂ ਮੈਂ ਸਤਿਗੁਰੂ ਸਾਹਿਬ ਜੀ ਦਾ ਵਾਸਤਾ ਪਾਇਆ, ਆਪ ਜੀ ਨੇ ਦਾਸਨਦਾਸੀ ਦੀ ਰੱਖਿਆ ਕੀਤੀ, ਆਪ ਜੀ ਦਾ ਰੋਮ ਰੋਮ ਕਰਕੇ ਜੁੱਗੋ ਜੁੱਗ ਕੋਟਾਨ ਕੋਟ ਧੰਨਵਾਦ ਜੀ, ਰੋਮ ਰੋਮ ਕਰਕੇ ਬਲਿਹਾਰ ਜਾਂਦੀ ਹਾਂ ਜੀ।"

ਸਤਿਗੁਰੂ ਸਾਹਿਬ ਜੀ ਕਹਿੰਦੇ "ਧੰਨ ਧੰਨ ਗੁਰੂ ਨਾਨਕਦੇਵ ਸਾਹਿਬ ਜੀ ਦੀ ਸਿੱਖੀ, ਧੰਨ ਧੰਨ ਧੰਨ ਗੁਰਦੇਵ ਸਤਿਗੁਰੂ ਨਾਨਕਦੇਵ ਸਾਹਿਬ ਜੀ! ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ ਆਪ ਜੀ ਦੀ ਪੈਜ ਆਪ ਰੱਖ ਲਈ, ਨਿਹਾਲ ਨਿਹਾਲ ਨਿਹਾਲ" ਬੀਬੀ ਜੀ ਨੂੰ ਭਵਸਾਗਰ ਤੋਂ ਤਾਰ ਦਿਤਾ।

ਗੁਰਮੁਖਿ ਬੀਬੀ ਜੀ ਨੇ ਰੋ ਰੋ ਕੇ ਸਤਿਗੁਰੂ ਸਾਹਿਬ ਜੀ ਦੇ ਚਰਨਕਮਲ ਧੋ ਦਿਤੇ ਅਤੇ ਪ੍ਰੇਮ ਬੇਨਤੀ ਕੀਤੀ "ਹੇ ਕਰੁਣਾਲਯ ਹੈਂ॥ ਗ੍ਰੀਬ ਨਿਵਾਜ ਸਤਿਗੁਰੂ ਸਾਹਿਬ ਜੀ! ਭਾਵੇਂ ਇਹ ਅਤਿਆਚਾਰ ਕਰਨ ਲੱਗਾ ਸੀ ਪਰ ਆਪ ਜੀ ਗ੍ਰੀਬ ਨਿਵਾਜ ਪਤਿਤ ਪਾਵਨ ਹੋਂ ਜੀ, ਅਪਣਾ ਧਰਮ ਸੰਭਾਲੋ ਤੇ ਇਸ 'ਤੇ ਮਿਹਰ ਦੀ ਨਿਗ੍ਹਾ ਪਾ ਕੇ ਅਪਣਾ ਸੱਚਾ ਗੁਰਸਿੱਖ ਬਣਾ ਲਵੋ ਜੀ" ਧੰਨ ਸਿੱਖੀ ਕਹਿ ਕੇ ਸਤਿਗੁਰੂ ਸਾਹਿਬ ਜੀ ਨੇ ਭਾਈ ਪੀਂਘਾ ਦਾ ਪੈਰ ਹਲਾ ਕੇ ਉਠਾਲ ਦਿਤਾ, ਸੱਚੀ ਸਾਧਸੰਗਤ ਜੀ ਦੇ ਦੀਵਾਨ 'ਚ ਲਿਆ ਕੇ ਉਸ 'ਤੇ ਮਿਹਰ ਦੀ ਐਸੀ ਨਿਗ੍ਹਾ ਪਾਈ ਕਿ ਦੁਰਮਤਿ ਨਾਸ ਕਰਕੇ ਉੱਜਲ ਗੁਰਮਤਿ ਬੁੱਧੀ ਬਖ਼ਸ਼ ਦਿਤੀ।



**੧੦੯. ਸ਼ਹੀਦ ਗੁਰਮੁਖਿ ਸਿੰਘ ਸਾਹਿਬ ਜੀ,** ਪਰਮਪੂਜਨੀਕ ਮਹਾਨ ਗੁਰਸਿੱਖ ਪੰਥ ਰਤਨ, ਅੰਮ੍ਰਿਤ ਰਸ ਨੂੰ ਮਾਨਣ ਵਾਲੇ, ਤਿਆਗੀ ਵੈਰਾਗੀ ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥) ਨਾਨਕ ਬ੍ਰਹਮਗਿਆਨੀ; ਆਪਿ ਪਰਮੇਸੁਰ॥ ਅਨੁਸਾਰ ਪੂਰਨ ਗ੍ਰੀਬੀ ਪਰਉਪਕਾਰ ਦੇ ਉਮਾਹ ਵਾਲੇ ਸਨ। ਪੂਰਨ ਬ੍ਰਹਮਗਿਆਨੀ ਸ਼ਹੀਦ ਗੁਰਮੁਖਿ ਸਿੰਘ ਖ਼ਾਲਸਾ ਸਾਹਿਬ ਜੀ ਨੇ ਉੜੀਸਾ ’ਚ ਜਨਮ ਲਿਆ। ਛੇ ਭਰਾ ਸਨ ਤੇ ਪਰਵਾਰ ਬਹੁਤ ਗ੍ਰੀਬ ਸੀ। ਪਰਮਪੂਜਨੀਕ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਕ੍ਰਿਪਾ ਕਰਕੇ ਆਪੇ ਲਾਇਓ; ਅਪਨਾ ਪਿਆਰੁ॥ ਅਨੁਸਾਰ ਪਰਉਪਕਾਰੀ ਗੁਰਮੁਖਿ ਸਿੰਘ ਸ਼ਹੀਦ ਜੀ ਦੇ ਰਿਦੇ ਰੋਮ ਰੋਮ ’ਚ ਅਪਣਾ ਪਿਆਰ ਲਾ ਦਿਤਾ।

ਹਿੰਦੂ ਪ੍ਰਵਾਰ ’ਚੋਂ ਹੋਣ ਦੇ ਬਾਵਜੂਦ, ਸ਼ਹੀਦ ਗੁਰਮੁਖਿ ਸਿੰਘ ਜੀ ਨੇ ਕੇਸਾਂ ਅਤੇ ਇਖ਼ਲਾਕ ਦੀ ਸੰਭਾਲ ਕੀਤੀ। ਇਸ ਨੂੰ ਦੇਖ ਕੇ ਉਨ੍ਹਾਂ ਦੇ ਭਰਾਵਾਂ ਨੇ ਘੋਰ ਪਾਪ ਕਰਣ ਲਈ ਸੋਚਿਆ, ਕਿ ਜਦੋਂ ਰਾਤ ਨੂੰ ਭਾਈ ਗੁਰਮੁਖਿ ਸਿੰਘ ਜੀ ਬਿਰਾਜਣਗੇ, ਤਦੋਂ ਅਸੀਂ ਇਸ ਦੇ ਕੇਸ ਕਤਲ ਕਰਾਂਗੇ। ਉਨ੍ਹਾਂ ਦੀ ਗੁਰਮੁਖਿ ਭਰਜਾਈ ਜੀ ਨੂੰ ਇਸ ਪਾਪ ਦਾ ਪਤਾ ਲੱਗਣ ਤੋਂ ਅਪਣੇ ਸੋਨੇ ਦੇ ਗਹਿਣੇ ਭਾਈ ਗੁਰਮੁਖਿ ਸਿੰਘ ਸ਼ਹੀਦ ਜੀ ਨੂੰ ਦਿਤੇ। ਭਾਈ ਗੁਰਮੁਖਿ ਸਿੰਘ ਸ਼ਹੀਦ ਜੀ ਪਿੰਡ ਛੱਡ ਕੇ ਕਲਕੱਤੇ ਚਲੇ ਗਏ, ਜਿਥੇ ਸ੍ਰੀ ਦਮਦਮੀ ਟਕਸਾਲ ਜੀ ਦੇ ਬਾਰਵੇਂ ਮੁਖੀ, ਪੂਰਨ ਬ੍ਰਹਮਗਿਆਨੀ ਪੂਰਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ ਦੇ ਦਰਸਨ, ਗੁਰਦੁਆਰਾ ਜਗਤ ਸੁਧਾਰ ਕਾਲੀ ਘਾਟ ਵਿਖੇ ਹੋਏ।

ਭਾਈ ਗੁਰਮੁਖਿ ਸਿੰਘ ਜੀ ਸ਼ਹੀਦ ਹਰ ਵੇਲੇ ਨਿਮ੍ਰਤਾ ਗ੍ਰੀਬੀ ’ਚ ਮਸਤ ਰਹਿੰਦੇ, ਗੁਰਸਿੱਖਾਂ ਨਾਲ ਬਹੁਤਾ ਪਿਆਰ ਕਰਦੇ, ਸਾਰਿਆਂ ਦੀ ਚਰਨ ਧੂੜ ਬਣ ਕੇ ਰਹਿੰਦੇ ਸਨ। ਇੱਕ ਵਾਰ ਦਾਸਨਦਾਸ ਇਸ਼ਨਾਨ ਕਰਕੇ ਕਛੈਹਿਰਾ ਬਦਲੀ ਕਰਦਾ ਸੀ, ਤਾਂ ਭਾਈ ਗੁਰਮੁਖਿ ਸਿੰਘ ਸ਼ਹੀਦ ਜੀ ਦਾਸਨਦਾਸ ਦੇ ਪੈਰਾਂ ਨੂੰ ਜ਼ਬਾਨ ਲਾ ਕੇ ਭੱਜ ਗਏ। ਗੁਰਪ੍ਰਸਾਦਿ ਸੰਤ ਮਹਾਂਪੁਰਸ਼ ਜੱਥੇ ਸਮੇਤ ਸਰਦਾਰ ਜਵਾਹਰ ਸਿੰਘ ਜੀ ਦੇ ਚੱਕ ਪੰਜ ਜ਼ੈਡ ’ਚ ਕਥਾ ਕੀਰਤਨ ਧਰਮ ਪ੍ਰਚਾਰ ਅੰਮ੍ਰਿਤ ਸੰਚਾਰ ਕਰ ਕਰਵਾ ਰਹੇ ਸਨ। ਗੁਰਮੁਖਿ ਸਿੰਘ ਸ਼ਹੀਦ ਜੀ ਨੂੰ ਭਾਵੇਂ ਤਾਪ ਚੜ੍ਹਿਆ ਸੀ, ਹੱਥ ’ਚ ਪੀਪਾ ਲੈ ਕੇ, ਬਾਹਰੋਂ ਨਲਕੇ ਤੋਂ ਪਾਣੀ ਲਿਆਉਂਣ ਲਈ ਖੜ੍ਹੇ ਸਨ। ਦਾਸਨਦਾਸ ਸੰਤਾਂ ਮਹਾਂਪੁਰਸ਼ਾਂ ਪਾਸ ਖੜ੍ਹਾ ਦਰਸਨ ਕਰ ਰਿਹਾ ਸੀ, ਉਸ ਸਮੇਂ ਸੰਤਾਂ ਮਹਾਂਪੁਰਸ਼ਾਂ ਜੀ ਨੇ ਡਾਕਟਰ ਅਰਜਨ ਸਿੰਘ ਜੀ ਨੂੰ ਕਿਹਾ “ਡਾਕਟਰ ਜੀ! ਉਹ ਸਿੰਘ ਗੁਰਮੁਖਿ ਹੈ। ਇਸ ਨੂੰ ਦਵਾਈ ਦੇ ਕੇ ਤੰਦਰੁਸਤ ਕਰੋ ਜੀ।” ਐਸੇ ਗੁਰਮੁਖਿ ਪਿਆਰਿਆਂ ਤੋਂ ਬਲਿਹਾਰ ਕੁਰਬਾਨ ਜਾਈਏ ਜੀ ਰਾਮ ਜੀ! ਜੋ ਸ੍ਰੀਰ ਨੂੰ ਬੁਖ਼ਾਰ ਹੋਣ ਤੋਂ ਭੀ ਪਾਣੀ ਢੋਅ ਰਹੇ ਸਨ। ਸਤਸੰਗਤ ’ਚ ਗੁਰਮੁਖਿ ਸਿੰਘ ਸ਼ਹੀਦ ਜੀ ਨੇ, ਸਤਸੰਗਤ ਜੀ ਨੂੰ ਪ੍ਰਛਾਦਾ ਵਰਤਾਉਣਾ। ਤਾਂ ਇੱਕ ਵਾਰੀ ਸਤਸੰਗਤ ਜੀ ਦੇ ਪ੍ਰਸ਼ਾਦਾ ਛਕਣ ਮਗਰੋਂ, ਦਾਸਨਦਾਸ ਪ੍ਰਸ਼ਾਦਾ ਛਕਣ ਗਿਆ। ਗੁਰਮੁਖਿ ਸਿੰਘ ਸ਼ਹੀਦ ਜੀ ਵਰਤਾਵੇ ਸਨ, ਦਾਸਨਦਾਸ ਨੇ ਕਿਹਾ “ਦਾਸਨਦਾਸ ਨੂੰ ਕੜਾਹ ਪ੍ਰਸ਼ਾਦ ਨਾ ਦੇਵੋ ਜੀ।” ਗੁਰਮੁਖਿ ਸਿੰਘ ਸ਼ਹੀਦ ਜੀ ਨੇ ਕੜਾਹ ਪ੍ਰਸ਼ਾਦ ਦਾ ਵੱਡਾ ਗੋਲਾ ਵੱਟ ਕੇ ਦਾਸਨਦਾਸ ਦੇ ਥਾਲ ’ਚ ਰੱਖ ਦਿਤਾ। ਆਪ ਪ੍ਰਸ਼ਾਦ ਨਹੀਂ ਲਿਆ, ਦੋ ਗੱਫਿਆਂ ’ਤੇ ਸਬਜ਼ੀ ਪਾ ਕੇ ਛਕਣ ਲੱਗ ਗਏ। ਨਮਸਕਾਰ!

ਗੁਰਪ੍ਰਸਾਦਿ, ਇੱਕ ਵਾਰ ਪਿੰਡ ਬਾਹਮਣ ਮਾਜਰੇ ਤੋਂ ਜੱਥੇ ਦੇ ਸਿੰਘ ਸ੍ਰੀ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਜੀ ਵਿਖੇ ਦਰਸ਼ਨ ਕਰਨ ਆਏ। ਦਰਸ਼ਨ ਕਰਨ ਮਗਰੋਂ, ਦਾਸਨਦਾਸ ਨੇ ਗੁਰਮੁਖਿ ਸਿੰਘ ਸ਼ਹੀਦ ਜੀ ਨੂੰ ਪ੍ਰੇਮ ਬੇਨਤੀ ਕੀਤੀ “ਹੇ

ਪਿਆਰੇ ਗੁਰਮੁਖਿ ਸਿੰਘ ਜੀ! ਦਾਸਨਦਾਸ ਪਾਸ ਕਿਰਾਇਆ ਹੈ, ਆਪਾਂ ਬੱਸ 'ਤੇ ਚੜ੍ਹ ਕੇ ਛੇਤੀ ਚੱਲੀਏ, ਸੰਤਾਂ ਮਹਾਂਪੁਰਸ਼ਾਂ ਤੋਂ ਅੰਮ੍ਰਿਤ ਕਥਾ ਸੁਣੀਏ ਜੀ।" ਅਗੋਂ ਉੱਤ੍ਰ ਦਿਤਾ "ਦਾਸਨਦਾਸ ਨੂੰ ਕਿਰਾਏ ਦੀ ਲੋੜ ਨਹੀਂ ਜੀ। ਸਾਰੀ ਸੰਗਤ ਤੁਰ ਕੇ ਜਾਵੇਗੀ, ਦਾਸਨਦਾਸ ਕਿਉਂ ਬੱਸ 'ਤੇ ਜਾਵੇ? ਦਾਸਨਦਾਸ ਭੀ ਤੁਰ ਕੇ ਹੀ ਜਾਵੇਗਾ।" ਸਾਰੀ ਸਤਸੰਗਤ ਜੀ ਨਾਲ ਤੁਰ ਕੇ ਪਿੰਡ ਬਾਹਮਣ ਮਾਜਰੇ ਵਾਪਸ ਆਏ ਜੀ।

ਇੱਕ ਵਾਰੀ ਦਾਸਨਦਾਸ ਸ੍ਰੀ ਗੰਗਾ ਨੱਗਰ ਵਿਖੇ ਸ੍ਰੀ ਪੋਥੀ ਸਾਹਿਬ ਜੀ ਤੋਂ ਪਾਠ ਕਰ ਰਿਹਾ ਸੀ। ਗੁਰਮੁਖਿ ਸਿੰਘ ਜੀ ਸ਼ਹੀਦ ਦਾਸਨਦਾਸ ਦੇ ਪਾਸ ਆਏ ਤੇ ਕਿਹਾ "ਸੰਤਾਂ ਮਹਾਂਪੁਰਸ਼ਾਂ ਪਾਸ ਤੇਰੀ ਕੋਈ ਨਿੰਦਾ ਕਰ ਰਿਹਾ ਹੈ। ਤੂੰ ਸਵੇਰੇ ਸੰਤਾਂ ਮਹਾਂਪੁਰਸ਼ਾਂ ਦੀ ਕਥਾ ਰੀਕਾਰਡ ਕਰਨ ਲਈ ਟੇਪ ਰੀਕਾਰਡਰ ਨਾ ਲਾਈਂ, ਸੰਤ ਮਹਾਂਪੁਰਸ਼ ਤੈਨੂੰ ਗਾਲ਼ਾਂ ਕੱਢਣਗੇ।" ਦਾਸਨਦਾਸ ਨੇ ਕਿਹਾ "ਮੈਂ ਤਾਂ ਸੱਚ ਨੂੰ ਮੰਨਦਾ ਹਾਂ। ਮੈਨੂੰ ਕਿਸੇ ਬੰਦੇ ਦੀ ਪ੍ਰਵਾਹ ਨਹੀਂ।" ਦਾਸਨਦਾਸ ਨੂੰ ਕਿਹਾ "ਤੇਰੇ 'ਚ ਕੋਈ ਨੁਕਸ ਨਹੀਂ, ਤੈਨੂੰ ਪਤਾ ਭੀ ਨਹੀਂ ਤੇਰੀ ਨਿੰਦਾ ਹੋ ਰਹੀ ਹੈ।" ਦਾਸਨਦਾਸ ਨੇ ਕਿਹਾ "ਹੇ ਪਿਆਰੇ ਜੀ! ਅੱਗੇ ਕਿਹੜਾ ਮਹਾਂਪੁਰਸ਼ਾਂ ਨੇ ਗਾਲ਼ਾਂ ਨਹੀਂ ਕੱਢੀਆਂ। ਦਾਸਨਦਾਸ ਟੇਪ ਰੀਕਾਰਡ ਲਾਵੇਗਾ।" ਅਗਲੇ ਦਿਨ ਕਥਾ ਰੀਕਾਰਡ ਕਰਨ ਲਈ ਟੇਪ ਰੀਕਾਰਡਰ ਲਾਇਆ, ਤਾਂ ਮਹਾਂਪੁਰਸ਼ਾਂ ਨੇ ਕੁੱਝ ਨਹੀਂ ਕਿਹਾ, ਬੇਪ੍ਰਵਾਹ ਸਨ। ਯਥਾ:- ਬੇਪਰਵਾਹ ਸਦਾ ਰੰਗਿ ਹਰਿ ਕੈ; ਜਾ ਕੋ ਪਾਖੁ ਸੁਆਮੀ॥ਰਹਾਉ॥

ਸ੍ਰੀ ਖਡੂਰ ਸਾਹਿਬ ਜੀ ਵਿਖੇ ਇੱਕ ਚੌਦਾਂ ਵਰ੍ਹਿਆਂ ਦਾ ਬੱਚਾ ਬਜ਼ੁਰਗ ਲਾਂਗਰੀ ਉਜਾਗਰ ਸਿੰਘ ਜੀ ਨੂੰ ਤੰਗ ਕਰਦਾ ਸੀ। ਭਾਈ ਗੁਰਮੁਖਿ ਸਿੰਘ ਜੀ ਸ਼ਹੀਦ ਨੇ ਉਸ ਬੱਚੇ ਨੂੰ ਘੂਰਿਆ। ਗੁਰਮੁਖਿ ਰਾਗੀ ਬਚਿੱਤ੍ਰ ਸਿੰਘ ਜੀ ਗ਼ਲਤ ਬੱਚੇ ਦੀ ਹਮਾਇਤ ਕਰਨ ਲੱਗਿਆ ਤਾਂ ਗੁਰਮੁਖਿ ਸਿੰਘ ਜੀ ਸ਼ਹੀਦ ਨੇ ਰਾਗੀ ਜੀ ਨੂੰ ਬਾਹੋਂ ਫੜ ਕੇ ਚਲਾ ਕੇ ਕੰਧ ਨਾਲ ਮਾਰਿਆ। ਫਿਰ ਰਾਗੀ ਜੀ ਦੇ ਆਸਣ 'ਤੇ ਮੁਆਫ਼ੀ ਮੰਗਣ ਗਏ ਅਤੇ ਕਹਿੰਦੇ "ਰਾਗੀ ਜੀ ਮੈਨੂੰ ਮੁਆਫ਼ੀ ਬਖ਼ਸ਼ੋ।" ਰਾਗੀ ਜੀ ਨੇ ਗੁੱਸੇ ਨਾਲ ਕਿਹਾ "ਇੱਥੋਂ ਚੱਲਿਆ ਜਾ।" ਇਉਂ ਜੇ ਕਿਸੇ ਨੂੰ ਘੂਰਦੇ ਤਾਂ ਉਸ ਦੇ ਆਸਣ 'ਤੇ ਜਾ ਕੇ ਮੁਆਫ਼ੀ ਮੰਗਦੇ।

ਆਪ ਜੀ ਨੂੰ ਸੰਤਾਂ ਮਹਾਂਪੁਰਸ਼ਾਂ ਜੀ ਨੇ ਗਰਮ ਭੂਰੀ ਦਿਤੀ, ਆਪ ਜੀ ਨੇ ਸੰਤਾਂ ਮਹਾਂਪੁਰਸ਼ਾਂ ਜੀ ਦੀ ਗੁਰਮੁਖਿ ਘਰਵਾਲੀ, ਸਾਡੀ ਮਾਈ ਨੂੰ ਦੇ ਦਿਤੀ। ਜੱਥੇ ਨੂੰ ਜਦ ਨਵੇਂ ਬਸਤਰ ਮਿਲਦੇ ਸਨ, ਗੁਰਮੁਖਿ ਸਿੰਘ ਸ਼ਹੀਦ ਜੀ ਅਪਣੇ ਨਵੇਂ ਬਸਤਰ ਸੰਭਾਲ ਕੇ ਰੱਖ ਲੈਂਦੇ। ਨਾਮ ਅਭਿਆਸੀ ਗੁਰਮੁਖਾਂ ਨੂੰ ਅਪਣੇ ਨਵੇਂ ਬਸਤਰ ਦੇ ਦਿੰਦੇ, ਆਪ ਖੱਦਰ ਦੀ ਝੱਗੀ ਪਹਿਨਦੇ ਜੀ। ਆਪ ਜੀ ਲਾਲਚ ਦੇ ਤਿਆਗੀ, ਪੂਰਨ ਵੈਰਾਗੀ ਸਨ। ਯਥਾ:- ਲਾਲੈ ਲਾਲਚੁ ਤਿਆਗਿਆ; ਪਾਇਆ ਹਰਿ ਨਾਉ॥

ਦਾਸਨਦਾਸ ਨੇ ਗੁਰਮੁਖਿ ਸਿੰਘ ਜੀ ਸ਼ਹੀਦ ਨੂੰ ਪ੍ਰੇਮ ਬੇਨਤੀ ਕੀਤੀ "ਆਪ ਜੀ ਨੂੰ ਸੰਤਾਂ ਮਹਾਂਪੁਰਸ਼ਾਂ ਦੇ ਸੱਚਖੰਡ ਜਾਣ ਤੋਂ ਮਹਾਂ ਵੈਰਾਗ ਹੋਵੇਗਾ ਜੀ। ਜਿੱਥੇ ਆਪ ਜੀ ਭੁੱਖੇ ਰਹਿ ਕੇ ਬੰਦਗੀ ਕਰੋਂਗੇ, ਦਾਸਨਦਾਸ ਆਪ ਜੀ ਦੀ ਸੇਵਾ ਕਰੇਗਾ।"

ਇੱਕ ਵਾਰ ਕਿਸੇ ਗ੍ਰੀਬ ਪ੍ਰੇਮੀ ਨੇ ਜੱਥੇ ਨੂੰ ਲੰਗਰ ਛਕਾਇਆ ਅਤੇ ਹਰੇਕ ਸਿੰਘ ਨੂੰ ਦੋ ਦੋ ਰੁਪੈ ਦਿਤੇ। ਗੁਰਮੁਖਿ ਸਿੰਘ ਜੀ ਸ਼ਹੀਦ ਨੇ ਦਾਸਨਦਾਸ ਦੀ ਜੇਬ 'ਚ ਪਾ ਦਿਤੇ, ਅਤੇ ਕਿਹਾ "ਤੈਨੂੰ ਸਪੀਕ੍ਰ ਨੂੰ ਟੰਕਾ ਲਵਾਉਣ ਲਈ ਲੋੜ ਪਵੇਗੀ।" ਆਪ ਜੀ ਨਿੰਦਾ ਲੋਭ ਲਾਲਚ ਤਿਆਗ ਕੇ, ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।) ਓਨ੍ਹੀ ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥ ਅਨੁਸਾਰ ਸੁਖ ਅਰਾਮ ਘੱਟ ਕਰਦੇ, ਘੱਟ ਸੌਂਦੇ, ਘੱਟ ਬੋਲਦੇ, ਘੱਟ ਖਾਂਦੇ, ਹਰ ਵੇਲੇ ਚਾਅ ਨਾਲ ਸੇਵਾ ਸਿਮਰਨ ਕਰਦੇ ਸਨ। ਆਪ ਜੀ ਨੇ ਸਾਰੇ ਜੱਥੇ ਅਤੇ ਮਹਾਂਪੁਰਸ਼ਾਂ ਦਾ ਮਨ ਜਿੱਤ ਲਿਆ ਜੀ।

ਗੁਰਪ੍ਰਸਾਦਿ ਜੇ ਕੋਈ ਆਪ ਜੀ ਦੀ ਵਡਿਆਈ ਕਰਦਾ ਸੀ, ਉਸ ਨਾਲ ਲੜ ਪੈਂਦੇ ਸਨ, ਅਪਣੀ ਵਡਿਆਈ ਨਹੀਂ ਕਰਾਉਂਦੇ ਸਨ। ਆਪ ਜੀ ਸਾਰੀ ਰਾਤ ਸੰਤਾਂ ਮਹਾਂਪੁਰਸ਼ਾਂ ਨੂੰ ਪੱਖਾ ਕਰਦੇ ਜਾਂ ਮੁੱਠੀਚਾਪੀ ਕਰਦੇ। ਮਹਾਂਪੁਰਸ਼ਾਂ ਨੇ

ਦਾਸਨਦਾਸ ਨੂੰ ਕਿਹਾ "ਭਾਈ ਗੁਰਮੁਖਿ ਸਿੰਘ ਜੀ ਦੇ ਗੁੱਟਾਂ 'ਚ ਬਹੁਤ ਜ਼ੋਰ ਹੈ।" ਜਦੋਂ ਇਸ਼ਨਾਨ ਦਾ ਸਮਾਂ ਹੁੰਦਾ, ਫਿਰ ਪਾਣੀ ਲਿਆ ਕੇ ਇਸ਼ਨਾਨ ਕਰਾਉਂਦੇ ਜੀ।

ਗੁਰਪ੍ਰਸਾਦਿ ਬਹੁਤ ਹੀ ਅਮੋਲਕ ਬਚਨ ਹਨ:- ਆਪ ਜੀ ਸੰਤਾਂ ਮਹਾਂਪੁਰਸ਼ਾਂ ਨੂੰ ਪੱਖਾ ਕਰ ਰਹੇ ਸਨ। ਮਹਾਂਪੁਰਸ਼ਾਂ ਨੇ ਖ਼ੁਸ਼ ਹੋ ਕੇ ਕਿਹਾ "ਗੁਰਮੁਖਿ ਸਿੰਘਾ! ਤੈਨੂੰ ਮੁੜਕਾ ਆਇਆ ਹੈ। ਤੂੰ ਦਾਸਨਦਾਸ ਨੂੰ ਪੱਖਾ ਕਰ ਰਿਹਾ ਹੈਂ। ਤੈਨੂੰ ਨੌਕਰੀ ਦਿਵਾ ਦੇਵਾਂ? ਮੰਗ ਜੋ ਕੁੱਝ ਮੰਗਣਾ ਹੈ।" ਹਉਮੈ ਦੇ ਤਿਆਗੀ ਹੋਣੇ ਕਰਕੇ, ਆਪ ਜੀ ਨੇ ਇਹ ਵੱਡੀ ਮੰਗ ਮੰਗੀ "ਜਦੋਂ ਆਪ ਜੀ ਸੰਸਾਰ 'ਤੇ ਆਵੋਂ, ਤਾਂ ਦਾਸਨਦਾਸ ਨੂੰ ਨਾਲ ਲਿਆਇਆ ਕਰੋ ਜੀ। ਜਦੋਂ ਜਾਵੋਂ, ਨਾਲ ਹੀ ਲੈ ਜਾਇਆ ਕਰੋ ਜੀ।" ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਸੀ। ਜਦੋਂ ਸੰਤਾਂ ਮਹਾਂਪੁਰਸ਼ਾਂ ਦੀ ਮੱਚਦੀ ਚਿਖਾ 'ਚ ਛਾਲ ਮਾਰੀ ਤਾਂ ਪਤਾ ਲੱਗਿਆ।

ਜਦੋਂ ਪਿੰਡ ਮਹਿਤੇ ਸੰਤ ਸੱਚਖੰਡ ਗਏ, ਤਾਂ ਜੋੜਾ ਭਗਤ ਭਾਈ ਅਵਤਾਰ ਸਿੰਘ ਜੀ ਨੇ ਗੁਰਮੁਖਿ ਸਿੰਘ ਸ਼ਹੀਦ ਜੀ ਨੂੰ ਬੰਬੀ 'ਤੇ ਜਾ ਕੇ ਦੱਸਿਆ "ਸੰਤ ਸੱਚਖੰਡ ਚਲੇ ਗਏ ਹਨ।" ਤਾਂ ਗੁਰਮੁਖਿ ਸਿੰਘ ਸ਼ਹੀਦ ਜੀ ਨੇ ਹੌਂਕਾ ਲਿਆ "ਆਪਾਂ ਕੀ ਕਰੀਏ?" ਬੰਬੀ ਤੋਂ ਬਾਹਰੋਂ ਆਏ, ਤੇ ਗੁਰਮੁਖਿ ਸਿੰਘ ਜੀ ਸ਼ਹੀਦ ਸੰਤਾਂ ਨੂੰ ਪੱਖਾ ਕਰਨ ਲੱਗ ਗਏ, ਜਿਵੇਂ ਜਿਉਂਦੇ ਵਿਅੱਕਤੀ ਨੂੰ ਪੱਖਾ ਕਰੀਦਾ ਹੈ। ਗਰਮੀ ਬਹੁਤ ਸੀ, ਦਾਸਨਦਾਸ ਨੇ ਸੰਤ ਕਰਤਾਰ ਸਿੰਘ ਜੀ ਦੇ ਭਤੀਜੇ ਗੁਰਮੁਖਿ ਸਿੰਘ ਜੀ ਨੂੰ ਕਿਹਾ "ਲੱਸੀ ਤਿਆਰ ਕਰੋ ਜੀ।" ਲੱਸੀ ਤਿਆਰ ਕੀਤੀ ਤੇ ਗੁਰਮੁਖਿ ਸਿੰਘ ਜੀ ਨੂੰ ਕਿਹਾ "ਲੱਸੀ ਛਕ ਲਵੋ ਜੀ" ਗੁਰਮੁਖਿ ਸਿੰਘ ਜੀ ਨੇ ਕਿਹਾ "ਕੰਘਾ ਕਰ ਲਵਾਂ ਜੀ" ਕੰਘਾ ਕਰਨ ਲੱਗ ਗਏ। ਇੱਕ ਸਿੰਘ ਲੱਸੀ ਲੈ ਕੇ ਕੋਲ਼ ਖੜ੍ਹਾ ਰਿਹਾ। ਕੰਘਾ ਕਰਨ ਤੋਂ ਬਾਦ ਲੱਸੀ ਛਕੀ।

ਸੰਤਾਂ ਦੇ ਸ੍ਰੀਰ ਨੂੰ ਧੰਨ ਗੁਰੂ ਰਾਮਦਾਸ ਸਾਹਿਬ ਜੀ ਦੀ ਸਰਾਂ ਸਾਹਮਣੇ ਲਿਆਏ। ਗੁਰਮੁਖਿ ਸਿੰਘ ਜੀ ਸ਼ਹੀਦ ਤੇ ਹੋਰ ਸਿੰਘ, ਸੰਤਾਂ ਮਹਾਂਪੁਰਸ਼ਾਂ ਦੇ ਦੁਆਲੇ ਸਨ। ਸ਼੍ਰੋਮਣੀ ਕਮੇਟੀ ਦੇ ਬੰਦੇ ਨੇ ਤਾੜ ਕੇ ਕਿਹਾ, "ਤੁਸੀਂ ਸੰਤਾਂ ਦੇ ਸ੍ਰੀਰ ਦੇ ਦੁਆਲੇ ਕਿਉਂ ਹੋਂ? ਸੰਗਤਾਂ ਨੇ ਸੰਤ ਜੀ ਦੇ ਦਰਸ਼ਨ ਕਰਨੇ ਹਨ।" ਬਾਕੀ ਸਿੰਘ ਪਾਸੇ ਹੋ ਗਏ। ਪਲੰਘੇ 'ਤੇ ਬਰਫ ਰੱਖੀ ਸੀ, ਤੇ ਪਾਣੀ ਚੋਅ ਰਿਹਾ ਸੀ। ਗੁਰਮੁਖਿ ਸਿੰਘ ਜੀ ਸ਼ਹੀਦ ਪਲੰਘੇ ਹੇਠਾਂ ਵੜ ਗਏ। ਦਾਸਨਦਾਸ ਨੇ ਦੇਖਿਆ "ਇਹ ਪ੍ਰਵਾਨਾ ਹੈ। ਘੂਰਨ ਵਾਲੇ ਨੂੰ ਪਤਾ ਨਹੀਂ।"

ਸੰਤਾਂ ਮਹਾਪੁਰਸ਼ਾਂ ਜੀ ਨੂੰ ਭਿੰਡਰੀਂ ਲਿਆਉਣ ਲਈ ਜਦੋਂ ਸਰਹਾਲੀ ਪਹੁੰਚੇ, ਸਰਹਾਲੀ ਵਾਲੇ ਬ੍ਰਹਮਗਿਆਨੀ ਸੰਤ ਬਾਬਾ ਤਾਰਾ ਸਿੰਘ ਜੀ ਨੇ ਲੱਸੀ ਛਕਾਈ। ਦਾਸਨਦਾਸ, ਗੁਰਮੁਖਿ ਸਿੰਘ ਜੀ ਦੇ ਨਾਲ ਟਰੱਕ ਦੇ ਹੁੱਡ 'ਤੇ ਬੈਠਾ ਸੀ। ਦਾਸਾਨਦਾਸ ਨੇ ਜੱਗ ਫੜਿਆ। ਸਿੰਘਾਂ ਨੂੰ ਗਲਾਸ ਵਰਤਾ ਦਿਤੇ। ਗੁਰਮੁਖਿ ਸਿੰਘ ਜੀ ਨੂੰ ਗਲਾਸ ਫੜਾਇਆ। ਉਨ੍ਹਾਂ ਨੇ ਦਾਸਨਦਾਸ ਤੋਂ ਲੱਸੀ ਦਾ ਜੱਗ ਫੜ ਲਿਆ, ਦਾਸਨਦਾਸ ਨੂੰ ਗਲਾਸ ਫੜਾ ਦਿਤਾ। ਕਿਹਾ "ਪਹਿਲਾ ਤੂੰ ਲੱਸੀ ਪੀ, ਫਿਰ ਦਾਸਨਦਾਸ ਛਕੇਗਾ।"

ਟਰੱਕ 'ਤੇ ਪੋਥੀਆਂ ਦੇ ਟਰੰਕ ਸਨ। ਭਿੰਡਰੀਂ ਪਹੁੰਚੇ, ਤੇ ਦਾਸਨਦਾਸ ਨੇ ਗੁਰਮੁਖਿ ਸਿੰਘ ਜੀ ਨੂੰ ਕਿਹਾ "ਗੁਰਮੁਖਿ ਸਿੰਘ ਜੀ! ਤੈਨੂੰ ਜ਼ਿਆਦਾ ਸੱਟ ਵੱਜੀ ਹੈ। ਤੂੰ ਟਰੰਕ ਨਾ ਚੁੱਕ।" ਅੱਗੋ ਕਹਿੰਦੇ "ਪੋਥੀਆਂ ਦੇ ਟਰੰਕ ਹਨ। ਨਿੱਤ ਨਹੀਂ ਚੁੱਕਣੇ, ਅੱਜ ਹੀ ਚੁੱਕਣੇ ਹਨ।" ਟਰੰਕ ਚੁੱਕਾਏ। ਇਸ ਦਾ ਅਰਥ ਸੀ ਕਿ ਚਿਖਾ 'ਚ ਛਾਲ ਮਾਰਨੀ ਹੈ।

ਸੰਤਾਂ ਮਹਾਪੁਰਸ਼ਾਂ ਦੇ ਸੱਚਖੰਡ ਜਾਣ ਤੋਂ ਪਹਿਲਾ, ਇੱਕ ਰਾਤ ਸ਼ਹੀਦ ਗੁਰਮੁਖਿ ਸਿੰਘ ਜੀ ਨੇ ਸੰਤਾਂ ਮਹਾਂਪੁਰਸ਼ਾਂ ਤੋਂ ਨਵੀਂ ਪੱਗ ਮੰਗੀ ਸੀ। ਸੰਤਾਂ ਨੇ ਚਿੱਟੀ ਨਵੀਂ ਪੱਗ ਦੇ ਦਿਤੀ। ਸ੍ਰੀ ਕੀਰਤਪੁਰ ਸਾਹਿਬ ਜੀ ਪਤਾਲਪੁਰੀ ਜਾ ਕੇ, ਪਹਿਲਾ

ਸੱਤਲੁਜ ਦਰਿਆ 'ਚ ਇਸ਼ਨਾਨ ਕੀਤਾ। ਆਪ ਜੀ ਨੇ ਨਵਾਂ ਕਛੈਹਿਰਾ, ਨਵਾਂ ਚੋਲਾ, ਨਵੀਂ ਪੱਗ ਬੰਨ੍ ਲਈ, ਇੱਕ ਨਵਾਂ ਕਛੈਹਿਰਾ ਅਪਣੇ ਲੱਕ ਨਾਲ ਬੰਨ੍ ਲਿਆ। ਸੰਤਾਂ ਮਹਾਂਪੁਰਸ਼ਾਂ ਦੀ ਚਿਖਾ 'ਚ ਚਾਰ ਪੀਪੇ ਦੇਸੀ ਘਿਓ ਦੇ ਪਾਏ ਸਨ। ਸ੍ਰੀ ਜਪੁ ਜੀ ਸਾਹਿਬ ਜੀ ਤੇ ਸ੍ਰੀ ਕੀਰਤਨ ਸੋਹਿਲਾ ਸਾਹਿਬ ਜੀ ਦਾ ਪਾਠ ਕੀਤਾ ਤੇ ਬਲਦੀ ਚਿਖਾ ਦੇ ਨੇੜੇ ਆ ਕੇ, ਡੱਕੇ ਅੱਗ 'ਚ ਸੁੱਟਦਿਆਂ, ਚਿਖਾ ਦੀਆਂ ਦੋ ਪ੍ਰਕਰਮਾਂ ਕੀਤੀਆਂ। ਸੰਤਾਂ ਮਹਾਂਪੁਰਸ਼ਾਂ ਦੇ ਚਰਨਕਮਲਾਂ ਵੱਲੋਂ ਉੱਚੀ ਚਿਖਾ, ਮੱਚਦੀ ਅੱਗ 'ਚ ਛਾਲ ਮਾਰੀ, ਸੰਤਾਂ ਦੀ ਛਾਤੀ ਨਾਲ ਛਾਤੀ ਲਾ ਕੇ, ਸ੍ਰੀ ਪਤਾਲਪੁਰੀ ਵੱਲ ਤਿੰਨ ਵਾਰ ਨਮਸਕਾਰ ਕੀਤੀ। ਅੱਗ ਦੇ ਸੇਕ ਨਾਲ ਪੈਰ ਇਕੱਠੇ ਹੋ ਗਏ, ਸਿਰ ਉਤਾਂਹ ਨੂੰ ਉੱਠਿਆ। ਇੱਕ ਗੁਰਮੁਖਿ ਮਾਈ, ਬੀਬੀ ਗੁਰਦੀਪ ਕੌਰ ਸਰਹਾਲੀ ਵਾਲੇ ਜੀ ਕੀਰਤਨ ਸੋਹਿਲਾ ਸਾਹਿਬ ਜੀ ਦਾ ਪਾਠ ਕਰਦੇ ਸਨ। ਜਦੋਂ ਅੱਖਾਂ ਖੋਲੀਆਂ, ਤਾਂ ਮਹਾਂ ਵਿਸਮਾਦ ਅਚਰਜ ਕੌਤਕ ਦੇਖਿਆ। ਸੱਚੇ ਕੰਤ ਸੱਚੇ ਭਗਵੰਤ ਧੰਨ ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਗੁਰਮੁਖਿ ਸਿੰਘ ਸ਼ਹੀਦ ਜੀ ਦੇ ਅੰਦਰ ਪ੍ਰਵੇਸ਼ ਹੋ ਰਹੇ ਹਨ। ਮਹਾਰਾਜ ਜੀ ਨੇ ਕਾਲ਼ੇ ਬਸਤਰ ਪਹਿਨੇ ਸਨ। ਗਿਆਨੀ ਪ੍ਰੀਤਮ ਸਿੰਘ ਜੀ ਨੇ ਸ਼ਹੀਦ ਗੁਰਮੁਖਿ ਸਿੰਘ ਜੀ ਨੂੰ ਫੜਨ ਦਾ ਯਤਨ ਕੀਤਾ। ਅੱਗ ਜ਼ਿਆਦਾ ਤੇਜ਼ ਸੀ, ਫੜ ਨਾ ਸਕੇ। ਸੰਤ ਕਰਤਾਰ ਸਿੰਘ ਜੀ ਨੇ ਜੈਕਾਰਾ ਗਜਾ ਦਿਤਾ।



## ਪ੍ਰਸੰਗ ੭- ਪਤੀਬ੍ਰਤਾ ਧਰਮ ਦੇ ਸ਼ੁਭ ਗੁਣ

੧੧੦. ਸਲੋਕੁ ਮਃ ੩॥ ਸੂਹੈ ਵੇਸਿ ਦੋਹਾਗਣੀ; ਪਰ ਪਿਰੁ ਰਾਵਣ ਜਾਇ॥ (ਮਃ ੩) ਪਰਮਪੂਜਨੀਕ ਸੱਚੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੁਹਾਗਣੀ ਤੇ ਆਗਿਆਕਾਰੀ ਅਨੁਸਾਰੀ ਗੁਰਮੁਖਿ ਸੋਹਾਗਣ ਬਹੂ ਦੇ ਗੁਣ ਸਲੋਕੁ 'ਚ ਫ਼ੁਰਮੌਂਦੇ ਹਨ:- (ਸੂਹੈ) ਕਸੁੰਭੇ ਰੰਗ ਦਾ ਵੇਸਿ ਧਾਰਨ ਵਾਲੀ (ਦੋਹਾਗਣੀ) ਛੁਟੜ ਇਸਤ੍ਰੀ (ਪਰ) ਪਰਾਏ (ਪਿਰੁ) ਪਤੀ ਨਾਲ ਵਿਕਾਰ (ਰਾਵਣ) ਭੋਗਣ (ਜਾਇ) ਜਾਂਦੀ ਹੈ। ਯਥਾ:- ਗਣਤ ਗਣਾਵਣਿ ਆਈਆ; ਸੂਹਾ ਵੇਸੁ ਵਿਕਾਰੁ॥

ਪਿਰੁ ਛੋਡਿਆ. ਘਰਿ ਆਪਣੈ; ਮੋਹੀ ਦੂਜੈ ਭਾਇ॥ (ਦੂਜੈ) ਦ੍ਵੈਤ (ਭਾਇ) ਭਾਵ 'ਚ ਮੋਹੀ ਦੋਹਾਗਣੀ ਨੇ ਆਪਣੈ ਰਿਦੇ

ਰੂਪੀ ਘਰਿ 'ਚ ਵਸਦੇ ਸੱਚੇ ਅਬਿਨਾਸੀ ਸੁੰਦਰ (ਪਿਰੁ) ਪਤੀ ਵਾਹਿਗੁਰੂ ਜੀ ਨੂੰ (ਛੋਡਿਆ) ਛੱਡ ਦਿਤੇ। ਯਥਾ:- ਮਨਮੁਖ ਮੈਲੀ ਕਾਮਣੀ; ਕੁਲਖਣੀ ਕੁਨਾਰਿ॥ ਪਿਰੁ ਛੋਡਿਆ ਘਰਿ ਆਪਣਾ; ਪਰ ਪੁਰਖੈ ਨਾਲਿ ਪਿਆਰੁ॥ ਮਿਠਾ ਕਰਿ ਕੈ ਖਾਇਆ; ਬਹੁ ਸਾਦਹੁ ਵਧਿਆ ਰੋਗੁ॥ ਪਦਾਰਥਾਂ ਨੂੰ (ਮਿਠਾ) ਮਿਠੇ ਕਰਿ ਕੈ (ਖਾਇਆ) ਖਾਦੇ। (ਬਹੁ) ਬਹੁਤੇ (ਸਾਦਹੁ) ਸੁਆਦਾਂ ਕਰਕੇ ਆਧੀ ਬਿਆਧੀ ਹਉਮੈ, ਵਿਛੋੜੇ ਆਦਿ ਦਾ ਰੋਗੁ (ਵਧਿਆ) ਵੱਧ ਗਿਆ। ਯਥਾ:- ਬਹੁ ਸਾਦਹੁ; ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗ; ਸੁ ਅੰਤਿ ਵਿਗੋਵੈ॥ ਹਰਖਹੁ ਸੋਗੁ. ਨ ਮਿਟਈ ਕਬਹੂ; ਵਿਣੁ ਭਾਣੇ ਭਰਮਾਇਦਾ॥੭॥) ਮਿਠਾ ਕਰਿ ਕੈ ਖਾਇਆ ਪਿਆਰੇ; ਤਿਨਿ ਤਨਿ ਕੀਤਾ ਰੋਗੁ॥

ਸੁਧੁ ਭਤਾਰੁ ਹਰਿ ਛੋਡਿਆ; ਫਿਰਿ ਲਗਾ ਜਾਇ ਵਿਜੋਗੁ॥ ਸੱਚੇ ਸੁਧੁ ਸੁੰਦਰ ਸਰੂਪ (ਭਤਾਰੁ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ (ਹਰਿ) ਸੱਚੇ ਵਾਹਿਗੁਰੂ ਜੀ (ਛੋਡਿਆ) ਛੱਡ ਦਿਤੇ, ਫਿਰਿ ਸੱਚੇ ਪਤੀ ਵਾਹਿਗੁਰੂ ਜੀ ਤੋਂ ਦੂਰ (ਜਾਇ) ਜਾ ਕੇ (ਵਿਜੋਗੁ) ਵਿਛੋੜਾ (ਲਗਾ) ਲੱਗ ਗਿਆ। ਯਥਾ:- ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ; ਲਗਨਿ ਜਨਮ ਵਿਜੋਗ॥

ਗੁਰਮੁਖਿ ਹੋਵੈ ਸੁ ਪਲਟਿਆ; ਹਰਿ ਰਾਤੀ ਸਾਜਿ ਸੀਗਾਰਿ॥ (ਸੁ) ਉਹ ਗੁਰਮੁਖਿ ਸੋਹਾਗਣ (ਹੋਵੈ) ਹੁੰਦੀ ਹੈ, ਜੋ ਸੱਚੇ ਸਤਿਗੁਰੂ ਸਾਹਿਬ ਜੀ ਨਾਲ ਮਿਲ ਕੇ, ਸੂਹੇ ਵੇਸ, ਦ੍ਵੈਤ ਤੋਂ (ਪਲਟਿਆ) ਉਲਟ ਕੇ, ਸਤ ਸੰਤੋਖ ਦਇਆ ਖ਼ਿਮਾ ਆਦਿ ਬਿਅੰਤ ਗੁਰਮੁਖਿ ਸੀਗਾਰਿ ਸਾਜਿ ਕੇ (ਹਰਿ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ 'ਚ (ਰਾਤੀ) ਰੰਗੀ ਹੈ। ਯਥਾ:- ਗੁਰਿ ਮਿਲਿਐ ਵੇਸੁ ਪਲਟਿਆ; ਸਾ ਧਨ ਸਚੁ ਸੀਗਾਰੋ॥) ਮਨੁ ਮੋਤੀ ਜੇ ਗਹਣਾ ਹੋਵੈ; ਪਉਣੁ ਹੋਵੈ ਸੂਤ ਧਾਰੀ॥ ਖਿਮਾ ਸੀਗਾਰੁ. ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥੧॥

ਸਹਜਿ ਸਚੁ ਪਿਰੁ ਰਾਵਿਆ; ਹਰਿ ਨਾਮਾ ਉਰ ਧਾਰਿ॥ ਉਸ ਨੇ ਗੁਰਪ੍ਰਸਾਦਿ (ਹਰਿ) ਵਾਹਿਗੁਰੂ (ਨਾਮਾ) ਨਾਮ (ਉਰ) ਰਿਦੇ 'ਚ ਧਾਰਿ ਕੇ, (ਸਹਜਿ) ਨਿਰਯਤਨ ਹੀ (ਸਚੁ) ਸੱਚੇ (ਪਿਰੁ) ਕੰਤ ਸੱਚੇ ਭਗਵੰਤ ਅਕਾਲਪੁਰਖੁ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਦਾ ਮਹਾਂ ਵਿਸਮਾਦ ਸੱਚਾ ਅਨੰਦ (ਰਾਵਿਆ) ਮਾਣਿਆ ਜੀ।

ਆਗਿਆਕਾਰੀ ਸਦਾ ਸੋੁਹਾਗਣਿ; ਆਪਿ ਮੇਲੀ ਕਰਤਾਰਿ॥ ਆਗਿਆਕਾਰੀ ਅਨੁਸਾਰੀ ਗੁਰਮੁਖਿ ਬਹੂ ਸਦਾ ਸੋੁਹਾਗਣਿ ਹੈ, ਜਿਸ ਨੂੰ ਸੱਚੇ ਭਗਵਾਨ ਖ਼ੁਦਾ ਵਾਹਿਗੁਰੂ ਕਰਤਾਰਿ ਜੀ ਨੇ ਆਪਿ ਅਪਣੇ ਨਾਲ ਮੇਲੀ ਹੈ ਜੀ। ਯਥਾ:- ਆਪੇ ਮੇਲਿ ਮਿਲਾਇਦਾ; ਆਪੇ ਦੇਇ ਵਡਿਆਈ॥੧੯॥

ਨਾਨਕ ਪਿਰੁ ਪਾਇਆ ਹਰਿ ਸਾਚਾ; ਸਦਾ ਸੋੁਹਾਗਣਿ ਨਾਰਿ॥੧॥ (ਨਾਨਕ) ਸੱਚੇ ਗ਼ੀਬ ਨਿਵਾਜ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਸ ਨੇ ਸੱਚੇ ਸਤਿਗੁਰੂ ਸਾਹਿਬ ਜੀ ਦੁਆਰਾ (ਪਿਰੁ) ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ (ਸਾਚਾ) ਸੱਚੇ (ਹਰਿ) ਵਾਹਿਗੁਰੂ ਜੀ (ਪਾਇਆ) ਪਾਏ। ਉਹ ਪਰਮਾਤਮਾ ਜੀ ਦੀ ਗੁਰਮੁਖਿ (ਨਾਰਿ) ਇਸਤ੍ਰੀ ਸਦਾ ਸੋੁਹਾਗਣਿ ਹੈ॥੧॥

**੧੧੧. ਪਤੀਬ੍ਰਤਾ ਬੀਬੀਆਂ ਦੇ ਗੁਣ:-** ਸਿਆਣੀ ਬੱਚੀ ਨੇ ਪੂਰਨ ਮਹਾਤਮਾ ਜੀ ਤੋਂ ਪੁੱਛਿਆ, "ਮੇਰੀ ਸੱਸ ਮੇਰੇ ਨਾਲ ਲੜਦੀ ਹੈ, ਕਲੇਸ਼ ਦੀ ਨਿਵਿਰਤੀ ਦੱਸੋ ਜੀ।" ਸਚਿਆਰੇ ਮਹਾਤਮਾ ਜੀ ਨੇ ਕਿਹਾ, "ਹੇ ਬੀਬੀ! ਸੱਚੇ ਪਾਤਿਸਾਹ ਜੀ ਨੇ ਫ਼ੁਰਮਾਇਆ ਹੈ:- ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥ ਖਿਮਾ ਹੀ ਮਾਤਾ ਪਿਤਾ, ਖਿਮਾ ਹੀ ਭੈਣ ਭਰਾ, ਖਿਮਾ ਹੀ ਚਾਚਾ ਚਾਚੀ, ਖਿਮਾ ਹੀ ਮਾਮਾ ਮਾਮੀ, ਖਿਮਾ ਹੀ ਦਾਦਾ ਦਾਦੀ, ਖਿਮਾ ਹੀ ਨਾਨਾ ਨਾਨੀ, ਖਿਮਾ ਹੀ

ਜ਼ਮੀਨ ਅਸਮਾਨ, ਖਿਮਾ ਹੀ ਹਵਾ ਅਗਨੀ ਅਕਾਸ਼, ਖਿਮਾ ਹੀ ਸਹੁਰਾ ਖਿਮਾ ਹੀ ਸੱਸ, ਭਾਵ ਹਰ ਵਕਤ ਅੰਦਰ ਬਾਹਰ, ਸੁਆਸ ਸੁਆਸ ਖਿਮਾ ਸੱਚੇ ਨਾਮ ਦਾ ਅਭਿਆਸ ਕਰੋ, ਖਿਮਾ ਨਾਮ ਹੀ ਜਪੋ ਜਪਾਉ।" ਅੱਗੋਂ ਕਿਹਾ, "ਹੇ ਮਹਾਤਮਾ ਜੀ! ਬਥੇਰਾ ਯਤਨ ਕਰਦੀ ਹਾਂ, ਖਿਮਾ ਰਹਿੰਦੀ ਹੀ ਨਹੀਂ, ਅੱਗ ਲੱਗ ਜਾਂਦੀ ਹੈ।" ਪਰਮਪੂਜਨੀਕ ਸੱਚੇ ਮਹਾਤਮਾ ਜੀ ਨੇ ਕਿਹਾ, "ਹਰ ਸਮੇਂ ਵਾਹਿਗੁਰੂ ਵਾਹਿਗੁਰੂ ਜਪਿਆ ਕਰੋ।" ਤਾਂਬੇ ਦਾ ਛੋਟਾ ਪੈਸਾ ਦੇਂਦਿਆਂ ਕਿਹਾ, "ਜਦੋਂ ਤੇਰੀ ਸੱਸ ਲੜਨ ਲੱਗੇ ਤਾਂ ਤੂੰ ਦੰਦਾ 'ਚ ਰੱਖ ਕੇ ਘੁੱਟੀ ਰੱਖੀਂ। ਦਿਲ 'ਚ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਧਿਆਨ ਰੱਖਣਾ, ਜੇ ਮੂੰਹ ਖੋਲ੍ਹਿਆ ਤਾਂ ਬੜਾ ਭਾਰੀ ਕਸ਼ਟ ਹੋਵੇਗਾ।" ਬਚਨ ਮੰਨਣੇ ਕਰਕੇ ਕਲੇਸ਼ ਮਿਟ ਗਿਆ। ਕੁਝ ਦਿਨਾਂ ਮਗਰੋਂ ਮਹਾਤਮਾ ਜੀ ਪਾਸ ਆ ਕੇ ਕਿਹਾ, "ਬਾਬਾ ਜੀ! ਤਬੀਤ 'ਚ ਬੜੀ ਸ਼ਕਤੀ ਹੈ।" ਅੱਗੋਂ ਕਿਹਾ, "ਬੀਬੀ! ਸਾਰੀਆਂ ਸ਼ਕਤੀਆਂ ਗੁਰਬਾਣੀ 'ਚ ਹੀ ਹਨ, ਹਰ ਵੇਲੇ ਅੰਮ੍ਰਿਤ ਰੂਪ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਿਆ ਕਰ। ਦਿਲ 'ਚ ਖਿਮਾ ਸ਼ਾਂਤੀ ਇਕਾਗ੍ਰਤਾ ਬਣੇਗੀ।" ਮਹਾਤਮਾ ਜੀ ਦੇ ਬਚਨ ਮੰਨਣੇ ਕਰਕੇ ਮੰਨ 'ਚ ਸ਼ਾਂਤੀ ਆ ਗਈ। ਸਭ ਕਲੇਸ ਮਿਟ ਗਏ।

ਵਾਹਿਗੁਰੂ॥ ਜਿਵੇਂ ਦੋ ਪਹੀਆਂ ਤੋਂ ਬਿਨਾ ਗੱਡੀ ਨਹੀਂ ਚੱਲ ਸਕਦੀ, ਇਵੇਂ ਹੀ ਪਤੀ ਸਤੀ ਦੇ ਇੱਕ ਜੋਤਿ ਹੋਏ ਤੋਂ ਬਿਨਾ, ਗ੍ਰਿਹਸਤ ਰੂਪੀ ਗੱਡੀ ਸਹੀ ਨਹੀਂ ਚੱਲ ਸਕਦੀ। ਯਥਾ:- ਦੋਹਰਾ॥ ਆਸਾ ਇਸ਼ਟ ਉਪਾਸ਼ਨਾ; ਖਾਨ ਪਾਨ ਪਹਿਰਾਨ॥ ਇਹ ਖਟ ਲਖਣ ਜਬ ਮਿਲੈ; ਤਬ ਹੀ ਮਿਲਿਓ ਪਛਾਣ॥ ਜਿਵੇਂ ਵਾਹਿਗੁਰੂ ਜੀ ਦੇ ਪਿਆਰਿਆਂ ਦਾ ਵਾਹਿਗੁਰੂ ਜੀ ਨਾਲ ਪਿਆਰ ਹੁੰਦਾ ਹੈ, ਤਿਵੇਂ ਹੀ ਪਤੀ ਸਤੀ ਦਾ ਆਪਸ ਵਿੱਚੀਂ ਅਤੁੱਟ ਪਿਆਰ ਹੋਣਾ ਚਾਹੀਦਾ ਹੈ। ਯਥਾ:- ਨੈਹਰ ਕੁਆਰਿ ਕੰਨਿਆ ਲਾਡਿਲੀ ਕੈ ਮਾਨੀਅਤ, ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ। ਬਨਜ ਬਿਉਹਾਰ ਲਗਿ ਜਾਤ ਹੈ ਬਿਦੇਸਿ ਪ੍ਰਾਨੀ, ਕਹੀਏ ਸਪੂਤੁ ਲਾਭ ਲਭਤ ਕੈ ਆਨੀਐ। ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ, ਜੀਤਿ ਆਵੈ ਸੋਈ ਸੂਰੋ ਸੁਭਟੁ ਬਖਾਨੀਐ। ਮਾਨਸ ਜਨਮੁ ਪਾਇ ਚਰਨ ਸਰਨਿ ਗੁਰ, ਸਾਧਸੰਗਿ ਮਿਲੈ ਗੁਰ ਦਵਾਰਿ ਪਹਿਚਾਨੀਐ॥੧੧੮॥ (ਕਬਿੱਤ) ਨੈਹਰ ਕੁਟੰਬ ਤਜਿ ਬਿਆਹੇ ਸਸੁਰਾਰ ਜਾਇ, ਗੁਨਨ ਕੈ ਕੁਲਾ ਬਧੂ ਬਿਰਦ ਕਹਾਵਈ। ਪੂਰਨ ਪਤਿਬ੍ਰਤਿ ਅਉ ਗੁਰ ਜਨ ਸੇਵਾ ਭਾਇ, ਗ੍ਰਿਹ ਮੈ ਗ੍ਰਿਹੇਸੁਰਿ ਸੁਜਸੁ ਪ੍ਰਗਟਾਵਈ। ਅੰਤ ਕਾਲਿ ਜਾਇ ਪ੍ਰਿਅ ਸੰਗਿ ਸਹ ਗਾਮਿਨੀ ਹੁਇ, ਲੋਕ ਪਰਲੋਕ ਬਿਖੈ ਊਚ ਪਦ ਪਾਵਈ। ਗੁਰਮੁਖਿ ਮਾਰਗਿ ਭੈ ਭਾਇ ਨਿਰਬਾਹੁ ਕਰੈ, ਧੰਨ ਗੁਰਸਿਖ ਆਦਿ ਅੰਤਿ ਠਹਿਰਾਵਈ॥੧੧੯॥ (ਕਬਿੱਤ) ਜੋਈ ਪ੍ਰਿਅ ਭਾਵੈ ਤਾਹਿ ਦੇਖਿ ਅਉ ਦਿਖਾਵੈ ਆਪ, ਦ੍ਰਿਸਟਿ ਦਰਸ ਮਿਲਿ ਸੋਭਾ ਦੈ ਸੁਹਾਵਈ। ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ, ਸਬਦਿ ਸੁਰਤਿ ਗੁਰ ਗਿਆਨ ਉਪਜਾਵਈ। ਜੋਈ ਪ੍ਰਿਅ ਭਾਵੈ ਦਸ ਦਿਸਿ ਪ੍ਰਗਟਾਵੈ ਤਾਹਿ, ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ। ਜੋਈ ਪ੍ਰਿਅ ਭਾਵੈ ਸਿਹਜਾਸਨ ਮਿਲਾਵੈ ਤਾਹਿ, ਪ੍ਰੇਮ ਰਸ ਬਸ ਕਰਿ ਅਪਿਓ ਪੀਆਵਈ॥੨੦੮॥ (ਕਬਿੱਤ) ਜੋਈ ਪ੍ਰਿਅ ਭਾਵੈ ਤਾਹਿ ਸੁੰਦਰਤਾ ਕੈ ਸੁਹਾਵੈ, ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ। ਜੋਈ ਪ੍ਰਿਅ ਭਾਵੈ ਤਾਹਿ ਬਾਨਕ ਬਧੂ ਬਨਾਵੈ, ਸੋਈ ਬਨਿਤਾ ਕਹਾਵੈ ਰੰਗ ਮੈ ਰੰਗੀਲੀ ਹੈ। ਜੋਈ ਪ੍ਰਿਅ ਭਾਵੈ ਤਾ ਕੀ ਸਬੈ ਕਾਮਨਾ ਪੁਜਾਵੈ, ਸੋਈ ਕਾਮਨੀ ਕਹਾਵੈ ਸੀਲ ਕੈ ਸੁਸੀਲੀ ਹੈ। ਜੋਈ ਪ੍ਰਿਅ ਭਾਵੈ ਤਾਹਿ ਪ੍ਰੇਮ ਰਸ ਲੈ ਪੀਆਵੈ, ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ॥੨੦੯॥ (ਕਬਿੱਤ) ਸਾਚੁ ਸੀਲ ਸਚੁ ਸੰਜਮੀ; ਸਾ ਪੂਰੀ ਪਰਵਾਰਿ॥ ਨਾਨਕ ਅਹਿਨਿਸਿ ਸਦਾ ਭਲੀ; ਪਿਰ ਕੈ ਹੇਤਿ ਪਿਆਰਿ॥ (੧੦੮੮)

੧੧੨. ਮਹਾਤਮਾ ਰੂਪੀ ਸਖੀ ਜੀ ਨੂੰ ਸ਼ੁਭ ਸਿੱਖਿਆ ਬਖ਼ਸ਼ਦੇ ਹਨ:- ਸੰਤਾ ਕੀ ਹੋਇ ਦਾਸਰੀ; ਏਹੁ ਅਚਾਰਾ ਸਿਖੁ ਰੀ॥ ਸਗਲ ਗੁਣਾ ਗੁਣ ਊਤਮੋ; ਭਰਤਾ ਦੂਰਿ ਨ ਪਿਖੁ ਰੀ॥੧॥ ਇਹੁ ਮਨੁ ਸੁੰਦਰਿ ਆਪਣਾ; ਹਰਿ ਨਾਮਿ ਮਜੀਠੈ

ਰੰਗਿ ਰੀ॥ ਤਿਆਗਿ ਸਿਆਣਪ ਚਾਤੁਰੀ; ਤੂੰ ਜਾਣੁ ਗੁਪਾਲਹਿ ਸੰਗਿ ਰੀ॥੧॥ਰਹਾਉ॥ ਭਰਤਾ ਕਹੈ ਸੁ ਮਾਨੀਐ; ਏਹੁ ਸੀਗਾਰੁ ਬਣਾਇ ਰੀ॥ ਦੂਜਾ ਭਾਉ ਵਿਸਾਰੀਐ; ਏਹੁ ਤੰਬੋਲਾ ਖਾਇ ਰੀ॥੨॥ ਗੁਰ ਕਾ ਸਬਦੁ ਕਰਿ ਦੀਪਕੋ; ਇਹ ਸਤ ਕੀ ਸੇਜ ਬਿਛਾਇ ਰੀ॥ ਆਠ ਪਹਰ ਕਰਿ ਜੋੜਿ ਰਹੁ; ਤਉ ਭੇਟੈ ਹਰਿ ਰਾਇ ਰੀ॥੩॥(੪੦੦) ਭਾਵ ਅਰਥ:- ਸੰਤਾਂ ਦੀ ਦਾਸੀ ਬਣ ਕੇ ਸੇਵਾ ਕਰੇ, ਆਪਣੇ ਸੱਚੇ ਪਤੀ ਵਾਹਿਗੁਰੂ ਜੀ ਨੂੰ ਦੂਰ ਨਾ ਸਮਝੇ, ਆਪਣੇ ਮਨ ਨੂੰ ਸੁੰਦਰ ਗੁਰਬਾਣੀ ਦੇ ਰੰਗ 'ਚ ਰੰਗਣਾਂ ਕਰੇ, ਸਿਆਣਪ ਚਤੁਰਾਈ ਛੱਡ ਕੇ, ਪਤੀਬ੍ਰਤਾ ਧਰਮ 'ਚ ਦ੍ਰਿੜ ਪ੍ਰਪੱਕ ਰਹਿ ਕੇ, ਵਾਹਿਗੁਰੂ ਜੀ ਨੂੰ ਅੰਗ ਸੰਗ ਜਾਣੇ। ਪਤੀ ਜੀ ਦੀ ਆਗਿਆ ਮੰਨਣ ਰੂਪ ਸ਼ਿੰਗਾਰ ਬਣਾਵੇ। ਦ੍ਵੈਤ ਈਰਖਾ ਬਖ਼ੀਲੀ ਆਦਿ ਨੂੰ ਵਿਸਾਰਨਾ ਕਰੇ। ਅੱਠੇ ਪਹਿਰ ਦੋਵੇਂ ਹੱਥ ਜੋੜ ਕੇ ਪਤੀ ਜੀ ਦੇ ਸਨਮੁਖ ਰਹੇ, (ਰੀ) ਹੇ ਸਖੀ ਤਾਂ ਪਤੀ ਹਰੀ ਰਾਜਾ ਵਾਹਿਗੁਰੂ ਜੀ ਮਿਲਣਗੇ। ਗੁਰਮੁਖਿ ਸੋਹਾਗਣ ਆਪਣੇ ਪਤੀ 'ਚ ਪ੍ਰਮੇਸਰ ਭਾਵਨਾ ਧਾਰ ਕੇ, ਦੂਸਰੇ ਆਦਮੀਆਂ 'ਤੇ ਮੋਹਿਤ ਨਹੀਂ ਹੁੰਦੀਆਂ ਜੀ। ਯਥਾ:- ਬਿਨੁ ਪਿਰ ਪੁਰਖੁ ਨ ਜਾਣਈ; ਸਾਚੇ ਗੁਰ ਕੈ ਹੇਤਿ ਪਿਆਰਿ॥ ) ਸਹ ਕੀ ਸਾਰ; ਸੁਹਾਗਨਿ ਜਾਨੈ॥ ਤਜਿ ਅਭਿਮਾਨੁ; ਸੁਖ ਰਲੀਆ ਮਾਨੈ॥ ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥ ਗੁਰਮੁਖਿ ਸਾਊ ਬੀਬੀ (ਅਵਰਾ) ਹੋਰਨਾਂ ਪੁਰਖਾਂ ਦੇ ਸਰੂਪ ਨੂੰ ਨਾ ਦੇਖੇ ਅਤੇ ਨਾ ਹੀ ਉਨ੍ਹਾਂ ਦੀਆਂ ਗੱਲਾਂ ਸੁਣੇ, ਉਨ੍ਹਾਂ ਨਾਲ (ਅਭਾਖੈ) ਬੋਲਣ ਤੋਂ ਰਹਿਤ ਰਹੇ ਭਾਵ ਆਪ ਉਨ੍ਹਾਂ ਨਾਲ ਕੋਈ ਭੀ ਗੱਲ ਨਾ ਕਰੇ। ਨਿੱਕੀ ਉਮਰ ਤੋਂ ਇਸ ਨਿਯਮ 'ਚ ਪੂਰਨ ਪ੍ਰਪੱਕ ਰਹੇ। ਗੁਰਮਤਿ ਅਨੁਸਾਰ ਦੋਵੇਂ ਜਤ ਸਤ 'ਚ ਕਾਇਮ ਰਹਿਣ, ਜੇਕਰ ਦੋਹਾਂ ਚੋਂ ਇੱਕ, ਜਤ ਸਤ ਤੋਂ ਡਿੱਗੇ ਤਾਂ ਦੂਜਾ ਆਪ ਕਾਇਮ ਰਹੇ। ਜੇ ਪਿਰ ਬਹੁ ਘਰ ਹੰਢਣਾ; ਸਤੁ ਰਖੈ ਨਾਰੇ। ਪਤੀ ਵਿੱਚ ਸ਼ਰਾਬ ਮਾਸ ਦੁਰਮੱਤ ਦੇ ਦੋਸ਼ ਨਾ ਹੋਣ, ਗੁਰਮਤਿ ਅਨੁਸਾਰ ਨੇਕ ਵਰਤਾਵ ਕਰੇ, ਤਾਂ ਬੀਬੀ ਉਸ ਨੂੰ ਪ੍ਰਮੇਸਰ ਕਰਕੇ ਜਾਣੇ। ਯਥਾ:- ਕਹੁ ਨਾਨਕ; ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥ ਧੰਨੁ ਸਤੀ; ਦਰਗਹ ਪਰਵਾਨਿਆ॥ (੧੮੫)

**੧੧੩. ਪਰਮਪੂਜਨੀਕ ਮਾਈ ਸੇਵਾਂ ਜੀ:-** ਸਤਿਗੁਰੂ ਸਾਹਿਬ ਜੀ ਦੇ ਅੰਮ੍ਰਿਤ ਬਚਨ ਮੰਨ ਕੇ, ਸ੍ਰੀ ਬਾਉਲੀ ਸਾਹਿਬ ਜੀ ਦੀ ਸ਼ੁਭ ਸੱਚੀ ਸੇਵਾ ਕਰਕੇ, ਪਤੀਬ੍ਰਤਾ ਮਾਈ ਸੇਵਾਂ ਜੀ, ਗੁਰਮੁਖਿ ਰੋਮਿ ਰੋਮਿ; ਹਰਿ ਧਿਆਵੈ॥ (੯੪੧) ਵਾਲੀ ਅਵਸਥਾ ਨੂੰ ਪ੍ਰਾਪਤ ਹੋ ਗਏ। ਸਵੇਰੇ ਕਾਬੁਲੋਂ ਆ ਕੇ ਨਿੱਤਾਪ੍ਰਤੀ ਸੇਵਾ ਵਿੱਚ ਲੱਗ ਜਾਂਦੇ। ਮਾਈ ਸੇਵਾਂ ਜੀ ਮਿੱਟੀ ਦੀ ਖੁਦਾਈ ਕਰਕੇ ਟੋਕਰੀ ਭਰ ਕੇ ਢੋਂਦੇ। ਕਾਰੀਗਰਾਂ ਲਈ ਚੂਣਾ, ਇੱਟਾਂ ਲੈ ਕੇ ਆਉਂਦੇ। ਸੇਵਾ ਕਰਕੇ ਮਾਈ ਜੀ ਕਿਸੇ ਨਾਲ ਕੋਈ ਭੀ ਗੱਲ ਨਹੀਂ ਕਰਦੇ, ਸੁਆਸ ਸੁਆਸ ਪ੍ਰੀਤਮ ਸਤਿਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸੁਰਤ ਜੋੜ ਕੇ ਸਿਮਰਨ ਕਰਦੇ ਰਹਿੰਦੇ। ਜਦੋਂ ਕਾਬੁਲ ਵਿੱਚ ਭੰਗੂੜੇ 'ਚ ਪਿਆ ਭੁਜੰਗੀ ਉੱਠਣ ਲੱਗਾ ਤਾਂ ਉਸ ਵਖਤ, ਆਤਮਿਕ ਸ਼ਕਤੀ ਨਾਲ ਭੰਗੂੜੇ ਨੂੰ ਹਿਲਾਉਣ ਲਈ ਹੱਥ 'ਚ ਫੜਿਆ ਟੋਕਰਾ ਹਿਲਾ ਦਿੰਦੇ ਕਿ ਬੱਚਾ ਉਠ ਨਾ ਜਾਵੇ। ਸੇਵਾ ਕਰਕੇ ਸ਼ਾਮ ਨੂੰ ਅਲੋਪ ਹੋ ਕੇ ਕਾਬੁਲ ਚਲੇ ਜਾਂਦੇ, ਘਰ ਆ ਕੇ ਘਰ ਦੇ ਸਾਰੇ ਕੰਮ ਕਰਦੇ।

ਪ੍ਰੇਮੀਆਂ ਨੇ ਸੱਚੇ ਪਾਤਿਸਾਹ ਜੀ ਤੋਂ ਅਲੋਪ ਹੋਣ ਦਾ ਤੇ ਹੱਥਾਂ ਨੂੰ ਪਸਾਰ ਪਸਾਰ ਕੇ ਹਿਲਾਉਣ ਦਾ ਕਾਰਨ ਪੁੱਛਿਆ, ਤਾਂ ਵਾਹਿਗੁਰੂ ਸਰੂਪ ਸੱਚੇ ਪਾਤਿਸਾਹ ਜੀ ਨੇ ਸਿੱਖਾਂ ਦੇ ਕੋਲ਼ ਹੁੰਦਿਆਂ, ਮਾਈ ਜੀ ਨੂੰ ਬੜੇ ਪਿਆਰ ਸਤਿਕਾਰ ਨਾਲ ਪੁੱਛਿਆ, "ਹੇ ਬੀਬੀ ਜੀ! ਪ੍ਰੇਮੀ ਆਪ ਜੀ ਦੇ ਅਲੋਪ ਪਰਗਟ ਹੋਣ 'ਤੇ ਸ਼ੰਕਾ ਕਰਦੇ ਹਨ।" ਠਾਢ ਭਯੋ ਮੈ ਜੋਰਿ ਕਰਿ; ਬਚਨ ਕਹਾ ਸਿਰ ਨਿਜਾਇ॥ (ਸ੍ਰੀ ਦਸਮ ੫੭) ਅਨੁਸਾਰ ਦੋਵੇਂ ਹੱਥ ਜੋੜ ਸਿਰ ਝੁਕਾ ਕੇ, ਬੀਬੀ ਜੀ ਨੇ ਬੜੀ ਹੀ ਪ੍ਰੇਮ

ਭਾਵਨਾ ਨਾਲ, ਸਤਿਗੁਰੂ ਸਾਹਿਬ ਜੀ ਨੂੰ ਵਾਹਿਗੁਰੂ ਸਰੂਪ ਮੰਨ ਕੇ ਕਿਹਾ, "ਹੇ, ਮੇਰਾ ਅੰਤਰਜਾਮੀ ਹਰਿ ਰਾਇਆ॥ (੧੦੦੩) ਜੀ!

ਸ੍ਰੀ ਬਾਉਲੀ ਸਾਹਿਬ ਜੀ ਦੀ ਸੇਵਾ ਬਾਰੇ, ਆਪ ਜੀ ਦਾ ਪਰਮਪਵਿੱਤ੍ਰ ਹੁਕਮਨਾਮਾ ਕਾਬੁਲ ਦੀ ਸਤਿਸੰਗਤ ਜੀ ਪਾਸ ਪਹੁੰਚਿਆ। ਤਾਂ ਦਾਸਨਦਾਸੀ ਨੇ ਆਪਣੇ ਪਤੀ ਜੀ ਨੂੰ ਪ੍ਰੇਮ ਬੇਨਤੀ ਕਰਕੇ ਇਹ ਸ਼ੁਭ ਸੱਚੀ ਸੇਵਾ ਮੰਗੀ। ਆਪ ਜੀ ਦੀ ਮਹਾਨ ਬਖ਼ਸ਼ਿਸ਼ ਦੁਆਰਾ, ਅਸੀਂ ਦੋਵੇਂ ਆਪ ਜੀ ਦਾ ਪਰਮਪਵਿੱਤ੍ਰ ਪਰਮਪੂਜਨੀਕ ਨਾਮ ਜਪਦੇ ਅਤੇ ਧਿਆਨ ਧਾਰਦੇ ਹਾਂ ਜੀ। ਆਪ ਜੀ ਅਨੰਤ ਕਲਾਂ ਦੇ ਮਾਲਕ ਹੋਂ, ਆਪ ਜੀ ਦੇ ਵੱਡੇ ਪ੍ਰਤਾਪ ਕਰਕੇ, ਦਾਸਨਦਾਸੀ ਕਾਬੁਲੋਂ ਆ ਕੇ ਸਾਰਾ ਦਿਨ ਸੇਵਾ ਕਰਦੀ, ਜਦੋਂ ਦਾਸਨਦਾਸੀ ਦਾ ਛੋਟਾ ਬੱਚਾ ਰੋਣ ਲੱਗਦਾ ਤਾਂ ਦਾਸੀ ਟੋਕਰਾ ਹਿਲਾ ਕੇ ਭੰਗੂੜਾ ਹਿਲਾ ਦਿੰਦੀ। ਸੇਵਾ ਕਰਕੇ ਦਾਸਨਦਾਸੀ ਸ਼ਾਮ ਨੂੰ ਵਾਪਿਸ ਘਰ ਚਲੀ ਜਾਂਦੀ ਹੈ।" ਪਾਰਬ੍ਰਹਮ ਸਰੂਪ ਸਤਿਗੁਰੂ ਸਾਹਿਬ ਜੀ ਨੇ ਕਿਹਾ, "ਬੀਬੀ, ਸ਼ਾਬਾਸ਼! ਗੁਰ ਸੇਵਾ ਤੇ; ਭਗਤਿ ਕਮਾਈ॥ (੧੧੫੯) ਅਨੁਸਾਰ ਤੁਸੀਂ ਪਤੀ ਸਤੀ ਨੇ ਆਪਣਾ ਜਨਮ ਸਫਲਾ ਕਰ ਲਿਆ ਹੈ, ਨਿਹਾਲ ਨਿਹਾਲ ਨਿਹਾਲ।"

**੧੧੪. ਧੰਨ ਮਾਤਾ ਖੀਵੀ ਜੀ ਜਿਨ੍ਹਾਂ ਦੀ ਮਹਿਮਾ ਇਉਂ ਹੈ:-** (੯੬੭) ਗੁਰਮੁਖਿ ਭਾਈ ਬਲਵੰਡ ਜੀ ਨੇ ਮਹਿਮਾ ਇਉਂ ਫ਼ੁਰਮਾਈ:- ਬਲਵੰਡ. ਖੀਵੀ ਨੇਕ ਜਨ; ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ; ਰਸੁ ਅੰਮ੍ਰਿਤੁ ਖੀਰਿ ਘਿਆਲੀ॥ ਗੁਰਸਿਖਾ ਕੇ ਮੁਖ ਉਜਲੇ; ਮਨਮੁਖ ਥੀਏ ਪਰਾਲੀ॥ ਪਏ ਕਬੂਲੁ. ਖਸੰਮ ਨਾਲਿ; ਜਾਂ ਘਾਲ ਮਰਦੀ ਘਾਲੀ॥ ਮਾਤਾ ਖੀਵੀ. ਸਹੁ ਸੋਇ; ਜਿਨਿ ਗੋਇ ਉਠਾਲੀ॥੩॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਦੂਜੇ ਪਾਤਿਸ਼ਾਹ ਜੀ ਦੇ ਮਹਿਲ, ਸਾਡੇ ਪਰਮਪੂਜਨੀਕ ਮਾਤਾ ਖੀਵੀ ਜੀ ਪਤੀਬ੍ਰਤਾ ਧਰਮ 'ਚ ਦ੍ਰਿੜ ਨੇਕ (ਜਨ) ਪਤੀਬ੍ਰਤਾ ਮਹਾਂਪੁਰਖ ਹਨ। (ਜਿਸੁ) ਜਿਨ੍ਹਾਂ ਦੀ ਪਤੀਬ੍ਰਤਾ ਸਤਿ, ਸੰਤੋਖ, ਖਿਮਾ, ਨਿਮਤ੍ਰਾ, ਧੀਰਜ ਆਦਿ ਸ਼ੁਭ ਗੁਣਾਂ ਰੂਪੀ (ਪਤ੍ਰਾਲੀ) ਪੱਤਿਆਂ ਸਹਿਤ, ਬਹੁਤੀ ਸ਼ਾਂਤੀ ਰੂਪੀ (ਛਾਉ) ਛਾਂ ਹੈ।

**੧੧੫. ਪਤੀਬ੍ਰਤਾ ਬੀਬੀ ਰਾਜ ਕੌਰ (ਰਜਨੀ) ਜੀ:-** ਰਾਜ ਸਪੁੱਤ੍ਰੀ ਹੁੰਦਿਆਂ, ਆਪਣੇ ਪਿੰਗਲੇ ਪਤੀ ਜੀ ਨੂੰ ਖਾਰੀ 'ਚ ਰੱਖ ਕੇ, ਪਿੰਡ ਪਿੰਡ ਭਿੱਖਿਆ ਮੰਗ ਕੇ ਉਸ ਦੀ ਸੇਵਾ ਕਰਦੇ ਸਨ। ਦੁੱਖ ਭੰਜਨੀ ਬੇਰੀ ਹੇਠਾਂ ਪਤੀ ਜੀ ਦੀ ਖਾਰੀ ਰੱਖ ਕੇ, ਤੁੰਗ ਪਿੰਡ 'ਚੋਂ ਭਿੱਖਿਆ ਮੰਗਣ ਗਏ। ਦੁੱਖ ਭੰਜਨੀ ਬੇਰੀ ਹੇਠਾਂ ਛੋਟੀ ਛਪੜੀ 'ਚ ਅੰਮ੍ਰਿਤ ਸੀ, ਵਸਾਖੀ ਦੀ ਸੰਗਰਾਂਦ ਸੀ, ਪਿੰਗਲੇ ਪਤੀ ਨੇ ਖਾਰੀ 'ਚ ਬੈਠਿਆਂ ਅਸਚਰਜ ਕੌਤਕ ਦੇਖਿਆ ਕਿ ਕਾਂ ਅੰਮ੍ਰਿਤ 'ਚ ਨਹਾ ਕੇ ਹੰਸ ਬਣ ਰਹੇ ਹਨ। ਇਸ ਪਿੰਗਲੇ ਨੇ ਚਾਅ ਨਾਲ ਇਸ਼ਨਾਨ ਕਰ ਲਿਆ। ਸ੍ਰੀਰ ਦਾ ਕੋਹੜ ਦੂਰ ਹੋ ਗਿਆ। ਚਾਅ ਨਾਲ ਖ਼ੁਸ਼ੀ ਖ਼ੁਸ਼ੀ ਖਾਰੀ ਮੂਧੀ ਕਰਕੇ ਉੱਪਰ ਬੈਠ ਗਿਆ। ਜਦ ਬੀਬੀ ਜੀ ਭਿੱਖਿਆ ਮੰਗ ਕੇ ਆਏ ਤਾਂ ਇਸ ਨੂੰ ਹੱਸਦਿਆਂ ਦੇਖਿਆਂ। ਬੀਬੀ ਜੀ ਨੇ ਤਾੜ ਕੇ ਕਿਹਾ, "ਮੇਰਾ ਪਿੰਗਲਾ ਪਤੀ ਕਿੱਥੇ ਹੈ?" "ਤੇਰੇ ਸਤ ਨੂੰ ਭਾਗ ਲੱਗੇ ਹਨ, ਮੈਂ ਹੀ ਤੇਰਾ ਪਤੀ ਹਾਂ।" ਇਸ ਨੇ ਕਿਹਾ, "ਤੂੰ ਮੇਰੇ ਰੂਪ 'ਤੇ ਮਾੜੀ ਨਿਗ੍ਹਾ ਕੀਤੀ ਹੈ, ਮੈਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਪਾਸ ਫਰਿਆਦ ਕਰਾਂਗੀ।" ਰੌਲ਼ਾ ਸੁਣ ਕੇ ਸੰਗਤ ਇਕੱਠੀ ਹੋ ਗਈ। ਸੰਗਤ ਸਮੇਤ ਗੁਰੂ ਪ੍ਰਮੇਸਰ ਜੀ ਦੇ ਸੱਚੇ ਚਰਨਕਮਲਾਂ 'ਚ ਪਹੁੰਚੇ। ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਠੀਕ ਉਸੇ ਅਸਥਾਨ 'ਤੇ ਆਏ, ਸਮਾਧੀ 'ਚ ਬੈਠਣ ਤੋਂ ਇਹ ਤੁਕ ਦਿਲ ਦਿਮਾਗ਼ 'ਚ ਆਈ:- ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ; ਜਿਤੁ ਨਾਤੈ ਕਊਆ ਹੰਸੁ ਹੋਹੈ॥ (੪੯੩)

ਸ੍ਰੀ ਗੁਰੂ ਜੀ ਨੇ ਇਹ ਸ਼ੁਭ ਵੀਚਾਰ ਕੀਤੀ ਕਿ ਧੰਨ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤ ਸ੍ਰੋਵਰ ਦੀ ਮਹਿਮਾ ਇਉਂ ਬਿਆਨ ਕੀਤੀ ਹੈ, ਕਿ ਜਿਸ 'ਚ ਨ੍ਹਾਉਣੇ ਕਰਕੇ ਕਾਂ ਭੀ ਹੰਸ ਹੋ ਜਾਂਦੇ ਹਨ ਤੇ ਕਿਹਾ, "ਹੇ ਵੱਡਭਾਗਣ! ਇਹ ਪਿੰਗਲਾ ਹੀ ਤੇਰਾ ਪਤੀ ਹੈ। ਤੇਰੇ ਪਤੀਬ੍ਰਤਾ ਧਰਮ ਤੇ ਗੁਰੂ ਭਗਤੀ ਦੀ ਦ੍ਰਿੜਤਾ 'ਤੇ ਪਰਮ ਪ੍ਰਸੰਨ ਹੋ ਕੇ, ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਭਾਗ ਲਾਏ ਹਨ, ਜਿਸ ਕਰਕੇ ਸਤਿਗੁਰੂ ਰਾਮਦਾਸ ਸ੍ਰੋਵਰ ਭੀ ਪ੍ਰਗਟ ਹੋ ਗਏ ਹਨ।" ਸਤਿਗੁਰੂ ਸਾਹਿਬ ਜੀ ਨੇ ਮਿਹਰ ਕਰਕੇ ਇਸ ਦੇ ਪਿਤਾ ਦੁਨੀ ਚੰਦ ਨੂੰ ਬੁਲਾ ਕੇ ਇਸ ਨੂੰ ਰਾਜ ਭੀ ਦੁਆ ਦਿਤਾ। ਸੋ ਪਤੀਬ੍ਰਤਾ 'ਚ ਬਹੁਤ ਸ਼ੁਭ ਗੁਣ ਤੇ ਸ਼ਕਤੀ ਹੁੰਦੀ ਹੈ। ਹਾਣੀ ਨੂੰ ਭਰਾ ਵੱਡੇ ਨੂੰ ਪਿਤਾ ਛੋਟੇ ਨੂੰ ਸਪੁੱਤ੍ਰ ਸਮਾਨ ਸਮਝਦੀ ਹੈ। ਆਪਣੇ ਪਤੀ 'ਚ ਪ੍ਰਮੇਸਰ ਭਾਵਨਾ ਧਾਰ ਕੇ, ਪਰ ਪੁਰਖ ਨੂੰ ਨਾਰੀ ਵਾਂਗ ਹੀ ਸਮਝਦੀ ਹੈ, ਇਸ ਦਾ ਭਾਵ ਇਹ ਹੈ, ਜਿਵੇਂ ਨਾਰੀ, ਨਾਰੀ 'ਤੇ ਮੋਹਿਤ ਨਹੀਂ ਹੁੰਦੀ, ਇਉਂ ਪਤੀਬ੍ਰਤਾ ਪਰਾਏ ਪੁਰਸ਼ 'ਤੇ ਮੋਹਿਤ ਨਹੀਂ ਹੁੰਦੀ।

**੧੧੬. ਇੱਕ ਦਲੇਰ ਬੀਬੀ ਦੀ ਬਹਾਦਰੀ:-** ਜਦੋਂ ਪਾਕਿਸਤਾਨ ਬਣਿਆ, ਤਾਂ ਮੁਸਲਮਾਨਾਂ ਨੇ ਇੱਕ ਪਰਿਵਾਰ ਦੇ ਸਾਰੇ ਜੀਅ ਮਾਰ ਦਿੱਤੇ। ਘਰ ਵਿੱਚ ਇੱਕ ਜਵਾਨ ਬੀਬੀ ਬਚ ਗਈ। ਉਸ ਨੇ ਸੋਚਿਆ ਕਿ ਇਹ ਮੈਨੂੰ ਭੀ ਮਾਰਨਗੇ, ਘਰੋਂ ਨਿਕਲਾਂ। ਇਸ ਲਈ ਲੁਕ ਲੁਕ ਕੇ ਜਾ ਰਹੀ ਸੀ। ਪਰ ਮਿਲਟ੍ਰੀ ਦੇ ਇੱਕ ਅਫ਼ੀਸਰ ਨੇ ਦੇਖ ਲਈ, ਬੀਬੀ ਜਦ ਖੇਤਾਂ 'ਚ ਵੜੀ ਤਾਂ ਬੰਦੂਕ ਘੋੜੇ 'ਤੇ ਟੰਗ ਕੇ, ਅਫ਼ੀਸਰ ਬੀਬੀ ਨੂੰ ਜਫੀ ਪਾਉਣ ਲੱਗਾ, ਇਤਨੇ ਨੂੰ ਦਲੇਰ ਬਹਾਦਰ ਬੀਬੀ ਨੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਯਾਦ ਕੀਤਾ ਅਤੇ ਸ੍ਰੀ ਸਾਹਿਬ ਜੀ (ਕ੍ਰਿਪਾਨ) ਅਫ਼ੀਸਰ ਦੇ ਢਿੱਡ 'ਚ ਗੱਡ ਦਿਤੀ। ਉਸ ਦੀ ਵਰਦੀ, ਬੰਦੂਕ ਪਾ ਕੇ, ਘੋੜੇ 'ਤੇ ਚੜ੍ਹ ਕੇ ਹਿੰਦੁਸਤਾਨੀ ਫ਼ੌਜ ਨਾਲ ਰਲ਼ ਗਈ। ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਪਹੁੰਚ ਗਈ। ਸ਼ਸ਼ਤਰ ਹੀਣ ਕਬਹਿ ਨ ਹੋਈ ਰਹਿਤਵਾਨ ਸਿੰਘ ਹੈ ਸੋਈ। ਅਨੁਸਾਰ ਉੱਥੇ ਜਾ ਕੇ ਕ੍ਰਿਪਾਨ ਦਿਖਾਈ ਅਤੇ ਸਾਰੀ ਵਾਰਤਾ ਸੁਣਾ ਕੇ ਕਿਹਾ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੀ ਰੱਖਿਆ ਕੀਤੀ ਹੈ, ਇੱਜ਼ਤ ਬਚਾ ਲਈ ਨਹੀਂ ਤਾਂ ਉਨ੍ਹਾਂ ਨੇ ਮੈਨੂੰ ਫੜ ਕੇ ਮੰਦ ਕਰਮ ਕਰਕੇ, ਮੁਸਲਮਾਨਣੀ ਬਣਾ ਲੈਣਾ ਸੀ' ਸ੍ਰਬ ਸੰਗਤਾਂ ਵਿੱਚ ਪ੍ਰੇਮ ਬੇਨਤੀ ਕੀਤੀ ਕਿ ਸਾਰੇ ਅਨਤ ਕਲਾਵਾਨ ਸਦ ਸਦਾ ਮੇਹਰਵਾਨ ਸੂਰਬੀਰ ਬਹਾਦਰ, ਰਾਜਾਨ ਰਾਜ॥ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦਾ ਬਖ਼ਸ਼ਿਆ ਅੰਮ੍ਰਿਤ ਛਕ ਕੇ ਸਿੰਘ ਸਿੰਘਣੀਆਂ ਸਜੋ ਅਤੇ ਗੁਰੂ ਸਾਹਿਬ ਜੀ ਦੇ ਆਸ਼ੇ ਅਨੁਸਾਰ ਸਾਰੇ ਤਿਆਰ ਬਰ ਤਿਆਰ ਹੋਈਏ, ਅੰਦਰਲੇ ਵੈਰੀਆਂ 'ਤੇ ਫਤੇਹ ਪਾਈਏ, ਬਾਹਰਲੇ ਦੁਸ਼ਟਾਂ ਨੂੰ ਭੀ ਖਪਾਈਏ, ਸੱਚਖੰਡ ਬਣਾਈਏ, ਸਦਾ ਗੁਰਬਾਣੀ ਗਾਈਏ, ਅਨੰਦ ਮੰਗਲ ਮਾਣੀਏ, ਗੁਰ ਪ੍ਰੇਮਸਰ ਏਕੋ ਜਾਣੀਏ, ਸਦਾ ਸਦਾ ਨਿਰਗੁਨ ਬ੍ਰਹਮ 'ਚ ਲੀਣ ਰਹੀਏ।

**ਪ੍ਰੇਮ ਬੇਨਤੀ:-** ਕੁਆਰੇ ਬੱਚੇ ਬੱਚੀਆਂ ਨੂੰ ਛੋਟੀ ਉਮਰ ਤੋਂ ਹੀ ਖਾਸ ਤੌਰ ਤੇ ਵਿਆਹ ਤੋਂ ਪਹਿਲਾ ਸੁਚੇਤ ਕੀਤਾ ਜਾਣਾ ਚਾਹੀਦਾ ਹੈ ਉਹ ਇਖ਼ਲਾਕ ਦੀ ਖਾਸ ਸੰਭਾਲ ਅਤੇ ਜਤ ਸਤ ਦਾ ਪਾਲਣ ਕਰਨ। ਰੂਪ ਨਹੀਂ ਦੇਖਣਾ, ਭੈੜੀਆਂ ਫੋਟੋਆਂ, ਮੂਵੀਆਂ ਆਦਿ ਨਹੀਂ ਦੇਖਣੀਆਂ, ਇਹ ਗੁਰੂ ਸਾਹਿਬ ਜੀ ਦੇ ਦੀਰਘ ਆਸ਼ੇ ਤੋਂ ਉਲਟ ਹੈ। ਵਿਆਹ ਤੋਂ ਪਹਿਲਾ ਹੀ ਬੱਚੇ ਬੱਚੀ, ਪਰ ਘਰ ਜਾਣ ਨਾਲ ਕੈਂਸਰ ਏਡਜ਼ ਮੌਤ ਦਾ ਕਾਰਨ ਬਣ ਜਾਂਦੇ ਹਨ। ਯਥਾ:- ਪਰ ਨਾਰੀ ਕੇ ਭਜੇ; ਕਾਲ ਬਜਾਪਜੋ

ਤਨ ਮਾਨਹੁ॥ ਜਿਵੇਂ ਕਈ ਵਾਰੀ ਬੱਚਿਆਂ ਨੂੰ ਢਿੱਡ 'ਚ ਜਾਂ ਜੰਮਦਿਆਂ ਹੀ ਮਾਰ ਦਿਤਾ ਜਾਂਦਾ ਹੈ। ਇਉਂ ਸਾਕਤਾਂ ਨੇ ਬਹੁਤ ਨਿਰਦੋਸ਼ ਬੱਚੀਆਂ ਮਾਰੀਆਂ ਤੇ ਕਈ ਘਰ ਉੱਜੜੇ ਹਨ।

ਇੱਕ ਵਾਰ ਪੰਦਰਾਂ ਵਰ੍ਹਿਆਂ ਦੀ ਬੱਚੀ ਨੂੰ ਬੱਚਾ ਹੋਣ ਤੋਂ ਉਸ ਦੇ ਪਰਵਾਰ ਨੇ ਉਸ ਬੱਚੇ ਨੂੰ ਜੰਮਦਿਆਂ ਹੀ ਪਾਣੀ 'ਚ ਡੁਬੋ ਕੇ ਧਰਤੀ 'ਚ ਦੱਬ ਦਿੱਤਾ। ਉਪਰੰਤ ਲੋਕ ਲਾਜ ਤੋਂ ਡਰਦਿਆਂ ਬੱਚੀ ਦੇ ਪਿਤਾ ਨੇ ਆਤਮਘਾਤ ਕਰ ਲਿਆ। ਇਸ ਲਈ ਸਭਨਾਂ ਨੂੰ ਧੰਨ ਹਨ ਧੰਨ ਹਨ ਧੰਨ ਵਾਹਿਗੁਰੂ, ਸੱਚੇ ਗੁਰਤਾਗੱਦੀ ਬਿਰਾਜਮਾਨ ਸਦਾ ਸਦਾ ਮਿਹਰਵਾਨ, ਸਤਿਗੁਰੂ ਭਗਵਾਨ, ਦੀਨ ਦਇਆਲ ਵਿਆਪਕ ਵਾਹਿਗੁਰੂ ਬ੍ਰਹਮਜੀ ਦੇ ਅਨੰਤ ਕਲਾਵਾਨ ਪੂਰਨ ਗੁਰੂ ਅਵਤਾਰ, ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸ੍ਰੇਸ਼ਟ ਧਰਮ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਕਿ, ਜੀਵਨ ਮੁਕਤੀ, ਬ੍ਰਹਮਾਨੰਦ ਰਸ ਦਾ ਅਨੰਦ ਮਾਨਣ ਤੇ ਆਪਣੀ ਜੀਵਨ ਯਾਤਰਾ ਸਫਲ ਕਰ ਲੈਣ। ਯਥਾ:- ਸਫਲ ਸਫਲ; ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ; ਮਿਲੇ ਸਾਧਾ॥

**੧੧੭. ਪਰਮਪੂਜਨੀਕ ਭਗਤ ਫਰੀਦ ਸਾਹਿਬ ਜੀ, ਪਤੀ ਪ੍ਰਮੇਸਰ ਅਤੇ ਸੰਸਾਰੀ ਪਤੀ ਨੂੰ ਵੱਸ ਕਰਨ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ਦੇ ਹਨ:-** ਨਿਵਣੁ ਸੁ ਅਖਰੁ. ਖਵਣੁ ਗੁਣੁ; ਜਿਹਬਾ ਮਣੀਆ ਮੰਤੁ॥ ਏ ਤ੍ਰੈ. ਭੈਣੇ ਵੇਸ ਕਰਿ; ਤਾਂ ਵਸਿ ਆਵੀ ਕੰਤੁ॥ (੧੩੮੪) ਪ੍ਰੇਮ ਨਿਮ੍ਰਤਾ ਸਹਿਤ ਖ਼ੁਦਾਵੰਦ ਕਰੀਮ ਕੰਤ ਭਗਵੰਤ ਵਾਹਿਗੁਰੂ ਜੀ ਦੇ ਅੱਗੇ (ਨਿਵਣੁ) ਨਿਉਣਾ ਹੈ, ਇਹ ਜੰਤ੍ਰ ਦੇ (ਸੁ) ਸ੍ਰੇਸ਼ਟ ਅਖਰੁ ਹਨ। ਇਨ੍ਹਾਂ ਅਨੁਸਾਰ ਨਿਮ੍ਰਤਾ ਨਿਉਣਾ ਖਿਮਾ ਆਦਿ ਗੁਣ ਧਾਰੇ। ਖ਼ੁਦਾਵੰਦ ਕਰੀਮ ਕੰਤ ਭਗਵੰਤ ਵਾਹਿਗੁਰੂ ਜੀ ਦੇ ਬੋਲ ਅਥਵਾ ਦੁੱਖ ਸੁਖ ਅਤੇ ਕਿਸੇ ਦੇ ਕਹੇ ਕਠੋਰ ਕਬੋਲ (ਖਵਣੁ) ਸਹਾਰਨ ਰੂਪੀ (ਗੁਣੁ) ਟੂਣਾ ਕਰੇ। (ਜਿਹਬਾ) ਜ਼ਬਾਨ ਕਰਕੇ ਹਰ ਵੇਲੇ (ਮਣੀਆ) ਸ਼੍ਰੋਮਣੀ ਵਾਹਿਗੁਰੂ (ਮੰਤੁ) ਗੁਰਮੰਤ੍ਰ ਉਚਾਰੇ। ਪਰਮਪੂਜਨੀਕ ਬ੍ਰਹਮ ਸਰੂਪ ਬਾਬਾ ਸੇਖ ਫਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- (ਏ) ਹੇ ਭੈਣੇ! ਜੰਤ੍ਰ ਮੰਤ੍ਰ ਤੰਤ੍ਰ ਟੂਣੇ ਤਿਆਗ ਕੇ, ਪਤੀ ਜੀ ਨੂੰ ਅੰਗ ਸੰਗ ਸਮਝ ਕੇ, ਇਖ਼ਲਾਕ ਸੰਭਾਲ ਕੇ, ਪਰਾਏ ਪੁਰਖ ਤੋਂ ਦੂਰ ਰਹਿ, ਪਤੀ ਜੀ ਦੇ ਭੈ 'ਚ ਰਹਿ ਕੇ ਇਹ ਉਪ੍ਰੋਕਤ (ਤ੍ਰੈ) ਤਿੰਨ ਸ਼ੁਭ ਗੁਣ (ਵੇਸ) ਧਾਰਨਾ ਕਰਿ, ਤਾਂ ਤੇਰੇ ਸੰਸਾਰੀ (ਕੰਤੁ) ਪਤੀ ਜੀ ਜਾਂ ਵਾਹਿਗੁਰੂ (ਕੰਤੁ) ਪਤੀ ਜੀ ਵਸਿ (ਆਵੀ) ਆ ਜਾਣਗੇ। ਯਥਾ:- ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ; ਜਾ ਗੁਰ ਕਾ ਸਬਦੁ ਸੁਣੀ॥ (੧੭) ਸਤੁ ਸੰਤੋਖੁ ਦਇਆ ਧਰਮੁ; ਸੀਗਾਰੁ ਬਨਾਵਉ॥ ਸਫਲ ਸੋਹਾਗਣਿ ਨਾਨਕਾ; ਅਪੁਨੇ ਪ੍ਰਭ ਭਾਵਉ॥੪॥

**੧੧੮.** ਸਹ ਕੀ ਸਾਰ; ਸੁਹਾਗਨਿ ਜਾਨੈ॥ (ਸਹ) ਸੱਚੇ ਕੰਤ ਭਗਵੰਤ ਪਤੀ ਪਰਮੇਸਰ ਵਾਹਿਗੁਰੂ ਜੀ (ਕੀ) ਦੀ (ਸਾਰ) ਖ਼ਬਰ, ਗੁਰਮੁਖਿ ਸਨਮੁਖ ਸੁਹਾਗਨਿ ਇਸਤ੍ਰੀ ਹੀ (ਜਾਨੈ) ਜਾਣਦੀ ਹੈ।

ਤਜਿ ਅਭਿਮਾਨੁ; ਸੁਖ ਰਲੀਆ ਮਾਨੈ॥) ਹਉਮੈ ਜਾਈ; ਤਾ ਕੰਤ ਸਮਾਈ॥ ਤਉ ਕਾਮਣਿ ਪਿਆਰੇ; ਨਵਨਿਧਿ ਪਾਈ॥੬॥ ਅਨੁਸਾਰ, ਸੱਚੇ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੀ ਅਪਰ ਅਪਾਰ ਮਹਾਨ ਸੱਚੀ ਕ੍ਰਿਪਾ ਦੁਆਰਾ, ਉਹ ਅਪਣਾ (ਅਭਿਮਾਨ) ਹੰਕਾਰ (ਤਜਿ) ਛੱਡ ਕੇ, ਸੱਚੇ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਸੁਖ ਅਤੇ (ਰਲੀਆ) ਖ਼ੁਸ਼ੀਆਂ (ਮਾਨੈ) ਮਾਣਦੀ ਹੈ। ਜਿਵੇਂ ਭਗਤ ਜੈਦੇਵ ਜੀ ਨੇ ਹੰਕਾਰ ਤਿਆਗਿਆ ਜੀ ਰਾਮ ਜੀ! ਯਥਾ:- ਜੈਦੇਵ; ਤਿਆਗਿਓ ਅਹੰਮੇਵ॥ ਨਾਈ ਉਧਰਿਓ; ਸੈਨੁ ਸੇਵ॥ ਮਨੁ ਡੀਗਿ ਨ ਡੋਲੈ ਕਹੂੰ ਜਾਇ॥ ਮਨ ਤੂ ਭੀ ਤਰਸਹਿ; ਸਰਣਿ ਪਾਇ॥੬॥

ਤਨੁ ਮਨੁ ਦੇਇ; ਨ ਅੰਤਰੁ ਰਾਖੈ॥ ਗੁਰਮੁਖਿ ਮਹਾਤਮਾ ਰੂਪ ਸਖੀ ਅਪਣਾ (ਤਨੁ) ਸ੍ਰੀਰ ਤੇ ਮਨੁ ਸੱਚੇ ਪਤੀ ਵਾਹਿਗੁਰੂ ਜੀ ਨੂੰ (ਦੇਇ) ਦਿੰਦੀ ਹੈ। ਭਾਵ ਅਪਣੇ ਸ੍ਰੀਰ ਨਾਲ ਸੱਚੇ ਕੰਤ ਭਗਵੰਤ ਜੀ ਦੀ ਸੇਵਾ ਰੋਮ ਰੋਮ ਦੇ ਪਿਆਰ, ਚਾਅ, ਖ਼ੁਸ਼ੀ ਨਾਲ ਕਰਦੀ ਹੈ, ਸਾਰੀ ਰਾਤ ਮੁੱਠੀਚਾਪੀ ਕਰਦੀ, ਪੱਖਾ ਫੇਰਦੀ, ਚੱਕੀ ਪੀਂਦੀ, ਪਾਣੀ ਢੋਂਦੀ, ਸੱਚੇ ਪਰਉਪਕਾਰੀ ਚਰਨਕਮਲ ਧੋਂਦੀ ਆਦਿ ਸੇਵਾਵਾਂ ਕਰਦੀ ਹੈ। ਅਪਣੇ ਮਨ ’ਚੋਂ ਸਾਰੇ ਵਿਸ਼ੇ ਔਗੁਣ ਮੇਟ ਕੇ, ਅਪਣਾ ਚਿੱਤ ਸੱਚੇ ਪਤੀ ਵਾਹਿਗੁਰੂ ਜੀ ਨਾਲ ਜੋੜ ਕੇ ਰੱਖਦੀ ਹੈ। ਸੱਚੇ ਪਤੀ ਵਾਹਿਗੁਰੂ ਜੀ ਨਾਲ ਕੋਈ (ਅੰਤਰੁ) ਫ਼ਰਕ (ਨ) ਨਹੀਂ (ਰਾਖੈ) ਰੱਖਦੀ ਜੀ। ਪਿਆਰੇ ਮਿੱਤ੍ਰ ਵਿਚੋਲੇ ਸਤਿਗੁਰੂ ਸਾਹਿਬ ਜੀ ਤੋਂ ਬਲਿਹਾਰ ਕੁਰਬਾਨ ਜਾਂਦੀ ਹੈ ਜੀ ਰਾਮ ਜੀ! ਯਥਾ:- ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ; ਜੈ ਮਿਲਿ ਕੰਤੁ ਪਛਾਣਾ॥੧॥

ਅਵਰਾ ਦੇਖਿ ਨ ਸੁਨੈ ਅਭਾਖੈ॥੧॥ (ਅਵਰਾ) ਹੋਰ ਕੋਈ ਪਰਾਏ ਪੁਰਖ ਨੂੰ (ਨ) ਨਹੀਂ (ਦੇਖਿ) ਦੇਖਦੀ, (ਨ) ਨਾ ਹੀ ਉਨ੍ਹਾਂ ਦੀ ਕੋਈ ਗੱਲ (ਸੁਨੈ) ਸੁਣਦੀ ਹੈ ਜੀ। ਹੋਰ ਪੁਰਖਾਂ ਨਾਲ ਬੋਲਣ ਵੱਲੋਂ ਅਥਵਾ ਵਿਕਾਰੀ ਗੱਲਾਂ ਕਰਨ ਵੱਲੋਂ (ਅਭਾਖੈ) ਚੁੱਪ ਰਹਿੰਦੀ ਹੈ ਜੀ॥੧॥

**੧੧੯. ਸਾਖੀ ਸਤੀ ਸੀਤਾ ਜੀ:-** ਹਰਿ ਕਾ ਭਗਤੁ ਪ੍ਰਗਟ; ਨਹੀ ਛਪੈ॥ ਅਨੁਸਾਰ ਚੌਹਾਂ ਚੱਕਾਂ ’ਚ ਭਗਤ ਪੀਪਾ ਜੀ ਅਤੇ ਉਨ੍ਹਾਂ ਦੀ ਘਰਵਾਲੀ ਸਤੀ ਸੀਤਾ ਜੀ ਦੀ ਮਹਿਮਾ ਫੈਲੀ। ਲੋਕੀ ਦਰਸਨ ਕਰਨ ਆਉਂਦੇ, ਰੱਬ ਜਾਣ ਕੇ ਪੂਜਣ ਭੀ ਲੱਗ ਗਏ। ਅਪਣੀ ਵਡਿਆਈ ਹੁੰਦੀ ਦੇਖ ਕੇ ਭਗਤ ਜੀ ਅਤੇ ਸਤੀ ਸੀਤਾ ਜੀ ਉਪਰਾਮ ਹੋ ਗਏ। ਇਕਾਂਤ ਭਗਤੀ ਕਰਨ ਲਈ ਜੰਗਲ ਵੱਲ ਤੁਰ ਪਏ। ਰਸਤੇ ’ਚ ਸਤੀ ਸੀਤਾ ਜੀ ਪਾਣੀ ਪੀਣ ਲਈ ਰੁਕ ਗਏ ਪਰ ਭਗਤੀ ਸਿਮਰਨ ’ਚ ਲੀਣ ਭਗਤ ਪੀਪਾ ਜੀ ਤੁਰੇ ਗਏ। ਉਸ ਸਮੇਂ ਇੱਕ ਵਿਕਾਰੀ ਜ਼ਾਲਮ ਪਠਾਣ, ਸਤੀ ਸੀਤਾ ਜੀ ਦੇ ਸਰੂਪ ’ਤੇ ਮੋਹਿਤ ਹੋ ਕੇ ਉਨ੍ਹਾਂ ਨੂੰ ਫੜ ਕੇ ਝਾੜੀਆਂ ’ਚ ਲੈ ਗਿਆ। ਸਤੀ ਸੀਤਾ ਜੀ ਨੇ ਅਕਾਲਪੁਰਖੁ ਜੀ ਦੇ ਚਰਨਾਂ ’ਚ ਰੱਖਿਆ ਲਈ ਬੇਨਤੀ ਕੀਤੀ, ਤਾਂ ਅਚਾਨਕ ਸੱਚੇ ਵਾਹਿਗੁਰੂ ਜੀ ਨੇ ਸ਼ੇਰ ਦਾ ਰੂਪ ਧਾਰ ਕੇ ਉਸ ਪਾਪੀ ਨੂੰ ਮਾਰ ਕੇ ਨਰਕ ਭੇਜ ਦਿਤਾ। ਸਤੀ ਸੀਤਾ ਜੀ ਦੀ ਇੱਜ਼ਤ ਰੱਖ ਲਈ। ਫਿਰ ਇੱਕ ਸਾਧ ਦਾ ਰੂਪ ਧਾਰ ਕੇ ਸਤੀ ਸੀਤਾ ਜੀ ਨੂੰ ਭਗਤ ਪੀਪਾ ਜੀ ਕੋਲ ਪਹੁੰਚਾ ਦਿਤੇ। ਭਗਤ ਜੀ ਕੋਲ ਪਹੁੰਚਦਿਆਂ ਸਾਰ ਅਲੋਪ ਹੋ ਗਏ, ਤਾਂ ਸਤੀ ਸੀਤਾ ਜੀ ਨੂੰ ਪਛਾਣ ਹੋਈ ਕਿ ਇਹ ਤਾਂ ਅਕਾਲਪੁਰਖੁ ਜੀ ਆਪ ਦਰਸਨ ਬਖ਼ਸ਼ਣ ਆਏ ਸਨ, ਮੈਂ ਉਨ੍ਹਾਂ ਦੇ ਚਰਨੀ ਨਹੀਂ ਲੱਗੀ। ਇਉਂ ਜਿਹੜੇ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਪ੍ਰੇਮ ਸ਼ਰਧਾ ਨਾਲ ਕਰਦੇ ਹਨ ਜੀ, ਵਿਕਾਰਾਂ ਔਗੁਣਾਂ ਤੋਂ ਨਿਰਲੇਪ ਰਹਿੰਦੇ ਹਨ ਜੀ, ਨਾਮ ਜਪਦੇ ਜਪਾਉਂਦੇ ਹਨ ਜੀ, ਅਕਾਲਪੁਰਖੁ ਜੀ ਉਨ੍ਹਾਂ ਦੀ ਲੋਕ ਪ੍ਰਲੋਕ ’ਚ ਸਦਾ ਰੱਖਿਆ ਕਰਦੇ ਹਨ ਜੀ।

ਦੂਜੀ ਸਾਖੀ:- ਚਾਰ ਜ਼ਾਲਮ ਵਿਕਾਰੀ ਪਾਪੀਆਂ ਨੇ ਸਤੀ ਸੀਤਾ ਜੀ ਦਾ ਪਤੀਬ੍ਰਤਾ ਧਰਮ ਨਸਟ ਕਰਨ ਲਈ, ਸਾਧੂ ਦਾ ਭੇਖ ਧਾਰ ਕੇ ਭਗਤ ਪੀਪਾ ਜੀ ਦੇ ਨਾਲ ਰਹਿਣ ਲੱਗ ਗਏ। ਇੱਕ ਰਾਤ ਬਾਹਰ ਇੱਕ ਖਾਲੀ ਮੰਦਰ ’ਚ ਰਾਤ ਕੱਟਣ ਠਹਿਰੇ। ਭਗਤ ਜੀ ਅਤੇ ਚਾਰ ਭੇਖੀਂ ਸਾਧ ਇੱਕ ਕਮਰੇ ’ਚ ਅਤੇ ਸਤੀ ਸੀਤਾ ਜੀ ਵਖਰੇ ਕਮਰੇ ’ਚ ਸਨ। ਭੇਖੀਂ ਸਾਧ ਰਾਤ ਨੂੰ ਸਤੀ ਸੀਤਾ ਜੀ ਦਾ ਸਤ ਤੋੜਨ ਗਏ। ਪਹਿਲਾ ਇੱਕ ਭੇਖੀ ਸਾਧ ਕਮਰੇ ’ਚ ਗਿਆ ਤਾਂ ਕੀ ਦੇਖਿਆ ਕਿ ਉਥੇ ਤਾਂ ਇੱਕ ਭਿਆਨਕ ਸ਼ੇਰਨੀ ਬੈਠੀ ਹੈ। ਤਾਂ ਡਰਦਾ ਡਰਦਾ ਬਾਹਰ ਆ ਗਿਆ। ਦੂਜਿਆਂ ਨੇ ਪੁੱਛਿਆ “ਕੀ ਹੋਇਆ?” ਮੁੜਕਾ ਮੁੜਕੀ, ਡਰਿਆ ਹੋਇਆ ਬੋਲਿਆ “ਸਤੀ ਸੀਤਾ ਜੀ ਤਾਂ ਉਥੇ ਹੈ ਹੀ ਨਹੀਂ, ਉਥੇ ਤਾਂ ਭਿਆਨਕ ਸ਼ੇਰਨੀ ਬੈਠੀ

ਹੈ" ਤਾਂ ਅੱਗ ਬਾਲ ਕੇ ਦੇਖਣ ਗਏ ਤਾਂ ਸੱਚ ਮੁਚ ਸ਼ੇਰਨੀ ਹੀ ਬੈਠੀ ਦੇਖੀ। ਭੱਜ ਕੇ ਭਗਤ ਜੀ ਨੂੰ ਦੱਸਿਆ, "ਭਗਤ ਜੀ ਭਗਤ ਜੀ! ਸਤੀ ਸੀਤਾ ਜੀ ਦੇ ਕਮਰੇ 'ਚ ਇੱਕ ਸ਼ੇਰਨੀ ਬੈਠੀ ਹੈ। ਸਾਨੂੰ ਲੱਗਦਾ ਸ਼ੇਰਨੀ ਨੇ ਸਤੀ ਸੀਤਾ ਜੀ ਨੂੰ ਖਾ ਲਿਆ।" ਭਗਤੀ ਜੀ ਇਹ ਗੱਲ ਸੁਣ ਕੇ ਬੋਲੇ "ਭਾਈ! ਤੁਹਾਨੂੰ ਭੁਲੇਖਾ ਪਿਆ ਹੈ। ਇਹ ਤੁਹਾਡਾ ਪਾਪ ਉਘੜ ਕੇ ਅੱਗੇ ਆ ਗਿਆ ਹੈ। ਪਰ ਚਲੀਏ ਜਾ ਕੇ ਦੇਖੀਏ।" ਕਮਰੇ ਕੋਲ ਆ ਕੇ ਭਗਤ ਜੀ ਨੇ ਸਤੀ ਸੀਤਾ ਜੀ ਨੂੰ ਅਵਾਜ਼ ਮਾਰੀ ਤੇ ਸੀਤਾ ਜੀ ਬਾਹਰ ਆ ਕੇ ਕਹਿੰਦੇ "ਜੀ ਭਗਤ ਜੀ, ਕੀ ਹੁਕਮ ਹੈ ਜੀ?" ਚਾਰੇ ਭੇਖੀਂ ਸਾਧ ਦੇ ਪੈਰਾਂ ਥੱਲਿਉਂ ਮਿਟੀ ਨਿਕਲ ਗਈ, ਹੈਰਾਨ ਹੋ ਕੇ ਸ਼ਰਮਿੰਦੇ ਹੋਏ, ਸਵੇਰ ਹੋਣ ਤੋਂ ਪਹਿਲਾਂ ਹੀ ਭੱਜ ਗਏ।

**੧੨੦. ਸਾਊ ਬੀਬੀ ਨੇ ਆਪਣੇ ਮੰਗੇਤ੍ਰ ਨੂੰ ਲਾਲਚੀ ਭਰਾਵਾਂ ਤੋਂ ਬਚਾਉਣਾ:-** ਇੱਕ ਨੌਜਵਾਨ ਦਾ ਮੰਗਣਾ ਹੋਇਆ ਸੀ। ਵਿਆਹ ਤੋਂ ਪਹਿਲਾਂ ਉਹ ਲੱਕ ਨਾਲ ਮਾਇਆ ਬੰਨ੍ਹ ਕੇ, ਟਰੈਕਟਰ ਖ਼ਰੀਦਣ ਗਿਆ ਤੇ ਘਰ ਵਾਪਿਸ ਪਰਤਦਿਆਂ ਦਿਨ ਢਲਣ ਕਾਰਨ ਉਸ ਨੇ ਸੋਚਿਆ ਜਿਸ ਪਿੰਡ ਮੈਂ ਮੰਗਿਆ ਹੋਇਆ ਹਾਂ ਉੱਥੇ ਰਾਤ ਰੁਕ ਕੇ ਸਵੇਰ ਨੂੰ ਆਪਣੇ ਪਿੰਡ ਚਲਾ ਜਾਵਾਂਗਾ। ਜਦ ਉਹ ਰਾਤ ਕੱਟਣ ਲਈ ਉਨ੍ਹਾਂ ਦੇ ਘਰੇ ਗਿਆ ਤਾਂ ਕੁੜੀ ਦੇ ਭਰਾਵਾਂ ਨੇ ਮਾਇਆ ਚੋਰੀ ਕਰਨ ਲਈ ਵਿਉਂਤ ਬਣਾਈ। ਬੀਬੀ ਨੂੰ ਪਤਾ ਲੱਗਣ ਤੋਂ, ਉਸ ਨੇ ਅਪਣੇ ਮੰਗੇਤ੍ਰ ਨੂੰ ਡੰਗਰ ਘਰ 'ਚ ਬੁਲਾ ਕੇ ਸਾਰਾ ਭੇਦ ਖੋਲ੍ਹ ਦਿੱਤਾ, ਤੇ ਕਹਿਆ "ਜੇ ਆਪਣੀ ਜਾਨ ਬਚਾਉਣੀ ਹੈ ਤਾਂ ਹੁਣੇ ਇਥੋਂ ਭੱਜ ਜਾ, ਨਹੀਂ ਤਾਂ ਤੈਨੂੰ ਮਾਰ ਦੇਣਗੇ।" ਛੇਤੀ ਹੀ ਉਥੋਂ ਭੱਜ ਗਿਆ। ਇਸ ਘਟਨਾ ਤੋਂ ਬੀਬੀ ਦੇ ਸਾਊ ਪੁਣੇ ਤੇ ਪਤੀਬ੍ਰਤਾ ਧਰਮ ਵਿੱਚ ਦ੍ਰਿੜ ਹੋਣ ਦਾ ਪ੍ਰਮਾਣ ਮਿਲ ਗਿਆ। ਮਗਰੋਂ ਉਸ ਨੌਜਵਾਨ ਨੇ ਉਸ ਸਾਊ ਗੁਰਮੁਖਿ ਬੀਬੀ ਨਾਲ ਹੀ ਵਿਆਹ ਕਰਵਾਇਆ।

**੧੨੧. ਮਾਤਾ ਸੀਤਾ ਜੀ ਦਾ ਸ੍ਰੀ ਰਾਮਚੰਦ੍ਰ ਜੀ ਨਾਲ ਸੱਚਾ ਪਿਆਰ, ਸਤੀ ਸੀਤਾ ਜੀ:-** ਸੀਤਾ ਬਾਚ ਰਾਮ ਸੋ॥ ਸੋਰਠਾ॥ ਮੈ ਨ ਤਜੋ ਪੀਅ ਸੰਗਿ; ਕੈਸੋਈ ਦੁਖ ਜੀਅ ਪੈ ਪਰੋ॥ ਤਨਕ ਨ ਮੋਰਉ ਅੰਗਿ; ਅੰਗਿ ਤੇ ਹੋਇ ਅਨੰਗ ਕਿਨ॥) ਮਨੋਹਰ ਛੰਦ॥ ਸੂਲ ਸਹੋਂ ਤਨ ਸੂਕ ਰਹੌਂ; ਪਰ ਸੀ ਨ ਕਹੌਂ, ਸਿਰ ਸੂਲ ਸਹੋਂਗੀ॥ ਬਾਘ ਬੁਕਾਰ, ਫਨੀਨ ਫੁਕਾਰ; ਸੁ ਸੀਸ ਗਿਰੋ, ਪਰ ਸੀ ਨ ਕਹੋਂਗੀ॥ ਬਾਸ ਕਹਾ ਬਨਬਾਸ ਭਲੋ; ਨਹੀ ਪਾਸ ਤਜੋ ਪੀਯ ਪਾਇ ਗਹੋਂਗੀ॥ ਹਾਸ ਕਹਾ ਇਹ ਉਦਾਸ ਸਮੈ; ਗ੍ਰਿਹ ਆਸ ਰਹੋ ਪਰ ਮੈ ਨ ਰਹੋਂਗੀ॥ (ਸ੍ਰੀ ਦਸਮ ੨੦੬) ਦੋਹਰਾ॥ ਇਹ ਜਗ ਧੂਅਰੋ ਧਉਲਹਰਿ; ਕਿਹ ਕੇ ਆਯੋ ਕਾਮ॥ ਰਘੁਬਰ ਬਿਨੁ ਸੀਅ ਨਾ ਜੀਐ; ਸੀਅ ਬਿਨ ਜੀਐ ਨ ਰਾਮ॥ (ਸ੍ਰੀ ਦਸਮ ੨੫੩) ਵਾਹਿਗੁਰੂ॥ ਜਦੋਂ ਸ੍ਰੀ ਹਨੂੰਮਾਨ ਜੀ, ਸੀਤਾ ਜੀ ਦੀ ਖ਼ਬਰ ਲੈ ਕੇ ਆਏ, ਸ੍ਰੀ ਰਾਮਚੰਦ੍ਰ ਜੀ ਦੇ ਪੁੱਛਣ ਤੋਂ ਦੱਸਿਆ, "ਆਪ ਜੀ ਦੇ ਮਿਲਣ ਦੀ ਆਸ 'ਚ ਕੇਵਲ ਪ੍ਰਾਣ ਹੀ ਬਾਕੀ ਹਨ।" ਯਥਾ:- ਕਾਗਾ ਕਰੰਗ ਢਢੋਲਿਆ; ਸਗਲਾ ਖਾਇਆ ਮਾਸੁ॥ ਏ ਦੁਇ ਨੈਨਾ ਮਤਿ ਛੁਹਉ; ਪਿਰ ਦੇਖਨ ਕੀ ਆਸ॥ (੧੩੮੨)

**੧੨੨.** ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ॥ ਹਰੀ ਚੰਦ ਰਾਜੇ ਦਾ ਘਰਿ ਸੁਖੁ ਨਾਲ ਵੱਸਦਾ ਸੀ। ਉਸ ਦੀ ਗੁਰਮੁਖਿ (ਨਾਰਿ) ਇਸਤ੍ਰੀ ਰਾਣੀ ਤਾਰਾ (ਸੁ) ਸ੍ਰੇਸਟ ਬੈਰਾਗ ਵਿਵੇਕ ਰੂਪੀ (ਲੋਚਨ) ਅੱਖਾਂ ਵਾਲੀ ਸੀ।

ਸਾਧਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ॥ ਸੱਚੀ ਸੁੱਚੀ ਨਿਰਮਲ ਸਾਧਸੰਗਤਿ ਨਾਲ ਮਿਲਿ ਕੇ ਅਕਾਲਪੁਰਖੁ ਵਾਹਿਗੁਰੂ ਜੀ ਦੇ ਗੁਣ (ਗਾਵਦੇ) ਗੌਂਦੀ ਸੀ। (ਰਾਤੀ) ਰਾਤ ਨੂੰ (ਜਾਇ) ਜਾ ਕੇ ਧੁਰ ਕੇ ਗੁਰਬਾਣੀ ਜੀ (ਸੁਣੈ) ਸੁਣਦੀ ਸੀ।

ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ॥ ਸਾਧਸੰਗਤ ਜੀ 'ਚ ਜਾਣ ਤੋਂ (ਪਿਛੈ) ਪਿੱਛੋਂ (ਨਿਖੰਡਿ) ਇੱਕ ਰਸ ਅਧੀ ਰਾਤਿ (ਵਿਹਾਣੀ) ਗੁਜ਼ਰੀ ਤੇ ਰਾਜਾ ਹਰੀਚੰਦ ਜਾਗਿਆ।

ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ॥ ਰਾਣੀ ਤਾਰਾ ਜੀ (ਦਿਸਿ) ਦਿਸਣ 'ਚ (ਨ) ਨਹੀਂ (ਆਵਈ) ਆਏ। ਤਾਂ ਰਾਜੇ ਦੇ ਮਨ ਵਿਚਿ ਹੈਰਾਣੀ ਵਰਤ ਗਈ।

ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ॥ (ਹੋਰਤੁ) ਹੋਰ ਭਾਵ ਦੂਜੀ (ਰਾਤੀ) ਰਾਤ ਰਾਜਾ ਉਠਿ (ਕੈ) ਕੇ (ਤਰਲ) ਚੰਚਲ (ਜੁਆਣੀ) ਜੁਆਨ ਰਾਣੀ ਦੇ (ਪਿਛੈ) ਪਿੱਛੇ ਚਲਿਆ।

ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ॥ ਰਾਣੀ (ਸੰਗਤੀ) ਸਾਧਸੰਗਤ ਜੀ 'ਚ (ਪਹੁਤੀ) ਪਹੁੰਚੀ। ਰਾਜੇ ਨੇ ਨੀਸਾਣੀ ਵਜੋਂ ਰਾਣੀ ਦੀ ਇੱਕ (ਖੜਾਉ) ਖੜਾਂਵ (ਖੜੀ) ਚੁੱਕ ਲਈ ਜੀ।

ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ॥ ਜਦ ਰਾਣੀ ਵਾਪਿਸ ਘਰ ਜਾਣ ਲੱਗੀ ਤਾਂ ਇੱਕ ਖੜਾਂਵ ਨਹੀਂ ਸੀ। ਤਾਂ ਪ੍ਰੇਮ ਨਾਲ ਸਾਧਸੰਗਤਿ ਜੀ ਨੇ ਗੁਰੂ ਨਾਨਕਦੇਵ ਸਾਹਿਬ ਜੀ ਨੂੰ ਆਰਾਧਿਆ, ਤਾਂ ਪੁਰਾਣੀ ਖੜਾਉ ਨਾਲ ਇੱਕ ਹੋਰ ਖੜਾਂਵ ਮਿਲ ਗਈ ਜਿਸ ਤੋਂ ਖੜਾਵਾਂ ਦੀ ਜੋੜੀ (ਜੁੜੀ) ਜੁੜ ਗਈ।

ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ॥ ਰਾਜੇ ਨੇ ਇਹੁ ਅਸਚਰਜ (ਚਲਿਤੁ) ਕੌਤਕ (ਡਿਠਾ) ਦੇਖਿਆ। ਕਿ ਇਹ ਖੜਾਂਵ ਕਿੱਥੋਂ ਆ ਗਈ? ਮੈਂ ਤਾਂ ਲੁਕਾਈ ਸੀ। ਏਹ ਖੜਾਵ (ਵਿਡਾਣੀ) ਅਸਚਰਜ (ਚੋਜ) ਕੌਤਕ ਹੈ।

ਸਾਧਸੰਗਤਿ ਵਿਟਹੁ ਕੁਰਬਾਣੀ॥੬॥ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਸਾਜੀ ਨਿਵਾਜੀ ਸਾਧਸੰਗਤਿ (ਵਿਟਹੁ) ਤੋਂ (ਕੁਰਬਾਣੀ) ਕੁਰਬਾਨ ਬਲਿਹਾਰ ਜਾਈਏ ਜੀ॥੬॥

**੧੨੩. ਪਤੀਬ੍ਰਤਾ ਬੀਬੀ ਨਰਮਦਾ ਜੀ:-** ਆਪਣੇ ਕੋਹੜੀ ਪਤੀ ਕੌਸ਼ਕ ਬ੍ਰਾਹਮਣ ਨੂੰ ਖਾਰੀ 'ਚ ਬਿਠਾ ਕੇ ਸਿਰ 'ਤੇ ਚੁੱਕੀ ਕਿਤੇ ਜਾ ਰਹੇ ਸਨ। ਰਾਹ 'ਚ ਨਿਰਦੋਸ਼ ਮਾਂਡਵ ਰਿਖੀ, ਸੂਲ਼ੀ 'ਤੇ ਟੰਗਿਆ ਹੋਇਆ ਸੀ। ਹਨੇਰੇ ਕਾਰਨ ਕੌਸ਼ਕ ਜੀ ਦਾ ਪੈਰ ਸੂਲ਼ੀ ਨੂੰ ਲੱਗਿਆ, ਤਾਂ ਰਿਖੀ ਜੀ ਨੇ ਦੁਖੀ ਹੋ ਕੇ ਕਿਹਾ, "ਤੂੰ ਸੂਰਜ ਚੜ੍ਹਨਸਾਰ ਹੀ ਮਰ ਜਾਵੇਂ।" ਪਤੀਬ੍ਰਤਾ ਬੀਬੀ ਜੀ ਨੇ ਆਪਣੀ ਸ਼ਕਤੀ ਨਾਲ ਸੂਰਜ ਚੜ੍ਹਨ ਹੀ ਨਾ ਦਿਤਾ। ਦੇਵਤਿਆਂ ਦੀ ਪ੍ਰਾਰਥਨਾ ਅਨੁਸਾਰ, ਪਤੀਬ੍ਰਤਾ ਅਨਸੂਯਾ ਜੀ ਨੇ ਨਰਮਦਾ ਜੀ ਨੂੰ ਪ੍ਰੇਰ ਕੇ ਸੂਰਜ ਚੜ੍ਹਨ ਦਾ ਵਾਕ ਲਿਆ ਅਤੇ ਦੇਵਤਿਆਂ ਨੇ ਉਸ ਦੇ ਪਤੀ ਜੀ ਨੂੰ ਅਮਰ ਹੋਣ ਦਾ ਵਰ ਦਿੱਤਾ। ਸੋ ਮਾਤਾ ਨਰਮਦਾ ਜੀ ਨੇ ਆਪਣੇ ਪਤੀਬ੍ਰਤਾ ਧਰਮ ਦੇ ਬਲ ਨਾਲ ਆਪਣੇ ਪਤੀ ਜੀ ਨੂੰ ਮੌਤੋਂ ਬਚਾਇਆ ਜੀ।

**੧੨੪. ਬੀਬੀ ਫਾਤਮਾ ਜੀ:-** ਹਜ਼ਰਤ ਮੁਹੰਮਦ ਸਾਹਿਬ ਜੀ ਨੇ ਆਪਣੀ ਬੱਚੀ, ਬੀਬੀ ਫਾਤਮਾ ਜੀ ਦੀ ਸ਼ਾਦੀ, ਆਪਣੇ ਯਾਰ ਹਜ਼ਰਤ ਅਲੀ ਨਾਲ ਕੀਤੀ। "ਮੈਂ ਪੈਗੰਬਰ ਦੀ ਧੀ ਹਾਂ।" ਕਹਿ ਕੇ ਆਪਣੇ ਪਤੀ ਦੇ ਆਖੇ ਹੀ ਨਾ ਲੱਗੇ। ਪਤੀ ਨੇ ਮੁਹੰਮਦ ਸਾਹਿਬ ਜੀ ਪਾਸ ਸ਼ਿਕਾਇਤ ਕੀਤੀ। ਪੈਗੰਬਰ ਸਾਹਿਬ ਨੇ ਕਿਹਾ, "ਹੇ ਬੱਚੀ! ਮੈਂ ਤੈਨੂੰ ਬਹਿਸ਼ਤ ਦੀਆਂ ਚਾਬੀਆਂ ਦਿਤੀਆਂ ਸਨ। ਤੂੰ ਨਹੀਂ ਸੰਭਾਲੀਆਂ। ਉਹ ਬੀਬੀ ਕਦੂਰੀ ਲੈ ਗਈ ਹੈ, ਤੂੰ ਜਾ ਕੇ ਉਸ ਤੋਂ ਲੈ ਆ।" ਬੀਬੀ ਫਾਤਮਾ ਨੇ ਕਦੂਰੀ ਤੋਂ ਪੁੱਛਿਆ, ਤਾਂ ਕਿਹਾ, "ਆਪਣੇ ਪਤੀ ਜੀ ਦੀ ਜੋ ਆਗਿਆ ਮੰਨਣੀ ਹੈ, ਇਹੋ ਹੀ ਬਹਿਸ਼ਤ ਦੀਆਂ ਸੱਚੀਆਂ ਚਾਬੀਆਂ ਹਨ।" ਇਹ ਉਪਦੇਸ਼ ਸੁਣ ਕੇ ਸੇਵਾ ਕਰਨ ਲੱਗੀ ਅਤੇ ਹਸਨ ਤੇ ਹੁਸੈਨ ਨਾਂ ਦੇ ਦੋ ਪੁੱਤਰਾਂ ਦੀ ਦਾਤ

ਮਿਲੀ। ਪਤੀ ਦੀ ਆਗਿਆ ਮੰਨਣ ਬਾਰੇ ਸਤਿਗੁਰੂ ਸਾਹਿਬ ਜੀ ਦੇ ਬਚਨ ਹਨ। ਯਥਾ:- ਸੀਲ ਸੰਜਮਿ; ਪ੍ਰਿਅ ਆਗਿਆ ਮਾਨੈ॥ ਤਿਸੁ ਨਾਰੀ ਕਉ; ਦੁਖੁ ਨ ਜਮਾਨੈ॥(੧੯੫) ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ; ਛੁਟਕੈ ਦੁਰਮਤਿ ਅਪੁਨੀ ਧਾਰੀ॥ ਹੋਇ ਨਿਮਾਣੀ ਸੇਵ ਕਮਾਵਹਿ; ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥(੩੭੭)

**੧੨੫. ਪਤੀਬ੍ਰਤਾ ਬੀਬੀਆਂ:-** ਇੱਕ ਪਤੀਬ੍ਰਤਾ ਆਪਣੇ ਪਤੀ ਜੀ ਦੀ ਸੇਵਾ ਲਈ ਜਾ ਰਹੀ ਸੀ, ਨਮਾਜ਼ ਪੜ੍ਹ ਰਹੇ ਕਾਜ਼ੀ ਦੇ ਕੋਲ ਦੀ ਲੰਘਣ ਤੋਂ, ਕਾਜ਼ੀ ਨੇ ਕੋੜੇ ਮਰਵਾਏ, ਬਈ ਮੇਰੀ ਨਿਮਾਜ਼ (ਕਜ਼ਾਅ) ਭੰਗ ਕਰ ਦਿਤੀ ਹੈ। ਵਾਪਿਸ ਆਈ, ਕਾਜ਼ੀ ਨੂੰ ਦੇਖ ਕੇ ਹੱਸਣ ਲੱਗੀ, ਤਾਂ ਕਾਜ਼ੀ ਨੇ ਕਾਰਨ ਪੁੱਛਿਆ, ਦੱਸਿਆ, "ਮੈਂ ਸੰਸਾਰੀ ਪਤੀ ਜੀ ਦੇ ਧਿਆਨ 'ਚ, ਤੇਰੇ ਕੋੜਿਆਂ ਦੀ ਪ੍ਰਵਾਹ ਨਹੀਂ ਕੀਤੀ। ਤੇਰਾ ਸੱਚੇ ਖ਼ੁਦਾ ਜੀ ਨਾਲ ਸੱਚਾ ਪਿਆਰ ਨਹੀਂ, ਜਿਸ ਕਰਕੇ ਮੇਰੇ ਕੋਲ਼ ਦੀ ਲੰਘਣ ਤੋਂ ਤੇਰੀ ਨਿਮਾਜ਼ ਕਜ਼ਾਅ ਹੋ ਗਈ।" ਧੰਨ ਪਤੀਬ੍ਰਤਾ। ਧਣੀ ਵਿਹੂਣਾ ਪਾਟ ਪਟੰਬਰ; ਭਾਹੀ ਸੇਤੀ ਜਾਲੇ॥ ਧੂੜੀ ਵਿਚਿ ਲੁਡੰਦੜੀ ਸੋਹਾਂ; ਨਾਨਕ ਤੈ ਸਹ ਨਾਲੇ॥(੧੪੨੪)

**੧੨੬. ਪਤੀਬ੍ਰਤਾ ਧਰਮ ਨਾ ਧਾਰਨ ਵਾਲੀ ਇਸਤ੍ਰੀ ਦੀ ਸਾਖੀ:-** ਸ੍ਰੀਰਕ ਸ਼ਿੰਗਾਰ ਲਾਉਣੇ ਕਰਕੇ ਪਤੀ ਦੀ ਪ੍ਰਸੰਨਤਾ ਨਹੀਂ ਹੁੰਦੀ, ਜੇਕਰ ਮਨ 'ਚ ਖੋਟ ਹੋਵੇ। ਇੱਕ ਨਲਾਇਕ ਇਸਤ੍ਰੀ ਮੜ੍ਹੀ ਸਾਹਮਣੇ ਬੈਠ ਕੇ ਸੁੱਖਣਾ ਸੁੱਖਦੀ ਰਹਿੰਦੀ, ਕਿ ਮੇਰਾ ਪਤੀ ਅੰਨ੍ਹਾ ਹੋ ਜਾਵੇ। ਉਸ ਦੇ ਪਤੀ ਨੇ ਫਸਲ 'ਚ ਬੈਠਿਆਂ ਕਿਹਾ, "ਤੇਰਾ ਪਤੀ ਇੱਕ ਮਹੀਨੇ 'ਚ ਅੰਨ੍ਹਾਂ ਹੋ ਜਾਵੇਗਾ, ਜੇਕਰ ਉਸ ਨੂੰ ਰੱਜਵਾਂ ਕੜਾਹ ਕਰਕੇ ਛਕਾਇਆ ਕਰੇਂ।" ਪੰਦ੍ਹਾਂ ਦਿਨ ਕੜਾਹ ਖ਼ਾ ਕੇ ਪਤੀ ਨੇ ਕਿਹਾ, "ਮੈਨੂੰ ਤਾਂ ਬਹੁਤ ਘੱਟ ਦਿਸਣ ਲੱਗ ਗਿਆ ਹੈ।" ਸੁਣ ਕੇ ਬੜੀ ਹੀ ਖ਼ੁਸ਼ ਹੋਈ। ਵਧੇਰੇ ਚਾਅ ਨਾਲ ਰੱਜਵਾਂ ਕੜਾਹ ਖ਼ੁਆਉਣ ਲੱਗੀ। ਜੱਟ ਨੇ ਇੱਕ ਮਹੀਨੇ ਮਗਰੋਂ ਕਿਹਾ, "ਮੈਨੂੰ ਦਿਸਣੋ ਹਟ ਗਿਆ ਹੈ।" ਉਸ ਨੇ ਵੱਡੇ ਬੂਹੇ ਪਾਸ ਮੰਜਾ ਡਾਹ ਲਿਆ ਤੇ ਖੋਤੇ ਮੰਗਵਾ ਕੇ ਬੋਹਲ ਤੁਲਵਾਉਣ ਲੱਗੀ। ਅਜੇ ਬੋਰੀਆਂ ਭਰੀਆਂ ਹੀ ਸਨ ਕਿ ਜੱਟ ਭਖ ਉੱਠਿਆ, ਬੂਹੇ ਨੂੰ ਜਿੰਦਰਾ ਲਾ ਕੇ, ਘਰ ਵਾਲੀ ਸਮੇਤ ਤੋਲਣ ਵਾਲਿਆ ਨੂੰ ਕੁੱਟਿਆ।

ਵਾਹਿਗੁਰੂ॥ ਇੱਕ ਇਸਤ੍ਰੀ ਚੂਰੀ ਖ਼ਾ ਰਹੀ ਸੀ, ਪਤੀ ਨੇ ਪੁੱਛਿਆ, "ਕੀ ਖਾਂਦੀ ਹੋਂ?" ਕਿਹਾ, "ਇਹ ਚੋਹਲਾ ਚਰਖੇ ਚੱਕੀ ਦਾ, ਘਰ ਵਾਲੇ ਨੂੰ ਨਹੀਂ ਦੱਸੀਦਾ।" ਫਿਰ ਇੱਕ ਦਿਨ ਪਤੀ ਦੀ ਰੋਟੀ ਖੇਤ 'ਚ ਲੈ ਕੇ ਗਈ, ਤਾਂ ਪਤੀ ਮਿਠਿਆਈ ਖਾਈ ਜਾਵੇ। ਇਸ ਨੇ ਪੁੱਛਿਆ, "ਕੀ ਛਕਦੇ ਹੋਂ?" ਤਾਂ ਪਤੀ ਨੇ ਭੀ ਉਸੇ ਤਰ੍ਹਾਂ ਹੀ ਉੱਤਰ ਦਿੱਤਾ, "ਇਹ ਚੋਹਲਾ ਹਲ ਪੰਜਾਲੀ ਦਾ, ਘਰ ਵਾਲੀ ਨੂੰ ਨਹੀਂ ਵਿਖਾਲੀਦਾ, ਰਲ਼ ਮਿਲ ਕੇ ਝੁੱਗਾ ਗਾਲ਼ੀਦਾ।" ਸੋ ਕਹਾਵਤ ਹੈ ਜੇ ਕੋਈ ਘਰ 'ਚੋਂ ਨਿੱਤ ਸੂਈ ਭੀ ਗਵਾਵੇ, ਤਾਂ ਭੀ ਘਰ ਕੱਖ ਨਹੀਂ ਰਹਿੰਦਾ।

**੧੨੭. ਪਤੀਬ੍ਰਤਾ ਦਾ ਮੋਲ਼ਾ ਖੜ੍ਹਨਾ, ਔਗੁਣਿਆਰੀ ਦਾ ਡਿੱਗਣਾ:-** ਉੱਖਲੀ 'ਚ ਛੋਲਿਆਂ ਦੀਆਂ ਬੱਕਲੀਆਂ ਕੁੱਟ ਰਹੀ ਪਤੀਬ੍ਰਤਾ ਤੋਂ ਉਸ ਦੇ ਪਤੀ ਜੀ ਨੇ ਪਾਣੀ ਮੰਗਿਆ, ਮਿਠਾ ਬੋਲਹਿ ਨਿਵਿ ਚਲਹਿ; ਸੇਜੈ ਰਵੈ ਭਤਾਰੁ॥ (੩੧) ਅਨੁਸਾਰ ਉਸੇ ਵੇਲੇ ਮੋਲ਼ਾ ਛੱਡ ਕੇ, ਪਾਣੀ ਲੈ ਕੇ ਚਰਨਾਂ ਵੱਲ ਖੜ੍ਹ ਗਈ, ਪਤੀ ਜੀ ਨੂੰ ਨੀਂਦ ਆ ਗਈ, ਬਹੁਤ ਸਮਾਂ ਖੜ੍ਹੀ ਰਹੀ। ਪਰ ਇਸ ਦਾ ਮੋਲ਼ਾ ਉਸੇ ਤਰ੍ਹਾਂ ਹੀ ਖੜ੍ਹਾ ਰਿਹਾ, ਜਾਗਣ 'ਤੇ ਪਾਣੀ ਪਿਲਾਇਆ। ਲੋਕਾਂ 'ਚ ਇਸ ਦੀ ਜੈ ਜੈਕਾਰ ਹੋ ਗਈ। ਵਾਹਿਗੁਰੂ॥ ਪਤੀਬ੍ਰਤਾ ਦੀ ਰੀਸ ਕਰਕੇ ਇੱਕ ਔਗੁਣਿਆਰੀ ਨੇ ਪਤੀ ਨੂੰ ਕਿਹਾ, "ਪੈ ਕੇ ਮੈਥੋਂ ਪਾਣੀ

ਮੰਗੀਂ।" ਪਾਣੀ ਮੰਗਣ ਤੋਂ ਲੈ ਕੇ ਗਈ, ਪਤੀ ਨੂੰ ਨੀਂਦ ਆ ਗਈ। ਇਸ ਦਾ ਮੋਲ਼ਾ ਡਿੱਗ ਪਿਆ। ਇਸ ਨੇ ਗੁੱਸੇ ਨਾਲ ਪਤੀ ਦੇ ਮੋਲ਼ਾ ਹੀ ਮਾਰ ਦਿੱਤਾ ਤੇ ਕਿਹਾ, "ਤੇਰਾ ਸਤ ਕਾਇਮ ਨਹੀਂ।"

## ਪ੍ਰਸੰਗ ੮- ਜਤੀ ਸਤੀ ਬਹਾਦਰਾਂ ਅਤੇ ਨੌਂ ਧੁਨਾਂ ਦੀਆਂ ਸਾਖੀਆਂ:-

੧੨੮. ਵਾਹਿਗੁਰੂ॥ ਲਿਖਾਰੀ ਰਾਏਬਹਾਦਰ ਘਨਈਆ ਲਾਲ ਜੀ 'ਤਾਰੀਖੇ ਪੰਜਾਬ' ਅਤੇ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਦਰਬਾਰੀ ਕਵੀ ਕੰਕਣ ਜੀ ਨੇ 'ਦਸ ਗੁਰੁ ਕਥਾ' ਤੇ ਹੋਰ ਕਈ ਧਾਰਮਿਕ ਗ੍ਰੰਥਾਂ 'ਚ, ਬਾਬਾ ਜੈਤਾ ਜੀ ਤੇ ਉਨ੍ਹਾਂ ਦੇ ਪਿਤਾ ਜੀ ਦਾ ਇਹ ਕੁਰਬਾਨੀ ਭਰਿਆ ਪ੍ਰਸੰਗ ਇਉਂ ਲਿਖਿਆ ਹੈ:- ਬਾਬੇ ਜੈਤੇ ਜੀ ਨੇ ਆਪਣੇ ਪਿਤਾ ਜੀ ਨੂੰ ਕਿਹਾ, "ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਸ਼ਹੀਦ ਧੜ ਅਤੇ ਸੀਸ ਦਾ ਸਤਿਕਾਰ ਕਰਨਾ ਅਤਿਅੰਤ ਹੀ ਜ਼ਰੂਰੀ ਹੈ, ਇਸ ਕਰਕੇ ਪਿਤਾ ਜੀ ਤੁਸੀਂ ਦਾਸ ਦਾ ਸਿਰ ਵੱਢੋ, ਦਾਸ ਦਾ ਸਿਰ ਤੇ ਧੜ ਸੱਚੇ ਸਤਿਗੁਰੂ ਸਾਹਿਬ ਜੀ ਦੇ ਪਾਸ ਰੱਖ ਕੇ, ਸੱਚੇ ਸਤਿਗੁਰੂ ਸਾਹਿਬ ਜੀ ਦਾ ਸੀਸ ਚੁੱਕ ਲਿਉ।" ਪਿਤਾ ਜੀ ਨੇ ਗੁਰੂ ਜੀ ਤੋਂ ਕੁਰਬਾਨ ਹੋਣ ਦੇ ਪਿਆਰ ਭਰੇ ਜੋਸ਼ 'ਚ ਕਿਹਾ, "ਦਾਸਨਦਾਸ ਦੀ ਉਮਰ, ਸੱਚੇ ਸਤਿਗੁਰੂ ਸਾਹਿਬ ਜੀ ਦੀ ਉਮਰ ਨਾਲ ਮਿਲਦੀ ਹੈ, ਨਾਲੇ ਤੂੰ ਸੱਚੇ ਸਤਿਗੁਰੂ ਸਾਹਿਬ ਜੀ ਦੇ ਸੀਸ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਪਹੁੰਚਾ ਦੇਵੇਂਗਾ।" ਲਾਇਕ ਸਪੁੱਤ੍ਰ ਬਾਬੇ ਜੈਤਾ ਜੀ ਨੇ ਪਿਤਾ ਜੀ ਦੀ ਦਲੇਰੀ ਕੁਰਬਾਨੀ ਭਰੀ ਬੇਨਤੀ ਪ੍ਰਵਾਨ ਕਰਕੇ, ਆਪਣੇ ਪਿਤਾ ਸਦਾਰਾਮ ਜੀ ਦਾ ਸੀਸ ਕੱਟ ਦਿਤਾ।

ਵਾਹਿਗੁਰੂ॥ ਬੜੀ ਡੂੰਘੀ ਯੋਜਨਾ ਬਣਾ ਕੇ ੧੦੦੦੦ ਬੈਲਾਂ ਦੀ ਭੀੜ ਤੇ ਕੁੱਝ ਗੱਡੇ ਲੈ ਕੇ ਲਾਲ ਕਿਲੇ ਵੱਲੋਂ ਚਾਂਦਨੀ ਚੌਂਕ ਨੂੰ ਲੱਖੀਸ਼ਾਹ ਵਣਜਾਰਾ ਜੀ ਅੱਗੇ ਵਧੇ। ਇਹ ਪਾਤਿਸ਼ਾਹੀ ਠੇਕੇਦਾਰ ਸਨ। ਇਨ੍ਹਾਂ ਦੇ ਅੱਠ ਸਪੁੱਤ੍ਰ ਤੇ ਸੇਵਾਦਾਰ, ਭਾਈ ਜੈਤਾ ਜੀ ਸਮੇਤ, ਬੈਲਾਂ ਨੂੰ ਭਜਾਉਂਦੇ, ਗੁਰੂ ਜੀ ਦੇ ਪਰਮਪਵਿੱਤ੍ਰ ਧੜ ਪਾਸ ਆ ਗਏ। ਸੱਚੇ ਸਤਿਗੁਰੂ ਸਾਹਿਬ ਜੀ ਦੇ ਪ੍ਰੇਮੀ, ਇਸ ਹਫੜਾ ਦਫੜੀ 'ਚ ਰੋਂਦੇ ਕੁਰਲਾਂਦੇ ਹਾਹਾਕਾਰ ਕਰਦੇ ਸਨ, ਤਾਂ ਪ੍ਰੇਮੀ ਜੈਤਾ ਜੀ ਅਤੇ ਭਾਈ ਲੱਖੀਸ਼ਾਹ ਜੀ ਦੇ ਉਦਾਰ ਸ਼ੇਰ ਦਲੇਰ ਮਰਦ ਸੂਰਮੇ ਲਾਇਕ ਸਪੁੱਤ੍ਰ ਭਾਈ ਨਗਾਹੀਆ ਸਿੰਘ ਜੀ ਨੇ ਗੁਰਮੁਖਿ ਪਿਆਰੇ ਸ਼ਹੀਦ ਸਦਾਰਾਮ ਜੀ ਦਾ ਧੜ ਤੇ ਸੀਸ ਗੱਡੇ ਚੋਂ ਲਾਹ ਕੇ, ਸੱਚੇ ਸਤਿਗੁਰੂ ਸਾਹਿਬ ਜੀ ਪਾਸ ਰੱਖ ਦਿੱਤਾ। ਬਾਬਾ ਜੈਤਾ ਜੀ ਬਿਜਲੀ ਦੇ ਚਮਕਾਰੇ ਵਾਂਗ ਸੱਚੇ ਸਤਿਗੁਰੂ ਸਾਹਿਬ ਜੀ ਦੇ ਸੀਸ ਸਾਹਿਬ ਜੀ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਤੁਰ ਪਏ ਅਤੇ ਸੱਚੇ ਸਤਿਗੁਰੂ ਸਾਹਿਬ ਜੀ ਦੀ ਪਰਮਪਵਿੱਤ੍ਰ, ਗੁਰ ਅੰਮ੍ਰਿਤ ਭਿੰਨੀ ਦੇਹੁਰੀ; ਰੂੰ ਦੇ ਗੱਡੇ ਚ ਟਿਕਾਅ ਲਈ। ਯਥਾ:- ਧੰਨ ਪਾਰਾਂਦੇਈ ਮਾਤਾ, ਪੂਤ ਜਨਮਿਆਂ ਨਗਾਹੀਆ। ਪਹਿਰੇਦਾਰ ਸ਼ਾਹੀ ਮਾਰ ਭਗਾਏ। ਗੁਰ ਕੀ ਲੋਥ ਉਠਾਇ ਲਿਆਨੀ; ਜਸ ਜੱਗ ਮੈ ਪਾਇਆ। ਪਿਤਾ ਪੂਤ ਰੌਸ਼ਨ ਭਏ ਆਏ। ਜਸੁ ਗਾਊਂ ਤਉ ਲਖੀਸ਼ਾਹ ਠਾਕਰ ਕਾ।



**੧੨੯. ਨਿਹੰਗ ਨਿਬਾਹੂ ਸਿੰਘ ਜੀ ਦੀ ਬਹਾਦਰੀ:-** ਜਦੋਂ ਹਕੂਮਤ ਨੇ ਗੁਰੂ ਖ਼ਾਲਸੇ ਜੀ ਦਾ ਜਿਉਣਾ ਹਰਾਮ ਕੀਤਾ ਹੋਇਆ ਸੀ ਤਾਂ ਸਤਿਗੁਰੂ ਸਾਹਿਬ ਜੀ ਦੇ ਨਿਰਮਲ ਹਠੀ ਜਪੀ ਤਪੀ ਸਿੰਘ ਜੰਗਲਾਂ ਵਿੱਚ ਰਹਿਣ ਲੱਗੇ। ਜਿਵੇਂ ਦਿੱਲੀ ਦੇ ਤਖ਼ਤ 'ਤੇ, ਜ਼ਾਲਮ ਫਰੁਖਸ਼ੀਅਰ ਦੇ ਹੁਕਮ ਨਾਲ, ਜ਼ਾਲਮ ਮੀਰਮੰਨੂ ਨੇ, ਲਹੌਰ ਵਿਖੇ, ਇੱਕ ਇੱਕ ਸਿੰਘ ਦੇ ਸਿਰ ਦਾ ਮੁੱਲ ਪੰਜਾਹ ਪੰਜਾਹ ਦਮੜੇ ਰੱਖ ਦਿਤਾ। ਸਾਰੇ ਹੀ ਦੇਸ਼ 'ਚ ਹਾਹਾਕਾਰ ਮੱਚ ਗਈ। ਪੈਸੇ ਲੈਣ ਦੇ ਹਲ਼ਕ ਕਰਕੇ, ਹਲ਼ਕੇ ਕੁੱਤੇ ਜ਼ਾਲਮ, ਨੌਜਵਾਨ ਬੱਚੀਆਂ ਦੇ ਸਿਰ ਭੀ ਵੱਢ ਕੇ ਲੈ ਜਾਂਦੇ। ਯਥਾ:- ਲੋਭ ਲਹਰਿ ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥) ਕਿਹਾ ਜਾਂਦਾ, "ਸਿੱਖੀ ਤਿਆਗੋ. ਦੀਨ ਕਬੂਲ ਕਰੋ, ਬਖ਼ਸ਼ੇ ਜਾਉਂਗੇ"। ਦੀਨ ਕਬੂਲ ਨ ਕਰਨ ਤੋਂ, ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਜ਼ਾਲਮ ਰਾਜ ਸਿੰਘਾਂ ਨੂੰ ਲੱਭ ਲੱਭ ਕੇ ਮਾਰਦੇ ਸਨ। ਸਿਰਾਂ ਤੇ ਮੁਲ ਪਏ ਹੋਏ ਸਨ। ਗਰਭਵਤੀ ਸਿੰਘਣੀਆਂ ਨੂੰ ਮਾਰ ਦਿੰਦੇ ਸਨ। ਮੁਗਲ ਹਕੂਮਤ ਅਬਿਨਾਸੀ ਅਕਾਲਪੁਰਖੁ ਜੀ ਦਾ ਸਾਜਿਆ ਨਿਵਾਜਿਆ ਅਬਿਨਾਸੀ ਖ਼ਾਲਸਾ ਪੰਥ ਨੂੰ ਖਤਮ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕਰ ਰਹੀ ਸੀ। ੧੮੦੪ ਬਿ: 'ਚ ਸਿੰਘਾਂ ਨੇ ਏਮਨਾਬਾਦ ਪਹੁੰਚ ਕੇ ਗੁਰਦੁਆਰਾ ਸ੍ਰੀ ਰੋੜੀ ਸਾਹਿਬ ਜੀ ਵਿਖੇ ਵਿਸਾਖੀ ਦਾ ਜੋੜ ਮੇਲਾ ਕੀਤਾ। ਸਿੰਘਾਂ ਨੇ ਉਸ ਇਲਾਕੇ ਦਾ ਦਿਵਾਨ ਜਸਪਤ ਰਾਏ ਨੂੰ ਇੱਕ ਚਿੱਠਾ ਲਿਖਿਆ, "ਆਪਾਂ ਭਾਈ ਭਾਈ ਹਾਂ, ਅਸੀਂ ਬਹੁਤ ਦਿਨਾਂ ਦੇ ਭੁੱਖੇ ਹਾਂ, ਇਥੇ ਗੁਰੂ ਸਾਹਿਬ ਜੀ ਦੇ ਅਸਥਾਨ ਤੇ ਦੋ ਦਿਨ ਰਹਿ ਕੇ, ਵਿਸਾਖੀ ਦਾ ਜੋੜ ਮੇਲਾ ਮਨਾ ਕੇ, ਅਸੀਂ ਅਗਾਂਹ ਨੂੰ ਚਾਲੇ ਪਾ ਦੇਣੇ ਹਨ" ਇਤਿ ਆਦਿਕ ਬਚਨ ਲਿਖ ਕੇ ਚਿੱਠਾ ਭੇਜਿਆ। ਪਰ ਜਸਪਤ ਰਾਏ, ਸਿੰਘਾਂ ਦਾ ਵੈਰੀ ਸੀ। ਉਹ ਸਿੰਘਾਂ ਉਤੇ ਹਾਥੀ 'ਤੇ ਅਸਵਾਰ ਫੌਜਾਂ ਨਾਲ ਚੜ੍ਹ ਕੇ ਆਇਆ, ਸਿੰਘਾਂ ਨੂੰ ਬਹੁਤ ਗਾਲ਼ਾਂ ਤੇ ਬੁਰੇ ਬੋਲ ਬੋਲੇ। ਤਾਂ ਹਠੀ

ਤਪੀ ਜੋਧਾ ਨਿਬਾਹੂ ਸਿੰਘ ਨੇ ਫੁਰਤੀ ਨਾਲ ਹਾਥੀ ਦੀ ਪੂਛ ਫੜ ਕੇ ਇੱਕੋ ਹੀ ਛਾਲ ਵਿੱਚ ਹਾਥੀ 'ਤੇ ਚੜ੍ਹ ਕੇ ਦੁਸ਼ਟ ਜਸਪਤ ਰਾਏ ਪਾਪੀ ਦਾ ਸਿਰ ਵੱਢ ਦਿੱਤਾ। ਦੋਹਰਾ॥ ਵਹਿ ਲੂਟਨ ਚੜ੍ਹਿਓ ਖਾਲਸੇ, ਸੋ ਲੀਓ ਖਾਲਸੇ ਲੂਟ। ਨਿਬਾਹੂ ਸਿੰਘ ਗਜ ਪੈ ਚੜ੍ਹਯੋ ਮਾਰ ਤੇਰਾ ਦਿਓ ਸੂਟ॥੪੯॥ ਚੌਪਈ॥ ਨਿਬਾਹੂ ਸਿੰਘ ਚੜ੍ਹ ਗਜ ਪੈ ਗਯੋ। ਸੀਸ ਕਾਟ ਸਭ ਜ਼ੇਵਰ ਲਯੋ। ਔਰ ਦਰਬ ਦਈ ਊਪਰੋਂ ਗੇਰ। ਔਰ ਸਿੰਘਨ ਚਕ ਲੀਨੀ ਢੇਰ॥੫੦॥ ਦੋਹਰਾ॥ ਠਾਰਾਂ ਸੈ ਚੌਰੋ ਤਰੋ ਹੁਤੋ ਬਿਕ੍ਰਮ ਨ੍ਰਿਪ ਸਾਲ। ਜਸਪਤ (ਮਾਹਾਂ ਪਾਪੀ) ਮਾਰ ਕੇ ਲੀਯੋ ਸਿੰਘਨ ਬਹੁ ਮਾਲ॥੫੧॥

**੧੩੦. ਸ਼ਹੀਦ ਸਿੰਘਣੀਆਂ ਨੇ ਸਬਰ ਸੰਤੋਖ ਦੇ ਪਿਆਲੇ ਪੀ ਕੇ, ਜਤ ਸਤ ਅਤੇ ਸਿੱਖੀ ਸਿਦਕ 'ਚ ਅਡੋਲ ਰਹਿਣਾ:-** ਸੰਮਤ ੧੮੧੦ 'ਚ ਆਹਮੋ ਸਾਹਮਣੇ ਲੜਾਈ 'ਚ, ਜ਼ਾਲਮ ਫ਼ੌਜਾਂ, ਗੁਰੂ ਖ਼ਾਲਸੇ ਜੀ ਦਾ ਜਦ ਕੁੱਝ ਭੀ ਨਾ ਵਿਗਾੜ ਸਕੀਆਂ, ਤਾਂ ਜ਼ਾਲਮ ਹਾਕਮਾਂ ਨੇ ਖੋਟੀਆਂ ਚਾਲਾਂ ਆਰੰਭੀਆਂ। ਜ਼ਾਲਮ ਫ਼ੌਜਾਂ, ਸਿੰਘਾਂ ਦੇ ਘਰਾਂ ਨੂੰ ਲੁੱਟ ਢਾਹ ਕੇ, ਸਿੰਘ ਸਿੰਘਣੀਆਂ ਬਾਲਕਾਂ ਨੂੰ ਫੜ ਕੇ ਲਿਜਾਣ ਲੱਗੇ। ਇਸ ਘੋਰ ਭਿਆਨਕ ਜ਼ੁਲਮ ਨਾਲ ਦੇਸ਼ 'ਚ ਹਾਹਾਕਾਰ ਮੱਚ ਗਈ। ਕਈ ਸਿੰਘਣੀਆਂ ਫ਼ੌਜੀਆਂ ਨਾਲ ਮੁਕਾਬਲਾ ਕਰਦੀਆਂ ਸ਼ਹੀਦ ਹੋ ਗਈਆਂ ਤੇ ਕਈ ਨਿਰਦੋਸ਼ ਬੀਬੀਆਂ ਨੂੰ ਜ਼ਾਲਮ ਪਾਪੀ ਬੰਨ੍ਹ ਕੇ ਲਾਹੌਰ ਲੈ ਗਏ। ਸ਼ਹੀਦ ਗੰਜ ਪਾਸ, ਸਿੰਘਣੀਆਂ ਨੂੰ ਭੋਰਿਆਂ 'ਚ ਡੱਕ ਦਿੱਤਾ ਗਿਆ। ਕਈ ਦਿਨ ਖਾਣ ਲਈ ਕੁੱਝ ਨਾ ਦਿੱਤਾ। ਦੁੱਧ ਪੀਣ ਵਾਲੇ ਬੱਚੇ, ਰੋ ਰੋ ਕੇ ਮਾਵਾਂ ਨੂੰ ਚੁੰਬੜਨ, ਪਰ ਮਾਵਾਂ ਕੁੱਝ ਖਾਣ ਤਾਂ ਦੁੱਧ ਉੱਤ੍ਰੇ। ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥ ਅਨੁਸਾਰ ਸਬਰ ਸ਼ੁਕਰ 'ਚ ਰਹਿ ਕੇ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ (੩੯੪) ਪੜ੍ਹ ਪੜ੍ਹ ਕੇ ਬੱਚਿਆਂ ਨੂੰ ਚੁੱਪ ਕਰਾਉਂਦੀਆਂ। ਸਵਾ ਸਵਾ ਮਣ ਦਾਣੇ ਪੀਂਹਦੀਆਂ। ਅੱਧੀ ਅੱਧੀ ਰੋਟੀ 'ਤੇ ਪਾਣੀ ਦਾ ਪਿਆਲਾ ਪੀਣ ਲਈ ਮਿਲਦਾ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਪ੍ਰਸੰਗਾਂ ਨੂੰ ਯਾਦ ਕਰ ਕਰ ਕੇ, ਜੀਵਨ ਦੇ ਪਲ ਬਿਤਾਉਂਦੀਆਂ, ਆਪਣੇ ਦੁੱਖਾਂ ਤੇ ਤਕਲੀਫਾਂ ਨੂੰ ਸਬਰ ਸ਼ੁਕਰ ਨਾਲ ਜਰਦੀਆਂ, ਭਾਵੇਂ ਕਈ ਮਹੀਨੇ ਇਉਂ ਹੀ ਭੁੱਖੀਆਂ ਤਿਹਾਈਆਂ ਨੂੰ ਬੀਤ ਗਏ, ਪਰ ਫੇਰ ਭੀ ਸਿਦਕ ਨਾ ਹਾਰਿਆ। ਯਥਾ:- ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥ ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥

"ਹੇ ਅਕਾਲਪੁਰਖੁ ਸੁਆਮੀ ਜੀ! ਸਾਨੂੰ ਸਿਦਕ ਬਖ਼ਸ਼ੋ, ਭਾਵੇਂ ਅਸੀਂ ਸ੍ਰੀਰ ਕਰਕੇ ਨਿਰਬਲ ਹਾਂ ਪਰ ਆਪ ਜੀ ਨੇ ਅਪਾਰ ਕ੍ਰਿਪਾ ਕਰਕੇ, ਅਪਣੇ ਬਚੀਆਂ ਦੇ ਮਨ ਬਲਵਾਨ ਬਣਾਏ ਹਨ ਤੇ ਪਵਿੱਤ੍ਰ ਸਤ ਧਰਮ ਬਖ਼ਸ਼ਿਆ ਹੈ ਜੀ। ਅਪਣੇ ਬਿਰਦ ਬਾਣੀ ਦੀ ਲਾਜ ਰੱਖੋ ਜੀ। ਭਾਣਾ ਮੰਨਣ, ਨਾਮ ਜਪਣ ਦਾ ਬਲ ਬਖ਼ਸ਼ੋ ਜੀ। ਅਕਹਿ ਅਸਹਿ ਤਸੀਹੇ ਭੋਗੀਏ ਪਰ ਧਰਮ ਨਾ ਹਾਰੀਏ। ਸ੍ਰੀਰ ਦੇ ਟੋਟੇ ਟੋਟੇ ਹੋ ਜਾਣ ਪਰ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਵਾਂਗ ਸਿਦਕ ਤੋਂ ਮੂੰਹ ਨਾ ਮੋੜੀਏ। ਆਪ ਜੀ ਸੱਚ ਪ੍ਰੇਮ ਸਰੂਪ ਹੋ ਜੀ। ਆਪ ਜੀ ਦੇ ਬਖ਼ਸ਼ੇ ਬਲ, ਆਪ ਜੀ ਦੇ ਸੱਚੇ ਨਾਮ ਤੋਂ ਬਲਿਹਾਰ ਕੁਰਬਾਨ ਜਾਈਏ। ਤਲਵਾਰ ਦੇ ਜੌਹਰ ਚਖੀਏ ਪਰ ਕੱਚ ਤੇ ਝੂਠ ਨਾ ਵਿਹਾਜੀਏ" ਇਉਂ ਰੋਜ਼ਾਨਾ ਅਰਦਾਸਾਂ ਪ੍ਰੇਮ ਬੇਨਤੀ ਕਰਦੀਆਂ, ਅਜਰ ਜਰਦੀਆਂ, ਧੀਰਜ ਧਰਦੀਆਂ।

ਇੱਕ ਦਿਨ ਜ਼ਾਲਮ ਪਾਪੀ ਮੰਨੂੰ ਨੇ ਖ਼ੁਦ ਆ ਕੇ ਸਿੰਘਣੀਆਂ ਨੂੰ ਆਖਿਆ, "ਜਿਨ੍ਹਾਂ ਸਿੰਘਾਂ ਪਿੱਛੇ ਤੁਸੀਂ ਆਪਣੀ ਜੁਆਨੀ ਨੂੰ ਬਰਬਾਦ ਕਰ ਰਹੀਆਂ ਹੋਂ, ਉਨ੍ਹਾਂ ਨੇ ਤੁਹਾਨੂੰ ਕੀ ਸੁਖ ਦੇਣਾ ਹੈ? ਉਹ ਤਾਂ ਆਪ ਜੰਗਲ਼ਾਂ 'ਚ ਰੁਲਦੇ ਫਿਰਦੇ ਹਨ।" ਅੱਗੋਂ ਕਿਹਾ, "ਸੂਬਿਆ! ਤੈਨੂੰ ਭੁਲੇਖਾ ਹੈਂ। ਅਸੀਂ ਤਾਂ ਪਰਮਪੂਜਨੀਕ ਸਤਿਗੁਰੂ ਪੰਜਵੇਂ ਪਾਤਿਸ਼ਾਹ, ਨੌਵੇਂ ਪਾਤਿਸ਼ਾਹ, ਕਲਗੀਧਰ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ, ਤੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ

ਜਪਦੀਆਂ ਹਾਂ, ਅੰਮ੍ਰਿਤ ਛਕੇ ਦਾ ਸਿਦਕ ਨਿਭਾ ਰਹੀਆਂ ਹਾਂ। ਸਹੀ, ਸੱਚਾ ਮੁਸਲਮਾਨ ਜ਼ੁਲਮ ਨਹੀਂ ਕਰਦਾ। ਯਥਾ:- ਮੁਸਲਮਾਣੁ ਮੋਮ ਦਿਲਿ ਹੋਵੈ॥ ਜਿਸ ਇਸਲਾਮ ਨੂੰ ਤੂੰ ਕਬੂਲ ਕਰਨ ਲਈ ਕਹਿੰਦਾ ਹੈਂ, ਇਹ ਸਾਨੂੰ ਮਨਜ਼ੂਰ ਨਹੀਂ। ਜਾਨ ਭਾਵੇਂ ਰਹੇ ਜਾਂ ਨਾ ਰਹੇ, ਇਸ ਦੀ ਸਾਨੂੰ ਰੱਤੀ ਭੀ ਪ੍ਰਵਾਹ ਨਹੀਂ। ਇਕੁ ਰਾਮੁ ਨ ਛੋਡਉ; ਗੁਰਹਿ ਗਾਰਿ॥ ਮੋਕਉ ਘਾਲਿ ਜਾਰਿ; ਭਾਵੈ ਮਾਰਿ ਡਾਰਿ॥ (੧੧੯੪) ਅਨੁਸਾਰ ਇਹ ਸਿਰ ਗੁਰੂ ਪ੍ਰਮੇਸਰ ਜੀ ਦੇ ਹਨ, ਇਹ ਸਿੱਖੀ ਲਈ ਹੀ ਲੱਗਣਗੇ, ਸਿਰ ਜਾਵੇ ਤਾਂ ਜਾਵੇ; ਮੇਰਾ ਸਿੱਖੀ ਸਿਦਕ ਨਾ ਜਾਵੇ। ਜੀਵਨ ਦੇ ਸੁਖਾਂ ਲਈ, ਗੁਰੂ ਪ੍ਰਮੇਸਰ ਜੀ ਵੱਲੋਂ ਬੇਮੁਖ ਨਹੀਂ ਹੋਵਾਂਗੇ। ਅੰਮ੍ਰਿਤ ਛਕਣ ਸਮੇਂ, ਸਤਿਗੁਰੂ ਪ੍ਰਮੇਸਰ ਜੀ ਨੂੰ ਆਪਣੇ ਸਿਰ ਅਰਪੇ ਸਨ।" ਯਥਾ:- ਮਨੁ ਤਨੁ ਧਨੁ ਆਗੈ ਰਾਖਿਆ; ਸਿਰੁ ਵੇਚਿਆ ਗੁਰ ਆਗੈ ਜਾਇ॥ (੧੪੧੩)

ਇਹ ਸੁਣ ਕੇ, ਜ਼ਾਲਮ ਮੰਨੂੰ ਨੇ ਸਿਪਾਹੀਆਂ ਨੂੰ ਹੁਕਮ ਦਿਤਾ, "ਇਨ੍ਹਾਂ ਸਭਨਾਂ ਦੇ ਬੱਚੇ ਖੋਹ ਲਵੋ ਤੇ ਇਨ੍ਹਾਂ ਦੇ ਸਾਹਮਣੇ ਹੀ ਟੁਕੜੇ ਟੁਕੜੇ ਕਰ ਦਿਓ। ਦੇਖੀਏ ਕਿ ਕਿਵੇਂ ਇਹ ਮੇਰਾ ਹੁਕਮ ਨਹੀਂ ਮੰਨਦੀਆਂ?" ਜ਼ਾਲਮਾਂ ਨੇ ਬੱਚੇ ਖੋਹ ਲਏ। ਰੋਂਦੇ ਚਿਚਲਾਂਦੇ ਬੱਚੇ, ਕੋਹ ਕੋਹ ਕੇ ਮਾਰ ਦਿਤੇ। ਨੇਜ਼ਿਆਂ 'ਤੇ ਟੰਗੇ, ਵੱਢ ਵੱਢ ਕੇ ਸ਼ਹੀਦ ਕਰ ਦਿਤੇ। ਮੰਨੂੰ ਦੇ ਇਤਨੇਂ ਜ਼ੁਲਮ ਭੀ ਬਹਾਦਰ ਸੂਰਬੀਰ ਸਿੰਘਣੀਆਂ ਨੂੰ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਦਕ ਭਰੋਸੇ ਤੋਂ ਡੁਲਾ ਨਾ ਸਕੇ। ਆਪਣੇ ਸ੍ਰੀਰ ਤੇ ਪਿਆਰੇ ਬੱਚੇ ਗੁਰੂ ਪ੍ਰਮੇਸਰ ਜੀ ਨੂੰ ਅਰਪ ਕੇ ਨਿਹਾਲ ਹੋਈਆਂ। ਯਥਾ:- ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥ ਉਸ ਤੇ ਚਉਗੁਨ; ਕਰੈ ਨਿਹਾਲੁ॥ ਨਾਨਕ ਸਾਹਿਬੁ; ਸਦਾ ਦਇਆਲੁ॥੨॥ ਧੰਨ ਸਨ ਉਹ ਸੂਰਬੀਰ ਬਹਾਦਰ ਮਾਵਾਂ, ਜੋ ਸਾਹਮਣੇ ਬੱਚਿਆਂ ਨੂੰ ਸ਼ਹੀਦ ਹੁੰਦਿਆਂ ਵੇਖ ਕੇ, ਗੁਰਪ੍ਰਸਾਦਿ! ਤ੍ਵਪ੍ਰਸਾਦਿ! ਤੇਰਾ ਕੀਆ; ਮੀਠਾ ਲਾਗੈ॥ ਪੜ੍ਹ ਰਹੀਆਂ ਸਨ। "ਹੇ ਸੱਚੇ ਪਾਤਿਸ਼ਾਹ ਜੀ! ਇਹ ਭੀ ਚੰਗਾ ਹੋ ਰਿਹਾ ਹੈ, ਜੋ ਇਹ ਬੱਚੇ ਸਿੱਖੀ ਲਈ ਸ਼ਹੀਦ ਹੋ ਰਹੇ ਹਨ। ਆਪ ਜੀ ਦਾ ਲੱਖ ਲੱਖ ਸ਼ੁਕਰ ਹੈ, ਜੋ ਇਨ੍ਹਾਂ ਨੇ ਸਾਡੀ ਕੁੱਖ ਸਫਲੀ ਕੀਤੀ ਹੈ।"

ਜ਼ਾਲਮ ਇਤਨਾ ਜ਼ੁਲਮ ਕਰਕੇ ਭੀ ਨਾ ਰੱਜਿਆ। ਬੱਚਿਆਂ ਦੇ ਹਾਰ ਪਰੋ ਪਰੋ ਕੇ ਸਿੰਘਣੀਆਂ ਦੇ ਗਲ਼ਾਂ 'ਚ ਪਾ ਕੇ ਕਿਹਾ, "ਅਜੇ ਭੀ ਵੇਲਾ ਹੈ, ਮੇਰਾ ਕਿਹਾ ਮੰਨ ਕੇ ਇਸਲਾਮ ਕਬੂਲ ਕਰ ਲਵੋ।" ਸਿੰਘਣੀਆਂ ਨੂੰ ਸੁਖਾਂ ਦੇ ਲਾਲਚ ਭੀ ਦਿੱਤੇ, ਪਰ ਸਿੰਘਣੀਆਂ ਨੇ ਕਿਹਾ, "ਸੱਚੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੱਚੀ ਸੁੱਚੀ ਮਿੱਠੀ ਪਿਆਰੀ ਸਿੱਖੀ ਤਿਆਗ ਕੇ, ਅਸੀਂ ਹੋਰ ਧਰਮ ਕਿਵੇਂ ਕਬੂਲ ਕਰੀਏ? ਸੋ ਇਹ ਆਸ ਛੱਡ ਦੇ, ਕਿ ਅਸੀਂ ਧਰਮ ਛੱਡਾਂਗੀਆਂ!" ਇਹ ਸੁਣ ਕੇ ਪਾਪੀ ਨੇ ਸਿੰਘਣੀਆਂ ਨੂੰ ਕੋਰੜੇ ਮਰਵਾ ਕੇ ਬੇਹੋਸ਼ ਕਰ ਦਿਤੀਆਂ, ਪਰ ਕਿਸੇ ਨੇ ਭੀ ਜ਼ਾਲਮ ਪਾਪੀ ਦੀ ਗੱਲ ਨਾ ਮੰਨੀ।

ਭਾਵੇਂ ਮੰਨੂੰ ਨੇ ਸਾਰਾ ਜ਼ੋਰ ਲਾਇਆ ਕਿ ਬੱਚਿਆਂ ਦੇ ਮੋਹ 'ਚ ਧਰਮ ਹਾਰ ਜਾਣਗੀਆਂ, ਪਰ ਜਿਨ੍ਹਾਂ ਨੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਾਹਿਗੁਰੂ ਮੰਨ ਕੇ ਰਿਦੇ 'ਚ ਵਸਾਏ ਸਨ, ਉਨ੍ਹਾਂ ਨੂੰ ਸਿਦਕੋਂ ਨਾ ਡੁਲਾ ਸਕਿਆ। ਨਮਸਕਾਰ।




**੧੩੧. ਬਹਾਦਰ ਬੀਬੀ ਜੱਸੀ ਕੌਰ ਜੀ:-** ਗੁਰੂ ਪਿਆਰੀ ਸਾਧਸੰਗਤ ਜੀ, ਸ੍ਰੀ ਅਨੰਦਪੁਰ ਸਾਹਿਬ ਜੀ ਦੁਸ਼ਟਦਮਨ, ਪਾਪ ਬਿਨਾਸਕ, ਧਰਮ ਪ੍ਰਕਾਸ਼ਕ, ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਦੇ ਨਿਰਮਲ ਅੰਮ੍ਰਿਤ ਮਈ ਦਰਸ਼ਨਾਂ ਲਈ ਜਾ ਰਹੀਆਂ ਸਨ। ਰਾਹ ਵਿੱਚ ਸੰਗਤਾਂ ਮੱਲਣ ਪਿੰਡ ਦੇ ਬਾਹਰ ਖੂਹ ਤੋਂ ਜਲ ਛਕਣ ਲਈ ਠਹਿਰੀਆਂ। ਬਹਾਦਰ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਬੀਬੀ ਜੱਸੀ ਜੀ ਸੰਗਤਾਂ ਨੂੰ ਪਾਣੀ ਪਿਲਾਉਣ ਲੱਗ ਗਈ। ਯਥਾ:- ਛਛਾ; ਛੋਹਰੇ ਦਾਸ ਤੁਮਾਰੇ॥ ਦਾਸ ਦਾਸਨ ਕੇ; ਪਾਨੀਹਾਰੇ॥ ) ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪ੍ਰੇਮੀ ਪਾਣੀ ਪੀ ਪੀ ਕੇ ਅੱਗੇ ਤੁਰਦੇ ਗਏ ਤੇ ਬੀਬੀ ਇੱਕਲੀ ਖੂਹ ਤੇ ਰਹਿ ਗਈ। ਉਧਰੋਂ ਚਾਰ ਤੁਰਕ ਜੋ ਪਹਿਲਾਂ ਹੀ ਰਾਹ 'ਚ ਲੁਕੇ ਸਨ, ਨਿਕਲ ਕੇ ਆ ਗਏ। ਸਵਾ ਲਾਖ ਸੇ ਏਕ ਲੜਾਊਂ; ਤਬੈ ਗੁਰੂ ਗੋਬਿੰਦ ਸਿੰਘ ਨਾਮ ਕਹਾਊਂ। ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਧੀ ਬੀਬੀ ਜੱਸੀ ਜੀ ਨੇ ਸ਼ਸ਼ਤ੍ਰ ਵਿੱਦਿਆ ਸਿੱਖੀ ਸੀ ਤੇ ਹਮੇਸ਼ਾ ਸਾਢੇ ਤਿੰਨ ਫੁੱਟੀ ਕ੍ਰਿਪਾਨ ਪਹਿਨ ਕੇ ਰੱਖਦੇ ਸਨ। ਬੀਬੀ ਜੀ ਨੂੰ ਫੜ੍ਹਣ ਲਈ ਚਾਰੇ ਤੁਰਕ ਸਾਹਮਣੇ ਖੜ੍ਹੇ ਹੋ ਗਏ। ਬੀਬੀ ਜੀ ਨੇ ਬੀਰ ਰਸ ਦੇ ਦਾਤੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਅਰਾਧਿਆ। ਸ੍ਵੈਯਾ॥ ਦੇਹ ਸਿਵਾ. ਬਰ ਮੋਹਿ ਇਹੈ; ਸੁਭ ਕਰਮਨ ਤੇ. ਕਬਹੂੰ ਨ ਟਰੋ॥ ਨ ਡਰੋ. ਅਰਿ ਸੋ. ਜਬ ਜਾਇ ਲਰੋ; ਨਿਸਚੈ ਕਰ. ਆਪਨੀ ਜੀਤ ਕਰੋ॥ ਦਾ ਜਾਪ ਕੀਤਾ। ਪਹਿਲਾਂ ਬਹਾਦਰ ਬੀਬੀ ਜੀ ਨੇ ਕੰਗਣ ਲਾਹ ਕੇ ਬੁੱਕਲ ਦੇ ਮੂਹਰੇ ਸੁੱਟ ਦਿੱਤੇ। ਚਾਰੇ ਤੁਰਕ ਕੰਗਣ ਚੁੱਕਣ ਦੇ ਲਾਲਚ ਵਿੱਚ ਕਾਹਲੇ ਪੈ ਗਏ, ਕਿ ਜਿਹੜਾ ਪਹਿਲਾਂ ਚੁੱਕ ਲਵੇ ਓਹੀ ਕੰਗਣ ਲੈ ਲਵੇਗਾ। ਇੱਕ ਤੁਰਕ ਜਦ ਫੁਰਤੀ ਨਾਲ ਚੁੱਕਣ ਲੱਗਾ ਤਾਂ ਬੀਬੀ ਜੀ ਨੇ ਕ੍ਰਿਪਾਨ ਦੇ ਇੱਕੋ ਵਾਰ ਨਾਲ ਉਸ ਦਾ ਸਿਰ ਵੱਢ ਦਿਤਾ। ਇਉਂ ਵਾਰੋ ਵਾਰੀ ਤੁਰਕਾਂ ਦੇ ਸਿਰ ਧੜ ਤੋਂ ਅਲੱਗ ਕਰਦੀ ਗਈ। ਅਖੀਰ 'ਚ ਆਖਰੀ ਤੁਰਕ ਨਾਲ ਹੱਥੋਂ ਹੱਥੀਂ ਹੋ ਗਈ ਤਾਂ ਉਸ ਨੂੰ ਧਰਤੀ ਤੇ ਸੁੱਟ ਕੇ ਛਾਤੀ ਤੇ ਬਹਿ ਕੇ ਉਸ ਨੂੰ ਭੀ ਨਰਕ ਭੇਜ ਦਿਤਾ। ਜਦ ਇਸ ਘਟਨਾ ਦੀ ਖ਼ਬਰ ਦਸਮੇਸ਼ ਪਿਤਾ ਜੀ ਕੋਲ ਪਹੁੰਚੀ ਤਦ ਕੁਝ ਸੋਢੀ ਕਹਿਣ ਲੱਗੇ "ਵਾਹਿਗੁਰੂ ਸਤਿਗੁਰੂ ਗ੍ਰੀਬ ਨਿਵਾਜ਼ ਸਾਹਿਬ ਜੀ! ਇਹ ਬੀਬੀ ਤੁਰਕਾਂ ਨਾਲ ਲਗ ਕੇ ਭਿੱਟੀ ਗਈ ਹੈ" ਤਾਂ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਨੇ

ਫ਼ੁਰਮਾਇਆ "ਇਹ ਭਿੱਟੀ ਨਹੀਂ ਹੈ, ਇਸ ਨੇ ਜਤ ਸਤ ਕਾਇਮ ਰੱਖਿਆ, ਬਹਾਦਰੀ ਦਿਖਾਈ ਅਤੇ ਜਿਹੜਾ ਸਿੱਖ ਇਸ ਦੀ ਚਰਨ ਧੂੜ ਅਪਣੇ ਮੱਥੇ ਨੂੰ ਲਾਵੇਗਾ ਓਹੋ ਸੱਚਖੰਡ ਜਾਵੇਗਾ"।

**੧੩੨. ਫੌਜੀ ਰਣਬੀਰ ਸਿੰਘ ਜੀ ਦਾ ਦੀਰਘ ਆਸ਼ਾ:-** ਗੁਰਦੁਆਰਾ ਮਹੱਲਾ ਨੌਂਵਾਂ ਮਹੱਲਾ ਦਸਵਾਂ ਜੀ, ਪਿੰਡ ਨਾਭਾ ਸਾਹਿਬ ਜੀ (ਚੰਡੀਗੜ੍ਹ) ਵਿਖੇ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਨੇ ਜੱਥੇ ਸਮੇਤ ਪੰਜ ਇਕੋਤ੍ਰੀਆਂ (੧੦੧ ਸ੍ਰੀ ਅਖੰਡ ਪਾਠ) ਕੀਤੀਆਂ ਸਨ। ਸੰਤ ਬਾਬਾ ਜੀ ਸਿਮਰਨ ਵਿੱਚ ਲੀਨ ਮੰਜੇ ਤੇ ਬੈਠੇ ਸਨ। ਅਮਰ ਸ਼ਹੀਦ ਭਾਈ ਰਣਬੀਰ ਸਿੰਘ ਜੀ ਦਾ ਦ੍ਰਿੜ ਆਸ਼ਾ ਸੀ ਕਿ ਜਾਂ ਤਾਂ ਜ਼ਿੰਦਗੀ 'ਚ ਗੁਰਮਤਿ ਦਾ ਪ੍ਰਚਾਰ ਕਰਨਾ ਜਾਂ ਸ਼ਹੀਦੀ ਪਾਉਣੀ ਹੈ। ਫ਼ੌਜੀ ਰਣਬੀਰ ਸਿੰਘ ਜੀ ਨੇ ਸੰਤਾਂ ਨੂੰ ਪ੍ਰੇਮ ਬੇਨਤੀ ਕੀਤੀ "ਹੇ ਮਹਾਂਪੁਰਸ਼ੋ ਜੀ! ਜਿਵੇਂ ਇਕੋਤ੍ਰੀ ਚੱਲ ਰਹੀ ਹੈ, ਇਤਨੇ ਸਿੰਘ ਜੱਥੇ ਵਿੱਚ ਵਿੱਦਿਆ ਪੜ੍ਹ ਰਹੇ ਹਨ, ਪਰ ਆਪ ਜੀ ਬੇਮੁਹਤਾਜਗੀ 'ਚ ਅਚਿੰਤ ਬੈਠੇ ਸਿਮਰਨ ਦਾ ਅਨੰਦ ਮਾਣ ਰਹੇ ਹੋਂ। ਯਥਾ:- ਪ੍ਰਭ ਕਉ ਸਿਮਰਹਿ; ਸਿ ਬੇਮੁਹਤਾਜੇ॥ ਦਾਸਨਦਾਸ ਦੀ ਭੀ ਇੱਛਾ ਹੈ ਕਿ ਆਪ ਜੀ ਵਾਂਗ ਅਚਿੰਤ ਹੋ ਕੇ ਅੱਠੇ ਪਹਿਰ, ਸਿਮਰਨ ਵਿੱਚ ਲੀਣ ਰਹਾਂ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਆਵੇ"। ਇਹ ਸੁਣ ਕੇ ਸੰਤਾਂ ਨੇ ਪੂਰੇ ਬੈਰਾਗ ਦਾ ਉਪਦੇਸ਼ ਬਖ਼ਸ਼ਿਆ ਕਿ ਜ਼ਿੰਦਗੀ ਵਿੱਚ ਇਹ ਦੋ ਗੱਲਾਂ ਕਦੇ ਨਹੀ ਭੁੱਲਣੀਆਂ। ਪਹਿਲੀ ਗੱਲ ਅਪਨੇ ਆਪ ਨੂੰ ਚਿਖਾ 'ਤੁ ਪਇਆ ਸਮਝਣਾ ਭਾਵ 'ਜਿਉਣਾ ਝੂਠ ਮਰਣਾ ਸੱਚ' ਅਤੇ ਦੂਜੀ ਗੱਲ ਸੱਚੇ ਵਾਹਿਗੁਰੂ ਗੁਰਬਾਣੀ ਜੀ ਅਤੇ ਦਸ ਸਤਿਗੁਰੂ ਸਾਹਿਬਾਨ ਜੀ ਦਾ ਵਿਸਮਾਦ ਸਿਮਰਨ ਨਹੀਂ ਭੁੱਲਣਾ। ਉਨੀਂ ਸੌ ਅਠੱਤ੍ਰ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਨਕਲੀ ਨਿਰੰਕਾਰੀ ਅਪਣੇ ਸੰਮੇਲਨ 'ਚ ਗੁਰੂ ਪੰਥ ਦੇ ਉਲਟ ਪ੍ਰਚਾਰ ਕਰ ਰਹੇ ਸਨ। ਅੰਮ੍ਰਿਤਧਾਰੀ ਸਿੰਘ ਉਨ੍ਹਾਂ ਕੋਲ਼ ਸਾਂਤਮਈ ਗੱਲ ਕਰਨ ਗਏ ਤਾਂ ਉਨ੍ਹਾਂ ਪਾਪੀਆਂ ਨੇ ਤੇਰਾਂ ਸਿੰਘ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿਤੇ, ਭਾਈ ਰਣਬੀਰ ਸਿੰਘ ਜੀ ਭੀ ਉਨ੍ਹਾਂ 'ਚ ਸ਼ਹੀਦ ਹੋਏ ਜੀ।




੧. ਗੁਰਮੁਖਿ ਭਾਈ ਫੌਜਾ ਸਿੰਘ ਜੀ
੨. ਗੁਰਮੁਖਿ ਭਾਈ ਹਰਿਭਜਨ ਸਿੰਘ ਜੀ
੩. ਗੁਰਮੁਖਿ ਭਾਈ ਪਿਆਰਾ ਸਿੰਘ ਜੀ
੪. ਗੁਰਮੁਖਿ ਭਾਈ ਰਘਬੀਰ ਸਿੰਘ ਜੀ
੫. ਗੁਰਮੁਖਿ ਭਾਈ ਗੁਰਬਚਨ ਸਿੰਘ ਜੀ
੬. ਗੁਰਮੁਖਿ ਭਾਈ ਗੁਰਦਿਆਲ ਸਿੰਘ ਜੀ
੭. ਗੁਰਮੁਖਿ ਭਾਈ ਅਮਰੀਕ ਸਿੰਘ ਜੀ
੮. ਗੁਰਮੁਖਿ ਭਾਈ ਧਰਮਬੀਰ ਸਿੰਘ ਜੀ
੯. ਗੁਰਮੁਖਿ ਭਾਈ ਕੇਵਲ ਸਿੰਘ ਜੀ
੧੦. ਗੁਰਮੁਖਿ ਭਾਈ ਹਰੀ ਸਿੰਘ ਜੀ
੧੧. ਗੁਰਮੁਖਿ ਭਾਈ ਰਣਬੀਰ ਸਿੰਘ ਜੀ
੧੨. ਗੁਰਮੁਖਿ ਭਾਈ ਦਰਸਨ ਸਿੰਘ ਜੀ
੧੩. ਗੁਰਮੁਖਿ ਭਾਈ ਅਵਤਾਰ ਸਿੰਘ ਜੀ

ਅਮਰ ਸ਼ਹੀਦਾਂ ਨੂੰ ਰੋਮ ਰੋਮ ਨਾਲ ਕੋਟਿ ਕੋਟਿ ਨਮਸਕਾਰ ਨਮਸਕਾਰ ਨਮਸਕਾਰ ਜੀ!

ਪ੍ਰੇਮ ਬਿਨੈ:- ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਹਮੇਸ਼ਾ ਹੀ ਦਸ ਸਤਿਗੁਰੂ ਸਾਹਿਬਾਨ ਜੀ ਦੇ ਪਵਿੱਤ੍ਰ ਨਾਮ ਜਪਦੇ ਰਹਿੰਦੇ ਸਨ। ਦਾਸਨਦਾਸ ਜਦੋਂ ਸੰਤਾਂ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਾਂ 'ਚ ਰਹਿੰਦਾ ਸੀ, ਸੰਤ ਜੀ ਰਾਤ ਨੂੰ ਬਿਰਾਜਣ ਸਮੇਂ ਕੀਰਤਨ ਸੋਹਿਲਾ ਸਾਹਿਬ ਪੜ੍ਹ ਕੇ, ਸੰਪੂਰਨ ਮੂਲਮੰਤ੍ਰ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ; ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥ ਅਤੇ ਸਲੋਕੁ॥ ਪਵਣੁ ਗੁਰੂ, ਪਾਣੀ ਪਿਤਾ; ਮਾਤਾ ਧਰਤਿ ਮਹਤੁ॥, ਜਾਪੁ ਸਾਹਿਬ ਜੀ ਦਾ ਪਹਿਲਾ ਛੰਦ ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਜਾਪੁ॥ ਸ੍ਰੀ ਮੁਖਵਾਕ ਪਾਤਿਸਾਹੀ ੧੦॥ ਛਪੈ ਛੰਦ॥ ਤ੍ਵਪ੍ਰਸਾਦਿ॥ ਚੱਕ੍ਰ ਚਿਹਨ ਅਰੁ ਬਰਨ ਜਾਤਿ; ਅਰੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ; ਕੋਊ ਕਹਿ ਨ ਸਕਤਿ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥ ਕੋਟਿ ਇੰਦ੍ਰ ਇੰਦ੍ਰਾਣਿ; ਸਾਹਿ ਸਾਹਾਣਿ ਗਣਿੱਜੈ॥ ਤ੍ਰਿਭਵਣ ਮਹੀਪ ਸੁਰ ਨਰ

ਅਸੁਰ; ਨੇਤ ਨੇਤ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ, ਕਥੈ ਕਵਨ; ਕਰਮ ਨਾਮ ਬਰਨਤ ਸੁਮਤਿ॥੧॥, ਫਿਰ ਚਾਚਰੀ ਛੰਦ॥ ਤ੍ਵਪ੍ਰਸਾਦਿ॥ ਗੋੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥੯੪॥ ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥੯੫॥ ਅਤੇ ਅਖੀਰਲਾ ਛੰਦ ਭੁਜੰਗ ਪ੍ਰਯਾਤ ਛੰਦ॥ ਨਮਸਤੁਲ ਪ੍ਰਨਾਮੇ; ਸਮਸਤੁਲ ਪ੍ਰਣਾਸੇ॥ ਅਗੰਜੁਲ ਅਨਾਮੇ; ਸਮਸਤੁਲ ਨਿਵਾਸੇ॥ ਨ੍ਰਿਕਾਮੰ ਬਿਭੂਤੇ; ਸਮਸਤੁਲ ਸਰੂਪੇ॥ ਕੁਕਰਮੰ ਪ੍ਰਣਾਸੀ; ਸੁਧਰਮੰ ਬਿਭੂਤੇ॥੧੯੭॥ ਸਦਾ ਸਚਦਾਨੰਦ; ਸਤ੍ਰੰ ਪ੍ਰਣਾਸੀ॥ ਕਰੀਮੁਲ ਕੁਨਿੰਦਾ; ਸਮਸਤੁਲ ਨਿਵਾਸੀ॥ ਅਜਾਇਬ ਬਿਭੂਤੇ; ਗਜਾਇਬ ਗਨੀਮੇ॥ ਹਰੀਅੰ ਕਰੀਅੰ; ਕਰੀਮੁਲ ਰਹੀਮੇ॥੧੯੮॥ ਚੱਤ੍ਰ ਚੱਕ੍ਰ ਵਰਤੀ; ਚੱਤ੍ਰ ਚੱਕ੍ਰ ਭੁਗਤੇ॥ ਸੁਯੰਭਵ ਸੁਭੰ, ਸਰਬਦਾ ਸਰਬ ਜੁਗਤੇ॥ ਦੁਕਾਲੰ ਪ੍ਰਣਾਸੀ; ਦਇਆਲੰ ਸਰੂਪੇ॥ ਸਦਾ ਅੰਗ ਸੰਗੇ; ਅਭੰਗੰ ਬਿਭੂਤੇ॥੧੯੯॥ ਪੜ੍ਹਨ ਤੋਂ ਮਗਰੋਂ ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮ ਜਪਣ ਲੱਗ ਜਾਂਦੇ। ਅਸਚਰਜ ਗੱਲ ਇਹ ਹੈ, ਪਾਸਾ ਲੈਂਦੇ ਤਾਂ ਭੀ ਦਸ ਸਤਿਗੁਰੂ ਸਾਹਿਬਾਨ ਜੀ ਦੇ ਪਰਮਪੂਜਨੀਕ ਸੱਚੇ ਨਾਮ ਜਪਦੇ ਰਹਿੰਦੇ। ਇਉਂ ਸਾਰੀ ਰਾਤ ਲੰਘ ਜਾਂਦੀ।

ਹਰੇਕ ਗੁਰਦੁਆਰੇ, ਘਰ, ਦੁਕਾਨ ’ਚ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਦੀਆਂ ਫੋਟੋਆਂ ਲੱਗੀਆਂ ਹੋਣ। ਮਾਪੇ ਅਪਣੇ ਬੱਚਿਆ ਨੂੰ ਛੋਟੀ ਉਮਰ ਤੋਂ ਹੀ ਦਸ ਸਤਿਗੁਰੂ ਸਾਹਿਬਾਨ ਜੀ ਦੀ ਜਾਗਦੀ ਜੋਤ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਹੱਦ ਸ਼ਰਧਾਵਾਨ, ਪ੍ਰੇਮੀ, ਨਿਤਨੇਮੀ ਭਗਤ ਬਨਾਉਣ ਤੇ ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮ ਯਾਦ ਕਰਾਉਣ, ਗੁਰਬਾਣੀ ਗਾਉਣ। ਗੁਰੁ ਪੂਰਾ ਨਮਸਕਾਰੇ॥ ਪ੍ਰਭਿ. ਸਭੇ ਕਾਜ ਸਵਾਰੇ॥ ਅਨੁਸਾਰ ਪੂਰੇ ਦਿਨ ’ਚ ਘੱਟ ਤੋਂ ਘੱਟ ਚੌਵੀ ਸੌ ਨਮਸਕਾਰਾਂ ਕਰੋ ਜੀ, ਵੱਧ ਜਿੰਨੀਆਂ ਭੀ ਹੋਣ ਚੰਗੀਆਂ ਹਨ। ਹਰ ਘਰ ਗੁਰਬਾਣੀ ਪੋਥੀਆਂ ਸਾਹਿਬਾਨ ਜੀਆਂ ਨੂੰ ਚੌਰ, ਡੰਡਉਤ ਬੰਦਨਾ ਪੂਰਨ ਪ੍ਰੇਮ ਨਾਲ ਕਰੀਆਂ, ਕਰਾਈਆਂ ਜਾਣ ਜੀ। ਸੱਚੇ ਦਸ ਸਤਿਗੁਰੂ ਸਾਹਿਬਾਨ ਜੀ, ਧੰਨ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਖਾਲਸਾ ਪੰਥ ਜੀ, ਹਰੀ ਭਗਤ ਜਨ ਅਤੇ ਅਮਰ ਸ਼ਹੀਦਾਂ ਨੂੰ ਨਮਸਕਾਰਾਂ ਕਰੋ ਜੀ।

੧੩੩. ਕਲਮ ਦੇ ਧਨੀ, ਬ੍ਰਹਮ ਰਤਨਾਗਰ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਗੁਰਸਿੱਖਾਂ ਦੇ ਉੱਚੇ ਸੁੱਚੇ ਇਖ਼ਲਾਕ ਦਾ ਦ੍ਰਿਸਟਾਂਤ “ਬਿਜੈ ਸਿੰਘ ਜੀ” ’ਚ ਲਿਖਦੇ ਹਨ, ਕਿ ਜੇ ਕੋਈ ਰਾਣੀ ਭੀ ਰਾਜ ਭਾਗ ਮਾਇਆ, ਦੌਲਤ ਆਦਿ ਦਾ ਲਾਲਚ ਦੇਵੇ ਤਾਂ ਧਰਮ ’ਚ ਦ੍ਰਿੜ ਪ੍ਰਪੱਕ ਰਹਿਣਾ, ਕਦੇ ਭੁੱਲ ਕੇ ਭੀ ਗੁਰਸਿੱਖੀ ਨਹੀਂ ਤਿਆਗਣੀ:- ਬਿਜੈ ਸਿੰਘ ਅਪਣੀ ਸਿੰਘਣੀ ਅਤੇ ਭੁਜੰਗੀ ਸਮੇਤ ਮੀਰ ਮੰਨੂੰ ਦੀ ਬੇਗਮ ਦੇ ਕੈਦ ’ਚ ਸਨ। ਮੀਰ ਮੰਨੂੰ ਦੇ ਕੁੱਤੇ ਦੀ ਮੌਤ ਮਰਣ ਤੋਂ ਬਾਦ, ਉਸ ਦੀ ਬੇਗਮ ਨੇ ਬਿਜੈ ਸਿੰਘ ’ਤੇ ਬੁਰੀ ਨਿਗ੍ਹਾ ਧਰੀ। ਬਿਜੈ ਸਿੰਘ ਨੂੰ ਕਹਿੰਦੀ “ਹੇ ਕੋਰੜ ਮੋਠ! ਅਭਿੱਜ ਪੱਥਰ! ਮੁਲਾਣਿਆਂ ਵਾਂਗ ਵਾਇਜ਼ਾਂ (ਉਪਦੇਸ਼) ਨਾ ਸੁਣਾ; ਏਹ ਦਿਨ ਮੁੜ ਨਹੀਂ ਆਉਣੇ। ਪਿੱਛੋਂ ਇਹੋ ਪਛਤਾਵਾ ਪੱਲੇ ਰਹਿ ਜਾਂਦਾ ਹੈ ਕਿ ਜ਼ਿੰਦਗੀ ਦੇ ਸੁਹਣੇ ਸੁਹਣੇ ਦਿਨ ਧਰਮ ਦੇ ਡਰ ਕਰ ਕੇ ਗੁਆ ਲਏ।” ਇਉਂ ਬਹੁਤ ਦਲੀਲ ਦੇ ਦੇ ਕੇ ਅਪਣੇ ਨਾਲ ਸ਼ਾਦੀ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਸੂਰਬੀਰ ਬਹਾਦਰ ਪੂਰਨ ਖ਼ਾਲਸਾ ਧਰਮੀ ਬਿਜੈ ਸਿੰਘ ਜੀ ਰੱਤਾ ਨਹੀਂ ਡੋਲੇ, ਅਪਣੇ ਧਰਮ, ਜਤ ਸਤ ’ਚ ਦ੍ਰਿੜ ਰਹੇ। ਬੇਗਮ ਨੂੰ ਇਉਂ ਉੱਤਰ ਦਿੰਦੇ “ਕੀ ਦੱਸਾਂ? ਮੇਰਾ ਜਨਮ ਇਸ ਲਈ ਨਹੀਂ ਕਿ ਇੱਕ ਅਮੀਰਜ਼ਾਦੀ ਨਾਲ ਵਿਆਹ ਕਰਕੇ ਆਪਣੇ ਸੁੱਖਾਂ ਵਿਚ ਪੈ ਜਾਵਾਂ, ਮੈਂ ਤਾਂ ਧਰਮ ਤੇ ਪਰਜਾ ਦੀ ਸੇਵਾ ਲਈ ਜਨਮਿਆ ਹਾਂ। ਸੁੰਦਰ ਪਲੰਘ ਮੇਰੇ ਲਈ ਸੂਲਾਂ ਦੀ ਸੇਜਾਂ ਹਨ, ਬਨਾਂ ਵਿਚ ਕੰਡਿਆਂ ਪਰ ਭਰਾਵਾਂ ਨਾਲ ਸੌਣਾ ਮੇਰੇ ਮਖ਼ਮਲ ਨਾਲੋਂ ਭਲਾ ਹੈ, ਵੀਰਾਂ ਨਾਲ ਵਣ ਦੇ ਪੱਤੇ ਖਾ ਕੇ ਗੁਜ਼ਾਰਾ ਕਰਨ ਨੂੰ ਮੈਂ

ਪਰਮ ਪ੍ਰਸੰਨਤਾ ਸਮਝਦਾ ਹਾਂ। ਉਹ ਧਰਮ ਹੈ, ਆਪਣੀਆਂ ਮੌਜ ਬਹਾਰਾਂ ਐਸ਼ਾਂ ਅਧਰਮ ਹਨ। ਆਤਮਾ ਨਿਤ ਹੈ ਸਰੀਰ ਅਨਿੱਤ। ਅਨਿੱਤ ਦੇ ਦੁੱਖਾਂ ਦੀ ਪਰਵਾਹ ਨਹੀਂ, ਕਿਉਂ? ਝਬਦੇ (ਛੇਤੀਂ) ਮੁੱਕ ਜਾਂਦੇ ਹਨ, ਨਿੱਤ ਦੇ ਸੁਖ ਸਦਾ ਰਹਿੰਦੇ ਹਨ, ਉਨ੍ਹਾਂ ਲਈ ਜੰਮਿਆਂ ਹੋਵੇ, ਉਸ ਨੂੰ ਉਹੋ ਕਰਨਾ ਹੀ ਸੁਹਣਾ ਹੈ, ਨਹੀਂ ਤਾਂ ਫੇਰ ਇਉਂ ਦੇ ਉਲਾਂਭੇ ਮਿਲਦੇ ਹਨ:- ਪ੍ਰਾਣੀ; ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ; ਸਭ ਮੁਕਦੀ ਚਲੀ ਰੈਣਿ॥੧॥ਰਹਾਉ॥" (ਸੰਪੂਰਨ ਸਾਖੀ ਲਈ ਬਿਜੈ ਸਿੰਘ ਪੋਥੀ ਪੜ੍ਹੋ ਜੀ ਰਾਮ)

**੧੩੪. ਅਮਰ ਸ਼ਹੀਦ ਗੁਰਮੁਖਿ ਭਾਈ ਪ੍ਰਹਲਾਦ ਸਿੰਘ ਜੀ ਦੀ ਬਹਾਦਰੀ:-** ਜਦੋਂ ਪਾਪੀ ਜ਼ਾਲਮ ਨਾਦਰ ਅਟਕ ਦਰਿਆ 'ਤੇ ਅਟਕਿਆ ਸੀ, ਜ਼ਬਰਦਸਤੀ ਪਕੜੀਆਂ ਹੋਈਆਂ ਹਿੰਦ ਦੀਆਂ ਬਹੂ ਬੇਟੀਆਂ ਬੰਨ੍ਹ ਕੇ ਅਪਣੇ ਦੇਸ਼ ਨੂੰ ਲਿਜਾ ਰਹੇ ਸਨ। ਹਿੰਦ ਦੇ ਲੋਕਾਂ ਦੀ ਜ਼ਮੀਰ (courage) ਮਰ ਚੁੱਕੀ ਸੀ, ਅਣਖ ਖਤਮ ਹੋ ਗਈ ਸੀ, ਕਿਸੇ ਦੇ ਡੋਲੇ ਨਾ ਫਰਕੇ, ਮੁੱਛਾਂ ਕੁੰਡੀਆਂ ਨਾ ਕੀਤੀਆਂ, ਖ਼ੂਨ ਨੇ ਉਬਾਲਾ ਨਹੀਂ ਖਾਦਾ, ਕਿਸੇ ਨੇ ਭੀ ਬਹੂ ਬੇਟੀਆਂ ਨੂੰ ਬਚੌਣ ਦੀ ਕੋਸ਼ਿਸ਼ ਨਹੀਂ ਕੀਤੀ। ਤਾਂ ਰਾਜਾਰਾਮਿ ਮਾਇਆ ਫੇਰੀ॥੩॥ ਲੌਢੇ ਪਹਿਰ ਭਾਵ ਦੁਪਹਿਰ ਨੂੰ ਘੋੜਿਆਂ 'ਤੇ ਚੜ੍ਹੇ ਸਿੰਘਾਂ ਨੇ ਆ ਕੇ ਜ਼ਾਲਮਾਂ 'ਤੇ ਜ਼ਬਰਦਸਤ ਹੱਲਾ ਕਰਕੇ, ਭਿਆਨਕ ਜੰਗ ਕੀਤਾ, ਜ਼ਾਲਮ ਵੱਢ ਦਿਤੇ। ਸਿੰਘਾਂ ਨੇ ਫੁਰਤੀ ਨਾਲ ਬੰਨ੍ਹੀਆਂ ਬਹੂ ਬੇਟੀਆਂ ਦੀਆਂ ਮੁਸ਼ਕਾਂ ਵੱਢ ਦਿਤੀਆਂ, ਉਨ੍ਹਾਂ ਨੂੰ ਵਾਪਿਸ ਆਪੋ ਅਪਣੇ ਘਰੀਂ ਪਹੁੰਚਾਇਆ।

ਸਵੇਰ ਹੁੰਦਿਆਂ ਨਾਦਰ ਅਪਣੇ ਫ਼ੌਜੀਆਂ ਦੀਆਂ ਲਾਸ਼ਾਂ ਦੇਖ ਕੇ ਹੈਰਾਨ ਹੋਇਆ। ਸੋਚਣ ਲੱਗਾ ਆਟੇ 'ਚ ਲੂਣ ਵਾਂਗ ਇਹ ਸੂਰਮੇ ਕੌਣ ਹਨ? ਜਿਨ੍ਹਾਂ ਨੇ ਮੇਰੀ ਫ਼ੌਜ ਦੀ ਆਹ ਹਾਲਤ ਕੀਤੀ। ਤਾਂ ਇੱਕ ਬੇਹੋਸ਼ ਪਿਆ ਸੂਰਮਾ ਬਹਾਦਰ ਸਿੰਘ ਦਿਸਿਆ। ਨਾਦਰ ਦੇ ਹੁਕਮ ਨਾਲ ਸਿੰਘ ਨੂੰ ਪਾਣੀ ਪਿਲਾ ਕੇ ਹੋਸ਼ 'ਚ ਲਿਆਂਦਾ। ਨਾਦਰ ਨੇ ਬੀਰ ਬਹਾਦਰ ਭਾਈ ਪ੍ਰਹਲਾਦ ਸਿੰਘ ਜੀ ਤੋਂ ਸਾਰਾ ਹਾਲ ਪੁੱਛਿਆ।

ਗੁਰਮੁਖਿ ਸਿੰਘ ਨੇ ਬੀਰਤਾ ਨਾਲ ਕਹਿਆ "ਹੇ ਕਾਇਰ! ਤੂੰ ਘੋਰ ਭਿਆਨਕ ਜ਼ੁਲਮ ਕਰ ਰਿਹਾ ਹੈਂ, ਦੇਸ਼ ਨੂੰ ਲੁੱਟ ਰਿਹਾ ਹੈਂ, ਬਹੂ ਬੇਟੀਆਂ ਨੂੰ ਚੁੱਕ ਚੁੱਕ ਕੇ ਲਿਜਾ ਰਿਹਾ ਹੈਂ। ਪਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਲਾਡਲੀਆਂ ਫ਼ੌਜਾਂ ਨੇ ਤੇਰਾ ਭੈ ਨਹੀਂ ਮੰਨਿਆ, ਨਿਰਦੋਸ਼ ਬਹੂ ਬੇਟੀਆਂ ਨੂੰ ਤੇਰੇ ਕੈਦ ਤੋਂ ਛੁਡਾ ਕੇ, ਉਨ੍ਹਾਂ ਨੂੰ ਘਰੀਂ ਘਰੀਂ ਪਹੁੰਚਾ ਦਿਤਾ।" ਗੁੱਸੇ 'ਚ ਆ ਕੇ ਨਾਦਰ ਨੇ ਤਸੀਏ ਦੇ ਦੇ ਕੇ, ਭਾਈ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਡਰਾਵੇ ਦਿਤੇ, ਪਰ ਸਿੰਘ ਸਾਹਿਬ ਜੀ ਨਹੀਂ ਡਰੇ। ਯਥਾ:- ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥੬੧॥ ਨਾਦਰ ਦੇ ਹੁਕਮ ਨਾਲ ਜ਼ਾਲਮ ਜਲਾਦ ਨੇ ਤਵਾ ਤਪਾ ਕੇ ਗੁਰਮੁਖਿ ਭਾਈ ਪ੍ਰਹਲਾਦ ਸਿੰਘ ਜੀ ਦਾ ਪਵਿੱਤ੍ਰ ਸੀਸ ਤਵੇ 'ਤੇ ਰੱਖ ਕੇ ਜ਼ਾਲਮੀ ਜ਼ੁਲਮੀ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿਤਾ। ਧੰਨ ਧੰਨ ਗੁਰਮੁਖਿ ਸੂਰਬੀਰ ਬਹਾਦਰ ਸਿੰਘਾਂ ਦੀ ਬਹਾਦਰੀ ਧੰਨ ਧੰਨ ਧੰਨ ਹੈ।

ਅਗਲੇ ਦਿਨ ਨਾਦਰ ਅਟਕ ਤੋਂ ਚਾਲੇ ਪਾ ਗਿਆ, ਉਸ ਵਖਤ ਇੱਕ ਸਿੱਖ ਨੇ ਜੰਗ ਦੇ ਮੈਦਾਨ 'ਚ ਗੁਰੂ ਪਿਆਰੇ ਸ਼ਹੀਦ ਪਏ ਦੇਖੇ। ਤਾਂ ਬਹਾਦਰ ਸਿੰਘਾਂ ਦੀ ਲਾਸ਼ਾਂ ਇਕੱਠੀਆਂ ਕਰਕੇ ਗੁਰਮਤਿ ਅਨੁਸਾਰ ਸਸਕਾਰ ਕਰਕੇ, ਉਸ ਥਾਂ 'ਤੇ ਧਰਮਸ਼ਾਲਾ ਬਣਾ ਕੇ ਸ੍ਰੀ ਨਿਸ਼ਾਨ ਸਾਹਿਬ ਜੀ ਝੁਲਾ ਦਿੱਤੇ।। ਜਾਗੋ ਪਿਆਰਿਓ ਖਾਲਸਾ ਹੋਸ਼ ਧਾਰੋ , ਕਰਤਬ ਵੱਡਿਆਂ ਧਰਮ ਸਿਖਾਂਵਦੇ ਨੀ॥੨੫॥ (ਭਾਈ ਸਾਹਿਬ ਭਾਈ ਵੀਰ ਸਿੰਘ ਜੀ)

**੧੩੫. ਇੱਕ ਪੂਰਨ ਸਿਦਕ ਵਾਲੀ ਗੁਰਮੁਖਿ ਮਾਤਾ ਜੀ:-** ਇੱਕ ਦਿਨ ਕਲਗੀਧਰ ਸੱਚੇ ਪਾਤਿਸਾਹ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਵਨ ਪਵਿੱਤ੍ਰ ਕੰਨਾਂ 'ਚ ਇੱਕ ਮਾਈ ਦੀ ਰੋਣ ਦੀ ਅਵਾਜ਼ ਪਈ। ਤਾਂ ਸਤਿਗੁਰੂ ਸਾਹਿਬ ਜੀ ਨੇ ਉਸ ਨੂੰ ਅਪਣੇ ਕੋਲ ਬੁਲਾਇਆ ਤੇ ਮਾਤਾ ਜੀ ਨੇ ਬੈਰਾਗ ਕਰਦਿਆਂ ਸੱਚੇ ਪਾਤਿਸਾਹ ਜੀ ਦੇ ਚਰਨਕਮਲਾਂ 'ਚ ਬੇਨਤੀ ਕੀਤੀ "ਹੇ ਦੀਨ ਦਇਆਲ ਪ੍ਰੀਤਮ ਮਨਮੋਹਨ; ਸਤਿਗੁਰੂ ਸਾਹਿਬ ਜੀ! ਦਾਸਨਦਾਸੀ ਦੇ ਪਤੀ ਤੇ ਦੋ ਭੁਜੰਗੀ ਆਪ ਜੀ ਲਈ, ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ਼ ਲਈ ਵੈਰੀਆਂ ਦੇ ਟੋਟੇ ਟੋਟੇ ਕਰਦਿਆਂ, ਅਪਣੇ ਅੰਗ ਅੰਗ ਕੁਰਬਾਨ ਕਰਦਿਆਂ ਸ਼ਹੀਦ ਹੋ ਗਏ। ਹੁਣ ਦਾਸਨਦਾਸੀ ਦਾ ਤੀਜਾ ਭੁਜੰਗੀ ਮੰਜੇ 'ਤੇ ਤਾਪ ਨਾਲ ਬਿਮਾਰ ਪਿਆ ਹੈ, ਹਕੀਮ ਕਹਿੰਦੇ ਉਸ ਦਾ ਬਚਣਾ ਔਖਾ ਹੈ। ਦਾਸਨਦਾਸੀ ਦੀ ਇੱਛਾ ਹੈ, ਕਿ ਇਹ ਅਜਾਈਂ ਮੌਤ ਨਾ ਮਰੇ, ਉਹ ਆਪ ਜੀ ਲਈ, ਪੰਥ ਲਈ ਕੁਰਬਾਨ ਹੋ ਜਾਵੇ, ਤਾਂ ਮੇਰੀ ਕੁੱਖ ਸਫਲੀ ਹੋ ਜਾਵੇਗੀ ਜੀ।" ਇਹ ਪ੍ਰੇਮ ਬੇਨਤੀ ਸੁਣ ਕੇ ਸੱਚੇ ਸਤਿਗੁਰੂ ਸਾਹਿਬ ਜੀ ਬਹੁਤ ਪ੍ਰਸੰਨ ਹੋ ਕੇ ਕਹਿੰਦੇ "ਹੇ ਗੁਰਮੁਖਿ ਜੀਉ! ਆਪ ਜੀ ਧੰਨ ਹੋਂ! ਧੰਨ ਹੈ ਆਪ ਜੀ ਦਾ ਸਿਦਕ! ਆਪ ਜੀ ਦਾ ਭੁਜੰਗੀ ਮੌਤ ਦੇ ਮੂੰਹ ਨਹੀਂ ਪਵੇਗਾ, ਆਪ ਜੀ ਦੇ ਸਿਦਕ ਨੇ ਰੱਖ ਲਿਆ ਹੈ ਜੀ। ਇਹ ਨਵਾਂ ਨਿਰੋਆ ਹੋ ਕੇ, ਪੰਥ ਦੀ ਸੇਵਾ ਕਰੇਗਾ। ਜਿਵੇਂ ਆਪ ਜੀ ਦਾ ਪਤੀ ਤੇ ਦੋਵੇਂ ਭੁਜੰਗੀ ਜਨਮ ਮਰਣ ਰਹਿਤ ਜੀਵਨ ਮੁਕਤ ਹਨ ਤਿਵੇਂ ਇਹ ਭੀ ਮੁਕਤ ਹੋਵੇਗਾ ਜੀ। ਯਥਾ:-ਸਭ ਰੋਗ ਮਿਟਾਵੇ; ਨਵਾ ਨਿਰੋਆ॥ ਨਾਨਕ; ਰਖਾ ਆਪੇ ਹੋਆ॥੨॥੩੩॥੩੯॥) ਸੁਣੋ ਖਾਲਸਾ ਪਜਾਰਿਓ! ਭੈਣ ਵੀਰੋ! ਤੁਸਾਂ ਸੇਵ ਦਾ ਚਾਉ ਹੈ ਕਦੀ ਆਯਾ? ਕਦੀ ਆਪ ਕੀਤੀ ਕਦੀ ਸੋਚ ਆਈ, ਕਦੀ ਵੰਸ ਨੂੰ ਸੇਵ ਦੇ ਵਿੱਚ ਲਾਯਾ? ਗੁਰੂ ਪੰਥ ਤੇ ਦੇਸ ਤੇ ਜਗਤ ਸੰਦੀ, ਸੇਵਾ ਨਾਲ ਬੀ ਕਦੀ ਪਜਾਰ ਪਾਯਾ? ਸੇਵਾ ਬਾਝ ਨਾ ਹੋਂਵਦੇ ਰਾਸ ਕਾਰਜ, ਸਫਲ ਸੇਵ ਕਰਦੀ ਜਾਣੋ ਅਹੇ ਕਾਯਾ। (ਭਾਈ ਸਾਹਿਬ ਭਾਈ ਵੀਰ ਸਿੰਘ ਜੀ)

**੧੩੬. ਸਰਦਾਰ ਬਘੇਲ ਸਿੰਘ ਜੀ ਤੇ ਸਿੰਘਾਂ ਦੀ ਉੱਚੇ ਇਖ਼ਲਾਕ ਦੀ ਸਾਖੀ:-** ਜਲਾਲਾਬਾਦ ਦਾ ਇੱਕ ਵਿਕਾਰੀ ਹੰਕਾਰੀ ਸੱਯਦ ਬ੍ਰਹਮਣ ਦੀ ਬੇਟੀ ਨੂੰ ਜਬਰਦਤਸੀ ਅਪਣੇ ਘਰੇ ਲੈ ਗਿਆ। ਦੁਖੀ ਬ੍ਰਹਮਣ ਥਾਂ ਥਾਂ ਇਨਸਾਫ਼ ਮੰਗਣ ਲਈ ਗਿਆ, ਪਰ ਕਿਸੇ ਨੇ ਭੀ ਇਨਸਾਫ਼ ਨਹੀਂ ਦਿਤਾ। ਜਦੋਂ ਕਿਸੇ ਨੇ ਉਸ ਦੀ ਬਾਂਹ ਨਹੀਂ ਫ਼ੜੀ, ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਆ ਕੇ, ਗੁਰੂ ਖ਼ਾਲਸੇ ਪੰਥ ਦੀ ਸਰਨ ਤੱਕੀ। ਸਰਨ ਵਿੱਚ ਆ ਕੇ ਫ਼ਰਿਆਦ ਕਰਦਿਆਂ ਸਾਰੀ ਗੱਲ ਦੱਸੀ। ਵੀਚਾਰ ਕਰਦਿਆਂ, ਸੂਰਬੀਰ ਸਿੰਘਾਂ ਨੇ ਕਿਹਾ "ਖ਼ਾਲਸਾ ਜੀ! ਅਸੀਂ ਜਾ ਕੇ ਉਸ ਨੂੰ ਬਚਾਵਾਂਗੇ।" ਯਥਾ:- ਸ਼ਹੀਦ ਨਿਹੰਗ ਭੁਜੰਗੀਅਨ ਕਹਿ ਨਗਾਰੇ ਦਏ ਬਜਾਏ। 'ਹਮ ਤੌਂ ਜ਼ਰੂਰਹਿ ਜਾਇਗੇ ਔਰ ਕੋਈ ਜਾਇ ਨ ਜਾਇ'॥੭॥ ਪਰਉਪਕਾਰ ਕਮੌਣ ਲਈ ਗੁਰੂ ਕੀ ਲਾਡਲੀਆਂ ਫੌਜਾਂ ਨੇ ਨਗਾਰੇ ਧੌਂਸੇ ਵਜਾ ਕੇ ਜਲਾਲਾਬਾਦ ਵਲ ਚਾਲੇ ਪਾ ਦਿਤੇ।

ਜਲਾਲਾਬਾਦ ਪਹੁੰਚ ਕੇ ਗੁਰੂ ਖ਼ਾਲਸੇ ਪੰਥ ਨੇ ਜਮਨਾ ਦੇ ਕਿਨਾਰੇ ਡੇਰਾ ਕੀਤਾ। ਜਦ ਤੁਰਕਾਂ ਨੂੰ ਪਤਾ ਲੱਗਾ, ਤਾਂ ਜੰਗ ਦੀ ਤਿਆਰੀ ਕਰਦਿਆਂ ਫ਼ੌਜਾਂ ਇਕੱਠੀਆਂ ਕਰਕੇ, ਕੋਟ ਕਿਲੇ ਤਿਆਰ ਕਰ ਲਏ। ਦੋਹਰਾ॥ ਕਰ ਹੱਲਾ ਫਿਰ ਸਿੰਘੋਂ ਨੇ ਦੀਓ ਐਸੇ ਕਰ ਅਰਦਾਸ। 'ਪਰਸ੍ਵਾਰਥ ਕੇ ਕਾਰਨੈ, ਲਹੋ ਸ਼ਹੀਦੀ ਖਾਸ'॥੧੨॥ ਜਮਨਾ ਪਾਰ ਕਰਦਿਆਂ ਹੀ ਸਿੰਘਾਂ ਨੇ ਸੱਚੇ ਪਾਤਿਸਾਹ ਅਕਾਲਪੁਰਖੁ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ 'ਚ ਅਰਦਾਸ ਕਰਕੇ ਤੁਰਕਾਂ 'ਤੇ ਹੱਲਾ ਬੋਲ ਦਿਤਾ। ਤੁਰਕਾਂ ਨੇ ਐਸੀ ਮਾਰ ਖਾਦੀ ਕਿ ਜਿਵੇਂ ਹਿਰਨਾਂ ਦੀ ਡਾਰ ਵਿੱਚ ਸ਼ੇਰ ਪੈ ਜਾਂਦਾ ਹੈ। ਤੁਰਕ ਭੱਜਣ ਲੱਗੇ, ਸਿੰਘ ਕਿਲੇ 'ਚ ਵੜ ਗਏ, ਤੁਰਕਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਵਿਕਾਰੀ ਕੁਕਰਮੀ ਸੱਯਦ ਬ੍ਰਹਮਣ ਦੀ ਲੜਕੀ ਨੂੰ

ਲੈ ਕੇ ਭੋਰੇ 'ਚ ਵੜ ਗਿਆ। ਸਿੰਘ ਲੜਕੀ ਨੂੰ ਢੂੰਢਦੇ ਪਰ ਨਦਰ ਨਹੀਂ ਆਈ, ਤਾਂ ਬ੍ਰਹਮਣ ਨੇ ਉੱਚੀ ਅਵਾਜ਼ ਨਾਲ ਅਪਣੀ ਧੀ ਨੂੰ ਬੁਲਾਇਆ ਕਿ 'ਕਹੁ ਪਾਪਨ ਵਹਿ ਜੁਲਮੀ ਜਿਹ ਥਾਈ'।

ਭੋਰੇ 'ਚੋਂ ਅਵਾਜ਼ ਔਣਾ ਤੋਂ ਸਿੰਘਾਂ ਨੇ ਜਬਰਦਸਤ ਹੱਲਾ ਬੋਲ ਕੇ, ਭੋਰਾ 'ਚੋਂ ਸੱਯਦ ਨੂੰ ਫੜ ਕੇ ਮੰਜੇ ਨਾਲ ਬੰਨ ਕੇ ਸਾੜ ਦਿਤਾ, ਨਰਕ ਨੂੰ ਭੇਜ ਦਿਤਾ। ਫਿਰ ਬ੍ਰਹਮਣ ਨੇ ਸਿੰਘਾਂ ਨੂੰ ਦੱਸਿਆ ਕਿ ਇਥੇ ਇੱਕ ਕਲਾਲ ਰਹਿੰਦਾ, ਜੋ ਸੱਯਦ ਨੂੰ ਸੁੰਦਰ ਇਸਤ੍ਰੀਆਂ ਬਾਰੇ ਜਾਣਕਾਰੀ ਦਿਆ ਕਰਦਾ ਸੀ, ਜਿਸ 'ਤੇ ਉਹ ਉਨ੍ਹਾਂ ਨੂੰ ਫੜ ਕੇ ਜਬਰਸਤੀ ਕਰਦਾ ਸੀ। ਇਹ ਸੁਣ ਕੇ ਸਿੰਘ ਨੇ ਉਸ ਪਾਪੀ ਕਲਾਲ ਨੂੰ ਭੀ ਨਰਕ ਭੇਜ ਦਿਤਾ।

ਸਿੰਘਾਂ ਨੇ ਫਿਰ ਉਸ ਬ੍ਰਹਮਣ ਦੀ ਲੜਕੀ ਨੂੰ ਪੁੱਛਿਆ ਕਿ ਉਸ ਦੀ ਕੀ ਰਾਏ ਹੈ, ਤਾਂ ਕਹਿੰਦੀ "ਹੇ ਖ਼ਾਲਸਾ ਜੀ! ਮੇਰਾ ਕੋਈ ਕਸੂਰ ਨਹੀਂ, ਇਸ ਜ਼ਾਲਮੀ ਤੁਰਕ ਨੇ ਮੇਰੇ ਨਾਲ ਜਬਦਰਸਤੀ ਕੀਤੀ, ਉਸ ਦੇ ਨਾਲ ਜਾਣ ਦੀ ਮੇਰੀ ਕੋਈ ਇੱਛਾ ਨਹੀਂ ਸੀ।" ਸਿੰਘ ਕਹਿੰਦੇ "ਹੇ ਪੁੱਤ੍ਰੀ ਤੂੰ ਅੱਜ ਤੋਂ ਪੰਥ ਦੀ ਧੀ ਹੈਂ, ਅਸੀਂ ਦੋਵੇਂ ਪੇਕੇ ਤੇ ਸਹੁਰਾ ਘਰ ਨੂੰ ਮਿਲਾ ਕੇ ਜਾਵਾਂਗੇ।" ਯਥਾ:- ਕਹਯੋ ਪੰਥ, 'ਤੂੰ ਬੇਟੀ ਹਮਾਰੀ। ਦਯੁਗੁ ਮਿਲਾਇ ਅਬ ਦੋ ਕੁਲ ਥਾਰੀ'। ਉਸ ਇਸਤ੍ਰੀ ਦੇ ਸਹੁਰੇ ਘਰ ਜਾ ਕੇ, ਸਹੁਰੇ ਪੰਚੈਂਤ ਬੁਲਾ ਕੇ ਸਾਰਿਆਂ ਨੂੰ ਸਹੀ ਗੱਲ ਸਮਝਾ ਦਿਤੀ, ਤਾਂ ਸਾਰਿਆਂ ਨੇ ਇੱਕ ਮਤ ਨਾਲ ਖ਼ਾਲਸੇ ਦਾ ਹੁਕਮ ਮੰਨ ਲਿਆ। ਉਸ ਬ੍ਰਹਮਣ ਦੀ ਲੜਕੀ ਨੂੰ ਮੁੜ ਅਪਣੇ ਘਰ ਵਸਾ ਦਿਤਾ। ਪਰ ਵਾਪਸ ਜਾਣ ਤੋਂ ਪਹਿਲਾਂ ਸਿੰਘਾਂ ਨੇ ਸੋਚਿਆ ਕਿ ਅਪਣੀ ਧੀ ਨੂੰ ਖਾਲੀ ਨਹੀਂ ਤੋਰਨਾ, ਇਸ ਲਈ ਉਸ ਦੇ ਪਤੀ ਤੋਂ ਧਰਤੀ 'ਤੇ ਕੰਬਲ ਵਿਛਾ ਦਿਤਾ, ਚਾਰੋ ਪਾਸਿਓਂ ਸਿੰਘਾਂ ਨੇ ਆ ਕੇ ਧਨ ਦਿਤਾ। ਇਉਂ ਸਿੰਘਾਂ ਨੇ ਉਸ ਬ੍ਰਹਮਣ ਦੀ ਲੜਕੀ ਨੂੰ ਬਚਾਅ ਕੇ ਅਪਣੀ ਧੀ ਬਣਾ ਕੇ ਮੁੜ ਉਸਦਾ ਘਰ ਵਸਾ ਦਿਤਾ। ਯਥਾ:- ਸਦ ਭਰਤੇ ਉਸ ਬਾਂਹ ਫੜਵਾਈ। ਔਰ ਬਾਤ ਤਊ ਪੰਥ ਜੀਅ ਆਈ। ਕਹਯੋ ਉਨ੍ਹੈ ਦਯੋ ਕਬੰਲੀ ਇਕ ਡਾਲ। ਕੰਨਯਾ ਦਾਨ ਤਹਿਂ ਪੰਥ ਦੈ ਘਾਲ॥੩੪॥ ਇਸੈ ਪੰਥ ਨਿਜ ਬੇਟੀ ਕਹਯੋ। ਇਸ ਕੋ ਚਹੀਅਤ ਦਾਸ ਭੀ ਦਯੋ। ਜਬ ਉਸ ਨੇ ਦਯੋ ਕਪੜੋ ਡਾਲ। ਲਗੇ ਚੁਤਰਫੋਂ ਪੜਨੈਂ ਮਾਲ॥੩੫॥

**੧੩੭. ਕਿੱਕਰ ਸਿੰਘ ਦੀ ਸਾਖੀ:-** ਕਿੱਕਰ ਸਿੰਘ ਇੱਕ ਤਾਕਤਵਾਰ, ਬਹਾਦਰ, ਚੰਗੇ ਇਖ਼ਲਾਕ ਵਾਲਾ ਪਹਿਲਵਾਨ ਸੀ। ਸ੍ਰੀ ਤਰਨਤਾਰਨ ਸਾਹਿਬ ਜੀ ਵਿਖੇ ਮਸਿਆ ਦਾ ਜੋੜ ਮੇਲਾ ਲਗਦਾ। ਪੁਰਾਣੇ ਜਮਾਨੇ 'ਚ ਜੱਟ ਆਪਣੇ ਹੱਥਾਂ 'ਚ ਖੂੰਡੇ ਫੜ ਕੇ ਆਪਣੀਆਂ ਪਾਰਟੀਆਂ ਨਾਲ ਆਉਂਦੇ ਤੇ ਇੱਕ ਦੂਜਿਆਂ ਨਾਲ ਲੜਦੇ। ਗਲਤ ਬੰਦਿਆਂ ਨੇ ਇੱਕਠੇ ਹੋ ਕੇ, ਇੱਕ ਜੁਆਨ ਬੀਬੀ ਨੂੰ ਹੱਥਾਂ ਤੇ ਚੁੱਕ ਲਿਆ। ਬੀਬੀ ਚੰਗੇ ਇਖ਼ਲਾਕ ਵਾਲੀ ਬਹਾਦਰ ਸੀ। ਉਸ ਨੇ ਉੱਚੀ ਅਵਾਜ਼ 'ਚ ਕਹਿਆ 'ਜੇ ਕੋਈ ਸਰਦਾਰ ਜਿਉਂਦਾ ਤਾਂ ਮੈਨੂੰ ਬਚਾਵੇ' ਕਿੱਕਰ ਸਿੰਘ ਦੇ ਕੰਨ 'ਚ ਅਵਾਜ਼ ਪਈ। ਤਾਂ ਆਪਣੀ ਪਾਰਟੀ ਸਮੇਤ ਖੂੰਡਿਆਂ ਨਾਲ ਲੜਨ ਲੱਗ ਗਏ। ਜਿਹੜਾ ਮੂਹਰੇ ਲੜਨ ਆਉਂਦਾ ਉਸ ਨੂੰ ਖੂੰਡੇ ਮਾਰ ਕੇ ਸੁੱਟ ਦਿੰਦੇ, ਇਉਂ ਸਾਰੇ ਲਤਾੜ ਕੇ ਬੀਬੀ ਨੂੰ ਛਡਾ ਲਿਆ। ਜਿਸ ਦਾ ਚੰਗਾ ਇਖ਼ਲਾਕ ਹੁੰਦਾ, ਉਨ੍ਹਾਂ ਬਹਾਦਰਾਂ ਕੋਲ ਅਦਭੁਤ ਸਕਤੀ, ਸਾਂਤੀ ਧੀਰਜ ਧਰਮ ਆਦਿਕ ਅਨੇਕ ਸ਼ੁਭ ਗੁਣ ਹੁੰਦੇ ਹਨ। ਪਰ ਜਿਸ ਦਾ ਇਖ਼ਲਾਕ ਗਿਰਿਆਂ ਹੁੰਦਾ, ਉਹ ਕਮਜ਼ੋਰ, ਅਉਗੁਣਾਂ ਵਾਲੇ ਹੁੰਦੇ ਹਨ। 'Request is best' ਆਪ ਜੀ ਦੇ ਚਰਨਾਂ 'ਚ ਬੇਨਤੀ ਹੈ! ਸੱਚੇ ਸਤਿਗੁਰੂ ਸਾਹਿਬ ਜੀ ਦੀ ਮੁਖਾਰਬਿੰਦ ਤੋਂ ਧੁਰਾਂ ਦੀ ਉਚਾਰੀ ਗੁਰਬਾਣੀ ਤੇ ਜਿਤਨੇ ਪੁਰਾਤਨ ਤੇ ਵਰਤਮਾਨ ਸਮੇਂ ਦੇ ਸ਼ਹੀਦ ਹਨ, ਤਿਨ੍ਹਾਂ ਦੀ ਕੁਰਬਾਨੀ ਯਾਦ ਕਰਨ ਨਾਲ ਮਨ ਦੀ ਇਕਾਗ੍ਰਤਾ, ਉੱਚਾ ਇਖ਼ਲਾਕ, ਸ਼ੁਭ ਗੁਣ ਪ੍ਰਾਪਤ ਹੁੰਦੇ ਹਨ। ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ॥੩॥ ਸਤਿਗੁਰੂ ਸਾਹਿਬ ਜੀ ਨੇ ਸਾਰਿਆਂ ਦੇ ਕਲਿਆਣ ਲਈ, ਗੁਰਸਿੱਖੀ ਗੁਰਬਾਣੀ ਨੂੰ ਸ਼ੁੱਧ ਰੱਖਣ ਲਈ ਆਪ ਕੁਰਬਾਨੀ ਦਿੱਤੀ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ

ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਜੀ ਹਨ। ਹੁਣ ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ ਉੱਬਲਦੀ ਦੇਗ 'ਚ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤੇ ਤੱਤੇ ਰੇਤੇ 'ਤੇ ਬਿਠਾ ਕੇ, ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪੂਜਨੀਕ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਆਪ ਜੀ ਨੂੰ ਸੜਦੀ ਬਲਦੀ ਲੋਹ 'ਤੇ ਖੜ੍ਹਾ ਰਹੇ ਹਨ। ਹੁਣ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਰਮਪਵਿੱਤ੍ਰ ਸਰੂਪ ਦੁਆਰਾ ਆਪਨੇ ਸਿੱਖਾਂ ਦੇ ਦਿਮਾਗ਼ 'ਚ ਚੌਵੀ ਘੰਟੇ ਗੁਰਬਾਣੀ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਬਖ਼ਸ਼ ਰਹੇ ਹਨ। ਜਾਗਦਿਆਂ ਸੁੱਤਿਆਂ ਗੁਰਬਾਣੀ ਸੁਣਾ ਰਹੇ ਹਨ।

੧੩੮. ਵਾਰ ਮਾਝ ਕੀ ਤਥਾ ਸਲੋਕ ਮਹਲਾ ੧; ਮਲਕ ਮੁਰੀਦ. ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ. ਗਾਵਣੀ॥ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਅਰਜਨਦੇਵ ਸਾਹਿਬ ਜੀ! ਧੰਨ ਹਨ, ਉੱਬਲਦੀ ਦੇਗ ਅੰਦਰ ਚੌਂਕੜਾ ਲਾਇਆ। ਸ੍ਰੀ ਗੁਰੂ ਛੇਵੇਂ ਪਾਤਿਸਾਹ ਜੀ ਨੇ ਪੁੱਛਿਆ, "ਬਾਣੀ ਰਚਨ ਬਾਰੇ ਦਾਸਨਦਾਸ ਨੂੰ ਕੀ ਆਗਿਆ ਹੈ?" ਤਾਂ ਕਿਹਾ, "ਆਪ ਜੀ ਨੇ ਕੇਵਲ ਨੌਂ ਧੁਨਾਂ ਹੀ ਸਤਿਗੁਰੂ ਸਾਹਿਬ ਜੀ 'ਚ ਲਿਖਣੀਆਂ, ਹੋਰ ਬਾਣੀ ਨਹੀਂ ਲਿਖਣੀ।" ਮੀਰੀ ਪੀਰੀ ਦੇ ਮਾਲਕ, ਦਲ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ, ਗ਼੍ਰੀਬ ਨਿਵਾਜ਼, ਬੀਰ ਰਸ ਦੇ ਦਾਤੇ ਸੱਚੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਪਣੇ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਤਿਗੁਰੂ ਅਰਜਨਦੇਵ ਸਾਹਿਬ ਜੀ ਦਾ ਹੁਕਮ ਮੰਨਦਿਆਂ, ਜਿੱਥੇ ਗ਼੍ਰੀਬਾਂ ਦੀ ਬਾਂਹ ਫੜੀ, ਧਰਮ ਦੇ ਪ੍ਰਕਾਸ਼ ਜ਼ੁਲਮ ਦੇ ਨਾਸ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਉਸਾਰੀ ਕੀਤੀ, ਉੱਥੇ ਫ਼ੌਜ ਰਚ ਕੇ ਛੱਤ੍ਰੀ ਧਰਮ ਪ੍ਰਗਟ ਕੀਤਾ। ਆਪ ਜੀ ਨੇ ਅਪਣੀਆਂ ਪਿਆਰੀਆਂ ਸੰਗਤਾਂ ਨੂੰ ਹੁਕਮਨਾਮੇ ਭੇਜੇ, "ਸੁੰਦਰ ਕੀਮਤੀ ਘੋੜੇ, ਸ਼ਸ਼ਤ੍ਰ ਤੇ ਅਪਣੇ ਸਪੁੱਤ੍ਰ ਆਦਿ ਭੇਟਾਵਾਂ ਲਿਆਵੋ। ਸੱਚੇ ਸਤਿਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ ਪਾਵੋ, ਨਿਹਾਲ ਹੋਇ ਜਾਵੋ ਜੀ।" ਅਪਣੇ ਯੋਧਿਆਂ ਵਿੱਚ ਭਾਰੀ ਬੀਰ ਰਸ ਭਰਨ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਸੁੰਦਰ ਦੀਵਾਨ ਸਜਾਉਂਦੇ। ਸਜੇ ਦੀਵਾਨਾਂ ਵਿੱਚ, ਢਾਡੀ ਸੂਰਮਿਆਂ ਯੋਧਿਆਂ ਦੀਆਂ ਵਾਰਾਂ, ਸਤਿਗੁਰੂ ਸਾਹਿਬ ਜੀ ਅਤੇ ਸਤਸੰਗਤ ਜੀ ਨੂੰ ਬੀਰ ਰਸ ਵਿੱਚ ਗੱਜ ਕੇ ਸੁਣਾਉਂਦੇ। ਜਿਹੜੀ ਵਾਰ ਸਤਿਗੁਰੂ ਸਾਹਿਬ ਜੀ ਦੇ ਮਨ ਨੂੰ ਭਾ ਜਾਂਦੀ, ਉਸ ਵਾਰ ਦੀ ਧੁਨ ਮਹਾਨ ਪਰਉਪਕਾਰੀ ਧੰਨ ਭਾਈ ਗੁਰਦਾਸ ਸਾਹਿਬ ਜੀ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਾ ਦਿੰਦੇ।

ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜੋਰ, ਚੰਦ੍ਰਹੜਾ ਲੈ ਫ਼ੌਜ ਕੋ ਚੜ੍ਹਿਆ ਬਡ ਤੌਰ। ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ, ਸ਼ਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ। ਹੋਲੀ ਖੇਲੇ ਚੰਦ੍ਰਹੜਾ, ਰੰਗ ਲੱਗੇ ਸੌਰ, ਦੋਵੇਂ ਤਰਫ਼ਾਂ ਜੁੱਟੀਆਂ ਸਰ ਵੱਗਨ ਕੌਰ। ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ, ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ।

ਅਕਬਰ ਦੇ ਰਾਜ ਸਮੇਂ ਕਾਬੁਲ ਦੇ ਲੋਕ ਆਕੀ ਹੋ ਕੇ ਮਾਮਲਾ ਦੇਣੋ ਹਟ ਗਏ। ਅਕਬਰ ਨੇ ਅਪਣੇ ਸੂਰਮਿਆਂ ਨੂੰ ਵੰਗਾਰਦਿਆਂ ਦਰਬਾਰ 'ਚ ਤਲਵਾਰ ਰੱਖ ਕੇ ਕਿਹਾ ਕਿਹੜਾ ਸੂਰਮਾ ਉੱਠੇਗਾ ਤੇ ਕਾਬੁਲ ਦੇ ਲੋਕਾਂ ਨੂੰ ਅਨੁਸਾਰੀ ਬਣਾ ਕੇ ਮਾਮਲਾ ਲੈ ਕੇ ਆਵੇਗਾ। ਤਾਂ ਮਲਕ ਮੁਰੀਦ ਨੇ ਅਣਖ ਨਾਲ ਤਲਵਾਰ ਚੁੱਕ ਕੇ ਵਾਅਦਾ ਕੀਤਾ ਕਿ ਪੂਰਾ ਮਾਮਲਾ ਲੈ ਕੇ ਆਵਾਂਗਾ। ਅਕਬਰ ਨੇ ਮਲਕ ਮੁਰੀਦ ਨੂੰ ਮੂੰਹ ਮੰਗੀ ਫ਼ੌਜ ਦੇ ਕੇ ਕਾਬੁਲ ਭੇਜ ਦਿਤਾ। ਬਲ ਅਤੇ ਸਿਆਣਪ ਨਾਲ ਮਲਕ ਮੁਰੀਦ ਨੇ ਝੱਟ ਹੀ ਪਰਜਾ ਤੋਂ ਮਾਮਲਾ ਲੈ ਕੇ ਅਕਬਰ ਕੋਲ ਭੇਜ ਦਿਤਾ। ਮਲਕ ਮੁਰੀਦ ਨੇ ਸੋਚਿਆ ਕਿ 'ਮੈਂ

ਇਥੇ ਰਹਿ ਕੇ ਪਰਜਾ ਨੂੰ ਨਿਗਰਾਨੀ ਹੇਠ ਰੱਖਾਂ, ਭਲਾ ਮੇਰੇ ਜਾਣ ਤੋਂ ਫਿਰ ਆਕੀ ਨਾ ਹੋ ਜਾਣ' ਇਉਂ ਮਲਕ ਮੁਰੀਦ ਕਾਬੁਲ ਦੇ ਲੋਕਾਂ ਤੋਂ ਮਾਮਲਾ ਇਕੱਠਾ ਕਰਕੇ ਅਕਬਰ ਨੂੰ ਭੇਜ ਦਿੰਦਾ। ਮਲਕ ਮੁਰੀਦ ਦੀ ਉਸਤਤ ਸੁਣ ਕੇ ਚੰਦ੍ਰਹੜਾ ਸੋਹੀਆ ਨੂੰ ਈਰਖਾ ਦੀ ਅੱਗ ਸਾੜਨ ਲੱਗੀ। ਉਸ ਨੇ ਅਕਬਰ ਕੋਲ ਝੂਠੀ ਸ਼ਕਾਇਤ ਕੀਤੀ ਕਿ "ਹੇ ਬਾਦਸ਼ਾਹ! ਮਲਕ ਮੁਰੀਦ ਤਾਂ ਆਪ ਜੀ ਤੋਂ ਆਕੀ ਹੋ ਕੇ ਕਾਬੁਲ ਮੱਲੀ ਬੈਠਾ" ਇਹ ਸੁਣ ਕੇ ਅਕਬਰ ਨੇ ਚੰਦ੍ਰਹੜਾ ਸੋਹੀਆ ਨੂੰ ਫ਼ੌਜ ਦੇ ਕੇ ਕਾਬੁਲ ਭੇਜ ਦਿਤਾ। ਜਾਂਦੇ ਸਾਰ ਫ਼ੌਜਾਂ ਆਪਸ 'ਚ ਲੜੀਆਂ, ਕੁਝ ਸਮਾ ਬਾਅਦ ਮਲਕ ਮੁਰੀਦ ਕਹਿੰਦਾ "ਹੇ ਚੰਦ੍ਰਹੜਾ ਸੋਹੀਆ! ਦੋਵੇਂ ਪਾਸੇ ਅਕਬਰ ਦੀਆਂ ਫੌਜਾਂ ਲੜ ਰਹੀਆਂ, ਇਨ੍ਹਾਂ ਨੂੰ ਕਿਉਂ ਲੜਾਉਂਦਾ ਮਰਾਉਂਦਾ? ਤੇਰਾ ਵੈਰ ਮੇਰੇ ਨਾਲ ਹੈ, ਜੇ ਮਾਂ ਦਾ ਦੁੱਧ ਪੀਤਾ ਤਾਂ ਆ ਮੇਰੇ ਨਾਲ ਦੋ ਹੱਥ ਕਰ" ਤਾਂ ਦੋਵੇਂ ਸੂਰਮੇ ਆਹਮੋ ਸਾਹਮਣੇ ਹੋ ਕੇ, ਤਕੜੇ ਹੋ ਕੇ ਲੜੇ, ਸਾਂਝਾ ਵਾਰ ਹੋਇਆ ਜਿਸ 'ਚ ਦੋਵੇਂ ਵੱਢੇ ਗਏ।

**੧੩੯. ਸਾਖੀ ਰਾਇ ਕਮਾਲਦੀ, ਮੋਜਦੀ ਦੀ:-** ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ, ਮੋਜਦੀ ਕੀ, ਵਾਰ ਕੀ ਧੁਨਿ ਉਪਰਿ ਗਾਵਣੀ. ੧ਓ ਸਤਿਗੁਰ ਪ੍ਰਸਾਦਿ॥

ਰਾਣਾ ਰਾਇ ਕਮਾਲਦ ਰਣ ਭਾਰਾ ਬਾਹੀ, ਮੌਜੁੱਦ ਤਲਵੰਡੀਓਂ ਚੜਿਆ ਸਾਬਾਹੀ, ਢਾਲ ਅੰਬਰ ਛਾਇਆ ਫੁੱਲੇ ਅਕ ਕਾਹੀ, ਜੁੱਟੇ ਆਮ੍ਹੋ ਸਾਮ੍ਹਣੇ ਨੇਜੇ ਝਲਕਾਹੀ, ਮੌਜੇ ਘਰ ਵਾਧਾਈਆਂ ਘਰ ਚਾਚੇ ਧਾਹੀ॥

ਰਾਜਾ ਕਮਾਲਦੀ ਅਤੇ ਰਾਜਾ ਸਾਰੰਗ ਦੋ ਭਰਾ ਸਨ, ਜੋ ਅਕਬਰ ਬਾਦਸ਼ਾਹ ਨੂੰ ਟੈਕਸ ਭਰਿਆ ਕਰਦੇ ਸਨ। ਰਾਜਾ ਕਮਾਲਦੀ ਜਦੋਂ ਅਪਣਾ ਟੈਕਸ ਭਰਨ ਦਿੱਲੀ ਜਾਂਦਾ, ਉਸ ਦੇ ਭਰਾ ਰਾਜੇ ਸਾਰੰਗ ਨੇ ਕਹਿਣਾ, "ਮੇਰਾ ਭੀ ਟੈਕਸ ਲੈ ਜਾਣਾ"। ਰਾਜਾ ਕਮਾਲਦੀ ਬਹੁਤ ਹੀ ਚਲਾਕ ਸੀ। ਦਿੱਲੀ ਜਾ ਕੇ ਆਪਣਾ ਟੈਕਸ ਅਕਬਰ ਨੂੰ ਭਰ ਆਉਂਦਾ, ਪਰ ਲੋਭ ਦੇ ਵੱਸ ਆਪਣੇ ਭਰਾ ਦਾ ਟੈਕਸ ਨਾ ਭਰਦਾ, ਆਪਣੇ ਕੋਲੇ ਰੱਖ ਲੈਂਦਾ।

ਆਪਣੇ ਭਰਾ ਨਾਲ ਛਲ ਫਰੇਬ ਕਰਦਿਆਂ ਕਈ ਸਾਲ ਬੀਤ ਗਏ। ਇੱਕ ਦਿਨ ਅਕਬਰ ਨੂੰ ਪਤਾ ਲੱਗਾ ਕਿ ਰਾਜਾ ਸਾਰੰਗ ਕਈ ਸਾਲ ਤੋਂ ਗੈਰ ਹਾਜ਼ਰ ਹੈ ਤੇ ਟੈਕਸ ਵੀ ਨਹੀਂ ਭਰਿਆ। ਬਾਦਸ਼ਾਹ ਨੇ ਨਿਰਦੋਸ਼ ਰਾਜੇ ਸਾਰੰਗ ਨੂੰ ਗ੍ਰਿਫਤਾਰ ਕਰ ਲਿਆ। ਇੱਕ ਵਜ਼ੀਰ ਰਾਜਾ ਸਾਰੰਗ ਨੂੰ ਜਾਣਦਾ ਸੀ। ਰਾਜੇ ਸਾਰੰਗ ਦੇ ਗ੍ਰਿਫਤਾਰੀ ਬਾਰੇ ਪਤਾ ਲੱਗਣ ਤੋਂ, ਅਕਬਰ ਨੂੰ ਰਾਜੇ ਕਮਾਲਦੀ ਦੀ ਖੋਟੀ ਚਾਲ ਬਾਰੇ ਦੱਸਿਆ। ਬਾਦਸ਼ਾਹ ਨੇ ਅਸਲੀਅਤ ਜਾਣ ਕੇ ਰਾਜੇ ਸਾਰੰਗ ਨੂੰ ਛੱਡ ਦਿੱਤਾ। ਕਮਾਲਦੀ ਨੂੰ ਜਦ ਉਸ ਦੀ ਚੋਰੀ ਫੜੀ ਜਾਣ ਅਤੇ ਸਾਰੰਗ ਦੇ ਰਿਹਾ ਹੋਣ ਦਾ ਪਤਾ ਲੱਗਾ ਤਾਂ ਚਲਾਕੀ ਨਾਲ ਆਪਣੇ ਭਰਾ ਦੇ ਚਰਨੀਂ ਪੈ ਕੇ ਬੇਨਤੀ ਕੀਤੀ "ਹੇ ਮੇਰੇ ਪਿਆਰੇ ਭਰਾ ਜੀ, ਮੈਨੂੰ ਮੁਆਫ਼ ਕਰ। ਮੈਥੋਂ ਬਹੁਤ ਵੱਡੀ ਗਲਤੀ ਹੋ ਗਈ" ਸਾਰੰਗ ਨੇ ਆਪਣੇ ਸਾਊ ਸੁਭਾਅ ਅਨੁਸਾਰ ਕਮਾਲਦੀ ਨੂੰ ਦਿਲੋਂ ਮੁਆਫ਼ ਕਰ ਦਿਤਾ। ਪਰ ਕਮਾਲਦੀ ਦੇ ਦਿਲ ਵਿੱਚ ਅਜੇ ਭੀ ਖੋਟ ਸੀ। ਸਾਰੰਗ ਨੂੰ ਕਹਿੰਦਾ "ਮੈ ਆਪਣੇ ਆਪ ਨੂੰ ਓਦੋਂ ਮੁਆਫ਼ ਮੰਨਾਂਗਾ ਜਦੋਂ ਆਪ ਜੀ ਮੇਰੇ ਹੱਥੋਂ ਸ਼ਰਾਬ ਪੀਵੋਂਗੇ"। ਆਪਣੇ ਭਰਾ ਨੂੰ ਸੱਚੇ ਦਿਲੋਂ ਮੁਆਫ਼ੀ ਮੰਗਦਿਆਂ ਜਾਣ ਕੇ ਸਾਰੰਗ ਨੇ ਉਸ ਦੇ ਹੱਥੋਂ ਸ਼ਰਾਬ ਪੀਣੀ ਸਵੀਕਾਰ ਕੀਤੀ। ਕਮਾਲਦੀ ਨੇ ਚਲਾਕੀ ਨਾਲ ਸ਼ਰਾਬ ਵਿੱਚ ਜ਼ਹਿਰ ਮਿਲਾ ਕੇ ਸਾਰੰਗ ਨੂੰ ਪਿਆ ਦਿਤੀ।

ਜਦੋਂ ਸਾਰੰਗ ਦੇ ਪੁੱਤ੍ਰ ਮੋਜਦੀ ਨੂੰ ਉਸ ਦੇ ਪਿਤਾ ਜੀ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਹ ਫ਼ੌਜਾਂ ਸਮੇਤ ਆਪਣੇ ਚਾਚੇ ਕਮਾਲਦੀ 'ਤੇ ਚੜ੍ਹ ਕੇ ਆ ਪਹੁੰਚਿਆ। ਜੰਗ ਵਿੱਚ ਮੋਜਦੀ ਨੇ ਆਪਣੇ ਪਿਉ ਦੀ ਮੌਤ ਦਾ ਬਦਲਾ ਲੈ ਕੇ ਚਾਚੇ ਕਮਾਲਦੀ

ਨੂੰ ਮਾਰ ਦਿਤਾ। ਕਮਾਲਦੀ ਦੀ ਮੌਤ ਤੋਂ ਬਾਅਦ ਮੋਜਦੀ ਨੇ ਕਮਾਲਦੀ ਦਾ ਅੱਧਾ ਰਾਜ ਭਾਗ ਉਸ ਦੇ ਪੁੱਤ੍ਰ ਨੂੰ ਹੀ ਦੇ ਦਿਤਾ। ਸੋ ਮੋਜਦੀ ਭੀ ਆਪਣੇ ਪਿਤਾ ਵਾਂਗ ਧਰਮੀ ਇਨਸਾਨ ਸੀ ਜਿਸ ਨੇ ਖ਼ਿਮਾ ਅਤੇ ਸੰਤੋਖ ਦਾ ਧਰਮ ਕਮਾਇਆ।

**੧੪੦. ਸਾਖੀ ਟੁੰਡੇ ਅਸਰਾਜੈ ਦੀ:-** ਆਸਾ ਮਹਲਾ ੧॥ ਵਾਰ ਸਲੋਕਾ ਨਾਲਿ, ਸਲੋਕ ਭੀ ਮਹਲੇ ਪਹਿਲੇ ਕੇ ਲਿਖੇ; ਟੁੰਡੇ ਅਸਰਾਜੈ ਕੀ ਧੁਨੀ॥

**ਪਹਿਲੀ ਸਾਖੀ:-** ਸਾਰਿੰਗ ਦੇ ਰਾਜ ਵਿੱਚ, ਸ਼ੇਰ ਪਰਜਾ ਨੂੰ ਬਹੁਤ ਤੰਗ ਕਰਦਾ ਸੀ। ਸ਼ੇਰ ਆ ਕੇ ਬਾਲ ਬੱਚੇ, ਡੰਗਰ ਆਦਿ ਖਾ ਜਾਂਦਾ, ਇਉਂ ਬਹੁਤ ਸਮਾਂ ਬੀਤ ਗਿਆ। ਦੁਖੀ ਪਰਜਾ ਰਾਜੇ ਦੀ ਸ਼ਰਨ ਵਿੱਚ ਗਈ, ਤੇ ਬੇਨਤੀ ਕੀਤੀ "ਹੇ ਰਾਜਨ! ਹਰ ਤਰ੍ਹਾਂ ਨਾਲ ਪਰਜਾ ਦੀ ਰੱਖਿਆ ਕਰਨੀ ਧਰਮੀ ਰਾਜੇ ਦਾ ਧਰਮ ਹੁੰਦਾ ਹੈ। ਇਸ ਲਈ ਸਾਨੂੰ ਸ਼ੇਰ ਤੋਂ ਬਚਾਓ ਜੀ। ਨਹੀਂ ਤਾਂ ਅਸੀਂ ਤੇਰੇ ਬੂਹੇ 'ਤੇ ਬੈਠੇ, ਭੁੱਖੇ ਮਰਾਂਗੇ।" ਰਾਜੇ ਨੇ ਤੁਰੰਤ ਅਪਣਾ ਫ਼ਰਜ਼ ਸਮਝਦਿਆਂ ਆਪਣੇ ਕੁਝ ਬਹਾਦਰ ਸੂਰਮੇ, ਸ਼ੇਰ ਮਾਰਨ ਲਈ ਭੇਜੇ। ਪਰ ਉਨ੍ਹਾਂ ਤੋਂ ਸ਼ੇਰ ਕਾਬੂ ਨ ਆਇਆ। ਹਾਰ ਕੇ ਰਾਜੇ ਨੇ ਅਪਣੇ ਸਪੁੱਤਰ ਅਸਰਾਜ ਨੂੰ ਸ਼ੇਰ ਦੇ ਸ਼ਿਕਾਰ ਲਈ ਭੇਜਿਆ। ਅਸਰਾਜ ਇੱਕ ਜਤੀ ਸਤੀ ਸੂਰਬੀਰ ਬਹਾਦਰ ਸੀ, ਜੋ ਧਰਮ ਦੇ ਅਸੂਲਾਂ ਵਿੱਚ ਪੱਕਾ ਸੀ। ਉਸ ਨੇ ਕਦੇ ਭੁੱਲ ਕੇ ਭੀ ਪਰਾਈ ਇਸਤ੍ਰੀ ਵੱਲ ਵਿਕਾਰ ਦ੍ਰਿਸ਼ਟੀ ਨਾਲ ਨਹੀਂ ਸੀ ਦੇਖਿਆ। ਸਗੋਂ ਸਾਧੂ ਸੰਤਾਂ ਦੀ ਸੇਵਾ ਕਰਿਆ ਕਰਦਾ ਸੀ। ਯਥਾ:- ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤ ਸੰਗਿ ਹੇਤ॥ ਜਤੀ ਸਤੀ ਹੋਣ ਕਰਕੇ, ਅਸਰਾਜ ਦਾ ਮਨ ਇਕਾਗਰ ਤੇ ਨਿਡਰ ਸੀ। ਜਿਧਰੋਂ ਸ਼ੇਰ ਜੰਗਲ 'ਚੋਂ ਨਿੱਤ ਆਉਂਦਾ ਸੀ ਉਸੇ ਰਸਤੇ ਵੱਲ ਅਸਰਾਜ ਤੁਰਿਆ। ਆਪਣੇ ਵੱਲ ਆਉਂਦਾ ਦੇਖ ਕੇ, ਸ਼ੇਰ ਨੇ ਅਸਰਾਜ ਨੂੰ ਸ਼ਿਕਾਰ ਬਨਾਉਣ ਲਈ ਭੱਬਕ ਮਾਰੀ। ਉਧਰੋਂ ਅਸਰਾਜ ਇੱਕ ਹੱਥ ਵਿੱਚ ਤਲਵਾਰ ਤੇ ਦੂਜੇ ਹੱਥ 'ਚ ਢਾਲ ਫੜ੍ਹ ਕੇ, ਸ਼ੇਰ ਵੱਲ ਭੱਜਿਆ। ਨੇੜੇ ਆਉਣ ਸਾਰ, ਅਸਰਾਜ ਨੇ ਸ਼ੇਰ ਦੇ ਮੂੰਹ ਵਿੱਚ ਢਾਲ ਮਾਰ ਕੇ, ਤਲਵਾਰ ਦੇ ਵਾਰ ਨਾਲ ਸ਼ੇਰ ਦੇ ਦੋ ਟੋਟੇ ਕਰ ਦਿਤੇ। ਸ਼ੇਰ ਤਾਂ ਮਾਰ ਦਿਤਾ, ਪਰ ਸ਼ੇਰ ਅਸਰਾਜ ਦਾ ਹੱਥ ਖਾ ਗਿਆ। ਬਹਾਦਰੀ ਦਾ ਇਹ ਸਾਕਾ ਰਾਜ ਵਿੱਚ ਅੱਗ ਵਾਂਗ ਫ਼ੈਲ ਗਿਆ।

**ਦੂਜੀ ਸਾਖੀ:-** ਭਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ। ਸੁਲਤਾਨ, ਖ਼ਾਨ ਬਡ ਸੂਰਮੇ, ਵਿਚ ਰਣ ਦੇ ਗੱਜੇ। ਖ਼ਤ ਲਿਖੇ ਟੁੰਡੇ ਅਸਰਾਜ, ਪਾਤਸ਼ਾਹੀ ਅੱਜੇ। ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ ਫ਼ਤੇ ਪਾਇ ਅਸਰਾਜ ਜੀ, ਸ਼ਾਹੀ ਪਰ ਸੱਜੇ।

ਚਿਤਰ ਵੀਰ ਰਾਜੇ ਦੇ ਤਿੰਨ ਪੁੱਤ੍ਰ ਸਨ। ਪਹਿਲਾ ਅਸਰਾਜ ਜੋ ਪਟਰਾਣੀ ਦੀ ਕੁੱਖੋ ਹੋਇਆ। ਖ਼ਾਨ ਤੇ ਸੁਲਤਾਨ ਦੂਜੀਆਂ ਰਾਣੀਆਂ ਤੋਂ ਜਨਮੇ ਸਨ। ਅਸਰਾਜ ਦੇ ਜਵਾਨ ਹੋਣ ਤੋਂ, ਰਾਜੇ ਨੇ ਸੂਝਵਾਨ ਜੋਤਸ਼ੀਆਂ ਨੂੰ ਪੁੱਛਿਆ "ਮੇਰਾ ਵੱਡਾ ਸਪੁੱਤ੍ਰ ਅਸਰਾਜ ਚੰਗੇ ਇਖ਼ਲਾਕ ਵਾਲਾ, ਬਹਾਦਰ, ਸਿਆਣਾ ਕਿਵੇਂ ਬਣੇ?" ਤਾਂ ਜੋਤਸ਼ੀਆਂ ਨੇ ਆਪਣੀ ਵਿੱਦਿਆ ਅਨੁਸਾਰ ਆਪਸੀਂ ਵਿਚਾਰ ਕਰਕੇ ਰਾਜੇ ਚਿਤਰ ਵੀਰ ਨੂੰ ਦੱਸਿਆ "ਹੇ ਬਾਦਸ਼ਾਹ! ਆਪਣੇ ਲਾਇਕ ਸਪੁੱਤ੍ਰ ਲਈ ਇਕ ਸੁੰਦਰ ਭੋਰਾ ਬਣਾਉ, ਜਿਸ ਵਿੱਚ ਸਾਰੇ ਪ੍ਰਬੰਧ ਕੀਤੇ ਜਾਣ। ਇੱਕ ਵੱਖਰੀ ਰਸੋਈ ਅਤੇ ਇਸ਼ਨਾਨ ਆਦਿ ਕਿਰਿਆ ਕਰਨ ਦਾ ਸਾਰਾ ਪ੍ਰਬੰਧ ਭੀ ਉਸ ਭੋਰੇ ਵਿੱਚ ਹੋਵੇ, ਅਤੇ ਬਾਰਾਂ ਸਾਲ ਉੱਥੇ ਰਹਿ ਕੇ ਵਿੱਦਿਆ ਪੜ੍ਹੇ, ਬੰਦਗੀ ਕਰੇ। ਕੇਵਲ ਉਸਤਾਦਾਂ ਨਾਲ ਹੀ ਵਰਤ ਵਰਤਾਵਾ ਰੱਖੇ, ਹੋਰ ਕੋਈ ਉਸ ਨੂੰ ਨਾ ਮਿਲੇ"। ਬਾਦਸ਼ਾਹ ਨੇ ਸਭ ਕੁੱਝ ਤਿਆਰ ਕਰਕੇ ਆਪਣੇ ਸਪੁੱਤਰ ਨੂੰ ਬਾਰਾਂ ਸਾਲ ਲਈ ਕੇਵਲ ਸ਼ਸ਼ਤ੍ਰ ਤੇ ਬ੍ਰਹਮ ਵਿੱਦਿਆ ਪੜ੍ਹਨ ਲਈ ਭੇਜ ਦਿੱਤਾ। ਠੀਕ ਬਾਰਾਂ ਸਾਲ

ਬਾਅਦ ਅਸਰਾਜ ਇਕ ਚਤੁਰ, ਚੰਗਾ ਇਖ਼ਲਾਕ ਵਾਲਾ ਧਰਮੀ ਬਹਾਦਰ ਬਣ ਗਿਆ। ਇਸ ਨੇ ਬਾਰਾਂ ਸਾਲ ਫਿਰ ਜਪ ਤਪ ਵਿੱਚ ਸਮਾਂ ਲਾ ਦਿੱਤਾ।

ਚੌਵੀ ਵਰਿਆਂ ਬਾਅਦ ਜਦੋਂ ਅਸਰਾਜ ਭੋਰੇ ਤੋਂ ਬਾਹਰ ਆਇਆ ਤਾਂ ਰਾਜੇ ਨੇ ਬਹੁਤ ਸੁੰਦਰ ਸ਼ਾਨਦਾਰ ਪ੍ਰਬੰਧ ਕੀਤਾ। ਰਾਜੇ ਦੇ ਸਾਰੇ ਮੰਤਰੀ, ਜਰਨੈਲ, ਰਿਸ਼ੀ ਮੁਨੀ, ਪਰਜਾ ਆਦਿ ਸਵਾਗਤ ਕਰਨ ਲਈ ਇਕੱਠੇ ਹੋਏ। ਅਸਰਾਜੇ ਨੇ ਭੋਰੇ ਤੋਂ ਨਿਕਲਦਿਆਂ ਸਾਰ ਆਪਣੇ ਪਿਤਾ ਦੇ ਚਰਨਾਂ 'ਤੇ ਮੱਥਾ ਰੱਖਿਆ, ਰਾਜੇ ਨੇ ਅਤਿਅੰਤ ਖ਼ੁਸ਼ੀ ਵਿੱਚ ਅਸਰਾਜ ਨੂੰ ਗਲ਼ਵੱਕੜੀ ਵਿੱਚ ਲੈ ਲਿਆ, ਥਾਪੀ ਦਿੱਤੀ। ਪਿਤਾ ਜੀ ਦੇ ਹੁਕਮ ਅਨੁਸਾਰ ਅਸਰਾਜ ਮਹਿਲਾਂ ਵਿੱਚ ਆਪਣੀਆਂ ਮਾਤਾਵਾਂ ਦਾ ਅਸ਼ੀਰਵਾਦ ਲੈਣ ਲਈ ਗਿਆ। ਅਸਰਾਜੇ ਨੇ ਮਹਿਲਾਂ ਵਿੱਚ ਜਾ ਕੇ ਮਾਤਾਵਾਂ ਨੂੰ ਮੱਥਾ ਟੇਕਿਆ। ਰਾਜੇ ਦੀ ਸਭ ਤੋਂ ਛੋਟੀ ਰਾਣੀ ਅਸਰਾਜ ਦੀ ਉਮਰ ਦੀ ਸੀ। ਉਹ ਅਸਰਾਜ ਦਾ ਤੇਜ਼ ਪ੍ਰਤਾਪ, ਸੁੰਦਰਤਾਈ ਦੇਖ ਕੇ ਮੋਹਿਤ ਹੋ ਗਈ, ਅਤੇ ਬੁਰੀ ਵਾਸ਼ਨਾ ਉਸ ਦੇ ਮਨ ਵਿੱਚ ਉਤਪੰਨ ਹੋਣ ਲੱਗੀ। ਜਦ ਅਸਰਾਜ ਉਸ ਦੇ ਪੈਰਾਂ ਤੇ ਆਪਣਾ ਮੱਥਾ ਰੱਖਣ ਲੱਗਾ, ਉਸ ਨੇ ਡੌਲਿਓ ਫੜ ਕੇ ਮੱਥਾ ਨਾ ਟੇਕਣ ਦਿਤਾ। ਹੈਰਾਨ ਹੋ ਕੇ ਅਸਰਾਜ ਨੇ ਪੁੱਛਿਆ "ਹੇ ਮਾਤਾ ਜੀ, ਮੈਨੂੰ ਮੱਥਾ ਕਿਉਂ ਨਹੀ ਟੇਕਣ ਦਿਤਾ?" ਰਾਣੀ ਅਗੋਂ ਕਹਿੰਦੀ "ਤੂੰ ਮੇਰੀ ਕੁੱਖੋਂ ਨਹੀਂ ਜਨਮਿਆਂ, ਇਸ ਲਈ ਤੇਰਾ ਮੇਰਾ ਮਾਂ ਪੁੱਤ ਦਾ ਰਿਸ਼ਤਾ ਨਹੀਂ। ਮੇਰੇ ਨਾਲ ਪਤੀ ਪਤਨੀ ਦਾ ਰਿਸ਼ਤਾ ਜੋੜ"। ਅਸਰਾਜ ਨੇ ਬੜਾ ਹੈਰਾਨ ਹੋ ਕੇ ਕਿਹਾ "ਹੇ ਮਾਤਾ ਜੀ! ਪਿਤਾ ਜੀ ਦੀਆਂ ਜਿਤਨੀਆਂ ਭੀ ਰਾਣੀਆਂ ਹਨ ਸਭ ਮੇਰੀਆਂ ਮਾਤਾਵਾਂ ਹਨ। ਐਸੀ ਗੱਲ ਦੁਬਾਰਾ ਨਾ ਕਹੀਂ। ਅੰਤਰਜਾਮੀ ਪ੍ਰਮਾਤਮਾ ਜੀ ਅੰਦਰ ਬਾਹਰ ਸਭਨਾਂ ਨੂੰ ਦੇਖਦਿਆਂ ਸੁਣਦਿਆਂ, ਲਬਾ ਲਬ ਭਰਪੂਰ ਵਿਆਪਕ ਹੋ ਰਹੇ ਹਨ।" ਯਥਾ:-
ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥

ਪਰ ਰਾਣੀ ਨੇ ਦੁਬਾਰਾ ਕੋਸ਼ਿਸ਼ ਕਰਦਿਆਂ, ਧਮਕੀ ਭੀ ਦਿਤੀ "ਜੇ ਤੂੰ ਮੇਰੀ ਗੱਲ ਨਾਲ ਸਹਿਮਤ ਨਹੀਂ, ਤਾਂ ਮੈਂ ਤੈਨੂੰ ਮਰਵਾ ਦਿਆਂਗੀ"। ਅਸਰਾਜ ਨੇ ਆਪਣੇ ਮਨ ਵਿੱਚ ਵਿਚਾਰ ਕੀਤੀ ਤੇ ਰਾਣੀ ਨੂੰ ਕਿਹਾ "ਹੇ ਮਾਤਾ ਜੀ! ਪਰਮਾਤਮਾ ਜੀ ਤੋਂ ਡਰ ਕੇ, ਬੁਰੇ ਖਿਆਲਾਂ ਤੋਂ ਆਪਣਾ ਮਨ ਮੋੜੋ। ਇਹ ਜਨਮ ਇੱਕ ਨਿਰਮੋਲਕ ਹੀਰਾ ਹੈ, ਪਰ ਇਹ ਨਿਰਮੋਲਕ ਹੀਰਾ ਉਦੋਂ ਬਣਦਾ ਹੈ ਜਦੋਂ ਧਰਮ ਦੇ ਲੇਖੇ ਲੱਗਦਾ ਹੈ। ਦਿਨ ਰਾਤ ਪਰਮਾਤਮਾ ਜੀ ਦਾ ਨਾਮ ਜਪੀਏ ਤੇ ਜਪਾਈਏ, ਪਰਉਪਕਾਰ ਕਰੀਏ, ਨਹੀਂ ਤਾਂ ਵਿਕਾਰਾਂ ਦੇ ਸੁਖ ਸੁਆਦ ਵਿੱਚ ਲੱਗਣੇ ਕਰਕੇ ਇਸ ਦਾ ਕੋਈ ਮੁੱਲ ਨਹੀਂ ਪੈਂਦਾ। ਯਥਾ:-
ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥੧॥) ਕਬੀਰ. ਬਿਕਾਰਹ ਚਿਤਵਤੇ. ਝੂਠੇ ਕਰਤੇ ਆਸ॥ ਮਨੋਰਥੁ ਕੋਇ. ਨ ਪੂਰਿਓ; ਚਾਲੇ ਊਠਿ ਨਿਰਾਸ॥੨੦੫॥ ਸਾਰਿਆਂ ਨੇ ਇਕ ਵਾਰ ਤਾਂ ਮਰਣਾ ਹੀ ਹੈ, ਪਰ ਮੈਂ ਕਲੰਕਤ ਹੋ ਕੇ ਨਹੀਂ ਮਰਣਾ।" ਇਹ ਕਹਿੰਦਿਆਂ ਅਸਰਾਜ ਉਥੋਂ ਚਲਾ ਗਿਆ।

ਫਿਰ ਰਾਣੀ ਨੇ ਇੱਕ ਚਲਿੱਤ੍ਰ ਖੇਡਿਆ। ਜਦ ਰਾਜਾ ਰਾਣੀ ਦੇ ਮਹਿਲ ਵਿੱਚ ਆਇਆ, ਤਾਂ ਕੀ ਦੇਖਿਆ? ਰਾਣੀ ਧਰਤੀ 'ਤੇ ਪਈ ਰੋ ਰਹੀ ਹੈ, ਕੱਪੜੇ ਪਾਟੇ ਅਤੇ ਸ੍ਰੀਰ 'ਤੇ ਨੀਲ ਸਨ। ਰਾਣੀ ਦੀ ਐਸੀ ਭਿਆਨਕ ਤਰਸਯੋਗ ਹਾਲਤ ਦੇਖਦਿਆਂ, ਰਾਜੇ ਨੇ ਤੁਰੰਤ ਰਾਣੀ ਨੂੰ ਉਠਾ ਕੇ ਪੁੱਛਿਆ "ਕਿਸ ਪਾਪੀ ਨੇ ਤੇਰਾ ਐਸਾ ਹਾਲ ਕੀਤਾ ਹੈ?" ਰਾਣੀ ਤਰਕ ਨਾਲ ਕਹਿੰਦੀ "ਤੇਰੇ ਲਾਡਲੇ ਸਪੁੱਤਰ ਅਸਰਾਜ ਨੇ ਕੀਤਾ। ਹੇ ਰਾਜਨ! ਜਾਂ ਹੁਣ ਮੈਂ ਰਹਾਂਗੀ ਜਾਂ ਉਹੋ।" ਇਹ ਸੁਣ ਕੇ ਰਾਜਾ ਬਹੁਤ ਹੀ ਹੈਰਾਨ ਹੋਇਆ। ਕਈ ਦਿਨ ਸੋਚਾਂ ਵਿੱਚ ਪਿਆ ਰਿਹਾ। ਜਦ ਅਸਰਾਜ ਵੱਲ ਦੇਖਦਾ ਤਾਂ ਰਾਣੀ ਦੀ ਉਹ ਤਰਸਯੋਗ ਹਾਲਤ ਦਿਮਾਗ਼ ਵਿੱਚ ਆ ਜਾਂਦੀ ਅਤੇ ਜਦ ਰਾਣੀ ਵਲ ਦੇਖਦਾ ਤਾਂ ਸੋਚਦਾ ਕਿ ਇਸ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਰਾਜੇ ਨੇ ਆਪਣੇ ਦੋਵੇਂ ਪੁੱਤਰਾਂ ਖ਼ਾਨ ਤੇ ਸੁਲਤਾਨ ਅਤੇ ਹੋਰ ਵਜ਼ੀਰਾਂ ਨਾਲ ਸਲਾਹ ਕਰਨ ਉਪਰੰਤ,

ਰਾਣੀ ਤੇ ਅਸਰਾਜ ਨੂੰ ਰਾਜ ਸਭਾ ਵਿੱਚ ਬੁਲਾ ਕੇ ਰਾਣੀ ਦੇ ਹੱਕ ਵਿੱਚ ਫੈਸਲਾ ਸੁਣਾ ਦਿਤਾ। ਰਾਜੇ ਚਿਤਰ ਵੀਰ ਨੇ ਫ਼ੁਰਮਾਇਆ "ਰਾਣੀ ਦੀ ਇੱਛਾ ਅਨੁਸਾਰ ਤੈਨੂੰ ਮੌਤ ਦੀ ਸਜ਼ਾ ਤਾਂ ਨਹੀਂ ਦਿੰਦਾ ਪਰ ਤੇਰਾ ਸੱਜਾ ਹੱਥ ਵੱਡ ਕੇ ਜ਼ਿੰਦਗੀ ਭਰ ਲਈ ਬਨਵਾਸ ਦੀ ਸਜ਼ਾ ਲਾਉਂਦਾ ਹਾਂ"। ਰਾਜੇ ਨੇ ਅਸਰਾਜ ਨੂੰ ਰਾਜ ਤੋਂ ਬਾਹਰ ਛੱਡਣ ਦੀ ਡਿਊਟੀ ਆਪਣੇ ਪੁੱਤਰਾਂ ਖ਼ਾਨ ਤੇ ਸੁਲਤਾਨ, ਵਜ਼ੀਰ ਤੇ ਜਲਾਦਾਂ ਨੂੰ ਦਿਤੀ। ਦੋਵੇਂ ਭਰਾਵਾਂ ਨੇ ਖੋਟ ਨਾਲ, ਬਿਨਾ ਰਾਜੇ ਨੂੰ ਦੱਸੇ, ਅਸਰਾਜ ਦੇ ਦੋਵੇਂ ਹੱਥ ਵੱਢ ਕੇ, ਰਾਜ ਤੋਂ ਬਾਹਰ ਖੂਹ ਵਿੱਚ ਸੁੱਟ ਦਿਤਾ। ਉਪਰੰਤ ਵਾਪਸ ਆ ਕੇ ਰਾਜੇ ਨੂੰ ਝੂਠ ਹੀ ਕਹਿ ਦਿੱਤਾ, ਕਿ ਅਸਰਾਜ ਦਾ ਸੱਜਾ ਹੱਥ ਵੱਢ ਕੇ ਦੇਸ਼ ਤੋਂ ਬਾਹਰ ਕੱਢ ਦਿਤਾ ਹੈ।

ਇੱਕ ਵਣਜਾਰਿਆਂ ਦੇ ਟੋਲੇ ਨੇ ਪਾਣੀ ਪੀਣ ਲਈ ਖੂਹ ਵਿੱਚ ਡੋਲ ਸੁੱਟਿਆ। ਅਸਰਾਜ ਨੇ ਡੋਲ ਫੜ ਲਿਆ ਬਾਹਰ ਨ ਨਿਕਲਣ ਦਿੱਤਾ। ਇੱਕ ਵਣਜਾਰੇ ਨੇ ਦੇਖਿਆ ਸੁੰਦਰ ਜਵਾਨ ਖੂਹ ਵਿੱਚ ਡਿੱਗਾ ਹੈ। ਤਰਸ ਕਰਕੇ ਅਸਰਾਜ ਨੂੰ ਬਾਹਰ ਕੱਢ ਲਿਆ। ਰਸਤੇ 'ਚ ਤੁਰੇ ਜਾ ਰਹੇ ਸਨ ਤਦ ਇੱਕ ਸੰਤਾਨਹੀਨ ਧੋਬੀ ਨੇ ਅਸਰਾਜ ਨੂੰ ਦੇਖਿਆ ਅਤੇ ਮੋਹਿਤ ਹੋ ਗਿਆ। ਵਣਜਾਰਿਆਂ ਨੇ ਪੁੱਛਿਆ, "ਹੇ ਧੋਬੀ, ਜਵਾਨ ਨੂੰ ਦੇਖ ਕੇ ਕੱਪੜੇ ਧੋਣੋ ਕਿਉਂ ਹਟ ਗਿਆ ਹੈਂ"? ਧੋਬੀ ਨੇ ਕਿਹਾ "ਜੇ ਇਹ ਮੇਰਾ ਪੁੱਤ੍ਰ ਹੁੰਦਾ ਤਾਂ ਮੈਂ ਆਪਣੇ ਬਹੁਤ ਧੰਨ ਭਾਗ ਸਮਝਦਾ"। ਇਤਨਾ ਕਹਿਣ ਤੋਂ, ਵਣਜਾਰਿਆਂ ਨੇ ਅਸਰਾਜ ਧੋਬੀ ਨੂੰ ਵੇਚ ਦਿੱਤਾ। ਅਸਰਾਜ ਨੇ ਧੋਬੀ ਨੂੰ ਆਪਣਾ ਧਰਮੀ ਪਿਤਾ ਸਵੀਕਾਰ ਕਰ ਲਿਆ। ਧੋਬੀ ਤੇ ਅਸਰਾਜ ਨਿਤਾਪ੍ਰਤੀ ਬੈਲ ਗੱਡੀ 'ਤੇ ਕੱਪੜੇ ਲੱਦ ਕੇ ਨਦੀ 'ਤੇ ਧੋਣ ਜਾਂਦੇ। ਰਾਜ ਵਿੱਚ ਵਿਚਰਦਿਆਂ ਅਸਰਾਜ ਨੀਵੀਂ ਪਾ ਕੇ ਰੱਖਦਾ, ਕਦੇ ਭੁੱਲ ਕੇ ਭੀ ਪਰਾਈ ਇਸਤ੍ਰੀ ਵੱਲ ਨਹੀਂ ਦੇਖਦਾ ਸੀ। ਨੇਕੀ ਨਾਲ ਰਾਜੇ ਅਤੇ ਪਰਜਾ ਦੇ ਕੱਪੜੇ ਧੋਂਦਾ, ਕਿਸੇ ਦੇ ਨਾਲ ਹੇਰਾ ਫੇਰੀ ਨਾ ਕਰਦਾ, ਪੂਰੀ ਇਮਾਨਦਾਰੀ ਨਾਲ ਕੰਮ ਕਰਦਾ ਸੀ। ਘਰ ਘਰ ਇਹ ਗੱਲ ਹੋਣ ਲੱਗ ਗਈ ਕਿ ਇਹ ਧੋਬੀਆਂ ਦਾ ਸਪੁੱਤਰ ਬਹੁਤ ਹੀ ਲਾਇਕ, ਤੇ ਚੰਗੇ ਇਖ਼ਲਾਕ ਵਾਲਾ ਹੈ।

ਰਾਜਾ ਸੰਤਾਨਹੀਨ ਹੋਣ ਕਰਕੇ ਆਪਣੇ ਵਜ਼ੀਰਾਂ ਨਾਲ ਅਗਲਾ ਰਾਜਾ ਥਾਪਣ ਦੀ ਗੱਲ ਕਰ ਰਿਹਾ ਸੀ। ਤਾਂ ਮੰਤ੍ਰੀਆਂ ਨੇ ਕਿਹਾ "ਹੇ ਰਾਜਨ! ਰਾਜਧਾਨੀ ਦਾ ਵੱਡਾ ਦਰਵਾਜ਼ਾ ਬੰਦ ਕਰੋ ਜੀ, ਜਿਸ ਦੇ ਹੱਥ ਲੱਗਣ ਨਾਲ ਖੁੱਲ ਜਾਵੇ ਉਸ ਨੂੰ ਰਾਜ ਦੇ ਦੇਵੋ। ਪੂਰੀ ਰਾਤ ਜਾਗ ਕੇ ਸਾਰੇ ਨਾਮ ਜਪੋ, ਭਗਤੀ ਕਰੋ, ਕੋਈ ਭੀ ਸੌਂਵੇ ਨਾ" ਮੰਤ੍ਰੀਆਂ ਦੀ ਸਲਾਹ ਨਾਲ ਵੱਡਾ ਦਰਵਾਜ਼ਾ ਬੰਦ ਕੀਤਾ ਗਿਆ। ਕੁਦਰਤੀ ਉਸ ਦਿਨ ਅਸਰਾਜ ਨੂੰ ਕੱਪੜੇ ਧੋਂਦਿਆਂ ਰਾਤ ਹੋ ਗਈ। ਰਾਜਧਾਨੀ ਅੰਦਰ ਵੜਨ ਲਈ ਜਦ ਅਸਰਾਜ ਨੇ ਵੱਡੇ ਦਰਵਾਜ਼ੇ ਨੂੰ ਹੱਥ ਲਾਇਆ ਤਾਂ ;ਰਾਜਾਰਾਮਿ ਮਾਇਆ ਫੇਰੀ॥੩॥ ਦਰਵਾਜ਼ਾ ਖੁੱਲ ਗਿਆ। ਜਿਸ ਕਰਕੇ ਰਾਜੇ ਨੇ ਅਪਣਾ ਰਾਜ ਅਸਰਾਜ ਨੂੰ ਸੰਭਾਲ ਦਿਤਾ।

ਅਸਰਾਜ ਰਾਜ ਗੱਦੀ 'ਤੇ ਬੈਠਣ ਤੋਂ ਬਾਅਦ, ਰਾਜ ਵਿੱਚ ਹਰ ਬੰਦਾ ਧਰਮੀ ਬਣਨ ਲੱਗ ਗਿਆ, ਰਾਜ 'ਚ ਖ਼ੁਸ਼ਹਾਲੀ ਆ ਗਈ, ਅੰਨ ਧਨ ਬਹੁਤਾ ਵੱਧ ਗਿਆ ਤੇ ਸੁਖ ਸ਼ਾਂਤੀ ਨਾਲ ਸਭਨਾ ਦਾ ਜੀਵਨ ਬਤੀਤ ਹੋਣ ਲੱਗਾ। ਇੱਕ ਦਿਨ ਅਸਰਾਜ ਆਪਣੇ ਮਹਿਲ ਦੀ ਛੱਤ 'ਤੇ ਟਹਿਲ ਰਹਿਆ ਸੀ, ਤਾਂ ਜਿੰਨ੍ਹਾਂ ਵਣਜਾਰਿਆਂ ਨੇ ਉਸ ਨੂੰ ਖੂਹ ਵਿੱਚੋਂ ਕੱਢਿਆ ਸੀ ਉਹ ਨਜ਼ਰ 'ਚ ਆਏ। ਉਨ੍ਹਾਂ ਨੂੰ ਰਾਜ ਸਭਾ ਵਿੱਚ ਬੁਲਾ ਕੇ ਬੇਹੱਦ ਸਤਿਕਾਰ ਕੀਤਾ, ਧਨ ਪਦਾਰਥ ਦਿਤਾ। ਵਿਦਾ ਕਰਨ ਗਏ ਤਾਂ ਇੱਕ ਮੰਤਰੀ ਨੇ ਉਨ੍ਹਾਂ ਨੂੰ ਪੁੱਛਿਆ "ਰਾਜੇ ਨੇ ਆਪ ਜੀ ਦਾ ਇਤਨਾ ਮਾਣ ਸਤਿਕਾਰ ਕਿਉਂ ਕੀਤਾ?"। ਵਣਜਾਰਿਆਂ ਨੇ ਆਪਣੀ ਕਮਜ਼ੋਰੀ ਲੁਕਾਉਣ ਲਈ ਦੱਸਿਆ "ਇਸ ਨੂੰ ਅਸੀਂ ਜੀਵਨ ਬਖ਼ਸ਼ਿਆ ਹੈ, ਇਸ ਨੇ ਇਹੋ ਜੇਹੀ ਗ਼ਲਤੀ ਕੀਤੀ ਸੀ ਜੋ ਸਾਡੇ ਤੋਂ ਕਹੀ ਨਹੀਂ ਜਾਂਦੀ। ਉਸ ਗ਼ਲਤੀ ਕਰਕੇ ਰਾਜਾ ਉਸ ਨੂੰ ਸਜਾਏ ਮੌਤ ਦੇਣ ਲੱਗਾ ਸੀ ਪਰ ਸਾਡੀ ਸਲਾਹ ਸੁਣ ਕੇ ਰਾਜੇ ਨੇ ਇਸਦੇ ਦੋਵੇਂ ਹੱਥ ਵੱਢ ਦਿੱਤੇ ਸਨ"। ਇਹ ਸੁਣ ਕੇ ਮੰਤਰੀ ਨੂੰ ਬਹੁਤ ਗੁੱਸਾ ਆਇਆ।

ਜਦ ਉਸ ਨੇ ਅਸਰਾਜ ਨੂੰ ਜਾ ਕੇ ਦੱਸਿਆ ਤਾਂ ਅਸਰਾਜ ਨੇ ਪ੍ਰਮਾਤਮਾ ਜੀ ਦਾ ਸਿਮਰਨ ਤੇ ਜਸ ਕਰਦਿਆਂ, ਆਪਣੇ ਦੋਵੇ ਟੁੰਡ ਮਲੇ ਤੇ ਪ੍ਰਮਾਤਮਾ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ "ਹੇ ਪ੍ਰਮਾਤਮਾ ਜੀ! ਆਪ ਜੀ ਮੇਹਰਵਾਨ ਦਇਆਲ, ਪਤਿਤ ਪਾਵਨ ਹੋ, ਇਨ੍ਹਾਂ ਨੂੰ ਸੁਮੱਤ ਬਖ਼ਸ਼ੋ ਤੇ ਆਪਣੇ ਸੱਚੇ ਮਹਾਨ ਪਰਉਪਕਾਰੀ ਨਿਰਵਿਕਾਰੀ ਚਰਨਕਮਲਾਂ ਨਾਲ ਜੋੜ ਲਵੋ ਜੀ। ਸੰਸਾਰ ਨੂੰ ਆਪਣੇ ਨਾਮ ਵਿੱਚ ਲਾਉਣ, ਭਾਣਾ ਮੰਨਣ ਅਤੇ ਸੱਚ ਧਰਮ 'ਤੇ ਤੁਰਨ ਦਾ ਬਲ ਬਖ਼ਸ਼ੋ ਜੀ"। ਯਥਾ:- ਹਉਮੈ ਤਜਨ. ਨਾਮ ਲਿਵ ਲਾਵਣ; ਭਾਣਾ ਮੰਨਣ ਪੰਥ ਇਹੁ ਪਾਵਨ। ਇਹ ਕਹਿਣ ਤੋਂ ਅਸਰਾਜ ਦੇ ਦੋਵੇਂ ਹੱਥ ਹਰੇ ਹੋ ਗਏ। ਯਥਾ:- ਸੂਕੇ ਹਰੇ ਕੀਏ; ਖਿਨ ਮਾਹੇ॥

ਉਦਰ ਅਸਰਾਜ ਦੇ ਪਿਤਾ ਚਿਤਰ ਵੀਰ ਦੇ ਰਾਜ ਵਿੱਚ ਪਰਜਾ ਅਧਰਮੀ ਹੋ ਗਈ ਸੀ, ਜਿਸ ਕਰਕੇ ਕਾਲ਼ ਪੈ ਗਿਆ। ਕਾਲ਼ ਕਰਕੇ ਬਹੁਤ ਲੋਕਾਂ ਦੀ ਮੌਤ ਹੋਣ ਲਗੀ, ਜਿਸ ਤੋਂ ਰਾਜੇ ਨੇ ਅਪਣੇ ਅਹਿਲਕਾਰ ਰਾਜੇ ਅਸਰਾਜ ਤੋਂ ਮਦਦ ਲੈਣ ਲਈ ਭੇਜੇ। ਅਸਰਾਜ ਨੇ ਅਹਿਲਕਾਰਾਂ ਦਾ ਆਪਣੇ ਪਿਤਾ ਚਿੱਤਰ ਵੀਰ ਦੁਆਰਾ ਭੇਜੇ ਗਏ ਹੋਣ ਦੀ ਗੱਲ ਤੋਂ ਜਾਣੂ ਹੋ ਕੇ ਬਹੁਤ ਸਤਿਕਾਰ ਕੀਤਾ। ਖੁੱਲ੍ਹੇ ਦਿਲ ਨਾਲ ਅੰਨ ਦੇ ਗੱਡਿਆਂ ਦੇ ਗੱਡੇ ਦੇ ਦਿੱਤੇ। ਵਾਪਿਸ ਆ ਕੇ ਅਹਿਲਕਾਰਾਂ ਨੇ ਰਾਜੇ ਚਿਤਰ ਵੀਰ ਨੂੰ ਅਸਰਾਜ ਦੀ ਸਿਫਤ ਕਰਦਿਆਂ ਕਿਹਾ "ਹੇ ਰਾਜਨ! ਉਹ ਰਾਜ ਤਾਂ ਸਵਰਗ ਹੀ ਹੈ, ਸਾਰੀ ਪਰਜਾ ਧਰਮੀ ਹੈ ਅਤੇ ਰਾਜਾ ਬਹੁਤ ਖੁੱਲੇ ਦਿਲ ਦਾ ਹੈ ਜੋ ਧਰਮ ਦੇ ਨਾਲ ਰਾਜ ਚਲਾਉਂਦਾ ਹੈ। ਪਰਜਾ ਨੂੰ ਬਹੁਤ ਸੁਖੀ ਰੱਖਦਾ ਹੈ।" ਉਪਮਾ ਸੁਣ ਕੇ, ਰਾਜਾ ਚਿਤਰ ਵੀਰ ਰਾਜੇ ਅਸਰਾਜ ਦਾ ਧੰਨਵਾਦ ਕਰਨ ਆਪ ਗਿਆ। ਰਾਜੇ ਚਿਤਰ ਵੀਰ ਨੇ ਆਪਣੇ ਦੂਤ ਰਾਹੀਂ ਅਸਰਾਜ ਨੂੰ ਸੁਨੇਹਾ ਭੇਜਿਆ ਕਿ ਮੈਂ ਧੰਨਵਾਦ ਕਰਨ ਲਈ ਆ ਰਿਹਾ ਹਾਂ। ਅਸਰਾਜ ਨੇ ਆਪਣੇ ਪਿਤਾ ਦੇ ਸਵਾਗਤ ਲਈ ਵਾਜੇ ਵਜਾਉਣ ਅਤੇ ਨੱਗਾਰੇ ਵਜਾਉਣ ਵਾਲੇ ਅੱਗੇ ਖੜ੍ਹੇ ਕਰ ਦਿਤੇ। ਆਪਣੇ ਪਿਤਾ ਨੂੰ ਸਤਿਕਾਰ ਨਾਲ ਰਾਜ ਦਰਬਾਰ ਵਿੱਚ ਉੱਚੇ ਤਖ਼ਤ 'ਤੇ ਬਿਠਾਇਆ ਅਤੇ ਆਪ ਚਰਣਾ ਵਿੱਚ ਬੈਠ ਗਿਆ। ਰਾਜ ਪ੍ਰਬੰਧ ਆਦਿ ਗੱਲਾਂ ਕਰਨ ਤੋਂ ਬਾਅਦ ਰਾਜਾ ਚਿਤਰ ਵੀਰ ਨੇ ਅਸਰਾਜ ਕੋਲੋਂ ਉਸ ਦੇ ਪਿਤਾ ਦਾ ਨਾਮ ਪੁੱਛਿਆ।

ਅਸਰਾਜ ਨੇ ਗ੍ਰੀਬੀ ਨਾਲ ਕਿਹਾ "ਮੇਰਾ ਧਰਮੀ ਪਿਤਾ ਜਿਨ੍ਹਾਂ ਦੀ ਰਾਜਗੱਦੀ 'ਤੇ ਬੈਠਾ ਹਾਂ ਉਹ ਤਾਂ ਅਕਾਲ ਚਲਾਣਾ ਕਰ ਗਏ ਹਨ, ਪਰ ਅਸਲ 'ਚ ਆਪ ਜੀ ਹੀ ਮੇਰੇ ਪਿਤਾ ਹੋ"। ਅਸਰਾਜ ਨੇ ਸਾਰੀ ਵਾਰਤਾ ਦੱਸੀ, ਕਿਸ ਤਰ੍ਹਾਂ ਰਾਣੀ ਨੇ ਚਲਿੱਤਰ ਖੇਡਿਆ ਅਤੇ ਕਿਸ ਤਰ੍ਹਾਂ ਭਰਾਵਾਂ ਨੇ ਹੱਥ ਵੱਢ ਕੇ ਖ਼ੂਹ 'ਚ ਸੁੱਟ ਦਿੱਤਾ ਆਦਿ ਸਾਰੀਆਂ ਗੱਲਾਂ ਦੱਸੀਆਂ। ਇਹ ਸਭ ਸੁਣ ਕੇ ਚਿਤਰ ਵੀਰ ਬਹੁਤ ਹੀ ਦੁਖੀ ਹੋਇਆ। ਆਪਣੇ ਮਨ ਵਿੱਚ ਸੋਚਣ ਲੱਗਾ "ਮੈਂ ਧਰਮੀ ਸਪੁੱਤਰ ਨੂੰ ਅਪਣੇ ਰਾਜ 'ਚੋਂ ਕੱਢ ਕੇ ਬਹੁਤ ਵੱਡੀ ਗਲਤੀ ਕੀਤੀ ਹੈ। ਹੁਣ ਉਸ ਨੂੰ ਰਾਜ ਦੇ ਕੇ, ਭਗਤੀ ਕਰਾਂ"। ਮੰਤ੍ਰੀਆਂ ਦੇ ਸਾਮ੍ਹਣੇ ਅਸਰਾਜ ਨੂੰ ਰਾਜ ਸੌਂਪ ਦਿੱਤਾ। ਅਸਰਾਜ ਨੇ ਆਪਣੇ ਭਰਾਵਾਂ ਦੀ ਭਲਾਈ ਬਾਰੇ ਸੋਚਦਿਆਂ ਆਪਣੇ ਪਿਤਾ ਦਾ ਫੈਸਲਾ ਕਬੂਲ ਕਰ ਲਿਆ, ਕਿ ਉਨ੍ਹਾਂ ਨੂੰ ਰਾਜ ਦੇ ਕੇ ਧਰਮ ਦਾ ਰਾਜ ਕਰਾਵਾਂਗਾ। ਪਰ ਖ਼ਾਨ ਤੇ ਸੁਲਤਾਨ ਨੇ ਈਰਖਾ ਦੇ ਵੱਸ ਅਸਰਾਜ 'ਤੇ ਹਮਲਾ ਕਰ ਦਿੱਤਾ। ਅਸਰਾਜ ਨੇ ਛੱਤਰੀ ਧਰਮ ਦੀ ਪਾਲਣਾ ਕਰਦਿਆਂ, ਆਪਣੇ ਭਰਾਵਾਂ ਨਾਲ ਜੰਗ ਕੀਤਾ। ਧਰਮੀ ਅਤੇ ਜਤੀ ਸਤੀ ਹੋਣ ਕਰਕੇ ਅਸਰਾਜ ਨੇ ਜੰਗ 'ਚ ਫਤਿਹ ਪ੍ਰਾਪਤ ਕੀਤੀ।

ਮਹਾਂ ਵਿਸਮਾਦ ਸ਼ੁਭ ਸਿੱਖਿਆ:- ਇਕੁ ਸਿਖੁ. ਦੁਇ ਸਾਧਸੰਗੁ; ਪੰਜੀਂ ਪਰਮੇਸਰੁ।(ਵਾਰ ੧੩) ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ; ਪੰਚ ਪਰਪੰਚ ਮਿਟੇ, ਪੰਚ ਪਰਧਾਨੇ ਹੈ॥ (ਕਬਿੱਤ ੨੯) ਅਨੁਸਾਰ ਸਰਬੰਸ ਦਾਨੀ ਗ੍ਰੀਬ ਨਿਵਾਜ਼ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਕੋਟਾਨ ਕੋਟਿ ਧੰਨਵਾਦ ਹੈ, ਜੋ ਸਰੱਬਤ ਦੇ ਭਲੇ ਲਈ ਪੰਜ ਪਿਆਰਿਆਂ ਦੀ ਸ਼ੁਭ ਮਰਿਯਾਦਾ ਚਲਾਈ ਹੈ। ਜੇ ਬੱਚੇ ਬੱਚੀ ਤੋਂ ਕੋਈ ਗਲ਼ਤੀ ਜਾਂ ਕੁਰਹਿਤ ਹੋ ਜਾਵੇ ਤਾਂ ਉਨ੍ਹਾਂ ਨੂੰ ਕਤਲ ਜਾ ਹੋਰ ਕੋਈ

ਤਸੀਹੇ ਨਹੀਂ ਦੇਣੇ ਜੀ। ਬੱਚੇ ਬੱਚੀ ਨੂੰ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ ਵਿੱਚ ਬ੍ਰਹਮ ਸਰੂਪ ਪੰਜਾਂ ਪਿਆਰਿਆਂ ਤੋਂ ਤਨਖ਼ਾਹ ਲਵਾਉਣੀ, ਅੰਮ੍ਰਿਤ ਛਕਾਉਣਾ ਜੀ। ਜਿਸ ਕਰਕੇ ਉਨ੍ਹਾਂ ਦਾ ਜੀਵਨ ਸੁਧਰੇ, ਗੁਰਸਿੱਖੀ ਅਤੇ ਜੀਵਨ ਮੁਕਤੀ ਦਾ ਅਨੰਦ ਮਾਨਣ। ਪਿਛਲੇ ਸਮਿਆਂ ਵਿੱਚ ਰਾਜੇ, ਮੰਤਰੀ, ਗਲਤੀ ਕਰਨ ਵਾਲਿਆਂ ਨੂੰ ਅਕਹਿ ਅਸਹਿ ਕਸ਼ਟ ਦਿੰਦੇ ਸਨ, ਕੋਹ ਕੋਹ ਕੇ ਮਾਰਦੇ ਸਨ। ਇਸ ਤੋਂ ਬਚਣ ਲਈ, ਸਤਿਗੁਰੂ ਸਾਹਿਬ ਜੀ ਨੇ ਸੁੰਦਰ ਸ਼ਾਨਦਾਰ ਗੁਰਮਤਿ ਧਰਮ ਚਲਾਇਆ ਹੈ। ਬੱਚੇ ਬੱਚੀ ਨੂੰ ਗੁਰਬਾਣੀ ਪੜ੍ਹਣ ਗੁਰਸੰਗਤ ਜੀ ਦੀ ਸ਼ੁਭ ਸੇਵਾ ਕਰਨ ਲਾਉ ਜੀ। ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ ਗ੍ਰੰਥ ਸਾਹਿਬ ਜੀ ਅਤਿਅੰਤ ਕ੍ਰਿਪਾ ਤਰਸ ਕਰਕੇ ਸਾਨੂੰ ਇਸ ਸੰਸਾਰ ਰੂਪੀ ਜੰਗਲ ਵਿੱਚ ਰਹਿ ਰਹੇ ਵਿਕਾਰ ਰੂਪੀ ਪੰਜ ਸ਼ੇਰਾਂ ਤੋਂ ਬਚਾ ਕੇ ਰੱਖਿਆ ਕਰ ਰਹੇ ਹਨ। ਸਾਡੇ ਰੁਲਦੇ ਫਿਰਦਿਆਂ ਦੀ ਬਾਂਹ ਫੜ ਕੇ, ਆਪਣਾ ਪਿਆਰ ਆਪ ਲਾ ਕੇ ਆਪਣਾ ਵਿਸਮਾਦ ਅੰਮ੍ਰਿਤ ਨਾਮ ਆਪ ਜਪਾਉਂਦੇ ਹਨ ਜੀ। ਯਥਾ:- ਆਪੇ ਲਾਇਓ ਅਪਨਾ ਪਿਆਰੁ॥

**੧੪੧. ਸਾਖੀ ਸਿਕੰਦਰ ਬਿਰਾਹਿਮ ਦੀ:-** ਗੂਜਰੀ ਕੀ ਵਾਰ. ਮਹਲਾ ੩; ਸਿਕੰਦਰ ਬਿਰਾਹਿਮ ਕੀ. ਵਾਰ ਕੀ ਧੁਨੀ. ਗਾਉਣੀ ੧ੳਸਤਿਗੁਰ ਪ੍ਰਸਾਦਿ॥

ਪਾਪੀ ਖਾਨ ਬਿਰਾਹਿਮ ਪਰ ਚੜ੍ਹਿਆ ਸਿਕੰਦਰ। ਭੇੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ। ਫੜਿਆ ਖਾਨ ਬਿਰਾਹਿਮ ਕਰ ਫਤਹਿ ਸਿਕੰਦਰ। ਬੱਧਾ ਸੰਗਲ ਪਾਇਕੈ, ਜਣੁ ਕੀਲੇ ਬੰਦਰ। ਆਪਣਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ।

ਸਿੰਕਦਰ ਤੇ ਬਿਰਾਹਿਮ ਦੋ ਛੋਟੇ ਰਾਜੇ ਸਨ, ਧਰਮੀ ਰਾਜਾ ਹੋਣ ਕਾਰਨ ਸਿੰਕਦਰ ਦੀ ਪਰਜਾ ਬਹੁਤ ਸੁਖੀ ਤੇ ਧਰਮੀ ਸੀ। ਕਪਟੀ ਕ੍ਰੋਧੀ ਤੇ ਵਿਕਾਰੀ ਹੋਣ ਕਾਰਨ ਬਿਰਾਹਿਮ ਦੀ ਪ੍ਰਜਾ ਬਹੁਤ ਦੁਖੀ ਰਹਿੰਦੀ ਸੀ। ਬਿਰਾਹਿਮ ਦੇ ਰਾਜ ਵਿੱਚ ਜਦੋਂ ਕਿਸੇ ਦਾ ਵਿਆਹ ਹੁੰਦਾ ਤਾਂ ਬਿਰਾਹਿਮ ਪਹਿਲਾਂ ਉਸ ਨਵੀਂ ਵਿਆਹੀ ਲੜਕੀ ਨੂੰ ਜ਼ਬਰਦਸਤੀ ਪਹਿਲੀ ਰਾਤ ਆਪਣੇ ਕੋਲ ਰੱਖਦਾ ਸੀ। ਇਉਂ ਸਾਰੀ ਪਰਜਾ ਡਰਦੀ ਆਪ ਹੀ ਨਵੀਂ ਵਿਆਹੀ ਬਹੂ ਨੂੰ ਬਿਰਾਹਿਮ ਪਾਸ ਛੱਡ ਦਿੰਦੇ। ਇੱਕ ਬ੍ਰਾਹਮਣ ਦੂਸਰੇ ਪਿੰਡ ਆਪਣੇ ਪੁੱਤਰ ਦਾ ਵਿਆਹ ਕਰਕੇ ਆਪਣੇ ਪੁੱਤਰ ਤੇ ਬਹੂ ਨੂੰ ਨਾਲ ਲੈ ਕੇ ਰਾਜੇ ਸਿੰਕਦਰ ਦੀ ਸ਼ਰਨ 'ਚ ਗਿਆ। ਸਿਕੰਦਰ ਦੀ ਸ਼ਰਨ 'ਚ ਫ਼ਰਿਆਦ ਕੀਤੀ "ਹੇ ਧਰਮੀ ਰਾਜਨ! ਸਾਡੀ ਇੱਜ਼ਤ ਦੀ ਰੱਖਿਆ ਕਰੋ ਜੀ!" ਬ੍ਰਾਹਮਣ ਨੇ ਸਾਰੀ ਵਾਰਤਾ ਸਿਕੰਦਰ ਨੂੰ ਖੋਲ੍ਹ ਕੇ ਦੱਸੀ। ਬਿਰਾਹਿਮ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਸਿਕੰਦਰ ਨੂੰ ਚਿੱਠੀ ਲਿਖ ਕੇ ਭੇਜੀ, "ਬ੍ਰਾਹਮਣ ਪਰਵਾਰ ਸਮੇਤ ਮੇਰੇ ਹਵਾਲੇ ਕਰਦੇ।" ਸਿਕੰਦਰ ਨੇ ਉਸ ਨੂੰ ਧਰਮ, ਚੰਗੇ ਇਖ਼ਲਾਕ ਆਦਿ ਸ਼ੁਭ ਗੁਣਾਂ ਨੂੰ ਅਪਨਾਉਣ ਤੇ ਔਗੁਣ ਦੇ ਤਿਆਗਣ ਦੀ ਸਿੱਖਿਆ ਲਿਖ ਕੇ ਚਿੱਠੀ ਵਾਪਿਸ ਭੇਜ ਦਿੱਤੀ। ਬਿਰਾਹਿਮ ਨੇ ਕੋਈ ਗੱਲ ਨਹੀਂ ਸੁਣੀ ਤੇ ਆਪਣੇ ਇਰਾਦੇ 'ਤੇ ਪੱਕਾ ਰਿਹਾ। ਸਿਕੰਦਰ ਨੇ ਭੀ ਸ਼ਰਨ ਪਏ ਬ੍ਰਾਹਮਣ ਦੀ ਰੱਖਿਆ ਕਰਨ ਲਈ ਦ੍ਰਿੜ ਸੰਕਲਪ ਕਰ ਲਿਆ।

ਬਿਰਾਹਿਮ ਨੇ ਕ੍ਰੋਧ ਵਿੱਚ ਸਿਕੰਦਰ 'ਤੇ ਹਮਲਾ ਕੀਤਾ, ਸਿਕੰਦਰ ਨੇ ਬਹਾਦਰੀ ਨਾਲ ਉਸ ਦਾ ਟਾਕਰਾ ਕੀਤਾ। ਧਰਮੀ ਹੋਣ ਕਰਕੇ ਸਿਕੰਦਰ ਨੇ ਬਿਰਾਹਿਮ ਨੂੰ ਜਿੱਤ ਲਿਆ। ਬਿਰਾਹਿਮ ਨੂੰ ਆਪਣੀ ਕੈਦ ਵਿੱਚ ਕੁੱਝ ਮਹੀਨੇ ਰੱਖਿਆ। ਸਿਕੰਦਰ ਨੇ ਬਿਰਾਹਿਮ ਨੂੰ ਧਰਮੀ ਬਣਾਉਣ ਲਈ ਸਿਆਣੇ ਗੁਣਵਾਨ ਸਾਧੂ ਮਹਾਂਪੁਰਸ਼ ਬੁਲਾਏ। ਸਾਧੂਆਂ ਨੇ ਬਿਰਾਹਿਮ ਨੂੰ ਭਾਉ ਭਗਤੀ, ਚੰਗੇ ਇਖ਼ਲਾਕ ਆਦਿ ਸ਼ੁਭ ਸਿੱਖਿਆ ਦਿੱਤੀ। ਇਉਂ ਕਈ ਮਹੀਨੇ ਬੀਤ ਗਏ ਤਾਂ ਬਿਰਾਹਿਮ ਨੂੰ ਪ੍ਰਮਾਤਮਾ ਜੀ ਦੀ ਵਿਸਮਾਦ ਕ੍ਰਿਪਾ ਨਾਲ ਸਤ ਤੇ ਅਸਤ ਦਾ ਗਿਆਨ ਹੋ ਗਿਆ। ਪਰਾਈ ਧੀ ਭੈਣ ਵੱਲ ਬੁਰੀ ਨਿਗਾਹ ਨਾਲ ਨਹੀਂ

ਦੇਖਣਾ ਸਗੋਂ ਆਪਣੀ ਧੀ ਭੈਣ ਨਾਲੋਂ ਚੰਗੀਆਂ ਜਾਣ ਕੇ ਸਤਿਕਾਰ ਤੇ ਰੱਖਿਆ ਕਰਨੀ ਹੈ। ਤਦ ਬਿਰਾਹਿਮ ਨੇ ਸਿਕੰਦਰ ਦੇ ਚਰਣਾਂ ਵਿੱਚ ਦਿਲੋਂ ਮੁਆਫ਼ੀ ਮੰਗੀ। ਧਰਮੀ ਸਿਕੰਦਰ ਨੇ ਮੁਆਫ਼ ਕਰਕੇ ਬਿਰਾਹਿਮ ਨੂੰ ਉਸ ਦਾ ਰਾਜ ਵਾਪਿਸ ਦੇ ਦਿੱਤਾ।

ਸ਼ੁਭ ਸਿੱਖਿਆ:- ਕਬੀਰਾ. ਜਹਾ ਗਿਆਨੁ, ਤਹ ਧਰਮੁ ਹੈ; ਜਹਾ ਝੂਠੁ, ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ; ਜਹਾ ਖਿਮਾ ਤਹ ਆਪਿ॥੧੫੫॥ ਖਿਮਾ ਤੋਂ ਭਾਵ ਉਸ ਆਤਮਿਕ ਸ਼ਕਤੀ ਤੋਂ ਹੈ ਜਦੋਂ ਬੇਸੁਮਾਰ ਸ੍ਰੀਰਕ ਸ਼ਕਤੀ ਜਾਂ ਅਥਾਹ ਫ਼ੌਜਾਂ ਦਾ ਬਲ ਹੋਣ ਦੇ ਬਾਵਜੂਦ ਭੀ ਜਦੋਂ ਕੋਈ ਗਲਤੀ, ਬਿਅਦਬੀ ਜਾਂ ਮਾੜਾ ਕੰਮ ਕਰੇ, ਤਾਂ ਉਸ ਨੂੰ ਵੱਡੇ ਦਿਲ ਨਾਲ਼ ਮੁਆਫ਼ ਕਰ ਦੇਣਾ ਹੀ ਖਿਮਾ ਹੈ। ਸਿਕੰਦਰ ਜੀ ਵਾਂਗ ਹਮੇਸ਼ਾ ਦਿਲ 'ਚ ਖਿਮਾ ਧਾਰ ਕੇ ਰੱਖਣੀ। ਸਦਾ ਲਈ ਸਰਬੱਤ ਦਾ ਭਲਾ ਸੋਚਣਾ, ਸਭਨਾ ਨੂੰ ਦਿਲੋਂ ਖਿਮਾ ਕਰਦੇ ਰਹਿਣਾ। ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਕਮਲਾਂ 'ਚ ਅਰਦਾਸ ਕਰਨੀ "ਹੇ ਖਿਮਾ ਦੇ ਸਾਗਰ ਮੇਹਰਵਾਨ ਸਾਹਿਬ ਜੀਉ! ਦਾਸਨਦਾਸ ਭੁਲਣਹਾਰ ਕਲਜੁੱਗੀ ਜੀਵ ਦੇ ਔਗੁਣਾਂ, ਕੀਤੇ ਪਾਪਾਂ ਤੇ ਗਲ਼ਤੀਆਂ ਨੂੰ ਖਿਮਾ ਕਰ ਦਿਉ ਜੀ! ਦਾਸਨਦਾਸ ਨੂੰ ਖਿਮਾ ਕਰਨ ਦਾ ਗੁਣ ਬਖ਼ਸ਼ੋ ਜੀ।

ਧੰਨ ਅਕਾਲਪੁਰਖੁ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਨੇ ਤਨਖ਼ਾਹ ਨਾਮੇ ਵਿੱਚ ਧੀ ਭੈਣ ਵੱਲ ਬੁਰੀ ਨਿਗ੍ਹਾ ਨਾਲ ਦੇਖਣ ਦਾ ਫ਼ਲ ਦੱਸਦੇ ਹਨ:- ਮਾਇ ਭੈਣ, ਜੋ ਆਵੈ ਸੰਗਤਿ। ਦ੍ਰਿਸਟਿ ਬੁਰੀ ਦੇਖੇ, ਤਿਸ ਪੰਗਤ। ਸਿੱਖ ਹੋਇ, ਜੋ ਕਰਤ ਕਰੋਧ। ਕੰਨਿਆ, ਮੂਲ ਨ ਦੇਵੇ ਸੋਧ। ਧੀਅ ਭੈਣ ਕਾ, ਪੈਸਾ ਖਾਇ। ਕਹੈ ਗੁਰੂ ਗੋਬਿੰਦ ਸਿੰਘ, ਧੱਕੇ ਜਮ ਖਾਇ। ਇਸ ਲਈ ਕੋਈ ਧੀ ਭੈਣ ਸਾਧਸੰਗਤ ਵਿੱਚ ਆਵੇ, ਜਾਂ ਸੰਸਾਰ ਵਿੱਚ ਵਿਚਰਦਿਆਂ ਕੋਈ ਇਸਤ੍ਰੀ ਦ੍ਰਿਸ਼ਟੀ ਵਿੱਚ ਆਵੇ ਉਸ ਨੂੰ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਧੀ ਜਾਨਣਾ ਜੀ। ਸਾਰੀਆਂ ਇਸਤ੍ਰੀਆਂ ਨੂੰ ਦਸ ਸਤਿਗੁਰੂ ਸਾਹਿਬ ਦੀ ਧੀ ਜਾਣ ਕੇ, ਰੱਖਿਆ ਕਰਨੀ ਹਰੇਕ ਸਿੱਖ ਦਾ ਫਰਜ਼ ਬਣਦਾ ਹੈ। ਜਿਵੇਂ ਬਹਾਦਰ ਸਿਰਲੱਥ ਯੋਧੇ ਸਿੰਘਾਂ ਨੇ ਪਹਿਲਾਂ ਅਠਾਰਾਂ ਹਜ਼ਾਰ, ਬਾਈ ਹਜ਼ਾਰ ਫਿਰ ਤੀਹ ਹਜ਼ਾਰ ਬੱਚੀਆਂ ਮੁਗਲਾਂ ਦੀ ਕੈਦ 'ਚੋਂ ਛਡਾਈਆਂ ਸਨ। ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਸਤਿਗੁਰੂ ਸਾਹਿਬਾਨ ਜੀ ਆਪਣੇ ਬੱਚੇ ਬੱਚੀਆਂ ਨੂੰ ਸਵਾਰਨ ਲਈ, ਸਾਂਝਾ ਉਪਦੇਸ਼ ਬਖ਼ਸ਼ ਰਹੇ ਹਨ, ਭਾਵ ਬੱਚੀਆਂ ਭੀ ਪਰਾਇਆ ਰੂਪ ਨ ਦੇਖਣ।

### ੧੪੨. ਸਾਖੀ ਲਲਾਂ ਬਹਲੀਮਾ ਦੀ:- ਵਡਹੰਸ ਕੀ ਵਾਰ ਮਹਲਾ ੪, ਲਲਾਂ ਬਹਲੀਮਾ ਕੀ ਧੁਨਿ, ਗਾਵਣੀ; ੧ੴ ਸਤਿਗੁਰ ਪ੍ਰਸਾਦਿ॥

ਕਾਲ ਲਲਾ ਦੇ ਦੇਸ ਦਾ ਖੋਇਆ ਬਹਲੀਮਾ। ਹਿੱਸਾ ਛਠਾ ਮਨਾਇ ਕੈ ਜਲ ਨਹਿਰੋ ਦੀਮਾ। ਫਿਰਾਹੂਨ ਹੋਇ ਲਲਾ ਨੇ ਰਣ ਮੰਡਿਆ ਧੀਮਾ। ਭੇੜ ਦੁਹੂੰ ਦਿਸ ਮੱਚਿਆ ਸੱਟ ਪਈ ਅਜ਼ੀਮਾ। ਸਿਰ ਧੜ ਡਿੱਗੇ ਖੇਤ ਵਿਚ ਜਿਉਂ ਵਾਹਣ ਢੀਮਾ। ਮਾਰ ਲਲਾ ਬਹਲੀਮ ਨੇ ਰਣ ਮੇ ਧਰ ਸੀਮਾ।

ਕਾਂਗੜੇ ਦੇ ਰਾਜੇ ਦੀ ਮੌਤ ਤੋਂ ਬਾਅਦ ਉਸ ਦੇ ਦੋਵੇਂ ਪੁੱਤਰਾਂ, ਬਹਲੀਮਾ ਤੇ ਲਲਾਂ ਨੇ ਰਾਜ ਨੂੰ ਦੋ ਹਿੱਸੇ 'ਚ ਵੰਡ ਲਿਆ। ਰਾਜੇ ਦਾ ਵੱਡਾ ਸਪੁੱਤਰ ਬਹਲੀਮਾ ਧਰਮੀ, ਨਿਮਰਤਾ ਅਤੇ ਚੰਗੇ ਇਖ਼ਲਾਕ ਵਾਲਾ ਸੀ। ਉਸ ਦੇ ਹਿੱਸੇ ਨੀਵੀਂ ਧਰਤੀ ਆਈ ਜਿਸ ਵਿੱਚ ਇੱਕ ਨਦੀ ਵਗਦੀ ਸੀ ਤੇ ਛੋਟੇ ਪੁੱਤਰ ਲਲਾਂ ਨੇ ਉੱਚਾ ਇਲਾਕਾ ਪਸੰਦ ਕਰ ਲਿਆ। ਇੱਕ ਵਾਰ ਲਲਾਂ ਦੇ ਇਲਾਕੇ ਵਿੱਚ ਮੀਂਹ ਨਾ ਪੈਣੇ ਕਰਕੇ ਫ਼ਸਲ ਸੁੱਕ ਗਈ। ਪਰਜਾ ਨੇ ਅਤਿਅੰਤ ਦੁਖੀ ਹੋ ਕੇ ਰਾਜੇ ਪਾਸ ਅਰਜ਼ ਕੀਤੀ

"ਹੇ ਰਾਜਨ! ਸਾਡੀ ਫ਼ਸਲ ਹਰੀ ਨਹੀਂ ਹੋਈ। ਅੰਨ ਪਾਣੀ ਨਾ ਮਿਲਣੇ ਕਰਕੇ ਕਈ ਮੌਤਾਂ ਹੋ ਚੁੱਕੀਆਂ ਹਨ। ਕ੍ਰਿਪਾ ਕਰਕੇ ਅੰਨ ਪਾਣੀ ਦਾ ਬੰਦੋਬਸਤ ਕਰੋ ਜੀ" ਰਾਜਾ ਲਲਾਂ ਨੇ ਆਪਣੇ ਵੱਡੇ ਭਰਾ ਬਹਲੀਮਾ ਦੇ ਚਰਨਾਂ ਵਿੱਚ ਜਾ ਕੇ ਬੇਨਤੀ ਕੀਤੀ "ਹੇ ਭਰਾਤਾ ਜੀ! ਮੇਰੇ ਰਾਜ ਵਿੱਚ ਕਾਲ ਪੈਣ ਤੋਂ ਅਤੇ ਨਦੀ ਨਾ ਹੋਣੇ ਕਰਕੇ ਬੇਅੰਤ ਪਰਜਾ ਮਰ ਚੁੱਕੀ ਹੈ। ਮੈਨੂੰ ਪਾਣੀ ਬਖ਼ਸ਼ੋ, ਮੈਂ ਫ਼ਸਲ 'ਚੋਂ ਛੇਵਾਂ ਹਿੱਸਾ ਤੈਨੂੰ ਦੇਵਾਂਗਾ।" ਇਹ ਬੇਨਤੀ ਸੁਣ ਕੇ ਬਹਲੀਮਾ ਨੇ ਆਪਣੇ ਭਰਾ ਨੂੰ ਨਦੀ ਦਾ ਪਾਣੀ ਦੇ ਦਿਤਾ। ਜਦੋਂ ਫ਼ਸਲ ਹਰੀ ਹੋਈ, ਲਲਾਂ ਛੇਵਾਂ ਹਿੱਸਾ ਦੇਣ ਤੋਂ ਮੁੱਕਰ ਗਿਆ। ਬਹਲੀਮਾ ਨੇ ਸੋਚਿਆ ਦੰਡ ਦਿਤਿਆਂ ਬਿਨਾ ਇਸ ਨੇ ਸੁਧਰਨਾ ਨਹੀਂ। ਬਹਲੀਮਾ ਨੇ ਆਪਣੀ ਫ਼ੌਜਾਂ ਲੈ ਕੇ ਲਲਾਂ 'ਤੇ ਧਾਵਾ ਬੋਲ ਦਿਤਾ। ਭਰਾਵਾਂ ਵਿੱਚ ਬਹੁਤ ਭਿਆਨਕ ਜੰਗ ਹੋਇਆ। ਧਰਮੀ ਹੋਣ ਕਰਕੇ ਬਹਲੀਮਾ ਜਿੱਤ ਗਿਆ ਤੇ ਆਪਣੀ ਕੈਦ 'ਚ ਲਲਾਂ ਨੂੰ ਛੇ ਮਹੀਨੇ ਰੱਖ ਕੇ ਧਰਮ ਦੀ ਸਿੱਖਿਆ ਦਿਤੀ। ਜਿਸ ਤੋਂ ਲਲਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਮੁਆਫ਼ੀ ਮੰਗੀ। ਧਰਮੀ ਬਹਲੀਮਾ ਨੇ ਆਪਣੇ ਛੋਟੇ ਭਰਾ ਲਲਾਂ ਨੂੰ ਖਿਮਾ ਕਰਕੇ ਤੇ ਫ਼ਸਲ ਦਾ ਬਣਦਾ ਹਿੱਸਾ ਲੈ ਕੇ, ਉਸ ਦਾ ਰਾਜ ਵਾਪਿਸ ਦੇ ਦਿਤਾ।

ਸ਼ੁਭ ਸਿੱਖਿਆ:- ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਗ਼ਰੀਬ ਨਿਵਾਜ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਨੇ ਭਾਈ ਸਾਹਿਬ ਭਾਈ ਨੰਦ ਲਾਲ ਸਿੰਘ ਸਾਹਿਬ ਜੀ ਨਾਲ ਬਚਨ ਬਿਲਾਸ ਕਰਦਿਆਂ ਆਪਣੇ ਦਿਲ ਜਾਨ ਗੁਰੂ ਖ਼ਾਲਸੇ ਜੀ ਨੂੰ ਪੂਰੇ ਧਰਮੀ, ਕਹਿਣੀ ਕਰਨੀ ਦੇ ਪੂਰੇ, ਸੂਰਬੀਰ ਬਚਨ ਕੇ ਬਲੀ॥ ਬਨਾਉਣ ਲਈ, ਤਨਖ਼ਾਹ ਨਾਮੇ ਵਿੱਚ ਫ਼ੁਰਮਾਇਆ:- ਕਰੈ ਬਚਨ ਜੋ ਪਾਲੇ ਨਾਹੀਂ। ਕਹੈ ਗੁਰੂ ਗੋਬਿੰਦ ਸਿੰਘ, ਤਿਸ ਠੌਰ ਕਤ ਨਾਹੀ॥੧੬॥ ਜਿਹੜਾ ਗੁਰੂ ਸਾਹਿਬ ਜੀ ਦੇ ਬਚਨਾਂ ਨੂੰ ਪਾਲਦਾ ਨਹੀਂ, ਉਸ ਨੂੰ ਅਕਾਲਪੁਰਖੁ ਵਾਹਿਗੁਰੂ ਜੀ ਦੀ ਸੱਚੀ ਸ਼ਰਣ ਵਿੱਚ ਕੋਈ (ਠੌਰ) ਥਾਂ ਨਹੀਂ ਮਿਲਦੀ ਜੀ।

## ੧੪੩. ਰਾਜੇ ਪੂਰਬਾਣੀ ਦੇ ਸਪੁੱਤ੍ਰ ਜੋਧੈ ਤੇ ਵੀਰੈ ਦੀ ਸਾਖੀ- ੧ਓਸਤਿਗੁਰ ਪ੍ਰਸਾਦਿ॥ ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥

ਜੋਧ ਵੀਰ ਪੂਰਬਾਣੀਏ ਦੋ ਗਲਾਂ ਕਰੀ ਕਰਾਰੀਆਂ। ਫੌਜ ਚੜਾਈ ਬਾਦਸ਼ਾਹ ਅਕਬਰ ਨੇ ਭਾਰੀਆਂ। ਸਨਮੁਖ ਹੋਇ ਰਾਜਪੂਤ ਸੁਤਰੀ ਰਣਕਾਰੀਆਂ। ਧੂਹ ਮਿਆਨੋ ਕਢੀਆਂ ਬਿਜੁਲ ਜਿਉਂ ਚਮਕਾਰੀਆਂ। ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ। ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗਲਾਂ ਸਾਰੀਆਂ।

ਅਕਬਰ ਦੇ ਵੇਲੇ, ਪੂਰਬਾਣੀ ਦੇ ਪੁੱਤਰ ਜੋਧੈ ਅਤੇ ਵੀਰੈ ਦੋ ਰਾਜਪੂਤ ਸੂਰਬੀਰ ਜੋਧੇ ਸਨ ਜੋ ਲੱਖੀ ਜੰਗਲ ਦੇ ਧਾੜਵੀ ਸਨ। ਜਦ ਕਾਬਲ ਦੇ ਅਮੀਰ, ਮੇਵੇ ਦੀਆਂ ਡਾਲੀਆਂ ਅਤੇ ਮਾਮਲਾ ਅਕਬਰ ਨੂੰ ਭੇਜਦੇ ਤਾਂ ਇਹ ਦੋਵੇਂ ਨਿਰਝਿਜਕ ਲੁੱਟ ਲੈਂਦੇ। ਇੱਕ ਦਿਨ ਅਕਬਰ ਨੇ ਅਪਨੇ ਮੰਤਰੀਆਂ ਨੂੰ ਪੁੱਛਿਆ "ਕਾਬੁਲ ਤੋਂ ਮੇਵੇ ਦੀਆਂ ਡਾਲੀਆਂ ਅਤੇ ਮਾਮਲਾ ਮੇਰੇ ਕੋਲ ਕਿਉਂ ਨਹੀਂ ਪਹੁੰਚਦੇ? ਕਿਹੜਾ ਹੈ ਜੋ ਲੁੱਟ ਲੈਂਦਾ?" ਤਾਂ ਮੰਤ੍ਰੀ ਕਹਿੰਦੇ "ਰਸਤੇ 'ਚ ਦੋ ਸੂਰਮੇ ਜੋਧੈ ਅਤੇ ਵੀਰੈ ਲੁੱਟ ਲੈਂਦੇ ਹਨ" ਰੋਸ 'ਚ ਆ ਕੇ ਉਨ੍ਹਾਂ ਨੂੰ ਗ੍ਰਿਫਤਾਰ ਜਾਂ ਮਾਰਨ ਲਈ, ਅਕਬਰ ਨੇ ਪੰਜ ਹਜ਼ਾਰ ਫ਼ੌਜੀ ਭੇਜੇ, ਪਰ ਜੋਧੈ ਅਤੇ ਵੀਰੈ ਨੇ ਅਪਣੇ ਸੂਰਮਿਆਂ ਨਾਲ ਉਨ੍ਹਾਂ ਫੌਜੀਆਂ 'ਚ ਹਫੜਾ ਦਫੜੀ ਮਚਾ ਦਿਤੀ। ਹਾਰ ਕੇ ਵਾਪਸ ਅਕਬਰ ਕੋਲ ਆ ਗਏ। ਫਿਰ ਅਕਬਰ ਆਪ ਬਿਅੰਤ ਫ਼ੌਜਾਂ ਲੈ ਕੇ ਉਨ੍ਹਾਂ 'ਤੇ ਚੜ੍ਹ ਕੇ ਆਇਆ। ਪਹਿਲੇ ਹਮਲੇ 'ਚ ਦੋਵੇਂ ਭਰਾਵਾਂ ਨੇ ਐਸਾ ਜਵਾਬ ਦਿਤਾ ਕਿ ਅਕਬਰ ਦੇ ਫੌਜੀ ਡਰ ਕੇ ਭੱਜ ਗਏ। ਅਕਬਰ ਅਤਿਅੰਤ ਪਰੇਸ਼ਾਨ ਹੋਇਆ ਕਿ "ਜੇ ਇਨ੍ਹਾਂ ਨੂੰ ਨਾ

ਮਾਰਿਆ ਤਾਂ ਇਨ੍ਹਾਂ ਨੇ ਮੈਨੂੰ ਮਾਰ ਕੇ ਦਿੱਲੀ ਦਾ ਤਖ਼ਤ ਮੱਲ ਲੈਣਾ" ਤਾਂ ਇੱਕ ਦਮ ਸਾਰੀਆਂ ਫ਼ੌਜਾਂ ਨਾਲ ਚਾਰੇ ਪਾਸਿਓਂ ਘੇਰ ਲਿਆ। ਜੋਧੈ ਅਤੇ ਵੀਰੈ ਬਹਾਦਰੀ ਨਾਲ ਲੜਦਿਆਂ ਜੰਗੇ ਮੈਦਾਨ 'ਚ ਮਰ ਗਏ।

**੧੪੪. ਸਾਖੀ ਰਾਇ ਮਹਮੇ ਹਸਨੇ ਦੀ:- ਸਾਰੰਗ ਕੀ ਵਾਰ ਮਹਲਾ ੪. ਰਾਇ ਮਹਮੇ ਹਸਨੇ ਕੀ ਧੁਨਿ; ੧ੴ ਸਤਿਗੁਰ ਪ੍ਰਸਾਦਿ॥**

ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ। ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ। ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ। ਮਹਮੇ ਪਾਈ ਫਤੇ ਰਣ ਗਲ ਹਸਨੇ ਘੱਟੀ। ਬੰਨ੍ਹ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ।

ਮਹਮੇ ਤੇ ਹਸਨੇ ਨਾਂ ਦੇ ਦੋ ਰਾਜਪੂਤ ਕਾਂਗੜ ਦੇਸ਼ ਵਿੱਚ ਛੇ ਰਿਆਸਤਾਂ ਦੇ ਰਾਜੇ ਸਨ। ਜਦ ਰਾਇ ਹਸਨੇ ਮਹਸੂਲ (ਟੈਕਸ) ਭਰਨ ਲਈ ਜਾਂਦਾ ਤਦ ਰਾਇ ਮਹਮੇ ਆਪਣੇ ਸਾਊ ਨਿਸ਼ਕਪਟ ਸੁਭਾਅ ਅਨੁਸਾਰ ਆਪਣਾ ਮਹਸੂਲ ਭਰਨ ਤੇ ਬਾਦਸ਼ਾਹ ਪਾਸ ਹਾਜ਼ਰੀ ਲਾਉਣ ਲਈ ਕਹਿ ਦਿੰਦਾ। ਰਾਇ ਹਸਨਾ ਚਲਾਕੀ ਨਾਲ ਰਾਜੇ ਅਕਬਰ ਕੋਲ ਆਪਣਾ ਮਹਸੂਲ ਹਾਜ਼ਰ ਕਰ ਦਿੰਦਾ ਪਰ ਰਾਇ ਮਹਮੇ ਦੀ ਗੈਰ ਹਾਜ਼ਰੀ ਲਵਾ ਕੇ ਵਾਪਸ ਆ ਜਾਂਦਾ। ਇਉਂ ਜਦ ਕੁੱਝ ਸਮਾਂ ਬਤੀਤ ਹੋਇਆ ਤਾਂ ਅਕਬਰ ਨੇ ਸੋਚਿਆ, ਕਈ ਸਾਲ ਹੋ ਗਏ, ਰਾਇ ਮਹਮੇ ਨੇ ਨਾ ਹਾਜ਼ਰੀ ਲਾਈ ਨਾ ਮਹਸੂਲ ਭਰਿਆ। ਬਾਦਸ਼ਾਹ ਨੇ ਰਾਇ ਹਸਨੇ ਨੂੰ ਹੁਕਮ ਕੀਤਾ "ਰਾਇ ਮਹਮੇ ਨੂੰ ਗ੍ਰਿਫ਼ਤਾਰ ਕਰਕੇ, ਉਸ ਦਾ ਰਾਜ ਸੰਭਾਲ ਲਵੇ।" ਰਾਇ ਹਸਨੇ ਨੇ ਬਾਦਸ਼ਾਹ ਦੀ ਫ਼ੌਜ ਲੈ ਕੇ ਰਾਇ ਮਹਮੇ ਨੂੰ ਗਿਰਫ਼ਤਾਰ ਕਰਕੇ ਬਾਦਸ਼ਾਹ ਅੱਗੇ ਪੇਸ਼ ਕੀਤਾ ਤੇ ਬਿਨਾ ਕੋਈ ਪੁੱਛ ਪੜਤਾਲ, ਬਾਦਸ਼ਾਹ ਨੇ ਮਹਮੇ ਨੂੰ ਬੰਦੀਖਾਨੇ ਵਿੱਚ ਸੁੱਟ ਦਿੱਤਾ। ਇੱਕ ਦਿਨ ਅਕਬਰ ਨੇ ਆਪਣੇ ਸੂਰਮਿਆਂ ਨੂੰ ਪਰਖਣ ਲਈ ਇੱਕ ਕਿੱਲਾ ਧਰਤੀ ਵਿੱਚ ਗੱਡ ਦਿੱਤਾ। ਸੂਰਮਿਆਂ ਨੂੰ ਕਿਹਾ "ਜਿਹੜਾ ਬਹਾਦਰ ਘੋੜੇ 'ਤੇ ਸਵਾਰ ਹੋ ਕੇ ਇਸ ਕਿੱਲੇ ਨੂੰ ਇੱਕੋ ਵਾਰ ਨੇਜ਼ੇ ਨਾਲ ਪੁੱਟ ਦੇਵੇਗਾ, ਉਸ ਨੂੰ ਮੈਂ ਮੂੰਹ ਮੰਗਿਆ ਇਨਾਮ ਦੇਵਾਂਗਾ।" ਇਹ ਸੁਣ ਕੇ ਸੂਰਮਿਆਂ ਨੇ ਵਾਰੋ ਵਾਰੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਅਕਬਰ ਨੇ ਜਦ ਦੁਬਾਰਾ ਸੂਰਮਿਆਂ ਨੂੰ ਵੰਗਾਰਿਆ ਤਾਂ ਉਸ ਵੇਲੇ ਰਾਇ ਮਹਮੇ ਦਾ ਪੁੱਤਰ, ਅਕਬਰ ਕੋਲ ਆ ਕੇ ਕਹਿੰਦਾ, "ਹੇ ਰਾਜਨ! ਜਿਹੜਾ ਸੂਰਮਾ ਕਿੱਲੇ ਨੂੰ ਇੱਕੋ ਨਿਸ਼ਾਨੇ ਨਾਲ ਪੁੱਟ ਸਕਦਾ, ਉਸ ਨੂੰ ਤੂੰ ਬੰਦੀਖਾਨੇ 'ਚ ਕੈਦ ਕੀਤਾ ਹੈ।" ਇਹ ਸੁਣ ਕੇ ਅਕਬਰ ਨੇ ਸਿਪਾਹੀ ਭੇਜ ਕੇ ਰਾਇ ਮਹਮੇ ਨੂੰ ਉਸ ਅੱਗੇ ਪੇਸ਼ ਕਰਵਾਇਆ। ਰਾਇ ਮਹਮੇ ਨੇ ਪ੍ਰਮਾਤਮਾ ਜੀ ਨੂੰ ਅਰਾਧ ਕੇ ਘੋੜੇ 'ਤੇ ਚੜ੍ਹ ਕੇ, ਪਹਿਲੀ ਵਾਰ 'ਚ ਕਿੱਲਾ ਪੁੱਟ ਦਿੱਤਾ। ਬਾਦਸ਼ਾਹ ਨੇ ਪ੍ਰਸੰਨ ਹੋ ਕੇ ਮਨ ਭਾਉਂਦਾ ਇਨਾਮ ਮੰਗਣ ਲਈ ਕਿਹਾ ਜਿਸ 'ਤੇ ਧਰਮੀ ਸੰਤੋਖੀ ਰਾਇ ਮਹਮੇ ਨੇ ਕੇਵਲ ਆਪਣਾ ਰਾਜ ਹੀ ਮੰਗਿਆ। ਅਕਬਰ ਨੇ ਰਾਇ ਮਹਮੇ ਦੇ ਨਾਲ ਫ਼ੌਜ ਭੇਜ ਦਿੱਤੀ ਅਤੇ ਰਾਇ ਹਸਨੇ ਨਾਲ ਜੰਗ ਕਰਕੇ ਰਾਇ ਮਹਮੇ ਨੇ ਆਪਣਾ ਰਾਜ ਦੁਬਾਰਾ ਸੰਭਾਲ ਲਿਆ। ਉਸ ਨੇ ਰਾਇ ਹਸਨੇ ਨੂੰ ਬੰਦੀਖਾਨੇ ਵਿੱਚ ਕੁਝ ਸਮਾਂ ਰੱਖਿਆ। ਧਰਮੀ ਹੋਣ ਕਰਕੇ ਉਸ ਦੇ ਰਾਜ ਨੂੰ ਆਪਣੇ ਕੋਲ ਨਹੀਂ ਰੱਖਿਆ। ਰਾਇ ਹਸਨੇ ਨੂੰ ਧਰਮੀ ਬਣਾ ਕੇ ਉਸ ਨੂੰ ਉਸ ਦਾ ਰਾਜ ਦੇ ਦਿਤਾ।

**੧੪੫. ਸਾਖੀ ਰਾਣੇ ਕੈਲਾਸ ਤੇ ਮਾਲਦੇ ਦੀ:- ਵਾਰ ਮਲਾਰ ਕੀ ਮਹਲਾ ੧; ਰਾਣੇ ਕੈਲਾਸ. ਤਥਾ ਮਾਲਦੇ ਕੀ, ਧੁਨਿ॥ ੧ੴ ਸਿਤਿਗੁਰ ਪ੍ਰਸਾਦਿ॥**

ਪਰਤ ਘੋੜਾ ਪਰਬਤ ਪਲਾਣ, ਸਿਰ ਟਟਰ ਅੰਬਰ। ਨਉ ਸੈ ਨਦੀ ਨੜਿੰਨਵੇ ਰਾਣਾ ਜਲ ਕੰਧਰ। ਢੁੱਕਾ ਰਾਇ ਅਮੀਰ ਦੇ ਕਰ ਮੇਘ ਅਡੰਬਰ। ਆਨਤ ਖੰਡਾ ਰਾਣਿਆ ਕੈਲਾਸ਼ੇ ਅੰਦਰ। ਬਿਜੁਲ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ।

ਮਾਲਦੇਵ ਕੈਲਾਸ਼ ਬੰਨ੍ਹਿਆ ਕਰ ਸੰਘਰ। ਫਿਰ ਅੱਧਾ ਧਨ ਮਾਲ ਦੇ ਛਡਿਆ ਗੜ੍ਹ ਅੰਦਰ। ਮਾਲਦੇਉ ਜਸ ਖੱਟਿਆ ਜਿਉ ਸਾਹ ਸਿਕੰਦਰ।

ਹੰਕਾਰੀ ਦੁਸਟ ਗੁਰਦ੍ਰੋਹੀ ਜਹਾਂਗੀਰ ਦੇ ਸਮੇਂ ਦੋ ਭਰਾ ਰਾਣਾ ਕੈਲਾਸ਼ ਦੇਵ ਅਤੇ ਰਾਣਾ ਮਾਲਦੇਵ ਜੰਮੂ ਕਸ਼ਮੀਰ ਦੇ ਰਾਜੇ ਸਨ। ਉਨ੍ਹਾਂ ਦੇ ਪਿਤਾ ਦੀ ਮੌਤ ਤੋਂ ਬਾਅਦ ਰਾਣਾ ਕੈਲਾਸ਼ ਦੇਵ ਨੇ ਸਾਰੇ ਰਾਜ ਭਾਗ ’ਤੇ ਕਬਜਾ ਕਰਕੇ ਰਾਣਾ ਮਾਲਦੇਵ ਨੂੰ ਕੋਈ ਭੀ ਹਿੱਸਾ ਨਾ ਦਿਤਾ। ਰਾਣਾ ਮਾਲਦੇਵ ਨੇ ਅਪਣੇ ਭਰਾ ਅੱਗੇ ਬੇਨਤੀ ਕੀਤੀ ਕਿ “ਮੈਨੂੰ ਮੇਰੇ ਹੱਕ ਅਨੁਸਾਰ ਅੱਧਾ ਰਾਜ ਦੇ।” ਪਰ ਰਾਜ ਮਦ ’ਚ ਰਾਣਾ ਕੈਲਾਸ਼ ਦੇਵ ਨੇ ਅਪਣੇ ਭਰਾ ਨੂੰ ਉਸ ਦਾ ਹੱਕ ਨਾ ਦਿਤਾ। ਰਾਜਨੀਤੀ ਅਤੇ ਅਪਣੇ ਬਲ ਨਾਲ ਰਾਣਾ ਮਾਲਦੇਵ ਨੇ ਸਾਰੀ ਪਰਜਾ ਅਤੇ ਫੌਜ ਅਪਣੇ ਹੱਕ ’ਚ ਕਰਕੇ ਰਾਣਾ ਕੈਲਾਸ਼ ਦੇਵ ’ਤੇ ਹਮਲਾ ਕਰਕੇ ਬੰਨ੍ਹ ਕੇ ਅਪਣਾ ਬੰਦੀ ਬਣਾ ਲਿਆ। ਇੱਕ ਸਾਲ ਮਗਰੋਂ ਰਾਣਾ ਮਾਲਦੇਵ ਨੇ ਦਇਆ ’ਚ ਆ ਕੇ ਸੋਚਿਆ “ਮੇਰੇ ਭਰਾ ਨੇ ਜ਼ਬਰਦਸਤੀ ਨਾਲ ਮੇਰਾ ਹੱਕ ਨਾ ਦਿਤਾ, ਹੁਣ ਮੈਂ ਭੀ ਉਵੇਂ ਕਰ ਰਿਹਾ ਹਾਂ।” ਤਾਂ ਅਪਣੇ ਭਰਾ ਨੂੰ ਖ਼ਿਮਾ ਕਰਕੇ ਧਰਮ ਦੀ ਸਿੱਖਿਆ ਦੇ ਕੇ ਅੱਧਾ ਰਾਜ ਦੇ ਦਿਤਾ।

੧੪੬. ਸਾਖੀ ਮੂਸੇ ਦੀ:- ਕਾਨੜੇ ਕੀ ਵਾਰ ਮਹਲਾ ੪, ਮੂਸੇ ਕੀ ਵਾਰ ਕੀ, ਧੁਨੀ ੧ੴ ਸਤਿਗੁਰ ਪ੍ਰਸਾਦਿ॥

ਤ੍ਰੈ ਸੌ ਸੱਠ ਮਰਾਤਬਾ ਇਕ ਘੁਰਿਐ ਡੱਗੇ। ਚੜ੍ਹਿਆ ਮੂਸਾ ਪਾਤਸਾਹ ਸਭ ਸੁਣਿਆ ਜੱਗੇ। ਦੰਦ ਚਿੱਟੇ ਬਡ ਹਾਥੀਆਂ ਕਹੁ ਕਿੱਤ ਵਰੱਗੇ। ਰੁਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ। ਏਹੀ ਕੀਤੀ ਮੂਸਿਆ ਕਿਸ ਕਰੀ ਨ ਅੱਗੇ।

ਧਰਮੀ ਮੂਸਾ ਰਾਜਗੜ੍ਹ ਇਲਾਕੇ ਵਿੱਚ ਗੁਰੀਏ ਸ਼ਹਿਰ ਦਾ ਸਰਦਾਰ ਸੀ ਜਿਸ ਕੋਲ ਸਦਾ ੩੬੦ ਘੋੜ ਸਵਾਰ ਸੂਰਮੇ ਹਮੇਸ਼ਾਂ ਤਿਆਰ ਬਰ ਤਿਆਰ ਰਹਿੰਦੇ ਸਨ। ਜਵਾਨ ਅਵਸਥਾ ’ਚ ਮੂਸਾ, ਨਾਲ ਦੇ ਸ਼ਹਿਰ ਦੇ ਸਰਦਾਰ ਦੀ ਸਪੁੱਤ੍ਰੀ ਨਾਲ ਮੰਗਿਆ ਗਿਆ। ਉਸੇ ਸ਼ਹਿਰ ਦਾ ਇੱਕ ਹੋਰ ਸਰਦਾਰ, ਉਸ ਦੀ ਮੰਗੇਤਰ ਦੇ ਸੁੰਦਰ ਸਰੂਪ ’ਤੇ ਮੋਹਿਤ ਹੋ ਗਿਆ। ਧਨ ਪਦਾਰਥ ਆਦਿ ਦੇ ਲਾਲਚ ਦੇ ਕੇ ਉਸ ਨੂੰ ਵਿਆਹ ਕੇ ਲੈ ਗਿਆ। ਕਿਸੇ ਨੇ ਆ ਕੇ ਮੂਸੇ ਨੂੰ ਦੱਸਿਆ “ਹੇ ਮੂਸਾ! ਤੂੰ ਆਪਣੇ ਆਪ ਨੂੰ ੩੬੦ ਸੂਰਮਿਆਂ ਦਾ ਵੱਡਾ ਸਰਦਾਰ ਕਹਾਉਂਦਾ ਹੈਂ, ਪਰ ਤੇਰੀ ਮੰਗੇਤਰ ਇਸਤ੍ਰੀ ਨੂੰ ਤਾਂ ਕੋਈ ਹੋਰ ਸਰਦਾਰ ਵਿਆਹ ਕੇ ਲੈ ਗਿਆ” ਸੁਣਦਿਆਂ ਮੂਸੇ ਨੇ ਆਪਨੇ ੩੬੦ ਸੂਰਮਿਆਂ ਨਾਲ ਉਸ ਸਰਦਾਰ ਤੇ ਹੱਲਾ ਬੋਲ ਕੇ, ਉਸ ਨੂੰ ਜਿੱਤ ਲਿਆ। ਸਰਦਾਰ ਨੂੰ ਉਸ ਨਵੀਂ ਵਿਆਹੀ ਸੰਦਰੀ ਸਮੇਤ ਕੈਦ ਕਰ ਲਿਆ। ਮੂਸਾ ਉਸ ਸੁੰਦਰੀ ਨੂੰ ਪੁੱਛਣ ਲੱਗਾ “ਆਪ ਜੀ ਨੇ ਕਿਸ ਦੇ ਘਰ ਵਸਣਾ ਹੈ? ਮੇਰੇ ਜਾਂ ਇਸ ਦੇ?” ਪਤੀਵਰਤਾ ਧਰਮ ਨੂੰ ਪਾਲਦੀ ਕਹਿੰਦੀ “ਮੈਂ ਉਸ ਦੇ ਘਰ ਵਸਣਾ ਹੈ, ਜਿਸ ਨਾਲ ਮੇਰੇ ਮਾਪਿਆਂ ਨੇ ਮੇਰਾ ਵਿਆਹ ਕੀਤਾ ਹੈ। ਮੈਂ ਆਪਣੇ ਪਤੀਵਰਤਾ ਧਰਮ ਨੂੰ ਕਲੰਕਤ ਨਹੀਂ ਕਰਨਾ।” ਇਹ ਧਰਮੀ ਉੱਤਰ ਸੁਣ ਕੇ ਮੂਸੇ ਅੰਦਰ ਦਇਆ ਆਈ। ਸੋਚਣ ਲੱਗਾ, ਇਸ ਵਿਚਾਰੀ ਦੀ ਕੋਈ ਗਲਤੀ ਨਹੀਂ ਹੈ, ਇਸ ਦੇ ਮਾਪਿਆਂ ਨੇ ਲਾਲਚ ਪਿੱਛੇ ਇਸ ਨੂੰ ਵਿਆਹ ਦਿਤਾ। ਮੂਸੇ ਨੇ ਸਰਦਾਰ ਨੂੰ ਜਤ ਸਤ ਉੱਚੇ ਇਖ਼ਲਾਕ ਦੀ ਸਿੱਖਿਆ ਦੇ ਕੇ, ਦੋਵਾਂ ਨੂੰ ਕੁੱਝਕੁ ਮਾਇਆ ਪਦਾਰਥ ਦੇ ਕੇ, ਛੱਡ ਦਿਤਾ।

## ਪ੍ਰਸੰਗ ੯- ਚਰਿੱਤ੍ਰੋਪਖਿਆਨ

੧੪੭. ਉਥਾਨਕਾ ਚਰਿਤ੍ਰੋਪਖਯਾਨ:- ਸਾਕਤ, ਗਿਰੇ ਇਖ਼ਲਾਕ ਨਰ ਨਾਰੀਆਂ ਤੋਂ ਸੁਚੇਤ ਕਰਨ ਲਈ, ਸ੍ਰਬੰਸ ਦਾਨੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਦੂਜੇ ਚੱਲਿਤਰ ਵਿੱਚ

ਫ਼ੁਰਮਾਉਂਦੇ ਹਨ:- ਇੱਕ ਅਪੱਛਰਾ ਇੰਦ੍ਰਪੁਰੀ ਨੂੰ ਜਾ ਰਹੀ ਸੀ। ਰਸਤੇ ਵਿੱਚ ਰਾਜਾ ਚਿਤਰ ਸਿੰਘ ਦੀ ਸੁੰਦਰਤਾ ’ਤੇ ਮੋਹਿਤ ਹੋ ਗਈ। ਚਲਿੱਤ੍ਰ ਖੇਡ ਕੇ ਰਾਜੇ ਨੂੰ ਮਿਲੀ। ਰਾਜੇ ਨੇ ਉਸ ਦੇ ਰੂਪ ’ਤੇ ਮੋਹਿਤ ਹੋ ਕੇ, ਉਸ ਨੂੰ ਵਿਆਹ ਲਿਆ। ਅਪੱਛਰਾ ਨੇ ਇੱਕ ਪੁੱਤ੍ਰ ਨੂੰ ਜਨਮ ਦਿੱਤਾ, ਜਿਸ ਦਾ ਨਾਮ ਹਨਵੰਤ ਸਿੰਘ ਰੱਖਿਆ। ਕੁੱਝ ਸਮੇਂ ਬਾਅਦ ਅਪੱਛਰਾ ਇੰਦ੍ਰਪੁਰੀ ਨੂੰ ਵਾਪਿਸ ਚਲੀ ਗਈ। ਰਾਜੇ ਨੇ ਉਸ ਦੇ ਵਿਜੋਗ ਵਿੱਚ ਬਹੁਤ ਸੋਗ ਕੀਤਾ। ਚਿੱਤ੍ਰਕਾਰ ਤੋਂ ਚਿਤ੍ਰ ਬਣਾ ਕੇ, ਦੇਸ਼ ਪਰਦੇਸ਼ ਵਿੱਚ ਭੇਜੇ। ਓਡਛਾ ਰਾਜੇ ਦੀ ਲੜਕੀ ਚਿੱਤਮਤੀ, ਅਪੱਛਰਾ ਦੇ ਰੂਪ ਨਾਲ ਮਿਲਦੀ ਸੀ। ਜੰਗ ਕਰਕੇ ਉਸ ਰਾਜ ਕੰਨਿਆ ਨੂੰ ਵਿਆਹ ਲਿਆ। ਰਾਜੇ ਨੇ ਆਪਣੇ ਪੁੱਤ੍ਰ ਹਨਵੰਤ ਸਿੰਘ ਨੂੰ ਇੱਕ ਮਹੀਨਾ ਬ੍ਰਾਹਮਣ ਕੋਲ ਪੜ੍ਹਨ ਭੇਜਿਆ, ਪਰ ਉਸ ਨੇ ਪੜ੍ਹਾਇਆ ਨਹੀਂ। ਰਾਜੇ ਨੇ ਜਦੋਂ ਪੁੱਤ੍ਰ ਨੂੰ ਪੁੱਛਿਆ, ਕੀ ਪੜ੍ਹ ਕੇ ਆਇਆ? ਸੁਣ ਕੇ ਹਨਵੰਤ ਸਿੰਘ ਚੁਪ ਹੀ ਰਿਹਾ। ਉਸ ਨੂੰ ਮਹਿਲਾਂ ਵਿੱਚ ਲੈ ਕੇ ਗਿਆ, ਤੇ ਕਹਿੰਦਾ “ਇਹ ਲੜਕਾ ਗੂੰਗਾ ਹੋ ਗਿਆ”। ਹਨਵੰਤ ਸਿੰਘ ਦੇ ਸਰੂਪ ’ਤੇ ਮੋਹਿਤ ਚਿੱਤ੍ਰਮਤੀ ਆਪਣੇ ਮਹਿਲ ਵਿੱਚ ਲੈ ਗਈ। ਚਿੱਤ੍ਰਮਤੀ ਨੇ ਹਨਵੰਤ ਸਿੰਘ ਨੂੰ ਕਾਮ ਦੇ ਹਾਵ ਭਾਵ ਦਿਖਾਏ, ਤੇ ਕਹਿੰਦੀ “ਮੈਨੂੰ ਆਪਣੀ ਇਸਤ੍ਰੀ ਜਾਣ ਕੇ ਕੁਸੰਗ ਕਰ।” ਹਨਵੰਤ ਸਿੰਘ ਹੈਰਾਨ ਹੋ ਗਿਆ ਤੇ ਉਸ ਨੂੰ ਅੰਗੀਕਾਰ ਨਾ ਕੀਤਾ। ਚਿੱਤ੍ਰਮਤੀ ਗੁੱਸੇ ਵਿੱਚ ਆਪਣੇ ਕੱਪੜੇ ਪਾੜ ਕੇ, ਨਹੁੰਦਰਾਂ ਮਾਰ ਕੇ ਰਾਜੇ ਪਾਸ ਚਲੀ ਗਈ। ਕਹਿੰਦੀ “ਦੇਖ ਤੇਰੇ ਪੁੱਤਰ ਹਨਵੰਤ ਸਿੰਘ ਨੇ ਮੇਰਾ ਕੀ ਹਾਲ ਕੀਤਾ, ਮੇਰੇ ਨਾਲ ਕੁਕਰਮ ਕਰਨਾ ਚਾਹੁੰਦਾ ਸੀ।” ਰਾਜੇ ਨੇ ਰਾਣੀ ਦਾ ਹਾਲ ਦੇਖਦਿਆਂ ਸਾਰ, ਕ੍ਰੋਧ ਵਿੱਚ ਆਪਣੇ ਪੁੱਤਰ ਨੂੰ ਮੌਤ ਦੀ ਸਜ਼ਾ ਦੇ ਦਿੱਤੀ। ਉਸ ਸਮੇਂ ਸਿਆਣੇ ਮੰਤ੍ਰੀਆਂ ਨੇ ਰਾਜੇ ਨੂੰ ਕਿਹਾ, ਪੁੱਤਰ ਨੂੰ ਨਾ ਮਾਰ, ਇਸ ਵਿੱਚ ਰਾਣੀ ਦੀ ਭੀ ਗ਼ਲਤੀ ਹੋ ਸਕਦੀ ਹੈ। ਬਿਨਾ ਸੋਚੇ, ਕੋਈ ਫ਼ੈਸਲਾ ਨਹੀਂ ਲੈਣਾ ਚਾਹੀਦਾ ਹੈ। ਠੰਢੇ ਦਿਲ ਨਾਲ, ਸੋਚ ਵੀਚਾਰ ਕਰਕੇ, ਦੋਹਾਂ ਪੱਖਾਂ ਦੀ ਗੱਲ ਸੁਣ ਕੇ ਫ਼ੈਸਲਾ ਲੈਣਾ ਚਾਹੀਦਾ ਹੈ ਜੀ। ਇਸ ਉਪ੍ਰੰਤ ਮੰਤਰੀ ਨੇ ਰਾਜੇ ਨੂੰ ਇਸਤ੍ਰੀਆਂ-ਪੁਰਖਾਂ ਦੇ ਚਲਿੱਤਰ, ਛਲ-ਕਪਟ ਦੀਆਂ ੪੦੩ ਸਾਖੀਆਂ ਸੁਣਾਈਆਂ।

੧੪੮. ਚਲਿੱਤਰ ੧੧:- ਪਿਸ਼ੌਰ ਦੇ ਇੱਕ ਬਾਣੀਏ ਦੀ ਘਰਵਾਲੀ ਦਾ ਇਖ਼ਲਾਕ ਬਹੁਤ ਬੁਰਾ ਸੀ। ਇੱਕ ਵਾਰ ਵਪਾਰ ਕਰਨ ਲਈ ਬਾਣੀਆ ਪ੍ਰਦੇਸ ਗਿਆ ਤਾਂ ਉਸ ਦੀ ਇਸਤ੍ਰੀ ਨੇ ਆਪਣੇ ਖੋਟੇ ਮਿੱਤ੍ਰ ਨੂੰ ਘਰੇ ਬੁਲਾਇਆ। ਬਾਣੀਏ ਦਾ ਇੱਕ ਛੋਟਾ ਬੱਚਾ ਭੀ ਸੀ। ਦਿਨ ਰਾਤ ਉਹ ਇਸਤ੍ਰੀ ਆਪਣੇ ਖੋਟੇ ਮਿੱਤ੍ਰ ਨਾਲ ਕਾਮ ’ਚ ਲੱਗੀ ਰਹਿੰਦੀ। ਕੁੱਝ ਕੁ ਸਾਲਾਂ ਦਾ ਬੱਚਾ ਭੁੱਖਾ ਰੋਣ ਲੱਗ ਪਿਆ। ਖੋਟਾ ਮਿੱਤ੍ਰ ਕਹਿੰਦਾ “ਤੂੰ ਪਹਿਲਾਂ ਆਪਣੇ ਪੁੱਤਰ ਨੂੰ ਚੁੱਪ ਕਰਾ”। ਇਸ ਡੈਣ ਨੇ ਪਹਿਲਾਂ ਦੁੱਧ ਪਿਆਉਣ ਦੀ ਕੋਸ਼ਿਸ਼ ਕੀਤੀ ਪਰ ਬੱਚਾ ਰੋਣ ਤੋਂ ਨਾ ਹਟਿਆ। ਅਖੀਰ ’ਚ ਆਪਣੇ ਪੁੱਤਰ ਦਾ ਗਲ਼ਾ ਘੁੱਟ ਕੇ ਮਾਰ ਦਿਤਾ। ਜਦ ਸਮਾਂ ਬੀਤਣ ਮਗਰੋਂ ਬੱਚੇ ਦੀ ਕੋਈ ਆਵਾਜ਼ ਨਾ ਆਈ ਤਾਂ ਖੋਟੇ ਮਿੱਤ੍ਰ ਨੇ ਪੁੱਛਿਆ “ਬੱਚਾ ਰੋਣ ਤੋਂ ਕਿਵੇਂ ਹਟ ਗਿਆ? ਹੁਣ ਤਾਂ ਉੱਕਾ ਹੀ ਨਹੀਂ ਰੋਂਦਾ।” ਡੈਣ ਕਹਿੰਦੀ “ਤੇਰੇ ਲਈ ਮੈਂ ਆਪਣਾ ਪੁੱਤਰ ਮਾਰ ਦਿਤਾ।” ਖੋਟਾ ਮਿੱਤ੍ਰ ਬਹੁਤ ਹੀ ਹੈਰਾਨ ਹੋਇਆ, ਇੱਕ ਦਮ ਡਰ ਗਿਆ ਤੇ ਉਸ ਨੂੰ ਗਾਲ੍ਹਾਂ ਕੱਢੀਆਂ। ਇਸਤ੍ਰੀ ਦੇ ਮਨ ਵਿੱਚ ਡਰ ਫੁਰਿਆ ਕਿ ਇਹ ਮੇਰਾ ਭੇਦ ਬਾਹਰ ਜਾ ਕੇ ਪ੍ਰਗਟ ਕਰੇਗਾ। ਤਾਂ ਉਸ ਨੇ ਆਪਣੇ ਖੋਟੇ ਮਿੱਤ੍ਰ ਨੂੰ ਭੀ ਮਾਰ ਦਿਤਾ। ਆਪਣੇ ਪੁੱਤਰ ਤੇ ਖੋਟੇ ਮਿੱਤ੍ਰ ਦੋਵਾਂ ਨੂੰ ਘਰ ਵਿੱਚ ਹੀ ਇੱਕ ਡੂੰਘਾ ਟੋਆ ਪੁੱਟ ਕੇ ਦੱਬ ਦਿਤਾ। ਜਦੋਂ ਬਾਣੀਆ ਪਰਦੇਸ਼ ਤੋਂ ਵਾਪਿਸ ਆਇਆ, ਇੱਕ ਸਾਧੂ ਨੇ ਅੰਤਰ ਧਿਆਨ ਹੋ ਕੇ ਉਸ ਨੂੰ ਸਭ ਦੱਸ ਦਿਤਾ। ਬਾਣੀਏ ਨੇ ਘਰ ਆਉਂਦੇ ਸਾਰ ਹੀ ਘਰਵਾਲੀ ਨੂੰ ਹੁਕਮ ਕੀਤਾ “ਇੱਥੇ ਮੈਨੂੰ ਟੋਆ ਪੁੱਟ ਕੇ ਦਿਖਾ, ਨਹੀਂ ਤਾਂ ਮੈਂ ਘਰੇ ਨਹੀਂ ਰਹਾਂਗਾ”। ਇਸਤ੍ਰੀ ਨੇ ਸੋਚਿਆ, ਜੇ ਮੈਂ ਟੋਆ ਪੁੱਟਦੀ ਹਾਂ, ਮੇਰਾ ਭੇਦ ਖੁੱਲ ਜਾਣਾ ਹੈ। ਇਹ ਸੋਚਦਿਆਂ ਆਪਣੇ ਪਤੀ ਨੂੰ ਮਾਰ ਕੇ ਉੱਚੀ ਉੱਚੀ ਰੋਣ ਲੱਗੀ। “ਮੇਰੇ ਘਰ

ਵਿੱਚ ਚੋਰ ਆ ਕੇ ਸਾਰਾ ਧਨ ਲੁੱਟ ਕੇ ਮੇਰੇ ਪਤੀ ਤੇ ਪੁੱਤਰ ਨੂੰ ਮਾਰ ਕੇ ਭੱਜ ਗਏ।" ਇਉਂ ਸੰਸਾਰ ਵਿੱਚ ਸਤੀ ਕਹਾਉਣ ਲਈ ਉਹ ਭੈੜੀ ਆਚਾਰ ਇਸਤ੍ਰੀ ਆਪਣੇ ਪਤੀ ਦੀ ਚਿਖਾ ਤੇ ਚੜ੍ਹ ਕੇ ਸੜ ਗਈ।

**੧੪੯. ਚਲਿੱਤਰ ੧੮ ਅਨੁਰਾਗਮਤੀ:-** ਅਕਬਰਾਬਾਦ ਸ਼ਹਿਰ ਵਿੱਚ ਅਨੁਰਾਗਮਤੀ ਵੇਸਵਾ ਰਹਿੰਦੀ ਸੀ। ਕਾਮ 'ਚ ਗ੍ਰਸੇ ਸਈਅਦ, ਸ਼ੇਖ, ਪਠਾਣ ਤੇ ਮੁਗਲ ਆਦਿ ਚਾਰ ਪੁਰਸ਼ ਰੋਜ਼ਾਨਾ ਉਸ ਕੋਲ ਆਉਂਦੇ ਸਨ। ਪਰ ਇਨ੍ਹਾਂ ਨੂੰ ਇੱਕ ਦੂਜੇ ਦਾ ਕੋਈ ਭੇਦ ਨਹੀਂ ਸੀ। ਵੇਸਵਾ ਨੇ ਪਹਿਰ ਪਹਿਰ ਤੇ ਚੌਹਾਂ ਨੂੰ ਸਮਾਂ ਦਿਤਾ ਹੋਇਆ ਸੀ। ਇੱਕ ਦਿਨ ਪਠਾਣ ਆਪਣੇ ਸਮੇਂ ਤੋਂ ਪਹਿਲਾਂ ਹੀ ਆ ਗਿਆ, ਪਿੱਛੋਂ ਸਈਅਦ ਭੀ ਆ ਪਹੁੰਚਿਆ। ਵੇਸਵਾ ਨੇ ਪਹਿਲੇ ਪਠਾਣ ਨੂੰ ਅਪਣੇ ਮੰਜੇ ਹੇਠਾਂ ਪਾ ਕੇ, ਉੱਪਰ ਕਪੜਾ ਪਾ ਦਿਤਾ। ਉਧਰੋਂ ਸ਼ੇਖ ਭੀ ਆ ਪੁੱਜਾ ਤਾਂ ਸਈਅਦ ਨੂੰ ਛੇਤੀ ਛੇਤੀ ਘਾਹ ਵਿੱਚ ਲੁਕਾ ਦਿਤਾ। ਮੁਗਲ ਦੇ ਆਉਣ ਤੇ ਸ਼ੇਖ ਨੂੰ ਬੋਰੀ ਵਿੱਚ ਲੁਕਾ ਦਿੱਤਾ। ਕੁਦਰਤੀ ਉਸੇ ਦਿਨ ਕੋਤਵਾਲ ਦੇ ਸਿਪਾਹੀਆਂ ਨੇ ਵੇਸਵਾ ਦੇ ਘਰ ਨੂੰ ਘੇਰਾ ਪਾ ਲਿਆ। ਅਨੁਰਾਗ ਮਤੀ ਆਪਣੇ ਆਪ ਨੂੰ ਮੁਸੀਬਤ 'ਚ ਪਇਆ ਦੇਖਿਆ ਤਾਂ ਇਹ ਭੈੜੀ ਕੁਰੀਤੀ ਨੂੰ ਲੁਕਾਉਣ ਲਈ, ਆਪਣੇ ਘਰ ਨੂੰ ਅੱਗ ਲਾ ਕੇ ਬਾਹਰ ਭੱਜ ਗਈ, ਪਰ ਉਹ ਚਾਰ ਪੁਰਸ਼ ਅੰਦਰ ਹੀ ਮਰ ਗਏ। ਘਰ ਤੋਂ ਬਾਹਰ ਆ ਕੇ ਆਪਣੇ ਸ੍ਰੀਰ ਨੂੰ ਪਿੱਟਦਿਆਂ, ਉੱਚੀ ਉੱਚੀ ਕੂਕਣ ਲੱਗ ਗਈ 'ਮੇਰਾ ਘਰ ਸੜ ਗਿਆ, ਮੇਰਾ ਕੁਝ ਨਹੀਂ ਰਿਹਾ ਇਵੇਂ ਅਨੁਰਾਗਮਤੀ ਨੇ ਕੀਤੇ ਹੋਏ ਪਾਪਾਂ ਨੂੰ ਲੁਕਾਉਂਣ ਲਈ ਘਰ ਸਾੜ ਦਿਤਾ ਪਰ ਲੋਕਾਂ ਨੂੰ ਇਸ ਦਾ ਭੇਦ ਨਹੀਂ ਪਤਾ ਲੱਗਾ ਤੇ ਚਾਰੇ ਪੁਰਸ਼ ਅੰਦਰ ਸੜ ਕੇ ਮਰ ਗਏ।

ਵਾਹਿਗੁਰੂ॥ ਵੇਸਵਾ ਦੇ ਤਿਆਗ ਦੇ ਮਹਾਂਪੁਰਖਾਂ ਦੇ ਹੇਠਾਂ ਲਿਖੇ ਅਮੋਲਕ ਬਚਨ, ਆਪਣੇ ਬੱਚਿਆਂ ਨੂੰ ਚੇਤੇ ਕਰਾਉ:- ਲਾਜ ਕੋ ਨ ਲੇਸ ਰਹੈ, ਘਰ ਮੇ ਕਲੇਸ਼ ਰਹੈ, ਛਲ ਕੋ ਪ੍ਰਵੇਸ਼ ਰਹੈ, ਮੂੜ੍ਹ ਮਤਿਭੰਗੀ ਕੋ। (ਮੂੜ੍ਹ) ਮੂਰਖ (ਮਤਿਭੰਗੀ) ਮਾੜੀ ਮੱਤ ਵਾਲੇ ਵੇਸਵਾਗਾਮੀ ਨੂੰ (ਲੇਸ) ਥੋੜੇ ਮਾਤ੍ਰ ਭੀ ਲੱਜਿਆ ਨਹੀਂ ਰਹਿੰਦੀ। ਉਸ ਦੇ ਘਰ 'ਚ ਹਮੇਸ਼ਾਂ ਹੀ ਕਲੇਸ਼ ਰਹਿੰਦਾ ਹੈ। ਘਰ ਵਾਲੀ ਸਮੇਤ ਸਾਰਾ ਪਰਿਵਾਰ ਉਸ ਨਾਲ ਲੜਦਾ ਰਹਿੰਦਾ ਹੈ। ਕਿਉਂਕਿ ਉਹ ਆਪਣੇ ਬੱਚੇ ਬੱਚੀਆਂ, ਘਰ ਵਾਲੀ ਦੇ ਇਖ਼ਲਾਕ ਦੀ ਸੰਭਾਲ ਨਹੀਂ ਕਰ ਸਕਦਾ। ਇਸ ਕਰਕੇ ਉਸ ਦਾ ਸਾਰਾ (ਖਾਨਾ) ਘਰ ਖਰਾਬ ਹੋ ਜਾਂਦਾ ਹੈ। ਹਰ ਸਮੇਂ ਛਲ ਕਰਨ ਨੂੰ, ਛਲ 'ਚ ਖੁੱਭਿਆ ਰਹਿੰਦਾ ਹੈ।

ਕੁਲ ਕੋ ਨ ਮੋਹ ਰਹੈ, ਵਾਮ ਕੋ ਵਿਛੋਹ ਰਹੈ, ਪਾਰਸ ਕੀ ਟੋਹ ਰਹੈ, ਯਾ ਰਸ ਉਮੰਗੀ ਕੋ।(ਯਾ) ਵੇਸਵਾ ਦੇ ਰਸ ਦੇ (ਉਮੰਗੀ) ਉਤਸ਼ਾਹ ਵਾਲੇ ਨੂੰ ਆਪਣੀ ਕੁਲ ਦਾ ਮੋਹ ਨਹੀਂ ਰਹਿੰਦਾ, (ਵਾਮ) ਘਰ ਵਾਲੀ ਨਾਲੋਂ ਵਿਛੋੜਾ ਰਹਿੰਦਾ ਹੈ। ਧਨ ਦੀ ਬਹੁਤ ਇੱਛਾ ਹੋਣ ਕਰਕੇ, ਪਾਰਸ ਦੀ (ਟੋਹ) ਖੋਜ ਰਹਿੰਦੀ ਹੈ, ਬਈ ਮੈਨੂੰ ਪਾਰਸ ਮਿਲ ਜਾਵੇ ਜਿਸ ਨੂੰ ਪਾ ਕੇ, ਸਭ ਕੁੱਝ ਸੋਨੇ ਦਾ ਬਣਾ ਕੇ, ਮਾਲਾ ਮਾਲ ਹੋ ਜਾਵਾਂ।

ਸਾਚ ਸੌਂ ਨ ਮੇਲ ਰਹੈ, ਝੂਠ ਸੋ ਝਮੇਲ ਰਹੈ, ਹਾਰ ਨ ਹਮੇਲ ਰਹੈ, ਉਧਤ ਅਨੰਗੀ ਕੋ। ਕਾਮ ਦੀ ਪੂਰਤੀ ਦੇ (ਉਧਤ) ਉਤਸ਼ਾਹ ਵਾਲੇ (ਅਨੰਗੀ) ਕਾਮੀ ਦਾ ਸੱਚ (ਸੌਂ) ਸਾਥ ਮੇਲ ਨਹੀਂ ਰਹਿੰਦਾ। ਝੂਠ (ਸੌਂ) ਨਾਲ (ਝਮੇਲ) ਉਲਝਿਆ ਰਹਿੰਦਾ ਹੈ। ਅਣਹੋਂਦੇ ਝਗੜੇ ਉਸ ਦੇ ਗਲ਼ ਪਏ ਰਹਿੰਦੇ ਹਨ। ਐਸੇ ਦੋਸ਼ੀ ਕੋਲ਼ੇ ਭਾਵੇ ਹੀਰਿਆਂ ਤੇ ਸੋਨੇ ਦਾ (ਹਮੇਲ) ਹਾਰ ਹੋਵੇ ਤਾਂ ਭੀ ਉਸ ਕੋਲੇ ਕੁੱਝ ਭੀ ਨਹੀਂ ਰਹਿੰਦਾ।

ਸਾਜੀ ਨਿੱਤ ਸੇਜ ਰਹੈ, ਧਨ ਕਾ ਨ ਹੇਜ ਰਹੈ, ਤਨ ਕਾ ਨ ਤੇਜ ਰਹੈ, ਗਨਕਾ ਪ੍ਰਸੰਗੀ ਕੋ। (ਗਨਕਾ ਪ੍ਰਸੰਗੀ) ਵੇਸਵਾਗਾਮੀ ਰਾਤ ਨੂੰ ਜਾਗ ਕੇ, ਕੁਕਰਮ ਕਰਦਾ ਹੈ, ਇਸ ਕਰਕੇ ਦਿਨੇ ਉਸ ਦੀ ਸੇਜ ਨਿੱਤ ਹੀ (ਸਾਜੀ) ਵਿਛੀ ਰਹਿੰਦੀ

ਹੈ, ਭਾਵ ਦਿਨੇ ਸੁੱਤਾ ਹੀ ਰਹਿੰਦਾ ਹੈ। ਉਸ ਨੂੰ ਧਨ ਦਾ (ਹੇਜ) ਮੋਹ ਨਹੀਂ ਰਹਿੰਦਾ, ਭਾਵ ਧਨ ਨੂੰ ਨਸ਼ੇ ਕੁਕਰਮਾਂ 'ਚ ਉੱਡਾ ਦਿੰਦਾ ਹੈ। ਵੇਸਵਾ ਦੀ ਕੁਸੰਗਤ ਕਰਕੇ ਏਡਜ਼ ਕਰੋਨਾ ਆਦਿ ਰੋਗਾਂ ਦਾ ਰੋਗੀ ਹੋ ਜਾਂਦਾ ਹੈ। ਜਿਸ ਕਰਕੇ ਤਨ ਦਾ ਤੇਜ ਪ੍ਰਤਾਪ ਨਾਸ਼ ਹੋ ਜਾਂਦਾ ਹੈ।

**੧੫੦. ਚਰਿਤ੍ਰ ੩੨ ਰਸ ਮੰਜਰੀ:-** ਪੰਜਾਬ 'ਚ ਇਕ ਇਸਤ੍ਰੀ ਰਸ ਮੰਜਰੀ ਸੀ, ਉਸ ਦੇ ਸੁੰਦਰ ਰੂਪ ਨੂੰ ਦੇਖ ਕੇ ਭਲੇ ਪੁਰਸ਼ਾਂ ਦਾ ਮਨ ਡੋਲ ਜਾਂਦਾ ਸੀ। ਰਸ ਮੰਜਰੀ ਦਾ ਪਤੀ ਵਾਪਾਰ ਕਰਨ ਲਈ ਪ੍ਰਦੇਸ ਗਿਆ। ਚੋਰਾਂ ਨੂੰ ਪਤਾ ਲੱਗਾ ਕਿ ਉਸ ਦੇ ਘਰੇ ਬਹੁਤ ਧਨ ਹੈ, ਤੇ ਇਸਤ੍ਰੀ ਘਰੇ ਇਕੱਲੀ ਹੈ। ਚੋਰ ਰਾਤ ਨੂੰ ਉਸ ਦਾ ਘਰ ਲੁੱਟਣ ਗਏ। ਚੋਰ ਆਉਂਦੇ ਦੇਖ ਕੇ ਰਸ ਮੰਜਰੀ ਨੇ ਚਲਿੱਤ੍ਰ ਖੇਡਿਆ। ਚੋਰਾਂ ਨੂੰ ਆਖਿਆ "ਮੈਨੂੰ ਆਪਣੀ ਇਸਤ੍ਰੀ ਜਾਣ ਕੇ ਮੇਰੀ ਰੱਖਿਆ ਕਰੋ, ਭਾਵੇਂ ਸਾਰਾ ਧਨ ਲੁੱਟ ਲਵੋ ਅਤੇ ਦਾਸੀ ਨੂੰ ਭੀ ਨਾਲ ਲੈ ਚੱਲਿਓ ਅਤੇ ਅਨੇਕ ਤਰ੍ਹਾਂ ਦੀ ਰੰਗ ਲੀਲਾ ਮਾਣਿਓ।" ਚੋਰਾਂ ਨੇ ਇਹ ਸੁਣ ਕੇ ਆਪੋ ਵਿੱਚੀਂ ਵਿਚਾਰਿਆ ਕਿ ਇਸਤ੍ਰੀ ਨੇ ਤਾਂ ਠੀਕ ਹੀ ਆਖਿਆ ਹੈ। ਚੋਰਾਂ ਨੇ ਰਸ ਮੰਜਰੀ ਨੂੰ ਕਹਿਆ "ਸਾਨੂੰ ਪਹਿਲਾ ਭੋਜਨ ਛਕਾ, ਫਿਰ ਸਾਡੀ ਇਸਤ੍ਰੀ ਕਹਾਵੇਂਗੀ।" ਰਸ ਮੰਜਰੀ ਨੇ ਚੋਰਾਂ ਨੂੰ ਚੁਬਾਰੇ ਵਿੱਚ ਬਿਠਾ ਦਿੱਤਾ, ਬਾਹਰੋ ਜਿੰਦਾ ਲਾ ਕੇ ਆਪ ਰਸੋਈ ਵਿੱਚ ਜਾ ਕੇ ਪਕੌੜੇ ਬਣਾਏ। ਭੋਜਨ ਵਿਚ ਜ਼ਹਿਰ ਮਿਲਾ ਕੇ ਚੋਰਾਂ ਨੂੰ ਖੁਆ ਦਿੱਤਾ। ਤਾਲਾ ਲਾ ਕੇ ਰਸੋਈ 'ਚ ਆ ਗਈ। ਕੜਾਹੀ 'ਚ ਤੇਲ ਕਾੜ੍ਹਦੀ ਨੇ ਚਲਿਤ੍ਰ ਖੇਡਦਿਆਂ ਮੁਖੀ ਚੋਰ ਦਾ ਹੱਥ ਆਪਣੇ ਹੱਥਾਂ 'ਚ ਲੈ ਲਿਆ। ਹੱਸ ਹੱਸ ਕੇ ਗੱਲਾਂ ਨਾਲ ਉਸ ਨੂੰ ਪਰਚਾਉਂਦੀ ਰਹੀ। ਜਦੋਂ ਤੇਲ ਗਰਮ ਹੋ ਗਿਆ ਤਾਂ ਉਸਨੇ ਆਪਣੇ ਆਪ ਨੂੰ ਬਚਾਅ ਕੇ ਉਸ ਦੇ ਸਿਰ 'ਚ ਤੇਲ ਪਾ ਦਿਤਾ। ਚੋਰਾਂ ਦਾ ਮੁਖੀ ਸਾੜ ਕੇ ਮਾਰ ਦਿੱਤਾ ਤੇ ਬਾਕੀ ਚੋਰ ਜ਼ਹਿਰ ਖਾ ਕੇ ਮਰ ਗਏ। ਅਗਲੇ ਦਿਨ ਉਸ ਨੇ ਕੋਤਵਾਲ ਨੂੰ ਦੱਸ ਕੇ ਉਨ੍ਹਾਂ ਦੇ ਹਵਾਲੇ ਕਰ ਦਿੱਤੇ।

**੧੫੧. ਚਲਿੱਤਰ ੪੦, ਅੜਬ ਜਨਾਨੀ ਬਾਰੇ ਲਿਖਦੇ ਹਨ:-** ਸਵੈਯਾ॥ ਭੋਰ ਹੁਤੇ ਗਰਜੈ ਲਰਜੈ ਬਰਜੈ; ਸਭ ਲੋਗ ਰਹੈ ਨਹਿ ਠਾਨੀ॥ ਸਾਸੁ ਕੇ ਤ੍ਰਾਸ ਨ ਆਵਤ ਸ੍ਵਾਸ; ਦੁਆਰਨ ਤੇ ਫਿਰਿ ਜਾਤ ਜਿਠਾਨੀ॥ ਪਾਸ ਪਰੋਸਿਨ ਬਾਸ ਗਹਯੋ ਬਨ, ਲੋਗ ਭਏ ਸਭ ਹੀ ਨਕਵਾਨੀ॥ (ਕਿਧੌਂ) ਪਾਨੀ ਕੇ ਮਾਂਗਤ ਪਾਥਰ ਮਾਰਤ; ਨਾਰਿ ਕਿਧੌਂ ਘਰ ਨਾਹਰ ਆਨੀ॥੧੪॥ (ਭੋਰ) ਸਵੇਰ (ਹੁਤੇ) ਹੁੰਦਿਆਂ ਹੀ ਅੜਬ ਬਚਨ ਬੋਲ ਕੇ ਸ਼ੇਰਨੀ ਵਾਂਗ (ਗਰਜੈ) ਗੱਜਣ ਲੱਗ ਜਾਵੇ। ਭਾਰੀ ਕਲੇਸ਼ਣ ਜਾਣ ਕੇ (ਸਭ) ਸਾਰੇ ਲੋਗ ਦੂਰ ਰਹਿਣ, (ਤ੍ਰਾਸ) ਡਰਦੀ (ਸਾਸੁ) ਸੱਸ ਦੇ ਸ੍ਵਾਸ ਸੁੱਕ ਜਾਣ, (ਜਿਠਾਨੀ) ਜਿਠਾਣੀਆਂ ਡਰਦੀਆਂ (ਦੁਆਰਨ) ਬੂਹੇ ਤੇ ਆ ਕੇ ਪਿੱਛੇ ਮੁੜ ਜਾਣ, ਗੁਆਂਢੀ ਕਲੇਸ਼ ਤੋਂ ਦੁਖੀ ਹੋ ਕੇ (ਬਨ) ਜੰਗਲ 'ਚ ਜਾ ਵਸੇ। (ਸਭ) ਸਾਰੇ (ਲੋਗ) ਲੋਕਾਂ ਦੇ ਨੱਕ 'ਚ ਦਮ ਲਿਆ ਦਿਤੇ। ਪਤੀ ਦੇ ਪਾਨੀ ਮੰਗਣ ਤੋਂ (ਪਾਥਰ) ਪੱਥਰ (ਮਾਰਤ) ਮਾਰੇ, ਘਰ 'ਚ (ਨਾਰਿ) ਇਸਤਰੀ ਲਿਆਂਦੀ ਹੈ ਕਿ (ਨਾਹਰ) ਸ਼ੇਰਨੀ?॥੧੪॥

ਇਸ 'ਤੇ ਸਾਖੀ:- ਇੱਕ ਵਾਰ ਪਤੀ ਦੇ ਕਹੇ ਦੇ ਉਲਟ ਚੱਲਣ ਵਾਲੀ ਇਸਤਰੀ, ਆਪਣੇ ਪਤੀ ਨਾਲ ਪੇਕੇ ਜਾ ਰਹੀ ਸੀ। ਆਪਣੇ ਬੈਲ ਦੀ ਪੂੰਛ ਫੜ ਕੇ ਦਰਿਆ ਪਾਰ ਕਰਨ ਲੱਗੀ ਤਾਂ ਪਤੀ ਨੇ ਕਿਹਾ, "ਵੇਖੀਂ, ਪੂਛ ਨਾ ਛੱਡੀਂ।" ਅੱਗੋਂ ਕਿਹਾ, "ਆਹ ਲੈ ਛੱਡੀ"। ਦਰਿਆ 'ਚ ਰੁੜ ਗਈ। ਜਿੱਧਰੋਂ ਪਾਣੀ ਆਉਂਦਾ ਸੀ, ਪਤੀ ਉੱਧਰ ਨੂੰ ਤੁਰ ਪਿਆ, ਕਿਸੇ ਨੇ ਪੁੱਛਿਆ, "ਇੱਧਰ ਨੂੰ ਕਿਉਂ ਜਾਂਦੇ ਹੋਂ?" ਕਿਹਾ, "ਮੇਰੀ ਘਰਵਾਲੀ ਰੁੜ੍ਹ ਗਈ ਹੈ।" ਅੱਗੋਂ ਹੈਰਾਨ ਹੋ ਕੇ ਕਿਹਾ, "ਬੜਾ ਅਸਚਰਜ ਹੈ।" ਅੱਗੋਂ ਕਿਹਾ, "ਹਾਂ ਭਾਈ! ਮੇਰੀ ਘਰਵਾਲੀ ਕਹਿਣੇ ਦੇ ਉਲਟ ਚਲਦੀ ਸੀ, ਇਸ ਕਰਕੇ ਉਹ ਪਾਣੀ 'ਚ ਰੁੜ੍ਹ ਕੇ ਭੀ ਉਲਟੇ ਪਾਸੇ ਹੀ ਗਈ ਹੋਵੇਗੀ।" ਇਉਂ ਅੜਬ ਸੁਭਾਅ ਦੋਹਾਂ 'ਚੋਂ ਕਿਸੇ ਨੂੰ ਭੀ ਨਹੀਂ ਧਾਰਨਾ ਚਾਹੀਦਾ। ਬੁੱਤ,

ਮੱਠਾਂ ਕਬਰਾਂ, ਮੜ੍ਹੀਆਂ, ਦੇਵੀ ਦੇਵਤੇ ਸੂਰਜ ਚੰਦ੍ਰਮਾਂ, ਖ਼ੁਆਜਾ ਗੁੱਗਾ ਅਗਨੀ ਹਵਾ ਆਦਿ ਅਨੇਕ ਪ੍ਰਕਾਰ ਦੀ ਪੂਜਾ ਛੱਡ ਕੇ ਗੁਰੂ ਪ੍ਰਮੇਸਰ ਵਾਹਿਗੁਰੂ ਜੀ ਦੀ ਹੀ ਪੂਜਾ ਕਰਨੀ ਚਾਹੀਦੀ ਹੈ। ਯਥਾ:- ਪੂਜਹੁ ਰਾਮੁ; ਏਕੁ ਹੀ ਦੇਵਾ॥ (੪੮੪) ਪੂਜਾ ਕੀਚੈ. ਨਾਮੁ ਧਿਆਈਐ; ਬਿਨੁ ਨਾਵੈ. ਪੂਜ ਨ ਹੋਇ॥ (੪੮੯) ਮਾਨਸਰ ਤਿਆਗਿ ਆਨ ਸਰ ਜਾਇ ਬੈਠੇ ਹੰਸੁ; ਖਾਇ ਜਲ ਜੰਤ ਹੰਸ ਬੰਸਹਿ ਲਜਾਵਈ॥ ਸਲਿਲ ਬਿਛੋਹ ਭਏ ਜੀਅਤ ਜਉ ਰਹੈ ਮੀਨ; ਕਪਟ ਸਨੇਹ ਕੈ ਸਨੇਹੀ ਨ ਕਹਾਵਈ॥ ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ; ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ॥ ਚਰਨ ਕਮਲ ਅਲਿ ਗੁਰਸਿਖ ਮੋਖ ਹੁਇ; ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ॥੪੬੩॥ (ਕਬਿੱਤ) ਕੋਊ ਦਿਜੇਸ ਕੋ ਮਾਨਤ ਹੈ; ਅਰੁ ਕੋਊ ਮਹੇਸ ਕੌ ਏਸ ਬਤੈ ਹੈ॥ ਕੋਊ ਕਹੈ ਬਿਸਨੋ ਬਿਸਨਾਇਕ; ਜਾਹਿ ਭਜੇ ਅਘ ਓਘ ਕਟੈ ਹੈ॥ ਬਾਰ ਹਜਾਰ ਬਿਚਾਰ ਅਰੇ ਜੜ; ਅੰਤ ਸਮੈ ਸਭ ਹੀ ਤਜਿ ਜੈ ਹੈ॥ ਤਾਹੀ ਕੋ ਧਯਾਨ ਪ੍ਰਮਾਨਿ ਹੀਏ; ਜੋਊ ਥੋ ਅਬ ਹੈ ਅਰੁ ਆਗੈ ਊ ਹ੍ਵੈ ਹੈ॥੧੫॥ (ਸ੍ਰੀ ਦਸਮ ੭੧੪)

**੧੫੨. ਚਲਿੱਤਰ ੪੨ ਰੁਸਤਮ ਕਲਾ:-** ਇਕ ਜੁਆਨ ਇਸਤ੍ਰੀ ਜਿਸ ਦੇ ਪਤੀ ਦਾ ਬ੍ਰਿਧ ਹੋਣੇ ਕਰਕੇ ਕੋਈ ਬੱਚਾ ਨਾ ਹੋਇਆ। ਵਿਕਾਰਾਂ ਵਿੱਚ ਪਾਗਲ ਇਸਤ੍ਰੀ ਨੇ ਲੁੱਚੇ ਮਨਮੁਖ ਨਾਲ ਗ੍ਰਿਸਤ ਕਰਕੇ ਬੱਚਾ ਪੈਦਾ ਕਰ ਲਿਆ। ਪਰ ਸੰਸਾਰ ਨੂੰ ਇਹ ਦੱਸਦੀ ਕਿ ਉਸ ਸਾਧ ਨੇ ਮੰਤ੍ਰ ਪੜ੍ਹ ਕੇ ਇਕ ਲੌਂਗ ਖੁਆਇਆ ਸੀ, ਜਿਸ ਕਰਕੇ ਬੱਚਾ ਹੋਇਆ। ਇਉਂ ਗੁਰੂ ਪਿਆਰੀ ਸਾਧਸੰਗਤ ਜੀ ਸੰਸਾਰ ਵਿੱਚ ਬਹੁਤ ਹੀ ਜਿਆਦਾ ਪਖੰਡੀ ਲੁੱਚੇ ਸਾਧ ਹਨ ਜੋ ਕਹਿੰਦੇ ਹਨ ਕਿ ਅਸੀਂ ਮੰਤ੍ਰ ਜੰਤ੍ਰ ਪੜ੍ਹ ਕੇ ਤੁਹਾਡੇ ਦੁੱਖ ਦੂਰ ਕਰ ਦਿਆਂਗੇ, ਚਾਰ ਪਦਾਰਥ ਬਖ਼ਸ਼ਾਂਗੇ, ਮਾਇਆ ਦਾ ਤੋਟਾ ਨਹੀਂ ਆਵੇਗਾ। ਪਰ ਸੰਗਤ ਜੀ ਜੋ ਮੱਨੁਖ ਆਪ ਵਿਕਾਰਾਂ ਵਿੱਚ ਬੱਧਾ ਵਿਕਾਰਾਂ ਸੁਆਦਾਂ ਦਾ ਗ਼ੁਲਾਮ ਹੈ, ਓਹ ਹੋਰ ਕਿਸੇ ਨੂੰ ਕਿਵੇਂ ਚਾਰ ਪਦਾਰਥ ਸੁਖ ਆਦਿ ਦੇ ਸਕਦਾ ਹੈ। ਹੇ ਰਾਮ ਪਿਆਰੇ ਜੀ! ਐਸੇ ਦੰਭੀ ਸਾਧੂਆਂ ਤੇ ਦੰਭੀ ਚੇਲਿਆਂ ਤੋਂ ਦੂਰ ਰਹੋ ਜੀ ਰਾਮ ਜੀ। ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- (ਧੋਤੀਆਂ, ਤੱਗ) ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨਾ ਜਾਨਾਂ॥ ੧॥) ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ (ਨਿਬੱਗ) ਗਲੀ ਜਿਨ੍ਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ. ਨ ਆਖੀਅਹਿ; ਬਾਨਾਰਸਿ ਕੇ ਠਗ॥) ਦੋਹਰਾ॥ ਭੇਖ ਦਿਖਾਏ ਜਗਤ ਕੋ; ਲੋਗਨ ਕੋ ਬਸਿ ਕੀਨ॥ ਅੰਤ ਕਾਲਿ ਕਾਤੀ ਕਟ੍ਯੋ, ਬਾਸੁ ਨਰਕ ਮੋ ਲੀਨ॥੫੬॥੨੭੧॥

**ਕੱਚੇ ਦੰਭੀਆਂ ਤੋਂ ਬਚਣ ਲਈ ਸਿੱਖਿਆ:-** ਇੱਕ ਕਹਾਵਤ ਅਨੁਸਾਰ ਜ਼ਿਮੀਦਾਰ ਬੈਲਾਂ ਦੀਆਂ ਪੂਛਾਂ ਮਰੋੜ ਕੇ, ਖੂਹ 'ਚੋਂ ਬੋਕਾ ਬਾਹਰ ਆਉਣ 'ਤੇ "ਆ ਗਿਆ ਬੇਲੀ ਰਾਮ!" ਕਹਿੰਦੇ ਸੁਣੇ। ਜਿਸ 'ਤੇ ਭਜਨਾਨੰਦੀ ਮਹਾਂਪੁਰਸ਼ ਗੁਰਮੁਖਿ ਪਿਆਰੇ ਦਾਦੂ ਜੀ ਫ਼ੁਰਮਾਉਂਦੇ ਹਨ, "ਦਾਦੂ ਦੁਨੀਆਂ ਬਾਵਰੀ; ਕਹੇ ਚਾਮ ਕੋ ਰਾਮ। ਪੂਛ ਮਰੋੜੇਂ ਬੈਲ ਕੀ; ਕਾਢੇਂ ਅਪਣਾ ਕਾਮ।" ਹੇ ਭਾਈ! ਦੁਨੀਆਂ (ਬਾਵਰੀ) ਕਮਲ਼ੀ ਹੈ, ਆਪਣੇ ਹੱਡ (ਚਾਮ) ਚੰਮ ਨੂੰ ਰਾਮ ਕਹਿੰਦੇ ਹਨ। ਸਣ ਟੋਪੀ ਸਣ ਕੱਪੜੀਂ; ਜੁੱਤੇ ਸਣੇ ਖ਼ੁਦਾ। ਆਪਣੇ ਹੱਡ ਚੰਮ ਨੂੰ ਰਾਮ ਖ਼ੁਦਾ ਕਹਿਣ ਵਾਲੇ, ਬੈਲ ਦੀ ਪੂਛ ਮਰੋੜਨ ਵਾਂਗ, ਭੋਲ਼ੇ ਬੰਦਿਆਂ ਦੀ ਬ੍ਰਿਤੀ ਰੂਪ ਪੂਛ, ਅਕਾਲ ਸਰੂਪ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਤੋਂ ਤੋੜਨ ਰੂਪ (ਮਰੋੜੇਂ) ਮਰੋੜ ਕੇ, ਉਨ੍ਹਾਂ ਦਾ ਧਨ ਪਦਾਰਥ ਲੁੱਟ ਕੇ, ਆਪਣਾ ਕੰਮ ਕੱਢਦੇ ਹਨ। ਐਸੇ ਪਖੰਡੀ ਨੀਚ ਛਲ਼ ਕਰਨ ਵਾਲੇ ਅਤੇ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਨ ਆਪ ਮੁਕਤ ਹੁੰਦੇ ਹਨ ਤੇ ਨਾ ਹੀ ਉਹਨਾ ਦਾ ਕੁਸੰਗ ਕਰਨ ਵਾਲੇ ਮੁਕਤ ਹੁੰਦੇ ਹਨ। ਯਥਾ:- ਕਾਚੇ ਗੁਰ ਤੇ; ਮੁਕਤਿ ਨ ਹੂਆ॥) ਕਬੀਰ. ਮਾਇ ਮੂੰਡਉ ਤਿਹ ਗੁਰੂ ਕੀ; ਜਾ ਤੇ. ਭਰਮੁ ਨ ਜਾਇ॥ ਆਪ ਡੁਬੇ. ਚਹੁ ਬੇਦ ਮਹਿ; ਚੇਲੇ ਦੀਏ ਬਹਾਇ॥੧੦੪॥) ਗੁਰੂ ਜਿਨਾ ਕਾ ਅੰਧੁਲਾ; ਸਿਖ ਭੀ ਅੰਧੇ ਕਰਮ ਕਰੇਨਿ॥

ਪ੍ਰੇਮ ਬਿਨੈ:- ਭਾਵੇਂ ਮਹਾਂਪੁਰਸ਼ ਦਾਦੂ ਜੀ ਨੇ ਰਾਮ ਸੁਣ ਕੇ, ਪਖੰਡੀਆਂ ਤੋਂ ਬਚਣ ਬਾਰੇ, ਬਚਨ ਫੁਰਮਾਏ। ਸ਼ੁਭ ਸਿੱਖਿਆ ਲੈ ਕੇ ਦੰਭੀਆਂ ਤੋਂ ਬਚੋ, ਹੋਰਨਾਂ ਨੂੰ ਬਚਾਉ। ਗੁਰਮਤਿ ਅਨੁਸਾਰ ਪ੍ਰੇਮੀ ਜਨ ਹਰ ਗੱਲ 'ਚ ਹਰ ਸਮੇਂ ਅਵਾਜ਼ ਮਾਰਦਿਆਂ ਭੀ, ਵਾਹਿਗੁਰੂ ਕਹਿ ਕੇ ਮਾਰਦੇ ਹਨ। ਸਭ ਤੋਂ ਚੰਗੀ ਆਦਤ ਹੈ ਜੀ।

**੧੫੩. ਚਲਿੱਤਰ ੧੮੪ ਕ੍ਰੀਚਕ ਤੇ ਭੀਮ:-** ਪੰਜੇ ਪਾਂਡਵ ਤੇ ਦ੍ਰੋਪਤੀ ਬਾਰਾਂ ਸਾਲ ਦਾ ਬਨਵਾਸ ਕੱਟਣ ਮਗਰੋਂ ਤੇਰਵੇਂ ਸਾਲ ਰਾਜੇ ਵਿਰਾਟ ਦੇ ਰਾਜ ਵਿੱਚ ਆਏ। ਕ੍ਰੀਚਕ, ਦ੍ਰੋਪਤੀ ਨੂੰ ਵੇਖ ਕੇ ਕਾਮ 'ਚ ਗ੍ਰਸਿਆ ਗਿਆ, ਹੋਸ਼ ਫ਼ਰਾਮੋਸ਼ ਹੋ ਗਈ। ਆਪਣੀ ਭੈਣ ਨੂੰ ਦ੍ਰੋਪਤੀ ਨਾਲ ਮਿਲਣ ਦੀ ਇੱਛਾ ਦਰਸਾਈ। ਸਨੇਹਾ ਪੜ੍ਹਣ 'ਤੇ ਦ੍ਰੋਪਤੀ ਉਸ ਥਾਂ ਪਹੁੰਚੀ। ਆਉਂਦੇ ਸਾਰ ਕ੍ਰੀਚਕ ਨੇ ਦ੍ਰੋਪਤੀ ਦਾ ਹੱਥ ਫੜ੍ਹ ਲਿਆ। ਸਤੀ ਧਰਮ ਵਿੱਚ ਦ੍ਰਿੜ ਹੋਣ ਕਰਕੇ ਦ੍ਰੋਪਤੀ ਆਪਣੇ ਬਲ ਨਾਲ ਕ੍ਰੀਚਕ ਦੀ ਪਕੜ ਤੋਂ ਛੁਟ ਕੇ ਭੱਜ ਕੇ ਰਾਜ ਦਰਬਾਰ ਵਿੱਚ ਚਲੀ ਗਈ। ਅਲਪ ਸੁਖ. ਅਵਿਤ ਚੰਚਲ; ਊਚ ਨੀਚ ਸਮਾਵਣਹ॥ ਨਿਮਖ ਪਲ ਮਾਤ੍ਰ ਦੇ ਸੁਖ ਲਈ ਕ੍ਰੀਚਕ ਨੇ ਰਾਜ ਸਭਾ ਵਿੱਚ ਦ੍ਰੋਪਤੀ ਨਾਲ ਧੱਕਾ ਕੀਤਾ। ਇਹ ਸਭ ਕੁਝ ਪਾਂਡਵਾਂ ਦੇ ਦੇਖਦਿਆਂ ਹੋਇਆ। ਜਿਸ 'ਤੇ ਭੀਮ ਦੇ ਕ੍ਰੋਧਤ ਹੋਣ ਤੋਂ, ਰਾਜਾ ਯੁਧਿਸ਼ਟਰ ਨੇ ਧੀਰਜ ਦਿੱਤਾ। ਰਾਜਾ ਯੁਧਿਸ਼ਟਰ ਨੇ ਦ੍ਰੋਪਤੀ ਨੂੰ ਭੀ ਧਰਮ ਦੀ ਸਿੱਖਿਆ ਦਿੱਤੀ। ਦ੍ਰੋਪਤੀ ਨੇ ਆਪਣੇ ਪਤੀ ਭੀਮ ਨਾਲ ਕ੍ਰੀਚਕ ਨੂੰ ਸਬਕ ਸਿਖਾਉਣ ਦਾ ਮਤਾ ਪਕਾਇਆ। ਦ੍ਰੋਪਤੀ ਨੇ ਕ੍ਰੀਚਕ ਨੂੰ ਜਾ ਦੱਸਿਆ "ਮੈਂ ਤੇਰੇ 'ਤੇ ਮੋਹਿਤ ਹੋ ਗਈ ਹਾਂ, ਰਾਤ ਨੂੰ ਮੈਨੂੰ ਰਸੋਈ ਵਿੱਚ ਮਿਲੀਂ"। ਭੀਮ ਰਸੋਈ ਦੇ ਕੋਨੇ 'ਚ ਲੁਕਿਆ ਬੈਠਾ ਸੀ, ਕਾਮ ਵਿੱਚ ਅੰਨ੍ਹਾ ਕ੍ਰੀਚਕ ਰਾਤ ਨੂੰ ਜਦ ਉਥੇ ਆਇਆ, ਆਉਂਦੇ ਸਾਰ ਭੀਮ ਨੇ ਕ੍ਰੀਚਕ ਨੂੰ ਲੱਤਾਂ ਤੋਂ ਘੜੀਸ ਕੇ ਬਹੁਤ ਕੁੱਟਿਆ। ਕ੍ਰੀਚਕ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ।

## ਪ੍ਰਸੰਗ ੧੦- ਫ਼ੈਸ਼ਨ ਅੱਗ ਹੈ!

**੧੫੪.** ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਹੰਸੁ ਵਰਗੇ ਸੋਹਣੇ ਬਨਣਾ ਭਾਵ ਫ਼ੈਸ਼ਨ ਲੌਂਣਾ, (ਹੇਤੁ) ਮੋਹ ਕਰਨਾ, ਲੋਭੁ ਕਰਨਾ ਜਾਂ (ਕੋਪੁ) ਕ੍ਰੋਧ ਕਰਨਾ ਚਾਰੇ ਅਗਿ ਦੀਆਂ ਨਦੀਆ ਹਨ। ਜਿਵੇਂ ਫ਼ੈਸ਼ਨ ਦੀ ਅੱਗ 'ਚ ਸੜ ਰਹੀਆਂ ਮਨਮੁਖ ਬੀਬੀਆਂ, ਰੰਗਾਂ ਰੰਗਾਂ ਦੇ ਵੀਹ ਪਰਸ, ਵੀਹ ਬਿੰਦੀਆਂ, ਸੌ ਨਵੇਂ ਸੂਟ, ਵੀਹ ਜੁੱਤੀਆਂ ਰੱਖਦੀਆਂ ਹਨ। ਫਿਰ ਭੀ ਸੱਚਾ ਨਾਮ ਜਪਣ ਜਪਾਉਂਣ ਤੋਂ ਬਿਨਾ, ਫ਼ੈਸ਼ਨ ਦੀ ਅੱਗ ਦੀ ਨਿਵਿਰਤੀ ਨਹੀਂ ਹੁੰਦੀ, ਸੜਦੀਆਂ ਬਲ਼ਦੀਆਂ ਰਹਿੰਦੀਆਂ ਹਨ ਜੀ।

**੧੫੫.** ਬਾਬਾ; ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥ ਵਾਹਿਗੁਰੂ ਮਹੱਲਾ ਪਹਿਲਾ ਸਾਹਿਬ ਜੀ ਫ਼ੈਸ਼ਨ ਦੇ ਤਿਆਗ ਦਾ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:- ਹੇ (ਬਾਬਾ) ਅਕਾਲਪੁਰਖੁ ਵਾਹਿਗੁਰੂ ਜੀ! ਗੁਰਮਤਿ ਛੱਡ ਕੇ ਹੋਰੁ ਦੁਰਮਤਿ ਦਾ ਪੈਨਣੁ, ਖੁਸੀ (ਖੁਆਰੁ) ਬਰਬਾਦ, ਬੇ-ਪਤਿ ਕਰਨ ਵਾਲਾ ਹੈ। (ਜਿਤੁ) ਜਿਸ ਦੇ (ਪੈਧੈ) ਪਹਿਨ੍ਣੇ ਕਰਕੇ, ਹੰਕਾਰ ਵਿਕਾਰ ਰੋਗ ਤਨੁ ਨੂੰ (ਪੀੜੀਐ) ਪੀੜਦੇ ਹਨ, ਮਨ (ਮਹਿ) 'ਚ ਵਿਕਾਰ (ਚਲਹਿ) ਚੱਲਦੇ ਹਨ। ਜੇਕਰ ਕਿਸੇ ਬੀਬੀ ਨੇ ਫੈਸ਼ਨ ਲਾਇਆ ਹੋਵੇ, ਕਿਸੇ ਬੰਦੇ ਨੇ ਤਾਂ ਕੀ ਦੇਖਣਾ, ਕੋਈ ਬੀਬੀ ਭੀ ਉਸ ਵੱਲ ਨਾ ਦੇਖੇ, ਕਿਉਂਕਿ ਉਸ ਦੇ ਅੰਦਰ ਭੀ ਫੈਸ਼ਨ ਲਾਉਣ ਦੀ ਇੱਛਾ ਫੁਰੇਗੀ। ਸੋ ਹੇ ਪੂਰਨ ਗੁਰੂ ਸਾਹਿਬ ਜੀ ਦੇ ਪਿਆਰੇ ਜੀ! ਇਨ੍ਹਾਂ ਤੁਕਾਂ ਦਾ ਪੰਜ ਸੌ ਵਾਰ ਰੋਜ ਅਭਿਆਸ ਕਰਕੇ ਰੋਗ, ਵਿਕਾਰ, ਮਾਇਆ ਬਰਬਾਦ ਕਰਨ ਤੋਂ ਬਚੋ ਜੀ। ਪੂਰਨ ਗੁਰੂ ਜੀ ਦਾ ਬਚਨ ਮੰਨੋ। ਹੇ ਮਹਾਰਾਜ ਜੀ! ਸੁਮੱਤ ਬਖ਼ਸ਼ੋ ਜੀ! ਫ਼ੈਸ਼ਨ ਨਾਲ ਕ੍ਰੈਕਟਰ ਡਿੱਗਦੇ,

ਤਲਾਕ ਹੁੰਦੇ, ਸ੍ਰੀਰ ਵਿਕਾਰ ਕੈਂਸਰ ਏਡਜ਼ ਅਧੀਨ ਹੋ ਕੇ ਦੁੱਖ ਭੋਗ ਕੇ ਮਰਦੇ ਹਨ। ਦੇਹ ਅਰੋਗਤਾ ਤੋਂ ਦੂਰ ਜਾ ਰਹੇ ਹਨ। ਯਥਾ:- ਸਲੋਕੁ॥ ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ, ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥੧॥

੧੫੬. ਬਿਨੁ ਪਿਰ. ਧਨ ਸੀਗਾਰੀਐ; ਜੋਬਨੁ ਬਾਦਿ ਖੁਆਰੁ॥ ਧੰਨ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਸੱਚੇ ਕੰਤ ਭਗਵੰਤ (ਪਿਰ) ਪਤੀ ਪਰਮਾਤਮਾ ਜੀ ਤੋਂ (ਬਿਨੁ) ਬਿਨਾ, ਜੇਕਰ ਜੀਵ ਰੂਪੀ (ਧਨ) ਇਸਤ੍ਰੀ, ਤਰ੍ਹਾਂ ਤਰ੍ਹਾਂ ਦੇ ਹਾਰ (ਸੀਗਾਰੀਐ) ਸ਼ਿੰਗਾਰ ਕਰੇ ਭਾਵ ਫ਼ੈਸ਼ਨ ਲਾਵੇ, ਪਰ ਸੱਚੇ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਬਿਨਾ, ਉਸ ਦਾ (ਜੋਬਨੁ) ਜੁਆਨ ਅਵਸਥਾ ਅਥਵਾ ਸ਼ੌਂਕ ਰੂਪੀ (ਜੋਬਨੁ) ਜੁਆਨ ਅਵਸਥਾ ਦਾ ਸਮਾਂ (ਬਾਦਿ) ਵਿਅਰਥ ਜਾਂਦਾ ਹੈ, ਔਗੁਣਾਂ ਵਿਕਾਰਾਂ ਏਡਜ਼ ਕਰੋਨਾ ਆਦਿ ਬਿਮਾਰੀਆਂ ਕਰਕੇ ਬਹੁਤੀ (ਖੁਆਰੁ) ਦੁਖੀ ਹੁੰਦੀ ਹੈ। ਯਥਾ:- ਕਿਤੀ ਚਖਉ ਸਾਡੜੇ; ਕਿਤੀ ਵੇਸ ਕਰੇਉ॥ ਪਿਰ ਬਿਨੁ. ਜੋਬਨੁ ਬਾਦਿ ਗਇਅਮੁ; ਵਾਢੀ ਝੂਰੇਦੀ ਝੂਰੇਉ॥੫॥ ਤਥਾ:- ਜੋਬਨ ਜਾਂਦੇ. ਨਾ ਡਰਾਂ; ਜੇ ਸਹ ਪ੍ਰੀਤਿ. ਨ ਜਾਇ॥ ਫਰੀਦਾ. ਕਿਤੰੀ ਜੋਬਨ ਪ੍ਰੀਤਿ ਬਿਨੁ; ਸੁਕਿ ਗਏ ਕੁਮਲਾਇ॥੩੪॥

੧੫੭. (ਪਹਿਰ-ਹਿ) ਮਃ ੫॥ ਵਾਉ ਸੰਦੇ ਕਪੜੇ; ਪਹਿਰਹਿ ਗਰਬਿ ਗਵਾਰ॥ ਵਾਹਿਗੁਰੂ (ਮਃ ੫) ;ਗੁਰੁ ਅਰਜੁਨੁ ਪਰਤਖ੍ਹ ਹਰਿ॥ ਜੀ ਫ਼ੁਰਮਾਉਂਦੇ ਹਨ:- (ਵਾਉ) ਹਵਾ (ਸੰਦੇ) ਦੇ ਵਰਗੇ ਬਹੁਤੇ ਬ੍ਰੀਕ ਮਲਮਲ ਦੇ ਕਪੜੇ, ਜਿਨ੍ਹਾਂ ’ਚ ਹਵਾ ਲੰਘ ਕੇ ਸ੍ਰੀਰ ਨੂੰ ਲੱਗੇ, ਤੇ ਸ੍ਰੀਰ ਦਿਸੇ। ਜਿਵੇਂ ਫ਼ੈਸ਼ਨ ਕਰਨ ਵਾਲੀਆਂ ਬੀਬੀਆਂ ਬ੍ਰੀਕ ਤੋਂ ਬ੍ਰੀਕ ਚੁੰਨੀਆਂ ਲੈਂਦੀਆਂ, ਜਿਨ੍ਹਾਂ ’ਚੋਂ ਸਿਰ ਦਿਸਦਾ ਹੈ। (ਗਵਾਰ) ਬੇਸਮਝ ਮੂਰਖ ਮਨਮੁਖ ਐਸੇ ਵਿਕਾਰੀ ਬੇ-ਪਤਿ ਕਰਨ ਵਾਲੇ ਕਪੜੇ (ਪਹਿਰਹਿ) ਪਹਿਨਦੇ ਹਨ, ਤੇ (ਗਰਬਿ) ਹੰਕਾਰ ਕਰਦੇ ਹਨ। ਕਿ ਸਾਡੇ ਜੈਸਾ ਕੋਈ ਸੁੰਦਰ ਨਹੀਂ, ਸਾਡੇ ਕਪੜੇ ਬਹੁਤ ਸੋਹਣੇ ਹਨ।

ਨਾਨਕ. ਨਾਲਿ ਨ ਚਲਨੀ; ਜਲਿ ਬਲਿ ਹੋਏ ਛਾਰੁ॥੨॥ (ਨਾਨਕ) ਵਾਹਿਗੁਰੂ ਮਹੱਲਾ ਪੰਜਵਾਂ ਜੀ ਫ਼ੁਰਮਾਉਂਦੇ ਹਨ:- ਐਸੇ ਵਿਕਾਰ ਉਤਪੰਨ ਕਰਨ ਵਾਲੇ ਪਤਲੇ ਕਪੜੇ ਜੀਵ ਦੇ ਨਾਲਿ ਪ੍ਰਲੋਕ ’ਚ (ਨ) ਨਹੀਂ (ਚਲਨੀ) ਜਾਂਦੇ। ਸਗੋਂ ਜਲਿ ਬਲਿ ਕੇ (ਛਾਰੁ) ਸੁਆਹ ਹੋਏ ਜਾਂਦੇ ਹਨ। ਅਥਵਾ ਵਿਕਾਰਾਂ ਅਉਗੁਣਾਂ ’ਚ ਜਲਿ ਬਲਿ ਕੇ ਮਨਮੁਖ (ਛਾਰੁ) ਸੁਆਹ ਹੋਏ ਜਾਂਦੇ ਹਨ॥੨॥

੧੫੮. ਪਿਰ ਬਿਨੁ; ਕਿਆ ਤਿਸੁ ਧਨ ਸੀਗਾਰਾ॥ (ਪਿਰ) ਪਤੀ ਜੀ ਤੋਂ (ਬਿਨੁ) ਬਿਨਾ ਤਿਸੁ (ਧਨ) ਇਸਤ੍ਰੀ ਦੇ ਕੀਤੇ (ਸੀਗਾਰਾ) ਸ਼ਿੰਗਾਰ (ਕਿਆ) ਕੀ ਹਨ? ਭਾਵ ਸਭ ਵਿਅਰਥ ਹਨ। ਯਥਾ:- ਬਿਨੁ ਪਿਰ. ਧਨ ਸੀਗਾਰੀਐ; ਜੋਬਨੁ ਬਾਦਿ ਖੁਆਰੁ॥ ਤਥਾ:- ਕੁਆਰ ਕੰਨਿਆ; ਜੈਸੇ ਕਰਤ ਸੀਗਾਰਾ॥ ਕਿਉ ਰਲੀਆ ਮਾਨੈ; ਬਾਝੁ ਭਤਾਰਾ॥੩॥

ਪਰ ਪਿਰ ਰਾਤੀ; ਖਸਮੁ ਵਿਸਾਰਾ॥ (ਪਰ) ਪਰਾਏ (ਪਿਰ) ਪਤੀ ਨਾਲ (ਰਾਤੀ) ਰੱਤੀ ਰੰਗੀ ਹੋਈ ਅਪਣੇ (ਖਸਮੁ) ਪਤੀ ਜੀ ਨੂੰ (ਵਿਸਾਰਾ) ਭੁਲਾ ਦਿਤਾ। ਤਿਵੇਂ ਮਨਮੁਖ ਸੱਚੇ ਕੰਤ ਸੱਚੇ ਭਗਵੰਤ ਖਸਮੁ ਵਾਹਿਗੁਰੂ ਜੀ ਨੂੰ ਛੱਡ ਕੇ, ਦੇਵੀ ਦੇਵਤੇ, ਮੜੀ ਮਸਾਣ ’ਚ ਭਟਕਦਾ ਹੈ।

ਜਿਉ ਬੇਸੁਆ ਪੂਤ. ਬਾਪੁ, ਕੋ ਕਹੀਐ; ਤਿਉ ਫੋਕਟ ਕਾਰ ਵਿਕਾਰਾ ਹੇ॥੫॥ (ਜਿਉ) ਜਿਵੇਂ ਬੇਸੁਆ ਦੇ (ਪੂਤ) ਪੁੱਤ੍ਰ ਦਾ (ਬਾਪੁ) ਪਿਤਾ (ਕੋ) ਕੌਣ (ਕਹੀਐ) ਕਹੀਏ? ਭਾਵ ਉਸ ਦਾ ਪਿਤਾ ਨਹੀਂ ਹੁੰਦਾ। ਯਥਾ:- ਬਿਨੁ ਸਿਮਰਨ; ਭਏ

ਕੂਕਰ ਕਾਮ॥ ਸਾਕਤ. ਬੇਸੁਆ ਪੂਤ; ਨਿਨਾਮ॥੩॥ (ਤਿਉ) ਤਿਵੇਂ (ਫੋਕਟ) ਵਿਅਰਥ (ਕਾਰ) ਕੰਮ ਕਰਦਾ (ਵਿਕਾਰਾ) ਵਿਕਾਰ 'ਚ ਲੱਗਾ ਰਹਿੰਦਾ (ਹੇ) ਹੈ॥੫॥ ਯਥਾ:- ਸਦਾ ਭੂਖੀ; ਪਿਰੁ ਜਾਨੈ ਦੂਰਿ॥੧॥) ਪਿਰ ਬਿਨੁ. ਜੋਬਨੁ ਬਾਦਿ ਗਇਅਮੁ; ਵਾਢੀ ਝੂਰੇਦੀ ਝੂਰੇਉ॥੫॥) ਪਿਰ ਸੰਗਿ ਮੂਠੜੀਏ; ਖਬਰਿ. ਨ ਪਾਈਆ ਜੀਉ॥ ਮਸਤਕਿ ਲਿਖਿਅੜਾ ਲੇਖੁ; ਪੁਰਬਿ ਕਮਾਇਆ ਜੀਉ॥

੧੫੯. ਅਨਿਕ ਬਸਤ੍ਰ; ਸੁੰਦਰ ਪਹਿਰਾਇਆ॥ ਮਨਮੁਖ ਨਾਮ ਹੀਣ ਨੇ (ਅਨਿਕ) ਅਨੇਕ ਪ੍ਰਕਾਰ ਦੇ ਸੁੰਦਰ ਤੋਂ ਸੁੰਦਰ ਬਸਤ੍ਰ ਅਪਣੇ ਨਾਸਵੰਤ ਸ੍ਰੀਰ 'ਤੇ (ਪਹਿਰਾਇਆ) ਪਹਿਨੇ।

ਜਿਉ ਡਰਨਾ; ਖੇਤ ਮਾਹਿ ਡਰਾਇਆ॥੨॥ ਉਨ੍ਹਾਂ ਦਾ ਹਾਲ ਇਉਂ ਹੈ, (ਜਿਉ) ਜਿਵੇਂ ਖੇਤ (ਮਹਿ) 'ਚ ਕਾਂਵਾਂ ਆਦਿ ਪਸ਼ੂਆਂ ਪੰਛੀਆਂ ਨੂੰ (ਡਰਾਇਆ) ਡਰਾਉਣ ਲਈ ਇੱਕ ਬਨਾਉਟੀ (ਡਰਨਾ) ਡਰਾਉਣਾ, ਮਨੁੱਖ ਦਾ ਢਾਂਚਾ ਬਣਾ ਕੇ ਖੜ੍ਹਾ ਕਰ ਦਿੰਦੇ ਹਨ। ਭਾਵ ਸੇਵਾ ਸਿਮਰਨ, ਵਾਹਿਗੁਰੂ ਜੀ ਦੀ ਪ੍ਰੀਤੀ ਬਿਨਾ ਜੀਵ ਮ੍ਰਿਤਕ ਹੈ, ਭਾਵੇਂ ਜਿੰਨਾ ਭੀ ਹਾਰ ਸ਼ਿੰਗਾਰ ਕਰ ਲਵੇ॥੨॥ ਯਥਾ:- ਕਿਉ ਜੀਵਨੁ; ਪ੍ਰੀਤਮ ਬਿਨੁ. ਮਾਈ॥ ਜਾ ਕੇ ਬਿਛੁਰਤ ਹੋਤ ਮਿਰਤਕਾ; ਗ੍ਰਿਹ ਮਹਿ ਰਹਨੁ. ਨ ਪਾਈ॥੧॥ਰਹਾਉ॥) ਨਾਮ ਬਿਨਾ; ਜੇਤਾ ਬਿਉਹਾਰੁ॥ ਜਿਉ ਮਿਰਤਕ; ਮਿਥਿਆ ਸੀਗਾਰੁ॥੨॥) ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ, ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥੧॥ ਦਸ ਸਤਿਗੁਰੂ ਸਾਹਿਬਾਨ ਜੀ ਦੇ ਸਨਮੁਖ, ਆਗਿਆਕਾਰੀ ਵਾਈਫ਼ ਬਨਣ ਦੀ ਅਰਦਾਸ ਕਰੋ ਜੀ। ਜੁੱਗੋ ਜੁੱਗ ਅਟੱਲ ਪੂਰਨ ਸਤਿਗੁਰੂ ਸਾਹਿਬਾਨ ਜੀ ਦੀ ਆਗਿਆਕਾਰੀ ਗੁਰਮੁਖਿ ਵਾਈਫ਼ ਬਣ ਕੇ, ਗੁਰੂ ਸੇਵਾ, ਪ੍ਰੇਮਾ ਭਗਤੀ, ਗੁਰਬਾਣੀ ਦੀ ਸ਼ੁੱਧ ਸੰਥਿਆ ਕਰੋ ਕਰਾਉ, ਅੰਮ੍ਰਿਤ ਕੀਰਤਨ ਸਿੱਖੋ ਸਿੱਖਾਉ, ਅੰਮ੍ਰਿਤ ਗੁਰਬਾਣੀ ਜੀ ਗਾਵੋ ਗਾਵਾਉ ਜੀ। ਅਪਣੇ ਧਿਆਨ ਨਾਲ ਅਪਣਾ ਮੱਥਾ ਜੁੱਗੋ ਜੁੱਗ ਅਟੱਲ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ 'ਤੇ ਰੱਖੋ ਜੀ। ਗੁਰਮਤਿ ਅਨੁਸਾਰ ਖਾਣਾ ਪੀਣਾ ਪਹਿਨਣਾ, ਸਤਿਗੁਰੂ ਸਾਹਿਬ ਜੀ ਨੂੰ ਨਮਸਕਾਰਾਂ ਕਰਨੀਆਂ, ਨਾਮ ਜਪਣਾ। ਇਹ ਅੰਗ ਅੰਗ ਨੂੰ ਸ੍ਰਬ ਵਿਆਪੀ ਮਹਾਂ ਵਿਸਮਾਦ ਸੁਖ ਅਨੰਦ ਦੇਣ ਵਾਲਾ ਹੈ ਜੀ। ਯਥਾ:- ਅੰਗ ਅੰਗ ਸੁਖਦਾਈ. ਪੂਰਨ ਬ੍ਰਹਮਾਈ; ਥਾਨ ਥਾਨੰਤਰ ਦੇਸਾ॥

੧੬੦. ਲੱਖ- ਲਖ ਟਕਿਆ ਕੇ ਮੁੰਦੜੇ; ਲਖ ਟਕਿਆ ਕੇ ਹਾਰ॥ ਪਾਈ-ਅਹਿ- ਜਿਤੁ ਤਨਿ ਪਾਈਅਹਿ ਨਾਨਕਾ; ਸੇ ਤਨ ਹੋਵਹਿ ਛਾਰ॥ (ਨਾਨਕਾ) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ, ਹਾਰ ਸ਼ਿੰਗਾਰ ਦੇ ਤਿਆਗ ਦਾ ਉਪਦੇਸ਼ ਫ਼ੁਰਮਾਉਂਦੇ ਹਨ:- ਲਖ (ਟਕਿਆ) ਰੁਪਇਆਂ (ਕੇ) ਦੀਆਂ (ਮੁੰਦੜੇ) ਮੁੰਦਰਾਂ, ਲਖ (ਟਕਿਆ) ਰੁਪਇਆਂ (ਕੇ) ਦੇ ਹੀਰੇ ਜਵਾਹਰਾਤ ਸੋਨੇ ਆਦਿ ਦੇ ਹਾਰ, (ਜਿਤੁ) ਜਿਸ (ਤਨਿ) ਸ੍ਰੀਰ 'ਤੇ (ਪਾਈਅਹਿ) ਪਾਈਏ (ਸੇ) ਉਹ (ਤਨ) ਸ੍ਰੀਰ (ਛਾਰ) ਸੁਆਹ (ਹੋਵਹਿ) ਹੋ ਜਾਂਦਾ ਹੈ। ਗੁਰਪ੍ਰਸਾਦਿ ਦਾਸਨਦਾਸ ਸਤਸੰਗਤ ਜੀ ਦਾ ਕੀੜਾ, ਸਾਧੂ ਦੇ ਦਰਸ਼ਨ ਕਰਨ ਗਿਆ ਉਸ ਨੂੰ ਕਿਹਾ, "ਦਾਸ ਨੇ ਆਪ ਜੀ ਨੂੰ ਸੁਖਮਨੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਸੁਣਾਉਣਾ ਹੈ।" ਪਾਠ ਸੁਣਾਉਂਦਿਆਂ, ਉਸ ਦੇ ਕੱਛੇ ਵੱਲ ਝਾਕਿਆ, ਉਸ ਦਾ ਸ਼ਰਲਾ ਮਾਰਣ ਵਾਲਾ ਅੰਗ ਦਿਸਦਾ ਸੀ। ਉਹ ਹਿੰਦੂਆਂ ਕੋਲ਼ ਜਾ ਕੇ ਕੇਸ ਪਿੱਛੇ ਨੂੰ ਲਮਕਾ ਦਿੰਦਾ, ਸਿੱਖਾਂ ਕੋਲ਼ ਜਾ ਕੇ ਦਸਤਾਰ ਬੰਨ੍ਹ ਲੈਂਦਾ ਸੀ। ਸਰਬੰਸ ਦਾਨੀ ਸੱਚੇ ਕੰਤ ਸੱਚੇ ਭਗਵੰਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਛੈਹਿਰਾ ਬਖ਼ਸ਼ ਕੇ ਨੰਗ ਢਕਿਆ ਹੈ ਜੀ।

੧੬੧. ਪੈਨ੍ਹਣਾ- ਪੈਨਣਾ ਰਖੁ ਪਤਿ ਪਰਮੇਸੁਰ; ਫਿਰਿ ਨਾਗੇ. ਨਹੀ ਥੀਵਨਾ॥੩॥ ਕਈ ਮਨਮੁਖ ਚਮਕੀਲੇ ਭੜਕੀਲੇ ਕਪੜੇ, ਧੋਤੀ ਖਫ਼ਣੀ ਆਦਿ ਪਹਿਣਦੇ ਹਨ। ਹੇ ਸਤਸੰਗੀ, ਭਜਨਾਨੰਦੀ, ਮਨ ਭਾਵੰਦੀ ਗੁਰਸਿੱਖੋ! ਆਪ ਜੀ ਨੇ

ਪੈਨਣੁ. ਗੁਣ ਚੰਗਿਆਈਆ ਭਾਈ; ਆਪਣੀ ਪਤਿ ਕੇ ਸਾਦ ਆਪੇ ਖਾਇ॥ ਅਨੁਸਾਰ ਗੁਣ ਚੰਗਿਆਈਆਂ ਦਾ ਕੱਪੜਾ ਅਥਵਾ ਹਰਿ ਨਾਮੁ ਹਮਾਰਾ ਪੈਨਣੁ; ਜਿਤੁ ਫਿਰਿ ਨੰਗੇ. ਨ ਹੋਵਹ; ਹੋਰ ਪੈਨਣ ਕੀ. ਹਮਾਰੀ ਸਰਧ ਗਈ॥ ਅਨੁਸਾਰ ਸੱਚੇ ਨਾਮ ਦਾ ਨਾਮੈ ਖਿੰਥਾ; ਨਾਮੈ ਬਸਤਰੁ॥ ਕੱਪੜਾ ਅਥਵਾ ਸਿਫਤਿ ਸਰਮ ਕਾ ਕਪੜਾ ਮਾਂਗਉ; ਹਰਿ ਗੁਣ ਨਾਨਕ ਰਵਤੁ ਰਹੈ॥੪॥੭॥ ਅਨੁਸਾਰ ਵਾਹਿਗੁਰੂ ਜੀ ਦੀ ਉਸਤਤੀ ਅਤੇ ਲੱਜਾ ਰੂਪ ਕੱਪੜਾ ਪੈਨਣਾ ਹੈ, ਜਿਸ ਕਰਕੇ ਪਰਮੇਸੁਰ ਵਾਹਿਗੁਰੂ ਜੀ ਆਪ ਜੀ ਦੀ (ਪਤਿ) ਇੱਜ਼ਤ ਲੋਕ ਪ੍ਰਲੋਕ 'ਚ ਰਖੁ ਲੈਣਗੇ ਜੀ। (ਫਿਰਿ) ਮੁੜ ਕੇ ਔਗੁਣਾਂ ਵਿਕਾਰਾਂ ਤੋਂ ਬੇਪਤ ਹੋਣ ਰੂਪ (ਨਾਗੇ) ਨੰਗੇ ਨਹੀ (ਥੀਵਨਾ) ਹੋਈਦਾ॥੩॥ ਯਥਾ:- ਸਲੋਕੁ॥ ਪਤਿ ਰਾਖੀ ਗੁਰਿ ਪਾਰਬ੍ਰਹਮ; ਤਜਿ ਪਰਪੰਚ ਮੋਹ ਬਿਕਾਰ॥ ਨਾਨਕ. ਸੋਊ ਆਰਾਧੀਐ; ਅੰਤੁ ਨ ਪਾਰਾਵਾਰੁ॥੧॥ ਜੇ ਚੰਗਾ ਇਖ਼ਲਾਕ ਨਹੀਂ ਹੈ, ਤਾਂ ਲੋਕ ਪ੍ਰਲੋਕ 'ਚ ਔਗੁਣ ਦੋਸ਼ ਗੁਨਾਹ ਨੰਗੇ ਕਰਦੇ ਹਨ। ਯਥਾ:- ਨੰਗਾ. ਦੋਜਕਿ ਚਾਲਿਆ; ਤਾ. ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥੧੪॥

੧੬੨. ਕੁਆਰ ਕੰਨਿਆ; ਜੈਸੇ ਕਰਤ ਸੀਗਾਰਾ॥ (ਜੈਸੇ) ਜਿਵੇਂ ਕੁਆਰ (ਕੰਨਿਆ) ਇਸਤ੍ਰੀ ਅਨੇਕ (ਸੀਗਾਰਾ) ਸ਼ਿੰਗਾਰ (ਕਰਤ) ਕਰਦੀ ਹੈ, ਪਰ:-

ਕਿਉ ਰਲੀਆ ਮਾਨੈ; ਬਾਝੁ ਭਤਾਰਾ॥੩॥ (ਭਤਾਰਾ) ਪਤੀ ਅਥਵਾ ਪਤੀ ਪਰਮੇਸੁਰ ਵਾਹਿਗੁਰੂ ਜੀ ਤੋਂ (ਬਾਝੁ) ਬਿਨਾ ਕਿਉ ਸੁਹਾਗ ਦਾ (ਰਲੀਆ) ਅਨੰਦ (ਮਾਨੈ) ਮਾਣੇ ਜੀ?॥੩॥

ਸ਼ੁਭ ਵੀਚਾਰ:- ਪਤੀ ਜੀ ਦੀ ਪ੍ਰਾਪਤੀ ਤੋਂ ਬਿਨਾ, ਜੁਆਨ ਬੀਬੀ ਜਿਤਨੇ ਸ਼ਿੰਗਾਰ ਕਰਦੀ ਹੈ, ਉਹ ਸਭ ਵਿਅਰਥ ਹਨ। ਉਹ ਸ਼ਿੰਗਾਰ ਸਾਰੇ ਵਿਕਾਰ ਪੈਦਾ ਕਰਦੇ, ਇਖ਼ਲਾਕ ਦੇ ਵਿੱਚ ਗਿਰਾਵਟ ਦੇ ਕਾਰਨ ਬਣਦੇ ਹਨ। ਵਿਕਾਰ ਫ਼ੈਸ਼ਨ ਸ਼ਿੰਗਾਰ ਤਿਆਗੋ, ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਕੇ ਅਨੰਦ ਮਾਣੋ ਜੀ। ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਸਤਿਗੁਰੂ ਸਾਹਿਬਾਨ ਜੀ ਅਪਣੇ ਬੱਚੇ ਬੱਚੀਆਂ ਨੂੰ ਸਵਾਰਨ ਲਈ, ਸਾਂਝਾ ਉਪਦੇਸ਼ ਬਖ਼ਸ਼ ਰਹੇ ਹਨ, ਭਾਵ ਬੱਚੇ ਭੀ ਸ਼ਿੰਗਾਰ ਫ਼ੈਸ਼ਨ ਤਿਆਗਣ, ਸਾਦੇ ਗੁਰਮੁਖੀ ਕੱਪੜੇ ਪਹਿਨਣ ਜੀ।

੧੬੩. ਸਾਹੜੀ ਪਾਉਣੀ ਗੁਰਮੁਤਿ ਦੇ ਉਲਟ ਹੈ:- ਸਾਹੜੀ ਦਾ ਤਿਆਗ ਕਰਕੇ ਸਤਿਗੁਰੂ ਸਾਹਿਬ ਜੀ ਦਾ ਬਖ਼ਸ਼ਿਆ ਬਾਣਾ ਪਾਉ ਜੀ। ਸੇਵਾ ਦੇ ਸੂਰਜ, ਪਰਉਪਕਾਰੀ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਭਗਤ ਪੂਰਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਅਮੋਲਕ ਬਚਨ:- ਸਿੱਖੀ ਧਰਮੀ ਪਹਿਰਾਵਾ ਛੱਡ ਕੇ ਮਨਮੁਖਾਂ ਦੀ ਨਕਲ ਕਰਨੀ ਬਜਰ ਕੁਰਹਿਤ ਹੈ। ਮਨਮੁਖ ਬੀਬੀਆਂ ਤੇ ਬੰਦੇ ਦੁਰਮਤ ਦਾ ਪਹਿਰਾਵਾ ਕਰਦੇ ਹਨ। ਸਾਹੜੀ ਪਾਉਣੀ, ਨੰਗੇ ਸਿਰ ਪਵਿੱਤਰ ਕੇਸਾਂ ਦਾ ਦਿਖਾਵਾ ਕਰਦਿਆਂ ਬਾਜ਼ਾਰਾਂ, ਮਨਮੁਖ ਮੇਲਿਆਂ, ਗੁਰਦਵਾਰਿਆਂ ਵਿਚ ਭੀ ਘੁੰਮਣਾ ਮਨਮੁਖਾਂ ਦਾ ਨਿੱਤ ਦਾ ਵਿਹਾਰ ਬਣ ਗਿਆ ਹੈ। ਉਨ੍ਹਾਂ ਦਾ ਅਜਿਹਾ ਕਰਮ ਸਿੱਖੀ ਤੋਂ ਉਲਟ ਹੈ। ਪਰ ਨਾਰੀ ਜਾਂ ਪਰ ਪੁਰਖ ਦਾ ਕੁਸੰਗ, ਬਜਰ ਕੁਰਹਿਤ ਹੈ। ਉਨ੍ਹਾਂ ਨੇ ਇਹ ਭੀ ਕਦੇ ਨਹੀਂ ਸੋਚਿਆ ਹੋਣਾ ਕਿ ਉਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਅਤੇ ਹੋਰਨਾਂ ਮਜ਼ਹਬਾਂ ਦੀਆਂ ਬੀਬੀਆਂ ਵਾਲਾ ਪਹਿਰਾਵਾ, ਆਉਣ ਵਾਲੀਆਂ ਨਸਲਾਂ ਉਪਰ ਭੈੜਾ ਅਸਰ ਪਾਵੇਗਾ। ਅਤੇ ਜਿਨ੍ਹਾਂ ਬੱਚਿਆਂ ਦੀਆਂ ਉਨ੍ਹਾਂ ਨੇ ਮਾਵਾਂ ਬਨਣਾ ਹੈ ਉਨ੍ਹਾਂ ਦਾ ਪਿਆਰੀ ਸਿੱਖੀ ਨਾਲ ਪਿਆਰ ਨਹੀਂ ਹੋਵੇਗਾ।

**੧੬੪. ਗੁਰਮੁਖੀ ਬਾਣੇ ਦੀ ਮਹਾਨ ਮਹਾਨਤਾ:-** ਗੁਰਮੁਖਿ ਬੀਬੀ ਗੁਰੂ ਮਰਯਾਦਾ ’ਚ ਪੱਕੀ, ਨਿਤਨੇਮੀ, ਨਾਮ ਸਿਮਰਨ ’ਚ ਰੰਗੀ, ਸਾਦਾ ਖ਼ਾਲਸਾ ਬਾਣਾ, ਗਾਤਰੇ ’ਚ ਸਾਢੇ ਤਿੰਨ ਫੁੱਟ ਕ੍ਰਿਪਾਨ ਅਤੇ ਸਿਰ ’ਤੇ ਦਸਤਾਰ ਸਜਾਉਂਦੀ ਹੋਵੇ। ਯਥਾ:- ਬੀਰਾ; ਆਪਨ ਬੁਰਾ ਮਿਟਾਵੈ॥ ਤਾਹੂ; ਬੁਰਾ ਨਿਕਟਿ ਨਹੀ ਆਵੈ॥ ਐਸੇ ਗੁਰਮੁਖਿ ਸਿੰਘ ਸਿੰਘਣੀਆਂ ਨੂੰ ਦੇਖ ਕੇ ਹਰ ਬੰਦੇ ’ਤੇ ਚੰਗਾ ਅਸਰ ਪੈਂਦਾ ਹੈ। ਕਿ ਅਸੀਂ ਭੀ ਚੰਗੇ ਗੁਰਮੁਖਿ ਬਣੀਏ। ਉਨ੍ਹਾਂ ਦੇ ਦਿਲ ’ਚ ਅਕਾਲਪੁਰਖੁ ਜੀ ਦਾ ਭੈ ਆਉਂਦਾ ਅਤੇ ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ ਜੀ।

ਇੱਕ ਗੁਰਮੁਖਿ ਬੀਬੀ ਨੇ ਅਪਣੀ ਹੱਡ ਬੀਤੀ ਦੱਸੀ “ਮੈਂ ਗਾਤਰੇ ਵਾਲੀ ਕ੍ਰਿਪਾਨ ਪਹਿਨ ਕੇ, ਸਿਰ ’ਤੇ ਦਸਤਾਰ ਸਜਾ ਕੇ ਖ਼ਾਲਸਾ ਕਾਲਜ ਪੜ੍ਹਦੀ ਸੀ। ਜਦ ਮੈਂ ਕਾਲਸ ਤੋਂ ਬਾਹਰ ਨਿਕਲਦੀ ਸੀ, ਮੈਨੂੰ ਕੋਈ ਮੁੰਡਾ ਨਹੀਂ ਸੀ ਛੇੜਦਾ, ਸਗੋਂ ਰਸਤਾ ਛੱਡ ਦਿੰਦੇ ਸਨ। ਜਿਹੜੀਆਂ ਬੀਬੀਆਂ ਕ੍ਰਿਪਾਨ ਦਸਤਾਰ ਨਹੀਂ ਪਹਿਨਦੀਆਂ ਸਨ, ਉਨ੍ਹਾਂ ਨੂੰ ਮੁੰਡੇ ਛੇੜਦੇ ਸਨ। ਮੁੰਡਿਆਂ ਤੋਂ ਬਚਨ ਲਈ, ਕਾਲਜ ਨੂੰ ਆਉਂਦਿਆਂ ਜਾਂਦਿਆਂ ਉਹ ਬੀਬੀਆਂ ਮੇਰੇ ਪਿੱਛੇ ਤੁਰਦੀਆਂ ਸਨ।

ਬੀਬੀ ਸ਼ਸ਼ੀਲ ਕੌਰ ਜੀ ਨੇ ਬਾਈ ਸਾਲ ਦੀ ਉਮਰ ’ਚ ਗਾਤਰੇ ਵਾਲੀ ਕ੍ਰਿਪਾਨ ਪਹਿਨ ਕੇ ਸਿਰ ’ਤੇ ਦਸਤਾਰ ਸਜਾਉਣੀ ਸ਼ੁਰੂ ਕੀਤੀ। ਉਸ ਨੇ ਅਪਣਾ ਤਜ਼ਰਬਾ ਲਿਖਿਆ ਕਿ “ਬਾਈ ਸਾਲ ਤੋਂ ਹੁਣ ਬਾਹਠ ਸਾਲ ਤੱਕ, ਮੈਂ ਕਿਸੇ ਭੀ ਬੰਦੇ ਨੂੰ ਅਪਣੇ ਵੱਲ ਮਾੜੀ ਨਿਗ੍ਹਾ ਨਾਲ ਝਾਕਦਾ ਨਹੀਂ ਦੇਖਿਆ।

ਪਰਉਪਕਾਰ ਸੇਵਾ ਸਿਮਰਨ, ਗੁਰਸਿੱਖੀ ਕਮਾਉਂਦਿਆਂ, ਮਨਮੁਖਾਂ ਦੀਆਂ ਵਿਕਾਰੀ ਗੱਲਾਂ ਨਹੀਂ ਸੁਨਣੀਆਂ। ਯਥਾ:- ਸਾਕਤ ਕਾ ਬਕਨਾ ਇਉ ਜਾਨਉ; ਜੈਸੇ ਪਵਨੁ ਝੁਲਾਈ॥੩॥ ਸਤਿਗੁਰੂ ਸਾਹਿਬ ਜੀ ’ਤੇ ਨਿਸਚਾ ਅਭੰਗ ਰੱਖਣਾ, ਸੱਚ ਦੇ ਗੁਰਮੁਖਿ ਮਾਰਗ ਤੋਂ ਡੋਲਣਾ ਨਹੀਂ, ਅਰਦਾਸ ਕਰਨੀ ਜੀ। ਯਥਾ:- ਡੰਡਉਤਿ ਬੰਦਨ ਅਨਿਕ ਬਾਰ; ਸਰਬ ਕਲਾ ਸਮਰਥ॥ ਡੋਲਨ ਤੇ. ਰਾਖਹੁ ਪ੍ਰਭੂ; ਨਾਨਕ. ਦੇ ਕਰਿ ਹਥ॥੧॥ ਗੁਰਮੁਖਿ ਬੀਬੀਆਂ ਮਾਤਾ ਸਾਹਿਬਦੇਵ ਕੌਰ ਜੀ, ਮਾਤਾ ਭਾਗ ਕੌਰ ਜੀ, ਬੀਬੀ ਸ਼ਰਨ ਕੌਰ ਜੀ ਆਦਿ ਗੁਰਮੁਖਿ ਬ੍ਰਹਮਗਿਆਨਣਾਂ ਦੀਆਂ ਗੋਲੀਆਂ ਬਣ ਕੇ, ਅਕਾਲਪੁਰਖੁ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦਾ ਭੈ ਧਾਰ ਕੇ ਸੰਸਾਰ ਤੋਂ ਨਿੱਡਰ ਹੋ ਕੇ ਸਿਰ ’ਤੇ ਦਸਤਾਰ, ਤੇ ਕਿਰਪਾਨ ਸਜਾਉਣ ਜੀ। ਜੇ ਮਨਮੁਖ ਸਤਿਗੁਰੂ ਸਾਹਿਬ ਜੀ ਦੇ ਬਖ਼ਸ਼ੇ ਸਰੂਪ ’ਤੇ ਤਰਕਾਂ ਮਾਰੇ, ਮਸਕਰੀ ਕਰੇ, ਤਾਂ ਗੁਰਮੁਖਿ ਬੀਬੀਆਂ ਉਨ੍ਹਾਂ ਤਰਕਾਂ ਨੂੰ ਸਹਾਰਨ ਰੂਪ ਸ਼ਹੀਦੀ ਪਾਉਣ ਜੀ। ਉਨ੍ਹਾਂ ਮਨਮੁਖਾਂ ਕਰਕੇ ਸਤਿਗੁਰੂ ਸਾਹਿਬ ਜੀ ਤੋਂ ਬੇਮੁਖ ਨਾ ਹੋਣ ਜੀ। ਅਨਿਕ ਬਾਰ ਨਮਸਕਾਰ। ਯਥਾ:- ਕੋਈ ਭਲਾ ਕਹਉ ਭਾਵੈ ਬੁਰਾ ਕਹਉ; ਹਮ ਤਨੁ ਦੀਓ ਹੈ ਢਾਰਿ॥੧॥ ) ਸਾਚਿ ਨਾਮਿ; ਮੇਰਾ ਮਨੁ ਲਾਗਾ॥ ਲੋਗਨ ਸਿਉ; ਮੇਰਾ ਠਾਠਾ ਬਾਗਾ॥੧॥ ਬਾਹਰਿ ਸੂਤੁ; ਸਗਲ ਸਿਉ ਮਉਲਾ॥ ਅਲਿਪਤੁ ਰਹਉ; ਜੈਸੇ ਜਲ ਮਹਿ ਕਉਲਾ॥੧॥ਰਹਾਉ॥ ਮੁਖ ਕੀ ਬਾਤ; ਸਗਲ ਸਿਉ ਕਰਤਾ॥ ਜੀਅ ਸੰਗਿ; ਪ੍ਰਭੁ ਅਪੁਨਾ ਧਰਤਾ॥੨॥ ਗੁਰਮੁਖੀ ਬਾਣੇ ਦੇ ਧਾਰਨੀ, ਨਾਮ ਬਾਣੀ ਦੇ ਨਿਤਨੇਮੀ ਗੁਰਮੁਖਿ ਬੀਬੀਆਂ ਦਾ ਸਰੂਪ ਸੰਤ ਸਿਪਾਹੀਆਂ ਵਾਲਾ ਹੁੰਦਾ, ਜਿਨ੍ਹਾਂ ਦੇ ਦਰਸਨ ਕਰਨ ਨਾਲ ਅਕਾਲਪੁਰਖੁ ਜੀ ਦੇ ਦਰਸਨ ਪ੍ਰਾਪਤ ਹੁੰਦੇ ਹਨ ਜੀ। ਯਥਾ:- ਖ਼ਾਲਸਾ ਮੇਰੋ; ਰੂਪ ਹੈ ਖ਼ਾਸ॥ ਖ਼ਾਲਸੇ ਮਹਿ; ਹੌ ਕਰੌ ਨਿਵਾਸ॥

**੧੬੫. ਨੰਗੇ ਸਿਰ ਕਦੇ ਭੀ ਨਹੀਂ ਰਹਿਣਾ, ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਮੋਲਕ ਹੁਕਮ ਮੰਨ ਕੇ ਖ਼ੁਸ਼ੀਆਂ ਪ੍ਰਾਪਤ ਕਰੋ ਜੀ:-**

• ਦੋਹਰਾ॥ ਨਗਨ ਹੋਇ, ਜਲ ਮੱਜਨ ਕਰੈ। ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ। ਨਗਨ ਪ੍ਰਸ਼ਾਦਿ ਜੋ ਬਾਂਟਈ, ਤਨਖਾਹੀ ਬੱਡਾ ਕਹਾਇ॥੨੪॥ (ਉਤਰ ਪ੍ਰਸ਼ਨ ਭਾਈ ਨੰਦ ਲਾਲ ਸਿੰਘ ਜੀ)

• ਨੰਗੇ ਸੀਸ ਪ੍ਰਸ਼ਾਦ ਨਾ ਛਕੋ। (ਬਜੈ ਮੁਕਤ ਧਰਮ ਸ਼ਾਸਤ੍ਰ-ਸਾਖੀ ੭੦)

• ਜੋ ਸੀਸ ਕੇਸ ਨਾਂਗ ਰਹੈ ਤੇ ਉਸ ਕੇ ਸਵਾ ਰੁਪਿਆ ਤਨਖਾਹ ਹੈ। (ਧਰਮ ਸੁਮਾਰਗ ਪਾਤਿਸਾਹੀ ੧੦ ਜੀ- ਉਤਰ ਪ੍ਰਸ਼ਨ ਭਾਈ ਦਇਆ ਸਿੰਘ ਜੀ)

ਜਿਹੜੇ ਮਰਦ ਜਾਂ ਬੀਬੀਆਂ ਫ਼ੈਸ਼ਣ ਦੇ ਨਾਮ 'ਤੇ ਕੇਸ ਕਤਲ ਕਰਦੇ, ਨੰਗੇ ਸਿਰ ਰਹਿੰਦੇ, ਦੋ ਗੁੱਤਾਂ ਆਦਿ hair styles ਕਰਦੇ ਹਨ, ਇਹ ਗੱਲ ਗੁਰਮੁਖਿ ਗੁਰਸਿੱਖਾਂ ਲਈ ਸੋਭਨੀਕ ਨਹੀਂ ਹੈ। ਜਦੋਂ ਪਤੀ ਮਰ ਜਾਵੇ, ਤਾਂ ਕਹਿੰਦੇ ਸਿਰ ਨੰਗਾ ਹੋ ਗਿਆ, ਪਰ ਅੱਜ ਕੱਲ ਪਤੀ ਦੇ ਹੁੰਦਿਆਂ ਹੀ ਮਨਮੁਖ ਬੀਬੀਆਂ ਨੰਗੇ ਸਿਰ ਰਹਿੰਦੀਆਂ ਹਨ। ਫੈਸ਼ਨ ਨਾਲ ਸੁੰਦਰਤਾ ਨਾਸ ਹੋ ਜਾਂਦੀ ਹੈ। ਫੈਸ਼ਨ ਅੱਗ ਹੈ। ਯਥਾ:- ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥੨॥ ਨਾਮ ਜਪਣ ਜਪਾਉਣ ਨਾਲ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਪ੍ਰਾਪਤੀ ਹੈ ਜੀ। ਗੁਰੂ ਪਰਮੇਸਰ ਜੀ ਨੇ ਜੂੜਾ ਕਰਨ, ਦਸਤਾਰ ਸਜਾਉਣ ਨੂੰ ਕਿਹਾ। ਨੰਗੇ ਕੇਸ ਰੱਖਣ ਨਾਲ ਕਾਮ ਵਾਸ਼ਨਾ ਵੱਧਦੀ ਹੈ ਜੀ। ਜਿਹੜੀ ਬੀਬੀ ਦੇ ਦਾੜ੍ਹੀ ਮੁੱਛ ਆ ਜਾਵੇ, ਉਹ ਕੇਸ ਕਤਲ ਨਾ ਕਰੇ। ਪੂਰਨ ਗੁਰੂ ਸਾਹਿਬ ਜੀ ਬਖ਼ਸ਼ਿਸ਼ ਜਾਣ ਕੇ ਸਾਰੇ ਸ੍ਰੀਰ ਦੇ ਕੇਸਾਂ ਦੀ ਸੰਭਾਲ ਕਰੇ ਗੁਰੂ ਭਗਤੀ ਕਰਕੇ ਨਿਹਾਲ ਹੋ ਜਾਵੇ।

ਗੁਰਪ੍ਰਸਾਦਿ ਪ੍ਰੇਮ ਬੇਨਤੀ:- ਜੁਆਨ ਬੀਬੀ ਅਪਣੇ ਪਤੀ ਜੀ ਨੂੰ ਦਾੜ੍ਹੀ ਮੁਨਾਉਣ ਨੂੰ ਨਾ ਕਹੇ ਜੀ। ਪਤੀ ਜੀ ਦੀ ਦਾੜ੍ਹੀ ਮੁਨਾ ਕੇ ਹੋ ਜਾਵੇਗੀ ਡਿਸਚਾਰਜ (discharge), ਸਿੱਖੀ ਤੋਂ ਹੋ ਜਾਵੇਗੀ ਖਾਰਜ। ਛਕੇ ਅੰਮ੍ਰਿਤ, ਪਤੀ ਨੂੰ ਛਕਾਵੇ ਅੰਮ੍ਰਿਤ, ਹੋ ਜਾਵੇ ਚਾਰਜ। ਗੁਰਪ੍ਰਸਾਦਿ ਨਿੱਕੇ ਬੱਚਿਆਂ ਦੇ ਕੇਸ ਮੁਨਾ ਕੇ ਬੀਬੀਆਂ ਕਹਿੰਦੀਆਂ ਹਨ "ਸਾਨੂੰ ਕੇਸੀਂ ਨਹਾਉਣ ਦਾ, ਕੰਘਾ ਕਰਨ ਦਾ ਸਮਾਂ ਨਹੀਂ।" ਇਹ ਕੁਰਹਿਤ ਹੈ, ਸਤਿਗੁਰੂ ਸਾਹਿਬ ਜੀ ਇਸ ਤੋਂ ਮਨ੍ਹਾ ਕਰਦੇ ਹਨ ਜੀ। ਯਥਾ:- ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖ ਦਾ ਬੇਟਾ ਹੋਇ ਅਰ ਮੋਨਾ ਹੋਇ ਜਾਵੇ ਤਿਸ ਕੀ ਜੜ ਸੁੱਕੀ, ਔਰ ਜੋ ਮੋਨਾ, ਸਿੱਖ ਹੋ ਜਾਵੇ ਤਾਂ ਤਿਸ ਕੀ ਜੜ ਹਰੀ।

## ਪ੍ਰਸੰਗ ੧੧- ਗੁਰਮੁਖਿ ਸਿੱਖਿਆ

**੧੯੬. ਇਖ਼ਲਾਕ ਦੀ ਸ਼ੁਭ ਸਿੱਖਿਆ, ਪ੍ਰੇਮ ਬੇਨਤੀਆਂ:-** ਗੁਰਪ੍ਰਸਾਦਿ॥ ਗੁਰਮੁਖਿ ਮਾਤਾ ਜੀ ਆਪਨੇ ਬੱਚਿਆਂ ਨੂੰ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਘਰੇ ਧ੍ਰੂ ਭਗਤ ਬਨਾਉਣ। ਛੋਟੀ ਉਮਰ 'ਚ ਇੱਕਲੀ ਇੱਕਲੀ ਲਗ ਬੁਲਾ ਕੇ ਗੁਰਬਾਣੀ ਦੀ ਸੰਥਾ ਕਰਾਈ ਜਾਵੇ। ਜਿਵੇਂ ਬਾਲਾ ਪ੍ਰੀਤਮ ਅਸਟਮ ਬਲਬੀਰਾ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸਤਿਕਾਰਯੋਗ ਜੱਗਤ ਮਾਤਾ ਸ੍ਰੀ ਕ੍ਰਿਸ਼ਨ ਕੌਰ ਜੀ ਅਤੇ ਸੇਵਕ ਚੁੱਕ ਕੇ ਸਿਮਰਨ ਕਰਾਉਂਦੇ, ਬਾਬੇ ਚੰਡੇ ਜੀ ਨੇ ਸਤਿਗੁਰੂ ਜੀ ਦੀ ਸੰਥਾ ਕਰਾਈ। ਇਵੇਂ ਛੋਟੀ ਉਮਰ 'ਚ ਬੱਚਿਆਂ ਨੂੰ ਪਰਸ਼ਾਦਾ ਤਿਆਰ ਕਰਨ ਦੀ, ਸਫਾਈ ਆਦਿ ਸੇਵਾ ਸਿਮਰਨ ਕਰਨ ਦੀ ਜਾਚ ਸਿਖਾਈ ਜਾਵੇ। ਜਿਸ ਬਾਲ ਅਵਸਥਾ 'ਚ ਗੁਰਮੁਤਿ ਸੰਸਕਾਰ ਦ੍ਰਿੜ ਹੋ ਜਾਣ ਤੇ ਜੀਵ ਚੜ੍ਹਦੀ ਕਲਾ ਨਾਮ ਬਾਣੀ ਸੇਵਾ ਸਿਮਰਨ ਵਾਲਾ ਬਣੇ।

ਸਾਰਾ ਜਗਤ ਰੋਗਾਂ ਦੇ ਅਧੀਨ ਹੈ, ਇਸ ਤੋਂ ਬਚਨ ਲਈ ਗੁਰੂ ਜੀ ਦੀ ਟੇਕ ਲੈ ਕੇ ਸਰਬਲੋਹ ਬਿਬੇਕ ਰੱਖਣਾ ਅਤਿਅੰਤ ਜਰੂਰੀ ਹੈ। ਸਟੀਲ, ਸਿਲਵਰ, ਪਿੱਤਲ, ਅਲਮੀਨੀਅਮ ਆਦਿ 'ਚ ਕੋਈ ਪਦਾਰਥ ਉਬਾਲਿਆ ਗਿਆ ਛਕਣ ਯੋਗ

ਨਹੀਂ। ਅਜਿਹੇ ਭਾਂਡਿਆਂ 'ਚ ਪਦਾਰਥ ਉਬਾਲਣਾ ਕੈਂਸਰ ਆਦਿ ਭੈੜੀਆਂ ਤੋਂ ਭੈੜੀਆਂ ਬਿਮਾਰੀਆਂ ਦਾ ਕਾਰਨ ਹੈ। ਬੇਨਤੀ ਸੁਣੋ ਗੁਰੂ ਕੇ ਚੰਦ ਤੜਕਾ ਬੰਦ। ਦਸਮੇਸ਼ ਪਿਤਾ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸ਼ੁਭ ਅਮੋਲਕ ਅੰਮ੍ਰਿਤ ਰਤਨ ਅੰਮ੍ਰਿਤ ਬਚਨ, ਭਾਂਤ ਭਾਂਤ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥ ਨੂੰ ਪੂਰਨ ਪ੍ਰੇਮ ਸਤਿਕਾਰ ਨਮਸਕਾਰ ਕਰਕੇ ਮੰਨ ਕੇ ਤੜਕੇ ਦਾ ਤਿਆਗ ਕਰਨਾ। ਤੜਕਾ ਲਾਉਣ ਨਾਲ ਪਦਾਰਥਾਂ ਦੀ ਤਾਕਤ ਖਤਮ ਹੋ ਜਾਂਦੀ ਹੈ, ਕੈਂਸਰ ਦਾ ਭੀ ਕਾਰਨ ਬਣਦਾ ਹੈ। ਤੜਕੇ ਕਰਕੇ ਨੀਂਦ ਵਿਕਾਰ ਵੱਧਦੇ ਹਨ, ਬਵਾਸੀਰ ਭੀ ਲੱਗ ਜਾਂਦੀ ਹੈ। ਇਸ ਲਈ ਤੰਦਰੁਸਤੀ ਵਾਸਤੇ ਗੁਰਮਤਿ ਅਨੁਸਾਰ ਸਾਦਾ ਬਿਬੇਕੀ ਲੰਗਰ ਆਪ ਤਿਆਰ ਕਰਕੇ ਛਕੋ ਛਕਾਉ ਜੀ, ਖ਼ੁਸ਼ੀਆਂ ਪਾਉ ਨਿਹਾਲ ਹੋ ਜਾਉ ਜੀ। ਸੁਆਦ ਦੇ ਅਧੀਨ ਜੀਵ ਦਾਲ ਸਬਜੀ 'ਚ ਮਿਰਚ ਦੀ ਕੁਵਰਤੋਂ ਕਰਦੇ ਹਨ। ਨਿਹੰਗ ਸਿੰਘ ਮਿਰਚ ਨੂੰ ਲੜਾਕੀ ਕਹਿੰਦੇ ਹਨ। ਜੀਵ ਮਿਰਚ ਖਾ ਕੇ ਸੀ ਸੀ ਆਖਦੇ ਮੂੰਹ ਮੱਚ ਜਾਂਦਾ, ਜੀਭ ਸੜ ਜਾਂਦੀ ਪਰ ਫੇਰ ਭੀ ਉਸ ਨੂੰ ਸੁਆਦ ਕਹਿੰਦੇ ਹਨ। ਯਥਾ:- ਮਿਠਾ ਕਰਿ ਕੈ; ਕਉੜਾ ਖਾਇਆ॥ ਤਿਨਿ ਕਉੜੈ; ਤਨਿ ਰੋਗੁ ਜਮਾਇਆ॥) ਖਾਧਾ ਹੋਇ ਸੁਆਹ; ਭੀ ਖਾਣੇ ਸਿਉ ਦੋਸਤੀ॥

ਪਰਮਪੂਜਨੀਕ ਸਤਿਗੁਰੂ ਨਾਨਕਦੇਵ ਸਾਹਿਬ ਜੀ ਦਾ ਸ਼ੁਭ ਸੱਚਾ ਹੁਕਮ ਹੈ:- ਮਃ ੧॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ ਅੱਖਾਂ ਨਾਲ ਪਰਾਇਆ ਰੂਪ, ਗੰਦੀਆਂ ਵਿਕਾਰੀਆਂ ਮੂਵੀਆਂ ਨਹੀਂ ਦੇਖਣੀਆਂ। ਦੇਖਣ ਨਾਲ ਮਿਰਤਕ ਹੋ ਜਾਂਦਾ ਹੈ। ਯਥਾ:- ਅਤਿ ਸੁੰਦਰ. ਕੁਲੀਨ ਚਤੁਰ; ਮੁਖਿ ਙਿਆਨੀ, ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥੧॥ ਇਖ਼ਲਾਕ ਦੀ ਗਿਰਾਵਟ ਆਉਣ ਕਰਕੇ ਮੁਲਕ ਦੂਜੇ ਮੁਲਕ 'ਤੇ ਹਮਲਾ ਕਰ ਦਿੰਦਾ ਹੈ। ਜੀਵ ਇੱਕ ਦੂਜੇ ਨੂੰ ਕਤਲ ਕਰ ਦਿੰਦੇ ਹਨ। ਹੁਣ ਦੇ ਸਮੇਂ, ਫੋਨਾਂ ਕੰਮਪੂਟ੍ਰਾਂ 'ਤੇ ਬੱਚੇ ਬੱਚੀਆਂ ਫੇਸਬੁੱਕ ਆਦਿ ਵੈਬਸਾਈਟਾਂ 'ਤੇ ਜਾਂਦੇ ਹਨ, ਜਿਸ ਕਰਕੇ ਇਖ਼ਲਾਕ ਵਿੱਚ ਗਿਰਾਵਟ ਆ ਜਾਂਦੀ ਹੈ। ਮਾਪੇ ਬੱਚਿਆਂ ਨੂੰ ਸਾਵਧਾਨ ਕਰਨ, ਐਸੀਆਂ ਵੈਬਸਾਈਟਾਂ ਦੀ ਕੁਵਰਤੋਂ ਤੋਂ ਬਚਾਉਣ, ਸਿੱਖਿਆ ਦੇਣ। ਕਈ ਬੱਚੇ ਮਾਪਿਆਂ ਦੀ ਆਗਿਆ ਨਹੀਂ ਮੰਨਦੇ, ਵਿਆਹ ਕਰ ਲੈਂਦੇ ਹਨ। ਫਿਰ ਡਾਈਵੋਰਸ ਹੋ ਜਾਂਦੇ ਹਨ ਜੀ। ਕਈ ਵਾਰ ਨਾਸਤਕ ਬੰਦੇ ਪੰਜ ਕਕਾਰ ਪਹਿਨ ਕੇ, ਦਿਖਾਵਾ ਕਰਕੇ ਠੱਗੀ ਮਾਰਦੇ ਹਨ। ਫੇਸਬੁੱਕ 'ਤੇ ਬੱਚਿਆਂ ਨਾਲ ਗੱਲਾਂ ਕਰਕੇ, ਉਨ੍ਹਾਂ ਨਾਲ ਦੋਸਤੀ ਪਾ ਕੇ, ਉਨ੍ਹਾਂ ਨੂੰ ਘਰੋਂ ਕੱਢ ਕੇ ਲੈ ਜਾਂਦੇ ਹਨ। ਫਿਰ ਉਨ੍ਹਾਂ ਨੂੰ ਵੇਸਵਾ ਬਣਾ ਲੈਂਦੇ ਹਨ। ਬੱਚਿਆਂ ਦਾ ਜੀਵਨ ਬਰਬਾਦ ਕਰ ਦਿੰਦੇ ਹਨ। ਇਹ ਬਿਮਾਰੀ ਸਾਰੀ ਦੁਨੀਆਂ ਵਿੱਚ ਫੈਲੀ ਹੋਈ ਹੈ। ਇਸ ਭੈੜੀ ਕੁਰੀਤੀ ਨੂੰ Child Grooming ਆਖਦੇ ਹਨ।

## ੧੬੭. Child Grooming:-

❖ ਜਿਹੜੇ ਛੋਟੇ ਇਆਣੇ ਬੱਚੇ ਇਕੱਲੇ ਰਹਿੰਦੇ ਹੋਣ ਭਾਵ ਘਰੇ ਮਾਪਿਆਂ ਨਾਲ ਅਣਬਣ ਹੋਵੇ, ਕੋਈ ਖਾਸ ਦੋਸਤ ਨਾ ਹੋਣ, ਉਤਸ਼ਾਹ ਡਿਗਿਆ, ਧਰਮ ਇਖ਼ਲਾਕ ਆਦਿ ਸਿੱਖਿਆ ਤੋਂ ਰਹਿਤ, ਢਹਿੰਦੀ ਕਲਾ ਵਾਲੇ ਹੋਣ, ਸਾਕਤ ਐਸੀ ਅਵਸਥਾ ਵਾਲੇ ਬੱਚਿਆਂ ਨੂੰ ਆਪਣੇ ਜਾਲ਼ 'ਚ ਫਸਾ ਲੈਂਦੇ ਹਨ।

❖ ਜਿਸ ਬੱਚੇ ਨੂੰ ਆਪਣੇ ਅਧੀਨ ਕਰਨਾ ਹੋਵੇ, ਉਸ ਤੇ ਅਤੇ ਉਸ ਦੇ ਪਰਿਵਾਰ ਆਦਿਕ ਸਬੰਧੀਆਂ ਨਾਲ ਪ੍ਰੇਮ ਭਾਵ ਨਾਲ ਮਿਲਦੇ ਜੁਲਦੇ ਹਨ। ਜਿਸ ਨਾਲ ਉਨ੍ਹਾਂ ਦੀ ਪਰਤੀਤ ਉਸ 'ਤੇ ਬੱਝ ਜਾਂਦੀ ਹੈ। ਆਪਣੇ 'ਤੇ ਸ਼ਰਧਾ ਬਣਾ ਕੇ, ਉਸ ਬੱਚੇ ਨਾਲ ਗੂੜੀ ਪ੍ਰੀਤੀ, ਦੋਸਤੀ ਬਣਾ ਕੇ ਉਸ ਨੂੰ ਆਪਣੇ ਅਧੀਨ ਕਰ ਲੈਂਦੇ ਹਨ।

❖ ਜਿਸ ਬੱਚੇ ਨੂੰ ਆਪਣੇ ਜਾਲ਼ 'ਚ ਫਸਾਉਣਾ ਹੋਵੇ, ਉਸ ਨੂੰ ਬੇਲੋੜੇ, ਭਾਂਤ ਭਾਂਤ ਤਰ੍ਹਾਂ ਦੇ ਪਦਾਰਥ ਤੋਹਫ਼ੇ ਦਿੰਦੇ ਹਨ। ਮਾਇਆ ਨਾਲ ਭਰਮਾ ਲੈਂਦੇ ਹਨ।

❖ ਜਿਸ ਬੱਚੇ ਨੂੰ ਆਪਣੇ ਜਾਲ਼ 'ਚ ਫਸਾਉਣਾ ਹੋਵੇ, ਪਰਿਵਾਰ, ਸਾਕ ਸਬੰਧੀਆਂ ਨਾਲ ਉਸ ਦਾ ਫੁੱਟ ਪਾ ਕੇ, ਘਰੋਂ ਬਾਹਰ ਕੱਢ ਕੇ ਆਪਣੇ ਕੋਲ ਰੱਖ ਲੈਂਦੇ ਹਨ।

❖ ਬੱਚੀ ਨੂੰ ਮਾਇਆ ਆਦਿ ਲਾਲਚ ਦੇ ਕੇ, ਨਸ਼ੇ ਦੇ ਅਧੀਨ ਕਰਕੇ, ਵੇਸਵਾ ਬਣਾ ਲੈਂਦੇ ਹਨ।

❖ ਕੁਕਰਮ ਕਰਦਿਆਂ ਬੱਚੇ ਦੀਆਂ ਫੋਟੋਆਂ, ਮੂਵੀਆਂ ਬਣਾ ਲੈਂਦੇ ਹਨ। ਫਿਰ ਪ੍ਰਗਟ ਕਰਨ ਦਾ ਡਰਾਵਾ ਦੇ ਕੇ ਬੱਚੇ ਬੱਚੀ ਨੂੰ ਆਪਣੇ ਅਧੀਨ ਕਰ ਲੈਂਦੇ ਹਨ।

ਇਸ ਪ੍ਰਕਾਰ ਸਾਕਤ ਬੱਚੇ ਬੱਚੀਆਂ ਦਾ ਜੀਵਨ ਬਰਬਾਦ ਕਰ ਦਿੰਦੇ ਹਨ। (6 Ways of Grooming by Bhai Mohan Singh) ਸਾਕਤਾਂ ਤੋਂ ਬਚੋ ਬਚਾਉ, ਬੱਚਿਆਂ ਨੂੰ ਛੋਟੀ ਉਮਰ 'ਚ ਇਖ਼ਲਾਕ ਦੀ ਸਿੱਖਿਆਂ ਦੇ ਕੇ, Gursevak.com, LearnShudhGurbani App ਤੇ ਆ ਕੇ ਨਾਮ ਬਾਣੀ ਗੁਰੂ ਸੇਵਾ ਸਿਮਰਨ ਸਤਸੰਗਤ ਨਾਲ ਜੋੜ ਕੇ ਗੁਰਮੁਖਿ ਬਣਾਓ ਜੀ। ਚੌਵੀ ਘੰਟੇ ਸ਼ੁੱਧ ਉਚਾਰਨ ਸੁਣੋ ਸੁਣਾਓ।

ਟਿਕਾਅ ਵਾਸਤੇ, ਸਿੱਖਾਂ ਨੂੰ ਨਾਲ ਲੈ ਕੇ ਗੁਰਦੁਆਰੇ ਬਣਾਓ ਜੀ। ਜਦੋਂ ਸਤਿਗੁਰੂ ਸਾਹਿਬ ਜੀ ਪਵਿੱਤ੍ਰ ਅੰਮ੍ਰਿਤ ਸਰੂਪ ਗੁਰਬਾਣੀ ਜੀ ਦਿਲ ਦਿਮਾਗ਼ 'ਚ ਭੇਜਣ, ਗੁਰਬਾਣੀ ਸੁਨਣ ਗਾਉਣ ਦਾ ਬਲ ਬਖ਼ਸ਼ਣ, ਤਾਂ ਜੈਕਾਰੇ ਗੱਜਾਉਣੇ। ਸਤਿਗੁਰੂ ਸਾਹਿਬਾਨ ਜੀ ਦੇ ਪਵਿੱਤ੍ਰ ਅਸਥਾਨ ਦਿਮਾਗ਼ 'ਚ ਆਉਣ ਤੋਂ ਭੀ ਜੈਕਾਰੇ ਗੱਜਾਉਣੇ ਜੀ। ਜਿਵੇਂ ਗੁਰੂ ਪ੍ਰੇਮੀ ਗੁਰਮੁਖਿ ਪਿਆਰੇ ਹਮੇਸ਼ਾ ਜੈਕਾਰੇ ਗੱਜਾਉਂਦੇ, ਚੜ੍ਹਦੀਆਂ ਕਲਾਂ 'ਚ ਰਹਿੰਦੇ ਹਨ ਜੀ। ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥

ਇਖ਼ਲਾਕ ਨੂੰ ਉੱਚਾ ਸੁੱਚਾ ਨਿਰਮਲ ਰੱਖਣ ਲਈ, ਬਚਿਆਂ ਨੂੰ ਬਾਲ ਅਵਸਥਾ 'ਚ ਇਹ ਦ੍ਰਿੜ੍ਹ ਕਰਵਾਇਆ ਜਾਵੇ, ਕਿ ਜਦੋਂ ਕੋਈ ਬੱਚਾ ਬੱਚੀ ਦ੍ਰਿਸਟੀ 'ਚ ਆਵੇ ਉਨ੍ਹਾਂ ਨੂੰ ਦਸ ਸਤਿਗੁਰੂ ਸਾਹਿਬਾਨ ਜੀ ਦੇ ਬੱਚੇ, ਆਪਣੇ ਭੈਣ ਭਰਾ ਸਮਝਣੇ। ਇਸ ਤਰ੍ਹਾਂ ਦੀ ਦ੍ਰਿਸ਼ਟੀ ਨਾਲ ਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਸ਼ੁੱਧ ਦ੍ਰਿਸ਼ਟੀ ਨਾਲ ਸ੍ਰਬ ਵਿਆਪੀ ਸ਼ੁੱਧ ਸਰੂਪ ਵਾਹਿਗੁਰੂ ਜੀ ਘਟਾਂ ਘਟਾਂ ਵਿੱਚ ਸਾਖਿਆਤ ਹੋ ਜਾਂਦੇ ਹਨ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਮਾਗ਼ 'ਚ ਗੁਰਬਾਣੀ ਪ੍ਰਾਪਤ ਹੋ ਜਾਂਦੇ ਹਨ। ਮਹਾਰਾਜ ਬਖ਼ਸ਼ਦੇ ਗੁੱਡ ਕਰੈਕਟਰ, ਬਖ਼ਸ਼ਦੇ ਰਿਦੇ 'ਚੋਂ ਮੂੰਹ 'ਚ ਨੈਕਟਰ। ਯਥਾ:- ਜੋ ਦੀਸੈ; ਸੋ ਤੇਰਾ ਰੂਪੁ॥) ਨਾਨਕ. ਸੇ ਅਖੜੀਆ ਬਿਅੰਨਿ; ਜਿਨੀ ਡਿਸੰਦੋ. ਮਾ ਪਿਰੀ॥੩॥

ਪ੍ਰੇਮੀ ਗੁਰਸਿੱਖ ਮਿਲ ਕੇ, ਗ਼੍ਰੀਬ ਨੀਵੀਂਆਂ ਜਾਤਾਂ ਨੂੰ ਗੁਰਦੁਆਰਾ ਬਣਾ ਕੇ ਦੇਣ, ਗੁਰਬਾਣੀ ਸੰਥਾ ਕਰਾਉਣ। ਗ਼੍ਰੀਬਾਂ ਦੀ ਮੱਦਦ ਕਰਨ ਜੀ।

ਗੁਰਪ੍ਰਸਾਦਿ॥ ਮੰਦੇ ਇਖ਼ਲਾਕ ਵਾਲੇ ਜੀਵ ਨੂੰ ਏਡਜ਼, ਕੋਹੜ, ਕਰੋਨਾ ਹੋ ਜਾਂਦੇ ਹਨ। ਜਿਵੇਂ ਇੰਦ੍ਰ ਨੂੰ ਪਰ ਘਰ ਜਾਣ ਤੋਂ ਕੋਹੜ ਹੋਇਆ ਸੀ। ਬੁਰੇ ਇਖ਼ਲਾਕ ਵਾਲੇ ਮਨੁੱਖਾਂ ਨੂੰ ਬਿਅੰਤ ਦੁੱਖ ਕਸ਼ਟ ਪ੍ਰਾਪਤ ਹੁੰਦੇ ਹਨ। ਕੁਕਰਮੀ ਹੋਣ ਕਰਕੇ ਲੋਕ ਪਰਲੋਕ 'ਚ ਬਹੁਤ ਸਜ਼ਾਵਾਂ ਮਿਲਦੀਆਂ ਹਨ। ਸ਼ੁੱਧ ਮਨ ਖਿਨ ਖਿਨ ਪਛਤਾਉਂਦਾ, ਰੋਗ ਲੱਗਣੇ ਕਰਕੇ ਕਈ ਆਤਮਘਾਤ ਕਰ ਲੈਂਦੇ ਹਨ।

ਮਨ ਦੇ ਟਿਕਾਅ ਲਈ, ਪਹਿਲਾਂ ਗੁਰਮਤਿ ਦੁਆਰਾ ਮਨ ਨੂੰ ਸਮਝਾਉਣਾ। ਗੁਰੂ ਸਾਹਿਬਾਨ ਜੀ ਦੇ ਦੁਆਰਾ ਬਿਬੇਕ ਬੁੱਧੀ ਪ੍ਰਾਪਤ ਕਰਨੀ। ਹਮੇਸ਼ਾ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ,

ਗੁਰਮੁਖਿ ਪਿਆਰੇ ਸਨਮੁਖ ਸ਼ਹੀਦ ਸਿੰਘ ਸਿੰਘਣੀਆਂ ਦਾ ਜਾਪ ਕਰਨਾ। ਖਾਸ ਤੌਰ ਤੇ ਧੰਨ ਵਾਹਿਗੁਰੂ ਮਹੱਲੇ ਪੰਜਵੇਂ ਜੀ ਮਹੱਲੇ ਨੌਵੇਂ ਜੀ ਦੀ ਵੈਰਾਗਮਈ, ਅਦੁੱਤੀ ਸ਼ਹੀਦੀ ਬਾਰ ਬਾਰ ਧਿਆਉਣੀ, ਗਾਉਣੀ, ਨਮਸਕਾਰਣੀ ਜੀ। ਸੱਚੇ ਗੁਰੂ ਸਾਹਿਬ ਜੀ ਦੇ ਸੱਚੇ ਪਰਉਪਕਾਰੀ ਚਰਨੀਂ ਲੱਗਣਾ ਜੀ। ਮਹਾਰਾਜ ਬਖ਼ਸ਼ਦੇ ਚੰਗਾ ਕਰੈਕਟਰ, ਬਖ਼ਸ਼ਦੇ ਰਿਦੇ 'ਚੋਂ ਮੂੰਹ 'ਚ ਨੈਕਟਰ।

**੧੯੮. ਪਤੀਵ੍ਰਤਾ ਮਾਤਾ ਸੁਮਿੱਤ੍ਰਾ ਜੀ ਨੇ ਅਪਣੇ ਸਪੁੱਤ੍ਰ ਸ੍ਰੀ ਲਛਮਨ ਜੀ ਨੂੰ ਸ਼ੁਭ ਸੱਚੀ ਸਿੱਖਿਆ ਦੇਣੀ:-** ਸੁਮਿਤ੍ਰਾ ਬਾਚ॥ ਲਛਮਨ ਸੋਂ॥ ਦਾਸ ਕੋ ਭਾਵ ਧਰੇ ਰਹੀਯੋ; ਸੁਤ. ਮਾਤ ਸਰੂਪ ਸੀਆ ਪਹਿਚਾਨੋ॥ ਤਾਤ ਕੀ ਤੁੱਲਿ ਸੀਆਪਤਿ ਕੱਉ ਕਰਿ ਕੈ; ਇਹ ਬਾਤ ਸਹੀ ਕਰਿ ਮਾਨੋ॥ ਜੇਤਕ ਕਾਨਨ ਕੇ ਦੁਖ ਹੈ; ਸਭ ਸੋ ਸੁਖ ਕੈ ਤਨ ਪੈ ਅਨਮਾਨੋ॥ ਰਾਮ ਕੇ ਪਾਇ ਗਹੇ ਰਹੀਯੋ; ਬਨ ਕੈ ਘਰ ਕੋ ਘਰ ਕੈ ਬਨੁ ਜਾਨੋ॥੨੯੦॥ ਰਾਜੀਵ ਲੋਚਨ ਰਾਮ ਕੁਮਾਰ; ਚਲੇ ਬਨ ਕੱਉ. ਸੰਗਿ ਭ੍ਰਾਤਿ ਸੁਹਾਯੋ॥ ਦੇਵ ਅਦੇਵ ਨਿਛੱਤ੍ਰ ਸਚੀਪਤ; ਚੱਉਕੇ ਚਕੇ ਮਨ ਮੋਦ ਬਢਾਯੋ॥ ਆਨਨ ਬਿੰਬ ਪਰਯੋ ਬਸੁਧਾ; ਪਰ ਫੈਲਿ ਰਹਿਯੋ ਫਿਰਿ ਹਾਥਿ ਨ ਆਯੋ॥ ਬੀਚ ਅਕਾਸ ਨਿਵਾਸ ਕੀਯੋ; ਤਿਨ ਤਾਹੀ ਤੇ ਨਾਮ ਮਯੰਕ ਕਹਾਯੋ॥੨੯੧॥ (ਸ੍ਰੀ ਦਸਮ ਅੰਗ ੨੦੭):- ਜਦ ਸ੍ਰੀ ਰਾਮਚੰਦ੍ਰ ਜੀ ਨੂੰ ਚੌਦਾਂ ਸਾਲ ਬਨਵਾਸ ਮਿਲਿਆ, ਤਦ ਸ੍ਰੀ ਲਛਮਣ ਜੀ ਆਪਣੇ ਮਾਤਾ ਸੁਮਿੱਤ੍ਰਾ ਜੀ ਤੋਂ ਵਿਦਾਇਗੀ ਲੈਣ ਲੱਗੇ। ਮਾਤਾ ਸੁਮਿੱਤ੍ਰਾ ਜੀ ਨੇ ਪਰਮਪਵਿੱਤ੍ਰ ਉਪਦੇਸ਼ ਬਖ਼ਸ਼ਿਆ, "ਹੇ ਸਪੁੱਤ੍ਰ! ਸ੍ਰੀ ਸੀਤਾ ਜੀ ਨੂੰ ਮੇਰੇ ਸਮਾਨ ਸਮਝਣਾ, ਚਿਹਰੇ ਵੱਲ ਨਹੀਂ ਤੱਕਣਾ। ਸ੍ਰੀ ਰਾਮਚੰਦ੍ਰ ਜੀ ਨੂੰ ਪਿਤਾ ਸਮਾਨ ਸਮਝਣਾ, ਉਨ੍ਹਾ ਦੀ ਆਗਿਆ 'ਚ ਰਹਿਣਾ। ਦੁੱਖਾਂ ਨੂੰ ਸੁਖ ਕਰਕੇ ਮੰਨਣਾ, ਸ੍ਰੀ ਰਾਮਚੰਦ੍ਰ ਜੀ ਦੇ ਚਰਨਾਂ 'ਚ ਰਹਿਣਾ, ਬਨ ਨੂੰ ਆਪਣਾ ਘਰ ਸਮਝਣਾ। ਇਉਂ ਇਖਲਾਕ ਦੀ ਸਿੱਖਿਆ ਸਾਰੇ ਮਾਤਾ ਪਿਤਾ ਸਾਕ ਸਬੰਧੀ ਆਪਣੇ ਬੱਚਿਆਂ ਨੂੰ ਦੇ ਕੇ, ਸੂਰਬੀਰ ਬਹਾਦਰ ਸੰਤ ਬਨਾਉਣ। ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਮਾਤਾ ਪਿਤਾ ਮੰਨਣ। ਸਦਾ ਗੁਰਬਾਣੀ ਵਾਹਿਗੁਰੂ ਮੰਤ੍ਰ ਜੀ ਦਾ ਜਾਪ ਕਰਦਿਆਂ ਕਰਾਉਂਦਿਆਂ, ਸੇਵਾ ਕਰਨ ਤੇ ਕਰਾਉਣ। ਪੂਰਨ ਗੁਰੂ ਸਾਹਿਬ ਜੀ ਦੀ ਸੇਵਾ ਕਰਦਿਆਂ, ਗੱਲਾਂ ਨਾ ਕਰਨ ਜੀ।

**੧੯੯. ਮਾਨਸਿਕ ਰੋਗਾਂ ਦੀ ਨਿਵਿਰਤੀ:-** ਜੇ ਕਿਸੇ ਨੂੰ ਮਾਨਸਿਕ ਰੋਗ ਹੋਵੇ, ਤਾਂ ਗੁਰਬਾਣੀ ਦਾ ਪਾਠ, ਵੀਚਾਰ, ਕੀਰਤਨ, ਗੁਰੂ ਸੇਵਾ, ਨਾਮ ਸਿਮਰਨ, ਨਮਸਕਾਰਾਂ, ਖ਼ਿਮਾ ਕਰੇ। ਦਿਨ ਰਾਤ ਗੁਰਬਾਣੀ ਸ਼ੁੱਧ ਉਚਾਰਨ ਸੁਣ ਕੇ ਮਗਰ ਬੋਲੇ। ਸਤਿਗੁਰੂ ਜੀ ਦੇ ਚਰਨਕਮਲਾਂ ਵਿੱਚ ਅਰਦਾਸ ਕਰੇ, "ਹੇ ਖ਼ਿਮਾ ਦੇ ਸਾਗਰ, ਪਾਪੀਆਂ ਨੂੰ ਤਾਰਨ ਵਾਲੇ ਸਤਿਗੁਰੂ ਗ੍ਰੰਥ ਸਾਹਿਬ ਜੀਉ! ਜੋ ਜੋ ਭੀ ਕੁਕਰਮ, ਪਾਪ ਕੀਤੇ ਹਨ ਦਾਸਨਦਾਸ ਨੂੰ ਖ਼ਿਮਾ ਕਰਕੇ, ਤਰਸ ਕਰਕੇ ਅਪਣੇ ਮਿੱਠੇ ਸੁਖਦਾਇਕ ਚਰਨਕਮਲਾਂ ਨਾਲ ਜੋੜ ਲਵੋ ਜੀ। ਦਾਸਨਦਾਸ ਨੂੰ ਮਾਨਸਿਕ ਰੋਗ ਹੈ। ਨਾਮ ਦਾਰੂ ਬਖ਼ਸ਼ ਕੇ ਇਸ ਰੋਗ ਦੀ ਨਿਵਿਤਰੀ ਕਰੋ ਜੀ। ਯਥਾ:- ਤੀਨੇ ਤਾਪ ਨਿਵਾਰਣਹਾਰਾ; ਦੁਖ ਹੰਤਾ ਸੁਖ ਰਾਸਿ॥ ਤਾ ਕਉ ਬਿਘਨੁ ਨ ਕੋਊ ਲਾਗੈ; ਜਾ ਕੀ ਪ੍ਰਭ ਆਗੈ ਅਰਦਾਸਿ॥੧॥) ਸਰਬ ਰੋਗ ਕਾ; ਅਉਖਦੁ ਨਾਮੁ॥ ਕਲਿਆਣ ਰੂਪ; ਮੰਗਲ ਗੁਣ ਗਾਮ॥

ਕਈ ਵਾਰੀ ਮਨ ਕੀਤੇ ਪਾਪਾਂ ਨੂੰ ਯਾਦ ਕਰਕੇ ਪਛਤਾਉਂਦਾ ਹੈ ਜੀ। ਤਦੋਂ ਗ੍ਰੀਬ ਨਿਵਾਜ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ, ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਜਪਣੀ ਰਾਮ ਪਿਆਰੇ ਜੀ। ਕਲਜੁਗਿ. ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸਟਿ ਲਗਿ. ਬਿਤਰਹੁ॥) ਜਪ੍ਉ ਜਿਨ੍ ਅਰਜੁਨ ਦੇਵ ਗੁਰੂ; ਫਿਰਿ ਸੰਕਟ ਜੋਨਿ ਗਰਭ ਨ ਆਯਉ॥ ਨਾਲ ਹੀ ਵਾਹਿਗੁਰੂ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ ਦੇ ਪਵਿੱਤ੍ਰ ਨਾਮ ਇਸ ਪ੍ਰਕਾਰ ਲੈਣੇ ਹਨ:- ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ

ਜੀਉ॥ ਅੰਤਰਜਾਮੀ ਮੇਹਰਵਾਨ ਅਕਾਲਪੁਰਖੁ ਸਰੂਪ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਧੰਨ ਹਨ। ਵਾਹਿਗੁਰੂ ਸਤਿਗੁਰੂ ਸਾਹਿਬ ਜੀ ਅਪਣੀ ਅਗੰਮੀ ਨਿਰਗੁਨ ਜੋਤਿ ਨਾਲ ਹੁਣ ਕ੍ਰੋੜਾਂ ਧਰਤੀਆਂ, ਅਕਾਸ਼, ਖੰਡ, ਬ੍ਰਹਮੰਡ, ਚੰਦ, ਤਾਰਿਆਂ ਨੂੰ ਪ੍ਰਕਾਸ਼ ਰਹੇ ਹਨ। ਹੁਣ ਬਿਅੰਤ ਬ੍ਰਹਮੰਡ ਜਪ ਰਹੇ ਹਨ ਧੰਨ ਸਤਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਧੰਨ ਹਨ। ਮਿਹਰਵਾਨੁ. ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ. ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥ ਨਿਰਵਿਕਾਰ, ਨਿਰਹੰਕਾਰ, ਸਤ ਸੰਤੋਖ ਗ੍ਰੀਬ ਨਿਵਾਜ, ਖ਼ਿਮਾ ਦੇ ਸਾਗਰ ਬ੍ਰਹਮ ਰਤਨਾਗਰ ਗੁਰੂ ਪ੍ਰਮੇਸਰ ਸਤਿਗੁਰੂ ਵਾਹਿਗੁਰੂ ਸਾਹਿਬ ਜੀ, ਅਸੰਖ ਔਗੁਣਾਂ ਪਾਪਾਂ ਨੂੰ ਅਕਸ ਮਾਤ੍ਰ ਹੀ ਨਿਵਿਰਤ ਕਰ ਦਿੰਦੇ ਹਨ। ਯਥਾ:- ਅਸੰਖ ਖਤੇ; ਖਿਨ ਬਖਸਨਹਾਰਾ॥ ਨਾਨਕ ਸਾਹਿਬ; ਸਦਾ ਦਇਆਰਾ॥ ਸਤਿਗੁਰੂ ਸਾਹਿਬ ਜੀ, ਗੁਰਮੁਖਿ ਸਨਮੁਖ ਪੰਜ ਪਿਆਰੇ, ਗੁਰਮੁਖਿ ਸਨਮੁਖ ਸ਼ਹੀਦਾਂ ਸੰਤਾਂ ਭਗਤਾਂ ਨੂੰ ਤੇ ਗੁਰਦੁਆਰਿਆਂ, ਸਰੋਵਰਾਂ, ਨਿਸ਼ਾਨ ਸਾਹਿਬਾਂ, ਜੋੜ ਮੇਲਿਆਂ ਨੂੰ ਯਾਦ ਕਰਨਾ ਹੈ ਜੀ। ਨਾਮ ਲੈਂਦਿਆਂ ਸੁਰਤੀ ਨਾਲ ਮੱਥਾ ਟੇਕਣਾ, ਡੰਡਾਉਤਾਂ ਪ੍ਰਕਰਮਾਂ ਕਰਨੀਆਂ ਜੀ। ਸਤਿਗੁਰੂ ਸਾਹਿਬਾਨ ਜੀ ਦੀ ਆਗਿਆਕਾਰੀ ਅਨੁਸਾਰੀ ਗੁਰਮੁਖਿ ਵਾਈਫ਼ ਬਣੋ ਜੀ, ਅੱਲਾਹ ਪਾਕ ਵਾਹਿਗੁਰੂ ਜੀ ਆਪ ਜੀ ਦੇ ਦਿਲ ਦਿਮਾਗ਼ 'ਚ ਗੁਰਬਾਣੀ ਭੇਜ ਦੇਣਗੇ।

੧੭੦. ਜੇ ਮਨ ਪਛਤਾਵੇ ਤਾਂ ਇਨ੍ਹਾਂ ਪਵਿੱਤ੍ਰ ਗੁਰਸਬਦਾਂ ਦਾ ਵੱਧ ਤੋਂ ਵੱਧ ਜਾਪ ਅਰਥ ਦੇ ਅਧਾਰ ਕਰਨਾ ਜੀ:- ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ; ਆਪਨ ਕਰਿ ਕਰਮ॥੭॥) ਸਦਾ ਸਦਾ; ਇਹੁ ਭੂਲਨਹਾਰੁ॥ ਨਾਨਕ; ਰਾਖਨਹਾਰੁ ਅਪਾਰੁ॥੩॥) ਅਸੰਖ ਖਤੇ; ਖਿਨ ਬਖਸਨਹਾਰਾ॥ ਨਾਨਕ ਸਾਹਿਬ; ਸਦਾ ਦਇਆਰਾ॥) ਡਖਣੇ ਮਃ ੫॥ ਆਗਾਹਾ ਕੂ ਤ੍ਰਾਘਿ; ਪਿਛਾ ਫੇਰਿ ਨ. ਮੁਹਡੜਾ॥ ਨਾਨਕ. ਸਿਝਿ ਇਵੇਹਾ ਵਾਰ; ਬਹੁੜਿ. ਨ ਹੋਵੀ ਜਨਮੜਾ॥੧॥) ਜੋ ਹੋਆ; ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ; ਹੁਕਮੁ ਪਛਾਨੈ॥) ਪਿਛਲੇ ਅਉਗੁਣ. ਬਖਸਿ ਲਏ ਪ੍ਰਭੁ; ਆਗੈ ਮਾਰਗਿ ਪਾਵੈ॥੨॥) ਅੰਧ ਕੂਪ ਮਹਿ; ਪਤਿਤ ਬਿਕਰਾਲ॥ ਨਾਨਕ. ਕਾਢਿ ਲੇਹੁ; ਪ੍ਰਭ ਦਇਆਲ॥੪॥) ਇੱਕ ਦਿਨ ਬਾਜਾਂ ਵਾਲੇ ਪਾਸੋਂ, ਪ੍ਰੇਮ ਸੁਰਾਹੀ ਪੀਤੀ। ਪਿਛਲੀ ਉਮਰ ਗੁਨਾਹੀ ਬੀਤੀ, ਹਰਿ ਕੀ ਭਗਤਿ ਨ ਕੀਤੀ। ਆਗੈ ਸਮਝ ਚਲਹੁ ਨੰਦ ਲਾਲਾ, ਜੋ ਬੀਤੀ ਸੋ ਬੀਤੀ।) ਬਿਨੁ ਬਾਦ ਬਿਰੋਧਹਿ; ਕੋਈ ਨਾਹੀ॥ ਮੈ ਦੇਖਾਲਿਹੁ; ਤਿਸੁ ਸਾਲਾਹੀ॥ ਮਨੁ ਤਨੁ ਅਰਪਿ ਮਿਲੈ ਜਗਜੀਵਨੁ; ਹਰਿ ਸਿਉ ਬਣਤ ਬਣਾਈ ਹੇ॥੯॥

❖ ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਨਿਗੁਰੇ ਅੰਦਰ ਵੈਰ ਪੱਥਰ ਦੀ ਲਕੀਰ ਹੈ, ਜਿਵੇਂ ਰੱਸੀ ਸੜ ਕੇ ਵੱਟ ਨਹੀਂ ਛੱਡਦੀ, ਤਿਵੇਂ ਵੈਰ 'ਚ ਭਾਵੇਂ ਸੜ ਬਲ ਜਾਂਦਾ ਹੈ, ਪਰ ਫੇਰ ਭੀ ਜਨਮਾਂ ਜਨਮਾਂ 'ਚ, ਵੈਰ ਨਹੀਂ ਛੱਡਦਾ। ਬੈਰ (ਬਿਰੋਧ) ਝਗੜੇ (ਕਾਮ) ਵਿਕਾਰ 'ਚ ਮਰ ਰਿਹਾ ਹੈ, (ਕ੍ਰੋਧ) ਗੁੱਸੇ 'ਚ ਸੜ, ਸਾੜ ਰਿਹਾ ਹੈ, ਸਬੰਧੀਆਂ ਪਦਾਰਥਾਂ ਮਾਇਆ ਦੇ ਮੋਹ, ਝੂਠ (ਬਿਕਾਰ) ਖੋਟੀ ਕਾਰ ਵਿਸ਼ੇ, (ਮਹਾ) ਵੱਡੇ (ਲੋਭ) ਲਾਲਚ (ਧ੍ਰੋਹ) ਛਲ 'ਚ, ਪਚ ਪਚ ਕੇ ਮਰ ਰਿਹਾ ਹੈ। ਯਥਾ:- ਪਲਚਿ ਪਲਚਿ ਸਗਲੀ ਮੁਈ; ਝੂਠੈ ਧੰਧੈ ਮੋਹੁ॥ ਇਕ ਸੁ ਹਰਿ ਕੇ ਨਾਮ ਬਿਨੁ; ਅਗੈ ਲਈਅਹਿ ਖੋਹਿ॥

ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ; ਆਪਨ ਕਰਿ ਕਰਮ॥੭॥ ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤਕਲਾਵਾਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ

ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥ ਪਰਮਪੂਜਨੀਕ ਮਹੱਲਾ ਪੰਜਵਾਂ ਸਾਹਿਬ ਜੀ, ਕਲੰਕੀ ਨੂੰ ਬਖ਼ਸ਼ਾਉਣ ਲਈ, ਵਾਹਿਗੁਰੂ ਜੀ ਦੇ ਸਨਮੁਖ ਸ੍ਰਬ ਵਿਆਪੀ ਮਹਾਂ ਵਿਸਮਾਦ ਅਰਦਾਸ ਕਰਦੇ ਹਨ:- ਹੇ ਵਾਹਿਗੁਰੂ ਜੀ! ਇਸ ਦੇ (ਇਆਹੂ) ਇਸ ਤਰ੍ਹਾਂ, ਉਪ੍ਰੋਕਤ ਵਿਕਾਰਾਂ ਔਗੁਣਾਂ ਮਹਾਂ ਪਾਪਾਂ ਕਤਲਾਂ 'ਚ (ਜੁਗਤਿ) ਜੁੜੇ ਦੇ, ਕਈ ਜਨਮ (ਬਿਹਾਨੇ) ਲੰਘ ਗਏ। ਯਥਾ:-ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥) ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥ (ਆਪਨ) ਆਪਣੀ (ਕਰਮ) ਮੇਹਰ (ਕਰਿ) ਕਰਕੇ (ਰਾਖਿ) ਰੱਖ (ਲੇਹੁ) ਲਵੋ ਜੀ॥੭॥ ਯਥਾ:- ਰਾਖਹੁ ਅਪਨੀ ਸਰਣਿ ਪ੍ਰਭ; ਮੋਹਿ ਕਿਰਪਾ ਧਾਰੇ॥ ਸੇਵਾ ਕਛੂ ਨ ਜਾਨਊ; ਨੀਚੁ ਮੂਰਖਾਰੇ॥

❖ **ਸਦਾ ਸਦਾ; ਇਹੁ ਭੂਲਨਹਾਰੁ॥ ਨਾਨਕ; ਰਾਖਨਹਾਰੁ ਅਪਾਰੁ॥੩॥**) ਸਤਿਗੁਰੂ ਸਤਿਗੁਰੂ; ਸਤਿਗੁਰ ਗੁਬਿੰਦ ਜੀਉ॥ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਤਿਗੁਰੂ ਅਰਜਨਦੇਵ ਸਾਹਿਬ ਜੀ, ਨਾਮ ਹੀਣ ਗਵਾਰ ਮੂਰਖ ਅੰਧੇ ਅਨਜਾਣ ਸਦਾ ਸਦਾ; ਇਹੁ ਭੂਲਨਹਾਰੁ॥ ਜੀਵ ਨੂੰ ਬਖ਼ਸ਼ਾਉਣ ਲਈ, ਵਾਹਿਗੁਰੂ ਜੀ ਦੇ ਸਨਮੁਖ ਸ਼ਿਫ਼ਾਰਸ਼ ਕਰ ਰਹੇ ਹਨ:- ਹੇ ਵਾਹਿਗੁਰੂ ਜੀ! ਮਾਇਆ ਵਿਕਾਰਾਂ ਮੋਹ ਹੰਕਾਰ ਅਗਿਆਨ 'ਚ ਫਸਿਆ ਇਹੁ ਜੀਵ, ਭਾਵੇਂ ਸਦਾ ਸਦਾ (ਭੂਲਨਹਾਰੁ) ਭੁੱਲਣ ਵਾਲਾ ਹੈ, ਪਰ ਫਿਰ ਭੀ ਆਪ ਜੀ (ਅਪਾਰੁ) ਪਾਰਾਵਾਰ ਰਹਿਤ, ਭਾਵ ਜ਼ਰੂਰ ਬਰ ਜ਼ਰੂਰ (ਰਾਖਨਹਾਰੁ) ਰੱਖਣ ਵਾਲੇ ਹੋਂ ਜੀ। ਇਸ ਲਈ, ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤ ਕਲਾਵਾਨ ਅਗਮ ਅਪਾਰ ਪ੍ਰਕਾਸ਼ ਸਰੂਪ ਸੱਚੀ, ਕ੍ਰਿਪਾ ਹੀ ਕ੍ਰਿਪਾ ਕਰਕੇ ਰੱਖ ਲਉ ਜੀ॥੩॥

❖ **ਅਸੰਖ ਖਤੇ; ਖਿਨ ਬਖਸਨਹਾਰਾ॥ ਨਾਨਕ ਸਾਹਿਬ; ਸਦਾ ਦਇਆਰਾ॥** (ਨਾਨਕ) ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਰੂਪ ਮਹੱਲਾ ਪੰਜਵਾਂ ਜੀ, ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ:- ਹੇ (ਸਾਹਿਬ) ਗੁਰਦੇਵ ਮਾਤਾ ਗੁਰਦੇਵ ਪਿਤਾ; ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਸਦਾ (ਦਇਆਰਾ) ਦਇਆ ਕਰਨ ਵਾਲੇ ਹੋਂ ਜੀ। ਆਪ ਜੀ ਖਿਨ ਪਲ 'ਚ ਅਸੰਖ (ਖਤੇ) ਗੁਨਾਹ (ਬਖਸਨਹਾਰਾ) ਬਖ਼ਸ਼ਣ ਵਾਲੇ ਹੋਂ ਜੀ।

❖ **ਬਿਨੁ ਬਾਦ ਬਿਰੋਧਹਿ; ਕੋਈ ਨਾਹੀ॥** (ਬਾਦ) ਝਗੜਾ (ਬਿਰੋਧਹਿ) ਵਿਰੋਧ ਤੋਂ (ਬਿਨੁ) ਬਿਨਾ ਕੋਈ ਨਾਹੀ ਹੈ।

ਮੈ ਦੇਖਾਲਿਹੁ; ਤਿਸੁ ਸਾਲਾਹੀ॥ (ਮੈ) ਦਾਸਨਦਾਸ ਨੂੰ ਉਸ ਦੇ ਦਰਸਨ (ਦੇਖਾਲਿਹੁ) ਦਿਖਾਉਣਾ ਕਰੋ, ਜਿਸ 'ਚ ਕੋਈ ਝਗੜਾ ਵਿਰੋਧ ਨਹੀਂ ਹੈ। ਦਾਸਨਦਾਸ ਤਿਸੁ ਗੁਰਮੁਖਿ ਨੂੰ ਗਾ ਕੇ (ਸਾਲਾਹੀ) ਸਲਾਹੁਣਾ, ਵਡਿਆਉਣਾ ਕਰੇ, ਉਸ ਦੀ ਉਪਮਾ ਕਰੇ ਜੀ।

ਮਨੁ ਤਨੁ ਅਰਪਿ ਮਿਲੈ ਜਗਜੀਵਨੁ; ਹਰਿ ਸਿਉ ਬਣਤ ਬਣਾਈ ਹੇ॥੯॥ ਸੱਚੇ ਨਿਰਵੈਰੁ ਸਤਿਗੁਰੂ ਸਾਹਿਬ ਜੀ ਨੂੰ ਮਨੁ ਤਨੁ (ਅਰਪਿ) ਭੇਟਾ ਕਰਕੇ, (ਜਗਜੀਵਨੁ) ਜਗਤ ਦੇ ਜੀਵਨ ਰੂਪ ਵਾਹਿਗੁਰੂ ਜੀ (ਮਿਲੈ) ਮਿਲਦੇ ਹਨ ਜੀ। ਯਥਾ:- ਅਰਪਿਆ ਤ ਸੀਸੁ. ਸੁਥਾਨਿ ਗੁਰ ਪਹਿ; ਸੰਗਿ ਪ੍ਰਭੂ ਦਿਖਾਇਆ॥) ਮਨੁ ਤਨੁ ਅਰਪਿ ਧਰੇ ਗੁਰ ਆਗੈ; ਸਤਿ ਪਦਾਰਥੁ ਪਾਵੈ॥੩॥ ਖਿਨ ਮਾਹਿ ਸਗਲਾ ਦੂਖੁ ਮਿਟਿਆ; ਮਨਹੁ ਚਿੰਦਿਆ ਪਾਇਆ॥) ਮਨੁ ਤਨੁ ਅਰਪਿ ਰਖਉ ਸਭੁ ਆਗੈ; ਗੁਰ ਚਰਣੀ ਚਿਤੁ ਲਾਈ॥ ਅਪਣੀ ਕ੍ਰਿਪਾ ਕਰਹੁ ਗੁਰ ਪੂਰੇ; ਆਪੇ ਲੈਹੁ ਮਿਲਾਈ॥ ਸੱਚੇ ਸਤਿਗੁਰੂ ਸਾਹਿਬ ਜੀ ਨੇ ਤਨ

ਮਨ ਸਰਬੰਸ ਅਰਪਣ ਵਾਲੇ ਪ੍ਰੇਮੀਆਂ ਦੀ ਪ੍ਰੀਤੀ ਦੀ ਬਣਤ (ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ (ਸਿਉ) ਨਾਲ ਬਣਾਈ (ਹੇ) ਹੈ॥੯॥ ਯਥਾ:- ਸੰਤ ਸਹਾਈ ਪ੍ਰੇਮ ਕੇ; ਹਉ. ਤਿਨ ਕੈ ਲਾਗਾ ਪਾਇ॥) ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ; ਹਰਿ ਮਿਲਿਓ ਲਾਇ ਝਪੀੜਾ॥ਰਹਾਉ॥

੧੨੧. ਟੈਲੀਵੀਜ਼ਨ ਸਿਨਮੇ ਦੀ ਗ਼ਲਤ ਵਰਤੋਂ ਦੇ ਨੁਕਸਾਨ:- ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੇ ਪਰਮਪਵਿੱਤ੍ਰ ਕੰਨ, ਕਥਾ ਕੀਰਤਨ ਗੁਰਬਾਣੀ ਤੋਂ ਬਿਨਾ, ਹੋਰ ਕੁੱਝ ਭੀ ਸੁਨਣਾ ਨਹੀਂ ਚਾਹੁੰਦੇ। ਯਥਾ:- ਮੇਰੇ ਮੋਹਨ; ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ; ਬੋਲਤ ਬੋਲ ਅਜਾਏ॥ ਕੁਆਰੀ ਧੀ, ਨੂੰਹ ਸਹੁਰਾ ਸੱਸ, ਸਾਰਾ ਪਰਿਵਾਰ ਸ਼ਰਮਨਾਕ ਭੈੜੇ ਚਿੱਤ੍ਰ ਵੇਖਦੇ, ਗਾਣੇ ਸੁਣਦੇ ਹਨ। ਯਥਾ:- ਸਰਮੁ ਧਰਮੁ ਦੁਇ. ਛਪਿ ਖਲੋਏ; ਕੂੜੁ ਫਿਰੈ ਪਰਧਾਨੁ. ਵੇ ਲਾਲੋ॥ ਚਾਲ ਚਲਨ ਖ਼ਰਾਬ ਹੋ ਜਾਂਦਾ ਹੈ। ਜ਼ਿੰਦਗੀ ਦਾ ਅਮੋਲਕ ਸਮਾਂ ਜਿਸ ਨਾਲ ਧਰਮ ਕ੍ਰਿਤ ਸੇਵਾ ਸਿਮਰਨ, ਪੜ੍ਹਾਈ ਕਰਨੀ ਹੈ, ਫਜ਼ੂਲ ਹੀ ਚਲਿਆ ਜਾਂਦਾ ਹੈ।

ਵਾਹਿਗੁਰੂ॥ ਜਦੋਂ ਸਤਿਸੰਗਤ ਦੀਵਾਨ ਸਮਾਗਮ ਹੋਵੇ ਤਾਂ ਟੈਲੀਵੀਜ਼ਨ ਨੂੰ ਚਿੰਬੜੇ ਰਹਿੰਦੇ ਹਨ, ਸ੍ਰੀ ਗੁਰਦੁਆਰੇ ਸਾਹਿਬ ਜੀ ਨਹੀਂ ਜਾਂਦੇ। ਵੀਡੀਓ ਫ਼ਿਲਮ ਲਿਆ ਕੇ ਸਾਰੀ ਸਾਰੀ ਰਾਤ ਦੇਖਦੇ ਰਹਿੰਦੇ ਹਨ। ਬਹੁਤ ਹੀ ਗਰੀਬ ਭਾਵੇਂ ਮਹਿੰਗਾਈ ਦੇ ਪੀਸੇ ਹੋਏ ਹਨ ਤਾਂ ਭੀ ਘਰਾਂ 'ਚ ਟੈਲੀਵੀਜ਼ਨ ਲਾਈ ਬੈਠੇ ਹਨ।

ਵਾਹਿਗੁਰੂ॥ ਗਰਮੀ 'ਚ ਬੰਦ ਕਮਰੇ 'ਚ ਟੀ ਵੀ ਦੇਖਦੇ ਹਨ, ਜਿਸ ਕਰਕੇ ਨਿਗ੍ਹਾ ਕਮਜ਼ੋਰ, ਸਰੀਰ ਰੋਗੀ ਹੋ ਜਾਂਦਾ ਹੈ।

ਵਾਹਿਗੁਰੂ॥ ਬੇਅੰਤ ਬੱਚੇ ਜ਼ਿਆਦਾ ਟੀ ਵੀ ਦੇਖ ਕੇ, ਪੜ੍ਹਾਈ 'ਚ ਫ਼ੇਲ, ਕਮਟਾਲੂ ਬਣ ਚੁੱਕੇ ਹਨ।

ਵਾਹਿਗੁਰੂ॥ ਚਾਹੀਦਾ ਤਾਂ ਇਹ ਹੈ ਕਿ ਬੱਚੇ ਬੱਚੀ ਨੂੰ ਕਥਾ-ਕੀਰਤਨ ਸਤਿਸੰਗਤ ਦੁਆਰਾ ਗੁਰਮੁਖਿ ਬਣਾਇਆ ਜਾਵੇ, ਪਰ ਨਿੱਕੀ ਉਮਰ 'ਚ ਉਨ੍ਹਾਂ ਅੰਦਰ ਵਿਕਾਰ ਪ੍ਰਵੇਸ਼ ਕਰ ਜਾਂਦੇ ਹਨ। ਜਿਸ ਕਰਕੇ ਉਹ ਗੁਰਬਾਣੀ 'ਚ ਨਹੀਂ ਲੱਗਦੇ। ਗੁਰਪ੍ਰਸਾਦਿ ਨੇਕ ਸਾਊ ਗੁਰਮੁਖਿ ਨਿਮਖ ਨਿਮਖ ਪੂਰਨ ਗੁਰੂ ਸਾਹਿਬ ਜੀ ਨੂੰ ਨਮਸਕਾਰ ਕਰਦੇ ਹਨ, ਇਹ ਸ਼ੁਭ ਇੱਛਾ ਕਰਦੇ ਹਨ ਕਿ ਜੇ ਅਸੀਂ ਬੈਡ ਕਰੈਕਟਰ ਹੋਵਾਂਗੇ, ਤਾਂ ਪੂਰਨ ਗੁਰੂ ਪ੍ਰੀਤਮ ਸਾਹਿਬ ਜੀ ਨੂੰ ਉਲਾਂਭਾ ਮਿਲੇਗਾ। ਜਦੋਂ ਕੋਈ ਚੋਰੀ ਜਾਂ ਮੰਦ ਕਰਮ ਕਰਦਾ ਹੈ, ਓਦੋਂ ਅੰਦਰੋਂ ਪਰਮਾਤਮਾ ਜੀ ਦੀ ਅਵਾਜ਼ ਆਉਂਦੀ ਕਿ ਇਹ ਕੰਮ ਠੀਕ ਨਹੀਂ। ਕੁਕਰਮ ਕਰਨ ਤੋਂ ਚਿਹਰਾ ਪੀਲਾ, ਰੋਮ ਰੋਮ ਝੂਠਾ ਮਿਰਤਕ ਹੋ ਜਾਂਦਾ ਹੈ। ਯਥਾ:- ਦਿਲਾ ਕਾ ਮਾਲਕੁ; ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥੩॥

ਵਾਹਿਗੁਰੂ॥ ਜਿਵੇਂ ਟੀ ਵੀ 'ਚ ਸਿਗਟਾਂ, ਸ਼ਰਾਬ ਪੀਂਦੇ, ਫੈਸ਼ਨ ਲਾਉਂਦੇ, ਡਕੈਤੀਆਂ, ਲੁੱਟਣਾ ਖੋਹਣਾ, ਕੁਰੀਤੀਆਂ ਕਰਦੇ ਦੇਖਦੇ ਹਨ, ਉਵੇਂ ਹੀ ਆਪ ਕਰਨ ਲੱਗ ਜਾਂਦੇ ਹਨ, ਜਿਸ ਕਰਕੇ ਸੰਸਾਰ ਅਗਨ ਦਾ ਸਮੁੰਦ੍ਰ ਬਣ ਗਿਆ ਹੈ। ਪੁਲਸ ਪੁੱਠੇ ਟੰਗ ਦਿੰਦੀ ਹੈ, ਚਿੱਤੜ ਕੁੱਟਦੀ ਹੈ। ਫਿਰ ਚੀਕਾਂ ਮਾਰਦੇ ਹਨ "ਹਾਏ ਬਾਪੂ, ਨਾ ਮਾਰ।" ਗ੍ਰੀਬ ਬੰਦੇ ਦਿਹਾੜੀ ਕਰਕੇ, ਚਾਹ ਕਾਫ਼ੀ ਸ਼ਰਾਬ, ਡ੍ਰੱਗ ਨਸ਼ੇ ਪੀ ਲੈਂਦੇ ਹਨ। ਜੇਬ ਖਾਲੀ, ਜ਼ਿੰਦਗੀ ਦੁਖਾਲੀ, ਚਲਦੇ ਕੁਚਾਲੀ। ਨਸ਼ੇ ਵੇਚਣ ਵਾਲੇ ਘਰਾਂ 'ਚ ਜਾ ਕੇ ਨਸ਼ੇ ਵੇਚਦੇ ਹਨ, ਬੰਦੇ ਨੂੰ ਨਸ਼ੇੜੀ ਬਨਾਉਣ ਲਈ ਪਹਿਲਾਂ ਪਹਿਲਾਂ ਮੁਫ਼ਤ ਭੀ ਦੇ ਦਿੰਦੇ ਹਨ।

ਵਾਹਿਗੁਰੂ॥ ਸਰਕਾਰ ਹਦਾਇਤ ਕਰੇ, ਕਿ ਸੈਂਸਰ ਬੋਰਡ ਗੰਦੀਆਂ ਫ਼ਿਲਮਾਂ ਤੇ ਨਾਟਕਾਂ ਨੂੰ ਪਾਸ ਨ ਕਰੇ। ਅਨਜਾਣ ਬੱਚੇ, ਦੁਰਮਤਿ ਸਾਕਤਾਂ ਦੇ ਕੁਕਰਮ ਦੇਖ ਕੇ ਉਨ੍ਹਾਂ ਵਾਂਗ ਕੁਕਰਮ ਕਰਨ ਲੱਗ ਜਾਂਦੇ ਹਨ। ਅਨਜਾਣ ਪੁਣੇ 'ਚ ਜੀਵਨ

ਬਰਬਾਦ ਕਰ ਲੈਂਦੇ ਹਨ। ਬੱਚਿਆਂ ਨੂੰ ਕੁਮਾਰ ਅਵਸਥਾ 'ਚ ਗੁਰਮਤਿ ਸ਼ੁਭ ਸਿੱਖਿਆ ਦ੍ਰਿੜ੍ਹ ਕਰਵਾਈ ਜਾਵੇ। ਜਾਨਵਰਾਂ ਨੂੰ ਭੀ ਦੇਖ ਕੇ ਬੱਚੇ ਉਨ੍ਹਾਂ ਵਾਂਗ ਕਰਮ ਕਰਨ ਲੱਗ ਜਾਂਦੇ ਹਨ। ਮਾਪੇ ਬਹੁਤ ਸੁਚੱਜੇ ਢੰਗ ਨਾਲ ਬੱਚਿਆਂ ਦੀ ਪ੍ਰਤਿਪਾਲਣਾ ਗੁਰਮਤਿ ਅਨੁਸਾਰ ਕਰਨ।

ਗੁਰਪ੍ਰਸਾਦਿ॥ ਖ਼ਾਲਿਸਤਾਨ ਵਿੱਚ ਕੋਈ ਭੀ ਗੁਰਸਿੱਖ ਦੇ ਘਰ ਟੈਲੀਵੀਜ਼ਨ ਨਾ ਲੱਗਣ, ਬੱਚਿਆਂ ਨੂੰ ਗੁਰਬਾਣੀ, ਗੁਰਇਤਿਹਾਸ ਤੇ ਇਖ਼ਲਾਕ ਦੀ ਸ਼ੁਭ ਸਿੱਖਿਆ ਦਿੱਤੀ ਜਾਂਵੇ। ਕੋਈ ਵਿਕਾਰੀ ਮੂਵੀ, ਗੀਤ ਨਾ ਸੁਣੇ ਜਾਣ। ਕੁਸੰਗਤ ਨਹੀਂ ਕਰਨੀ, ਨਸ਼ੇ ਨਹੀਂ ਕਰਨੇ ਤੇ ਨਾ ਕੋਈ ਮਨਮੁਖ ਵਿਕਾਰੀ ਨਸ਼ੇੜੀ ਦੀ ਕੁਸੰਗਤ ਕਰਨੀ। ਅਫਸੋਸ ਹੈ ਕਿ ਦੁਨੀਆਂ ਦੇ ਬੱਚੇ ਨਸ਼ਿਆਂ ਵਿੱਚ ਲੱਗ ਰਹੇ ਹਨ, ਇਖ਼ਲਾਕ ਗਿਰ ਰਹੇ ਹਨ। ਇਸ ਲਈ ਬੱਚਿਆਂ ਨੂੰ ਛੋਟੀ ਉਮਰ ਵਿੱਚ ਸ਼ੁਭ ਗੁਰਮੁਖਿ ਇਖ਼ਲਾਕ ਪੋਥੀ ਪੜ੍ਹਾਈ ਅਤੇ ਸਮਝਾਈ ਜਾਵੇ। ਗੁਰਪ੍ਰਸਾਦਿ ਚੰਗੇ ਇਖ਼ਲਾਕ ਦੀ ਪੂਰੀ ਪੂਰੀ ਸੰਭਾਲ ਕਰਨ, ਹਿਰਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਪ੍ਰਾਪਤ ਕਰਨ ਜੀ।

ਗੁਰਪ੍ਰਸਾਦਿ॥ ਦਸ ਸਤਿਗੁਰੂ ਸਾਹਿਬਾਨ ਜੀ ਵੱਲੋਂ ਸ਼ਰਾਬ ਪੀਣੀ ਮਨ੍ਹਾ ਹੈ। ਸ਼ਰਾਬ, ਸਿਗਟਾਂ, ਚਾਹ ਕੌਫੀ, ਨਸ਼ੇ ਪੀਣੇ, ਬੈਡ ਕ੍ਰੈਕਟ੍ਰ ਹੋਣਾ, ਪਰ ਘਰ ਜਾਣਾ, ਗੰਦਾ ਪਦਾਰਥ ਖਾਈ ਖਾਈ ਖਾਈ ਹੀ ਜਾਣਾ, ਗਾਲ਼ਾਂ ਕੱਢਣੀਆਂ ਸਭ ਦੁਰਮਤਿ ਹੈ ਜੀ। ਗਾਲ਼ਾਂ ਕੱਢਣੀਆਂ, ਘਰੇ ਸ਼ਰਾਬ ਕੱਢਣੀ ਬਹੁਤ ਹੀ ਬੁਰੀ ਆਦਤ, ਪਾਪਾਂ ਦਾ ਸਮੁੰਦ੍ਰ ਹੈ। ਗਾਲ਼ਾਂ ਕੱਢਣ ਨਾਲ ਲੜਾਈ ਝਗੜਾ ਪੈਂਦਾ, ਕਤਲ ਹੋ ਜਾਂਦੇ ਹਨ, ਫਿਰ ਜੇਲ਼ ਮੌਤ ਹੋ ਜਾਂਦੀ ਹੈ। ਯਥਾ:- ਸਲੋਕੁ ਮਃ ੧॥ ਨਾਨਕ. ਫਿਕੈ ਬੋਲਿਐ; ਤਨੁ ਮਨੁ ਫਿਕਾ ਹੋਇ॥ ਫਿਕੋ ਫਿਕਾ ਸਦੀਐ; ਫਿਕੇ ਫਿਕੀ ਸੋਇ॥ ਫਿਕਾ ਦਰਗਹ ਸਟੀਐ; ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ; ਪਾਣਾ ਲਹੈ ਸਜਾਇ॥੧॥ ਨਸ਼ਾ ਡ੍ਰੱਗ, ਭੈੜੇ ਮੰਦੇ ਭੋਜਨ ਵੇਚਣ ਵਾਲੇ ਸੰਸਾਰ ਨੂੰ ਨਰਕ ਬਣਾਉਂਦੇ ਹਨ, ਬੱਚਿਆਂ ਨੂੰ ਫ੍ਰੀ ਮੁਫ਼ਤ ਨਸ਼ਾ ਦੇ ਕੇ, ਨਸ਼ੇੜੀ ਬਣਾਉਂਦੇ, ਵੱਡਾ ਪਾਪ ਕਮਾਉਂਦੇ ਹਨ ਜੀ, ਜਮ ਡੰਡੇ ਖਾਂਦੇ ਹਨ, ਹੋਰਨਾਂ ਦੀ ਜ਼ਿੰਦਗੀ ਬਰਬਾਦ ਕਰਦੇ ਹਨ। ਜਿਸ ਕਰਕੇ ਉਨ੍ਹਾਂ ਦੇ ਘਰ, ਕਾਰੋਬਾਰ ਫੇਲ ਹੋ ਜਾਂਦੇ, ਸਬੰਧੀ ਰੋਂਦੇ ਹਨ।

## ੧੭੨. ਗੁਰਪ੍ਰਸਾਦਿ॥ ਸਤਿਗੁਰੂ ਸਾਹਿਬ ਜੀ ਦੇ ਪਵਿੱਤ੍ਰ ਸਰੂਪ ਵੱਲ ਕਿਸ ਦ੍ਰਿਸਟੀ ਨਾਲ ਤੱਕਣਾ?

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥) ਗੁਰ ਕੀ ਮੂਰਤਿ; ਮਨ ਮਹਿ ਧਿਆਨੁ॥ ਪ੍ਰੇਮ ਪਿਆਰ ਸ਼ਰਧਾ ਨਾਲ ਸਤਿਗੁਰੂ ਸਾਹਿਬ ਜੀ ਪਵਿੱਤ੍ਰ ਗੁਰਬਾਣੀ ਜੀ, ਸਤਿਗੁਰੂ ਸਾਹਿਬਾਨ, ਭਗਤਾਂ ਮਹਾਪੁਰਖਾਂ ਸ਼ਹੀਦਾਂ ਦੀਆਂ ਫ਼ੋਟੋਆਂ ਵੱਲ ਤੱਕਣਾ, ਜਿਸ ਨਾਲ ਦਿਲ ਦਿਮਾਗ਼ ਰਿਦੇ ਵਿੱਚ ਸਦਾ ਲਈ ਵਸ ਜਾਣ। ਯਥਾ:- ਗੁਰ ਮੂਰਤਿ ਗੁਰੁ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥ ਜਿਵੇਂ ਧੰਨ ਸਤਿਗੁਰੂ ਤੇਗਬਾਹਦਰ ਸਾਹਿਬ ਜੀ ਦੀ ਪਿੰਜਰੇ 'ਚ ਬੈਠਿਆਂ ਤੇ ਛੋਟੇ ਸਾਹਿਬਜ਼ਾਦਿਆਂ ਦੀ ਨੀਹ 'ਚ ਚਿਣੇ ਜਾ ਰਹਿਆਂ ਦੀ ਫ਼ੋਟੋ। ਪਰਮਪੂਜਨੀਕ ਅੰਮ੍ਰਿਤ ਦੇ ਦਾਤੇ ਕਲਗੀਧਰ ਪਾਤਿਸਾਹ ਜੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਗਲ਼ 'ਚ ਪੱਲਾ ਪਾ ਕੇ, ਸਿਰ ਝੁਕਾ, ਹੱਥ ਜੋੜ ਕੇ, ਠਾਢ ਭਯੋ ਮੈ ਜੋਰਿ ਕਰਿ; ਬਚਨ ਕਹਾ ਸਿਰ ਨਿਜਾਇ॥) ਦੁਇ ਕਰ ਜੋੜਿ. ਕਰੀ ਬੇਨੰਤੀ; ਠਾਕੁਰੁ ਅਪਨਾ ਧਿਆਇਆ॥ ਅੰਮ੍ਰਿਤ ਦੀ ਦਾਤਿ ਮੰਗ ਰਹੇ ਤੇ ਫਿਰ ਛਕ ਰਹੇ ਦੀ ਫ਼ੋਟੋ ਦਿਮਾਗ਼ ਵਿੱਚ ਆਵੇ।







ਜਦੋਂ ਪਰਾਈ ਇਸਤ੍ਰੀ ਜਾਂ ਪੁਰਖ ਨਿਗ੍ਹਾ ਵਿੱਚ ਆਵੇ ਤਾਂ ਉਪ੍ਰੋਕਤ ਫੋਟੋਆਂ ਦਿਮਾਗ਼ ਵਿੱਚ ਲਿਆਉਣੀਆਂ। ਸਤਿਗੁਰੂ ਸਾਹਿਬ ਜੀ ਦਾ ਉਪਦੇਸ਼ ਰਿਦੇ ਵਿੱਚ ਯਾਦ ਕਰਨਾ, ਅਖੀ ਸੂਤਕੁ ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ ) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥ ) ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਅਚੱਲ ਹੁਕਮ ਨੂੰ ਮੰਨ ਕੇ ਲੱਖਾਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ। ਯਥਾ:- ਨਾਨਕ ਹੁਕਮਿ ਮੰਨਿਐ; ਸੁਖੁ ਪਾਈਐ. ਗੁਰ ਸਬਦੀ ਵੀਚਾਰਿ॥ ਪੂਰਨ ਗੁਰੂ ਜੀ ਦਾ ਹੁਕਮ ਮੰਨਣ ਵਾਲਾ, ਸੱਚੇ ਨਾਮ ’ਚ ਲੀਨ, ਗੁਰਸੇਵਕ ਜੀ ਪੂਰਨ ਬ੍ਰਹਮਗਿਆਨੀ ਹੈ। ਬੱਚਿਆਂ ਨੂੰ ਇਖ਼ਲਾਕ ਜਤ ਸਤ ਦਾ ਨਿਰਮਲ ਉਪਦੇਸ਼ ਵਿਸ਼ੇਸ਼ ਤੌਰ ਤੇ ਛੋਟੀ ਉਮਰ ਵਿੱਚ ਸਮਝਾਇਆ ਸਿਖਾਇਆ ਜਾਵੇ।

ਗੁਰਪ੍ਰਸਾਦਿ॥ ਸਭ ਪ੍ਰੇਮੀ ਉਚੇਚੇ ਤੌਰ ਤੇ ਰੋਮ ਰੋਮ ਕਰਕੇ ਨਾਮ ਜਪਣ, ਗੁਰਮੁਖਿ ਬਨਣ। ਸ੍ਰੀਰ ਦੀ ਸੰਭਾਲ ਕਰਨ, ਸ੍ਰੀਰ ਨੂੰ ਤਕੜਾ ਕਰਨ ਦੀ ਖੁਰਾਕ ਖਾਣ, ਔਰਗੈਨਿਕ ਦੁੱਧ, ਚੱਕੀ ਦਾ ਆਟਾ, ਬਦਾਮ, ਘਿਉ ਆਦਿਕ ਛਕਣ। ਉਹ ਪਦਾਰਥ ਖਾਣ ਜਿਨ੍ਹਾਂ ਨਾਲ ਸ੍ਰੀਰ ਦੇ ਮਸਲ ਬਨਣ।

ਗੁਰਪ੍ਰਸਾਦਿ॥ ਜਿੱਥੇ ਸਾਕਤ ਬੰਦੇ ਜਾਂ ਇਸਤ੍ਰੀਆਂ ਇਕੱਠੇ ਹੋਣ, ਉੱਥੇ ਗੁਰਮੁਖਿ ਬੰਦੇ ਗੁਰਮੁਖਿ ਬੀਬੀਆਂ ਨਾ ਜਾਣ ਜੀ। ਉੱਥੇ ਵਿਕਾਰੀ ਸੰਸਾਰੀ ਗੱਲਾਂ ਚੱਲਦੀਆਂ ਹਨ। ਮਨ ਦੀ ਇਕਾਗ੍ਰਤਾ ਲਈ ਸਦਾ ਸਤਸੰਗਤ ਵਿੱਚ ਰਹਿਣਾ ਜੀ।

ਗੁਰਪ੍ਰਸਾਦਿ॥ ਮਾਪੇ ਆਪਨੇ ਬੱਚਿਆਂ ਨੂੰ ਗੁਰਮੁਖਿ ਬਨਾਉਣ ਲਈ ਛੋਟੀ ਉਮਰ ’ਚ ਲੰਗਰ ਬਨਾਉਣ, ਵਰਤਾਉਣ, ਘਰ ਦੀ ਸਫ਼ਾਈ ਕਰਨ ਦੀ ਸਿੱਖਿਆ ਦੇਣ। ਛੋਟੀ ਉਮਰ ’ਚ ਹੀ ਘਰ ਦੇ ਕੰਮ ਕਰਨ ਲਾਉਣ, ਜਿਸ ਕਰਕੇ ਬਾਲ ਅਵਸਥਾ ’ਚ ਸੇਵਾ ਕਰਨ ਦੀ ਆਦਤ ਪੱਕ ਜਾਵੇ। ਅੱਜ ਕੱਲ੍ਹ ਮਾਵਾਂ ਮੋਹ ਦੇ ਕਾਰਨ ਬੱਚਿਆਂ ਨੂੰ ਇਹ ਸਿੱਖਿਆ ਨਹੀਂ ਦੇ ਰਹੀਆਂ। ਆਪ ਰੋਟੀ ਪਕਾ ਕੇ ਉਨ੍ਹਾਂ ਦੇ ਮੁਖ ਵਿੱਚ ਪਾਉਂਦੀਆਂ ਹਨ, ਕਿ ਇਹ ਮੇਰਾ ਲਾਡਲਾ ਸਪੁੱਤ੍ਰ ਹੈ। ਜਦੋਂ ਬੱਚੇ ਵੱਡੇ ਹੋ ਕੇ ਬਾਹਰ ਵਿਦੇਸ਼ ਪੜ੍ਹਨ ਜਾਂਦੇ ਹਨ, ਤਾਂ ਰੋਟੀ, ਦਾਲ ਸਬਜ਼ੀ ਬਨਾਉਣੀ ਨਹੀਂ ਆਉਂਦੀ ਜਿਸ ਕਰਕੇ ਉਹ ਬਾਹਰੋਂ ਹੋਟਲਾਂ ਤੋਂ ਪਦਾਰਥ ਲੈ ਕੇ ਖਾਂਦੇ ਹਨ। ਹੋਟਲਾਂ ਦਾ ਖਾਣਾ ਅਤਿਅੰਤ ਭੈੜੀ ਆਦਤ ਹੈ, ਹੋਟਲਾਂ ਦੇ ਪਦਾਰਥਾਂ ਨੂੰ ਬੀੜੀ ਵਾਲੇ ਗੰਦੇ ਹੱਥ ਲੱਗਦੇ ਹਨ। ਕਈ ਵਾਰੀ, ਗਾਹਕ ਬਨਾਉਣ ਲਈ ਜਾਣ ਕੇ ਮਿਲਾਵਟ ਕਰਦੇ ਹਨ। ਜਿਵੇਂ ਲੁਧਿਆਣੇ ਇੱਕ ਹੋਟਲ ’ਚ ਵੈਸ਼ਨੂ ਖਾਣੇ ਵਿੱਚ ਮਾਸ ਦੀ ਤਰੀ ਪਾ ਕੇ ਵੇਚਦਾ ਸੀ। ਇਸ ਲਈ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਦੀ ਬਖ਼ਸ਼ੀ ਬਿਬੇਕ ਦੀ ਮਰਯਾਦਾ ਬਹੁਤ ਹੀ ਜ਼ਰੂਰੀ ਹੈ, ਦ੍ਰਿੜਤਾ ਨਾਲ ਮੰਨਣੀ ਕਮਾਉਣੀ ਚਾਹੀਦੀ ਹੈ ਜੀ। ਸਤਿਗੁਰੂ ਜੀ ਦੇ ਬਖ਼ਸ਼ੇ ਸਰਬਲੋਹ ਦੀ ਵਰਤੋਂ ਕਰਨੀ ਚਾਹੀਦੀ ਹੈ ਜੀ। ਸਟੀਲ ਸਿਲਵਰ, ਪਿੱਤਲ ਅਲੂਮਿਨਮ ਆਦਿ ’ਚ ਕੋਈ ਪਦਾਰਥ ਨਹੀਂ ਉਬਾਲਣਾ, ਕੈਂਸਰ ਆਦਿ ਕਈ ਬਿਮਾਰੀਆਂ ਲੱਗਦੀਆਂ ਹਨ ਜੀ। ਬਿਮਾਰੀਆਂ ਵੱਧ ਰਹੀਆਂ, ਉਮਰਾਂ ਘੱਟ ਰਹੀਆਂ ਹਨ, ਇਸ ਲਈ ਸਾਦੇ ਤੋਂ ਸਾਦਾ ਬਿਬੇਕੀ ਲੰਗਰ ਛਕਣਾ ਚਾਹੀਦਾ ਹੈ ਜੀ। ਬੇਨਤੀ ਸੁਣੋ ਗੁਰੂ ਕੇ ਚੰਦ! ਤੜਕਾ ਕਰੋ ਬੰਦ! ਤੜਕੇ ਦੇ ਬਹੁਤ ਨੁਕਸਾਨ ਹਨ, ਇਸ ਨਾਲ ਬਵਾਸੀਰ ਲੱਗਦੀ, ਨੀਂਦ ਵੱਧਦੀ, ਵਿਕਾਰ ਪੈਦਾ ਹੁੰਦੇ ਹਨ। ਸ੍ਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤੜਕੇ ਨੂੰ ਮਨਾ ਕੀਤਾ ਹੈ:- ਭਾਂਤ ਭਾਂਤ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥ ਬੇਅੰਤ ਹੀ ਜੁਝਾਰੂ ਸਿੰਘ ਸਿੰਘਣੀਆਂ ਹੋਏ ਹਨ ਜੋ ਤੜਕਾ ਨਹੀਂ ਸੀ ਖਾਂਦੇ, ਧਰਮ ਯੁੱਧ ਜਿੱਤਦੇ, ਜੈਕਾਰੇ ਗੱਜਾਉਂਦੇ ਰਹਿੰਦੇ ਸਨ।

ਗੁਰਪ੍ਰਸਾਦਿ॥ ਦੋ ਬੱਚੇ ਜਾਂ ਬੱਚੀਆਂ ਇਕੱਠੇ ਨਾ ਪੈਣ, ਵੱਖ ਵੱਖ ਮੰਜਿਆਂ ’ਤੇ ਪੈਣ।

ਗੁਰਪ੍ਰਸਾਦਿ॥ ਧਰਮ ਦੀ ਮਾਂ ਜਾਂ ਧਰਮ ਦੇ ਸਪੁੱਤ੍ਰ ਨਾਲ ਕੁਸੰਗ ਨਹੀਂ ਕਰਨਾ।

ਗੁਰਪ੍ਰਸਾਦਿ॥ ਜੇ ਕੋਈ ਆਪ ਜੀ ਨੂੰ ਕਿਸੇ ਦੀ ਸ਼ਿਕਾਇਤ ਕਰੇ, ਜਾਂ ਮਾੜਾ ਬੋਲੇ ਤਾਂ ਉਸ ਦੀ ਗੱਲ ਸੱਚੀ ਨਹੀਂ ਮੰਨਣੀ। ਜਿਵੇਂ ਜੱਜ ਦੋਵੇਂ ਪਾਸਿਆਂ ਦੀ ਗੱਲ ਪੂਰੀ ਸੁਣ ਕੇ ਫਿਰ ਫੈਸਲਾ ਦਿੰਦਾ, ਇਨਸਾਫ਼ ਕਰਦਾ ਹੈ, ਤਿਵੇਂ ਦੋਵੇਂ ਪਾਸਿਆਂ ਦੀ ਗੱਲ ਸੁਣ ਕੇ ਫੈਸਲਾ ਲਵੋ। ਜਿਸ ਦੀ ਸ਼ਿਕਾਇਤ ਹੋਈ ਹੋਵੇ, ਉਸ ਨੂੰ ਫੋਨ ’ਤੇ ਪੁੱਛੋ, ਜੇ ਇਹ ਗੱਲ ਹੋਈ ਜਾਂ ਨਹੀਂ। ਬਹੁਤ ਵਾਰੀ ਬਿਨਾ ਪੁੱਛੇ ਸਮਝੇ ਦੂਜਿਆਂ ਦੀ ਝੂਠੀ ਸ਼ਿਕਾਇਤ ਮੰਨ ਕੇ, ਨਫ਼ਰਤ ਪੈਦਾ ਹੋ ਜਾਂਦੀ ਹੈ ਕਈ ਵਾਰੀ ਕਤਲ ਭੀ ਹੋ ਜਾਂਦੇ, ਬੰਦੇ ਠੱਗੇ ਜਾਂਦੇ ਹਨ। ਸਤਿਗੁਰੂ ਸਾਹਿਬ ਜੀ ਦਾ ਬਖ਼ਸ਼ਿਆ ਅੰਮ੍ਰਿਤ ਮਈ ਗੁਰਸਬਦ, ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥ ਦਾ ਖ਼ੂਬ ਅਭਿਆਸ ਕਰਨਾ, ਨਿੰਦਾ ਚੁਗਲੀ ਕੰਨ ’ਚ ਪੈਣ ਤੋਂ ਇਹ ਸਬਦ ਦਾ ਜਾਪ ਸ਼ੁਰੂ ਕਰ ਦੇਣਾ। ਪਤੀ ਸਤੀ, ਭੈਣ ਭਰਾ ਆਦਿ ਆਪਸ ਵਿੱਚ ਪਹਿਲਾਂ ਹੀ ਗੱਲ ਕਰ ਲੈਣ। ਜੇ ਆਪ ਜੀ ਨੂੰ ਕੋਈ ਦਾਸਨਦਾਸ ਬਾਰੇ ਗਲਤ ਬੋਲੇ ਉਸ ’ਤੇ ਯਕੀਨ ਨਹੀਂ ਕਰਨਾ ਦਾਸਨਦਾਸ ਨੂੰ ਪੁੱਛ ਲੈਣਾ ਕਿ ਵਾਕਿਆ ਇਹ ਗੱਲ ਸੱਚ ਹੈ ਜਾਂ ਝੂਠ, ਫਿਰ ਪਰਿਵਾਰ ’ਚ ਫੁੱਟ ਨਹੀਂ ਪਵੇਗੀ। ਪਰਿਵਾਰ, ਗੁਰਮੁਖਿ ਜਨ ਇੱਕ ਦੂਜੇ ਨਾਲ ਇਤਫ਼ਾਕ ਰੱਖਣ, ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ’ਤੇ ਪੂਰਨ ਪ੍ਰੇਮ ਤੇ ਭਰੋਸਾ ਰੱਖਣ, ਨਾਮ ਅੰਮ੍ਰਿਤ ਚੱਖਣ, ਗੁਰਸਬਦ ਇਕੱਠੇ ਹੋ ਕੇ ਗਾਉਣ, ਗੁਰੂ ਸਾਹਿਬ ਜੀ ਦੀ ਪੂਜਾ ਕਰਨ, ਅਰਥਾਂ ਸਹਿਤ ਟੈਸਟ ਦੇਣ। ਗੁਰਪ੍ਰਸਾਦਿ॥

**੧੭੩. ਈਸਾ ਮਸੀਹ ਜੀ:-** ਇੱਕ ਦਿਨ ਈਸਾ ਮਸੀਹ ਜੀ ਯਹੂਦੀਆਂ ਦੇ ਗਿਰਜੇ ਬਾਹਰ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾ ਰਹੇ ਸਨ। ਪੁਜਾਰੀਆਂ ਦਾ ਜੱਥਾ ਤੇ ਪਰਜਾ ਇਕੱਠੇ ਹੋ ਕੇ, ਇਕ ਬੀਬੀ ਨੂੰ ਈਸਾ ਮਸੀਹ ਕੋਲੇ ਲੈ ਕੇ ਆਏ। ਕਹਿੰਦੇ "ਈਸਾ ਜੀ ਇਸ ਬੀਬੀ ਨੂੰ ਸ਼ਰੇਆਮ ਪਰਾਏ ਮਰਦ ਨਾਲ ਕੁਸੰਗ ਕਰਦਿਆਂ ਫੜਿਆ ਹੈ। ਆਪਣੀਆਂ ਧਾਰਮਿਕ ਪੁਸਤਕਾਂ ਅਨੁਸਾਰ ਇਸ ਨੂੰ ਪੱਥਰਾਂ ਨਾਲ ਮਾਰਿਆ ਜਾਵੇ। ਆਪ ਜੀ ਦੀ ਕੀ ਰਾਇ ਹੈ?" ਸਾਰੇ ਪੱਥਰ ਮਾਰਨ ਲਈ ਤਿਆਰ ਸਨ। ਈਸਾ ਜੀ ਪ੍ਰੇਮ ਵਿੱਚ ਬੋਲੇ "ਉਹੀ ਪੁਰਸ਼ ਪੱਥਰ ਮਾਰੇ ਜਿਸ ਨੇ ਆਪਣੀ ਜ਼ਿੰਦਗੀ ਵਿੱਚ ਕੋਈ ਭੀ ਪਾਪ ਜਾਂ ਗਲਤੀ ਨਾ ਕੀਤੀ ਹੋਵੇ" ਈਸਾ ਮਸੀਹ ਦੇ ਬਚਨ ਸੁਣਦਿਆਂ ਸਾਰ ਸਾਰਿਆਂ ਦੇ ਮਨ ਠੰਢੇ ਪੈ ਗਏ, ਹੱਥਾਂ ਵਿੱਚੋਂ ਪੱਥਰ ਡਿੱਗ ਪਏ। ਸਾਰੀ ਪਰਜਾ ਆਪੋ ਆਪਣੇ ਘਰਾਂ ਨੂੰ ਵਾਪਿਸ ਚਲੀ ਗਈ।

ਫਰੀਦਾ. ਜੇ ਤੂ ਅਕਲਿ ਲਤੀਫੁ; ਕਾਲੇ. ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥ ਉਥਾਨਕਾ:- ਇੱਕ ਅਫ਼ੀਸਰ ਉਪਦੇਸ਼ ਲੈਣ ਆਇਆ, ਜੋ ਨਿਆਂ ਦੀ ਬਜਾਏ, ਅਪਣਾ ਫ਼ੈਸਲਾ, ਵੱਢੀ ਦੇਣ ਵਾਲੇ ਕਾਤਲ ਦੇ ਹੱਕ 'ਚ ਲਿਖ ਦਿੰਦਾ। ਮੈਂ ਸੜਕ ਬਣਾਈ ਹੈ, ਕਾਗ਼ਜਾਂ 'ਚ ਲਿਖ ਦੇਣਾ, ਲਿਖ ਕੇ, ਭੋਲ਼ੇ ਬੰਦੇ ਤੋਂ ਸਾਈਨ ਕਰਾ ਕੇ, ਕਿਸੇ ਦੀ ਚੀਜ਼, ਅਪਣੇ ਕਬਜ਼ੇ ਕਰ ਲੈਣੀ, ਕਾਲ਼ੇ ਲੇਖ ਲਿਖਣੇ ਹਨ। ਹੇ ਫਰੀਦਾ! ਜੇ ਤੂ (ਅਕਲਿ) ਬੁੱਧੀ (ਲਤੀਫੁ) ਚਤਰ ਦਾਨਾ ਸਿਆਣਾ ਨੇਕ ਕ੍ਰਿਪਾਲ ਸਾਊ ਹੈਂ, ਤਾਂ ਚੋਰੀ ਯਾਰੀ ਨਿੰਦਾ ਕਤਲ ਠੱਗੀ ਵੱਢੀ ਲੈਣੀ ਪਰਾਇਆ ਹੱਕ ਖਾਣ ਤੰਬਾਕੂ ਸ਼ਰਾਬ ਮਾਸ ਨਸ਼ੇ ਵਰਤਣ ਜੂਆ ਖੇਡਣ, ਨਿਰਦੋਸ਼ ਜੀਆਂ ਨੂੰ ਬੰਬਾਂ ਨਾਲ ਸਾੜਨ ਆਦਿ ਅਨੇਕ ਬੱਜਰ ਪਾਪ ਕਰਨ ਰੂਪ ਕਾਲੇ ਲਿਖੁ ਨ ਲੇਖੁ॥ ਅਥਵਾ ਅਪਨੇ ਮਨ 'ਚ ਮੰਦੇ ਕੰਮ ਕਰਨ ਦੇ ਜੋ ਸੰਕਲਪ ਹਨ, ਇਹ ਭੀ ਕਾਲ਼ੇ ਲੇਖ ਲਿਖਣੇ ਹਨ, ਇਹ ਭੀ ਕਾਲੇ ਲਿਖੁ ਨ ਲੇਖੁ।

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥ ਪਰਮ ਪਿਆਰੇ ਅਕਾਲ ਜੀ ਦੇ ਅੱਗੇ, ਸਿਰੁ ਨੀਵਾਂ (ਕਰਿ) ਕਰਕੇ, (ਸਿਰੁ) ਹੰਕਾਰ ਨੀਵਾਂ (ਕਰਿ) ਕਰਕੇ, (ਆਪਨੜੇ) ਅਪਣੇ (ਗਿਰੀਵਾਨ) ਦਿਲ, ਸ਼ੁਭ ਵਿਚਾਰ ਰੂਪੀ ਬੁੱਕਲ, (ਮਹਿ) ਵਿੱਚ, ਸ਼ੁਭ ਵੀਚਾਰ ਕਰਕੇ, ਲੰਮੀ ਨਦਰ ਕਰਕੇ ਅਪਨੇ ਅੰਦਰ ਝਾਤੀ ਮਾਰ ਕੇ ਦੇਖੁ ਮੈਂ ਜੋ ਕਾਲੇ ਪਾਪ ਕਰ ਰਿਹਾ ਹਾਂ, ਇਸ ਦਾ ਮਹਾਂ ਮਹਾਂ ਕਸ਼ਟ ਮੈਨੂੰ ਭੋਗਣਾ ਪਵੇਗਾ, ਦੂਜਿਆਂ ਦੇ ਔਗੁਣ ਦੇਖਣ ਦੀ ਥਾਂ, ਅੰਤਰਮੁਖ ਬ੍ਰਿਤੀ ਕਰਕੇ ਅਪਣੇ ਹੀ ਔਗੁਣ ਦੇਖੁ। ਅਥਵਾ (ਸਿਰੁ) ਹੰਕਾਰ ਨੰੀਵਾਂ (ਕਰਿ) ਕਰਕੇ, ਖਿਮਾ ਨਿਮ੍ਰਤਾ ਸਹਿਤ ਹੋ ਕੇ, (ਆਪਨੜੇ) ਅਪਣੇ (ਗਿਰੀਵਾਨ) ਦਿਲ (ਮਹਿ) ਵਿੱਚ, ਵਾਹਿਗੁਰੂ ਜੀ ਨੂੰ ਸਭ ਅੰਦਰ ਦੇਖੁ॥੬॥

ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਧੰਨ ਹਨ, ਹੁਣ ਸ੍ਰਵੰਸ ਕੁਰਬਾਨ ਕਰ ਰਹੇ ਹਨ! ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਪੰਜੇ ਪਿਆਰੇ ਚਾਰ ਸਾਹਿਬਜ਼ਾਦੇ ਚਾਲੀ ਮੁਕਤੇ ਗੁਰਮੁਖਿ ਸੰਤ ਭਗਤ ਸ਼ਹੀਦ, ਨਾਮ ਜਪ, ਵੰਡ ਛਕ, ਦੇਗ ਚਲਾ, ਧਰਮਯੁੱਧ 'ਚ ਤੇਗ ਚਲਾ, ਧਰਮ ਹਿਤ ਸੀਸ ਕਟਵਾ, ਚਰਖ਼ੜੀਆਂ 'ਤੇ ਚੜ੍ਹ ਬੰਦ ਬੰਦ ਕਟਵਾ, ਖੋਪਰੀਆਂ ਲੁਹਾ, ਦੇਗਾਂ 'ਚ ਉਬਾਲ਼ੇ ਖਾ, ਪੁੱਠੀਆਂ ਖੱਲਾਂ ਲੁਹਾ, ਆਪਣੇ ਆਪ ਨੂੰ ਭੱਠਾਂ 'ਚ ਝੁਕਵਾ, ਆਪਣੇ ਬੱਚਿਆਂ ਦੇ ਟੁਕੜੇ ਟੁਕੜੇ ਕਰਵਾ, ਆਪਣੇ ਗਲ਼ਾਂ ਤੇ ਝੋਲੀਆਂ 'ਚ ਹਾਰ ਪੁਆ, ਆਪਣੇ ਬੱਚਿਆਂ ਤੇ ਆਪਣੇ ਸਿਰਾਂ ਨੂੰ ਨੇਜ਼ਿਆਂ 'ਤੇ ਟੰਗਵਾ, ਡਾਂਗਾਂ ਦੀ ਮਾਰ ਖਾ, ਆਪਣੇ ਆਪ ਨੂੰ ਜੰਡਾਂ ਨਾਲ ਬੰਨ੍ਹਵਾ ਸੜਵਾ ਕੇ ਗੁਰੂ ਜੀ ਲਈ ਸ਼ਹੀਦ ਹੋ ਰਹੇ ਹਨ। ਧੰਨ ਸਤਿਗੁਰੂ ਸਾਹਿਬ ਜੀ, ਧੰਨ ਸ਼ਹੀਦ ਗੁਰਸਿੱਖ ਪਿਆਰੇ।

੧੭੪. ਕਈ ਸੋਚਦੇ ਕਿ ਤਰਕ ਦਾ ਜ਼ਖਮ ਨਹੀਂ ਮਿਟਦਾ:- ਗੁਰਮਤਿ ਅਨੁਸਾਰ ਹੁਕਮ ਹੈ, ਤਰਕ ਨਹੀਂ ਮਾਰਨੀ। ਸੱਚੇ ਪਾਤਿਸਾਹ ਜੀ ਦੇ ਧਿਆਨ 'ਚ, ਕਵਨ ਥਾਨ ਧੀਰਿਓ ਹੈ ਨਾਮਾ; ਕਵਨ ਬਸਤੁ ਅਹੰਕਾਰਾ॥ ਕਵਨ ਚਿਹਨ ਸੁਨਿ ਊਪਰਿ ਛੋਹਿਓ; ਮੁਖ ਤੇ ਸੁਨਿ ਕਰਿ ਗਾਰਾ॥ (੯੯੯) ਇਨ੍ਹਾਂ ਪੰਕਤੀਆਂ ਦਾ ਐਨਾ ਜ਼ਿਆਦਾ ਅਭਿਆਸ ਕਰਨਾ ਚਾਹੀਦਾ ਜਿਸ ਕਰਕੇ ਤਰਕ ਜਾਂ ਗਾਲ਼ ਦਾ ਦਿਲ 'ਤੇ ਅਸਰ ਨਾ ਹੋਵੇ। ਗੁਰਮੁਖਾਂ ਨਾਲ ਜੇ ਕੋਈ ਵੈਰ ਕਰੇ, ਤਾਂ ਭੀ ਗੁਰਮੁਖਾਂ ਦਾ ਦਿਲ ਨਿਰਵੈਰ ਰਹਿੰਦਾ ਹੈ। ਮਨਮੁਖਾਂ ਦੇ ਅੰਦਰ ਵੈਰ, ਪੱਥਰ ਦੀ ਲਕੀਰ ਵਾਂਗ ਦ੍ਰਿੜ ਹੋ ਜਾਂਦਾ ਹੈ, ਭਾਵੇਂ ਪ੍ਰਾਣ ਤਿਆਗ ਦੇਣ, ਪਰ ਵੈਰ ਨਹੀਂ ਤਿਆਗਦੇ। ਸੋ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨ ਕੇ, ਨਿਹਾਲ ਨਿਹਾਲ ਹੋਣਾ ਚਾਹੀਦਾ ਹੈ ਜੀ। ਯਥਾ:- ਆਪੁ ਤਿਆਗਿ ਹੋਈਐ ਸਭ ਰੇਣਾ; ਜੀਵਤਿਆ ਇਉ ਮਰੀਐ॥ (੭੫੦)

੧੭੫. ਅਮੋਲਕ ਜਨਜੀਵਨ ਸਿੱਖਿਆ:- ਗੁਰਪ੍ਰਸਾਦਿ॥ ਸਭ ਧਰਮਾਂ ਦੇ ਧਾਰਮਿਕ ਅਸਥਾਨਾਂ 'ਚ ਤਮਾਕੂ ਲਿਜਾਣ ਦੀ ਸਖ਼ਤ ਮਨਾਹੀ ਹੈ। ਰੋਜ਼ਿਆਂ ਦੇ ਦਿਨਾਂ 'ਚ ਮੁਸਲਮਾਨ ਤਮਾਕੂ ਨਹੀਂ ਪੀਂਦੇ। ਸ਼ਾਸਤ੍ਰਾਂ ਕਤੇਬਾਂ ਤੇ ਗੁਰਮਤਿ 'ਚ ਸਭ ਥਾਂ ਤਮਾਕੂ ਨੂੰ ਨਿੰਦਿਆ ਹੈ। ਇਸ ਨੂੰ ਕਿਸੇ ਭੀ ਪੀਰ ਪੈਗੰਬਰ ਅਵਤਾਰ ਨੇ ਨਹੀਂ ਵਰਤਿਆ। ਤਮਾਕੂ ਪੀਣ ਵਾਲੇ ਦੇ ਹੱਥੋਂ ਪਾਣੀ ਆਦਿਕ ਲੈ ਕੇ ਨਹੀਂ ਪੀਣਾ। ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ। ਇਹ ਸ਼ੁਭ ਸਿੱਖਿਆ ਮਾਪੇ ਆਪਣੇ ਬੱਚਿਆਂ ਨੂੰ ਛੋਟੀ ਉਮਰ 'ਚ ਦੇਣ। ਇਸ ਭੈੜੀ ਭ੍ਰਿਸ਼ਟ ਜਗਤ ਜੂਠ ਤੋਂ ਨਫ਼ਰਤ ਪਾਉਣ। ਦੱਸਿਆ ਜਾਵੇ ਕਿ ਜੇ ਕੋਈ ਤੁਹਾਨੂੰ ਤਮਾਕੂ ਸੇਵਨ ਕਰਨ ਨੂੰ ਕਹੇ, ਤਾਂ ਸਤਿਗੁਰੂ ਪਾਰਬ੍ਰਹਮ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ, ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੀ ਸ਼ਹੀਦੀ ਜਪਣੀ ਜਪਾਉਣੀ ਹੈ, ਗੁਰਬਾਣੀ ਦਾ ਜਾਪ ਸ਼ੁਰੂ ਕਰਕੇ, ਉਥੋਂ ਪਰੇ ਹੋ ਜਾਣਾ ਹੈ।

ਸਦਾ ਦਸ ਸਤਿਗੁਰੂ ਸਾਹਿਬਾਨ, ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਗ ਸੰਗ ਜਾਣ ਕੇ ਹਜ਼ੂਰੀ 'ਚ ਰਹਿਣਾ ਸਿਮਰਨ ਕਰਨਾ। ਇਉਂ ਸਮਝਣਾ, ਜਿਧਰ ਦਾਸਨਦਾਸ ਸ੍ਰੀਰ ਜਾਂ ਮਨ ਸੰਕਲਪ ਵਿਕਲਪ ਕਰਕੇ ਜਾਵੇ, ਵਾਹਿਗੁਰੂ ਸਤਿਗੁਰੂ ਸਾਹਿਬ ਜੀ ਮੇਰੇ ਨਾਲ ਹਨ। ਯਥਾ:- ਗੁਰੁ ਮੇਰੈ ਸੰਗਿ; ਸਦਾ ਹੈ ਨਾਲੇ॥ ਸਿਮਰਿ ਸਿਮਰਿ; ਤਿਸੁ ਸਦਾ ਸਮ੍ਾਲੇ॥੧॥ਰਹਾਉ॥) ਸੋ ਸਤਿਗੁਰੁ ਪਿਆਰਾ. ਮੇਰੈ ਨਾਲਿ ਹੈ; ਜਿਥੈ ਕਿਥੈ ਮੈਨੋ ਲਏ ਛਡਾਈ॥ ਹਰ ਸੁਆਸ ਹਜ਼ੂਰੀ 'ਚ ਰਹਿਣ ਦਾ ਅਭਿਆਸ ਕਰਨਾ, ਜਿਸ ਨਾਲ ਮਹਾਂ ਵਿਸਮਾਦ ਪ੍ਰੇਮ ਰੰਗ ਬੱਝ ਜਾਂਦਾ ਹੈ। ਲਗਾਤਾਰ ਯਤਨ ਕਰੀ ਜਾਣਾ, ਉੱਦਮ ਕਰੀ ਜਾਣਾ, ਉੱਠਦਿਆਂ ਬੈਠਦਿਆਂ, ਖਾਂਦਿਆਂ ਸੌਂਦਿਆਂ ਆਦਿ ਹਰ ਸਮੇਂ ਸਿਮਰਨ ਕਰਦਿਆਂ ਹਜ਼ੂਰੀ ਦਾ ਪ੍ਰਭਾਵ ਮਨ 'ਤੇ ਪੈ ਜਾਂਦਾ ਹੈ, 'ਲੱਗੇ ਰਹੋ, ਹਰ ਦਮ ਲੱਗੇ ਰਹੋ, ਗੁਰੂ ਲਾਈ ਰੱਖੇ' ਭਾਈ ਸਾਹਿਬ ਭਾਈ ਵੀਰ ਸਿੰਘ ਜੀ। ਯਥਾ:- ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ; ਸਗਲ ਰੇਣ ਹੋਇ ਰਹੀਐ॥ ਸਾਧੂਸੰਗਤਿ ਹੋਇ ਪਰਾਪਤਿ; ਤਾ ਪ੍ਰਭੁ ਅਪੁਨਾ ਲਹੀਐ॥੩॥) ਹੈ ਹਜੂਰਿ; ਕਤ ਦੂਰਿ ਬਤਾਵਹੁ॥ ਦੁੰਦਰ ਬਾਧਹੁ; ਸੁੰਦਰ ਪਾਵਹੁ॥੧॥ਰਹਾਉ॥) ਦੁਕਾਲੰ ਪ੍ਰਣਾਸੀ; ਦਇਆਲੰ ਸਰੂਪੇ॥ ਸਦਾ ਅੰਗ ਸੰਗੇ; ਅਭੰਗੰ ਬਿਭੂਤੇ॥੧੯੯॥) ਆਰਾਧਉ ਤੁਝਹਿ; ਸੁਆਮੀ ਅਪਨੇ॥ ਊਠਤ ਬੈਠਤ ਸੋਵਤ ਜਾਗਤ; ਸਾਸਿ ਸਾਸਿ ਸਾਸਿ ਹਰਿ ਜਪਨੇ॥੧॥ਰਹਾਉ॥) ਸਲੋਕੁ ਮਃ ੫॥ ਉਦਮੁ ਕਰੇਦਿਆ ਜੀਉ ਤੂੰ; ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ; ਨਾਨਕ. ਉਤਰੀ ਚਿੰਤ॥੧॥ ਇਉਂ ਪੂਰਨ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੂੰ ਅੰਗ ਸੰਗ ਜਾਨਣ ਨਾਲ ਮਨ ਬਾਣੀ ਸ੍ਰੀਰ ਕਰਕੇ ਵਿਕਾਰ

ਔਗੁਣਾਂ ਪਾਪਾਂ ਤੋਂ ਨਿਰਮਲ ਹੋ ਜਾਈਦਾ ਹੈ ਜੀ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਪ੍ਰਾਪਤ ਹੋ ਜਾਂਦੀ ਹੈ।

ਵਾਹਿਗੁਰੂ॥ ਪਾਰਬ੍ਰਹਮ ਵਾਹਿਗੁਰੂ ਜੀ ਤੋਂ ਜੀਵਨ ਦਾ ਮੁੱਲ ਪ੍ਰਾਪਤ ਕਰਨ ਲਈ, ਨਮਸਕਾਰਾਂ ਕਰਦਿਆਂ ਗੁਰਬਾਣੀ ਉੱਚੀ ਗਾਓ, ਇਹ ਗੁਰਬਾਣੀ ਦੀ ਅਵਾਜ਼ ਅਕਾਸ਼ 'ਚ ਗੇੜੇ ਮਾਰ ਕੇ ਸੱਚਖੰਡ 'ਚ ਪਹੁੰਚਦੀ ਹੈ। ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਬਖ਼ਸ਼ ਕੇ ਅਮਰ ਕਰਦੀ ਹੈ। ਯਥਾ:- ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥੨॥) ਅੰਮ੍ਰਿਤੁ ਪੀਵੈ; ਅਮਰੁ ਸੋ ਹੋਇ॥ ਗੁਰਬਾਣੀ ਜੀ ਬਖ਼ਸ਼ਦੇ ਹਨ ਨੈਕਟਰ ਅਤੇ ਗੁਡ ਕਰੈਕਟਰ।

ਵਾਹਿਗੁਰੂ॥ ਮਾਪੇ ਬੱਚੇ ਬੱਚੀ ਦੀ ਪਾਲਨਾ ਸਮਦ੍ਰਿਸਟੀ ਨਾਲ ਕਰਨ।

ਗੁਰਪ੍ਰਸਾਦਿ॥ ਧੰਨ ਗੁਰੂ ਨਾਨਕਦੇਵ ਸਾਹਿਬ ਜੀ ਪਾਰਬ੍ਰਹਮ ਦਸ ਸਤਿਗੁਰੂ ਸਾਹਿਬਾਨ ਜੀ ਤੋਂ ਪਹਿਲਾਂ ਲੋਕ ਤਪ ਹੀ ਤਪ ਕਰਦੇ ਸਨ, ਹਜ਼ਾਰਾਂ ਵਰ੍ਹੇ ਤਪ ਕਰਨਾ, ਪਰ ਮਗਰੋਂ ਇਖ਼ਲਾਕ ਡਿੱਗ ਪੈਂਦਾ ਸੀ। ਪਰਮਪੂਜਨੀਕ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ ਜੀਆਂ ਦੇ ਕਲਿਆਣ ਲਈ ਸਤਿਸੰਗਤ ਬਣਾਈ ਨਿਰੰਕਾਰ ਗੁਰਬਾਣੀ ਜੀ ਬਖ਼ਸ਼ੇ ਜੀ। ਯਥਾ:- ਜਹ ਸਤਿਗੁਰੁ; ਤਹ ਸਤਸੰਗਤਿ ਬਣਾਈ॥) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥ ਦਸ ਸਤਿਗੁਰੂ ਸਾਹਿਬਾਨ ਜੀ ਨੇ ਗੁਰਬਾਣੀ ਜੀ ਗਾ ਕੇ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕੀਤੀ, ਹੁਣ ਕਰ ਰਹੇ ਹਨ ਅਤੇ ਸਦਾ ਲਈ ਕਰਨਗੇ। ਸੁੱਕੇ ਹਰੇ ਕਰ ਦਿਤੇ। ਯਥਾ:- ਸੂਕੇ ਹਰੇ ਕੀਏ; ਖਿਨ ਮਾਹੇ॥ ਦਸ ਸਤਿਗੁਰੂ ਸਾਹਿਬਾਨ ਜੀ ਨੇ ਆਪ ਗੁਰਬਾਣੀ ਜੀ ਕਮਾਏ ਗਾਏ ਗੁਰਸਿੱਖਾਂ ਤੋਂ ਗਾਵਾਏ। ਹੁਣ ਮਿਲ ਕੇ ਗੁਰਬਾਣੀ ਗੌਂਦੇ ਹਨ ਗੁਰਭਾਈ।

ਸੱਚੀ ਸਤਿਸੰਗਤ ਰੂਪੀ ਕਿਲ੍ਹੇ ਵਿੱਚ ਚੌਵੀ ਘੰਟੇ ਰਹਿਣ ਨਾਲ ਵਿਕਾਰਾਂ ਰੂਪੀ ਵੈਰੀਆਂ ਤੋਂ ਰੱਖਿਆ ਹੁੰਦੀ ਹੈ। ਜਦੋਂ ਵਿਕਾਰ ਹਮਲਾ ਕਰਨ ਤਦੋਂ ਸਤਿਸੰਗਤ ਵਿੱਚ ਮਿਲ ਕੇ ਉੱਚੀ ਉੱਚੀ ਕਥਾ ਕੀਰਤਨ ਕਰਨਾ, ਇਹ ਵੈਰੀਆਂ 'ਤੇ ਤੀਰਾਂ ਗੋਲੀਆਂ ਦੀ ਵਰਖਾ ਕਰਨੀ ਹੈ। ਯਥਾ:- ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥ ਤੀਖਣ ਬਾਣ ਚਲਾਇ; ਨਾਮੁ ਪ੍ਰਭ ਧ੍ਯਾਈਐ॥ ਇਸ ਲਈ ਸਿੱਖ ਸਿੱਖਣੀਆਂ ਨੇ ਹਮੇਸ਼ਾ ਸਤਿਸੰਗਤ ਜੀ ਦੇ ਵਿੱਚ ਹੀ ਰਹਿ ਕੇ ਗੁਰੂ ਗ੍ਰੰਥ ਗੁਰੂ ਪੰਥ ਜੀ ਦੇ ਆਗਿਆਕਾਰੀ ਅਨੁਸਾਰੀ ਰਹਿਣਾ।

ਗੁਰਪ੍ਰਸਾਦਿ॥ ਆਪਣੇ ਟਿਕਾਅ ਲਈ ਅੱਖਾਂ ਮੀਚ ਕੇ ਲੰਮਾ ਸਮਾਂ ਬੈਠ ਕੇ ਸਿਰਮਨ ਕਰਦੇ, ਬਹੁਤ ਜ਼ੋਰ ਲਾਉਂਦੇ। ਪਰ ਹੁਣ ਮਨ ਦੇ ਟਿਕਾਅ ਲਈ, ਗੁਰਬਾਣੀ ਜੀ ਦੀਆਂ ਪੂਰੀਆਂ ਲਗਾਂ ਲਾ ਕੇ ਪੜ੍ਹਣੇ, ਇਹ ਹੀ ਸਿਮਰਨ ਹੈ। ਗੁਰਬਾਣੀ ਦੀਆਂ ਲਗਾਂ, ਅੱਖਰਾਂ ਅਰਥਾਂ ਨੂੰ ਚੇਤੇ ਕਰਨਾ। ਜਿਵੇਂ ਅਪੁਨੇ ਠਾਕੁਰ ਕੀ; ਹਉ ਚੇਰੀ॥ "ਅਪੁਨੇ" ਦੇ ਪੱਪੇ ਨੂੰ ਔਂਕੜ ਹੈ। ਗੁਰਮੁਖੀ ਗੁਰਮੁਖਿ ਬਾਲਉਪਦੇਸ਼ ਦੇ ਪੰਜ ਪਾਠ ਸੁਣ ਕੇ ਕਰੋ, ਜਿਸ ਕਰਕੇ ਜੀਭ ਲਗਾਂ ਲਾਉਣ ਨੂੰ ਗਿੱਝ ਜਾਵੇ, ਪੜ੍ਹਦਿਆਂ ਕੋਈ ਲਗ ਨਹੀਂ ਛਡਣੀ। ਬੰਦਾ ਅਪਣੇ ਤੇ ਦੂਜਿਆਂ ਦੇ ਟਿਕਾਅ ਲਈ ਸਬਦ ਦੀ ਸਿੱਧੀ ਕਰੇ। ਇਹ ਸੰਤ ਦਾ ਮਾਰਗ ਹੈ, ਜੋ ਆਪ ਜਪਣਾ ਤੇ ਹੋਰਨਾਂ ਨੂੰ ਨਾਮ ਜਪਾਉਣਾ ਹੈ ਜੀ। ਯਥਾ:- ਸੰਤ ਕਾ ਮਾਰਗੁ; ਧਰਮ ਕੀ ਪਉੜੀ ਕੋ ਵਡਭਾਗੀ ਪਾਏ॥) ਆਪਿ ਜਪਹੁ; ਅਵਰਾ ਨਾਮੁ ਜਪਾਵਹੁ॥

ਗੁਰਪ੍ਰਸਾਦਿ॥ ਇੱਕ ਡਾਇਰੀ 'ਤੇ ਗੁਰਸਬਦ ਅਰਥਾਂ ਸਹਿਤ ਲਿਖੇ ਜਾਣ। ਉਸ ਦਾ ਖ਼ੂਬ ਅਭਿਆਸ ਕਰਕੇ, ਬਿਨਾ ਦੇਖੇ ਟੈਸਟ ਦੇ ਕੇ ਸਾਖਿਆਤ ਕੀਤੇ ਜਾਣ। ਜਦੋਂ ਕੋਈ ਗੁਰਸਿੱਖ ਮਿਲੇ, ਫ਼ਤੇ ਬੁਲਾ ਕੇ, ਉਸ ਨੂੰ ਆਪਣੀ ਡਾਇਰੀ ਫ਼ੜਾ ਕੇ, ਕਹਿਣਾ ਸੁਣੋ ਜੀ 'ਸੇ ਸਿਮਰਹਿ; ਜਿਨ ਆਪਿ ਸਿਮਰਾਏ॥ ਨਾਨਕ. ਤਾ ਕੈ; ਲਾਗਉ ਪਾਏ॥੩॥' ਅਰਥਾਂ ਲਗਾਂ ਸਮੇਤ ਸ਼ੁੱਧ ਉਚਾਰਨ ਸੁਣਾ ਦੇਵੇ। ਇਹ ਸਬਦ ਦੀ ਸਿੱਧੀ ਦਾ ਢੰਗ ਹਰੇਕ ਗੁਰਦੁਆਰੇ ਲਾਗੂ ਕੀਤਾ ਜਾਵੇ। ਪ੍ਰੇਮੀ ਇਕੱਠੇ ਹੋ ਕੇ,

ਸ੍ਰੀ ਨਿਸ਼ਾਨ ਸਾਹਿਬ ਹੱਥ 'ਚ ਲੈ ਕੇ ਗੁਰਬਾਣੀ ਗਾਉਂਦਿਆਂ, ਸਿਰ ਝੁਕਾਉਂਦਿਆਂ, ਗੁਰੂ ਸਾਹਿਬ ਜੀ ਨੂੰ ਨਮਸਕਾਰਾਂ, ਡੰਡਾਉਤਾਂ ਪ੍ਰਕਰਮਾਂ ਕਰਨ। ਜਿਹੜੇ ਗੁਰ ਸਬਦ ਜੀ ਇਕੱਠੇ ਗਾਏ ਹੋਣ, ਉਨ੍ਹਾਂ ਦਾ ਫਿਰ ਜ਼ਬਾਨੀ ਤੇ ਲਿਖਤੀ ਟੈਸਟ ਭੀ ਦੇਣ। ਜਿਹੜਾ ਪ੍ਰੇਮੀ ਗੁਰਦੁਆਰੇ ਆਵੇ, ਉਹ ਗੁਰ ਉਪਦੇਸ਼ ਦ੍ਰਿੜ੍ਹ ਕਰਕੇ ਜਾਵੇ, ਸ਼ਾਂਤੀ ਪਾਵੇ, ਦਸ ਸਤਿਗੁਰੂ ਸਾਹਿਬਾਨ ਜੀ ਦਾ ਨਾਮ ਜਪੇ ਜਪਾਵੇ। ਸੰਸਾਰ ਵਿਕਾਰਾਂ ਦੀ ਅੱਗ ਦਾ ਸਮੁੰਦ੍ਰ ਹੈ, ਇਸ ਤੋਂ ਬਚੋ, ਗੁਰੂ ਗੁਰੂ ਜਪੋ ਜਪਾਓ, ਗੁਰਬਾਣੀ ਗਾਓ। ਜਿਵੇਂ ਗੁਰੂ ਸਾਹਿਬ ਜੀ ਦਾ ਮੁਖਵਾਕ ਹੈ ਖਸਮੁ ਵਿਸਾਰਿ; ਕੀਏ ਰਸ ਭੋਗ॥ ਤਾਂ ਤਨਿ; ਉਠਿ ਖਲੋਏ ਰੋਗ॥ ਤਾਂ ਸੰਗਤਾਂ ਨੂੰ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਜਾਵੇ, ਜਿਸ ਕਰਕੇ ਉਹ ਆਧੀ ਬਿਆਧੀ ਉਪਾਧੀ ਰੋਗਾਂ ਤੋਂ ਬਚਣ, ਜੀਵਨ ਸੁਖ ਸ਼ਾਂਤੀ ਵਿੱਚ ਬਤੀਤ ਹੋਵੇ।

ਗੁਰਪ੍ਰਸਾਦਿ॥ ਜਦੋਂ ਗੁਰੂ ਘਰ ਵਿਖੇ ਸ਼ਾਦੀ ਹੋਵੇ ਤਾਂ ਸਤਿਕਾਰਯੋਗ ਗ੍ਰੰਥੀ ਜੀ, ਗਿਆਨੀ ਸਿੰਘ ਜੀ ਜੋੜੀ ਅਤੇ ਸੰਗਤਾਂ ਨੂੰ ਲਾਵਾਂ ਦੇ ਸਹੀ ਸੱਚੇ ਨਿਰਮਲ ਅਰਥ ਅਤੇ ਭਾਵ ਸਮਝਾਉਣ, ਕਿ ਜੋ ਮਹਾਰਾਜ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕੀਤੀਆਂ, ਲਾਵਾਂ ਦੀ ਪਵਿੱਤ੍ਰ ਬਾਣੀ ਪੜ੍ਹੀ ਗਈ, ਇਹ ਕੇਵਲ ਸ੍ਰੀਰਕ ਸਨਬੰਧ ਲਈ ਨਹੀਂ ਬਲਕਿ ਸਭਨਾ ਦੇ ਪਤੀ ਅਕਾਲਪੁਰਖੁ ਸਤਿਗੁਰੂ ਗ੍ਰੰਥ ਸਾਹਿਬ ਜੀ ਨਾਲ ਇੱਕ ਜੋਤਿ ਹੋਣ ਲਈ ਹਨ। ਆਪ ਜੀ ਨੇ ਅੱਜ ਪ੍ਰਣ ਕੀਤਾ ਹੈ, ਕਿ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਰਾਹ 'ਤੇ ਚਲਾਂਗੇ, ਇਕੱਠੇ ਮਿਲ ਕੇ ਬੰਦਗੀ ਕਰਾਂਗੇ, ਗੁਰੂ ਪੰਥ ਜੀ ਦੀ ਨਿਸ਼ਕਾਮ ਸੇਵਾ ਕਰਾਂਗੇ।

ਗੁਰਪ੍ਰਸਾਦਿ॥ ਇੱਕ ਗੁਰਮੁਖਿ ਮਾਂ ਨੇ ਦੇਖਿਆ ਕਿ ਮੇਰਾ ਪੁੱਤ ਪਰਾਇਆ ਰੂਪ ਦੇਖਣ ਲੱਗ ਗਿਆ। ਤਾਂ ਉਸ ਨੇ ਪੁੱਤ੍ਰ ਦੀ ਬਾਂਹ ਫੜ ਕੇ ਕਿਹਾ "ਜੇ ਤੂੰ ਪਰਾਇਆ ਰੂਪ ਨ ਦੇਖਦਾ ਹੁੰਦਾ, ਤਾਂ ਤੂੰ ਦਿਨੇ ਤਾਰੇ ਦੇਖ ਲੈਂਦਾ।" ਭਾਵ ਪਰਾਇਆ ਰੂਪ ਵਿਕਾਰ ਦ੍ਰਿਸ਼ਟੀ ਨਾਲ ਦੇਖਣ ਨਾਲ ਨਿਗ੍ਹਾ ਘੱਟ ਜਾਂਦੀ ਹੈ। ਜੀਵ ਅੰਨ੍ਹਾ ਹੋ ਜਾਂਦਾ ਹੈ। ਇਸ ਲਈ ਜਿਹੜੇ ਗੁਰਮੁਖਿ ਪਰਾਇਆ ਰੂਪ ਨਹੀਂ ਦੇਖਦੇ ਉਨ੍ਹਾਂ ਦੀ ਨਿਗ੍ਹਾ ਸਦਾ ਤਕੜੀ ਰਹਿੰਦੀ ਹੈ। ਜਿਵੇਂ ਸੰਤ ਬਾਬਾ ਤਾਰਾ ਸਿੰਘ ਜੀ ਸਿਰਾਲੀ ਵਾਲਿਆਂ ਦੀ ਨਿਗ੍ਹਾ ਅਤਿਅੰਤ ਹੀ ਡੂੰਘੀ ਗਹਿਰ ਗੰਭੀਰ ਸੀ। ਮਾਪੇ ਬੱਚੇ ਬੱਚੀਆਂ ਨੂੰ ਇੱਕੋ ਨਿਗ੍ਹਾ ਨਾਲ ਦੇਖ ਕੇ ਸਿੱਖਿਆ ਦੇਣ ਤੇ ਪਾਲਣਾ ਕਰਨ। ਪਰ ਘਰ ਨਾ ਜਾਵੇ, ਸੋ ਹੈ ਅਰੋਗ ਜੀ, ਪਰ ਘਰ ਜਾਣ ਤੋਂ ਗੁਰੂ ਜੀ ਰਹੇ ਹੈ ਰੋਕ ਜੀ, ਪਰ ਘਰ ਨਹੀਂ ਜਾਣਾ, ਪੜ੍ਹਨੇ ਹੈ ਸਬਦ ਸਲੋਕ ਜੀ, ਪਰ ਘਰ ਨਾ ਜਾਵੇ ਹਰਿ ਕਾ ਲੋਕ ਜੀ। ਜਿਹੜਾ ਨਾਮ ਨਾ ਜਪੇ ਉਹ ਹੈ ਫੋਕ ਜੀ, ਜਪੇ ਨਾਮ ਸੋ ਹਰਿ ਕਾ ਲੋਕ ਜੀ। ਸੰਤ ਅਤਰ ਸਿੰਘ ਸਾਹਿਬ ਜੀ ਨੇ ਅਪਨੇ ਮਾਤਾ ਜੀ ਨੂੰ ਕਿਹਾ "ਦਾਸਨਦਾਸ ਨੇ ਵਿਆਹ ਨਹੀਂ ਕਰਨਾ।" ਤਾਂ ਮਾਤਾ ਜੀ ਨੇ ਕਿਹਾ "ਜੇ ਵਿਆਹ ਨਹੀਂ ਕਰਨਾ ਫਿਰ ਮੇਰੇ ਝਾਟੇ ਵੱਲ ਦੇਖੀਂ, ਝਾਟੇ 'ਚ ਸੁਆਹ ਨਾ ਪਾਵੀਂ। ਭਾਵ ਅਪਣੇ ਇਖ਼ਲਾਕ ਨੂੰ ਉੱਚਾ ਸੁੱਚਾ ਰੱਖਣਾ, ਕਦੇ ਭੁੱਲ ਕੇ ਭੀ ਪਰਾਈ ਇਸਤ੍ਰੀ ਵੱਲ ਨਹੀਂ ਦੇਖਣਾ, ਮੈਨੂੰ ਉਲਾਂਭਾ ਨਾ ਮਿਲੇ ਕਿ "ਤੇਰਾ ਪੁੱਤਰ ਕੁਸੰਗੀ ਵਿਕਾਰੀ ਹੋ ਗਿਆ।"

ਗੁਰਪ੍ਰਸਾਦਿ॥ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਨਮਸਕਾਰ ਕਰੋ ਦਿਨ ਰੈਣ ਜੀ। ਮੁੰਡਾ ਜੁਆਨ ਬੀਬੀ ਨੂੰ ਦੇਖ ਕੇ ਕਹੇ "ਆਹ ਗਈ ਭੈਣ ਜੀ," ਜ਼ਿੰਦਗੀ ਹੋ ਜਾਵੇਗੀ ਸੁਖੈਣ ਜੀ। ਵਿਕਾਰ ਵਾਸਤੇ ਜੀਅ ਜੰਤ ਰਹੇ ਲੜ ਜੀ, ਸਤਿਗੁਰੂ ਜੀ ਦਾ ਲੜ ਲਵੋ ਫ਼ੜ ਜੀ, ਮਨ ਜਾਵੇਗਾ ਗੁਰਸਬਦਾਂ 'ਚ ਖੜ੍ਹ ਜੀ, ਸੱਚੇ ਨਾਮ ਦਾ ਰੰਗ ਜਾਵੇਗਾ ਚੜ੍ਹ ਜੀ। ਕਉੜਾ ਬੋਲ ਕੇ ਕਿਸੇ ਨੂੰ ਮਾਰਨੀ ਨਹੀਂ ਸੱਟ ਜੀ, ਦੂਜੇ ਦੇ ਗੁਨਾਹ ਕਰਨੇ ਮੁਆਫ਼ ਜੀ, ਕਿਸੇ ਨੂੰ ਲੱਤ ਮਾਰ ਕੇ ਬਨਣਾ ਨਹੀਂ ਜਰਾਫ (giraffe) ਜੀ, ਰਹਿਤ ਰੱਖਣੀ ਪੰਜ ਕਾਫ਼ ਜੀ। ਕਉੜਾ ਬੋਲ ਕੇ ਬਨਣਾ ਨਹੀਂ ਸੱਪ ਜੀ, ਖ਼ਾਲਸਾ ਮਾਰਦਾ ਨਹੀਂ ਗੱਪ ਜੀ, ਮਿੱਟੀ ਖਾਣ ਨਾਲ ਢਿੱਡ 'ਚ ਪੈਂਦੇ ਹਨ ਮਲੱਪ ਜੀ। ਨਿੱਕੇ ਬਚੇ ਦੇ ਸ੍ਰੀਰ 'ਚ ਜੇ ਆਈਰਨ ਦੀ ਘਾਟ ਹੋਵੇ, ਤਾਂ ਕਈ ਵਾਰ ਉਹ ਮਿੱਟੀ

ਖਾਣ ਲੱਗ ਪੈਂਦਾ ਹੈ। ਬਚੇ ਨੂੰ ਨਿਗ੍ਹਾ 'ਚ ਰੱਖੋ, ਮਿੱਟੀ ਖਾਣ ਤੋਂ ਬਚਾਉ। ਦਸ ਸਤਿਗੁਰੂ ਸਾਹਿਬਾਨ ਜੀ ਦਾ ਨਾਮ ਜਪ ਜਪਾ ਕੇ, ਪਾਪਾਂ ਨੂੰ ਲਵੋ ਨੱਪ ਜੀ। ਦਸ ਸਤਿਗੁਰੂ ਸਾਹਿਬਾਨ ਜੀ ਦਾ ਨਾਮ ਜਪ ਜਪਾ ਕੇ, ਕੁਸੰਗਤ ਜਾਉ ਟੱਪ ਜੀ। ਦਸ ਸਤਿਗੁਰੂ ਸਾਹਿਬਾਨ ਜੀ ਨੂੰ ਫੜਾ ਦੇਵੋ ਬਾਂਹ ਜੀ, ਸੁਖ ਹੋਵੇਗਾ ਇੱਥੇ ਤੇ ਅਗਾਂਹ ਜੀ। ਜੈਕਾਰਾ ਗੱਜਾਉ ਹੋਵੋ ਮਾਲੋ ਮਾਲ ਜੀ:- ਖ਼ੁਸ਼ੀਆਂ ਦੇ ਜੈਕਾਰੇ ਗੱਜਾਵੇ, ਸੱਚੇ ਪਤੀ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨੂੰ ਭਾਵੇ, ਨਿਹਾਲ ਹੋ ਜਾਵੇ! ਸਤਿ ਸ੍ਰੀ ਅਕਾਲ, ਗੁਰਬਰ ਅਕਾਲ, ਨਦਰੋ ਨਦਰ ਨਿਹਾਲ ਜੀ।

**ਗੁਰਪ੍ਰਸਾਦਿ॥ ਖ਼ਫੀਖਾਨ ਮੁਸਲਮਾਨ ਨੇ ਸਿੱਖਾਂ ਨਾਲ ਭਾਰੀ ਈਰਖਾ ਕਰਕੇ, ਅਪਣੀ ਪੁਸਤਕ 'ਚ ਸਿੰਘਾਂ ਦੀ ਨਿੰਦਾ ਇਉਂ ਕੀਤੀ ਹੈ:-** "ਇਹ ਕੁੱਤੇ ਹਨ, ਪਰ ਫੇਰ ਭੀ ਮੇਰੀ ਕਲਮ ਇਹ ਲਿਖਣੋ ਸੰਕੋਚ ਨਹੀਂ ਕਰਦੀ, ਕਿ ਇਨ੍ਹਾਂ 'ਚ ਦੋ ਬਹੁਤ ਵੱਡੇ ਗੁਣ ਹਨ। ਪਹਿਲਾ ਇਹ ਝੂਠ ਨਹੀਂ ਬੋਲਦੇ। ਦੂਜਾ, ਜੇ ਜੰਗ 'ਚ ਸਾਡੀਆਂ ਬਹੂ ਬੇਟੀਆਂ ਸਿੰਘਾਂ ਦੇ ਹੱਥ ਆ ਜਾਣ, ਤਾਂ ਭਾਵੇਂ ਉਹ ਕਹਿਣ ਕਿ "ਸਿੰਘੋ! ਸਾਨੂੰ ਅਪਣੇ ਦਲਾਂ 'ਚ ਰੱਖ ਲਉ।" ਪਰ ਸਿੰਘ ਉਨ੍ਹਾਂ ਨੂੰ ਅਪਣੀਆਂ ਧੀਆਂ ਭੈਣਾਂ ਸਮਝ ਕੇ, ਧੀਆਂ ਭੈਣਾਂ ਨਾਲੋਂ ਵੱਧ ਸਤਿਕਾਰ ਨਾਲ, ਉਨ੍ਹਾਂ ਨੂੰ ਘਰੀਂ ਪਹੁੰਚਾ ਦਿੰਦੇ ਹਨ ਜੀ। ਇਸ ਲਈ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸ਼ੇਰ ਦਲੇਰ ਬਹਾਦਰ ਜ਼ਿੰਦ ਜਾਨ ਹਨ।" ਯਥਾ:- ਖ਼ਾਲਸਾ ਮੇਰੋ; ਪਿੰਡ ਪਰਾਨ॥ ਖ਼ਾਲਸਾ ਮੇਰੀ; ਜਾਨ ਕੀ ਜਾਨ॥

ਗੁਰਪ੍ਰਸਾਦਿ॥ ਜੁਆਨ ਬੱਚੇ ਬੱਚੀ ਇਕੱਠੇ ਕੈਂਪ 'ਚ ਨਾ ਜਾਣ, ਵੱਖੋ ਵੱਖਰੇ ਕੈਂਪ ਹੋਣ। ਉੱਥੇ ਜਾ ਕੇ ਇੱਕ ਦੂਜੇ ਨਾਲ ਵਿਕਾਰੀ ਗੱਲਾਂ ਕਰਦੇ, ਹੱਸਦੇ ਹਨ ਜੀ।

ਗੁਰਪ੍ਰਸਾਦਿ॥ ਹਰ ਗੁਰੂ ਘਰ 'ਚ ਪਰਾਇਆ ਰੂਪ ਦੇਖਣ ਦੇ ਤਿਆਗ ਦਾ ਉਪਦੇਸ ਕੰਧ 'ਤੇ ਲਿਖਿਆ ਹੋਵੇ।

ਗੁਰਪ੍ਰਸਾਦਿ॥ ਮਾਪੇ ਛੋਟੇ ਬੱਚੇ ਨੂੰ ਡੰਡ ਬੈਠਕਾਂ ਕੱਢ ਕੇ ਦਿਖਾਉਣ, ਡੌਲ਼ੇ ਪੱਟ ਮੋਟੇ ਕਰਨ ਕਰਾਉਣ, ਗੁਰ ਸਬਦ ਗਾਉਣ, ਹੰਗਤਾ ਭੱਜਾਉਣ, ਮਿੱਠਾ ਬੋਲਣ ਬੁਲਾਉਣ, ਜ਼ਿਆਦਾ ਨਾ ਸੌਣ, ਨਮਸਕਾਰਾਂ ਕਰਨ ਕਰਾਉਣ, ਜੈਕਾਰੇ ਗੱਜਾਉਣ, ਦਸ ਸਤਿਗੁਰੂ ਸਾਹਿਬਾਨ ਜੀ ਧਿਆਉਣ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਪੀਣ ਪਿਆਉਣ। ਸੁੱਤੇ ਬੱਚੇ ਨੂੰ ਗੁਰਬਾਣੀ ਗਾ ਕੇ ਜਗਾਉਣ। ਗੁਰਸਬਦ 'ਚ ਜਾਗਣ, ਵਿਕਾਰ ਤਿਆਗਣ ਜੀ ਪਿਆਰੇ। ਦਸ ਸਤਿਗੁਰੂ ਸਾਹਿਬਾਨ ਜੀ ਦੇ ਚੋਜ ਨਿਆਰੇ, ਸੱਚੇ ਸਚਿਆਰੇ, ਖਰੇ ਪਿਆਰੇ, ਡੁੱਬਦੇ ਪੱਥਰ ਤਾਰੇ, ਜਾਈਏ ਬਲਿਹਾਰੇ।

ਗੁਰਪ੍ਰਸਾਦਿ॥ ਜੇ ਧਨ ਗਿਆ ਤਾਂ ਸਮਝੋ ਕੁੱਝ ਨਹੀਂ ਗਿਆ, ਜੇ ਸਿਹਤ ਗਈ ਤਾਂ ਸਮਝੋ ਕੁੱਝ ਗਿਆ। ਜੇ ਚਾਲ ਚੱਲਣ ਗਿਆ ਤਾਂ ਸਮਝੋ ਸਭ ਕੁੱਝ ਗਿਆ- ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਭਿੰਡਰਾਂਵਾਲੇ।

ਗੁਰਪ੍ਰਸਾਦਿ॥ ਬਿਗਾਨਾ ਧਨ, ਬਿਗਾਨੀ ਚਮੜੀ ਭਾਵ ਪਰਾਈ ਦੌਲਤ ਅਤੇ ਪਰ ਇਸਤ੍ਰੀ ਪਰ ਪੁਰਖ ਇਹ ਦੋਨੋਂ ਗੱਲਾਂ ਛੱਡ ਦੇਵੇ। ਬੰਦੂਕ ਦਾ ਫਾਇਰ ਖਾਲੀ ਜਾ ਸਕਦਾ ਹੈ, ਪਰ ਉਸ ਬੰਦੇ ਦੀ ਕਹੀ ਗੱਲ ਖਾਲੀ ਨਹੀਂ ਜਾਵੇਗੀ-ਸੰਤ ਬਾਬਾ ਨੰਦ ਸਿੰਘ ਸਾਹਿਬ ਜੀ

ਗੁਰਪ੍ਰਸਾਦਿ॥ ਪਤੀ ਸਤੀ ਸਦਾ ਜਤ ਸਤ 'ਚ ਰਹਿਣ, ਭਾਵੇ ਦੋਵਾਂ 'ਚੋਂ ਜੇ ਇੱਕ ਦਾ ਇਖ਼ਲਾਕ ਗਿਰ ਜਾਵੇ ਤਾਂ ਦੂਜਾ ਧੰਨ ਗੁਰੂ ਨਾਨਕਦੇਵ ਸਾਹਿਬ ਜੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਸ਼ਰਨ 'ਚ ਰਹੇ, ਸਿੱਖੀ ਨਾ ਤਿਆਗੇ, ਇਖ਼ਲਾਕ ਉੱਚਾ ਰੱਖੇ। ਗੁਰਸਿਖਾਂ ਕੀ ਹਰਿ ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥ ਅਨੁਸਾਰ ਗੁਰਸਿੱਖਾਂ ਦੀ ਸੇਵਾ ਕਰੇ, ਇਕੱਲਾ

ਨਾ ਰਹੇ, ਸਦਾ ਸਿੰਘਾਂ ਨਾਲ ਰਹੇ। ਜਿਵੇਂ ਸੰਤ ਬਾਬਾ ਬਿਸਨ ਸਿੰਘ ਸਾਹਿਬ ਜੀ ਸਿੰਘਾਂ 'ਚ ਰਹਿੰਦੇ। ਮਾਤਾ ਭੈਸਾ; ਅੰਮੁਹਾ ਜਾਇ॥ ਅਨੁਸਾਰ ਜਦੋਂ ਹੰਕਾਰ ਕਰਦਾ ਤਦੋਂ ਇਕੱਲਾ ਤੁਰ ਜਾਂਦਾ ਤਾਂ ਵਿਕਾਰਾਂ 'ਚ ਫਸ ਜਾਂਦਾ, ਕਰੈਕਟਰ ਡਿੱਗ ਜਾਂਦਾ।

ਗੁਰਪ੍ਰਸਾਦਿ॥ ਬੰਦਾ ਬੀਬੀ ਇੱਕ ਦੂਜੇ ਨੂੰ "I love you" ਨਾ ਕਹਿਣ, ਮੋਹ ਵਿਕਾਰ ਤਿਆਗ ਕੇ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਨਾਲ ਰੋਮ ਰੋਮ ਕਰਕੇ ਪਿਆਰ ਕਰਨ, ਖ਼ੁਸ਼ੀਆਂ ਪਾਉਣ, ਨਿਹਾਲ ਹੋ ਜਾਣ। ਯਥਾ:- ਅਬ ਮਨ; ਏਕਸ ਸਿਉ ਮੋਹੁ ਕੀਨਾ॥ ਮਰੈ ਨ ਜਾਵੈ. ਸਦ ਹੀ ਸੰਗੇ; ਸਤਿਗੁਰ ਸਬਦੀ ਚੀਨਾ॥੧॥ਰਹਾਉ॥ ) ਮਮਤਾ ਜਾਲ ਤੇ. ਰਹੈ ਉਦਾਸਾ॥ ਪ੍ਰਣਵਤਿ ਨਾਨਕ; ਹਮ ਤਾ ਕੇ ਦਾਸਾ॥੨੦॥੧॥

ਗੁਰਪ੍ਰਸਾਦਿ॥ ਹਰੇਕ ਗੁਰੂਘਰ ਦੀ ਚਾਰ ਦੁਆਰੀ ਹੋਵੇ, ਪਹਿਰੇਦਾਰ ਸਿੰਘ ਚੌਵੀ ਘੰਟੇ ਪਹਿਰਾ ਦੇਣ ਜਿਸ ਕਰਕੇ ਕੋਈ ਗਲਤ ਬੰਦਾ ਜਾਂ ਬੀਬੀ ਗੁਰੂਘਰ ਜਾ ਕੇ ਕੋਈ ਗਲਤ ਕੰਮ, ਬੇਅਦਬੀ ਨਾ ਕਰਨ। ਪਰਮਪੂਜਨੀਕ ਗ੍ਰੰਥੀ, ਪਰਮਪੂਜਨੀਕ ਰਾਗੀ, ਪਰਮਪੂਜਨੀਕ ਢਾਢੀ ਆਦਿ ਪਰਮਪੂਜਨੀਕ ਸਿੰਘਾਂ ਦੀ ਰੱਖਿਆ ਲਈ ਗੁਰਮੁਖਿ ਪੰਜ ਸਿੰਘ ਹੋਣ ਜੀ। ਗੁਰੂਘਰ ਜੀ ਦੇ ਹਰ ਕਮਰੇ 'ਚ ਕੈਮਰੇ ਭੀ ਲਾਏ ਜਾਣ ਜੀ।

ਗੁਰਪ੍ਰਸਾਦਿ॥ ਮਾਪੇ ਛੋਟੀ ਉਮਰ ਦੇ ਬੱਚਿਆਂ ਨੂੰ ਰਿਸ਼ਤੇਦਾਰਾਂ ਦੇ ਕੋਲ ਇਕੱਲੇ ਨਾ ਭੇਜਣ, ਇਖ਼ਲਾਕ ਡਿੱਗਦਾ ਹੈ। ਇਸੇ ਲਈ ਬੱਚੇ ਘਰੇ ਹੀ ਰਹਿਣ, ਗੁਰਮੁਖੀ ਸਿੱਖਣ, ਪਰਵਾਰ ਮਿਲ ਕੇ ਗੁਰਬਾਣੀ ਗਾਵੇ, ਘਰ ਸੱਚਖੰਡ ਬਣੇ।

ਗੁਰਪ੍ਰਸਾਦਿ॥ ਗਿਰੇ ਇਖ਼ਲਾਕ ਨਾਲ ਬਿਮਾਰੀਆਂ ਵੱਧ ਰਹੀਆਂ ਹਨ ਪਰਜਾ ਦੁਖੀ ਹੋ ਰਹੀ ਹੈ।

ਗੁਰਪ੍ਰਸਾਦਿ॥ ਮਾਪੇ ਭੁਜੰਗੀਆਂ ਨੂੰ ਸੱਜਰੀ ਵਧੀਆ ਖੁਰਾਕ ਦਿੰਦੇ ਹਨ। ਕੁੜੀਆਂ ਨਾਲ ਦ੍ਵੈਸ਼ ਕਰਕੇ ਬੇਹਾ ਭੋਜਨ ਦਿੰਦੇ ਹਨ। ਮਾਵਾਂ ਬੱਚੀਆਂ ਨੂੰ ਥੋੜਾ ਚਿਰ ਹੀ ਦੁੱਧ ਚੁੰਘਾਉਂਦੀਆਂ ਪਰ ਭੁਜੰਗੀਆਂ ਨੂੰ ਪੂਰੀ ਰੀਝ ਨਾਲ ਜ਼ਿਆਦਾ ਚਿਰ ਦੁੱਧ ਚੁੰਘਾਉਂਦੀਆਂ। ਇੱਕ ਸੱਤ ਵਰ੍ਹਿਆਂ ਦਾ ਬੱਚਾ ਸਕੂਲੋਂ ਦੁਪਹਿਰੇ ਘਰੇ ਆ ਕੇ ਮਾਂ ਦਾ ਦੁੱਧ ਚੁੰਘਦਾ ਸੀ, ਜਿਸ ਕਰਕੇ ਬੱਚਾ ਮੋਟਾ ਹੋ ਗਿਆ, ਪਰ ਉਸ ਦੀ ਭੈਣ ਨੂੰ ਮਾਂ ਨੇ ਦੁੱਧ ਨਹੀਂ ਚੁੰਘਾਇਆ ਜਿਸ ਕਰਕੇ ਉਹ ਲਿੱਸੀ ਰਹੀ। ਬੱਚੀਆਂ ਬਿਚਾਰੀਆਂ ਬਿਮਾਰ ਹੁੰਦੀਆਂ ਹਨ, ਕਈ ਵਿਆਹ ਕਰਾਉਣ ਦੇ ਜੋਗ ਨਹੀਂ ਰਹਿੰਦੀਆਂ। ਇਸ ਕਰਕੇ ਕੁਆਰੀਆਂ ਬੀਬੀਆਂ ਨੂੰ ਵਧੀਆ ਸੱਜਰਾ ਭੋਜਨ ਦੇਵੋ, ਵਰਜਿਸ਼ ਕਰਵਾਉ, ਖੇਡ ਖਿਡਵਾਉ। ਵਿਆਹ ਤੋਂ ਪਹਿਲਾਂ ਬੱਚੀ ਦਾ ਸ੍ਰੀਰ ਨਵਾ ਨਿਰੋਆ ਹੋਵੇ ਜੀ। ਪਿਆਰੀ ਬੱਚੀ ਨੂੰ ਵਿਆਹ ਸਮੇਂ ਸੋਨਾ ਚਾਂਦੀ ਦੇਣ ਦੀ ਬਜਾਏ, ਉਸ ਨੂੰ ਨਗਦ ਮਾਇਆ ਦੇਵੋ, ਬੈਂਕ 'ਚ ਅਕਾਊਂਟ ਖੋਲੋ ਜੀ।

ਗੁਰਪ੍ਰਸਾਦਿ॥ ਛੋਟੇ ਬੱਚੇ ਨੂੰ ਅਪਣਾ ਜੂਠਾ ਪਦਾਰਥ ਨਾ ਦੇਵੋ ਅਤੇ ਬੱਚੇ ਦਾ ਜੂਠਾ ਨਾ ਖਾਉ ਜੀ।

ਗੁਰਪ੍ਰਸਾਦਿ॥ ਬੱਚਾ ਬੱਚੀ ਅਪਣੇ ਮਨ 'ਚ ਇਹ ਸ਼ੁਭ ਵੀਚਾਰ ਰੱਖਣ, ਕਿ 'ਦਾਸਨਦਾਸ ਨੇ ਚੰਗਾ ਗੁਰਮੁਖਿ ਬਾਪ ਬਨਣਾ ਹੈ', ਜਾਂ 'ਦਾਸਨਦਾਸੀ ਨੇ ਚੰਗੀ ਗੁਰਮੁਖਿ ਮਾਂ ਬਨਣਾ ਹੈ ਜੀ।' ਆਪ ਭੀ ਅਤੇ ਪੰਜ ਸਿੰਘਾਂ ਦੁਆਰਾ ਅਰਦਾਸ ਕਰਨ। ਇਸ ਲਈ ਦੋਵੇਂ ਅਪਣੇ ਇਖ਼ਲਾਕ ਦੀ ਸੰਭਾਲ ਕਰਨ।

ਗੁਰਪ੍ਰਸਾਦਿ॥ ਜਿਹੜਾ ਪ੍ਰੇਮੀ ਗੁਰਮੁਖਿ, ਦਸ ਸਤਿਗੁਰੂ ਸਾਹਿਬਾਨ ਜੀ ਨੂੰ ਮੰਨੇ ਕੰਤ ਭਗਵੰਤ, ਉਹ ਹੈ ਸਾਡਾ ਸੰਤ ਮਹੰਤ।

ਗੁਰਪ੍ਰਸਾਦਿ॥ ਬੱਚੀਆਂ ਦੇ ਦੋ ਗੁੱਤਾਂ ਨਾ ਕਰੋ, ਜੂੜਾ ਕਰਕੇ ਦਸਤਾਰ ਸਜਾਉ ਜੀ।

ਗੁਰਪ੍ਰਸਾਦਿ॥ ਜਦੋਂ ਜਾਗ ਆ ਜਾਵੇ, ਸ੍ਰੀ ਮੂਲ ਮੰਤ੍ਰ ਸਾਹਿਬ ਜੀ ਦੀ ਇਕੱਲੀ ਇਕੱਲੀ ਲਗ ਅਤੇ ਅਰਥ ਬੋਲਣੇ ਜੀ। ਇਕੱਲੀ ਇਕੱਲੀ ਲਗ ਬੋਲਣ ਨਾਲ ਮਨ ਸੌ ਗੁਣਾਂ ਜਿਆਦਾ ਟਿਕਦਾ ਹੈ। ਪੈਣ ਸਮੇਂ ਗੁਰਸਬਦ ਗਾਉ ਜਿਸ ਕਰਕੇ ਸੁਹੇਲੀ

ਨੀਂਦ ਆਵੇ, ਸੁੱਤਿਆਂ ਗੁਰਬਾਣੀ ਲਾ ਕੇ ਰੱਖੋ ਜੀ। ਪ੍ਰਤੱਖ ਦਸ ਸਤਿਗੁਰੂ ਸਾਹਿਬਾਨ ਜੀ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਨ ਕਰਕੇ ਨਮਸਕਾਰ ਕਰਨੀ ਹੈ ਜੀ। ਕਰੋ ਨਮਸਕਾਰਾਂ ਕੈਸ਼, ਜ਼ਿੰਦਗੀ ਦੀ ਐਸ਼।

ਗੁਰਪ੍ਰਸਾਦਿ॥ ਇਸਤ੍ਰੀ ਇਸਤ੍ਰੀ ਅਤੇ ਪੁਰਖ ਪੁਰਖ ਨਾਲ ਵਿਆਹ ਨਾ ਕਰਨ। ਇਹ ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀ ਗੁਰਮੁਤਿ ਤੋਂ ਉਲਟ ਹੈ। ਇਸ ਕੁਕਰਮ ਦੇ ਵਿਰੋਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੁਕਮਨਾਮਾ ਭੀ ਆਇਆ ਹੈ ਜੀ। ਗੁਰਪ੍ਰਸਾਦਿ, ਜੇ ਬੰਦਾ ਬੰਦੇ ਨਾਲ ਵਿਆਹ ਕਰਾਵੇਗਾ, ਬੀਬੀ ਬੀਬੀ ਨਾਲ ਵਿਆਹ ਕਰਾਵੇਗੀ, ਤਾਂ ਬਿਮਾਰੀਆਂ ਵੱਧਣਗੀਆਂ, ਬੱਚੇ ਪੈਦਾ ਨਹੀਂ ਹੋਣਗੇ, ਇਖ਼ਲਾਕ ਡਿੱਗਣਗੇ, ਲੜਾਈ ਕਲੇਸ਼ ਵੱਧਣਗੇ। ਇਹ ਦੁਰਮਤਿ ਹੈ, ਸੰਸਾਰ ਉੱਜੜ ਜਾਵੇਗਾ ਜੀ। ਦੇਸ਼ ਦੀ ਰੱਖਿਆ ਲਈ ਫੌਜ ਪੁਲੀਸ ਦੀ ਲੋੜ ਹੈ ਜੀ। ਬੱਚਿਆਂ ਤੋਂ ਬਿਨਾ, ਘਰ ਖਾਲੀ, ਦੁਨੀਆ ਸੁੰਨ ਹੋ ਜਾਵੇਗੀ।

ਗੁਰਪ੍ਰਸਾਦਿ॥ ਦਸ ਸਤਿਗੁਰੂ ਸਾਹਿਬਾਨ ਜੀ ਦਾ house, ਇਸ 'ਚ ਜਿਹੜਾ ਗਾਲ਼ਾਂ ਕੱਢੇ, ਪਰ ਨਿੰਦਾ ਕਰੇ, ਉਹ ਹੈ mouse।

ਗੁਰਪ੍ਰਸਾਦਿ॥ ਤਰਕ ਨਾ ਮਾਰ:- ਇੱਕ ਬੰਦੇ ਨੇ ਕਿਸੇ ਦੇ ਮਰਨ 'ਤੇ ਤਰਕ ਕੀਤੀ ਜੋ ਦਾਸਨਦਾਸ ਨੇ ਸੁਣੀ। ਬਾਅਦ 'ਚ ਉਸ 'ਤੇ ਭੀ ਉਸੇ ਤਰ੍ਹਾਂ ਔਖੀ ਘੜੀ ਬੀਤੀ। ਇਸ ਕਰਕੇ ਕਿਸੇ ਨੂੰ ਤਰਕ ਨਹੀਂ ਮਾਰਨੀ ਚਾਹੀਦੀ ਜੀ।

ਗੁਰਪ੍ਰਸਾਦਿ॥ ਪਰਮਪੂਜਨੀਕ ਗੁਰਮੁਖਿ ਪੰਜ ਪਿਆਰੇ, ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਗੁਰਮੁਖਿ ਇਖ਼ਲਾਕ ਪੋਥੀ ਪ੍ਰਕਾਸ਼ ਕਰਕੇ ਮੂਹਰੇ ਬੋਲਣ ਅਤੇ ਪਿਆਰੀ ਸਾਧਸੰਗਤ ਜੀ ਪਿੱਛੇ ਪਿੱਛੇ ਬੋਲੇ। ਜਿਸ ਦੁਆਰਾ ਸਾਰਿਆਂ ਨੂੰ ਗੁਰਮੁਖਿ ਇਖ਼ਲਾਕ, ਜਤ ਸਤ ਪ੍ਰਾਪਤ ਹੋਵੇ। ਪੂਰਨ ਸੱਚੇ ਸਤਿਗੁਰੂ ਸਾਹਿਬ ਜੀ ਦੀਆਂ ਖ਼ੁਸ਼ੀਆਂ ਪਾਉਣ। ਪੰਜ ਪਿਆਰੇ ਸਮੂੰਹ ਸਾਧਸੰਗਤ ਦੀ ਗੁਰਮੁਖਿ ਇਖ਼ਲਾਕ ਦੀ ਪ੍ਰਾਪਤੀ ਦੀ ਅਰਦਾਸ ਕਰਨ। ਉਪਰੰਤ, ਸਾਰੇ ਵਾਰੋ ਵਾਰੀ ਇੱਕ ਸੌ ਇੱਕ ਪ੍ਰਕਮਾਂ ਅਤੇ ਡੰਡਉਤਾਂ ਕਰਨ। ਹਰੇਕ ਪ੍ਰਕਰਮਾਂ ਤੋਂ ਬਾਅਦ ਸੰਖੇਪ ਅਰਦਾਸ ਕਰਨ:- ਹੇ ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ! ਦਾਸਨਦਾਸ ਨੂੰ ਗੁਰਮੁਖਿ ਨਾਮ, ਗੁਰਮੁਖਿ ਇਖ਼ਲਾਕ ਜਤ ਸਤ, ਸੱਚ ਸੱਚ ਸੱਚ ਦਾ ਦਾਨ ਬਖ਼ਸ਼ੋ ਜੀ। ਕੋਟ ਨਮਸਕਾਰ ਜੀ ਰਾਮ ਜੀ।

ਗੁਰਪ੍ਰਸਾਦਿ॥ ਬੱਚੇ ਬੱਚੀ ਦੇ ਮਨਾਂ 'ਚ ਗੁਰਮੁਖਿ ਜੀਵਨ ਜਿਉਂਣ ਦੀ ਸ਼ੁਭ ਇੱਛਾ ਹੋਵੇ। ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ, ਪੰਜ ਪਿਆਰਿਆਂ ਤੋਂ ਅਰਦਾਸ ਕਰਾਉਣ ਕਿ ਦਾਸਨਦਾਸ ਚੰਗਾ ਗੁਰਮੁਖਿ ਪਿਤਾ ਬਣੇ, ਦਾਸਨਦਾਸੀ ਚੰਗੀ ਗੁਰਮੁਖਿ ਮਾਂ ਬਣੇ। ਸਾਨੂੰ ਗੁਰੂ ਪਾਤਿਸਾਹ ਜੀ ਉੱਚਾ ਸੁੱਚਾ ਨਿਰਮਲ ਗੁਰਮੁਖਿ ਇਖ਼ਲਾਕ ਬਖ਼ਸ਼ਣ। ਇਕੱਠੇ ਬੈਠ ਕੇ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਦੀ ਗੁਰਬਾਣੀ ਪੜ੍ਹੀਏ, ਕਮਾਈਏ, ਕੁਰਬਾਨੀ ਨੂੰ ਯਾਦ ਕਰੀਏ, ਵਾਹਿਗੁਰੂ ਸਿਮਰਨ ਕਰੀਏ। ਦਸ ਸਤਿਗੁਰੂ ਸਾਹਿਬਾਨ ਜੀ ਬਖ਼ਸ਼ਣਗੇ ਉੱਚਾ ਇਖ਼ਲਾਕ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਭੇਜਣਗੇ ਜੀ ਰਾਮ ਜੀ!

ਗੁਰਪ੍ਰਸਾਦਿ॥ ਦੂਜਿਆਂ ਦੇ ਔਗੁਣ ਨਾ ਦੇਖੋ ਜੀ। ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਅੰਤਰਜਾਮੀ ਸਮਰੱਥ ਸੁਆਮੀ ਜੀ ਦਾ ਨਾਮ ਜਪੋ ਜਪਾਉ, ਖ਼ੁਸ਼ੀਆਂ ਪਾਉ, ਨਿਹਾਲ ਹੋ ਜਾਉ ਜੀ। ਗੁਰਸਬਦਾਂ ਦੇ ਅਰਥ ਵੀਚਾਰੋ ਜੀ। ਪੂਰਨ ਸਤਿਗੁਰੂ ਸਾਹਿਬ ਜੀ ਤੋਂ ਸੱਚ ਮੰਗੋ, ਪ੍ਰੇਮ ਮੰਗੋ, ਪਰ ਘਰ ਜਾਣੋ ਸੰਗੋ, ਅਪਣਾ ਰੋਮ ਰੋਮ ਗੁਰੂ ਪ੍ਰੇਮ ਅਤੇ ਸੱਚੇ ਨਾਮ ਨਾਲ ਰੰਗੋ ਜੀ।ਗੁਰਪ੍ਰਸਾਦਿ ਦਸ ਸਤਿਗੁਰੂ ਸਾਹਿਬਾਨ ਜੀ ਜਪਣ ਨਾਲ ਜਾਂਦਾ ਸੱਚ ਰੰਗ ਚੜ੍ਹ, ਪਰ ਘਰ ਜਾਣ ਨਾਲ ਸੱਪ ਜਾਂਦਾ ਲੜ।

ਗੁਰਪ੍ਰਸਾਦਿ॥ ਆਪ ਜੀ ਦਸ ਸਤਿਗੁਰੂ ਸਾਹਿਬਾਨ ਜੀ ਦੇ ਚੰਦ ਜੀ। ਪਰ ਤ੍ਰਿਅ ਦੇਖ ਕੇ, ਅੱਖਾਂ ਕਰਨੀਆਂ ਬੰਦ ਜੀ। ਜੇ ਦੇਖੀਏ ਪਰ ਤ੍ਰਿਅ ਰੂਪ ਇਹ ਹੈਗਾ ਗੰਦ ਜੀ। ਦਾਸ ਗ੍ਰੀਬ ਦਾ ਸੁਣੋ ਛੰਦ ਜੀ। ਸੰਸਾਰ ਹੈ ਝੂਠਾ ਧੰਧ ਜੀ। ਵੈਰਾਗ ਧਾਰ ਕੇ ਤਿਆਗੋ ਵਿਸ਼ੇ ਗੰਦ ਜੀ। ਅੰਮ੍ਰਿਤ ਸੱਚੇ ਨਾਮ ਰਸ ਦਾ ਮਾਣੋ ਅਨੰਦ ਜੀ। ਲੋਕ ਪ੍ਰਲੋਕ 'ਚ ਹੋ ਜਾਵੇਗਾ ਧੰਨ ਧੰਨ ਜੀ। ਕੋਟ ਨਮਸਕਾਰ ਜੀ ਰਾਮ ਜੀ!

ਗੁਰਪ੍ਰਸਾਦਿ॥ ਬੱਚੇ ਬੱਚੀ ਕੋਲ ਸਿਆਣੇ ਗਾਲ਼ਾਂ ਨਾ ਕੱਢਣ, ਨਿੱਕੀ ਉਮਰ ਤੋਂ ਗਾਲ਼ ਕੱਢਣ ਦਾ ਸੁਭਾਅ ਰੋਕਿਆ ਜਾਵੇ। ਗਾਲ਼ ਕੱਢਣੀ ਬਹੁਤ ਬੁਰੀ ਹੈ। ਕੌੜੇ ਬਚਨ ਬੋਲਣੇ ਕਰਕੇ ਵਿਗਾੜ ਪੈਂਦੇ ਹਨ। ਪਤੀ ਸਤੀ ਇੱਕ ਦੂਜੇ ਨਾਲ, ਜਾਂ ਕਿਸੇ ਨਾਲ ਭੀ ਕੌੜਾ ਨਾ ਬੋਲਣ ਜੀ। ਯਥਾ:- ਸਲੋਕੁ ਮਃ ੧॥ ਨਾਨਕ. ਫਿਕੈ ਬੋਲਿਐ; ਤਨੁ ਮਨੁ ਫਿਕਾ ਹੋਇ॥ (ਫਿੱਕੋ) ਫਿਕੋ ਫਿਕਾ ਸਦੀਐ; ਫਿਕੇ ਫਿਕੀ ਸੋਇ॥ ਫਿਕਾ ਦਰਗਹ ਸਟੀਐ; ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ; ਪਾਣਾ ਲਹੈ ਸਜਾਇ॥੧॥) ਫਿਕਾ ਬੋਲਿ ਵਿਗੁਚਣਾ; ਸੁਣਿ ਮੂਰਖ ਮਨ ਅਜਾਣ॥ ਗੁਰੂ ਪਰਮੇਸਰ ਜੀ ਦਾ ਉਪਦੇਸ਼ ਚੌਂਹਾਂ ਜਾਤਾਂ ਨੂੰ ਸਾਂਝਾ ਹੈ। ਸਮੁੱਚੀ ਇਸਤ੍ਰੀ ਜਾਤੀ ਨੂੰ ਪੈਰ ਦੀ ਜੁੱਤੀ, ਗਿੱਚੀ ਪਿੱਛੇ ਮੱਤ, ਰੂੜੀ ਦਾ ਕੂੜਾ ਆਦਿ ਨਿਰਾਦਰੀ ਦੇ ਸ਼ਬਦ ਨਹੀਂ ਕਹਿਣੇ ਚਾਹੀਦੇ। ਕਿਉਂਕਿ ਇਸਤ੍ਰੀਆਂ ਹੀ ਸਾਡੀਆਂ ਮਾਵਾਂ ਭੈਣਾਂ ਧੀਆਂ ਹਨ, ਭਗਤਾਂ ਬ੍ਰਹਮਗਿਆਨੀਆਂ ਮਹਾਂਪੁਰਸ਼ਾਂ ਨੂੰ ਜਨਮ ਦਿੰਦੀਆਂ ਹਨ। ਯਥਾ:- ਸੋ ਕਿਉ ਮੰਦਾ ਆਖੀਐ; ਜਿਤੁ ਜੰਮਹਿ ਰਾਜਾਨ॥) ਇਕੁ ਫਿਕਾ. ਨ ਗਾਲਾਇ; ਸਭਨਾ ਮੈ ਸਚਾ ਧਣੀ॥ ਹਿਆਉ. ਨ ਕੈਹੀ ਠਾਹਿ; ਮਾਣਕ ਸਭ ਅਮੋਲਵੇ॥੧੨੯॥ ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥ ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥੧੩੦॥ ਬੱਚੇ ਨੂੰ ਪੇਟ 'ਚ ਰੱਖਦੀਆਂ, ਦੁੱਧ ਚੁੰਘਾਉਂਦੀਆਂ ਹਨ। ਇਸ ਲਈ ਬੀਬੀਆਂ ਅਤੇ ਸਭ ਨਾਲ ਸਤਿਕਾਰ ਨਾਲ ਵਰਤੋ ਜੀ। ਸਾਰਿਆਂ 'ਚ ਦਸ ਸਤਿਗੁਰੂ ਸਾਹਿਬਾਨ ਜੀ ਦੀ ਸੱਚੀ ਜੋਤਿ ਹੈ ਜੀ। ਯਥਾ:- ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਕੈ ਚਾਨਣਿ; ਸਭ ਮਹਿ ਚਾਨਣੁ ਹੋਇ॥

ਗੁਰਪ੍ਰਸਾਦਿ॥ ਬੱਚਾ ਜਦੋਂ ਮਾਂ ਦੇ ਉਦਰ 'ਚ ਆਵੇ, ਤਾਂ ਮਾਤਾ ਜੀ ਉਸ ਨੂੰ ਸ਼ੁੱਧ ਗੁਰਬਾਣੀ ਨਾਲ ਰੱਜਾਵੇ। LearnShudhGurbani App 'ਤੇ ਆ ਕੇ, ਹਰ ਵੇਲੇ ਸ਼ੁੱਧ ਉਚਾਰਨ ਲਾਈ ਰੱਖੇ ਜੀ।

**੧੭੬. ਜਾ ਕੀ ਰਹਿਤ ਨਾ ਜਾਣੀਐ; ਗੁਰਮੰਤ੍ਰ ਨਹੀ ਚੀਤ। ਤਾ ਕਾ ਭੋਜਨ ਖਾਈਐ; ਟੂਟੇ ਹਰਿ ਸਿਉ ਪ੍ਰੀਤ।** (ਰਹਿਤਨਾਮਾ) ਅਨੁਸਾਰ ਜਿਸ ਮਨੁੱਖ ਨੇ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਖ਼ਸ਼ੀ ਪੰਜ ਕਕਾਰਾਂ ਦੀ, ਨਿਤਨੇਮ, ਖ਼ਾਲਸਾ ਰਹਿਤ ਧਾਰਨ ਨਹੀਂ ਕੀਤੀ। (ਗੁਰਮੰਤ੍ਰ) ਵਾਹਿਗੁਰੂ ਮੰਤ੍ਰ (ਚੀਤ) ਚਿੱਤ 'ਚ ਨਹੀਂ ਧਾਰਿਆ ਜਪਿਆ, ਉਸ ਦੇ ਹੱਥੀਂ ਤਿਆਰ ਕੀਤਾ ਭੋਜਨ ਖਾਣ ਨਾਲ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨਾਲ ਪ੍ਰੀਤੀ ਟੁੱਟ ਜਾਂਦੀ ਹੈ। ਯਥਾ:- ਬੇ ਅੰਮ੍ਰਿਤੀਏ ਨਾਲ ਰਲ ਕੇ ਨਹੀਂ ਛਕਣਾ। (ਰਹਿਤਨਾਮਾ) ਇਸ ਲਈ ਆਪ ਹੱਥੀਂ ਬਿਬੇਕ ਦਾ ਲੰਗਰ ਤਿਆਰ ਕਰਕੇ ਛਕਣ ਦੇ ਲਾਹੇ ਹੀ ਲਾਹੇ ਹਨ। ਬਾਹਰੋਂ ਭਾਵ ਹੋਟਲਾਂ ਦਾ ਜੂਠਾ, ਤਮਾਕੂ ਵਾਲੇ ਹੱਥਾਂ ਦਾ ਤਿਆਰ ਕੀਤਾ ਭੋਜਨ ਖਾਣ ਨਾਲ ਵਿਕਾਰ ਰੋਗ ਪੈਦਾ ਹੁੰਦੇ ਹਨ, ਸਿਹਤ ਬਰਬਾਦ ਹੋ ਜਾਂਦੀ ਹੈ।

ਪੂਰਨ ਬ੍ਰਹਮਗਿਆਨੀ ਬਡੇ ਬਿਬੇਕੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀਏ ਜੀ ਜਦ ਪੰਦ੍ਹਾਂ ਵਰ੍ਹੇ ਜੇਲ 'ਚ ਕੈਦ ਸਨ, ਉਦੋਂ ਭੀ ਸਰਬਲੋਹ ਬਿਬੇਕ ਦਾ ਪਹਿਰਾ ਰੱਖਿਆ। ਜੇ ਜੇਲ ਵਾਲੇ ਬਿਬੇਕ ਦਾ ਲੰਗਰ ਨਾ ਤਿਆਰ ਕਰਨ ਦਿੰਦੇ ਤਾਂ ਹੱਸ ਕੇ ਜੇ ਭੁਖ ਦੇਹਿ. ਤ ਇਤ ਹੀ ਰਾਜਾ; ਦੁਖ ਵਿਚਿ. ਸੂਖ ਮਨਾਈ॥੩॥ ਪੜ੍ਹ ਕੇ ਕੜਾਕੇ ਸਹਾਰਦੇ,

ਕਿਉਂ ਕਈ ਦਿਨ ਹਫ਼ਤੇ ਲੰਘ ਜਾਂਦੇ, ਪਰ ਸਿੱਖੀ ਦੇ ਅਸੂਲਾਂ ਤੋਂ ਰੱਤੀ ਨਾ ਡੋਲਦੇ, ਗੁਰੂ ਸਾਹਿਬ ਜੀ ਦੇ ਭਾਣੇ ਨੂੰ ਮਿੱਠਾ ਮੰਨਦਿਆਂ ਨਾਮ ਸਿਮਰਨ 'ਚ ਲੀਨ ਮਸਤ ਰਹਿੰਦੇ ਜੀ। ਯਥਾ:- ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥

## ਪ੍ਰਸੰਗ ੧੨- ਸੋਨੇ, ਨਸ਼ੇ ਦੇ ਤਿਆਗ ਦਾ ਉਪਦੇਸ਼

੧੭੭. ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਵੱਲੋਂ ਸੋਨਾ ਪਹਿਨਣ ਦੀ ਸਖ਼ਤ ਮਨਾਹੀ:- ਜੇ ਕਹੀਏ ਸੋਨਾ ਗਰਜ ਸਾਰਦਾ ਹੈ, ਤਾਂ ਗੁਪਤ ਰੱਖਿਆ ਜਾ ਸਕਦਾ ਹੈ, ਜਾਂ ਲਾਕਰ 'ਚ ਰੱਖੋ ਜੀ, ਆਪਣੇ ਘਰੇ ਸੋਨਾ ਨਾ ਰੱਖੋ। ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਪਰਮਪਵਿੱਤ੍ਰ ਸ੍ਰੀ ਆਸਾ ਜੀ ਦੀ ਵਾਰ 'ਚ ਸੁਬੱਤ ਦੇ ਭਲੇ ਦਾ ਉਪਦੇਸ਼ ਬਖ਼ਸ਼ਿਆ ਹੈ:- ਕੂੜੁ ਸੁਇਨਾ ਕੂੜੁ ਰੁਪਾ; ਕੂੜੁ ਪੈਨ੍ਹਣਹਾਰੁ॥ (੪੬੮) ਹੇ ਭਾਈ! (ਸੁਇਨਾ) ਸੋਨਾ (ਕੂੜੁ) ਝੂਠਾ ਹੈ, (ਰੁਪਾ) ਚਾਂਦੀ ਭੀ (ਕੂੜੁ) ਝੂਠੀ ਹੈ, ਸੋਨਾ ਚਾਂਦੀ ਹੀਰੇ ਜਵਾਹਰਾਤ ਆਦਿ (ਪੈਨ੍ਹਣਹਾਰੁ) ਪਹਿਨਣ ਵਾਲਾ ਭੀ (ਕੂੜੁ) ਝੂਠਾ ਹੈ। ਇਨ੍ਹਾਂ ਨੂੰ ਪਹਿਨ ਕੇ ਸੱਚੇ ਪਾਤਿਸਾਹ ਜੀ ਦੀ ਸਖ਼ਤ ਨਰਾਜ਼ਗੀ ਨਹੀਂ ਲੈਣੀ ਚਾਹੀਦੀ। ਯਥਾ:- ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥੩॥ ਡਾਕੂ ਕੰਨ ਵੱਢ ਕੇ, ਮਰਡਰ ਕਰਕੇ ਸੋਨਾ ਲੈ ਜਾਂਦੇ ਹਨ ਜੀ। ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਨੇ ਸੋਨਾ ਨਹੀਂ ਪਹਿਨਿਆ। ਸਾਉ ਬੀਬੀਆਂ ਸੋਨਾ ਪਹਿਨ ਕੇ ਬਾਹਰ ਨਹੀਂ ਨਿਕਲਦੀਆਂ, ਕਿ ਸਾਕਤ ਖੋਹ ਲੈਣਗੇ, ਸਾਡੇ ਗਲ਼ ਵੱਢ ਦੇਣਗੇ।

ਵਾਹਿਗੁਰੂ॥ ਹੀਰੇ ਗਹਿਣੇ ਪਹਿਨ ਕੇ, ਸ੍ਰੀਰ ਹੰਕਾਰ ਵਿਕਾਰ 'ਚ ਪੀੜਤ ਰਹਿੰਦਾ ਹੈ, ਵਿਕਾਰ ਭੋਗਦਿਆਂ ਖਪ ਖਪ ਕੇ ਟੁੱਟ ਜਾਂਦਾ ਹੈ। ਸੋਨੇ ਕਰਕੇ ਬੇਅੰਤ ਨੱਕ ਕੰਨ ਸ੍ਰੀਰ ਵੱਢੇ ਜਾ ਚੁੱਕੇ ਹਨ। ਦੁਨੀਆਂ 'ਤੇ ਬੇਅੰਤ ਹੀ ਡਾਕੇ ਪੈ ਚੁੱਕੇ ਹਨ। ਨੀਚ ਚੰਡਾਲਾਂ ਨੇ ਚਾਂਦੀ ਦੇ ਰੁਪਈਆਂ ਲਈ ਭਗਤ ਜੈਦੇਵ ਜੀ ਦੇ ਹੱਥ ਵੱਢ ਦਿੱਤੇ ਸਨ। ਪਾਪੀ ਗੰਗੂ ਨੇ ਮੋਹਰਾਂ ਦੀ ਖੁਰਜੀ ਦੇ ਲਾਲਚ 'ਚ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਖੇ, ਨੀਹਾਂ 'ਚ ਚਿਣਵਾ ਦਿਤਾ। ਬੇਅੰਤ ਹੀ ਰਾਜੇ, ਰਾਜਿਆਂ ਨਾਲ ਲੜ ਮਰੇ ਹਨ। ਯਥਾ:- ਇਸੁ ਜਰਿ ਕਾਰਣਿ, ਘਣੀ ਵਿਗੁਤੀ; ਇਨਿ ਜਰ. ਘਣੀ ਖੁਆਈ॥ ਪਾਪਾ ਬਾਝਹੁ. ਹੋਵੈ ਨਾਹੀ; ਮੁਇਆ. ਸਾਥਿ ਨ ਜਾਈ॥ (੪੧੭) ਕਰਿ ਕਰਿ ਅਨਰਥ. ਬਿਹਾਝੀ ਸੰਪੈ; ਸੁਇਨਾ ਰੂਪਾ ਦਾਮਾ॥ ਭਾੜੀ ਕਉ ਓਹੁ ਭਾੜਾ ਮਿਲਿਆ; ਹੋਰੁ ਸਗਲ ਭਇਓ ਬਿਰਾਨਾ॥

ਵਾਹਿਗੁਰੂ॥ ਸਦੀਆਂ ਤੋਂ ਗਹਿਣਿਆਂ ਕਰਕੇ ਕਰਜਾਈ ਹੋ ਕੇ, ਸੂਦ (interest) ਦੇ ਰਹੇ ਹਨ। ਜਾਇਦਾਦ ਵੇਚ ਕੇ ਸ਼ਾਦੀ ਕਰਦੇ ਹਨ। ਗ੍ਰੀਬੀ ਕਾਰਨ ਨੌਜੁਆਨ ਬੱਚੀਆਂ ਦੀ ਸ਼ਾਦੀ ਨਹੀਂ ਹੁੰਦੀ। ਗ੍ਰੀਬ ਮਾਪੇ ਵੱਧ ਖ਼ਰਚ ਕਰਕੇ, ਬੁਢੇਪੇ 'ਚ ਦੁੱਖ ਭੋਗਦੇ ਹਨ। ਗਹਿਣਿਆਂ 'ਚ ਸੁਰਤ ਰਹਿਣੇ ਕਰਕੇ ਸੱਪ ਦੀ ਜੂਨ ਮਿਲਦੀ ਹੈ। ਯਥਾ:- ਅੰਤਿ ਕਾਲਿ ਜੋ ਲਛਮੀ ਸਿਮਰੈ; ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ; ਵਲਿ ਵਲਿ ਅਉਤਰੈ॥ (੫੨੬)

ਵਾਹਿਗੁਰੂ॥ ਕਈ ਮੁਲੰਮੇ ਦੇ ਗਹਿਣੇ ਪਾ ਕੇ ਠੱਗੀ ਮਾਰ ਲੈਂਦੇ ਹਨ। ਗਹਿਣਿਆਂ ਦੇ ਲੈਣ ਦੇਣ ਦੇ ਵਾਧੇ ਘਾਟੇ ਕਰਕੇ, ਆਪੋ ਵਿੱਚੀਂ ਲੜਦੇ ਮਰਦੇ ਝੂਰਦੇ ਰਹਿੰਦੇ ਹਨ।

ਵਾਹਿਗੁਰੂ॥ ਗਹਿਣੇ, ਵਾਹਿਗੁਰੂ ਜੀ ਦੇ ਨਾਮ ਦੀ ਪ੍ਰਾਪਤੀ 'ਚ ਵਿਘਨ ਹਨ। ਯਥਾ:- ਰਸੁ ਸੁਇਨਾ. ਰਸੁ ਰੁਪਾ ਕਾਮਣਿ; ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ; ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੇ; ਕੈ ਘਟਿ ਨਾਮ ਨਿਵਾਸੁ॥ (੧੫)

ਵਾਹਿਗੁਰੂ॥ ਪਰਮਪੂਜਨੀਕ ਸਤਿਗੁਰੂ ਦੂਜੇ ਪਾਤਿਸ਼ਾਹ ਜੀ ਨੇ, ਆਪਣੀ ਅਤੀ ਪਿਆਰੀ ਬੱਚੀ ਗੁਰਮੁਖਿ ਬੀਬੀ ਅਮਰੋ ਜੀ ਅਤੇ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਨੇ ਆਪਣੀ ਪਿਆਰੀ ਬੱਚੀ ਬੀਬੀ ਭਾਨੀ ਜੀ ਦੇ ਗਹਿਣੇ ਨਹੀਂ ਪਾਏ। ਨਦਰਿ ਕਰਕੇ ਭਾਉ ਭਗਤੀ ਪ੍ਰੇਮ ਨਾਮ ਰੂਪੀ ਸੱਚਾ ਗਹਿਣਾ ਹੀ ਬਖ਼ਸ਼ਿਆ ਜੀ। ਇਸ ਜ਼ਰ 'ਚ ਦਿਲ ਦਿਮਾਗ਼ ਖੱਚਤ ਹੋ ਕੇ, ਸ੍ਰੀਰ ਰੋਗੀ ਦੁਖੀ, ਕਲੇਸ਼ ਦੇ ਵੱਸ ਪਏ ਹੀ ਰਹਿੰਦੇ ਹਨ। ਸੱਚੇ ਪਾਤਿਸਾਹ ਜੀ ਨੇ ਇਸ ਦੇ ਤਿਆਗ ਦਾ ਭੀ ਤਿਆਗ ਕੀਤਾ ਹੈ। ਯਥਾ:- ਮੋਤੀ ਤ ਮੰਦਰ ਊਸਰਹਿ; ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ; ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ; ਤੇਰਾ. ਚਿਤਿ ਨ ਆਵੈ ਨਾਉ॥ (੧੪) ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥ (੪੪੪) ਕਬੀਰ. ਕੰਚਨ ਕੇ ਕੁੰਡਲ ਬਨੇ; ਊਪਰਿ ਲਾਲ ਜੜਾਉ॥ ਦੀਸਹਿ. ਦਾਧੇ ਕਾਨ ਜਿਉ; ਜਿਨ੍ ਮਨਿ. ਨਾਹੀ ਨਾਉ॥੪॥) ਆਸਾ ਮਹਲਾ ੫॥ ਪਾਵਤੁ ਰਲੀਆ; ਜੋਬਨਿ ਬਲੀਆ॥ ਨਾਮ ਬਿਨਾ; ਮਾਟੀ ਸੰਗਿ ਰਲੀਆ॥੧॥ ਕਾਨ ਕੁੰਡਲੀਆ; ਬਸਤ੍ਰ ਓਢਲੀਆ॥ ਸੇਜ ਸੁਖਲੀਆ; ਮਨਿ ਗਰਬਲੀਆ॥੧॥ ਰਹਾਉ॥ ਤਲੈ ਕੁੰਚਰੀਆ; ਸਿਰਿ ਕਨਿਕ ਛਤਰੀਆ॥ ਹਰਿ ਭਗਤਿ ਬਿਨਾ; ਲੇ ਧਰਨਿ ਗਡਲੀਆ॥੨॥ ਰੂਪ ਸੁੰਦਰੀਆ; ਅਨਿਕ ਇਸਤਰੀਆ॥ ਹਰਿ ਰਸ ਬਿਨੁ; ਸਭਿ ਸੁਆਦ ਫਿਕਰੀਆ॥੩॥ ਮਾਇਆ ਛਲੀਆ; ਬਿਕਾਰ ਬਿਖਲੀਆ॥ ਸਰਣਿ ਨਾਨਕ; ਪ੍ਰਭ ਪੁਰਖ ਦਇਅਲੀਆ॥੪॥੪॥੫੫॥) ਲਖ ਟਕਿਆ ਕੇ ਮੁੰਦੜੇ; ਲਖ ਟਕਿਆ ਕੇ ਹਾਰ॥ ਜਿਤੁ ਤਨਿ ਪਾਈਅਹਿ ਨਾਨਕਾ; ਸੇ ਤਨ ਹੋਵਹਿ ਛਾਰ॥

ਵਾਹਿਗੁਰੂ॥ ਪਰਮਪੂਜਨੀਕ ਪੰਜਵੇਂ ਪਾਤਿਸ਼ਾਹ ਜੀ ਦੇ ਮਹਿਲ ਜਗਤ ਮਾਤਾ ਗੰਗਾ ਜੀ ਨੂੰ ਸ਼ਾਹੂਕਾਰਨੀਆਂ ਨੇ ਗਹਿਣੇ ਪਹਿਨਣ ਨੂੰ ਕਿਹਾ, ਮਾਤਾ ਜੀ ਨੇ ਇਹ ਗੱਲ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਨੂੰ ਦੱਸੀ। ਪਰਮਪੂਜਨੀਕ ਸੱਚੇ ਪਾਤਿਸਾਹ ਜੀ ਨੇ ਗਹਿਣੇ ਪਹਿਨਣ ਦੀ ਵਾਸ਼ਨਾ ਮੇਟਣ ਲਈ, ਜਮਾਂ ਜੂਨਾਂ ਤੋਂ ਛੁਡਾਉਣ ਲਈ, ਸੂਬੱਤ ਦੇ ਭਲੇ ਲਈ ਆਦਿ ਅੰਗ ੨੫੦ 'ਤੇ ਗਉੜੀ ਬਾਵਨ ਅਖਰੀ ਬਾਣੀ ਹੀ ਸ਼ੁਭ ਸੁੱਚਾ ਗਹਿਣਾ ਬਖ਼ਸ਼ਿਆ, ਸੋ, ਜਨ ਨਾਨਕ; ਅੰਤਿ ਵਾਰ ਨਾਮੁ ਗਹਣਾ॥ (੩੭੫) ਅਨੁਸਾਰ ਨਾਮ ਹੀ ਸੁੰਦਰ ਗਹਿਣਾ ਹੈ ਜੀ।

**੧੭੮. ਪਰਮਪੂਜਨੀਕ ਸਤਿਗੁਰੂ ਦਸਵੇਂ ਪਾਤਿਸਾਹ ਜੀ ਵੱਲੋਂ ਸੋਨੇ ਦੇ ਤਿਆਗ ਦਾ ਅਸਚਰਜ ਵਿਸਮਾਦ ਕੌਤਕ:-** ਪ੍ਰੇਮ ਭੇਟਾ ਆਏ ਦੋ ਸੁਨਹਿਰੀ ਸੁੰਦਰ ਕੰਙਣ, ਪਰਮਪੂਜਨੀਕ ਮਾਤਾ ਗੁਜਰ ਕੌਰ ਜੀ ਨੇ ਆਪਣੇ ਅਤੀ ਪਿਆਰੇ ਲਾਲ ਜੀ ਦੇ ਪਾ ਦਿਤੇ। ਅਸਚਰਜ ਵਿਸਮਾਦ ਕੌਤਕ ਕਰਨ ਵਾਲੇ, ਪਰਮਪੂਜਨੀਕ ਬਾਲਾ ਪ੍ਰੀਤਮ ਜੀ ਨੇ ਇੱਕ ਕੰਙਣ ਗੋਬਿੰਦ ਘਾਟ, ਗੰਗਾ 'ਚ ਸੁੱਟ ਦਿਤਾ। ਮਾਤਾ ਜੀ ਨੇ ਪੁੱਛਿਆ, "ਲਾਲ ਜੀ! ਕੰਙਣ ਕਿੱਥੇ ਹੈ?" ਤਾਂ ਆਪ ਜੀ ਨੇ ਦੂਜਾ ਕੰਙਣ ਸੁੱਟਦਿਆਂ ਕਿਹਾ, "ਇੱਥੇ ਸੁੱਟਿਆ ਹੈ।" ਸੋਨੇ ਦਾ ਤਿਆਗ ਕੀਤਾ, ਆਪਣੇ ਪਿਆਰੇ ਸਿੱਖਾਂ ਨੂੰ ਸਰਬ ਲੋਹ ਦੀ ਮਹਾਨ ਬਖ਼ਸ਼ਿਸ਼ ਕੀਤੀ।

**੧੭੯. ਪਰਮਪੂਜਨੀਕ ਵਾਹਿਗੁਰੂ ਜੀ ਦਾ ਸੋਨੇ ਦੇ ਤਿਆਗ ਦਾ ਹੋਰ ਕੌਤਕ:-** ਬਾਲਾ ਪ੍ਰੀਤਮ ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਹਾ, "ਦਾਸਨਦਾਸ ਨੇ ਛੇਤੀਂ ਤੋਂ ਛੇਤੀਂ ਪੰਜਾਬ ਜਾਣਾ ਹੈ।" ਮਾਤਾ ਜੀ ਨੇ ਸੱਚੇ ਸਤਿਗੁਰੂ ਸਾਹਿਬ ਜੀ ਦਾ ਚਿੱਤ ਪਰਚਾਉਣ ਲਈ ਬੁਲਾਕੀ ਦਾਸ ਮਸੰਦ ਤੋਂ ਸੱਤ ਸੌ ਤੋਲ਼ੇ ਸੋਨੇ ਦੀ ਸੁੰਦਰ ਸੁਨਹਿਰੀ ਪਾਲਕੀ ਬਣਵਾਈ। ਆਪ ਜੀ ਵਿੱਚ ਨਹੀਂ ਬੈਠੇ। ਪਾਲਕੀ ਲੱਕੜਾਂ 'ਤੇ ਰਖਵਾ ਕੇ ਅੱਗ ਲੁਆ ਦਿਤੀ। ਸਿਰਫ ਸੱਤਰ ਤੋਲ਼ੇ ਹੀ ਨਿਕਲਿਆ। ਅੰਤਰਜਾਮੀ

ਗੁਰੂ ਪ੍ਰੀਤਮ ਜੀ ਨੇ ਛਲ ਫੜ ਲਿਆ। ਸੱਚੇ ਪਾਤਿਸਾਹ ਨਾਲ ਛਲ਼ ਕਰਨ ਵਾਲਾ ਹੋਰ ਕਿਸੇ ਦਾ ਕੀ ਭਲਾ ਕਰੇਗਾ? ਇਸ ਕਰਕੇ ਪੂਰਨ ਸਤਿਗੁਰੂ ਸਾਹਿਬ ਜੀ ਨੇ ਸੋਨਾ ਪਹਿਨਣਾ ਮਨ੍ਹਾ ਕੀਤਾ ਹੈ।

**੧੮੦. ਖੋਟ ਪਾਉਣ ਦਾ ਹੋਰ ਦ੍ਰਿਸ਼ਟਾਂਤ:-** ਇੱਕ ਰਾਜੇ ਨੇ ਆਪਣੀ ਨਿਗਰਾਨੀ 'ਚ ਸੋਨੇ ਦਾ ਹਾਥੀ ਬਣਵਾ ਕੇ, ਸੁਨਿਆਰ ਨੂੰ ਪੁੱਛਿਆ, "ਕੀ ਇਸ 'ਚ ਭੀ ਮਿਲਾਵਟ ਹੈ?" ਅੱਗੋਂ ਕਿਹਾ, "ਹੇ ਰਾਜਨ! ਇਹ ਤਾਂ ਸਾਰਾ ਹੀ ਨਕਲੀ ਹੈ।" ਹੈਰਾਨ ਹੋ ਕੇ ਕਾਰਨ ਪੁੱਛਿਆ, ਤਾਂ ਦੱਸਿਆ, "ਜਿਸ ਪਾਣੀ 'ਚ ਅਸਲੀ ਹਾਥੀ ਧੋਣਾ ਸੀ, ਉਸ 'ਚ ਇਹ ਨਕਲੀ ਹਾਥੀ ਮੈਂ ਪਹਿਲਾਂ ਹੀ ਰੱਖ ਦਿਤਾ ਸੀ। ਧੋਣ ਵੇਲੇ ਬਦਲੀ ਕਰ ਲਿਆ ਸੀ।" "ਵਾਹ! ਓਇ ਮਾਂ ਦਿਆ ਸ਼ੇਰਾ! ਮਾਂ ਦੀਆਂ ਮੁਰਕੀਆਂ 'ਚ ਮਿਲਾਵਟ ਕਰ ਦਿੰਦਾ ਹੈ।" ਯਥਾ:- ਸੋਨਾ ਗਢਤੇ; ਹਿਰੈ ਸੁਨਾਰਾ॥੨॥ (੮੭੩) ਵਾਹਿਗੁਰੂ॥ ਜਿਹੜੇ ਸਚਿਆਰੇ ਸੁਨਿਆਰ ਹਨ, ਉਨ੍ਹਾਂ ਲਈ ਇਹ ਬਚਨ ਨਹੀਂ।

**੧੮੧. ਸੋਨੇ ਕਰਕੇ ਦੱਛ ਪ੍ਰਜਾਪਤਿ ਦੀ ਮੌਤ:-** ਇਨ੍ਹਾਂ ਨੂੰ ਜੋਤਸ਼ੀਆਂ ਨੇ ਦੱਸਿਆ, "ਆਪ ਜੀ ਨੇ ਪਿਛਲੇ ਜਨਮ 'ਚ ਆਪਣੀਆਂ ਸੱਤ ਲੜਕੀਆਂ ਅਣਵਿੱਧ ਵਿਆਹੀਆਂ ਸਨ, ਜਿਸ ਕਰਕੇ ਆਪ ਜੀ ਨੂੰ ਚੱਕ੍ਰਵਰਤੀ ਰਾਜ ਦੀ ਪ੍ਰਾਪਤੀ ਹੋਈ ਹੈ।" ਇਹ ਸੁਣ ਕੇ ਰਾਜੇ ਨੇ ਸੰਕਲਪ ਕੀਤਾ, "ਮੇਰੇ ਦਸ ਹਜ਼ਾਰ ਲੜਕੀ ਹੋਵੇ, ਜਿਨ੍ਹਾਂ ਨੂੰ ਅਣਵਿੱਧ ਵਿਆਹਵਾਂ।" ਦਸ ਹਜ਼ਾਰ ਲੜਕੀਆਂ ਹੋ ਗਈਆਂ। ਬ੍ਰਹਮਾ ਜੀ ਨੇ ਨਾਰਦਮੁਨੀ ਜੀ ਨੂੰ ਕਿਹਾ, "ਤੂੰ ਉਸ ਨੂੰ ਜਾ ਕੇ ਕਹਿ ਕਿ ਤੂੰ ਐਡਾ ਵੱਡਾ ਰਾਜਾ ਹੋ ਕੇ ਲੜਕੀਆਂ ਨੂੰ ਖਾਲੀ ਹੱਥ ਤੋਰਨਾ, ਤੈਨੂੰ ਸ਼ੋਭਦਾ ਨਹੀਂ, ਹੌਕਾ ਲੈਣਗੀਆਂ, ਇਸ ਲਈ ਨੱਕ ਕੰਨ ਵਿੰਨ੍ਹ ਕੇ, ਸੋਨੇ ਨਾਲ ਲੱਦ ਕੇ ਤੋਰ।" ਸੋਨੇ ਨਾਲ ਲੱਦ ਕੇ ਵਿਆਹੀਆਂ, ਜਿਸ ਦਾ ਭਾਰੀ ਪਾਪ ਲੱਗਾ, ਸਭ ਪੁੰਨ ਨਾਸ ਹੋ ਗਏ। ਸੋ ਨੱਕ ਕੰਨ ਵਿੰਨ੍ਹੇ ਕਰਕੇ, ਰਾਜ ਨਸ਼ਟ ਹੋ ਗਿਆ।

ਰਾਜੇ ਦੱਛ ਦੀ ਪੁੱਤਰੀ ਸਤੀ, ਸ਼ਿਵ ਜੀ ਨਾਲ ਵਿਆਹੀ ਸੀ। ਇੱਕ ਵਾਰ ਰਾਜੇ ਨੇ ਯੱਗ ਕੀਤਾ ਜਿਸ ਵਿੱਚ ਉਸ ਨੇ ਸ਼ਿਵ ਜੀ ਦਾ ਭਾਗ ਨਾ ਰੱਖਿਆ। ਪਤੀ ਦੀ ਹੋਈ ਬੇਅਦਬੀ ਜਾਣ ਕੇ ਸਤੀ ਨੇ ਗੁੱਸੇ 'ਚ ਅਗਨ ਕੁੰਡ 'ਚ ਛਾਲ਼ ਮਾਰ ਕੇ ਪ੍ਰਾਣ ਤਿਆਗ ਦਿੱਤੇ। ਜਦ ਸ਼ਿਵ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਕ੍ਰੋਧਿਤ ਹੋ ਕੇ ਆਪਣੇ (ਗਣ) ਦਾਸ ਬੀਰ ਭੱਦ੍ਰ ਨੂੰ ਭੇਜ ਕੇ, ਆਪਣੇ ਸਹੁਰੇ ਦਾ ਸਿਰ ਵਢਾ ਦਿੱਤਾ।

**੧੮੨. ਜਿੱਥੇ ਸੋਨਾ ਉੱਥੇ ਕਲਜੁੱਗ ਹੈ:-** ਨੇਕ ਸਾਊ ਧਰਮੀ ਪ੍ਰੀਛਤ ਰਾਜੇ ਦੇ ਸੋਨੇ ਦੇ ਮੁਕਟ 'ਤੇ ਕਲਜੁੱਗ ਮੱਖੀ ਦਾ ਰੂਪ ਧਾਰ ਕੇ ਬੈਠ ਗਿਆ, ਜਿਸ ਕਰਕੇ ਰਾਜੇ ਦੀ ਮਤਿ ਮਾਰੀ ਗਈ। ਰਾਜੇ ਨੇ ਧਨੁਸ਼ ਦੇ ਗੋਸ਼ੇ ਨਾਲ ਮਰਿਆ ਸੱਪ ਚੁੱਕ ਕੇ, ਸਮਾਧੀ 'ਚ ਬੈਠੇ ਬਿਭਾਂਡਵ ਮੁਨੀ ਜੀ ਦੇ ਗਲ਼ 'ਚ ਪਾ ਦਿਤਾ। ਮੁਨੀ ਦੇ ਪੁੱਤ ਸਿੰਙੀ ਰਿਖੀ ਦੇ ਸਰਾਪ ਕਰਕੇ, ਤੱਛਕ ਨਾਗ ਦੇ ਡੰਗਣੇ ਕਰਕੇ ਰਾਜਾ ਸੱਤਾਂ ਦਿਨਾਂ 'ਚ ਹੀ ਮਰ ਗਿਆ। ਸੋਨਾ ਰਾਜੇ ਦੀ ਮੌਤ ਦਾ ਕਾਰਣ ਬਣਿਆ।

ਵਾਹਿਗੁਰੂ॥ ਪਾਪੀ ਮਹਿਮੂਦ ਗਜ਼ਨਵੀ ਨੇ ਸੋਮਨਾਥ ਮੰਦਰ ਦੀਆਂ ਸੋਨੇ ਦੀਆਂ ਮੂਰਤੀਆਂ ਤੋੜੀਆਂ, ਹੀਰੇ ਜਵਾਹਰਾਤ ਭੀ ਲੁੱਟੇ।

ਵਾਹਿਗੁਰੂ॥ ਸੋਨੇ ਕਰਕੇ, ਧਾਰਮਿਕ ਅਸਥਾਨਾਂ ਦੀ ਬਿਅਦਬੀ ਹੋ ਚੁੱਕੀ ਹੈ, ਇਸ ਕਰਕੇ ਪਰਮਪੂਜਨੀਕ ਧਾਰਮਿਕ ਅਸਥਾਨਾਂ 'ਤੇ ਸੋਨਾ ਨਹੀਂ ਲਾਉਣਾ ਚਾਹੀਦਾ।

ਵਾਹਿਗੁਰੂ॥ ਹੁਕਮ ਮੰਨ ਕੇ ਸੋਨਾ ਤਿਆਗੋ। ਤਲਾਕ ਬਹੁਤ ਹੁੰਦੇ ਹਨ, ਬੱਚੀ ਦੇ ਨਾਮ ਮਾਇਆ ਫਿਕਸ ਕਰੋ।

ਵਾਹਿਗੁਰੂ॥ ਸੋਇਨ ਲੰਕਾ ਸੋਇਨ ਮਾੜੀ; ਸੰਪੈ. ਕਿਸੈ ਨ ਕੇਰੀ॥੫॥ (੧੫੫) ਪਰਮਪੂਜਨੀਕ ਸੱਚੇ ਪਾਤਿਸਾਹ ਜੀ ਦੇ ਪ੍ਰੇਮੀ ਸ਼ਰਧਾਲੂ ਸੋਨੇ 'ਚ ਚਿੱਤ ਨਹੀਂ ਲਾਉਂਦੇ। ਯਥਾ:- ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥(੪੪੪) ਤਲੈ ਕੁੰਚਰੀਆ; ਸਿਰਿ ਕਨਿਕ ਛਤਰੀਆ॥ ਹਰਿ ਭਗਤਿ ਬਿਨਾ; ਲੇ ਧਰਨਿ ਗਡਲੀਆ॥੨॥(੩੮੫)

ਵਾਹਿਗੁਰੂ॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ; ਚਲੈ ਨ. ਚਲਦਿਆ ਨਾਲਿ॥ ਵਿਣੁ ਨਾਵੈ ਨਾਲਿ. ਨ ਚਲਸੀ; ਸਭ ਮੁਠੀ ਜਮ ਕਾਲਿ॥੨੭॥(੭੫੬) ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥(੧੧੫੮) ਕਨਿਕ ਕਨਿਕ ਪਹਿਰੇ ਬਹੁ ਕੰਗਨਾ; ਕਾਪਰੁ ਭਾਂਤਿ ਬਨਾਵੈਗੋ॥ ਨਾਮ ਬਿਨਾ ਸਭਿ ਫੀਕ ਫਿਕਾਨੇ; ਜਨਮਿ ਮਰੈ ਫਿਰਿ ਆਵੈਗੋ॥੫॥(੧੩੦੮) ਸੁਇਨਾ ਰੁਪਾ ਸੰਚੀਐ; ਮਾਲੁ ਜਾਲੁ ਜੰਜਾਲੁ॥ ਸਭ ਜਗ ਮਹਿ ਦੋਹੀ ਫੇਰੀਐ; ਬਿਨੁ ਨਾਵੈ. ਸਿਰਿ ਕਾਲੁ॥(੬੩) ਲਖ ਟਕਿਆ ਕੇ ਮੁੰਦੜੇ; ਲਖ ਟਕਿਆ ਕੇ ਹਾਰ॥ ਜਿਤੁ ਤਨਿ ਪਾਈਅਹਿ ਨਾਨਕਾ; ਸੇ ਤਨ ਹੋਵਹਿ ਛਾਰ॥ (੪੬੪) ਸੁਇਨਾ ਰੁਪਾ ਸਭ ਧਾਤੁ ਹੈ; ਮਾਟੀ ਰਲਿ ਜਾਈ॥ ਬਿਨੁ ਨਾਵੈ ਨਾਲਿ. ਨ ਚਲਈ; ਸਤਿਗੁਰਿ ਬੂਝ ਬੁਝਾਈ॥ (੧੦੧੨) ਕਬੀਰ ਕੰਚਨ ਕੇ ਕੁੰਡਲ ਬਨੇ; ਊਪਰਿ ਲਾਲ ਜੜਾਉ॥ ਦੀਸਹਿ ਦਾਧੇ ਕਾਨ ਜਿਉ; ਜਿਨ ਮਨਿ ਨਾਹੀ ਨਾਉ॥੪॥) ਕਬੀਰ. ਕਉਡੀ ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ. ਨ ਕਛੁ ਮਿਲਿਓ; ਲਈ ਲੰਗੋਟੀ ਤੋਰਿ॥੧੪੪॥ (੧੩੬੪) ਇਨ੍ਹਾਂ ਪਦਾਂ ਦੇ ਅਰਥਾਂ 'ਚ ਚਿੱਤ ਲਾ ਕੇ ਪੰਜ ਸੌ ਵਾਰ ਨਿੱਤ ਅਭਿਆਸ ਕਰੋ, ਧੰਨ ਸਤਿਗੁਰੂ ਸਾਹਿਬਾਨ ਜੀ ਦੀਆਂ ਕੁਰਬਾਨੀਆਂ, ਉੱਬਲਦੀ ਦੇਗ ਅੰਦਰ ਬੈਠਣਾ, ਸੀਸ ਕੁਰਬਾਨ ਕਰਨਾ, ਸਰਵੰਸ ਕੁਰਬਾਨ ਕਰਨਾ ਆਦਿ ਚੇਤੇ ਕਰਕੇ ਸਤਿਗੁਰੂ ਸਾਹਿਬਾਨ ਜੀ ਦਾ ਪਿਆਰ ਸਤਿਕਾਰ ਕਰਕੇ ਬਚਨ ਮੰਨ ਕੇ ਸੋਨਾ ਤਿਆਗੋ, ਆਪਣੇ ਘਰ ਸੋਨਾ ਨਾ ਰੱਖੋ, ਚੋਰਾਂ ਵਿਕਾਰਾਂ ਤੋਂ ਬਚੋ।

ਵਾਹਿਗੁਰੂ॥ ਸੋਨਾ ਵੇਚ ਕੇ ਗੁਰਦੁਆਰਾ ਬਣਾਉ ਜੀ, ਦਰੱਖਤ ਲੁਵਾਉ ਜੀ। ਗੁਰਮੁਖਿ ਬੀਬੀਆਂ ਅਤੇ ਸਿੰਘਾਂ 'ਚ ਬਹੁਤ ਵੱਡੀ ਤਾਕਤ ਹੋ ਜਾਂਦੀ ਹੈ।

**੧੮੩. ਸ਼ਰਾਬ ਦੇ ਤਿਆਗ ਦਾ ਸ਼ੁਭ ਸੱਚਾ ਰੰਗਾਂ ਰੰਗਾਂ ਰੰਗਾਂ ਦਾ ਉਪਦੇਸ਼, ਰਹਿਤਨਾਮੇ:-** ਦੋਹਰਾ॥ ਪਰ ਨਾਰੀ ਜੂਆ ਅਸੱਤ; ਚੋਰੀ ਮਦਰਾ ਜਾਨ। ਪਾਂਚ ਐਬ ਯੇ ਜਗਤ ਮੇਂ; ਤਜੇ ਸੁ ਸਿੰਘ ਸੁਜਾਨ।) ਸ਼ਰਾਬ ਤਮਾਕੂ ਜੂਆ ਚੋਰੀ ਯਾਰੀ ਇਨ ਸੋ ਹੇਤ ਨ ਕਰੈ। ਕੁਸੰਗਤ ਮੰਦੀ ਸਭ ਪਰਹਰੈ॥ (ਭਾਈ ਕੇਸਰ ਸਿੰਘ ਛਿੱਬਰ) ਮਦਰਾ ਦਹਿਤਾ ਸਪਤਿ ਕੁਲ; ਭੰਗ ਦਹੈ ਤਨ ਏਕ॥ ਸਭ ਕੁਲ ਦਹਿਤਾ ਜਗਤ ਜੂਠ; ਨਿੰਦਾ ਦਹੈ ਅਨੇਕ॥ ਗੁਰਮਤਿ ਅਨੁਸਾਰ ਸ਼ਰਾਬ ਪੀਣੀ ਬਿਲਕੁਲ ਮਨ੍ਹਾ ਹੈ, ਸਾਰੀਆਂ ਬਦਫ਼ੈਲੀਆਂ ਦੀ ਜੜ ਹੈ। ਸਲੋਕ ਮਃ ੩॥ ਮਾਣਸੁ ਭਰਿਆ ਆਣਿਆ; ਮਾਣਸੁ ਭਰਿਆ ਆਇ॥ (੫੫੪) ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ (੩) ਤੀਜੇ (ਮਃ) ਸਰੂਪ ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- (ਮਾਣਸੁ) (ਮਾਣ+ਸੁ) ਮਾਣ (ਸੁ) ਸਹਿਤ ਹੰਕਾਰੀ ਜੀਵ ਨੇ ਆਪ (ਮਾਣਸੁ) ਮਾਣ ਹੰਕਾਰ ਵਿਕਾਰ ਔਗੁਣਾਂ ਦਾ ਭਰਿਆ ਜ਼ਹਿਰ ਨਸ਼ਾ (ਆਣਿਆ) ਲਿਆਂਦਾ, (ਮਾਣਸੁ) ਮਾਣ ਸਹਿਤ ਹੰਕਾਰੀ ਜੀਵ ਨੇ, ਆਪ ਹੀ ਮਾਣ ਹੰਕਾਰ 'ਚ (ਆਇ) ਆ ਕੇ, "ਓਇ ਰੱਜ ਲਈਏ" ਕਹਿ ਕੇ ਝੂਠੇ ਮਦ ਨਾਲ ਆਪਣਾ ਢਿੱਡ ਭਰਿਆ।

ਜਿਤੁ ਪੀਤੈ ਮਤਿ ਦੂਰਿ ਹੋਇ; ਬਰਲੁ ਪਵੈ ਵਿਚਿ ਆਇ॥ (ਜਿਤੁ) ਜਿਸ ਭੈੜੀ ਗੰਦੀ ਭਰਿਸਟੀ ਮੰਦੀ ਸ਼ਰਾਬ ਦੇ (ਪੀਤੈ) ਪੀਣ ਨਾਲ, ਸ਼ੁੱਧ ਮਤਿ ਦੂਰਿ ਹੋਇ ਜਾਂਦੀ ਹੈ, ਦਿਲ ਵਿਚਿ (ਬਰਲੁ) ਕਮਲ਼, ਝੱਲ ਆਇ ਕੇ (ਪਵੈ) ਪੈ ਜਾਂਦਾ

ਹੈ। ਭੈੜੀ ਸ਼ਰਾਬ ਦੇ ਪੀਣੇ ਕਰਕੇ, ਚੋਰੀਆਂ ਡਾਕੇ ਹੁੰਦੇ ਹਨ, ਜੀਵ ਵੱਢੇ ਚੁਕੇ ਜਾਂਦੇ ਹਨ, ਜ਼ਲਾਦ ਜ਼ੁਲਮ ਕਰਦੇ ਹਨ। ਸ਼ਰਾਬੀ ਰਾਜਿਆਂ ਦੇ ਰਾਜ ਨਸਟ ਹੋਇ ਹਨ ਜੀ। ਛਪਿੰਜਾ ਕ੍ਰੋੜ ਜਾਦਵ ਸ਼ਰਾਬ ਪੀ ਕੇ ਮਰੇ। ਸ਼ਰਾਬ 'ਚ ਜ਼ਹਿਰ ਪਾ ਕੇ ਪਿਲਾ ਦਿੰਦੇ ਹਨ ਜੀ।

ਆਪਣਾ ਪਰਾਇਆ. ਨ ਪਛਾਣਈ; ਖਸਮਹੁ ਧਕੇ ਖਾਇ॥ ਸ਼ਰਾਬ ਪੀਣ ਨਾਲ ਆਪਣਾ ਜਾਂ ਪਰਾਇਆ (ਨ) ਨਹੀਂ (ਪਛਾਣਈ) ਪਛਾਣਦਾ, (ਖਸਮਹੁ) ਵਾਹਿਗੁਰੂ ਖਸਮ ਜੀ ਤੋਂ ਧਕੇ (ਖਾਇ) ਖਾਂਦਾ ਹੈ, ਭਾਵ ਵਾਹਿਗੁਰੂ ਜੀ ਆਪ ਸ਼ਰਾਬੀ ਨੂੰ ਧੱਕੇ ਮਾਰਦੇ ਹਨ, ਸ਼ਰਾਬੀ ਖਰਾਬੀ ਵਾਹਿਗੁਰੂ ਜੀ ਦਾ ਧੱਕਿਆ ਹੋਇਆ ਹੈ। ਚੌਰਾਸੀ ਲੱਖ ਜੂਨ ਨਰਕ ਭੋਗਦਾ ਹੈ। ਜਿਵੇਂ ਸ਼ਰਾਬ 'ਚ ਅੰਨ੍ਹੇ, ਬਟਾਲੇ ਨਿਵਾਸੀ ਇੱਕ ਮਨਮੁਖ ਨੇ ਆਪਣੀ ਬੱਚੀ ਨਾਲ ਪਸ਼ੂ ਕਰਮ ਕੀਤਾ। {ਸ੍ਰੀ ਦਸਮ ਅੰਗ ਦਸ ਸੌ ਪੰਝੱਤ੍ਰ ਤੇ ਇਹ ਪ੍ਰਸੰਗ ਹੈ} ਏਕ [1]ਮਦੀ ਦੂਜੇ [2]ਤਰੁਨ; ਤੀਜੇ ਅਤਿ ਧਨ ਧਾਮ॥ ਪਾਪ ਕਰੇ ਬਿਨ ਕਰੋਂ ਬਚੈ; ਬਚੈ ਬਚਾਵੈ ਰਾਮ॥ (ਸ੍ਰੀ ਦਸਮ ਅੰਗ ਦਸ ਸੌ ਸਤੱਤ੍ਰ) [1]ਸ਼ਰਾਬ, [2]ਜੁਆਨੀ।

ਜਿਤੁ ਪੀਤੈ ਖਸਮੁ ਵਿਸਰੈ; ਦਰਗਹ ਮਿਲੈ ਸਜਾਇ॥ (ਜਿਤੁ) ਜਿਸ ਗੰਦੀ ਮੰਦੀ ਸ਼ਰਾਬ ਦੇ (ਪੀਤੈ) ਪੀਤਿਆਂ (ਖਸਮੁ) ਵਾਹਿਗੁਰੂ ਜੀ (ਵਿਸਰੈ) ਭੁੱਲ ਜਾਂਦੇ ਹਨ, ਵਾਹਿਗੁਰੂ ਜੀ ਦੀ ਦਰਗਹ 'ਚ ਬੜੀ ਭਾਰੀ ਸਜਾਇ (ਮਿਲੈ) ਮਿਲਦੀ ਹੈ।

ਝੂਠਾ ਮਦੁ. ਮੂਲਿ ਨ ਪੀਚਈ; ਜੇ ਕਾ ਪਾਰਿ ਵਸਾਇ॥ ਹੇ ਪ੍ਰੇਮੀਓ! (ਜੇ ਕਾ ਪਾਰਿ ਵਸਾਇ॥) ਜਿੱਥੋਂ ਤੱਕ ਵਾਹ ਚੱਲੇ, ਉੱਥੋਂ ਤੱਕ (ਮਦੁ) ਸ਼ਰਾਬ ਦਾ ਇਹ ਝੂਠਾ ਨਸ਼ਾ (ਮੂਲਿ) ਉੱਕਾ ਹੀ (ਨ) ਨਹੀਂ (ਪੀਚਈ) ਪੀਣਾ ਕਰਿਓ। ਹੁਕਮ ਕਰਕੇ ਮਨ੍ਹਾ ਕਰਦੇ ਹਨ।

ਨਾਨਕ. ਨਦਰੀ ਸਚੁ ਮਦੁ ਪਾਈਐ; ਸਤਿਗੁਰੁ ਮਿਲੈ ਜਿਸੁ ਆਇ॥ ਪਰਮਪੂਜਨੀਕ ਸੱਚੇ ਸਤਿਗੁਰੂ (ਨਾਨਕ) ਤੀਜੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਜਿਸੁ ਪ੍ਰੇਮੀ ਨੂੰ ਸੱਚੇ ਸਤਿਗੁਰੁ ਸਾਹਿਬ ਜੀ ਆਇ ਕੇ (ਮਿਲੈ) ਮਿਲਦੇ ਹਨ, ਉਹ ਸੱਚੇ ਸਤਿਗੁਰੂ ਸਾਹਿਬ ਜੀ ਦੀ (ਨਦਰੀ) ਮੇਹਰ ਦੁਆਰਾ (ਸਚੁ) ਸੱਚੇ ਨਾਮ ਦੀ (ਮਦੁ) ਸ਼ਰਾਬ (ਪਾਈਐ) ਪਾਉਂਦਾ ਹੈ ਜੀ।

ਸਦਾ ਸਾਹਿਬ ਕੈ ਰੰਗਿ ਰਹੈ; ਮਹਲੀ ਪਾਵੈ ਥਾਉ॥੧॥ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀ ਸੱਚ ਰੂਪੀ ਸ਼ਰਾਬ ਪੀਣ ਵਾਲਾ ਸਦਾ (ਸਾਹਿਬ) ਮਾਲਕ ਵਾਹਿਗੁਰੂ ਜੀ (ਕੈ) ਦੇ (ਰੰਗਿ) ਅਨੰਦ ਪ੍ਰੇਮ ਸਹਿਤ ਸੱਚ ਰੂਪੀ ਨਸ਼ੇ 'ਚ ਮਸਤ ਬੇਪਰਵਾਹ (ਰਹੈ) ਰਹਿੰਦਾ ਹੈ। ਵਾਹਿਗੁਰੂ ਜੀ ਦੇ ਗੁਰਸਬਦ ਰੂਪੀ (ਮਹਲੀ) ਮਹਿਲਾਂ 'ਚ (ਥਾਉ) ਥਾਂ ਟਿਕਾਣਾ (ਪਾਵੈ) ਪਾਉਂਦਾ ਹੈ। ਅੰਮ੍ਰਿਤ-ਰੂਪ ਗੁਰਬਾਣੀ ਦਾ ਖ਼ੂਬ ਅਭਿਆਸ ਕਰਨ ਤੋਂ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਧਿਆਨ ਪ੍ਰਾਪਤ ਹੁੰਦਾ ਹੈ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਨਦਰ ਕਰਕੇ ਮਨ ਨੂੰ ਆਪਣੇ ਸੱਚੇ ਚਰਨਕਮਲਾਂ 'ਚ ਜੋੜ ਲੈਂਦੇ ਹਨ॥੧॥

**੧੮੪. ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ, ਝੂਠੀ ਸ਼ਰਾਬ ਤਿਆਗਣ ਲਈ ਇਹ ਹੁਕਮ ਕਰਦੇ ਹਨ:-** ਸਲੋਕ ਮਃ ੩॥ ਮਾਣਸੁ ਭਰਿਆ ਆਣਿਆ; ਮਾਣਸੁ ਭਰਿਆ ਆਇ॥ ਜਿਤੁ ਪੀਤੈ ਮਤਿ ਦੂਰਿ ਹੋਇ; ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ. ਨ ਪਛਾਣਈ; ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ; ਦਰਗਹ ਮਿਲੈ ਸਜਾਇ॥ ਝੂਠਾ ਮਦੁ. ਮੂਲਿ ਨ ਪੀਚਈ; ਜੇ ਕਾ ਪਾਰਿ ਵਸਾਇ॥ ਨਾਨਕ. ਨਦਰੀ ਸਚੁ ਮਦੁ ਪਾਈਐ; ਸਤਿਗੁਰੁ ਮਿਲੈ

ਜਿਸੁ ਆਇ॥ ਸਦਾ ਸਾਹਿਬ ਕੈ ਰੰਗਿ ਰਹੈ; ਮਹਲੀ ਪਾਵੈ ਥਾਉ॥੧॥ ਇਹ ਪਰਮਪਵਿੱਤ੍ਰ ਸਬਦ ਚੇਤੇ ਕਰਕੇ ਅਭਿਆਸ ਕਰਨ ਨਾਲ, ਸੱਚੇ ਸਤਿਗੁਰੂ ਸਾਹਿਬ ਜੀ ਸ਼ਰਾਬ ਦੇ ਗੰਦੇ ਕੀਟਾਣੂ ਸ੍ਰੀਰ 'ਚੋਂ ਮਾਰ ਦਿੰਦੇ ਹਨ। ਸੱਚੇ ਸਤਿਗੁਰੂ ਸਾਹਿਬ ਜੀ ਦੀ ਵੈਰਾਗਮਈ ਸ਼ਹੀਦੀ ਦਾ ਜਾਪ ਇਸ ਪੋਥੀ 'ਚ ਲਿਖਿਆ ਹੈ। ਸ਼ਹੀਦੀ ਜਾਪ ਤੇ ਇਹ ਸ਼ਬਦ ਲਗਾਤਾਰ ਢਾਈ ਘੰਟੇ ਨਿੱਤ ਜਪਣਾ। ਸੱਚੇ ਸਤਿਗੁਰੂ ਸਾਹਿਬ ਜੀ ਦੀ ਅਗਮ ਅਪਾਰ ਮਿਹਰ ਦਾ ਸਦਕਾ, ਕਮਲੀ ਭੈੜੀ ਝੂਠੀ ਸ਼ਰਾਬ ਛੁੱਟ ਜਾਵੇਗੀ। ਆਪਣੇ ਛੋਟੇ ਬੱਚੇ ਨੂੰ ਚੇਤੇ ਕਰਾ ਕੇ ਬਾਰ ਬਾਰ ਸੁਣੋਂ ਜੀ। ਸ਼ਹੀਦੀ ਜਾਪ ਤੇ ਇਹ ਗੁਰ ਸ਼ਬਦ ਅਰਥਾਂ ਸਹਿਤ ਹਰ ਘਰੇ, ਗੁਰਦੁਆਰੇ ਸਾਹਿਬ ਜੀ ਵਿਖੇ ਲਿਖ ਕੇ ਸਜਾਉ ਜੀ। ਜੇ ਕੋਈ ਸ਼ਰਾਬ ਪੀਣ ਨੂੰ ਕਹੇ ਤਾਂ ਸੱਚੇ ਸਤਿਗੁਰਾਂ ਦੇ ਪੂਰਨ ਪ੍ਰੇਮ ਨਿਸਚੇ ਭਰੋਸੇ ਨਾਲ ਇਹ ਸ਼ਬਦ ਸੁਣਾਉ ਸਖ਼ਤ ਹੋ ਕੇ ਕਹੋ, "ਸੱਚੇ ਸਤਿਗੁਰਾਂ ਦਾ ਹੁਕਮ ਨਹੀਂ!"

ਦੁਰਮਤਿ ਮਦੁ ਜੋ ਪੀਵਤੇ; ਬਿਖਲੀ ਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ; ਨਾਨਕ ਸਚ ਅਮਲੀ॥੪॥ ਜੋ (ਦੁਰਮਤਿ) ਖੋਟੀ ਮਤਿ ਵਾਲੇ (ਮਦੁ) ਸ਼ਰਾਬ (ਪੀਵਤੇ) ਪੀਂਦੇ ਹਨ, ਉਹ (ਬਿਖਲੀ) ਵੇਸਵਾ ਦੇ ਪਤਿ ਕੰਜਰ ਹਨ, ਉਨ੍ਹਾਂ ਦੀ ਬੁੱਧੀ ਕਮਲ਼ੀ ਹੈ। ਕਬੀਰ. ਭਾਂਗ ਮਾਛੁਲੀ ਸੁਰਾ ਪਾਨਿ; ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ; ਤੇ ਸਭੈ ਰਸਾਤਲ ਜਾਂਹਿ॥) ਅੰਮ੍ਰਿਤ ਕਾ ਵਾਪਾਰੀ ਹੋਵੈ; ਕਿਆ ਮਦਿ ਛੂਛੈ ਭਾਉ ਧਰੇ॥੨॥ ਗੁਰ ਕੀ ਸਾਖੀ. ਅੰਮ੍ਰਿਤ ਬਾਣੀ; ਪੀਵਤ ਹੀ ਪਰਵਾਣੁ ਭਇਆ॥ (੩੬੦) ਪ੍ਰਾਨ ਸੁਖਦਾਤਾ ਜੀਅ ਸੁਖਦਾਤਾ; ਤੁਮ ਕਾਹੇ ਬਿਸਾਰਿਓ ਅਗਿਆਨਥ॥ ਹੋਛਾ ਮਦੁ ਚਾਖਿ ਹੋਏ ਤੁਮ ਬਾਵਰ; ਦੁਲਭ ਜਨਮੁ ਅਕਾਰਥ॥੧॥ ਰੇ ਨਰ; ਐਸੀ ਕਰਹਿ ਇਆਨਥ॥ ਤਜਿ ਸਾਰੰਗਧਰ ਭ੍ਰਮਿ ਤੂ ਭੂਲਾ; ਮੋਹਿ ਲਪਟਿਓ ਦਾਸੀ ਸੰਗਿ ਸਾਨਥ॥੧॥ (੧੦੦੧) ਪਰਮਪਵਿੱਤ੍ਰ ਗੁਰਬਾਣੀ 'ਚ ਭਗਤ ਰਵਿਦਾਸ ਸਾਹਿਬ ਜੀ ਤਾੜਨਾ ਕਰਦੇ ਹਨ, ਕਿ ਸ਼ਰਾਬ ਭਾਵੇਂ ਗੰਗਾ ਜਲ ਦੀ ਬਣੀ ਹੋਵੇ, ਪਰਮੇਸਰ ਦੇ ਪਿਆਰੇ ਸੰਤ ਭਗਤ, ਇਸ ਨੂੰ ਕਦੇ ਭੀ ਨਹੀਂ ਪੀਂਦੇ। ਸ਼ਰਾਬ ਦੇ ਬਰਾਬਰ ਹੋਰ ਕੋਈ ਵਸਤੂ ਅਪਵਿੱਤ੍ਰ ਨਹੀਂ। ਜੇ ਇਸ 'ਚ ਗੰਗਾ ਜਲ ਭੀ ਪਾ ਲਈਏ ਤਾਂ ਭੀ ਇਹ ਪਵਿੱਤ੍ਰ ਨਹੀਂ ਹੋ ਸਕਦੀ। ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ; ਸੰਤ ਜਨ ਕਰਤ ਨਹੀ ਪਾਨੰ॥ ਸੁਰਾ ਅਪਵਿਤ੍ਰ ਨਤ ਅਵਰ ਜਲ ਰੇ; ਸੁਰਸਰੀ ਮਿਲਤ ਨਹਿ ਹੋਇ ਆਨੰ॥੧॥ (੧੨੯੩) ਸਲੋਕੁ ਮਰਦਾਨਾ ੧॥ ਕਲਿ ਕਲਵਾਲੀ ਕਾਮੁ ਮਦੁ; ਮਨੂਆ ਪੀਵਣਹਾਰੁ॥ ਕ੍ਰੋਧ ਕਟੋਰੀ ਮੋਹਿ ਭਰੀ; ਪੀਲਾਵਾ ਅਹੰਕਾਰੁ॥ ਮਜਲਸ ਕੂੜੇ ਲਬ ਕੀ; ਪੀ ਪੀ ਹੋਇ ਖੁਆਰੁ॥) ਇਤੁ ਮਦਿ ਪੀਤੈ ਨਾਨਕਾ; ਬਹੁਤੇ ਖਟੀਅਹਿ ਬਿਕਾਰ॥

**੧੯੫. ਵਾਹਿਗੁਰੂ॥ ਸਾਖੀ ਸ਼ਰਾਬੀ ਮਲੂਕੇ ਦੀ ਮੌਤ:-** ਪਿੰਡ ਸ੍ਰੀ ਖਡੂਰ ਸਾਹਿਬ ਜੀ (ਸ੍ਰੀ ਅੰਮ੍ਰਿਤਸਰ ਸਾਹਿਬ ਜੀ) ਨੂੰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਨੇ ਵਸਾਇਆ ਹੈ। ਇੱਥੇ ਸੱਚੇ ਸਤਿਗੁਰੂ ਵਾਹਿਗੁਰੂ ਤੀਜੇ ਪਾਤਿਸਾਹ ਜੀ ਨੇ, ਅਪਣੇ ਅਤੀ ਪਿਆਰੇ ਪ੍ਰੀਤਮ ਪਰਮਪੂਜਨੀਕ ਦੂਜੇ ਪਾਤਿਸਾਹ ਜੀ ਦੀ ਬਾਰ੍ਹਾਂ ਵਰ੍ਹੇ ਸ਼ੁਭ ਸੱਚੀ ਸੇਵਾ ਕੀਤੀ। ਇੱਥੇ ਨੌਂ ਸਤਿਗੁਰਾਂ ਨੇ ਆਪਣੇ ਸੱਚੇ ਚਰਨ ਪਾਏ ਹਨ, ਹੁਣ ਧੰਨ ਧੰਨ ਧੰਨ ਦਸ ਸਤਿਗੁਰੂ ਸਾਹਿਬਾਨ ਜੀ ਦੀ ਇੱਕ ਜਾਗਦੀ ਜੋਤਿ, ਸਤਿਗੁਰੂ ਗ੍ਰੰਥ ਸਾਹਿਬ ਜੀ ਦਰਸਨ ਬਖ਼ਸ਼ ਰਹੇ ਹਨ, ਸ੍ਰੀ ਨਿਸ਼ਾਨ ਸਾਹਿਬ ਝੁਲ ਰਹੇ ਹਨ, ਲੰਗਰ ਚਲ ਰਹੇ ਹਨ ਗੁਰਪ੍ਰਸਾਦਿ। ਪੂਰਨ ਬ੍ਰਹਮਗਿਆਨੀ ਬਾਬਾ ਗੁਰਮੁਖਿ ਸਿੰਘ ਜੀ ਪਟਿਆਲੇ ਵਾਲੇ ਇਹ ਬਚਨ ਕਹਿੰਦੇ, "ਸ੍ਰੀ ਖਡੂਰ ਸਾਹਿਬ ਜੀ ਸ੍ਰੀ ਹਜ਼ੂਰ ਸਾਹਿਬ ਜੀ, ਸ੍ਰੀ ਹਜ਼ੂਰ ਸਾਹਿਬ ਜੀ ਸ੍ਰੀ ਖਡੂਰ ਸਾਹਿਬ ਜੀ।" ਇਉਂ ਸ੍ਰੀ ਹਜ਼ੂਰ ਸਾਹਿਬ ਜੀ ਨਾਲ ਤੁਲਨਾ ਕਰਦੇ। ਭਾਵ ਪਰਮਪੂਜਨੀਕ ਸੱਚੇ ਸਤਿਗੁਰੂ ਅੰਗਦਦੇਵ ਜੀ ਸ੍ਰੀ ਖਡੂਰ ਸਾਹਿਬ ਜੀ ਵਿਖੇ ਸੱਚਖੰਡ ਗਏ, ਪਰਮਪੂਜਨੀਕ ਸੱਚੇ ਸਤਿਗੁਰੂ ਸਰਬੰਸ ਦਾਨੀ ਅੰਮ੍ਰਿਤ ਦੇ ਦਾਤੇ, ਸਤਿਗੁਰੂ ਗੋਵਿੰਦ ਸਿੰਘ ਜੀ

ਖ਼ਾਲਸਾ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਸੱਚਖੰਡ ਗਏ, ਭਾਵ ਸਤਿਗੁਰੂ ਦਸ ਪਾਤਿਸਾਹ ਜੀ ਇਕ ਜੋਤਿ ਹਨ, ਇਸ ਲਈ ਸ੍ਰੀ ਹਜ਼ੂਰ ਸਾਹਿਬ ਜੀ ਤੇ ਸ੍ਰੀ ਖਡੂਰ ਸਾਹਿਬ ਜੀ 'ਚ ਕੋਈ ਫਰਕ ਨਹੀਂ।

ਚੌਧਰੀ ਮਲੂਕੇ ਨੇ, ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਨੂੰ ਪ੍ਰੇਮ ਬੇਨਤੀ ਕੀਤੀ, "ਹੇ ਗਰੀਬ ਨਿਵਾਜ ਜੀ! ਜਿਵੇਂ ਅਨੇਕ ਜੀਆਂ ਦੇ ਰੋਗ ਨਿਗ੍ਹਾ ਪਾ ਕੇ ਮੇਟਦੇ ਹੋਂ, ਪਰਮ ਕ੍ਰਿਪਾਲਤਾ ਕਰਕੇ ਮੇਰੀ ਮਿਰਗੀ ਭੀ ਹਟਾਉ ਜੀ।" ਕੋਟਿ ਬ੍ਰਹਮੰਡਾਂ ਦੇ ਮਾਲਕ ਸੱਚੇ ਸਤਿਗੁਰਾਂ ਕਿਹਾ, "ਸ਼ਰਾਬ ਤਿਆਗ, ਸਤਿਸੰਗ 'ਚ ਆ ਕੇ ਸੇਵਾ ਕਰਿਆ ਕਰ, ਧੰਨ ਗੁਰੂ ਨਾਨਕਦੇਵ ਸਾਹਿਬ ਜੀ ਤੇਰੀ ਮਿਰਗੀ ਹਟਾ ਦੇਣਗੇ।" ਬਚਨ ਮੰਨਣੇ ਕਰਕੇ ਮਿਰਗੀ ਹਟ ਗਈ। ਛੇ ਸਾਲ ਸ਼ਰਾਬ ਛੱਡੀ ਰੱਖੀ, ਬਰੀਕ ਬਰੀਕ ਕਣੀ ਬਰਸ ਰਹੀ ਸੀ, ਕੁਸੰਗੀਆਂ ਨਾਲ ਰਲ਼ ਕੇ, ਸ਼ਰਾਬ ਪੀ ਕੇ ਅਪਣੇ ਚੁਬਾਰੇ 'ਤੇ ਚੜ੍ਹ ਗਿਆ, ਕੋਠੇ 'ਤੋਂ ਡਿੱਗਦਿਆਂ ਹੀ ਸਿਰ ਫੁੱਟ ਗਿਆ। ਸ਼ਰਾਬ ਪੀਣ ਨਾਲ ਸਾਰੀ ਦੁਨੀਆਂ ਤੇ ਨਿਤਾਪ੍ਰਤੀ ਅਨੇਕਾਂ ਹੀ ਮੌਤਾਂ ਤੇ ਘੋਰ ਭਿਆਨਕ ਜ਼ੋਰ ਜ਼ੁਲਮ ਉੱਗਰ ਪਾਪ ਹਰ ਸਮੇਂ ਹੁੰਦੇ ਰਹਿੰਦੇ ਹਨ।

**੧੯੬. ਗ੍ਰੀਬ ਦਾਸਨਦਾਸੀ ਨਿਮਾਣੀ ਵੱਲੋਂ ਮੁਆਫ਼ੀ:-** ਹੇ ਪਰਮਪੂਜਨੀਕ, ਰਾਜਨ ਕੇ ਰਾਜਾ. ਮਹਾਰਾਜਨ ਕੇ ਮਹਾਰਾਜਾ; ਗੁਰਤਾ ਬਿਰਾਜਮਾਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਦਸ ਸਤਿਗੁਰੂ ਸਾਹਿਬਾਨ ਜੀਓ! ਦਾਸਨਦਾਸਾਂ ਦੇ ਸਿਰਾਂ 'ਤੇ ਆਪਜੀ ਦਾ ਬਹੁਤ ਵੱਡਾ ਕਰਜ਼ਾ ਹੈ! ਇਤਨਾ ਵੱਡਾ ਕਰਜ਼ਾ ਹੈ, ਆਪਜੀ ਦੇ ਬਖ਼ਸ਼ੇ ਦਾਸ ਦੇ ਸ੍ਰੀਰ ਦੇ ਜਿਤਨੇ ਰੋਮ ਹਨ, ਤਿਤਨੇ ਸ੍ਰੀਰ ਧਾਰੀਏ, ਉਨ੍ਹਾਂ ਸ੍ਰੀਰਾਂ ਦੇ ਜਿਤਨੇ ਰੋਮ ਹਨ, ਤਿਤਨੇ ਹੋਰ ਧਾਰ ਲਈਏ, ਇਸ ਤਰ੍ਹਾਂ ਅੱਗੇ ਤੋਂ ਅੱਗੇ ਅਣਗਿਣਤ ਸ੍ਰੀਰ ਧਾਰਦੇ ਧਾਰਦੇ ਧਾਰਦੇ ਹੀ ਜਾਈਏ। ਬੇਅੰਤ ਧਰਤੀਆਂ ਦੇ ਕਿਣਕਿਆਂ, ਸਮੂਹ ਸਮੁੰਦ੍ਰਾਂ ਦੀਆਂ ਬੂੰਦਾਂ, ਅਨੰਤ ਸਨੋਆਂ ਦਾ ਕਿਣਕਾ ਕਿਣਕਾ, ਅਨੰਤ ਬਨਾਸਪਤੀਆਂ ਦੇ ਫੁੱਲਾਂ ਪੱਤਿਆਂ ਕੱਖਾਂ ਦੀ ਗਿਣਤੀ ਨਾਲੋਂ ਵੱਧ ਸ੍ਰੀਰ ਧਾਰ ਕੇ, ਭਾਵੇਂ ਆਪਜੀ ਨੂੰ ਸੀਸ ਅਰਪੀਏ, ਸੀਸ ਅਰਪਣ ਤੋਂ ਖ਼ੂਨ ਦੀ ਬੂੰਦ ਬੂੰਦ 'ਚੋਂ ਹੋਰ ਅਨੰਤ ਸਰੀਰ ਸੀਸ ਪੈਦਾ ਹੋਈ ਜਾਣ, ਅਰਪੀ ਜਾਈਏ, ਵੱਧਦੇ ਜਾਣ, ਅਰਪੀ ਹੀ ਜਾਈਏ, ਫਿਰ ਭੀ ਆਪਜੀ ਦਾ ਕਰਜ਼ਾ ਨਹੀਂ ਮੋੜ ਸਕਦੇ ਜੀ! ਯਥਾ:- ਹਮਰੈ ਮਸਤਕਿ. ਦਾਗੁ ਦਗਾਨਾ; ਹਮ ਕਰਜ ਗੁਰੂ ਬਹੁ ਸਾਢੇ॥ ਆਪ ਜੀ ਦੇ ਕੀਤੇ ਪਰਉਪਕਾਰਾਂ, ਬਖ਼ਸ਼ੇ ਸਰਬ ਵਿਆਪੀ ਵਿਸਮਾਦ ਅਜਪਾ ਜਾਪ ਵਾਹਿਗੁਰੂ ਨਾਮ ਰਤਨ ਦੀ ਕੀਮਤ ਨਹੀਂ ਪਾ ਸਕਦੇ, ਭਾਵ ਆਪ ਜੀ ਦੇ ਕੀਤੇ ਪਰਉਪਕਾਰਾਂ ਦਾ ਮੁੱਲ ਨਹੀਂ ਮੋੜ ਸਕਦੇ ਜੀ। ਸੋ ਦਾਸਨਦਾਸ ਆਪ ਜੀ ਦਾ, ਬਹੁਤਾ ਬਹੁਤਾ ਕਰਜ਼ਾ ਨਹੀਂ ਮੋੜ ਸਕਦਾ, ਇਸ ਲਈ ਆਪਜੀ ਦੇ ਬਖ਼ਸ਼ੇ ਕੇਸਾਂ ਨਾਲ, ਆਪਜੀ ਦੇ ਚਰਨਕਮਲ, ਆਪਜੀ ਦੀ ਬਖ਼ਸ਼ੀ ਸੱਤਾ ਨਾਲ ਝਾੜ੍ਹ ਕੇ, ਆਪਜੀ ਦੀ ਬਖ਼ਸ਼ੀ ਜ਼ਬਾਨ ਨਾਲ, ਆਪਜੀ ਦੇ ਚਰਨਕਮਲ ਚੱਟ ਕੇ, ਮੂੰਹ 'ਚ ਘਾਹ ਲੈ ਕੇ, ਗਲ਼ 'ਚ ਪੱਲਾ ਪਾ ਕੇ, ਸਿਰ ਝੁੱਕਾਅ ਕੇ ਮੁਆਫ਼ੀ ਮੰਗਦਾ ਹਾਂ ਜੀ। ਹੇ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥) ਰਾਜਨ ਕੇ ਰਾਜਾ.ਮਹਾਰਾਜਨ ਕੇ ਮਹਾਰਾਜਾ;) ਨਾਨਕ ਰਾਖਨਹਾਰੁ ਅਪਾਰੁ॥ ਗੁਰਤਾ ਬਿਰਾਜਮਾਨ ਪੂਰਨ ਮੇਹਰਵਾਨ ਸਤਿਗੁਰੂ ਗ੍ਰੰਥ ਸਾਹਿਬ ਜੀ! ਹੇ ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਹੇ ਗੁਰੂ ਸਤਿਸੰਗਤ ਸ਼ਹੀਦ ਗੁਰਮੁਖਿ ਸਾਹਿਬਾਨ ਜੀਓ! ਦਾਸਨਦਾਸ ਗ੍ਰੀਬ ਨਿਦਾਨ ਇਆਣੇ, ਸਦਾ ਸਦਾ ਇਹੁ ਭੂਲਨਹਾਰੁ॥ ਆਪਣੇ ਬੱਚਿਆਂ 'ਤੇ ਆਪਣੀ ਅਨਤ ਕਲਾਵਾਨ, ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਸਰਬ ਵਿਆਪੀ ਮਹਾਂ ਵਿਸਮਾਦਿ, ਪੂਰਨ ਪ੍ਰਕਾਸ਼ ਸਰੂਪ ਕ੍ਰਿਪਾ ਹੀ ਕ੍ਰਿਪਾ ਕਰਕੇ, ਕੀਤੇ ਅਸੰਖ ਪਾਪਾਂ ਔਗੁਣਾਂ, ਗੁਰਬਾਣੀ ਦੀ ਸ਼ੁਧਾਈ, ਅਰਥਾਂ 'ਚ ਹੋਈ ਬੇਅੰਤ ਭੁੱਲ ਦੀ ਮੁਆਫ਼ੀ ਬਖ਼ਸ਼ਣੀ ਜੀ! ਮੁਆਫ਼ੀ ਬਖ਼ਸ਼ ਕੇ ਐਸੀ ਸਰਬ ਵਿਆਪੀ ਵਿਸਮਾਦ ਅਨਤਕਲਾਵਾਨ ਅਸੰਖ ਪ੍ਰਕਾਸ਼ ਸਰੂਪ ਕ੍ਰਿਪਾ ਦੁਆਰਾ, ਦਾਸਾਂ ਦੇ ਅੰਦਰ ਬਾਹਰ ਅਰਥਾਂ

ਸਹਿਤ ਗੁਰਬਾਣੀ ਦੀ ਵਰਖਾ ਹਰ ਸਮੇਂ ਕਰਦੇ ਰਹਿਣਾ ਜੀ! ਜਿਸ ਸਰਬ ਵਿਆਪੀ ਵਿਸਮਾਦ ਵਰਖਾ 'ਚ, ਦਾਸ ਹਰ ਸਮੇਂ ਇਸ਼ਨਾਨ ਕਰਦੇ ਰਹਿਣ! ਆਪਣੇ ਬੱਚਿਆਂ ਨੂੰ ਆਪਣੇ ਮਿੱਠੇ ਪਿਆਰੇ ਸੱਚੇ ਅਤਿਅੰਤ ਪਰਉਪਕਾਰੀ ਨਿਰੰਕਾਰੀ ਨਿਰਵਿਕਾਰੀ ਧੀਰਜਧਾਰੀ ਚਰਨਕਮਲਾਂ ਨਾਲ ਜੋੜ ਕੇ ਦਿਲ ਦਿਮਾਗ਼ 'ਚ ਹਰ ਸਮੇਂ ਗੁਰਬਾਣੀ ਅਰਥ ਬਖ਼ਸ਼ਦੇ ਰਹਿਣਾ ਜੀ, ਸੱਚੇ ਚਰਨਕਮਲਾਂ 'ਚ ਲੀਣਤਾ ਏਕਤਾ ਅਭੇਦਤਾ ਬਖ਼ਸ਼ਣੀ ਜੀ! ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ, ਹਰ ਸਮੇਂ ਆਪਣੇ ਵਿਸਮਾਦ ਸੁੰਦਰ ਦਰਸ਼ਨ ਬਖ਼ਸ਼ਣੇ ਜੀ! ੧ਓ ਸਤਿਗੁਰ ਪ੍ਰਸਾਦਿ॥ ਗਉੜੀ ਬਾਵਨ ਅਖਰੀ ਮਹਲਾ ੫॥ ਸਲੋਕੁ॥ ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ. ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ॥ ਗੁਰਦੇਵ ਦਾਤਾ. ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ. ਨਿਰੋਧਰਾ॥ ਗੁਰਦੇਵ. ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ. ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ. ਸਭਿ ਪਾਪ ਹਰਤਾ; ਗੁਰਦੇਵ, ਪਤਿਤ. ਪਵਿਤ ਕਰਾ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ ਪ੍ਰਭ ਮੇਲਿ. ਕਰਿ ਕਿਰਪਾ; ਹਮ ਮੂੜ ਪਾਪੀ. ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥੧॥

{ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ਵਿੱਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ, ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।

ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ. ਸਿਰਰੁ ਨ ਦੀਆ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗ਼ਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼ ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।}



ਗੁਰਪ੍ਰਸਾਦਿ ਇਤਿ ਸ੍ਰੀ ਵਿਸਮਾਦ ਗੁਰਮੁਖਿ ਇਖ਼ਲਾਕ ਗ੍ਰੰਥ ਸੰਪੂਰਨੰ। ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰ ਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਹਠੀਓ ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰ ਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥